# ਤਵਾਰੀਖ਼
# ਬੱਬਰ ਖ਼ਾਲਸਾ



– ਕਰਮਜੀਤ ਸਿੰਘ ਸਿੱਖਾਂਵਾਲਾ

# 'ਖ਼ਾਲਸਤਾਨ'

ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖਾਲਸੇ ਰਹਿਗੇ,
ਕਿਹੜੇ ਰਸਤੇ ਤੁਰੇ ਸੀ, ਕਿਹੜੇ ਰਾਹ ਪੈਗੇ।
ਲੱਖਾਂ ਜਲਗੇ ਸ਼ਮਾਂ ਤੇ ਕੌਮੀ ਪ੍ਰਵਾਨੇ,
ਪਾ ਗਏ ਹੱਸ ਸ਼ਹਾਦਤਾਂ ਜੋ ਸਿਦਕੀ ਦੀਵਾਨੇ।
ਅਸੀ ਮੰਗਦੇ ਖ਼ਾਲਸਤਾਨ ਹਾਂ, ਨਾ ਖ਼ਾਲਸੇ ਰਹਿਗੇ।
ਚਾਤਰ ਦੁਸ਼ਮਣਾਂ ਚੱਲ ਕੇ ਇਹ ਚਾਲ ਨਿਆਰੀ,
ਖੇਰੂੰ-ਖੇਰੂੰ ਕਰ ਦਿੱਤੀ ਕੌਮ ਅਣਖੀ ਸਾਰੀ,
ਬਣ ਕੇ ਪਾਂਧੀ ਸੱਚ ਦੇ ਗੱਲ ਝੂਠੀ ਕਹਿਗੇ,
ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖ਼ਾਲਸੇ ਰਹਿਗੇ।
ਅੰਦਰ ਮਾਰੇ ਭਾਤੀਆਂ ਛੱਡ ਝਗੜੇ ਝੇੜੇ,
ਕਈ ਲਾ ਕੇ ਲੇਬਲ ਖ਼ਾਲਸਾ, ਬਣ ਗਏ ਲੁਟੇਰੇ,
ਪਰਖ ਕਰੀ ਨਾ ਤੁਸਾਂ ਨੇ ਵਿਚ ਦੁਸ਼ਮਣ ਬਹਿਗੇ।
ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖ਼ਾਲਸੇ ਰਹਿਗੇ।
ਜੇਕਰ ਪਰਜਾ ਮਾਰਤੀ, ਰਾਜ ਕਿਸ ਤੇ ਕਰਨਾ,
ਪਰਖ ਕਰੇ ਬਿਨਾਂ ਸੱਚ ਦੀ ਨਾ ਥੋਡਾ ਸਰਨਾ,
ਦੁਸ਼ਮਣ ਨੂੰ ਭੋਲਾ ਸਮਝ ਕੇ, ਸੱਚ ਜਾਣ ਕੇ ਰਹਿਗੇ,
ਅਸੀ ਮੰਗਦੇ ਖ਼ਾਲਸਤਾਨ ਹਾਂ, ਨਾ ਖਾਲਸੇ ਰਹਿਗੇ।
ਅਸਲੀ ਦੁਸ਼ਮਣ ਕੌਣ ਹੈ ਨਾ ਤੁਸੀਂ ਵਿਚਾਰੀ,
ਸਮਾਂ ਵਿਚਾਰੋ ਸੋਹਣਿਓ ਹੈ ਕੌਮ 'ਤੇ ਭਾਰੀ,
ਰਖੋ ਨੀਂਹ ਸੱਚ ਤੇ, 'ਲੁੱਧਰ' ਪਾਪੀ ਮਹਿਲ ਢਹਿਗੇ।
ਅਸੀ ਮੰਗਦੇ ਖ਼ਾਲਸਤਾਨ ਹਾਂ, ਨਾ ਖਾਲਸੇ ਰਹਿਗੇ,
ਕਿਹੜੇ ਰਸਤੇ ਤੁਰੇ ਸੀ, ਕਿਹੜੇ ਰਾਹ ਪੈਗੇ।

ਸ਼ਹੀਦ ਭਾਈ ਬਲਬੀਰ ਸਿੰਘ ਬੱਬਰ "ਲੁੱਧਰ"

**Twarikh Babar Khalsa**
Written by
Karamjit Singh Sikhanwala
M.: 93561 27511, 94630 65888

ਵਿਸ਼ੇਸ਼ ਧੰਨਵਾਦ : ਖ਼ਾਲਸਾ ਜਾਗ੍ਰਿਤੀ ਲਹਿਰ

ਦਸੰਬਰ 2008
(ਗੁਰੂ ਨਾਨਕ ਸਾਹਿਬ ਦੇ ਰੂਹਾਨੀ ਇਨਕਲਾਬ ਨੂੰ ਸਮਰਪਤ)

ਕੀਮਤ : 260 ਰੁਪਏ

ਪਤਾ : ਕਰਮਜੀਤ ਸਿੰਘ ਸਿੱਖਾਂਵਾਲਾ
ਪਿੰਡ ਸਿੱਖਾਂਵਾਲਾ, ਡਾਕਖਾਨਾ ਔਲਖ
ਨੇੜੇ ਬਾਣੀ ਟਹਿਲ ਸਿੰਘ ਸੰਧੂ
ਜ਼ਿਲ੍ਹਾ ਫਰੀਦਕੋਟ (ਪੰਜਾਬ)

© All Rights Reserved Gurmat Pustak Bhandar

# ਸਮਰਪਣ

ਖ਼ਾਲਸਤਾਨ ਦੇ ਉਹਨਾਂ ਮਰਜੀਵੜਿਆਂ ਨੂੰ,
ਜਿਨ੍ਹਾਂ ਕੌਮ ਦੀ ਅਜ਼ਾਦੀ ਲਈ
ਆਪਣੇ ਘਰ ਪ੍ਰਵਾਰ ਉਜਾੜ,
'ਮੈਂ ਉਜੜਾਂ ਪੰਥ ਵਸੇ'
ਦੇ ਪੂਰਨਿਆਂ 'ਤੇ ਚਲਦਿਆਂ
ਸ਼ਹਾਦਤਾਂ ਪ੍ਰਵਾਨ ਕੀਤੀਆਂ।

# ਤਰਤੀਬ


| | | |
|---|---|---|
| 1. | ਕੁਝ ਗੱਲਾਂ | 7 |
| 2. | ਭਾਈ ਕੁਲਵੰਤ ਸਿੰਘ ਬੱਬਰ ਨਾਗੋਕੇ | 20 |
| 3. | ਜਥੇਦਾਰ ਭਾਈ ਸੁਖਦੇਵ ਸਿੰਘ ਬੱਬਰ ਦਾਸੂਵਾਲ | 28 |
| 4. | ਭਾਈ ਗੁਰਪਾਲ ਸਿੰਘ ਬੱਬਰ ਭੂਚੋ ਮੰਡੀ | 39 |
| 5. | ਭਾਈ ਬਲਵਿੰਦਰ ਸਿੰਘ ਬੱਬਰ ਰੰਗਾ | 46 |
| 6. | ਭਾਈ ਹਰਭਜਨ ਸਿੰਘ ਬੱਬਰ (ਢੇਲਿਆਂਵਾਲੀ) | 53 |
| 7. | ਭਾਈ ਬਲਦੀਪ ਸਿੰਘ ਬੱਬਰ (ਫੂਲ) | 58 |
| 8. | ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ | 67 |
| 9. | ਭਾਈ ਸੁਰਿੰਦਰ ਸਿੰਘ ਉਰਫ਼ ਸੰਗਰਾਮ ਸਿੰਘ ਬੱਬਰ | 75 |
| 10. | ਭਾਈ ਮਲਕੀਤ ਸਿੰਘ ਬੱਬਰ (ਭੋਲਾ) ਦਾਨ ਸਿੰਘ ਵਾਲਾ | 83 |
| 11. | ਭਾਈ ਗੁਰਪ੍ਰੀਤ ਸਿੰਘ ਬੱਬਰ ਸੇਵੇ ਵਾਲਾ | 91 |
| 12. | ਬੀਬੀ ਹਰਦੀਪ ਕੌਰ ਸਮਰਾਲਾ | 94 |
| 13. | ਭਾਈ ਅਨੋਖ ਸਿੰਘ ਬੱਬਰ | 102 |
| 14. | ਭਾਈ ਦਰਸ਼ਨ ਸਿੰਘ ਬੱਬਰ ਆਕਲੀਆਂ ਖੁਰਦ | 110 |
| 15. | ਭਾਈ ਜਸਵੀਰ ਸਿੰਘ ਉਰਫ਼ ਭੋਲਾ ਬੱਬਰ | 112 |
| 16. | ਭਾਈ ਬਲਜੀਤ ਸਿੰਘ ਬੱਬਰ ਮੱਲਾ | 115 |
| 17. | ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ | 119 |
| 18. | ਭਾਈ ਜਗਵਿੰਦਰ ਸਿੰਘ ਰਕਬਾ | 123 |
| 19. | ਭਾਈ ਇਕਬਾਲ ਸਿੰਘ ਬੱਬਰ | 130 |
| 20. | ਭਾਈ ਹਰਮੰਦਰ ਸਿੰਘ ਬੱਬਰ ਗਰੇਵਾਲ ਮੁਕਤਸਰ | 138 |
| 21. | ਭਾਈ ਜਸਕਰਨ ਸਿੰਘ ਬੱਬਰ ਰੁਪਾਣਾ | 142 |
| 22. | ਭਾਈ ਸ਼ਮਸ਼ੇਰ ਸਿੰਘ ਬੱਬਰ ਭੁੱਲਰ | 146 |
| 23. | ਭਾਈ ਬਲਵੀਰ ਸਿੰਘ ਬੱਬਰ 'ਲੂੰਧਰ' (ਲੰਡੇਆਣਾ) | 152 |
| 24. | ਭਾਈ ਬਸ਼ੀਰ ਮੁਹੰਮਦ ਉਰਫ਼ ਭਾਈ ਲੱਛਮਨ ਸਿੰਘ ਬੱਬਰ | 157 |
| 25. | ਭਾਈ ਗੁਰਮੇਲ ਸਿੰਘ ਬੱਬਰ ਰਾਏਪੁਰ | 164 |
| 26. | ਭਾਈ ਉਮਰਪਾਲ ਸਿੰਘ ਬੀਹਲਾ (ਸੰਗਰੂਰ) | 169 |
| 27. | ਭਾਈ ਹਰਬੰਸ ਸਿੰਘ ਬੱਬਰ ਭੁੱਲਰ | 176 |
| 28. | ਭਾਈ ਅਮਰੀਕ ਸਿੰਘ ਬੀਰੂ ਬੱਬਰ ਖਾਰਾ | 178 |
| 29. | ਭਾਈ ਅੰਗਰੇਜ਼ ਸਿੰਘ ਗੋਜਾਂ ਬੱਬਰ ਬਰਨਾਲਾ | 181 |

30. ਭਾਈ ਬਲਵਿੰਦਰ ਸਿੰਘ ਬੱਬਰ ਬੁਲਟ 185
31. ਭਾਈ ਤਰਸੇਮ ਸਿੰਘ ਬੱਬਰ ਕਰੋਂਡੀ 194
32. ਭਾਈ ਦਰਸ਼ਨ ਸਿੰਘ ਭਾਈ ਗੁਰਮੀਤ ਸਿੰਘ ਹਿਰਦੇਵਾਲ ਤਿਹਾੜਾ 197
33. ਭਾਈ ਬਲਜਿੰਦਰ ਸਿੰਘ ਬੱਬਰ ਸ਼ੇਖੋਂ ਚਿਥੜਾਂਵਾਲੀ 201
34. ਭਾਈ ਗੁਰਬੋਧ ਸਿੰਘ ਬੱਬਰ ਭੰਮੇ ਕਲਾਂ 204
35. ਭਾਈ ਮੇਹਰਬਾਨ ਸਿੰਘ ਬੱਬਰ ਬਰੀਹ ਬੁੱਟਰ 208
36. ਭਾਈ ਪਰਮਜੀਤ ਸਿੰਘ ਬੱਬਰ ਫੂਲੇਵਾਲਾ 210
37. ਭਾਈ ਦਲਜੀਤ ਸਿੰਘ ਬੱਬਰ ਮੱਲ੍ਹਾ 215
38. ਭਾਈ ਪੁਕਰ ਸਿੰਘ ਬੱਬਰ ਹੀਰੋਵਾਲ 217
39. ਕੋਈ ਸਾਨੂੰ ਦੱਸ ਦੇਵੇ ਇਹ ਕਿਥੇ ਹਨ? ਤਾਂ ਕਿ ਸਾਡੀ ਉਡੀਕ ਮੁਕ ਜਾਵੇ 221
40. ਸਾਡਾ ਕਸੂਰ ਕੀ ਸੀ? 231
41. ਪੁਸਤਕ ਦਾ ਦੂਜਾ ਭਾਗ 236

# ਕੁਝ ਗੱਲਾਂ

ਸੁੱਤੇ ਹੋਏ ਸਮਾਜ ਵਿੱਚ ਜਦੋਂ ਵੀ ਕੋਈ ਜਾਗਦੀ ਘਟਨਾ ਵਾਪਰਦੀ ਹੈ, ਸਮਾਜ ਅਤੇ ਸਮਾਜ ਨੂੰ ਚਲਾ ਰਹੀਆਂ ਸਰਕਾਰਾਂ ਘਬਰਾਹਟ ਵਿੱਚ ਥਰਥਰਾ ਉੱਠਦੀਆਂ ਹਨ। ਇਨਸਾਨ ਮੁੱਢ ਤੋਂ ਹੀ ਆਪਣੀ ਹੋਂਦ ਲਈ, ਨਿਆਰੀ ਦਿਖ ਲਈ, ਆਪਣੀ ਨਸਲ, ਆਪਣੀ ਅੰਸ, ਆਪਣੀ ਵੰਸ਼ ਨੂੰ ਬਚਾਉਣ ਲਈ ਜੰਗਾਂ ਲੜਦਾ ਆਇਆ ਹੈ। ਖ਼ਾਲਸਾਈ ਜਾਮਾ ਸੰਸਾਰੀ ਧਰਮਾਂ ਤੋਂ ਬਿਲਕੁਲ ਹੀ ਵੱਖਰਾ ਹੈ। ਚਿਹਰੇ ਮੋਹਰੇ ਤੋਂ ਲੈ ਕੇ ਵੇਸ ਰਹਿਤ ਆਹਾਰ, ਸਭਿਆਚਾਰ, ਜਨਮ-ਮਰਨ ਆਦਿ ਦੀਆਂ ਸਮਾਜਿਕ ਰਸਮਾਂ ਬਿਲਕੁਲ ਹੀ ਵੱਖਰੀਆਂ ਹਨ। ਕੁਦਰਤ ਨੂੰ ਕਾਦਰ ਦੀ ਰਜ਼ਾ ਅੰਦਰ ਪ੍ਰਫੁੱਲਤ ਹੁੰਦਾ ਵੇਖਣ ਵਾਲਾ, ਸੱਚ ਦੇ ਭਰ ਅੰਦਰ ਸਰੀਰਕ ਪ੍ਰਨਾਲੀ ਨੂੰ ਸਾਂਭਣ ਵਾਲਾ ਇਸ ਧਰਤ 'ਤੇ ਜੇ ਮਨੁੱਖ ਕੋਈ ਮਨੁੱਖ ਹੈ, ਉਹ ਖਾਲਸਾ ਹੈ। ਜਿਸ ਤਰ੍ਹਾਂ ਜਨਮੇ ਹੋ ਇਸ ਸਾਬਤ ਸੂਰਤ ਨੂੰ ਕਲਿਆਣਕਾਰੀ ਸਿਰਜਣਾ ਲਈ ਵਧਣ ਦੇਵੋ। ਸਰੀਰ ਦਾ ਕੋਈ ਵੀ ਅੰਗ ਨਾ ਛੇੜੋ। ਨਾ ਡਰੋ, ਨਾ ਡਰਾਵੋ, ਕਿਰਤ ਕਰੋ, ਵੰਡ ਕੇ ਛਕੋ। ਤੁਹਾਡੀ ਕੋਈ ਨਾ ਜਾਤ ਹੋਵੇ ਨਾ ਕੋਈ ਪਾਤ ਹੋਵੇ। ਨਾ ਕੋਈ ਛੂਤ ਨਾ ਕੋਈ ਛਾਤ ਹੋਵੇ।

ਇਹ ਉਨ੍ਹਾਂ ਚਿਰ ਸੰਭਵ ਨਹੀਂ ਜਿਨ੍ਹਾਂ ਚਿਰ (ਪੈਸਾ ਤੇ ਮਾਲਕੀ ਖ਼ਤਮ ਨਹੀਂ ਹੁੰਦੀਆਂ)

"ਨ ਹਮ ਹਿੰਦੂ ਨ ਮੁਸਲਮਾਨ ਅਲਹ ਰਾਮ ਕੇ ਪਿੰਡੁ ਪ੍ਰਾਨ"

ਭੈਰਉ ਮਹਲਾ 5 ਪੰਨਾ 1136

ਇਸ ਧਰਤ 'ਤੇ ਲੱਖਾਂ ਬਾਦਸ਼ਾਹੀਆਂ ਦਫਨ ਹੋ ਗਈਆਂ ਹਨ। ਲੱਖਾਂ ਹੀ ਵੱਡੇ ਵੱਡੇ ਗਗਨ ਛੂੰਹਦੇ ਰੁਖ ਇਸ ਦੀ ਮਿਟੀ ਵਿੱਚ ਰਾਖ ਸੰਗ ਮਲੀਆਮੇਟ ਹੋ ਆਪਣੀ ਨਸਲ ਗੁਆ ਚੁੱਕੇ ਹਨ। ਲੱਖਾਂ ਬਾਦਸ਼ਾਹੀਆਂ ਦੇ ਕਲਸ ਕਿਲੇ, ਰਾਜ ਮਹਿਲ, ਨਿਸ਼ਾਨ, ਆਪਣੀ ਹਉਮੈ ਦੇ ਨਰਕਾਂ ਵਿੱਚ ਆਪਣਾ ਵਜੂਦ ਖੋ ਗਏ ਹਨ।

ਪਰ ਰੱਬ ਦੀ ਸਿਫ਼ਤ ਸਲਾਹ ਵਿੱਚ ਖਾਲਸਾਈ ਰੰਗ ਪੰਜ ਸਦੀਆਂ ਤੋਂ ਗੂੜ੍ਹਾ ਦਰ ਗੂੜ੍ਹਾ ਹੋਈ ਜਾ ਰਿਹਾ ਹੈ। ਸੰਸਾਰ ਦੇ ਦੂਸਰੇ ਮੁਜ਼ਬਾਂ, ਵਿਗਾੜੇ ਮਨੁੱਖਾਂ ਨੂੰ ਖ਼ਾਲਸੇ ਦੀ ਇਹ ਵੱਖਰੀ ਜਿਹੀ ਅਕਾਲਪੁਰਖ ਦੀ ਮਨਮਰਜ਼ੀ ਚੰਗੀ ਨਹੀਂ ਲੱਗ ਰਹੀ। ਇਸ ਕਰਕੇ ਹੀ ਖ਼ਾਲਸੇ ਦੀ ਵਿਚਾਰਧਾਰਾ ਨੂੰ ਖ਼ਤਮ ਕਰਨ ਦਾ ਅੱਡੀ ਚੋਟੀ ਦਾ ਜ਼ੋਰ ਲੱਗਿਆ ਹੋਇਆ ਹੈ। ਕਦੇ ਮੁਗ਼ਲਾਂ ਹੱਥੋਂ, ਕਦੇ ਹਿੰਦੂ ਬਿਪਰਾਂ ਹੱਥੋਂ, ਕਦੇ ਖ਼ਾਲਸੇ ਦੇ ਆਪਣੇ ਘਰੇ ਫੁਟ, ਨਫ਼ਰਤ, ਲਾਲਚ, ਈਰਖਾ ਦੀ ਅੱਗ ਕਾਰਨ ਇਸ ਵਿਚਾਰਧਾਰਾ ਨੂੰ ਖ਼ਤਮ ਕਰਨ ਲਈ ਇਸ ਉੱਪਰ ਹਮਲੇ ਤੇ ਘਮਲੇ ਕੀਤੇ ਜਾ ਰਹੇ ਹਨ।

ਸੰਸਾਰ ਅੰਦਰ ਫੈਲ ਰਹੇ ਸਰਕਾਰੀ ਅੱਤਵਾਦ, ਭੁੱਖਮਰੀ, ਗ਼ਰੀਬੀ, ਦੰਗੇ, ਲੁੱਟਮਾਰ,

ਬਲਾਤਕਾਰ, ਨਫ਼ਰਤ ਨਾਲ ਭਰੀਆਂ ਜੰਗਾਂ ਆਦਿ ਫੈਲ ਰਹੀਆਂ ਹਨ। ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਇਕੋ ਇਕ ਹੱਲ ਹੈ ਇਸ ਸੰਸਾਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਖ਼ਾਲਸੇ ਦਾ ਇਕ ਸ਼ਕਤੀਸ਼ਾਲੀ 'ਰਾਜ'। ਜਿਸ ਨੂੰ ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਬੇਪਨਾਹ ਸ਼ਹਾਦਤਾਂ ਨੇ ਖ਼ਾਲਸਤਾਨ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ। ਸੰਸਾਰ ਅੰਦਰ ਹੋਰ ਵੀ ਸਤਿਕਾਰਤ ਗ੍ਰੰਥ ਹਨ। ਜੋ ਆਪਣੀ ਆਪਣੀ ਮੁਕਬੀ ਕੱਟੜਤਾ ਦੇ ਪ੍ਰਸਾਰੇ ਤੱਕ ਹੀ ਹਨ। ਪਰ ਖ਼ਾਲਸਾਈ ਵਿਚਾਰਧਾਰਾ ਵਿੱਚ ਪ੍ਰਕਾਸ਼ਮਈ ਗ੍ਰੰਥ, ਅਕਾਲੀ ਇਲਾਹੀ ਸਰਬ ਸਾਂਝੀ ਬਾਣੀ ਕਾ ਬੋਹਿਥਾ, ਜਿਸ ਵਿੱਚ ਭਗਤ ਰਵਿਦਾਸ, ਬਾਬਾ ਫ਼ਰੀਦ, ਭਗਤ ਕਬੀਰ, ਭਗਤ ਧੰਨਾ, ਸਧਨਾ ਕਸਾਈ ਅਤੇ ਹੋਰ ਭੱਟਾਂ ਅਤੇ ਭਗਤਾਂ ਦੀ ਬਾਣੀ ਨੂੰ ਗੁਰੂ ਸਾਹਿਬ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਪਦਵੀ ਦਾ ਹੁਕਮ ਮਿਲਿਆ ਹੈ।

ਸਭ ਸਿੱਖਨ (ਹਰ ਸਿੱਖ ਜੋ ਕਿਸੇ ਵੀ ਜਾਤ ਪਾਤ ਦਾ ਹੋਵੇ, ਹਰ ਪ੍ਰਾਣੀ ਨੂੰ ਜੋ ਕਿਸੇ ਵੀ ਮੱਤ ਦਾ ਹੋਵੇ) ਕੋ ਹੁਕਮ ਹੈ

ਗੁਰੂ ਮਾਨਿਓ ਗ੍ਰੰਥ॥

ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥

ਗਿਆਨ ਦੇ ਪ੍ਰਕਾਸ਼ ਹੇਠ, ਮਨੁੱਖੀ ਜਾਮੇ ਦੀ ਦੇਹਧਾਰੀ ਪ੍ਰਥਾ ਖ਼ਤਮ ਕਰ ਦਿੱਤੀ ਗਈ ਹੈ।

ਇਹ ਹੀ ਗਰੀਬ ਲੋਕਾਂ ਦੀ ਪਾਤਿਸ਼ਾਹੀ ਸੰਸਾਰੀ ਬੇਸਮਝ ਲੋਕਾਂ ਨੂੰ ਚੰਗੀ ਨਹੀਂ ਲੱਗੀ ਅਤੇ ਉਹ ਇਸ ਵਿਚਾਰਧਾਰਾ ਨੂੰ ਆਪਣੇ ਆਪਣੇ ਢੰਗਾਂ ਨਾਲ ਖ਼ਤਮ ਕਰਨ ਤੁਰ ਪਏ। ਪਰ.....

**ਸਗਲ ਸ੍ਰਿਸਟਿ ਕਾ ਰਾਜਾ ਦੁਖੀਆ। ਹਰਿ ਕਾ ਨਾਮੁ ਜਪਤ ਹੋਇ ਸੁਖੀਆ।**

**ਸੁਖਮਨੀ ਸਾਹਿਬ**

ਪੰਥ ਖ਼ਾਲਸਾ ਪ੍ਰਮਾਤਮਾ ਦੀ ਹੋਂਦ ਨੂੰ ਆਪਣੇ ਸਿਰ ਉੱਪਰ ਛਾਵਾਂ ਕਰਕੇ ਮੰਨਦਾ ਹੈ। ਸੰਸਾਰ ਅੰਦਰ ਫੈਲ ਰਹੇ ਵਿਗੜੇ ਤੰਤਰ ਦੇ ਅੱਤਵਾਦ ਭੁਖਮਰੀ, ਗ਼ਰੀਬੀ ਜਾਤ ਗੋਤ ਦੇ ਝਗੜੇ, ਨਸਲਕੁਸ਼ੀ ਦੀ ਦੰਗਾਪ੍ਰਸਤੀ ਹਰ ਪ੍ਰਕਾਰ ਦੀ ਜ਼ਲਾਲਤ ਦੀ ਲਾਹਨਤ ਤੋਂ ਮੁਕਤੀ ਦਾ ਇਕੋ ਇਕ ਹੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਹੈ। ਅਤੇ ਗੁਰੂ ਸਾਹਿਬ ਜੀ ਦੀ ਰਹਿਨੁਮਾਈ ਹੇਠ ਖੰਡਧਾਰੀ ਭੁਜਾ ਨਾਲ ਖ਼ਾਲਸੇ ਦਾ ਸ਼ਕਤੀਸ਼ਾਲੀ ਰਾਜ ਕਾਇਮ ਦਾਇਮ ਕਰਨਾ ਹੈ।

ਖ਼ਾਲਸਾ ਪ੍ਰੰਪਰਾ ਆਪਣੇ ਨਾਲ ਸਦੀਆਂ ਦੀ ਸ਼ਹਾਦਤ ਲੈ ਕੇ ਤੁਰੀ ਆ ਰਹੀ ਹੈ। ਜਿਸ ਦਾ ਰੋਮ ਰੋਮ ਲਹੂ ਭਿੱਜੇ ਇਤਿਹਾਸ ਦਾ ਕਾਰਵਾਂ ਹੈ। ਇਕ ਫਿਤਰਤ ਹੈ ਖ਼ਾਲਸੇ ਦੀ- ਖ਼ਾਮੋਸ਼ੀ-ਅਜ਼ਾਦੀ ਜਾਂ ਸ਼ਹਾਦਤ। ਦੂਸਰਿਆਂ ਲਈ ਮਰ ਮਿਟ ਜਾਣਾ, ਉਨ੍ਹਾਂ ਦੇ ਦੁਖਾਂ ਵਿੱਚ ਸਾਂਝੀ ਹੋਣਾ, ਹੰਕਾਰੀਆਂ, ਨਿੰਦਕਾਂ ਨੂੰ ਪਿੱਠ ਦੇਣਾ ਇਹ ਖ਼ਾਲਸੇ ਦੀ ਤਹਿਰੀਕ ਹੈ।

ਸਾਡੇ ਜਿਹੇ ਮੁਆਸ਼ਰੇ ਨੇ ਖ਼ਾਲਸਾ ਪੰਥ ਨੂੰ ਸਿੱਖ ਕੌਮ ਤੱਕ ਹੀ ਸੀਮਤ ਕਰ ਦਿੱਤਾ ਹੈ। ਮੇਰੀ ਇਕ ਨਿਮਰ ਬੇਨਤੀ ਹੈ ਖ਼ਾਲਸਾ ਪੰਥ ਨੂੰ, ਤੁਸੀਂ ਸਿੱਖ ਕੌਮ ਨਹੀਂ ਹੋ। ਖ਼ਾਲਸਾ ਇਕ

ਹੈ-- "ਖ਼ਾਲਸਾ" ਜੋ ਦੂਸਰੇ ਸਭ ਧਰਮਾਂ ਕੌਮਾਂ ਦੇਸਾਂ ਦਾ ਸਤਿਕਾਰ ਕਰਦਾ ਹੈ। ਨਾਨਕ ਨਿਰਮਲ ਪੰਥ 'ਚੋਂ, ਖ਼ਾਲਸਾ ਪੰਥ ਸਾਜਿਆ ਗਿਆ ਹੈ। ਸਿੱਖ ਪੰਥ ਨਹੀਂ ਹੈ। ਖ਼ਾਲਸਾ ਪੰਥ ਹੈ ਜੋ ਜਨਮ ਤੋਂ ਹੀ ਆਜ਼ਾਦ ਹੈ। ਖ਼ਾਲਸਾ ਸ਼ਬਦ ਦਾ ਅਰਥ ਹੀ ਗੁਲਾਮ ਮਾਨਸਿਕਤਾ ਵਿਚੋਂ ਨਿਕਲ ਕੇ ਆਜ਼ਾਦ ਵਿਚਰਨ ਦਾ ਹੈ। ਪਰ ਅੱਜ ਗੁਰੂ ਵਰਸੋਏ ਆਜ਼ਾਦ ਖ਼ਾਲਸੇ ਦੀ ਪ੍ਰੀਭਾਸ਼ਾ ਇਕ ਸਿੱਖ ਉੱਪਰ ਕੇਂਦਰਤ ਕਰ ਦਿੱਤੀ ਗਈ ਹੈ। ਸਿੱਖ ਬਹੁਭਾਤੀ ਹਨ। ਪਰ ਖ਼ਾਲਸਾ ੧ਓ ਦਾ ਹੈ। ਅਕਾਲ ਜੱਪਣ ਵਾਲਾ। ਜਿਸ ਲਈ ਕਾਲ ਇਕ ਮਖ਼ੌਲ ਹੈ। ਅਕਾਲ ਮਨ ਅੰਦਰ ਦਾ ਤਰਜਮਾਨ। ਖ਼ਾਲਸਾ ਫ਼ੌਜ ੧ਓ ਦੀ ਫ਼ੌਜ, ਸਤਿਨਾਮ ਵਾਲੇ ਕਰਤਾ ਪੁਰਖ ਨਿਰਭਓ ਨਿਰਵੈਰ ਦੀ ਫ਼ੌਜ, ਅਕਾਲ ਮੂਰਤ ਅਜੂਨੀ ਸੈਭੰ ਦੀ ਫ਼ੌਜ ਹੈ। ਚਿਮਟੇ, ਟੱਲੀਆਂ ਦੀ ਰਸਮਈ ਸੰਗੀਤਕ ਧਾਰਨਾ ਸੰਤ ਜਾਂ ਬ੍ਰਹਮਗਿਆਨੀ ਦੀ ਉਪਮਾ ਨਹੀਂ, ਸੰਤ ਉਹ ਹੀ ਹੈ ਜੋ ਸਿਪਾਹੀ ਹੈ। ਜਿਸ ਸੰਤ ਦੀ ਖੰਡੇ, ਤੀਰਾਂ, ਸਮਸ਼ੀਰਾਂ ਦੀ ਗਰਜਵੀਂ ਕੀਰਤਨੀ ਧੁਨ ਖ਼ਾਲਸਾ ਕੌਮ ਨੂੰ "ਕੋ ਕਾਹੂ ਕੋ ਰਾਜ ਨਾ ਦੇਹ ਹੈਂ, ਜੋ ਲੇ ਹੈਂ ਨਿਜ ਬਲ ਸੇ ਲੇ ਹੈਂ" ਦੇ ਨਾਲ ਜੋੜੇ, ਉਹ ਹੀ ਸੰਤ ਖ਼ਾਲਸਾ ਪੰਥ ਨੂੰ ਪ੍ਰਵਾਨ ਹੈ।

ਖ਼ਾਲਸਾ ਫ਼ੌਜ ਰੱਬ ਦੀ ਆਪਣੀ ਫ਼ੌਜ ਹੈ। ਜ਼ੁਲਮ ਮਿਟਾਉਣ ਵਾਲੇ ਸੂਰਮਿਆਂ ਦੀ ਫ਼ੌਜ ਹੈ। ਸਾਧਾਂ ਦੇ ਦੀਵਾਨਾਂ ਅੰਦਰ ਚਿਮਟੇ ਛੈਣੇ ਵਜਾਉਣ ਵਾਲੀ ਫ਼ੌਜ ਨਹੀਂ ਹੈ। ਅਕਾਲ ਪੁਰਖ ਨੇ ਖ਼ੁਦ ਇਸ ਫ਼ੌਜ ਦੀ ਵਾਗਡੋਰ ਆਪ ਸੰਭਾਲ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀ ਛਤਰ ਛਾਇਆ ਹੇਠ ਸਾਜੀ ਹੈ। ਇਸ ਦਾ ਸੁਪਰੀਮ ਕਮਾਂਡਰ ਅਤੇ ਜਰਨੈਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਥਾਪਿਆ। ਖ਼ਾਲਸਾ ਫ਼ੌਜ ਖੜੀ ਕਰਨ ਦੀ ਪਹਿਲੀ ਸ਼ਰਤ :

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ ॥ ਮ : ੫
ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨ ਕੀਜੈ ॥ ਪੰਨਾ 1412

ਖ਼ਾਲਸੇ ਦਾ ਇਤਿਹਾਸ ਗਵਾਹ ਹੈ। ਖ਼ਾਲਸੇ ਦਾ ਪਿਤਾ ਗੁਰੂ ਗੋਬਿੰਦ ਸਿੰਘ ਮਾਤਾ ਸਾਹਿਬ ਕੌਰ ਅਤੇ ਵਾਸੀ ਆਨੰਦਪੁਰ ਸਾਹਿਬ ਹੈ ਅਤੇ ਖ਼ਾਲਸਾ ਇਸ ਸੰਸਾਰ ਅੰਦਰ ਖ਼ਾਲਸਾ ਰਾਜ ਨੂੰ ਮੂਰਤੀਮਾਨ ਕਰਨ ਲਈ ਵਚਨਬੱਧ ਹੈ। ਖ਼ਾਲਸੇ ਦੀ ਜ਼ਮੀਨ ਖ਼ਾਲਸੇ ਦੀ ਜ਼ਮੀਰ ਪਰਮਾਤਮਾ ਦੀ ਗੁਲਾਮ ਹੈ ਕਿਸੇ ਪਾਰਟੀ ਕਿਸੇ ਦੇਸ ਕਿਸੇ ਲੀਡਰ ਦੀ ਗੁਲਾਮ ਨਹੀਂ ਹੈ। ਖ਼ਾਲਸੇ ਦੀ ਆਤਮਾ ਹਰਿਮੰਦਰ ਸਾਹਿਬ ਤੇ ਸਿਆਸਤ ਅਕਾਲ ਤਖ਼ਤ ਸਾਹਿਬ ਹੈ। ਖ਼ਾਲਸਾ ਮੁਖ ਤੇ ਹਰਿ ਚਿਤ ਮੈ ਯੁਧ ਬਿਚਾਰੈ॥ ਪੰਚ ਪਰਵਾਨ ਪੰਚ ਪਰਧਾਨ "ਪੰਚੇ ਪਾਵਹਿ ਦਰਗਹਿ ਮਾਨ" ਆਪਣੇ ਜਿਹਨ ਵਿੱਚ ਰਚ ਕੇ ਤੁਰਿਆ ਹੈ। ਖ਼ਾਲਸੇ ਦੇ ਮਸਤਕ

ਅੰਦਰ ਗਨੀਮੁਲ ਖਿਰਾਜ ਹੈ। ਗਰੀਬੁਲ ਨਿਵਾਜ ਹੈ। ਅਤੇ ਅਜ਼ਾਦ ਹੈ। ਅਜਾਤ ਹੈ। ਉਕਰਿਆ ਹੋਇਆ ਹੈ।

ਖ਼ਾਲਸੇ ਨੂੰ ਇਹ ਗੁੜ੍ਹਤੀ ਮਿਲੀ ਹੈ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।

ਸ੍ਰੀ ਗੁ. ਗ੍ਰੰ. ਸਾਹਿਬ

ਯਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਕਲ ਕੌ ਮੂਲ ਉਪਾਰਨ ॥

ਬਚਿਤ੍ਰ ਨਾਟਕ ਪਾ : ੧੦

ਖ਼ਾਲਸਾ ਜੀ ਗ਼ੁਲਾਮੀ ਦਾ ਮਿਠਾ ਮੋਹਰਾ ਜੋ ਆਪਾਂ ਨਿਗਲ ਰਹੇ ਹਾਂ, ਇਸ ਲਈ ਨਾ ਸਮਾਂ ਮਾਫ਼ ਕਰੇਗਾ ਨਾ ਹੀ ਕੁਦਰਤ ਮਾਫ਼ ਕਰੇਗੀ। ਅਤੇ ਗ਼ੁਲਾਮੀ ਦੀ ਇਸ ਵੱਡੀ ਬੱਜਰ ਭੁਲ ਕਾਰਨ ਕਾਦਰ ਵੀ ਮਾਫ਼ ਨਹੀਂ ਕਰੇਗਾ। ਖ਼ਾਲਸਾ ਜੀ ਗਮਲਿਆਂ ਵਿੱਚ ਉਗੇ ਬੂਟੇ ਛਾਂ ਨਹੀਂ ਦਿੰਦੇ, ਸਿਰਫ਼ ਉਨ੍ਹਾਂ ਦੇ ਪਰ੍ਛਾਵੇਂ ਹੁੰਦੇ ਹਨ। ਬਹਾਰਾਂ ਵਿਚ ਲੱਦੇ ਰੁੱਖ ਹੀ ਗੂੜ੍ਹੀ ਠੰਡੀ ਛਾਂ ਦਿੰਦੇ ਹਨ ਅਤੇ ਉਹਨਾਂ ਦੇ ਪਰਛਾਵੇਂ ਤਨਿਆਂ, ਮੁੱਢਾਂ, ਜੜ੍ਹਾਂ ਨੂੰ ਨਹੀਂ ਛੂਹਦੇ। ਬਹਾਰਾਂ ਲੰਘੀਆਂ ਦੇ ਰੁੰਡ ਮਰੁੰਡ ਰੁੱਖ ਮੁੱਢ, ਰੁੱਖ ਨਹੀਂ ਹੁੰਦੇ। ਉਹ ਸਿਰਫ਼ ਰੁੱਖਾਂ ਦਾ ਨਾਮ ਹੀ ਹੁੰਦੇ ਹਨ। ਸੁੱਕੇ ਰੁੱਖਾਂ ਉੱਪਰ ਕਦੇ ਬੁਲਬੁਲਾਂ ਦੇ ਆਲ੍ਹਣੇ ਨਹੀਂ ਹੁੰਦੇ। ਜੇ ਆਲ੍ਹਣੇ ਹੁੰਦੇ ਹਨ ਤਾਂ ਉਹ ਸਿਰਫ਼ ਗਿਰਝਾਂ ਦੇ ਹੀ ਹੁੰਦੇ ਹਨ।

ਵੱਡੇ ਤੋਂ ਵੱਡੇ ਰੁੰਡ ਅਕਾਰੀ ਦੈਂਤ ਨੁਮਾ ਰੁੱਖ ਡਿੱਗਣ ਨਾਲ ਕਦੇ ਧਰਤੀ ਨਹੀਂ ਹਿਲੀ। ਧਰਤੀ ਦੀ ਇਕ ਅੰਗੜਾਈ ਵਿੱਚ ਇਨ੍ਹਾਂ ਸੰਗਲ ਰੁੱਖਾਂ ਦੀ ਨਸਲ ਦਰਮ-ਬਰਮ ਹੋ ਜਾਂਦੀ ਹੈ।

ਇਨਸਾਨ ਲਈ ਗ਼ੁਲਾਮੀ ਇਕ ਲਾਹਨਤ ਹੈ। ਜੇਕਰ ਖ਼ਾਲਸਾ ਗ਼ੁਲਾਮ ਹੋਵੇ, ਇਹ ਤਾਂ ਬੇਸ਼ਰਮੀ ਭਰੀ ਲਾਹਨਤ ਹੈ। ਵਿਗੜਿਆ ਮਨੁੱਖ ਹਮੇਸ਼ਾ ਸਚਿਆਰੇ ਮਨੁੱਖ ਨੂੰ ਉਸ ਦੀ ਹਲੀਮੀ ਦਾ ਨਜਾਇਜ ਫਾਇਦਾ ਉਠਾ ਕੇ ਉਸ ਨੂੰ ਆਪਣੀ ਲੱਤ ਹੇਠ ਰੱਖਦਾ ਹੈ। ਸਾਨੂੰ ਬਿਨਾਂ ਸਮਾਂ ਗੰਵਾਇਆ ਵਿਗੜੇ ਤੰਤਰ ਨੂੰ ਹੋਰ ਵਧਣ ਫੁੱਲਣ ਤੋਂ ਰੋਕਦਿਆਂ ਇਸ ਨੂੰ ਲੱਤੋਂ ਫੜ ਕੇ ਘਸੀਟ ਕੇ ਇਸ ਧਰਤੀ ਤੋਂ ਵਗ੍ਹਾ ਮਾਰਨਾ ਚਾਹੀਦਾ ਹੈ। ਜੇਕਰ ਅਸੀਂ ਜ਼ਲਾਲਤ ਦੀ ਪੰਜਾਲੀ ਹੇਠ ਹੀ ਵਗਣਾ ਹੈ ਫਿਰ ਅਣਖਾਂ, ਇੱਜ਼ਤਾਂ, ਅਜ਼ਾਦੀਆਂ ਦੀ ਗੱਲ ਕਰਨੀ ਛੱਡ ਦੇਈਏ। ਗ਼ੁਲਾਮੀ (ਹੱਸ ਕੇ, ਰੋ ਕੇ) ਸਵੀਕਾਰ ਕਰ ਲਈਏ। ਜੇਕਰ ਅਸੀਂ ਕੌਮੀ ਸ਼ਹੀਦਾਂ ਉੱਪਰ ਮਾਣ ਕਰਦੇ ਹਾਂ ਫਿਰ ਸ਼ਹਾਦਤ ਦੀ ਜ਼ਰਖੇਜ਼ ਮਿੱਟੀ ਵਿੱਚ ਰਹਿਣਾ ਵੀ ਸਿੱਖ ਲਈਏ। ਜੋ ਸ਼ਹਾਦਤਾਂ ਭੁੱਲ ਜਾਂਦੇ ਹਨ ਅਜ਼ਾਦੀ ਭੁੱਲ ਜਾਂਦੇ ਹਨ, ਉਹ ਕਦੇ ਵੀ ਲੰਮੀ ਉਮਰ ਜਿੰਦਾ ਨਹੀਂ ਰਹੇ।

ਆਉ ਆਪਣਾ ਵਿਰਸਾ ਸੰਭਾਲ ਅੱਗੇ ਤੁਰੀਏ। ਸੁਬਹ ਸ਼ਾਮ ਦਿਖਾਵੇ ਦੀ ਅਰਦਾਸ ਲੋਦੜੀ ਗੁਰਧਾਮਾਂ ਅੰਦਰ ਕਰਨੀ ਛੱਡ ਦੇਈਏ। ਨਹੀਂ ਤਾਂ ਆਪਾਂ ਨੂੰ ਕੌਮਾਂ ਦੇ ਮਹਾਨ

ਸ਼ਹੀਦ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਦਸਮੇਸ਼ ਪਿਤਾ ਜੀ ਦੇ ਚਾਰੇ ਫਰਜ਼ੰਦ, ਰੰਬੀਆਂ ਨਾਲ ਲਥੇ ਖੋਪਰ ਆਰੇ ਨਾਲ ਦੋ ਫਾੜ ਹੋਏ ਸਰੀਰ, ਦੇਗਾਂ ਅੰਦਰ ਉਬਾਲ ਹੋਏ ਸ਼ਹੀਦ, ਚਰਖੜੀਆਂ ਨਾਲ ਤੂੰਬਾ ਤੂੰਬਾ ਹੋਏ ਜਥੇ, ਬੰਦ ਬੰਦ ਕਟਾਉਣ ਵਾਲੇ ਸੂਰਬੀਰ, ਨੰਨੇ ਨੰਨ ਬਚਿਆਂ ਦੀਆਂ ਆਂਦਰਾਂ ਬੰਗਾਰਨ ਵਾਲੀਆਂ ਮਾਵਾਂ, ਨੇਜ਼ਿਆਂ ਉੱਪਰ ਟੰਗੇ ਬੱਚੇ, ਤੋਪਾਂ ਮੂਹਰੇ ਫਾੜੀਆਂ ਛਾਹਣ ਵਾਲੇ ਅਣਖੀਲੇ, ਹੱਸ ਹੱਸ ਫਾਂਸੀਆਂ ਲੱਗਣ ਵਾਲੇ ਸ਼ਹੀਦ, ਜੇਲਾਂ ਕਾਲ ਕੋਠੜੀਆਂ ਤਸੀਹੇ ਘਰਾਂ ਅੰਦਰ ਜ਼ੁਲਮ ਝੱਲਣ ਵਾਲੇ ਸਿੰਘ ਸਿੰਘਣੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੇ। ਯਾਦ ਰੱਖਣਾ ਕਦੇ ਮਾਫ਼ ਨਹੀਂ ਕਰਨਗੇ।

ਜਦੋਂ ਸਿੰਘਾਂ ਪਾਸ ਕੋਈ ਸੋਮੇ ਨਹੀਂ ਸਨ, ਜੰਗਲਾਂ ਬੇਲਿਆਂ ਅੰਦਰ ਵਾਹਿਗੁਰੂ ਦਾ ਸ਼ੁਕਰ ਕਰਦੇ ਦਿਨ ਕੱਟਦੇ ਸਨ, ਕੋਈ ਘਰ ਟਿਕਾਣਾ ਨਹੀਂ ਹੁੰਦਾ ਸੀ, ਉਸ ਸਮੇਂ ਵੀ ਸਿੰਘਾਂ ਨੂੰ ਅਕਾਲ ਪੁਰਖ ਦੀ ਓਟ ਅਤੇ ਗੁਰੂ ਦੀ ਅਸੀਸ ਨੇ ਜਿਊਂਦਾ ਰੱਖਿਆ ਹੈ ਇਹ ਇਤਿਹਾਸਕ ਸੱਚ ਹੈ ਪਰ ਅੱਜ ਅਸੀਂ ਬੰਗਲੇ, ਕਾਰਾਂ, ਹਰ ਪ੍ਰਕਾਰ ਦੀ ਐਸ਼ਪ੍ਰਸਤੀ ਦੀਆਂ ਵਸਤੂਆਂ ਹੋਣ ਦੇ ਬਾਵਜੂਦ ਗੁਰਮਤਿ ਤੋਂ ਦੂਰ ਹਾਂ। ਦਿਖਾਵੇ ਦੀ ਮਰਯਾਦਾ ਹੈ। ਗੁਰੂ ਤੋਂ ਮੂੰਹ ਫੇਰ ਬੈਠੇ ਹਾਂ। ਸਾਡਾ ਹਸ਼ਰ ਕੀ ਹੋਵੇਗਾ?

ਵੱਡੇ ਘੱਲੂਘਾਰੇ ਦੀ ਸ਼ਾਮ ਨੂੰ ਸਿੰਘਾਂ ਦਾ ਗੁਰੂ ਆਸ਼ੇ ਅਨੁਸਾਰ ਰਹਿਰਾਸ ਵੇਲੇ ਆਪਣੇ ਸ਼ਹੀਦਾਂ ਦੇ ਖੂਨ ਨਾਲ ਸੁਰਖ ਹੋਈ ਧਰਤੀ 'ਤੇ ਵੀਰਾਂ ਦੇ ਮਘਦੇ ਸਿਵਿਆਂ ਦੀ ਲੋਅ ਹੇਠ ਜਦ ਜ਼ਖ਼ਮੀ ਸ਼ੇਰਾਂ ਧਰਮਕਾਰੀਆਂ ਫਕੀਰਾਂ ਦਾ ਦੀਵਾਨ ਸਜਿਆ ਤਾਂ ਉਨ੍ਹਾਂ ਨੇ ਮਿੱਠੇ ਮੇਹਣੇ ਦੇ ਤੌਰ ਤੇ ਗੁਰੂ ਪਰਮੇਸ਼ਰ ਅੱਗੇ ਇਉਂ ਅਰਦਾਸ ਕੀਤੀ ਪਿਤਾ ਜੀ ਨਿਰੰਤਰ ਗੁਰ ਬਾਣੀ ਪ੍ਰਵਾਹ ਰਾਹੀਂ ਤੇਰਾ ਸਰਬ ਕਲਿਆਣਕਾਰੀ ਉਪਦੇਸ਼ ਜਿਊਂਦਾ ਰੱਖਣ ਲਈ ਤੇਰਾ ਖ਼ਾਲਸਾ ਜਨਮ ਤੋਂ ਹੀ ਵਚਨਬੱਧ ਹੈ ਅਤੇ ਯਤਨਸ਼ੀਲ ਹੈ। ਗੁਰੂ ਸਾਹਿਬ ਜੀਓ ਆਪ ਜੀ ਦੇ ਫ਼ੁਰਮਾਨ ਨੂੰ ਜੁਗੋ ਜੁਗ ਅਟੱਲ ਰੱਖਣ ਲਈ ਵਾਰਿਆਂ ਤੋਂ ਸਿਰ 'ਤੇ ਖੱਫਣ ਬੰਨ੍ਹਿਆ ਹੈ। ਖ਼ਾਲਸਾ ਰਾਜ ਦੇ ਮਹਾਨ ਸੰਕਲਪ ਨੂੰ ਮੂਰਤੀਮਾਨ ਕਰਨ ਲਈ ਖ਼ਾਲਸਾ ਸਾਰ ਦਾ ਖੰਡਾ ਖੜਕਾ ਰਿਹਾ ਹੈ ਜੋ ਸਿਰ ਅੰਮ੍ਰਿਤਪਾਨ ਕਰਨ ਵੇਲੇ ਹਜ਼ੂਰ ਦੇ ਖ਼ਾਲਸੇ ਨੇ ਭੇਟ ਕੀਤੇ ਸਨ ਉਹ ਅੱਜ ਤਲੀ ਤੇ ਧਰਕੇ ਆਪ ਜੀ ਦੇ ਚਰਨੀਂ ਹਾਜ਼ਰ ਹੋਏ ਹਾਂ। ਗੁਰੂ ਜੀ ਖ਼ਾਲਸੇ ਦੀ ਨਿਮਾਣੀ ਜਿਹੀ ਭੇਟ ਪ੍ਰਵਾਨ ਕਰਨੀ। ਪਰ ਸ਼ਹਿਨਸ਼ਾਹ ਅੱਜ ਇਸ ਫਕੀਰਾਂ ਦੇ ਜਥੇ ਦਾ ਇਤਨਾ ਨੁਕਸਾਨ ਹੋਇਆ ਹੈ ਚਾਹੇ ਭਲਾ ਜਿਵੇਂ ਤੇਰੀ ਰਜ਼ਾ ਹੈ। ਗੁਰੂ ਜੀ ਤੇਰਾ ਹੁਕਮ ਤੇਰਾ ਭਾਣਾ ਅਟੱਲ ਹੈ, ਪਰ ਹੇ ਨਾਥ, ਜੇ ਆਪ ਜੀ ਦੀ ਬਾਣੀ ਪ੍ਰਚਾਰਨ ਲਈ ਇਹ ਸਿਰ ਮਰ ਮਿਟਣ ਵਾਲੇ ਨਾ ਰਹੇ ਤਾਂ ਗੁਰੂ ਸਾਹਿਬ ਜੀ ਦੇ ਸਰੂਪ ਨੂੰ ਸਿਰ ਚੁੱਕ ਕੇ ਕੌਣ ਤੁਰੂ? ਹੇ ਸਰਬ ਸ਼ਕਤੀਮਾਨ ਅਕਾਲ ਪੁਰਖ ਜੀਓ ਪੰਥ ਕੀ ਰੱਖਿਆ ਤੇ ਗਰੰਥ ਕੀ ਰਹਿਗੀ ਨਾਥ। ਪੰਥ ਹੀ ਨਾ ਰਹਾ ਤੇ ਗਰੰਥ ਤੇਰਾ ਕੌਣ ਮਾਨੇਗਾ। ਗੁਰੂ ਜੀ ਖ਼ਾਲਸੇ ਨੂੰ ਬਲਬੁੱਧੀ ਰਹਿਨੁਮਾਈ ਬਖ਼ਸ਼ੋ ਤੇ ਉਹ ਆਪ ਜੀ ਦੇ ਰਸਤੇ 'ਤੇ ਚਲਦਾ ਹੋਇਆ ਸਦਾ ਚੜ੍ਹਦੀਕਲਾ ਵਿੱਚ ਜਾਵੇ। ਖ਼ਾਲਸਾ ਰਾਜ ਦੇ ਮਹਾਨ ਸੰਕਲਪ ਨੂੰ ਮੂਰਤੀਮਾਨ ਕਰਦਾ ਹੋਇਆ ਦੁਸ਼ਟ ਮਲੇਸ਼ ਸਕਲ ਦਾ ਨਾਸ਼ ਕਰਦਾ ਹੋਇਆ ਗਰੀਬ ਮਜ਼ਲੂਮ ਦੀ ਰੱਖਿਆ ਕਰਦਾ ਹੋਇਆ ਗੁਰੂ ਗ੍ਰੰਥ ਸਾਹਿਬ

ਜੀ ਦੇ ਮਹਾਨ ਪਵਿੱਤਰ ਉਪਦੇਸ਼ਾਂ ਨੂੰ ਚੌਹੁ ਕੁੰਟਾਂ ਅੰਦਰ ਪ੍ਰਵਾਹ ਕਰਨ ਲਈ ਸਫਲ ਹੋਵੇ। ਇਹ ਦਿਲ ਹਿਲਾ ਦੇਣ ਵਾਲੀ ਅਰਦਾਸ ਸੀ ਖ਼ਾਲਸੇ ਦੀ।

ਅੱਜ ਫਿਰ ਪੁਰਾਤਨ ਸਿੰਘਾਂ ਦੇ ਨਕਸ਼ ਕਦਮ 'ਤੇ ਚਲਦਾ ਹੋਇਆ ਖ਼ਾਲਸਾ ਜੰਗ ਦੇ ਮੈਦਾਨ ਵਿੱਚ ਹੈ। ਖ਼ਾਲਸਾ ਪੰਥ ਦਾ ਸੰਨ 1978 ਤੋਂ ਹੁਣ ਤੱਕ ਇਤਨਾ ਨੁਕਸਾਨ ਹੋਇਆ ਹੈ ਵਾਹ ਭਲਾ ਹੈ ਗੁਰੂ ਪਰਮੇਸ਼ਰ ਦਾ ਭਾਣਾ ਕੌਮ ਦੇ ਸਿਰ 'ਤੇ ਹੈ। ਅੱਜ ਗੁਰੂ ਵਾਲੇ ਬਣ ਕੇ ਮਨੁੱਖਤਾ ਦੀ ਜੰਗ ਅੰਦਰ ਖਾਲਸਾ ਰਾਜ ਦੀ ਜੰਗ ਅੰਦਰ ਸ਼ਾਮਲ ਹਈਏ। ਪਰਮਾਤਮਾ ਸੱਚ ਦੀ ਜੰਗ ਅੰਦਰ ਆਪ ਸ਼ਾਮਲ ਹੋਵੇਗਾ।

ਜਾਮ ਗੁਰੂ ਹੋਇ ਵੱਲ ਲੱਖ ਬਾਹਾਂ ਕਿਆ ਕੀਜੈ।
ਕੀੜਾ ਥਾਪ ਦੇਹਿ ਪਾਤਸ਼ਾਹੀ ਲਸ਼ਕਰ ਕਰੇ ਸੁਆਹ॥

ਆਉ ਸ਼ਹੀਦਾਂ ਦੇ ਮਾਰਗ 'ਤੇ ਚਲਦੇ ਹਏ ਉਹਨਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰੀਏ ਜੇਕਰ ਅਸੀਂ ਕਾਂਗਰਸ ਦੀ ਦੇਣ ਹਾਂ ਤਾਂ ਭਾਈ ਸਾਹਿਬ ਦਿਲਾਵਰ ਸਿੰਘ ਬੱਬਰ ਨੂੰ ਕੀ ਲੋੜ ਸੀ ਛਾਤੀ ਨਾਲ ਬੰਬ ਬੰਨ੍ਹ ਕੇ ਬਅੰਤੇ ਮੁਖ ਮੰਤਰੀ ਨੂੰ ਉਡਾਉਣ ਦੀ? ਅੱਜ ਸਾਨੂੰ ਬਾਦਲ, ਟੌਹੜੇ, ਬਰਨਾਲੇ, ਤਲਵੰਡੀ ਆਦਿ ਅਕਾਲੀਆਂ ਦੀ ਲੋੜ ਨਹੀਂ। ਸਾਨੂੰ ਇਹਨਾਂ ਵਿਚੋਂ ਅਕਾਲੀ ਫੂਲਾ ਸਿੰਘ, ਅਕਾਲੀ ਨਿਧਾਨ ਸਿੰਘ ਪੰਜ ਹੱਥਾਂ, ਅਕਾਲੀ ਕੌਰ ਸਿੰਘ, ਅਕਾਲੀ ਕਿਸ਼ਨ ਸਿੰਘ ਗੜਗੱਜ, ਅਕਾਲੀ ਭਾਈ ਸਾਹਿਬ ਰਣਧੀਰ ਸਿੰਘ, ਅਕਾਲੀ ਧੰਨਾ ਸਿੰਘ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਕਾਲੀ ਚਾਹੀਦੇ ਹਨ।

ਅਕਾਲੀ ਭਾਈ ਫ਼ੌਜਾ ਸਿੰਘ, ਅਕਾਲੀ ਭਾਈ ਸੁਬੇਗ ਸਿੰਘ (ਜਨਰਲ), ਅਕਾਲੀ ਭਾਈ ਅਮਰੀਕ ਸਿੰਘ ਚਾਹੀਦੇ ਹਨ

ਖ਼ਾਲਸਾਈ ਸਿੱਕਾ ਮੀਰੀ-ਪੀਰੀ ਦੀ ਸੱਚ, ਦੇਗ ਤੇਗ ਫਤਹਿ ਦਾ ਧਾਰਨੀ ਨਾਨਕ ਗੁਰੂ ਗੋਬਿੰਦ ਸਿੰਘ ਦਾ ਉਪਾਸਕ ਖ਼ਾਲਸਾ ਰਾਜ ਅੰਦਰ ਮਾਨਵਤਾ ਦੀ ਸੇਵਾ ਕਰਦਾ ਰਿਹਾ ਹੈ

ਦੇਗੋ ਤੇਗੋ ਫਤੇਹ ਨੁਸਰਤ ਬੇਦਰੰਗ॥
ਯਾਫਤਜ ਨਾਨਕ ਗੁਰੂ ਗੋਬਿੰਦ ਸਿੰਘ॥

ਸਾਡੇ ਅਕਾਲੀ ਭਰਾਵੋ ਤੁਸੀਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਕਰਦੇ ਹੋ ਕਿੱਥੇ ਹੈ ਸਾਡਾ ਖ਼ਾਲਸਾਈ ਸਿੱਕਾ (ਕਰੰਸੀ) ਕੀ ਕਦ ਤੁਸੀਂ ਖ਼ਾਲਸਾਈ ਕਰੰਸੀ ਚਲਾਉਗੇ ਜਾਂ ਚਲਾਉਣ ਬਾਰੇ ਸੋਚੋਗੇ?

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਿੱਲੀ ਤਖ਼ਤ ਵੱਲੋਂ ਲਾਇਆ ਟੈਕਸ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਲਾਸਾਨੀ ਸ਼ਹੀਦੀ ਦੇ ਕੇ ਦਿੱਲੀ ਦੀਆਂ ਨੀਹਾਂ ਹਿਲਾ ਦਿੰਦੇ ਹਨ। ਇਸ ਸ਼ਹਾਦਤ ਤੋਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਦਿੱਲੀ ਦੇ ਦੁਨੀਆਵੀ ਤਖ਼ਤ ਨੂੰ ਨੇਸਤਨਾਬੂਦ ਕਰਨ ਲਈ, ਰੱਬੀ ਤਖ਼ਤ, ਅੱਲਾਹੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕਰ ਦਿੰਦੇ ਹਨ। ਅੱਜ ਇਸ ਅਲਾਹੀ ਤਖ਼ਤ ਦੀ ਸ਼ਾਨ ਨੂੰ ਕਾਇਮ ਰੱਖਣ ਵਾਲੇ ਅਕਾਲੀ, ਅਕਾਲ ਤਖ਼ਤ ਸਾਹਿਬ 'ਤੇ ਮਰਜੀਵੜੇ ਬਣ ਕੇ ਸੌਂਹਾਂ ਖਾ ਕੇ ਫਰ ਹੱਥ ਖੜੇ ਕਰਕੇ ਦਿੱਲੀ ਸਰਕਾਰ ਦੇ

ਗੰਢੀਂ ਲਗਾਂਦੇ ਹਨ ਅਤੇ ਕੌਮ ਦੀਆਂ ਮਹਾਨ ਪ੍ਰੰਪਰਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਅਕਾਲੀ ਵੀਰੋ ਤੁਹਾਡੇ ਕੋਲੋਂ ਖ਼ਾਲਸਾ ਪੰਥ ਦੀ ਪੱਗ ਦੀ ਸ਼ਾਨ ਅਤੇ ਕੌਮ ਦੀ ਵਿਰਾਸਤ ਦੀ ਕਿੰਨੀ ਕੁ ਆਸ ਰੱਖੀਏ?

ਕੀ ਕਦੇ ਤੁਸੀਂ ਸੋਚੋਗੇ? ਦਿੱਲੀ ਸਰਕਾਰ ਦੇ ਟੈਕਸ ਨਾਂ ਭਰਨ ਬਾਰੇ ਜਾਂ ਰਾਹਤ ਮਾਫ਼ੀਆਂ ਲਈ, ਦਿੱਲੀ ਤਖ਼ਤ ਦੀਆਂ ਮਿੰਨਤਾਂ ਕਰੋਗੇ? ਆਪਣੀ ਕਰਸੀ ਬਚਾਉਣ ਲਈ? ਕੀ ਖ਼ਾਲਸੇ ਦੇ ਮਿਹਨਤੀ ਕਾਮੇ ਕਿਰਸਾਨਾਂ ਦੀਆਂ ਫਸਲਾਂ ਦੀ ਕਿਸਮਤ ਦਿੱਲੀ ਤਖ਼ਤ ਹੀ ਘੜੇਗਾ? ਅਕਾਲ ਤਖ਼ਤ ਦੇ ਕੇਸਰੀ ਪਰਚਮਾਂ ਨੂੰ ਅਜ਼ਾਦੀ ਦੇ ਜਸ਼ਨਾਂ ਅੰਦਰ ਸਲਾਮੀਆਂ ਦੇਣ ਬਾਰੇ ਕਦੇ ਸੋਚੋਗੇ? ਬੀਤੇ ਦੀਆਂ ਕੁਰਬਾਨੀਆਂ ਸ਼ਹਾਦਤਾਂ ਕੀ ਅਜਾਈਂ ਹੀ ਜਾਣਗੀਆਂ? ਅੱਜ ਸਾਨੂੰ ਦਿੱਲੀ ਸਰਕਾਰ ਦੇ ਇਸ਼ਾਰਿਆਂ 'ਤੇ ਚੱਲਣ ਵਾਲੇ ਅਕਾਲੀ ਨਹੀਂ ਚਾਹੀਦੇ। ਕੇਸਰੀ ਨਿਸ਼ਾਨ ਝੁਲਾਉਣ ਵਾਲੇ ਕਹਿਣੀ ਅਤੇ ਕਰਨੀ ਦੇ ਸੂਰੇ ਚਾਹੀਦੇ ਹਨ। ਅਸੀਂ ਇਕੀਵੀਂ ਸਦੀ ਅੰਦਰ ਦੁਨੀਆਂ ਦੀਆਂ ਮਾਰਸ਼ਲ ਕੌਮਾਂ ਅੰਦਰ ਆਪਣੀ ਵੱਖਰੀ ਪਹਿਚਾਣ ਆਪਣੇ ਨਿਆਰੇਪਣ ਆਪਣੇ ਵੱਖਰੇ ਕੇਸਰੀ ਨਿਸ਼ਾਨਾਂ ਨਾਲ ਰਾਜ ਕਰਨਾ ਅਤੇ ਰਹਿਣਾ ਹੈ। ਅਸੀਂ ਸਿਰਫ਼ ਲੋਕਾਂ ਜਾਂ ਦੁਨੀਆਂ ਦੇ ਸਿਰਾਂ ਉੱਪਰ ਰਾਜ ਕਰਨਾ ਨਹੀਂ ਚਾਹੁੰਦੇ, ਦਿਲਾਂ ਉੱਪਰ ਰਾਜ ਕਰਨਾ ਹੈ।

ਸਾਡੀ ਪੰਜਾਬ ਪੁਲਿਸ ਜਾਂ ਹਿੰਦੂ, ਮੁਸਲਮਾਨ ਜਾਂ ਕਿਸੇ ਧਰਮ ਨਾਲ ਕੋਈ ਦੁਸ਼ਮਣੀ ਨਹੀਂ ਹੈ। ਖ਼ਾਲਸਾ ਹਲੀਮੀ ਰਾਜ, ਖ਼ਾਲਸਤਾਨ) ਸਭ ਦੇ ਸਹਿਯੋਗ ਨਾਲ ਪ੍ਰਾਪਤ ਕਰਨਾ ਹੈ। ਸਭ ਤੋਂ ਸਹਿਯੋਗ ਲੋੜਦੇ ਹਾਂ ਪੰਜਾਬ ਪੁਲਿਸ, ਹਿੰਦੋਸਤਾਨ ਦੀ ਫੌਜ ਯਾਦ ਰੱਖੋ ਜੇਕਰ ਉਸ ਕੋਲ ਕੇ ਪੀ ਐੱਸ ਗਿੱਲ, ਅਜੀਤ ਸਿੰਘ ਸੰਧੂ, ਜਰਨਲ ਦਿਆਲ, ਜਰਨਲ ਕੁਲਦੀਪ ਬਰਾੜ ਵਰਗੇ ਗਦਾਰ ਹਨ ਤਾਂ ਖ਼ਾਲਸਾ ਪੰਥ ਕੋਲ ਧਰਮੀ ਫ਼ੌਜੀਆਂ ਜਰਨਲ ਸੁਬੇਗ ਸਿੰਘ, ਭਾਈ ਬਲਬੀਰ ਸਿੰਘ ਬੱਬਰ, ਸਿਪਾਹੀ ਬਸ਼ੀਰ ਮੁਹੰਮਦ ਬੱਬਰ, ਜਨਰਲ ਲਾਭ ਸਿੰਘ ਸੁੱਖਾ ਸਿਪਾਹੀ, ਭਾਈ ਪ੍ਰਗਟ ਸਿੰਘ, ਭਾਈ ਪਵਨ ਕੁਮਾਰ ਬੱਬਰ ਹੌਲਦਾਰ ਵਰਗੇ ਸੂਰਮਿਆਂ ਦੀ ਕੋਈ ਘਾਟ ਨਹੀਂ। ਅਸੀਂ ਉਹਨਾਂ ਸੂਰਮਿਆਂ ਦੇ ਕਰਜ਼ਾਈ ਹਾਂ, ਜਿਨ੍ਹਾਂ ਨੌਕਰੀਆਂ ਨੂੰ ਠੋਕਰ ਮਾਰ ਕੇ ਖ਼ਾਲਸਾ ਪੰਥ ਦੀ ਸੇਵਾ ਕੀਤੀ

ਦਿੱਲੀ ਤਖ਼ਤ ਅਤੇ ਉਸ ਦੇ ਅਧੀਨ ਜੋ ਰਾਜ ਹਨ ਯਾਦ ਰੱਖਣ ਖੰਡਾ ਜੁਗੋ ਜੁਗ ਅਟੱਲ ਹੈ ਜਿਤਨੀ ਦੇਰ ਖੰਡਾ ਚਲਦਾ ਰਹੇਗਾ ਖ਼ਾਲਸਾ ਪੈਦਾ ਹੁੰਦਾ ਰਹੇਗਾ ਖੰਡੇ ਦੀ ਧਾਰ ਵਿਚੋਂ ਉਪਜਿਆ ਖ਼ਾਲਸਾ ਜਿੱਥੇ ਆਤਮਿਕ ਜੀਵਨ ਵਾਲਾ ਹੈ, ਰੱਬ ਦੀ ਸੱਚ ਤੇ ਪਹਿਰਾ ਦੇਣ ਵਾਲਾ ਹੈ, ਉਸ ਦੇ ਸਿਰ ਦਾ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ ਖ਼ਾਲਸੇ ਨੇ ਸਿਰਫ਼ ਅਕਾਲ ਪੁਰਖ ਦੀ ਗ਼ੁਲਾਮੀ ਕਬੂਲੀ ਹੈ ਖ਼ਾਲਸੇ ਦੀ ਜ਼ਮੀਨ ਅਤੇ ਜ਼ਮੀਰ ਦਾ ਮਾਲਕ ਸਤਿਗੁਰੂ ਆਪ ਹੈ। ਖਾਲਸੇ ਨੇ ਪ੍ਰਭੂ ਦਰ 'ਤੋਂ ਮਲੇਸ਼ਗਰਦੀ, ਬੁਰਾਈ, ਦੁਸ਼ਟਤਾਈ ਦੀ ਮੂਲ ਉਪਾਰਨ ਲਈ ਹਮੇਸ਼ਾਂ ਅਰਜੋਈ ਕੀਤੀ ਹੈ। ਖ਼ਾਲਸਾ ਸ਼ੁਭ ਕਰਮਨ ਤੇ ਕਬਹੂੰ ਵੀ ਨਹੀਂ ਡਰਹਗਾ। ਖਾਲਸੇ ਦੀ ਜ਼ਾਤ ਅੰਦਰ ਪਰਮਾਤਮਾ ਦੀ ਜੋਤ ਹੈ।

ਖ਼ਾਲਸਤਾਨ ਦੀ ਪ੍ਰਾਪਤੀ ਹੀ ਸੰਸਾਰ ਦੇ ਵਿਗੜੇ ਮਨੁੱਖ ਹੱਥੋਂ ਸਚਿਆਰੇ ਮਨੁੱਖ ਦੀ ਅਜ਼ਾਦੀ ਹੈ।

<u>[illegible] ਸਿੰਘ ਖ਼ਾਲਸਾ</u>

ਮੌਜੂਦਾ ਸੰਘਰਸ਼ ਦੌਰਾਨ ਖਾੜਕੂ ਯੋਧਿਆਂ ਤੋਂ ਗਲਤੀਆਂ ਹੋ ਗਈਆਂ ਹੋਣਗੀਆਂ, ਅਸੀਂ ਮੰਨਦੇ ਹਾਂ, ਸਾਨੂੰ ਇਹਨਾਂ ਗਲਤੀਆਂ ਦਾ ਅਹਿਸਾਸ ਹੈ। ਪਰ ਅਸੀਂ ਪੂਰੀ ਜ਼ਿੰਮੇਵਾਰੀ ਤੇ ਦਾਅਵੇ ਨਾਲ ਕਹਿੰਦੇ ਹਾਂ, ਜ਼ਿਆਦਾਤਰ ਗਲਤੀਆਂ ਸੰਘਰਸ਼ ਨੂੰ ਫੇਲ ਕਰਨ ਲਈ ਸਰਕਾਰੀ ਖਾੜਕੂਆਂ (ਕੈਟਾਂ) ਦੀ ਸਾਡੀ ਲਹਿਰ ਅੰਦਰ ਘੁਸਪੈਠ ਕਾਰਨ ਹੋਈਆਂ। ਸਰਕਾਰੀ ਖਾੜਕੂਆਂ-ਮਲਸ਼ਗਾਰਦਾਂ ਨੇ ਸੰਘਰਸ਼ ਨੂੰ ਢਾਹ ਲਾਉਣ ਲਈ ਆਜ਼ਾਦੀ ਲਈ ਜੂਝ ਰਹੇ ਜੁਝਾਰੂਆਂ ਨੂੰ ਬਦਨਾਮ ਕਰਨ ਲਈ ਸਰਕਾਰ ਦੇ ਇਸ਼ਾਰਿਆਂ 'ਤੇ ਕਤਲ ਕੀਤੇ, ਧੀਆਂ ਭੈਣਾਂ ਦੀ ਪੱਤ ਰੋਲੀ, ਲੁੱਟਾਂ ਖੋਹਾਂ ਵਰਗੀਆਂ ਕੋਝੀਆਂ ਹਰਕਤਾਂ ਕੀਤੀਆਂ।

ਸੰਗਤ ਜੀਓ, ਜਿੰਨਾਂ ਸਰਕਾਰੀ ਖਾੜਕੂਆਂ ਵੱਲੋਂ ਕੀਤੀਆਂ ਕਾਰਵਾਈਆਂ ਦਾ ਸਕ ਅਸੀਂ ਭੁਗਤ ਹਾਂ। ਸਾਡੇ ਬਚਪਨੇ ਕਾਰਨ ਉਹ ਸਾਡੇ ਅੰਦਰ ਸ਼ਾਮਲ ਹੋਏ ਅਤੇ ਇਨ੍ਹਾਂ ਦਾ ਇਲਜ਼ਾਮ ਅਸੀਂ ਆਪਣੇ ਸੂਰਬੀਰ ਜਰਨੈਲਾਂ ਦੀਆਂ ਸ਼ਹਾਦਤਾਂ ਅਤੇ ਆਪਣੇ ਪਰਿਵਾਰਾਂ ਦੇ ਘਾਣਾਂ ਦੇ ਰੂਪ ਵਿੱਚ ਭੁਗਤੇ ਹਾਂ ਅਤੇ ਭੁਗਤ ਰਹੇ ਹਾਂ।

ਸੰਗਤ ਜੀਓ, ਜੰਗੇ ਅਜ਼ਾਦੀ ਅੰਦਰ ਅਸੀਂ ਮੰਨਦੇ ਹਾਂ ਅਸੀਂ ਜੰਗ ਦਾ ਪਹਿਲਾ ਪੜਾਅ ਹਾਰ ਹਾਂ ਪਰ ਹਾਰ ਨਹੀਂ ਮੰਨੀ ਹਾਰ ਮੰਨ ਲੈਣਾ ਹਾਰ ਹੈ। ਹਥਿਆਰਬੰਦ ਯੋਧਿਆਂ ਨੇ ਸ਼ਾਂਤਮਈ ਸ਼ਹਾਦਤ ਦਿੱਤੀ ਹੈ ਇਹ ਸਮਾਂ ਸਾਖੀ ਹੈ। ਜੁਝਾਰੂ ਪੰਜਾਬ ਦੇ ਪਧਰ ਜੰਗੀ ਇਲਾਕੇ ਅੰਦਰ ਛੁਪਣ ਲਈ ਨਿਹੱਥੇ ਇਕੱਲੇ ਇਕੱਲੇ ਲੋਕਾਂ ਅੰਦਰ ਵਿਚਰਦੇ ਸਨ। ਪੰਜਾਬ ਦੇ ਪਧਰੇ ਮੈਦਾਨੀ ਇਲਾਕੇ ਅੰਦਰ ਲੁਕਣ ਦੀ ਘਾਟ ਸੀ, ਇਸ ਕਾਰਨ ਉਹ ਨਵੀਨਤਮ ਯੁਗ ਅੰਦਰ ਛੋਟੀ ਸਰਕਾਰੀ ਖਾੜਕੂਆਂ ਦੀ ਪਹਿਚਾਣ ਅੰਦਰ ਆਉਂਦੇ ਰਹੇ। ਸੰਖੇੜ ਘਰਾਂ ਅੰਦਰ ਸ਼ਾਂਤਮਈ ਸ਼ਹੀਦੀਆਂ ਦਿੰਦੇ ਰਹੇ ਜਿੱਥੇ ਕਿਤੇ ਵੀ ਗੱਡੇ ਦੇ ਫੌਜੀਆਂ ਨਾਲ ਸਿੰਘਾਂ ਦੇ ਹੱਥ ਜੁੜੇ ਉਥੇ ਇਤਿਹਾਸ ਹੀ ਗਵਾਹ ਹੈ ਕਿਸ ਤਰ੍ਹਾਂ ਸੰਥਰ ਵਿਛੇ ਸਨ।

ਖਾਲਸਾ ਜੀ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਨੇ ਸ਼ਾਂਤਮਈ ਸ਼ਹਾਦਤ ਦਿੱਤੀ ਹੈ ਜ਼ਰਾ ਧਿਆਨ ਦੇਣਾ ਪੰਚਮ ਪਾਤਿਸ਼ਾਹ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਸ਼ਹੀਦੀ ਦਿੱਤੀ ਸੀ ਤਾਂ ਸ੍ਰੀ ਗੁਰੂ ਹਰਗੋਬਿੰਦ ਪਾਤਿਸ਼ਾਹ ਨੇ ਖੰਡਾ ਖੜਕਾ ਕੇ ਜਾਬਰਾਂ ਜ਼ੋਰਵਾਣਿਆਂ ਨੂੰ ਸਿੱਖਿਆ ਅਤੇ ਦਿੱਲੀ ਤਖਤ ਨੂੰ ਖ਼ਤਮ ਕਰਨ ਲਈ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਲਈ ਸ਼ਾਂਤਮਈ ਸ਼ਹਾਦਤ ਦਿੱਤੀ ਜੋ ਖੁਦ ਤੇਗ ਦੇ ਧਨੀ ਸਨ, ਤਾਂ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ , ਜ਼ੁਲਮ ਦੀ ਜੜ੍ਹ ਉਖਾੜਨ ਲਈ ਖ਼ਾਲਸਾ ਪੈਦਾ ਕਰ ਦਿੱਤਾ। ਇਹ ਖ਼ਾਲਸਾ ਹੀ ਕੌਮ ਹੈ। ਸਿੱਖ ਬਿਪਰਵਾਦੀ ਹਨ।

ਬਹਾਦਰ ਖਾਲਸਾ ਜੀ ਪੁਰਾਤਨ ਸਮੇਂ ਤੋਂ ਪੰਥ ਖਾਲਸਾ ਦੀ ਚੌਲੀ ਸ਼ਹਾਦਤਾਂ ਦੀ ਰੀਤ ਵਡਿਆਂ ਤੋਂ ਵਡੇ ਅਜੇ ਵੀ ਜਾਰੀ ਹੈ। ਦੁਨੀਆਂ ਦੇ ਇਤਿਹਾਸ ਵਿੱਚ ਇਕ ਖਾਲਸਾ ਕੌਮ ਹੀ ਇਕ ਅਜਿਹੀ ਕੌਮ ਹੈ ਜਿਸ ਦੇ ਰਹਿਬਰਾਂ ਨੇ ਗੁਰੂਆਂ ਨੇ ਪਹਿਲਾਂ ਆਪ ਸ਼ਹਾਦਤ ਦਿੱਤੀ। ਛੋਟੇ ਵੱਡੇ ਘੱਲੂਘਾਰਿਆਂ ਵਿੱਚੋਂ ਨਿਕਲ ਜੂਨ ਸੰਨ 1984 ਤੇ ਵਾਪਰੇ ਘੱਲੂਘਾਰੇ ਵਿੱਚ ਗੁਰੂ ਸਾਹਿਬ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪ ਖੁਦ ਸ਼ਹਾਦਤ ਦਿੱਤੀ ਹੈ। ਗੁਰੂ ਸਾਹਿਬ ਜੀ ਦੇ ਗੋਲੀਆਂ ਵੱਜੀਆਂ ਸਨ। ਅਗਨ ਭੇਟ ਹੋਏ ਹਨ। ਖਾਲਸਾ ਜੀ ਗੁਰੂ

ਸਾਹਿਬ ਜੀ ਦੀ ਸ਼ਹਾਦਤ ਦਾ ਇੰਤਕਾਮ ਕੀ ਹੋਵੇਗਾ'! ਸਿਰਫ, ਇਸ ਸੰਸਾਰ 'ਚ, ਗੁਰੂ ਸਾਹਿਬ ਜੀ ਦੇ 'ਬੇਗਮਪੁਰੇ' ਦਾ ਖ਼ਾਲਸ ਰਾਜ

ਵਰਤਮਾਨ ਸਮੇਂ ਵਿੱਚ ਖ਼ਾਲਸਾ ਕੌਮ ਦੀਆਂ ਸ਼ਹਾਦਤਾਂ ਦਾ ਸੁਰਖ ਲਹੂ ਕੌਮ ਦੇ ਘਰ ਘਰ ਵਹਿ ਤੁਰਿਆ ਸੀ ਰੱਜ ਕੇ ਰੋਟੀਆਂ ਸੇਕੀਆਂ ਮਤਲਬ ਪ੍ਰਸਤ ਲੀਡਰਾਂ ਨੇ। ਰੱਜ ਕੇ ਲੁੱਟਿਆ ਸ਼ਹੀਦਾਂ ਦੇ ਪਰਿਵਾਰਾਂ ਨੂੰ, ਸ਼ਹੀਦਾਂ ਦੇ ਨਾਮ ਨੂੰ। ਜ਼ਾਲਮਾਂ ਨੇ ਤਾਂ ਕੌਮ ਨੂੰ ਲੁੱਟਣਾ ਹੀ ਸੀ ਲੀਡਰਾਂ ਨੇ ਵੀ ਆਪਣੀਆਂ ਮਨਮਾਨੀਆਂ ਕੀਤੀਆਂ ਰੱਜ ਕੇ ਕੁਟਾਪ ਚੜਵਾਏ ਅਣਖਾਂ ਗੈਰਤ ਦੇ ਘਰਾਂ ਨੂੰ। ਕੌਮ ਦੀਆਂ ਇਤਨੀਆਂ ਕੁਰਬਾਨੀਆਂ ਦਾ ਕੋਈ ਲੇਖਾ ਜੋਖਾ ਨਹੀਂ ਹੋਇਆ?

ਕੌਮ ਦੀ ਆਜ਼ਾਦੀ ਲਈ ਸੰਤਾਪ ਅਤੇ ਸ਼ਹਾਦਤਾਂ ਦੀ ਤੜਫ ਵਿਚੋਂ ਉਸਰੇ ਗੁਰੂ ਵਰਸੋਏ ਖ਼ਾਲਸੇ ਨੇ ਸ਼ਹਾਦਤਾਂ ਦੇ ਵੈਰਾਗਮਈ ਮਿਹਣੇ ਨੂੰ ਕਬੂਲਿਆ। ਪੁਰਾਤਨ ਖ਼ਾਲਸ ਦੇ ਆਦਰਸ਼ ਤੇ ਤੁਰਦਿਆਂ ਹੱਦ ਵਿੱਚ ਆਇਆ ਬੱਬਰ ਖ਼ਾਲਸਾ ਅੱਜ ਵੀ ਅਜ਼ਾਦੀ ਦੀ ਤੜਫ ਵਿੱਚ ਤੜਫ ਰਿਹਾ ਹੈ।

ਇਹ ਕਾਰਜ ਜਿੰਨਾ ਕਾਗਜ਼ 'ਤੇ ਲਿਖਣਾ ਸੌਖਾ ਸੀ, ਉਸ ਤੋਂ ਕਈ ਗੁਣਾ ਔਖਾ ਨਾਲ ਭਰਿਆ ਪਿਆ ਸੀ। ਜਦੋਂ ਸ਼ਹੀਦ ਪਰਿਵਾਰਾਂ ਨੂੰ ਮਿਲਣ ਉਨ੍ਹਾਂ ਦੇ ਘਰੀਂ ਗਏ। ਸ਼ਹੀਦ ਸਿੰਘਾਂ ਬਾਰੇ ਜਾਣਕਾਰੀ ਮੰਗੀ ਤਾਂ ਸ਼ਹੀਦ ਪਰਿਵਾਰਾਂ ਦੀ ਤਰਾਸਦੀ ਦਾ ਇਕ ਵੱਡਾ ਉਲਾਂਭਾ ਇਕ ਚਪੇੜ ਦੇ ਰੂਪ ਵਿੱਚ ਤਕਰੀਬਨ ਹਰ ਘਰੋਂ ਮੂੰਹ ਉੱਪਰ ਵੱਜਿਆ। ਵੇ ਰਾਹੀ ਕੌਣ ਹੋ ਕਿਵੇਂ ਸਾਡੇ ਘਰੀਂ ਆ ਗਏ ਹੋ? ਸਾਡੇ ਘਰੀਂ ਤਾਂ ਕਦ ਕੋਈ ਵੜਿਆ ਹੀ ਨਹੀਂ? ਕਈ ਪਰਿਵਾਰਾਂ ਨੇ ਕਿਹਾ ਸਾਡੇ ਤਾਂ ਰਿਸ਼ਤੇਦਾਰ ਵੀ ਛੱਡ ਗਏ ਸਨ ਤੁਸੀਂ ਕਿਵੇਂ ਹੀਆ ਕੀਤਾ ਹੈ? ਕਈ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਨਹੀਂ ਮਿਲੀਆਂ ਕਈ ਪਰਿਵਾਰਾਂ ਨੇ ਆਪਣੇ ਮਾਇਆਂ ਪੁੱਤਰਾਂ ਦੇ ਭੋਗ ਵੀ ਨਹੀਂ ਪਾਏ। ਕਈ ਸ਼ਹੀਦ ਸਿੰਘਾਂ ਦਾ ਆਪਣੇ ਪਿੰਡਾਂ ਵਿਚੋਂ ਵਜੂਦ ਹੀ ਖ਼ਤਮ ਹੋ ਚੁੱਕਾ ਹੈ। ਕਈ ਪਰਿਵਾਰਾਂ ਨੇ ਆਪਣੇ ਸ਼ਹੀਦ ਸਿੰਘਾਂ ਦੀਆਂ ਆਖ਼ਰੀ ਨਿਸ਼ਾਨੀਆਂ ਦੂਰ ਜਾਣ ਪਹਿਚਾਣ ਵਿੱਚ ਲੁਕੋ ਕੇ ਰੱਖੀਆਂ ਸਨ ਕਈ ਵਿਰਲੇ ਪਰਿਵਾਰਾਂ ਨੇ ਆਪਣੇ ਸ਼ਹੀਦ ਸਿੰਘਾਂ ਦੀਆਂ ਵੱਡੀਆਂ ਤਸਵੀਰਾਂ ਬਣਵਾ ਕੇ ਘਰਾਂ ਵਿੱਚ ਟੰਗੀਆਂ ਹਨ। ਕਈ ਪਰਿਵਾਰ ਭੁੱਬੀਂ ਰੋਂਦੇ ਮਿਲੇ। ਤਕਰੀਬਨ ਹਰ ਪਰਿਵਾਰ ਦਾ ਇਹ ਗਿਲਾ ਸੀ ਕਿ ਪਹਿਲਾਂ ਅਕਾਲੀਆਂ ਨੇ ਆਪਣੇ ਜਾਤੀ ਲਾਭਾਂ ਨੂੰ ਮੁਖ ਰੱਖ ਕੇ ਨੌਜਵਾਨਾਂ ਨੂੰ ਜਜ਼ਬਾਤੀ ਕੀਤਾ, ਹਥਿਆਰ ਚੁਕਵਾਏ ਮੁੜ ਕੇ ਘਰਾਂ ਦੀ ਉਹਨਾਂ ਨੌਜਵਾਨਾਂ ਦੀ ਕਿਸੇ ਸਾਰ ਨਹੀਂ ਲਈ ਅਕਾਲੀ ਮੁਖ ਮੰਤਰੀ ਬਾਦਲ ਨੂੰ ਕਈ ਬਿਰਧ ਗੁੱਸੇ ਵਿੱਚ ਗਾਲ੍ਹਾਂ ਵੀ ਕੱਢਣ ਲੱਗ ਜਾਂਦੇ ਸਨ। ਉਸ ਨੇ ਪਹਿਲਾਂ ਬਿਆਸ ਦੇ ਕੰਢੇ ਜੰਗੀਆਂ ਤੋਂ ਬੈਰਕਾਂ ਫੂਕਵਾਈਆਂ, ਮੁੰਡਿਆਂ ਤੋਂ ਘਰ ਫੂਕਵਾਏ ਆਪਣਾ ਸੁਖਬੀਰ ਬਾਦਲ ਬਾਹਰ ਪੜ੍ਹਨ ਭੇਜ ਦਿੱਤਾ। ਮੁੜ ਕੇ ਰਾਜ ਸਭਾ ਦਾ ਮੈਂਬਰ ਬਣਵਾ ਕੇ ਮੰਤਰੀ ਬਣਵਾ ਦਿੱਤਾ ਲੋਕਾਂ ਦਾ ਸਭ ਕਝ ਬਰਬਾਦ ਕਰਵਾ ਕੇ ਲੁੱਟ ਕੇ ਆਪਣੀਆਂ ਜਾਇਦਾਦਾਂ ਬਣਾ ਲਈਆਂ। ਕੌਮ ਨੂੰ ਅਜ਼ਾਦ ਕਰਵਾਉਂਦੇ ਨੇ, ਗੁਲਾਮੀ ਦੀਆਂ ਬੇੜੀਆਂ ਹੋਰ ਕਸਵਾ ਦਿੱਤੀਆਂ। ਕੌਮ ਦੇ ਅਜ਼ਾਦੀ ਸੰਘਰਸ਼ ਨੂੰ ਠੇਕੇਦਾਰਾਂ ਸਾਧਾਂ ਦੇ ਮੂੰਹ ਰੱਖ ਦਿੱਤਾ।

ਰਣਧੀਰ ਸਿੰਘ ਖ਼ਾਲਸਾ

ਸ਼ਹੀਦ ਪਰਿਵਾਰਾਂ ਦੇ ਬੱਚਿਆਂ ਨੂੰ ਸਾਂਭਣ ਵਾਲੇ ਟਰੱਸਟਾਂ ਵਿਚੋਂ ਇਹ ਪ੍ਰਭਾਵ ਮਿਲਿਆ ਕਿ ਉਥੇ ਜ਼ਿਆਦਾਤਰ ਪਰਿਵਾਰ ਅਤੇ ਬੱਚੇ ਗੁਰਬਤ ਦੇ ਅਨਾਥ ਕੀਤੇ ਇਧਰੋਂ ਉਧਰੋਂ ਇਕੱਠੇ ਹੋਏ ਹਨ। ਕਝ ਸੰਘਰਸ਼ ਦੀ ਭੱਟ ਚੜ੍ਹੇ ਪਰਿਵਾਰ ਦੂਸਰਿਆਂ ਨੂੰ ਵੀ ਸਹਾਰਾ ਦੇਈ ਬੈਠੇ ਹਨ। ਜਦ ਕਿ ਕਈ ਪਰਿਵਾਰਾਂ ਦੇ ਬੱਚੇ ਘਰਾਂ ਵਿਚ ਅਨਪੜ੍ਹਾਂ ਜਿਹੀ ਹਾਲਤ ਵਿੱਚ ਦਾਖ਼ਲਿਆਂ ਤੋਂ ਵਾਂਝੇ ਬੈਠੇ ਹਨ। ਕਈ ਸ਼ਹੀਦ ਸਿੰਘਾਂ ਦੇ ਮਾਤਾ ਪਿਤਾ ਰੋਜ਼ੀ ਰੋਟੀ ਲਈ ਮਜ਼ਦੂਰੀ ਕਰ ਰਹੇ ਹਨ।

ਪੰਜਾਬ ਦਾ ਸ਼ਾਇਦ ਹੀ ਕੋਈ ਘਰ ਬਚਿਆ ਹੋਵੇ ਜਿਥੇ ਸਰਕਾਰੀ ਦਹਿਸ਼ਤ ਨੇ ਆਪਣੀ ਪਹਿਚਾਣ ਦੀ ਇਕ ਦਰਿੰਦਗੀ ਦੀ ਨੰਗੀ ਖੇਡ ਨਾ ਖੇਡੀ ਹੋਵੇ। ਵਿਲਕਦੇ ਸਥਰਾਂ ਦੀਆਂ ਕਹਾਣੀਆਂ ਚਾਹੇ ਬਹੁਤ ਪੁਰਾਣੀਆਂ ਹੋ ਚੁੱਕੀਆਂ ਹਨ ਪਰ ਜਦੋਂ ਵੀ ਕੋਈ ਗੱਲ ਛੇੜ ਲੈਂਦਾ ਹੈ ਬੀਤੇ ਦਰਦਾਂ ਦਾ ਫੱਟਿਆਂ ਦਾ ਸੁੱਕਿਆ ਹੋਇਆ ਲਹੂ ਫਿਰ ਵੱਗ ਤੁਰਦਾ ਹੈ।

ਜਦੋਂ ਸ਼ਹੀਦ ਸਿੰਘਾਂ ਦੇ ਘਰੀਂ ਗਏ, ਲੋਕ ਠਠੰਬਰੀਆਂ ਅੱਖਾਂ ਪਾੜ ਪਾੜ ਕੇ ਝਾਕਦੇ ਕੁੱਬੇ ਹੋਏ ਧੌਲੇ ਬੁਢਾਪਿਆਂ ਦੇ ਧਾਹੀਂ ਪੈਂਦੇ ਵੈਣ ਪਾਟੇ ਚਿੱਟੇ ਸਾਲੂਆਂ ਵਿਚੋਂ ਗਲੇਡੂਆਂ ਸੰਘ ਭਰੇ ਮਿਲਦੇ। ਕਈ ਸ਼ਹੀਦਾਂ ਦੇ ਪਰਿਵਾਰਾਂ ਦੇ ਬੱਚੇ ਕਾਫ਼ੀ ਵੱਡੇ ਹੋ ਚੁੱਕੇ ਹਨ। ਕੋਈ ਫ਼ੀਸਾਂ ਲਈ ਤਰਸ ਰਿਹਾ ਹੈ। ਬੱਚੀਆਂ ਵਿਆਹੁਣ ਯੋਗ ਹਨ ਪਰ ਘਰ ਦੀਆਂ ਤੰਗੀਆਂ ਕਰਕੇ ਕੌੜਿਆਂ ਵਿਹੜਿਆਂ ਵਿੱਚ ਬੈਠੀਆਂ ਹਨ। ਕਈ ਤਾਂ ਸਾਡੇ ਨਾਲ ਕੋਈ ਗੱਲ ਨਹੀਂ ਕਰਦੇ ਸਨ। ਜਦੋਂ ਅਸੀਂ ਦੱਸਿਆ ਕਿ ਅਸੀਂ ਤਾਂ ਸੇਵਾ ਭਾਵ ਨਾਲ ਪੰਥਕ ਕਾਰਜ ਨਾਲ ਸੰਬੰਧਤ ਹਾਂ ਫਿਰ ਹੌਲੀ ਹੌਲੀ ਪਰਿਵਾਰ ਸਾਡੇ ਨਾਲ ਗੱਲਾਂ ਕਰਨ ਲੱਗਦੇ ਸਨ। ਘਰਾਂ ਦੀਆਂ ਦਰਦ ਕਹਾਣੀਆਂ ਸ਼ਰੇਆਮ ਹੀ ਪੁਲਿਸ ਵੱਲੋਂ ਕੀਤੇ ਅੱਤਿਆਚਾਰਾਂ ਦਾ ਹਾਲ ਸੁਣਾ ਰਹੀਆਂ ਸਨ। ਜਿੱਥੋਂ ਹਿੰਦੋਸਤਾਨ ਦੀ ਲੋਕਤੰਤਰੀ ਧਰਮ ਨਿਰਪੱਖਤਾ ਦਾ ਅਸਲੀ ਚਿਹਰਾ ਅੱਜ ਵੀ ਦਿਖ ਰਿਹਾ ਹੈ।

ਸਰਕਾਰ ਦੇ ਬਣਾਏ ਹੋਏ ਸਾਰੇ ਸੰਵਿਧਾਨ ਕਾਨੂੰਨ ਸਿਰਫ਼ ਗ਼ੁਲਾਮੀ ਦੀ ਹੀ ਰਾਖੀ ਕਰਦੇ ਹਨ ਲੋਕ ਗ਼ੁਲਾਮੀ ਦੀ ਬੇਗੈਰਤੀ ਨਾਲ ਐਸ਼ ਕਰਨਾ ਸਿੱਖ ਗਏ ਹਨ ਲੋਕ ਇਸ ਤਰ੍ਹਾਂ ਦੇ ਹੋ ਗਏ ਹਨ ਕਿ ਉਹ ਰੱਬ ਦੀ ਹੁਕਮੀ ਖੇਡ ਨੂੰ, ਇਨਸਾਨੀ ਕਦਰਾਂ ਕੀਮਤਾਂ ਨੂੰ ਸ਼ਰੇਆਮ ਛੱਡ ਹਰ ਗੰਦੀ ਸਿਆਸਤ ਵਰਤ ਲੈਣਗੇ ਪਰ ਜਬਰ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾਉਣਗੇ।

ਮੈਂ ਜਦੋਂ ਤਿਹਾੜ ਜੇਲ੍ਹ ਦਿੱਲੀ ਤੋਂ ਰਿਹਾ ਹੋ ਕੇ ਆਇਆ ਸੀ ਤਾਂ ਇਹ ਸੰਕਲਪ ਵੀ ਨਾਲ ਲੈ ਕੇ ਆਇਆ ਸੀ। ਇਹ ਸੰਕਲਪ, ਜੋ ਮੈਂ ਸੰਨ 1978 ਤੋਂ ਅੱਜ ਤੱਕ ਆਪਣੇ ਅੰਦਰ ਸੰਭਾਲਿਆ ਹੋਇਆ ਸੀ, ਮੈਂ ਸੰਗਤ ਦੀ ਝੋਲੀ ਵਿੱਚ ਜ਼ਰੂਰ ਰੱਖਾਂਗਾ। ਜੇਲ੍ਹਾਂ ਵਿੱਚ ਨਜ਼ਰਬੰਦਾਂ ਦੇ ਦੁਖ, ਸਰਕਾਰੀ ਜ਼ੁਲਮ ਦੇ ਸ਼ਿਕਾਰ ਪਰਿਵਾਰਾਂ ਦੀ ਦਾਸਤਾਂ, ਪੁਲਿਸ ਦੇ ਬੁੱਚੜ ਘਰਾਂ ਅੰਦਰ ਕੋਹ ਕੋਹ ਕੇ ਸ਼ਹੀਦ ਕੀਤੇ ਅਣਖੀਲੇ ਯੋਧਿਆਂ ਨੂੰ ਜ਼ਰੂਰ ਖ਼ਾਲਸਾ ਪੰਥ ਦੀ ਕਚਹਿਰੀ ਵਿੱਚ ਪੇਸ਼ ਕਰਾਂਗਾ ਤਾਂ ਕਿ ਭਵਿੱਖ ਲਈ, ਭਵਿੱਖ ਦੇ ਵਾਰਸਾਂ ਲਈ, ਭਵਿੱਖ ਦੀ ਬਣਤਰ ਲਈ, ਭਵਿੱਖ ਦੀ ਕਲਿਆਣਕਾਰੀ ਸਿਰਜਣਾ ਲਈ ਬਿਖੜੇ ਪੈਂਡਿਆਂ

ਮੁੜ ਕੋਈ ਪੈਂਡਾ ਨਿਕਲ ਸਕੇ ਤਾਂ ਕਿ ਇਹ ਪੈਂਡ ਕੁਰਾਹੇ ਨਾ ਜਾਣ, ਤਾਂ, ਕਿ ਮੁੜ ਕੋਈ ਮਾਂ ਆਪਣੇ ਬਬੀਰ ਮੁਹੰਮਦਾ ਬੱਬਰ ਦੇ ਕਾਤਲਾਂ ਲਈ ਝੋਲੀ ਨਾ ਅੱਡੇ। ਮੁੜ ਕੋਈ ਬੱਬਰ ਧੀਆਂ ਦੀ ਬਬ ਜੇਠ ਬਾਣ ਵਿੱਚ ਨੰਗੇ ਸਿਰ ਨਾ ਬੈਠੇ ਮੁੜ ਕੋਈ ਮਮਤਾ ਬੱਬਰ ਸਰਵਾਲੇ ਦੇ ਖੇਤਾਂ ਨੂੰ ਨਾ ਭੁੱਜੇ।

"ਕਿਤੇ ਮੇਰਾ ਗੁਰਪ੍ਰੀਤ ਹੀ ਨਾ ਉਥ ਹਵੇ।"

ਮੁੜ ਕੋਈ ਬਾਪੂ "ਮੇਰਾ ਬੱਲੀ ਬੱਬਰ, ਬੱਲੀ ਬੱਬਰ" ਕਹਿੰਦਾ ਸੜਕਾਂ ਤੇ ਲਾ ਵਾਰਸ ਨਾ ਮਿਲੇ।

ਮੁੜ ਕੋਈ ਬੱਬਰ ਮਟਾਣ ਦਾ ਪਰਿਵਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਰੱਖਦਾ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਨਾ ਬਣੇ।

ਮੁੜ ਕੋਈ ਬੱਬਰ ਕੋਸ਼ੀਅਰ ਜੇਲ੍ਹ ਵਿਚੋਂ ਕੱਢ ਕੇ ਹਰੀਕੇ ਪੱਤਣ ਦੀ ਭੇਟ ਨਾ ਚੜ੍ਹੇ। ਮੁੜ ਕੋਈ ਬੱਬਰ ਜੁਗਰਾਜ ਸਿੰਘ ਸਮਾਲਸਰ ਦੀ ਮਾਂ ਸ਼ਮਸ਼ਾਨੀਆਂ 'ਚ ਪੁੱਤ ਦੀ ਰਾਖ ਨਾ ਉਡੀਕੇ

ਮੁੜ ਬੱਬਰ ਗੜ੍ਹੀਪੁਰ, ਬੱਬਰ ਦਾਨ ਸਿੰਘ ਵਾਲਾ, ਬੱਬਰ ਧਾਰਾ, ਬਰਨਾਲਾ, ਚੱਕ ਮਦਰੱਸਾ, ਰੁਪਾਣਾ ਦੀਆਂ ਮਾਸੂਮ ਬੱਚੀਆਂ ਆਪਣੀਆਂ ਦਾਦੀਆਂ ਦੀਆਂ ਬੁੱਕਲਾਂ ਵਿਚ ਨਾ ਵਿਲਕਣ, "ਅੰਕਲ ਪਤੂਨ ਨੂੰ ਦਿਲ ਤਾਂ ਕਰਦਾ ਹੈ ਪਰ ?" ਮੁੜ ਕੋਈ ਗੁਰਮੀਤ ਸਿੰਘ ਬੱਬਰ ਦਾ ਪਿਤਾ ਫਿਰ ਆਪਣੇ ਪੁੱਤ ਦੀ ਭਾਲ 'ਚ ਉਨੀਂਦਰੇ ਹੀ ਨਾ ਉਠ ਤੁਰੇ ਮੁੜ ਕੋਈ ਬੱਬਰ ਵਕੀਲ ਭਾਈ ਸੁਖਵਿੰਦਰ ਸਿੰਘ ਭੱਟੀ ਬੱਬਰਾਂ ਦੀ ਤਰ੍ਹਾਂ ਭਾਈ ਮਾਧਾ ਸਿੰਘ ਬੱਬਰ ਲਈ ਕਚਹਿਰੀ 'ਚ ਪੇਸ਼ ਹੁੰਦਿਆਂ ਘਰ ਨੂੰ ਨਾ ਪਰਤੇ। ਮੁੜ ਕੋਈ ਮਾਧਾ ਸਿੰਘ ਨਾਸਿਕ ਤੇ ਸੰਗਰੂਰ ਦੇ ਤਫਤੀਸ਼ੀ ਸੈਂਟਰਾਂ ਦੇ ਬਿਖੜੇ ਪੈਂਡਿਆਂ ਰਾਹੀਂ ਸਿਵਿਆਂ 'ਚ ਨਾ ਪਹੁੰਚੇ

ਬੱਬਰਾਂ ਨੇ ਗੁਰੂ ਆਸ਼ੇ ਨੂੰ ਮੁਖ ਰੱਖ ਕੇ ਆਜ਼ਾਦੀ ਦੀ ਜੰਗ ਲੜੀ ਹੈ। ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਉਨ੍ਹਾਂ ਬੋਲਾਂ ਨੂੰ ਸਾਰਥਕ ਮੰਨਦੇ ਸਨ ਕਿ 'ਨਿਆਂ ਪੂਰਵਕ ਰਾਜ, ਕਾਜ ਵਿਚ ਅਸੀਂ ਕੋਈ ਅੜਿੱਕਾ ਨਹੀਂ ਚਾਹੁੰਦਾ, ਪਰ ਸਾਡੇ ਧਾਰਮਕ ਸੰਸਕਾਰਾਂ ਨੂੰ ਮਟਣ ਵਾਲੇ ਜ਼ਾਲਮ ਰਾਜ ਦੀਆਂ, ਸਤਿਗੁਰ ਅਕਾਲ ਪੁਰਖ ਦੇ ਆਸਰੇ ਅਸੀਂ ਜੜ੍ਹਾਂ ਹਿਲਾ ਦੇਣੀਆਂ ਹਨ।'

ਬੱਬਰਾਂ ਨੇ ਪੁਰਾਤਨ ਬੱਬਰ ਅਕਾਲੀਆਂ ਦੀਆਂ ਲੀਹਾਂ 'ਤੇ ਚੱਲਦਿਆਂ ਆਪਣੇ ਗੁਰੀਲਾ ਯੁੱਧ ਨੂੰ ਤੋਰਿਆ, ਜੋ ਵੀ ਐਕਸ਼ਨ ਕਰਦੇ ਸਨ, ਉਸ ਥਾਂ 'ਤੇ ਉਸ ਦੀ ਜ਼ਿੰਮੇਵਾਰੀ ਕਬੂਲਦਿਆਂ ਉਥੇ ਚਿੱਠੀ ਰੱਖੀ ਜਾਂਦੀ ਸੀ। ਬੱਬਰਾਂ ਨੇ ਮਹਾਨ ਇਤਿਹਾਸਕ ਨਾਵਲ 'ਗਲੀ ਚਲਦੀ ਗਈ' ਜੋ ਗਿਆਨੀ ਤੁਲਕ ਸਿੰਘ ਨੇ ਲਿਖਿਆ ਸੀ ਤੋਂ ਕਾਫੀ ਪ੍ਰੇਰਨਾ ਲਈ।

ਜਿਨ੍ਹਾਂ ਨੇ ਮੈਨੂੰ ਇਹ ਦੁਖਾਂਤ ਸੰਗਤ ਨਾਲ ਸਾਂਝਾ ਕਰਨ ਲਈ ਪ੍ਰੇਰਿਆ, ਉਹਨਾ ਸਭਨਾਂ ਦਾ ਅਤੀ ਹੀ ਧੰਨਵਾਦੀ ਹਾਂ। ਖਾਸ ਕਰਕੇ ਅਦਾਰਾ 'ਦੇਸ ਪੰਜਾਬ' ਅਤੇ ਸਰਦਾਰ ਗੁਰਬਚਨ ਸਿੰਘ 'ਦੇਸ ਪੰਜਾਬ' ਦਾ, ਜਿਨ੍ਹਾਂ ਮੈਨੂੰ ਹੋਰ ਹੌਸਲਾ ਦਿੱਤਾ। ਮੈਂ ਭਾਈ ਰਾਮ

ਸਿੰਘ ਕਰੰਡੀ, ਵੀਰ ਰਜਿੰਦਰ ਸਿੰਘ ਕੋਟਲਾ ਦਾ ਵੀ ਧੰਨਵਾਦੀ ਹਾਂ। ਭਾਈ ਰਾਮ ਸਿੰਘ ਕਰੰਡੀ ਨੇ ਮਾਨਸਾ ਹਲਕੇ 'ਚੋਂ ਸ਼ਹੀਦ ਪਰਿਵਾਰਾਂ ਦੇ ਦੁੱਖ ਸਾਂਝੇ ਕਰਨ ਵਿਚ ਬਹੁਤ ਹੀ ਸਹਿਯੋਗ ਦਿੱਤਾ। ਮੈਂ ਖ਼ਾਲਸਾ ਜਾਗ੍ਰਿਤੀ ਲਹਿਰ ਅਮਰੀਕਾ ਦੇ ਵੀਰ ਹਰਮਿੰਦਰ ਸਿੰਘ ਜੀ ਦਾ ਅਤੀ ਧੰਨਵਾਦੀ ਹਾਂ।

ਮੈਂ ਅਮਰਦੀਪ ਸਿੰਘ ਅਮਰ ਅਤੇ ਭਾਈ ਜਗਦੀਪ ਸਿੰਘ ਫਰੀਦਕੋਟ, ਭਾਈ ਹਰਦੀਪ ਸਿੰਘ ਅੰਮ੍ਰਿਤਸਰ ਦਾ ਵੀ ਧੰਨਵਾਦੀ ਹਾਂ।

ਭਾਈ ਕੁਲਦੀਪ ਸਿੰਘ ਜਰਮਨੀ, ਭਾਈ ਰਣਜੀਤ ਸਿੰਘ ਫਰਾਂਸ, ਭਾਈ ਮਨਜੀਤ ਸਿੰਘ ਇੰਗਲੈਂਡ ਦਾ ਧਨਵਾਦੀ ਹਾਂ, ਜਿਨ੍ਹਾਂ ਮੈਨੂੰ ਹੌਸਲਾ ਦੇਈ ਰੱਖਿਆ। ਭਾਈ ਦਿਆ ਸਿੰਘ ਲਾਹੌਰੀਆ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਵੀਰ ਮਨਜਿੰਦਰ ਸਿੰਘ ਈਸੀ, ਕੁਲਵਿੰਦਰਜੀਤ ਸਿੰਘ ਖਾਨਪੁਰ ਦਾ ਵੀ ਧੰਨਵਾਦੀ ਹਾਂ। ਗੁਰਸਿੱਖ ਸੰਸਥਾ ਦਾ ਅਤੀ ਧੰਨਵਾਦੀ ਹਾਂ, ਜਿਸ ਨੇ ਇਹ ਵੱਡਮੁੱਲਾ ਕਾਰਜ ਸੰਪੂਰਨ ਕਰਵਾਇਆ। ਮੈਂ ਆਪਣੇ ਅਜ਼ੀਜ਼ ਦੋਸਤ ਰੰਗੂ ਦਾ ਵੀ ਧਨਵਾਦੀ ਹਾਂ, ਜੋ ਮੇਰਾ ਪੁਰਾਣਾ ਸਰੋਤ ਬਣਿਆ ਰਿਹਾ। ਮੈਂ ਕਈ ਵਾਰ ਅੱਖੀਂ ਡਿੱਠੀਆਂ ਸ਼ਹਾਦਤਾਂ ਨੂੰ ਅੱਖੋਂ ਪਰਖ ਕਰਨ ਦਾ ਯਤਨ ਕੀਤਾ, ਪਰ ਹੋ ਨਾ ਸਕੀਆਂ, ਕਿਵੇਂ ਭੁੱਲਾਂ ਉਹ ਗੱਲਾਂ?

ਭਾਈ ਬਲਜਿੰਦਰ ਸਿੰਘ ਬੱਬਰ ਚਿਬੜਾ ਵਾਲੀ ਨੂੰ, ਜੋ ਫਰੀਦਕੋਟ ਪੁਲਿਸ ਸਟਾਫ਼ ਵਿਚ ਕਹਿ ਕਹਿ ਕੇ ਸੌਂ ਗਿਆ ਪਿਆ, ਕਹਿੰਦਾ, ਹੈ ,

ਸਿੰਘਾਂ, ਪਾਣੀ ਤਾਂ ਰਹਿਣ ਦੇ, ਮੇਰੀ ਕੇਸਕੀ ਕੰਘਾ ਮੇਰੇ ਸਿਰ 'ਤੇ ਰੱਖ ਦੇ।

ਭਾਈ ਜਸਵਿੰਦਰ ਸਿੰਘ ਬੱਬਰ ਹੈਪੀ ਦੀ ਨਹਿਰ ਦੇ ਪੁਲ 'ਤੇ ਗੋਲੀਆਂ ਨਾਲ ਪਰੁੰਨੀ ਲਾਸ਼, ਕਿਵੇਂ ਭੁੱਲਾਂ?

ਕਿਵੇਂ ਭੁੱਲਾਂ ਭਾਈ ਸੁਖਰਾਮ ਸਿੰਘ ਬੱਬਰ ਨੂੰ ਜੋ ਰੀੜ੍ਹ ਦੀ ਹੱਡੀ ਤੋਂ ਟੁੱਟਿਆ ਹੋਇਆ ਲਟਕ ਰਿਹਾ ਸੀ?

ਇਨ੍ਹਾਂ ਸਭ ਦਰਦ ਕਹਾਣੀਆਂ ਨੂੰ ਇਕੱਠੀਆਂ ਕਰਕੇ, ਸੰਗਤ ਦੀ ਝੋਲੀ 'ਚ ਰੱਖਣ ਦੇ ਯਤਨ ਵਿਚ ਹਾਂ। ਗੁਰੂ ਨੇ ਬਲ ਬਖਸ਼ਣਾ ਹੈ, ਸੰਗਤ ਨੇ ਸਹਿਯੋਗ ਦੇਣਾ ਹੈ। ਵੇਰਵੇ ਇਕੱਠੇ ਕਰਨ ਲਈ ਪੁਰਾਣੇ ਅਖ਼ਬਾਰ, ਮੈਗਜ਼ੀਨ ਫਰੋਲ ਕੇ ਦੇਖੇ। ਜਥੇਬੰਦੀਆਂ ਵੱਲੋਂ ਕੀਤੀਆਂ ਮੀਟਿੰਗਾਂ ਅਖ਼ਬਾਰਾਂ ਵਿਚ ਪੜ੍ਹੀਆਂ ਪਰ ਦੁੱਖ ਵਾਲੀ ਗੱਲ ਇਹ ਹੈ ਕਿ ਅੱਜ ਸਾਰੀਆਂ ਜਥੇਬੰਦੀਆਂ ਗਾਇਬ ਹਨ, ਕਿਸੇ ਨੂੰ ਵੀ ਇਹ ਪਤਾ ਨਹੀਂ ਕਿ ਕਿਸ ਜਥੇਬੰਦੀ ਦੇ ਕਿੰਨੇ ਸਿੰਘ ਸਨ, ਉਹ ਕਿੱਥੇ ਮਰੇ ਹਨ, ਕਿਵੇਂ ਮਰੇ ਹਨ, ਕਿਸ ਨੇ ਮਾਰੇ ਹਨ, ਕੋਈ ਲੇਖਾ ਜੋਖਾ ਨਹੀਂ ਕਿਸੇ ਦਾ। ਉਹਨਾਂ ਦੇ ਪਰਿਵਾਰਾਂ ਨਾਲ ਕੀ ਬੀਤੀ। ਬਰਸਾਤੀ ਡੱਡੂਆਂ ਦੀ ਤਰ੍ਹਾਂ ਬਣੀਆਂ ਇਹ ਖਾੜਕੂ ਜਥੇਬੰਦੀਆਂ ਪੰਜਾਬ ਦਾ ਘਾਣ ਕਰਵਾ ਕੇ, ਬਿਨਾਂ ਕਿਸੇ ਪ੍ਰਾਪਤੀ ਤੋਂ ਪਤਾ ਨਹੀਂ ਕਿਧਰ ਅਲੋਪ ਹੋ ਗਈਆਂ। ਦਰਬਾਰ ਸਾਹਿਬ ਜੀ ਉਪਰ ਹੋਏ ਹਮਲੇ ਤੋਂ ਪਹਿਲਾਂ ਸਿਰਫ਼ ਤਿੰਨ ਜਥੇਬੰਦੀਆਂ ਸਨ। ਜਿਉਂ-ਜਿਉਂ ਸੰਘਰਸ਼ ਤੇਜ਼ ਹੋਇਆ, ਨਾਲ ਦੇ ਨਾਲ ਹੀ ਇਹ ਇਖ਼ਲਾਕੀ ਨਿਘਾਰ ਵੱਲ ਵੀ ਵੱਧ ਰਿਹਾ ਸੀ ਅਤੇ ਆਪਣੀ ਕਬਰ ਆਪ ਪੁੱਟਦਾ ਹੋਇਆ ਖ਼ਤਮ ਹੋ ਗਿਆ, ਜ਼ੁਲਮ ਦੀ ਤਰਾਸਦੀ ਪਿੱਛੇ ਛੱਡ ਗਿਆ

ਜਿੰਨੇ ਵੇਰਵੇ ਸ਼ਹੀਦ ਸਿੰਘਾਂ ਦੇ ਛਾਪਣ ਜਾ ਰਹੇ ਹਾਂ, ਇਹ ਤਾਂ ਸਿਰਫ ਇਕ ਤੋਂ ਅੱਧੀ ਪੂਣੀ ਹੀ ਹੈ, ਬੜਾ ਹੀ ਲੰਮਾ ਸਫਰ ਹੈ। ਹਨੇਰੀਆਂ ਰਾਤਾਂ ਦਾ ਕਾਤਲੀ ਦੁੱਖ ਕਿਸੇ ਇਕ ਜਥੇਬੰਦੀ ਜਾਂ ਕਲਮ ਦੇ ਵੱਸ ਦਾ ਰੋਗ ਨਹੀਂ ਹੈ। ਸਾਨੂੰ ਇਕ ਹੰਭਲੇ ਦੀ ਲੋੜ ਹੈ, ਇਹ ਇਤਿਹਾਸ ਸੰਭਾਲਣ ਲਈ। ਜੇ ਅਸੀਂ ਕੁਝ ਨਹੀਂ ਕੀਤਾ ਤਾਂ ਸਾਨੂੰ ਸਮਾਂ ਮਾਫ ਨਹੀਂ ਕਰੇਗਾ। ਤਕਰੀਬਨ ਦੋ ਫੀਸਦੀ ਹੀ ਸਹੀ ਮੁਕਾਬਲੇ ਸਾਬਤ ਹੁੰਦੇ ਹਨ। ਬਾਕੀ ਦੀਆਂ ਸ਼ਹਾਦਤਾਂ, ਜਿੰਦਾ ਫੜ ਕੇ ਲੰਮੇ ਤਸ਼ੱਦਦਾਂ ਨਾਲ ਲਾਵਾਰਸ ਹੀ ਹੋਈਆਂ ਹਨ, ਜਿਥੇ ਅਸਲੀ ਮੁਕਾਬਲੇ ਹੋਏ, ਉਥੇ ਸਰਕਾਰੀ ਧਾੜਾਂ ਤੋਂ ਆਪਣੀਆਂ ਲਾਸ਼ਾਂ ਨਹੀਂ ਚੁੱਕੀਆਂ ਗਈਆਂ। ਤਸ਼ੱਦਦ ਕਰਨ ਦੇ ਢੰਗਾਂ ਨੇ ਮੁਗਲਾਂ ਵੱਲੋਂ ਕੀਤੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤਾ ਹੈ। ਵੱਡੀ ਦੁੱਖ ਵਾਲੀ ਗੱਲ ਪਹਿਲੀ ਇਹ ਵਾਰ ਸਾਹਮਣੇ ਆਈ ਕਿ ਸਿੱਖਾਂ ਨੇ ਸਿੱਖਾਂ ਉਪਰ ਜ਼ੁਲਮ ਕੀਤੇ ਅਤੇ ਸ਼ੈਤਾਨ ਚਾਣਕੀਆ ਦਿਮਾਗ ਪਾਸੇ ਬੈਠਾ ਰਿਹਾ

ਵਰਤਮਾਨ ਸਮੇਂ ਅੰਦਰ ਗੁਰੂ ਸਾਹਿਬ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅਕਾਲ ਤਖਤ ਸਾਹਿਬ ਜੀ ਦੀ ਸ਼ਹਾਦਤ ਪ੍ਰਤੀ ਨੱਤਮਸਤਕ ਹੁੰਦੇ, ਉਹਨਾਂ ਦੀ ਆਨ ਸ਼ਾਨ ਨੂੰ ਬਰਕਰਾਰ ਰੱਖਣ ਲਈ ਸ਼ਹੀਦ ਸਿੰਘਾਂ, ਅਕਾਲੀ ਯੋਧਿਆਂ ਦੀ ਇਕ ਸੂਚੀ ਪੰਥ ਦੀ ਭੇਟ ਕਰਨ ਜਾ ਰਹੇ ਹਾਂ। ਬਾਕੀ ਦੇ ਹਜ਼ਾਰਾਂ ਯੋਧਿਆਂ ਦੀ ਸੂਚੀ ਸਮੇਂ ਸਮੇਂ ਪੜਤਾਲ ਕਰਕੇ ਪੰਥ ਨੂੰ ਭੇਟ ਕਰਾਂਗੇ ਤਾਂ ਕਿ ਇਹ ਇਤਿਹਾਸ ਦੀ ਸੰਨਦ ਰਹੇ।

ਅਸੀਂ ਭੈਣਾਂ ਦੇ ਸੁਹਾਗ ਤਾਂ ਨਹੀਂ ਮੋੜ ਸਕਦੇ, ਮਾਵਾਂ ਦੇ ਪੁੱਤ ਤਾਂ ਨਹੀਂ ਮੋੜ ਸਕਦੇ। ਸਾਡਾ ਇਕ ਨਿਰੂਲਾ ਜਿਹਾ ਹੰਭਲਾ ਹੈ। ਸ਼ਹੀਦ ਵੀਰੋ ਸਾਨੂੰ ਤੁਹਾਡੇ ਝੱਲੇ ਦੁੱਖਾਂ ਦਾ ਅਹਿਸਾਸ ਹੈ, ਖਾਲਸਾ ਪੰਥ ਸਿਰ ਤੁਹਾਡਾ ਇਕ ਨਾ ਲਹਿਣ ਯੋਗ ਕਰਜ਼ ਹੈ। ਅਸੀਂ ਸੂਰਬੀਰ ਯੋਧਿਆਂ ਦੀਆਂ ਸ਼ਹਾਦਤਾਂ ਦੇ ਕਰਜ਼ਦਾਈ ਹਾਂ। ਅਸੀਂ ਇਹ ਕਰਜ਼ ਉਤਾਰਨਾ ਹੈ। ਅਸੀਂ ਇਹ ਪ੍ਰਣ ਕਰਦੇ ਹਾਂ ਕਿ ਗੁਲਾਮੀ ਨੂੰ ਕੁਚਲ ਕੇ ਆਜ਼ਾਦੀ ਦੇ ਜਸ਼ਨਾਂ ਰਾਹੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਾਂਗੇ। ਤੁਹਾਡੇ ਉਜੜੇ ਸੜੇ ਘਰਾਂ ਨੂੰ ਸੰਗਮਰਮਰੀ ਦਿਖ ਲਈ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖਾਂਗੇ।

ਤੁਹਾਡੀਆਂ ਆਸਾਂ ਉਮੰਗਾਂ ਦਾ ਗੋਲਾ,
ਕਰਮਜੀਤ ਸਿੰਘ ਸਿੱਖਾਂ ਵਾਲਾ
ਵਾਸੀ ਸ. ਟਹਿਲ ਸਿੰਘ ਸੰਧੂ
ਨਜ਼ਦੀਕ ਪਿੰਡ ਸਿੱਖਾਂ ਵਾਲਾ
ਡਾਕਘਰ—ਔਲਖ, ਜ਼ਿਲ੍ਹਾ ਫਰੀਦਕੋਟ (ਪੰਜਾਬ)
ਫੋਨ—93561-27511
94630-65888

# ਭਾਈ ਕੁਲਵੰਤ ਸਿੰਘ ਬੱਬਰ ਨਾਗੋਕੇ

13 ਅਪ੍ਰੈਲ 1978 ਦੀ ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਵਲੋਂ ਸ਼ਹੀਦ ਕੀਤੇ ਤੇਰਾਂ ਸਿੰਘਾਂ ਦੀ ਸ਼ਹਾਦਤ ਪੰਜਾਬ ਦੀ ਧਰਤੀ ਉੱਪਰ ਅਜੇਹੀ ਬਿਖਰੀ, ਕਿ ਨਕਲੀ ਨਿਰੰਕਾਰੀਆਂ ਦੇ ਸਰਪ੍ਰਸਤਾਂ ਤੇ ਉਨ੍ਹਾਂ ਦੇ ਰਾਖਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ। ਸ਼ਹੀਦ ਭਾਈ ਫੌਜਾ ਸਿੰਘ ਦੇ ਰੰਗਲੇ ਸੱਜਣ ਨਾਮ ਬਾਣੀ ਦੇ ਖੰਡੇ ਖੜਕਾਉਂਦੇ ਬਸੰਤੀ ਰੰਗ ਵਿਚ ਪੰਜਾਬ ਦੇਸ਼ ਦੀ ਧਰਤੀ ਉੱਪਰ ਆਪਣੇ ਜਾਹੋਜਲਾਲ ਵਿਚ ਵਿਚਰਣ ਲੱਗੇ ਅਤੇ ਆਪਣੇ ਸੰਹਣੇ ਜੁੱਸਿਆਂ 'ਤੇ ਵਡੀ ਮਾਰ ਪੈਣ ਦੇ ਦਰਦ ਝੱਲ ਝੱਲ ਕੇ 'ਸਿਰ ਦਿੱਤਿਆਂ ਬਾਝ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ' ਦੀ ਕਥਨੀ 'ਤੇ ਪੂਰ ਉਤਰਦੇ ਗੁਰੂ ਦੀ ਗੋਦ ਦਾ ਨਿੱਘ ਮਾਣਦੇ ਰਹੇ।

ਮਈ 1982 ਦੇ ਅਖੀਰ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪੱਟੀ ਤੇ ਤਰਨਤਾਰਨ ਕਸਬੇ ਵਿਚ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਨਾਲ ਕੁਝ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਕੁਝ ਜ਼ਖਮੀ ਹੋ ਗਏ। ਫੱਟੜਾਂ ਵਿਚੋਂ ਕੁਝ ਹਸਪਤਾਲ ਵਿਚ ਜਾ ਕੇ ਮਰੇ। ਕਪੂਰਥਲਾ ਜ਼ਿਲ੍ਹੇ ਦੇ ਕਸਬਾ ਨੂਰਪੁਰ ਪਾਂਛਟਾ ਵਿਚ ਕਿਸੇ ਨੇ ਮਹਿੰਦਰਪਾਲ ਨੂੰ ਗੋਲੀ ਮਾਰ ਦਿੱਤੀ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਘੱਲਕਲਾਂ ਵਿਚ ਇਕ ਵਿਅਕਤੀ ਨੂੰ ਕੁਝ ਨਿਹੰਗ ਸਿੰਘਾਂ ਨੇ ਕਿਰਪਾਨ ਦੀ ਭੇਟ ਕਰ ਦਿੱਤਾ। ਅਖ਼ਬਾਰਾਂ ਦੀਆਂ ਸੁਰਖੀਆਂ ਗੂੜੀ ਸਿਆਹੀ ਨਾਲ ਲਿਖੀਆਂ ਜਾਣ ਲੱਗੀਆਂ। ਫਿਰ ਇਹ ਖ਼ਬਰਾਂ ਆਉਣ ਲੱਗ ਪਈਆਂ ਕਿ ਇਹ ਸਾਰੇ ਮਰਨ ਵਾਲੇ ਨਕਲੀ ਨਿਰੰਕਾਰੀ ਸਨ। ਪਿੰਡ ਘੱਲਕਲਾਂ ਵਿਚ ਮਰੇ ਵਿਅਕਤੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਪੱਤਰੇ ਪਾੜੇ ਸਨ। ਗੁਰੂ ਘਰ ਦੇ ਨਿੰਦਕਾਂ ਨੂੰ ਭਾਜੜਾਂ ਪੈ ਗਈਆਂ। ਪੰਜਾਬ ਦੀ ਦਰਬਾਰਾ ਸਿੰਘ ਸਰਕਾਰ ਹਿੱਲ ਚੁੱਕੀ ਸੀ, ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਾਤਲ ਫੜਨ ਲਈ ਸਖ਼ਤ ਹਦਾਇਤਾਂ ਦਿੱਤੀਆਂ ਜਾ ਰਹੀਆਂ ਸਨ।

ਨਿਰੰਕਾਰੀਆਂ ਦੇ ਮਰਨ ਕਾਰਨ ਸ਼ੱਕ ਦੀ ਉਂਗਲ ਸ਼ਹੀਦ ਭਾਈ ਫੌਜਾ ਸਿੰਘ ਦੇ ਸਾਥੀਆਂ ਉੱਪਰ ਕੇਂਦਰਤ ਹੋ ਰਹੀ ਸੀ। ਕੁਝ ਫਿਰਕੂ ਅਖ਼ਬਾਰ ਇਨ੍ਹਾਂ ਕਤਲਾਂ ਨੂੰ ਜਾਤੀ ਤਣਾਅ ਅਤੇ ਕੁਝ ਇਨ੍ਹਾਂ ਨੂੰ ਫਿਰਕੂ ਰੰਗ ਦੇ ਕੇ ਗੱਲਾਂ ਵਧਾ ਚੜ੍ਹਾ ਕੇ ਕਰਨ ਲੱਗੇ। ਕਈ ਇਸ ਨੂੰ ਪਾਕਿਸਤਾਨੀ ਏਜੰਟਾਂ ਦਾ ਕਾਰਾ ਦੱਸ ਰਹੇ ਸਨ। ਪੁਲੀਸ ਨੇ ਆਪਣੀਆਂ ਕਾਰਵਾਈਆਂ ਨੂੰ ਸਿਰੇ ਚਾੜ੍ਹਦਿਆਂ 4 ਜੂਨ 1982 ਨੂੰ 11 ਵਿਅਕਤੀਆਂ ਨੂੰ ਨਾਮਜ਼ਦ ਕਰ ਦਿੱਤਾ ਕਿ ਪੰਜਾਬ ਅੰਦਰ ਨਿਰੰਕਾਰੀਆਂ ਦੇ ਹੋ ਰਹੇ ਕਤਲਾਂ ਲਈ ਇਹ ਲੋਕ ਜ਼ੁੰਮੇਵਾਰ ਹਨ। ਇਨ੍ਹਾਂ ਸਾਰਿਆਂ ਦੇ ਸਿਰਾਂ ਉੱਪਰ ਹਜ਼ਾਰਾਂ ਰੁਪੈ ਇਨਾਮ ਰੱਖ ਦਿੱਤਾ। ਇਹ ਗਿਆਰਾਂ ਵਿਅਕਤੀ ਕਈ ਮੁਜਰਿਮ ਪੇਸ਼ਾ ਜਾਂ ਸਿਆਸੀ ਤਿਕੜਮਬਾਜ਼ ਨਹੀਂ ਸਨ ਸਗੋਂ ਇਹ ਸਾਰੇ ਹੀ ਇਕ ਧਾਰਮਕ ਜਥੇ ਨਾਲ ਸਬੰਧਤ ਸਨ। ਪੁਲਿਸ ਨੇ ਮੁੱਖ ਤੌਰ 'ਤੇ ਅਖੰਡ ਕੀਰਤਨੀ ਜਥੇ ਦੇ ਨਿਰਦੋਸ਼ ਸਿੰਘਾਂ ਨੂੰ ਨਿਸ਼ਾਨਾ ਬਣਾ ਲਿਆ, ਇਹ ਗਿਆਰਾਂ ਦੇ ਗਿਆਰਾਂ ਸਿੰਘ

ਅੰਮ੍ਰਿਤਧਾਰੀ, ਸਰਬਲੋਹੀਏ, ਬੁੱਧ ਬਿਬੇਕੀ, ਨਾਮ ਬਾਣੀ ਦੀਆਂ ਉੱਚੀਆਂ ਸੁੱਚੀਆਂ ਮਰਿਆਦਾਵਾਂ ਵਿਚ ਜੀਵਨ ਬਤੀਤ ਕਰਨ ਵਾਲੇ ਗੁਰੂ ਦੇ ਸਿੱਖ ਸਨ। ਪਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਨ੍ਹਾਂ ਸਾਰਿਆਂ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦੇ ਕੇ ਸਿਰਾਂ 'ਤੇ ਇਨਾਮ ਰੱਖ ਦਿੱਤੇ ਸਨ।

ਅਖੰਡ ਕੀਰਤਨੀ ਜਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸਬੰਧਤ ਹੈ ਇਸ ਜਥੇ ਦਾ ਮੁਖ ਆਦਰਸ਼ ਇਹ ਹੈ 'ਜਾ ਕਉ ਹਰਿ ਰੰਗੁ ਲਾਗਾ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ'। ਇਸ ਜਥੇ ਨਾਲ ਸਬੰਧਤ ਸਾਰੇ ਹੀ ਸਿੰਘ ਕੀਰਤਨੀਏ, ਅਖੰਡ ਕੀਰਤਨ ਦੇ ਅਖਾੜੇ ਸਜਾਉਣੇ, ਅੰਮ੍ਰਿਤ ਸੰਚਾਰ ਕਰਨਾ, ਗੁਰਬਾਣੀ ਦਾ ਪ੍ਰਚਾਰ ਕਰਨਾ, ਗੁਰਮਤਿ ਜੀਵਨ ਜੀਉਣਾ, ਨਾ ਭੈ ਦੇਣਾ ਨਾ ਹੀ ਭੈ ਮੰਨਣਾ ਲੋੜਦੇ ਹਨ। ਇਸ ਜਥੇ ਨਾਲ ਸਬੰਧਤ 11 ਸਿੰਘ ਇਸ਼ਤਿਹਾਰੀ ਮੁਜਰਿਮ ਕਰਾਰ ਦੇ ਦਿੱਤੇ ਗਏ ਅਤੇ ਖੂਨੀ ਸਿੰਘਾਂ ਉੱਪਰ ਕਹਿਰਾਂ ਦੇ ਜ਼ੁਲਮ ਹੋਣ ਸ਼ੁਰੂ ਹੋ ਗਏ।

ਇਨ੍ਹਾਂ ਗਿਆਰਾਂ ਦੋਸ਼ੀਆਂ ਦੀ ਸੂਚੀ ਵਿਚ ਇਕ ਨਾਮ ਭਾਈ ਕੁਲਵੰਤ ਸਿੰਘ ਨਾਗੋਕਿਆਂ ਦੇ ਵਾਸੀ ਦਾ ਵੀ ਸੀ। ਪੁਲਿਸ ਪੱਟੀ ਅਤੇ ਤਰਨਤਾਰਨ ਕਸਬਿਆਂ ਵਿਚ ਵਾਪਰੇ ਗਲੀ ਕਾਂਡਾਂ ਲਈ ਪਿੰਡ ਨਾਗੋਕਿਆਂ ਦੇ ਰਹਿਣ ਵਾਲੇ ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਪੁੱਤਰ ਸ. ਮੋਹਨ ਸਿੰਘ ਨੂੰ ਦੋਸ਼ੀ ਮੰਨਦੀ ਸੀ।

ਭਾਈ ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਖਾਲਸਾਈ ਨਿਹੰਗ ਸਿੰਘਾਂ ਵਾਲੀ ਰਹਿਤ ਅੰਦਰ ਵਿਚਰਦੇ ਹੋਏ ਆਪਣੇ ਪਿੰਡ ਨਾਗੋਕੇ ਵਿਚ ਸਧਾਰਨ ਖੇਤੀ ਕਰਦੇ ਸਨ। ਭਾਈ ਕੁਲਵੰਤ ਸਿੰਘ ਜੀ ਦਾ ਸਾਰਾ ਹੀ ਪਰਿਵਾਰ ਸਮੇਤ ਘਰੇ ਕੰਮ ਕਰਨ ਵਾਲੇ ਕਾਮਿਆਂ ਦੇ ਤਿਆਰ-ਬਰ ਤਿਆਰ ਅੰਮ੍ਰਿਤਧਾਰੀ ਖਾਲਸਾਈ ਰਹਿਤ ਦੀ ਪ੍ਰਪੱਕਤਾ ਅੰਦਰ ਰਹਿਣ ਵਾਲੇ ਸਨ। ਪਰਿਵਾਰ ਦੇ ਜੀਆਂ ਦੇ ਮੁੱਖੋਂ ਗੁਰੂ ਗੁਰੂ ਦੀਆਂ ਝਲਕਾਰਾਂ ਸੁਤੇਸਿੱਧ ਆਮ ਹੀ ਸੁਣਦੀਆਂ ਰਹਿੰਦੀਆਂ ਸਨ। ਭਾਈ ਕੁਲਵੰਤ ਸਿੰਘ ਜੀ ਦੇ ਕਾਮਿਆਂ ਵਿਚੋਂ ਭਾਈ ਸ਼ੇਰ ਸਿੰਘ ਨੂੰ ਤਾਂ ਗੁਰੂ ਦਾ ਲਾਲ ਰੰਗ ਹੋਰ ਵੀ ਗੂੜ੍ਹਾ ਹੋ ਕੇ ਚੜ੍ਹਿਆ ਹੋਇਆ ਸੀ। ਭਾਈ ਸ਼ੇਰ ਸਿੰਘ ਯੂ. ਪੀ. ਦਾ ਰਹਿਣ ਵਾਲਾ ਸੀ ਅਤੇ ਉਹ ਭਾਈ ਕੁਲਵੰਤ ਸਿੰਘ ਕੋਲ ਰਹਿ ਰਿਹਾ ਸੀ।

ਪਿੰਡ ਨਾਗੋਕੇ ਮਾਝੇ ਦਾ ਇਕ ਸਿਰਮੌਰ ਪਿੰਡ ਹੈ, ਜਿਸ ਦੇ ਵਸਨੀਕਾਂ ਨੇ ਹਮੇਸ਼ਾ ਹਰ ਸੰਘਰਸ਼ ਵਿਚ ਅਹਿਮ ਕੁਰਬਾਨੀਆਂ ਦਿੱਤੀਆਂ ਹਨ। ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸ਼ਹਾਦਤਾਂ ਦੇਣ ਲਈ ਇਸ ਪਿੰਡ ਦੇ ਗੱਭਰੂਆਂ ਨੇ ਇਕ ਦੂਜੇ ਤੋਂ ਮੂਹਰੇ ਹੋ ਕੇ ਸ਼ਹੀਦੀਆਂ ਪਾਈਆਂ। ਹਿੰਦੁਸਤਾਨ ਨੂੰ ਗੁਲਾਮੀ ਤੋਂ ਅਜ਼ਾਦ ਕਰਵਾਉਣ ਵਾਲਾ ਬੱਬਰ ਅਕਾਲੀਆਂ ਦਾ ਵਰਸੋਇਆ ਪਿੰਡ ਨਾਗੋਕੇ ਬੱਬਰ ਖਾਲਸੇ ਦੇ ਰੂਪ ਵਿਚ ਸਿੱਖ ਕੌਮ ਨੂੰ ਅਜ਼ਾਦ ਕਰਵਾ ਕੇ ਖਾਲਸਤਾਨ ਦੇ ਰੂਪ ਵਿਚ ਮੂਰਤੀਮਾਨ ਕਰਵਾਉਣ ਵਾਲਾ ਪਿੰਡ ਨਾਗੋਕੇ ਬਣ ਗਿਆ। ਕੌਮ ਦੀ ਅਜ਼ਾਦੀ ਲਈ ਹੋਈਆਂ ਸ਼ਹਾਦਤਾਂ ਵਿਚੋਂ ਪਿੰਡ ਦੇ ਨਜ਼ਦੀਕੀ ਸਾਥੀਆਂ 'ਚ ਇਨਸਪੈਕਟਰ ਭਾਈ ਸੁਰਿੰਦਰ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਮੇਜਰ ਸਿੰਘ ਆਦਿ ਸਿੰਘ ਵੀ ਸ਼ਹੀਦੀ ਜਾਮ ਪੀ ਗਏ। ਭਾਈ ਸਾਹਿਬ ਜੀ ਦੇ ਕਾਮੇ ਭਾਈ ਸ਼ੇਰ ਸਿੰਘ ਜੋ

ਕਿ ਯੂ ਪੀ ਦੇ ਰਹਿਣ ਵਾਲੇ ਹੋਣ ਕਾਰਨ 'ਬਿਹਾਰੀ ਸਿੰਘ' ਕਰਕੇ ਮਸ਼ਹੂਰ ਸਨ ਵੀ ਸ਼ਹੀਦੀ ਪਾ ਗਏ।

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਭਾਈ ਫੌਜਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਜਥੇ ਦੇ ਸਿੰਘਾਂ ਨੇ ਬੱਬਰ ਖਾਲਸਾ ਜਥੇਬੰਦੀ ਨੂੰ ਹੋਂਦ ਵਿਚ ਲਿਆਂਦਾ। ਇਹ ਹੀ ਬੱਬਰ ਖਾਲਸਾ ਜਥੇਬੰਦੀ ਕੌਮ ਦੀ ਅਜ਼ਾਦੀ ਲਈ ਇਕ ਮਾਰਗ ਦਰਸ਼ਕ ਬਣ ਕੇ ਤੁਰ ਪਈ। ਪੰਥ ਦੋਖੀਆਂ ਨੂੰ ਸਜ਼ਾਵਾਂ ਦੇਣ ਦੀ ਕੜੀ ਤਹਿਤ ਜਦੋਂ ਸਿੰਘ ਪੱਟੀ, ਤਰਨਤਾਰਨ ਅਤੇ ਹਰਨਾਂ ਸ਼ਹਿਰਾਂ ਕਸਬਿਆਂ ਵਿਚੋਂ ਦੁਸ਼ਟ ਸਕਲ ਦੀ ਮੂਲ ਉਪਾਰਨ ਲੱਗੇ ਤਾਂ ਸਰਕਾਰ ਹਿੱਲ ਗਈ। ਮਈ 1982 ਵਿਚ ਇਕ ਤੋਂ ਬਾਅਦ ਇਕ ਨਰਕਧਾਰੀਏ ਜਦੋਂ ਗੱਡੀ ਚਾੜ੍ਹੇ ਜਾਣ ਲੱਗੇ ਤਾਂ ਅਖੰਡ ਕੀਰਤਨੀ ਜਥੇ ਦੇ ਸਿੰਘ ਸ਼ੱਕ ਦੇ ਘੇਰ ਵਿਚ ਆਉਣ ਲੱਗੇ।

ਭਾਈ ਕੁਲਵੰਤ ਸਿੰਘ ਆਪਣੀ ਰੋਜ਼ਾਨਾ ਘਰੇਲੂ ਜ਼ਿੰਦਗੀ ਵਿਚ ਵਿਚਰਦੇ ਕੰਮਾਂ ਕਾਰਾਂ ਵਿਚ ਰੁੱਝੇ ਹੋਏ ਸਨ। ਤੂੜੀ ਦਾਣਾ ਸਾਂਭ ਕੇ ਆਪਣੇ ਟਰੈਕਟਰ ਦੀ ਸਰਵਿਸ ਕਰਵਾਉਣ ਲਈ ਉਹ ਟਰੈਕਟਰ ਨੂੰ ਲੈ ਕੇ ਖਲਚੀਆਂ ਗਏ ਹੋਏ ਸਨ। ਪੁਲਿਸ ਦਾ ਸੂਹੀਆ ਵਿਭਾਗ ਭਾਈ ਸਾਹਿਬ ਜੀ ਦਾ ਪਿੱਛਾ ਕਰ ਰਿਹਾ ਸੀ। ਜਦੋਂ ਪੁਲਿਸ ਨੂੰ ਇਹ ਰਿਪੋਰਟ ਮਿਲੀ ਕੇ ਕੁਲਵੰਤ ਸਿੰਘ ਨਾਗੋਕਿਆਂ ਵਾਲਾ ਨਿਹੰਗ ਸਿੰਘ ਖਲਚੀਆਂ ਟਰੈਕਟਰ ਠੀਕ ਕਰਵਾ ਰਿਹਾ ਹੈ ਤਾਂ ਪੁਲਿਸ ਨੇ ਉਨ੍ਹਾਂ ਨੂੰ ਉਥੋਂ ਹੀ ਚੁੱਕ ਲਿਆ, 27 ਮਈ ਨੂੰ ਖਲਚੀਆਂ ਤੋਂ ਚੁੱਕ ਕੇ ਭਾਈ ਕੁਲਵੰਤ ਸਿੰਘ ਨੂੰ ਵੱਖ ਵੱਖਰੇ ਠਾਣਿਆਂ ਵਿਚ ਲਿਜਾ ਕੇ ਤਸ਼ੱਦਦ ਕੀਤਾ ਜਾਂਦਾ ਰਿਹਾ। ਭਾਈ ਸਾਹਿਬ ਜੀ ਨੂੰ ਚੁੱਕੇ ਜਾਣ ਦੀ ਖਬਰ ਅੱਗ ਵਾਂਗ ਚਾਰੇ ਪਾਸੇ ਫੈਲ ਗਈ, ਪੂਰਾ ਇਕ ਹਫਤਾ ਉਨ੍ਹਾਂ ਉਪਰ ਤਸ਼ੱਦਦ ਕੀਤਾ ਜਾਂਦਾ ਰਿਹਾ। ਆਖਿਰ 4 ਜੂਨ ਨੂੰ ਭਾਈ ਕੁਲਵੰਤ ਸਿੰਘ ਦੀ ਗ੍ਰਿਫਤਾਰੀ ਵਿਖਾ ਦਿੱਤੀ ਗਈ। ਸਰਕਾਰ ਵਲੋਂ ਲੰਮੇ ਲੰਮੇ ਬਿਆਨ ਦਿੱਤੇ ਗਏ - 'ਪੱਟੀ, ਤਰਨਤਾਰਨ ਗੋਲੀ ਕਾਂਡਾਂ ਦਾ ਮੁੱਖ ਇਸ਼ਤਿਹਾਰੀ ਦੋਸ਼ੀ ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਪੁੱਤਰ ਮਹਨ ਸਿੰਘ ਵਾਸੀ ਨਾਗੋਕੇ ਦੀ ਇਕ ਪੁਲਿਸ ਨਾਕੇ 'ਤੇ ਗ੍ਰਿਫਤਾਰੀ' ਬਾਕੀ ਇਸ਼ਤਿਹਾਰੀ ਮੁਜਰਮਾਂ ਦੀ ਪਹਿਚਾਣ ਕਰ ਲਈ ਗਈ ਹੈ - ਭਾਲ ਜਾਰੀ ਹੈ।' ਆਦਿ ਆਦਿ।

ਜਦੋਂ 4 ਜੂਨ ਨੂੰ ਭਾਈ ਕੁਲਵੰਤ ਸਿੰਘ ਨੂੰ ਭਾਰੀ ਪੁਲਿਸ ਬਲਾਂ ਨਾਲ ਤਰਨਤਾਰਨ ਦੀਆਂ ਕਚਹਿਰੀਆਂ ਵਿਚ ਪੇਸ਼ ਕਰਨ ਲਿਜਾਇਆ ਗਿਆ ਤਾਂ ਉਸ ਸਮੇਂ ਤਸ਼ੱਦਦ ਨਾਲ ਕੁਲਵੰਤ ਸਿੰਘ ਦੀ ਹਾਲਤ ਕਾਫੀ ਗੰਭੀਰ ਸੀ, ਉਹ ਪੁਲਿਸ ਗੱਡੀ ਵਿਚ ਨਿਢਾਲ ਸੁੱਟੇ ਪਏ ਸਨ। ਪੁਲਿਸ ਦੇ ਸਰਕਾਰੀ ਵਕੀਲ ਨੇ ਕਾਫੀ ਭੱਜ ਦੌੜ ਤੋਂ ਬਾਅਦ ਕਿਹਾ ਕਿ ਭਾਈ ਕੁਲਵੰਤ ਸਿੰਘ ਨੂੰ ਪੁਲਿਸ ਗੱਡੀ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਕਿਉਂਕਿ ਉਹ ਖਤਰਨਾਕ ਮੁਜਰਿਮ ਹੈ ਅਤੇ ਬਾਹਰ ਆਉਣ ਨਾਲ ਸਰਕਾਰ ਦੇ ਖਿਲਾਫ ਖਿਚਾਅ ਵੱਧ ਸਕਦਾ ਹੈ। ਇਹੋ ਜਿਹੇ ਕਈ ਬਹਾਨਿਆਂ ਨਾਲ ਤਰਨਤਾਰਨ ਦੇ ਜੁਡੀਸ਼ੀਅਲ ਮਜਿਸਟਰੇਟ ਚੈਨਣ ਸਿੰਘ ਤੋਂ 9 ਜੂਨ ਤੱਕ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਲੈ ਲਿਆ ਗਿਆ। ਪਰ ਮੈਜਿਸਟਰੇਟ ਨੇ ਪੁਲਿਸ ਨੂੰ ਇਹ ਹੁਕਮ ਜ਼ਰੂਰ ਕਰ ਦਿੱਤਾ ਕਿ ਕੁਲਵੰਤ ਸਿੰਘ ਦਾ ਡਾਕਟਰੀ ਮੁਆਇਨਾ ਕਰਵਾ ਕੇ ਰਿਪੋਰਟ ਕੀਤੀ ਜਾਵੇ। ਭਾਈ ਕੁਲਵੰਤ ਸਿੰਘ ਨੂੰ

ਤਰਨਤਾਰਨ ਦੀਆਂ ਕਚਹਿਰੀਆਂ ਤੋਂ ਲਿਜਾ ਕੇ ਫਿਰ ਸਦਰ ਥਾਣੇ ਬੰਦ ਕਰ ਦਿੱਤਾ ਗਿਆ। ਥਾਣੇ ਦੀ ਹਵਾਲਾਤ ਵਿਚ ਉਹ ਬੇਹੋਸ਼ੀ ਦੀ ਹਾਲਤ ਵਿਚ ਸੁੱਟੇ ਪਏ ਸਨ।

ਜਦੋਂ ਕੁਲਵੰਤ ਸਿੰਘ ਨੂੰ ਅਦਾਲਤ ਵਿਚ ਪੇਸ਼ ਨਾ ਕੀਤਾ ਗਿਆ ਤਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਪੁਲਿਸ 'ਤੇ ਸ਼ੱਕ ਹੋ ਗਿਆ। ਭਾਈ ਕੁਲਵੰਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਸ. ਮੋਹਰ ਸਿੰਘ ਨੇ ਤਰਨਤਾਰਨ ਦੇ ਜੁਡੀਸ਼ੀਅਲ ਮੈਜਿਸਟਰੇਟ ਸ੍ਰੀ ਬੀ. ਆਰ. ਬਾਂਸਲ ਦੀ ਅਦਾਲਤ ਵਿਚ ਇਕ ਦਰਖਾਸਤ ਦਿੱਤੀ ਕਿ ਪੁਲਿਸ ਨੇ ਭਾਈ ਕੁਲਵੰਤ ਸਿੰਘ 'ਤੇ ਭਾਰੀ ਤਸ਼ੱਦਦ ਕਰਕੇ ਉਨ੍ਹਾਂ ਦਾ ਕਤਲ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ।

ਸ. ਪੂਰਨ ਸਿੰਘ ਹੁੰਦਲ ਜੋ ਇਸ ਕੇਸ ਦੀ ਪੈਰਵਾਈ ਕਰ ਰਹੇ ਸਨ ਨੇ ਦੱਸਿਆ ਕਿ ਉਨ੍ਹਾਂ ਨੇ ਇਕ ਨਕਲ ਦੀ ਕਾਪੀ 5 ਜੂਨ ਨੂੰ ਚੰਨਣ ਸਿੰਘ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਤਰਨਤਾਰਨ ਤੋਂ ਪ੍ਰਾਪਤ ਕੀਤੀ ਜਿਸ ਵਿਚ ਅਦਾਲਤ ਨੇ ਪੁਲਿਸ ਨੂੰ ਕੁਲਵੰਤ ਸਿੰਘ ਨਾਗੋਕਿਆਂ ਦਾ ਡਾਕਟਰੀ ਮੁਆਇਨਾ ਕਰਵਾਉਣ ਦੇ ਹੁਕਮ ਦਿੱਤੇ ਹੋਏ ਸਨ, ਪਰ ਪੁਲਿਸ ਨੇ ਡਾਕਟਰੀ ਮੁਆਇਨਾ ਨਹੀਂ ਕਰਵਾਇਆ ਤੇ ਨਾ ਹੀ ਕੁਲਵੰਤ ਸਿੰਘ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਕਾਰਨ ਇਹ ਸ਼ੱਕ ਹੋਰ ਵੀ ਵੱਧਦਾ ਗਿਆ ਕਿ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਹੈ।

ਪੁਲਿਸ ਵਲੋਂ ਭਾਈ ਕੁਲਵੰਤ ਸਿੰਘ 'ਤੇ 27 ਮਈ ਤੋਂ ਹੀ ਤਸ਼ੱਦਦ ਕੀਤਾ ਜਾ ਰਿਹਾ ਸੀ, ਫਿਰ 4 ਜੂਨ ਤੋਂ ਪੁਲਿਸ ਰਿਮਾਂਡ ਦੌਰਾਨ ਹੋਰ ਜ਼ੁਲਮ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਤੋਂ ਨਾਲ ਦੇ ਸਾਥੀਆਂ ਬਾਰੇ ਪੁੱਛ ਗਿੱਛ ਕੀਤੀ ਜਾ ਰਹੀ ਸੀ ਪਰ ਪੁਲਿਸ ਦੇ ਹੱਥ ਪੱਲੇ ਕੁਝ ਵੀ ਨਹੀਂ ਸੀ ਪੈ ਰਿਹਾ। ਇਨ੍ਹਾਂ ਤੋਂ ਇਲਾਵਾ ਪੁਲਿਸ ਵਲੋਂ ਸੁਖਦੇਵ ਸਿੰਘ ਦਾਸੂਵਾਲ ਦੇ ਪਰਿਵਾਰ 'ਤੇ ਵੀ ਬਹੁਤ ਤਸ਼ੱਦਦ ਕੀਤਾ ਜਾ ਰਿਹਾ ਸੀ। ਸੁਖਦੇਵ ਸਿੰਘ ਦੇ ਨੇਤਰਹੀਣ ਭਰਾ ਅਜਾਇਬ ਸਿੰਘ ਨੂੰ ਬਹੁਤ ਜ਼ਲੀਲ ਕੀਤਾ ਜਾ ਰਿਹਾ ਸੀ, ਸੁਖਦੇਵ ਸਿੰਘ ਦੇ ਸਹੁਰਿਆਂ ਤੋਂ ਸ. ਦਿਲਜੀਤ ਸਿੰਘ, ਗੁਰਦੇਵ ਸਿੰਘ ਅਤੇ ਮਹਿੰਦਰ ਸਿੰਘ ਨੂੰ ਹਿਰਾਸਤ ਵਿਚ ਲੈ ਕੇ ਤਸ਼ੱਦਦ ਕੀਤਾ ਜਾ ਰਿਹਾ ਸੀ।

ਵੈਰੋਵਾਲ ਦੇ ਬਜ਼ੁਰਗ ਨੰਬਰਦਾਰ ਸ. ਨੰਦ ਸਿੰਘ, ਸ. ਮੋਹਨ ਸਿੰਘ ਵੀ ਪੁਲਿਸ ਜਬਰ ਦਾ ਸ਼ਿਕਾਰ ਹੋਣੋਂ ਨਾ ਬਚ ਸਕੇ। ਸੁਖਦੇਵ ਸਿੰਘ ਦੇ ਮਾਮੇ ਦੇ ਪੁੱਤਰ ਭਰਾ ਸ. ਹਰਬੰਸ ਸਿੰਘ ਤੇ ਦਲਬੀਰ ਸਿੰਘ ਅਤੇ ਮਾਮੇ ਸ. ਬੰਤਾ ਸਿੰਘ ਅਤੇ ਹਰਬੰਸ ਸਿੰਘ ਨੂੰ ਪੁਲਿਸ ਚੁੱਕ ਕੇ ਲੈ ਗਈ ਸੀ। ਇਲਾਕੇ ਦੇ ਹਰ ਅੰਮ੍ਰਿਤਧਾਰੀ ਸਿੰਘ ਵੀ ਅਣਮਨੁੱਖੀ ਤਸ਼ੱਦਦ ਝੱਲ ਰਹੇ ਸਨ। ਸਾਰੇ ਪੰਜਾਬ ਵਿਚ ਹੀ ਪੁਲਿਸ ਵਲੋਂ ਰੌਂਗਟੇ ਖੜ੍ਹੇ ਕਰਨ ਵਾਲੇ ਅੱਤਿਆਚਾਰ ਕਰਨ ਦੇ ਸਮਾਚਾਰ ਮਿਲ ਰਹੇ ਸਨ। ਭਾਈ ਸਤਿੰਦਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਸਰਿੰਦਰਪਾਲ ਸਿੰਘ ਜੂਨੀਅਰ ਟੈਕਨੀਕਲ ਸਕੂਲ ਮਾਸਟਰ ਸ. ਜੁਗਿੰਦਰ ਸਿੰਘ, ਜੋ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਸਨ, ਨੂੰ ਵੀ ਚੁੱਕ ਲਿਆ ਗਿਆ ਸੀ, ਇਨ੍ਹਾਂ ਨੂੰ ਪੁਲਿਸ ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ ਦੇ ਵਿਹੜੇ ਵਿਚ ਅਲਫ ਨੰਗਾ ਕਰਕੇ ਖੜ੍ਹਾ ਕੀਤਾ ਜਾਂਦਾ ਸੀ ਤੇ ਫਿਰ ਇਨ੍ਹਾਂ ਦੇ ਸਿਰ ਮੂੰਹ ਉੱਪਰ ਖਾਲੀ ਪੀਪੇ ਦੇ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ

ਆਪਣੇ ਦੋਵਾਂ ਹੱਥਾਂ ਨਾਲ ਪੀਪਿਆਂ ਨੂੰ ਜ਼ੋਰ ਜ਼ੋਰ ਦੀ ਖੜਕਾਵੇ। ਜਦੋਂ ਪੀਪੇ ਖੜਕਾਉਣ ਤੋਂ ਹੱਥ ਥੱਕ ਜਾਂਦੇ ਤਾਂ ਡਾਂਗਾਂ ਮਾਰ ਕੇ ਅੱਧਮੋਏ ਕਰ ਕੇ ਸੁਟ ਦਿੱਤੇ ਜਾਂਦੇ। ਬਿਜਲੀ ਦੇ ਕਰੰਟ ਲਾਏ ਗਏ, ਸਰਚਲਾਈਟਾਂ ਦੀਆਂ ਤੇਜ਼ ਰੌਸ਼ਨੀਆਂ ਦੇ ਸਾਹਮਣੇ ਜਾਗਦੇ ਰੱਖਿਆ ਗਿਆ।

ਜਥੇ ਦੇ ਸਿੰਘਾਂ ਨੂੰ ਤਸੀਹੇ ਦੇਣ ਦੀਆਂ ਕਹਾਣੀਆਂ ਹਰ ਰੋਜ਼ ਮਾਨਵੀ ਹੱਦਾਂ ਟੱਪ ਰਹੀਆਂ ਸਨ ਅੰਮ੍ਰਿਤਸਰ 'ਚ ਪੰਜਾਬ ਐਂਡ ਸਿੰਧ ਬੈਂਕ ਦੀ ਇਕ ਬਰਾਂਚ ਦੇ ਮੈਨੇਜਰ ਭਾਈ ਬਖਸ਼ੀਸ਼ ਸਿੰਘ ਨੂੰ ਇਸ ਕਰਕੇ ਫੜ ਲਿਆ ਗਿਆ ਕਿ ਉਹ ਮੈਨੇਜਰ ਹੋਣ ਦੇ ਬਾਵਜੂਦ ਵੀ ਨਿਹੰਗ ਸਿੰਘਾਂ ਵਾਲੇ ਬਾਣੇ ਵਿਚ ਵਿਚਰਦੇ ਸਨ ਅਤੇ ਉਹ ਸੰਨ 1978 ਦੀ ਵਿਸਾਖੀ ਤੋਂ ਵਾਪਰੇ ਖੂਨੀ ਕਾਂਡ ਵਿਚ ਸ਼ਹੀਦ ਹੋਣ ਵਾਲੇ ਭਾਈ ਰਘਬੀਰ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਸਨ. ਭਾਈ ਬਖਸ਼ੀਸ਼ ਸਿੰਘ ਦੇ ਪਿਤਾ ਰਿਟਾਇਰਡ ਕੈਪਟਨ ਰਾਮ ਸਿੰਘ ਨੇ ਕਪੂਰਥਲੇ ਦੀ ਇਕ ਅਦਾਲਤ ਵਿਚ ਅਰਜ਼ੀ ਦਿੱਤੀ ਕਿ ਉਸ ਨੂੰ ਸ਼ੱਕ ਹੈ ਕਿ ਪੁਲਿਸ ਨੇ ਉਸ ਦੇ ਪੁੱਤਰ ਨੂੰ ਮਾਰ ਦਿੱਤਾ ਹੈ ਅਤੇ ਜੇ ਕਰ ਉਹ ਜਿੰਦਾ ਹੈ ਤਾਂ ਅਦਾਲਤ ਵਿਚ ਪੇਸ਼ ਕੀਤਾ ਜਾਵੇ ਅਦਾਲਤ ਦੇ ਸਖ਼ਤ ਦਖ਼ਲ ਕਾਰਨ ਭਾਈ ਬਖਸ਼ੀਸ਼ ਸਿੰਘ ਨੂੰ ਸ਼ਾਮ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਦੋਂ ਬਖਸ਼ੀਸ਼ ਸਿੰਘ ਨੂੰ ਅਦਾਲਤ ਵਿਚ ਬਾਹਾਂ ਤੋਂ ਸਹਾਰਾ ਦੇ ਕੇ ਚੁੱਕ ਕੇ ਪੇਸ਼ ਕੀਤਾ ਗਿਆ ਤਾਂ ਉਸ ਸਮੇਂ ਉਸ ਵਿਚ ਤੁਰਨ ਦੀ ਵੀ ਹਿੰਮਤ ਨਹੀਂ ਸੀ। ਉਸ ਦਾ ਸਾਰਾ ਬਾਣਾ ਇਥੋਂ ਤੱਕ ਕੇ ਕਛਹਿਰਾ ਵੀ ਲੀਰ ਲੀਰ ਕੀਤਾ ਹੋਇਆ ਸੀ ਅਤੇ ਸਾਰੇ ਹੀ ਵਸਤਰ ਖੂਨ ਨਾਲ ਲਹੂਲੁਹਾਨ ਹੋ ਕੇ ਲਿਬੜੇ ਪਏ ਸਨ ਬਖਸ਼ੀਸ਼ ਸਿੰਘ ਤੋਂ ਬੋਲਿਆ ਵੀ ਨਹੀਂ ਸੀ ਜਾ ਰਿਹਾ।

ਭਾਈ ਬਖਸ਼ੀਸ਼ ਸਿੰਘ ਪੂਰਨ ਬਿਬੇਕੀ ਸਰਬਲੋਹ ਦੇ ਪਹਿਰੇ ਦੇ ਧਾਰਨੀ ਕਿਸੇ ਦੇ ਵੀ ਹੱਥੋਂ ਕੁਝ ਵੀ ਨਹੀਂ ਸਨ ਛਕਦੇ। ਪੂਰੇ 72 ਘੰਟੇ ਪੁਲਿਸ ਤਸ਼ੱਦਦ ਕਰਦੀ ਰਹੀ ਪਰ ਭਾਈ ਸਾਹਿਬ ਨੇ ਪਾਣੀ ਵੀ ਮੂੰਹ ਨੂੰ ਨਹੀਂ ਲਾਇਆ. ਜਦੋਂ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸੇ ਸਮੇਂ ਉਨ੍ਹਾਂ ਪਰਿਵਾਰ ਵਾਲਿਆਂ ਤੋਂ ਕੁਝ ਜਲ ਛਕਿਆ ਅਤੇ ਅਦਾਲਤ ਦੇ ਸਖ਼ਤ ਦਖ਼ਲ ਕਾਰਨ ਹੀ ਕਪੜੇ ਬਦਲੇ ਗਏ। ਮੈਜਿਸਟਰੇਟ ਸ੍ਰੀ ਹਾਂਡਾ ਨੇ ਉਸੇ ਸਮੇਂ ਹੀ ਭਾਈ ਬਖਸ਼ੀਸ਼ ਸਿੰਘ ਨੂੰ ਡਾਕਟਰੀ ਸਹੂਲਤ ਦੇਣ ਦਾ ਹੁਕਮ ਵੀ ਕੀਤਾ। ਭਾਈ ਬਖਸ਼ੀਸ਼ ਸਿੰਘ ਉੱਪਰ ਨਰਕਧਾਰੀਏ ਮਹਿੰਦਰਪਾਲ ਦਾ ਕਤਲ ਪਾ ਦਿੱਤਾ ਗਿਆ ਅਤੇ ਇਨ੍ਹਾਂ ਨੂੰ ਰਵੀਏ ਕਲ ਨੱਠ ਗਿਆ ਆਖ ਕੇ ਮੁਕਾਬਲਾ ਬਣਾਉਣ ਦੀ ਵਿਉਂਤ ਪੁਲਿਸ ਬਣਾ ਚੁੱਕੀ ਸੀ ਪਰ ਅਦਾਲਤ ਦੇ ਦਖ਼ਲ ਕਾਰਨ ਬੱਚਤ ਹੋ ਗਈ

ਪੁਲਿਸ ਦਾ ਇਹ ਕਹਿਰ ਅੰਮ੍ਰਿਤਧਾਰੀ ਸਿੰਘਾਂ ਉੱਪਰ ਜਾਰੀ ਸੀ ਤੇ ਭਾਈ ਕੁਲਵੰਤ ਸਿੰਘ ਨਾਗੋਕੇ ਹਿੰਦੋਸਤਾਨੀ ਜਾਬਰਾਂ ਦਾ ਆਖਰੀ ਜ਼ੁਲਮ ਆਪਣੇ ਪਿੰਡੇ 'ਤੇ ਪਰਖ ਰਹੇ ਸਨ। ਕੁਲਵੰਤ ਸਿੰਘ ਨੂੰ ਖ਼ਤਮ ਕਰਨ ਦੀਆਂ ਵਿਉਂਤਾਂ ਸਰਕਾਰ ਵਲੋਂ ਘੜੀਆਂ ਜਾ ਚੁੱਕੀਆਂ ਸਨ ਭਾਈ ਕੁਲਵੰਤ ਸਿੰਘ ਦਾ ਪੁਲਿਸ ਰਿਮਾਂਡ ੯ ਜੂਨ ਤੱਕ ਸੀ। ੯ ਜੂਨ ਨੂੰ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਨਾ ਪੈਣਾ ਸੀ। ਪੂਰੇ ਪੰਜਾਬ ਵਿਚ ਪੁਲਿਸ ਦੇ ਖਿਲਾਫ ਰੋਹ ਪੈਦਾ ਹੋ ਰਿਹਾ ਸੀ। ਇਸ ਪੰਥਕ ਰੋਹ ਤੋਂ ਡਰਦਿਆਂ ਪੁਲਿਸ ਨੇ ਕੁਲਵੰਤ ਸਿੰਘ ਨੂੰ

ਖਤਮ ਕਰਨ ਦਾ ਡਰਾਮਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। 9 ਜੂਨ ਨੂੰ ਪੁਲਿਸ ਫਿਰ ਭਾਈ ਕੁਲਵੰਤ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਨਹੀਂ ਲੈ ਕੇ ਆਈ। 10 ਜੂਨ ਨੂੰ ਸਵੇਰ ਹੀ ਪੁਲਿਸ ਨੇ ਇਕ ਵੱਡੀ ਪ੍ਰੈੱਸ ਕਾਨਫਰੰਸ ਸੱਦ ਕੇ ਇਹ ਐਲਾਨ ਕਰ ਦਿੱਤਾ ਕਿ ਪੱਟੀ, ਤਰਨਤਾਰਨ ਦਾ ਮੁੱਖ ਦੋਸ਼ੀ ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਵਾਸੀ ਨਾਗੋਕੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ ਹੈ

ਪੁਲਿਸ ਦੀ ਕਹਾਣੀ ਅਨੁਸਾਰ ਕੁਲਵੰਤ ਸਿੰਘ ਜੋ ਸਦਰ ਥਾਣੇ ਦੀ ਅਦਾਲਤ ਵਿਚ ਇਕ ਕੇਸ ਦੇ ਰਿਮਾਂਡ ਤਹਿਤ ਬੰਦ ਸੀ ਨੇ 9 ਅਤੇ 10 ਜੂਨ ਦੀ ਦਰਮਿਆਨੀ ਰਾਤ ਨੂੰ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਸ ਦੇ ਪੇਟ ਵਿਚ ਦਰਦ ਹੋ ਰਿਹਾ ਹੈ। ਇਸ 'ਤੇ ਡਿਊਟੀ 'ਤੇ ਤਾਇਨਾਤ ਮੁਣਸ਼ੀ ਨੇ ਦੋ ਸਿਪਾਹੀਆਂ ਸੇਵਕ ਸਿੰਘ ਅਤੇ ਮੋਹਣ ਲਾਲ ਦੀ ਡਿਊਟੀ ਲਾ ਦਿੱਤੀ ਕਿ ਮੁਲਜ਼ਮ ਨੂੰ ਹਸਪਤਾਲ ਦੇ ਐਮਰਜੰਸੀ ਵਾਰਡ ਵਿਚ ਇਲਾਜ ਲਈ ਲੈ ਜਾਣ. ਦੋਵੇਂ ਸਿਪਾਹੀ ਕੁਲਵੰਤ ਸਿੰਘ ਦੇ ਹੱਥਕੜੀ ਲਾ ਕੇ ਉਸ ਨੂੰ ਸਾਈਕਲ 'ਤੇ ਪਿਛੇ ਬਿਠਾ ਕੇ ਹਸਪਤਾਲ ਲਿਜਾ ਰਹੇ ਸਨ ਕਿ ਕੰਪਨੀ ਬਾਗ ਦੇ ਨੇੜੇ ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਦੇ ਸਾਹਮਣੇ ਮੁਲਜ਼ਮ ਕੁਲਵੰਤ ਸਿੰਘ ਸਿਪਾਹੀ ਸੇਵਕ ਸਿੰਘ ਦੇ ਮੂੰਹ 'ਤੇ ਹੱਥਕੜੀ ਮਾਰ ਕੇ ਦੌੜ ਗਿਆ। ਸਿਪਾਹੀ ਮੋਹਣ ਲਾਲ ਨੇ ਆਪਣੀ ਰਾਈਫਲ ਨਾਲ ਤਿੰਨ ਗੋਲੀਆਂ ਚਲਾਈਆਂ ਪਰ ਮੁਲਜ਼ਮ ਨੂੰ ਉਸ ਦੇ ਸਾਥੀ ਕਾਰ ਵਿਚ ਲੈ ਗਏ ਪੂਰੇ ਪੰਜਾਬ 'ਚ ਰੈਡ ਅਲਰਟ ਕਰ ਦਿੱਤਾ ਹੈ ਤੇ ਭੱਜੇ ਮੁਲਜ਼ਮ ਦੀ ਤਲਾਸ਼ ਜਾਰੀ ਹੈ। ਇਹ ਖਬਰ 11 ਜੂਨ 1982 ਦੇ ਅਖਬਾਰਾਂ ਦੀ ਮੁੱਖ ਸੁਰਖੀ ਸੀ।

ਭਾਈ ਕੁਲਵੰਤ ਸਿੰਘ ਦੀ ਪੁਲਿਸ ਹਿਰਾਸਤ ਵਿਚੋਂ ਫਰਾਰੀ ਦੇ ਡਰਾਮੇ ਤੋਂ ਥੋੜੇ ਹੀ ਸਮੇਂ ਬਾਅਦ ਪੁਲਿਸ ਦੇ ਕਈ ਹਜ਼ਾਰ ਸਿਪਾਹੀਆਂ ਅਤੇ ਸੀ. ਆਰ. ਪੀ. ਦੇ ਜਵਾਨਾਂ ਨੇ ਕੰਪਨੀ ਬਾਗ ਘੇਰ ਲਿਆ। ਕੰਪਨੀ ਬਾਗ ਵਿਚ ਸੰਘਣੇ ਹਦੇ ਮੰਗਾੜਿਆਂ ਉਪਰ ਰਾਈਫਲਾਂ ਤਾਣ ਲਈਆਂ ਗਈਆਂ, ਝਾੜੀਆਂ ਉਪਰ ਸਰਚਲਾਈਟਾਂ ਮਾਰੀਆਂ ਗਈਆਂ, ਪੂਰੇ 6 ਘੰਟੇ ਤਲਾਸ਼ੀ ਲਈ ਗਈ ਪਰ ਮੁਲਜ਼ਮ ਨਹੀਂ ਲੱਭ ਸਕਿਆ. ਪੁਲਿਸ ਵਿਭਾਗ ਨੇ ਤੁਰੰਤ ਕਾਰਵਾਈ ਕਰਦਿਆਂ ਦੋਹਾਂ ਸਿਪਾਹੀਆਂ ਨੂੰ ਮੁਅੱਤਲ ਕਰਕੇ ਲਾਈਨ ਹਾਜ਼ਰ ਕਰ ਦਿੱਤਾ ਅਤੇ ਮੁਲਜ਼ਮ ਕੁਲਵੰਤ ਸਿੰਘ ਦੇ ਸਿਰ ਉੱਪਰ ਹਰ ਦੱਸ ਹਜ਼ਾਰ ਰੁਪਏ ਦਾ ਇਨਾਮ ਰੱਖ ਦਿੱਤਾ ਗਿਆ ਅਤੇ ਇਕ ਨਵਾਂ ਕੇਸ ਉਸ ਦੇ ਖਿਲਾਫ ਧਾਰਾ 233, 205 ਅਤੇ 225 ਦੇ ਅਧੀਨ ਦਰਜ ਕਰ ਦਿੱਤਾ ਗਿਆ। ਇਹ ਪੁਲਿਸ ਦਾ ਪਹਿਲਾ ਡਰਾਮਾ ਸੀ

ਪੁਲਿਸ ਵਲੋਂ 9,10 ਜੂਨ ਦੀ ਅੱਧੀ ਰਾਤ ਪਿਛੋਂ ਕੰਪਨੀ ਬਾਗ ਤੋਂ ਸ਼ੁਰੂ ਕੀਤੇ ਡਰਾਮੇ ਦਾ ਅੰਤਿਮ ਸੀਨ 11 ਜੂਨ ਨੂੰ ਤਰਕਸਾਰ ਵੱਲਾ ਪਿੰਡ ਨੇੜੇ ਖੇਡਿਆ ਗਿਆ। ਵੱਲਾ ਨੇੜੇ ਨਹਿਰ ਦੇ ਪੁਲ ਦੇ ਨਜ਼ਦੀਕ ਲੋਕਾਂ ਨੇ ਸਵੇਰੇ ਸਵੇਰ ਇਕ ਅੰਮ੍ਰਿਤਧਾਰੀ ਸਿੰਘ ਦੀ ਲਾਸ਼ ਖੂਨ ਵਿਚ ਲਥਪਥ ਹੋਈ ਪਈ ਵੇਖੀ. ਇਹ ਲਾਸ਼ ਭਾਈ ਕੁਲਵੰਤ ਸਿੰਘ ਦੀ ਸੀ ਜਿਸ ਨੂੰ ਪੁਲਿਸ ਨੇ 27 ਮਈ ਨੂੰ ਪੱਟੀ ਅਤੇ ਤਰਨਤਾਰਨ ਦੇ ਗੋਲੀ ਕਾਂਡ ਦੇ ਸਬੰਧ ਵਿਚ ਪਿੰਡ ਖਲਚੀਆਂ ਤੋਂ ਟਰੈਕਟਰ ਠੀਕ ਕਰਵਾਉਂਦੇ ਨੂੰ ਚੁੱਕਿਆ ਸੀ. ਲਾਸ਼ ਦਾ ਮੱਥਾ ਸੜਿਆ ਹੋਇਆ ਸੀ, ਮੱਥੇ ਦੀ ਹੱਡੀ ਬਾਹਰ ਨਿਕਲੀ ਹੋਈ ਸੀ ਅਤੇ ਜਿਸ ਥਾਂ 'ਤੇ ਲਾਸ਼ ਮਿਲੀ ਸੀ

ਉਸ ਥਾਂ ਦੇ ਵੱਟ ਉੱਪਰ ਖੂਨ ਡੁਲ੍ਹਿਆ ਹੋਇਆ ਸੀ ਅਤੇ ਥੋੜੀ ਹੀ ਦੂਰ ਇਕ ਥੋਤਲ ਖੂਨ ਦੀ ਲਿਬੜੀ ਹੋਈ ਵੀ ਪਈ ਸੀ। ਪਿੰਡ ਵਾਲੇ ਦੇ ਲੋਕਾਂ ਨੇ ਦੱਸਿਆ, "ਅਸੀਂ ਅੱਧੀ ਰਾਤ ਤੱਕ ਮਹਿਤਾ ਨੂੰ ਜਾਂਦੀ ਸੜਕ 'ਤੇ ਪਿੰਡ ਤੋਂ ਥੋੜੀ ਦੂਰ ਬਹੁਤ ਹੀ ਜ਼ਿਆਦਾ ਰੌਲਾ ਸੁਣਿਆ, 'ਭੱਜ ਗਏ, ਭੱਜ ਗਏ, ਫੜੋ ਫੜ' ਫਿਰ ਬਹੁਤ ਹੀ ਜ਼ਿਆਦਾ ਗੋਲੀ ਚੱਲੀ, ਕਈ ਗੋਲੀਆਂ ਪਿੰਡ ਦੀਆਂ ਕੰਧਾਂ ਵਿਚ ਵੀ ਵੱਜੀਆਂ। ਪੁਲਿਸ ਬਹੁਤ ਹੀ ਵੱਡੀ ਗਿਣਤੀ ਵਿਚ ਪਿੰਡ ਵਿਚ ਘੁੰਮਦੀ ਰਹੀ, ਸੜਕ 'ਤੇ ਪੁਲਿਸ ਦੀਆਂ ਬਹੁਤ ਗੱਡੀਆਂ ਘੁੰਮ ਰਹੀਆਂ ਸਨ, ਗੋਲਾਬਾਰੀ ਸਿਰਫ ਪੁਲਿਸ ਦੀ ਹੀ ਲੱਗਦੀ ਸੀ ਇਕ ਤਰਫੀ ਜਿਹੀ।"

11 ਜੂਨ ਨੂੰ ਪੁਲਸ ਨੇ ਫਿਰ ਇਕ ਪ੍ਰੈਸ ਕਾਨਫਰੰਸ ਸੱਦ ਲਈ ਜਿਸ ਵਿਚ ਉਨ੍ਹਾਂ ਭਾਈ ਕੁਲਵੰਤ ਸਿੰਘ ਨੂੰ ਮਾਰਨ ਦਾ ਕਾਗਜ਼ੀ ਡਰਾਮਾ ਪੂਰਾ ਕਰ ਦਿੱਤਾ। ਪੁਲਿਸ ਨੇ ਦਾਅਵਾ ਕੀਤਾ "ਭਗੌੜਾ ਇਸ਼ਤਿਹਾਰੀ ਮੁਲਜ਼ਿਮ ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਨਾਗੋਕੇ ਜੋ ਕਿ ਇਕ ਖ਼ਤਰਨਾਕ ਗਰੁੱਪ ਨਾਲ ਸਬੰਧਤ ਹੈ, ਜਿਨ੍ਹਾਂ ਨੇ ਇਕ ਅੱਤਵਾਦੀ ਜਥੇਬੰਦੀ ਬਣਾਈ ਹੋਈ ਹੈ, ਕਈ ਕਤਲਾਂ ਵਿਚ ਲੋੜੀਂਦਾ ਇਹ ਅੱਤਵਾਦੀ ਪਿੰਡ ਵੱਲਾ ਕੋਲ ਨਹਿਰ ਦੇ ਪੁਲ 'ਤੇ ਨਾਕਾ ਪਾਰਟੀ ਨਾਲ ਇਕ ਮੁੱਠਭੇੜ ਵਿਚ ਮਾਰਿਆ ਗਿਆ ਹੈ, ਜਿਸ ਦੇ ਦੋ ਸਾਥੀ ਬੱਚ ਨਿਕਲਣ ਵਿਚ ਕਾਮਯਾਬ ਹੋ ਗਏ ਹਨ, ਉਨ੍ਹਾਂ ਦੀ ਭਾਲ ਜਾਰੀ ਹੈ, ਉਸ ਦੀ ਲਾਸ਼ ਕੋਲੋਂ ਇਕ 32 ਬੋਰ ਦਾ ਰਿਵਾਲਵਰ ਮਿਲਿਆ ਹੈ, ਇਸ ਤੋਂ ਇਲਾਵਾ 12 ਕਾਰਤੂਸ ਵੀ ਘਟਨਾ ਵਾਲੀ ਥਾਂ ਤੋਂ ਮਿਲੇ ਹਨ, ਪੁਲਿਸ ਪਾਰਟੀ ਦੀ ਅਗਵਾਈ ਇੰਸਪੈਕਟਰ ਹਰਜੀਤ ਸਿੰਘ ਕਰ ਰਿਹਾ ਸੀ।"

ਭਾਈ ਕੁਲਵੰਤ ਸਿੰਘ ਦੇ ਮੁੱਖੋਂ ਹਰਿ ਦਾ ਨਾਮ ਗੁਰੂ ਗੁਰੂ ਹੀ ਨਿਕਲਿਆ। ਕਿਸੇ ਸਾਥੀ ਸਿੰਘ ਦਾ ਨਾਮ ਜਾਂ ਆਪਣੀ ਜਥੇਬੰਦੀ ਦਾ ਕੋਈ ਭੇਦ ਪੁਲਿਸ ਉਨ੍ਹਾਂ ਦੇ ਮੂੰਹੋਂ ਨਹੀਂ ਕਢਵਾ ਸਕੀ। ਭਾਈ ਸਾਹਿਬ ਜੀ ਪੁਲਿਸ ਜਬਰ ਝੱਲਦੇ ਹੋਏ ਸ਼ਹੀਦ ਹੋ ਗਏ ਸਨ। ਬਾਅਦ ਵਿਚ ਪੁਲਿਸ ਡਰਾਮੇ ਖੇਡਦੀ ਰਹੀ। ਲਾਸ਼ ਜਦੋਂ ਪੋਸਟਮਾਰਟਮ ਲਈ ਲਿਆਂਦੀ ਗਈ, ਉਨ੍ਹਾਂ ਦੇ ਨੀਲੀ ਦਸਤਾਰ ਬੰਨੀ ਹੋਈ ਸੀ, ਚਿੱਟਾ ਚੋਲਾ, ਲੱਕ ਨਾਲ ਕਮਰਕਸਾ ਬੰਨਿਆ ਹੋਇਆ ਸੀ। ਦੇਖਣ ਤੋਂ ਇੰਝ ਜਾਪ ਰਿਹਾ ਸੀ ਜਿਵੇਂ ਕਿਸੇ ਨੇ ਦਸਤਾਰ ਬੰਨ ਕੇ ਚੋਲਾ ਮ੍ਰਿਤਕ ਸਰੀਰ 'ਤੇ ਧੱਕੇ ਨਾਲ ਪਾਇਆ ਹੋਵੇ।

ਤਿੰਨ ਡਾਕਟਰਾਂ ਦੇ ਪੈਨਲ ਨੇ ਭਾਈ ਸਾਹਿਬ ਦਾ ਪੋਸਟਮਾਰਟਮ ਕੀਤਾ। ਡਾਕਟਰ ਬਲਦੇਵ ਸਿੰਘ, ਡਾਕਟਰ ਫਿਲਪ ਅਤੇ ਡਾਕਟਰ ਮਨਮੋਹਨ ਸਿੰਘ ਇਸ ਟੀਮ ਵਿਚ ਸ਼ਾਮਲ ਸਨ। ਲਾਸ਼ ਦੇ 10 ਗੋਲੀਆਂ ਵੱਜੀਆਂ ਸਨ ਅਤੇ ਕੁੱਟਮਾਰ ਦੇ ਕਾਫੀ ਨਿਸ਼ਾਨ ਸਨ। ਗੁਰੂ ਤੇਗ ਬਹਾਦਰ ਹਸਪਤਾਲ ਵਿਚ ਜਿਥੇ ਉਨ੍ਹਾਂ ਦੀ ਲਾਸ਼ ਪਈ ਸੀ, ਉਥੇ ਬਹੁਤ ਭਾਰੀ ਗਿਣਤੀ ਵਿਚ ਸੰਗਤ ਇਕੱਠੀ ਹੋ ਗਈ, ਜਿਨ੍ਹਾਂ ਦੇ ਚਿਹਰਿਆਂ 'ਤੇ ਇਕ ਰੋਹ ਉਮੜ ਰਿਹਾ ਸੀ। 12 ਜੂਨ ਨੂੰ ਦਸ ਵਜੇ ਪਿੰਡ ਨਾਗੋਕਿਆਂ ਵਿਖੇ ਭਾਈ ਸਾਹਿਬ ਜੀ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ। ਸਸਕਾਰ ਵਿਚ ਪੰਥ ਦੀਆਂ ਸਿਰਮੌਰ ਸ਼ਖ਼ਸੀਅਤਾਂ ਹਾਜ਼ਰ ਸਨ।

ਬੱਬਰਾਂ ਨੇ ਭਾਈ ਕੁਲਵੰਤ ਸਿੰਘ ਬੱਬਰ ਨੂੰ ਖ਼ਾਲਸਤਾਨ ਦਾ ਪਹਿਲਾ ਸ਼ਹੀਦ ਕਰਾਰ

ਦਿੱਤਾ। ਸ਼ਹੀਦ ਭਾਈ ਕੁਲਵੰਤ ਸਿੰਘ ਬੱਬਰ ਦੇ ਭੋਗ 'ਤੇ ਜਿਥੇ ਸਿਆਸੀ ਲੀਡਰ ਭਾਸ਼ਣ ਝਾੜ ਰਹੇ ਸਨ ਉਥੇ ਦੂਜੇ ਪਾਸੇ ਸ਼ਹੀਦ ਸਿੰਘ ਦੇ ਸਾਥੀ ਅਰਦਾਸ ਅੰਦਰ ਜੁੜ ਇਹ ਸੰਕਲਪ ਲੈ ਰਹੇ ਸਨ ਕਿ "ਕੌਮ ਦੀ ਅਜ਼ਾਦੀ ਲਈ ਆਖਰੀ ਦਮ ਤੱਕ ਲੜਾਂਗੇ, ਜਿਤ ਕੇ ਹੀ ਘਰਾਂ ਨੂੰ ਪਰਤਾਂਗੇ ਨਹੀਂ ਤਾਂ ਨਹੀਂ, ਗੁਰੂ ਤੋਂ ਸ਼ਹਾਦਤਾਂ ਮੰਗਦੇ ਹਾਂ ਜਾਂ ਅਜ਼ਾਦੀ ਮੰਗਦੇ ਹਾਂ।" ਸ਼ਹੀਦ ਭਾਈ ਕੁਲਵੰਤ ਸਿੰਘ ਬੱਬਰ ਨਾਗੋਕੇ ਉਰਫ ਭਾਈ ਜਸਵੰਤ ਸਿੰਘ ਬੱਬਰ ਆਪਣੀ ਸ਼ਹਾਦਤ ਨਾਲ ਕੌਮ ਦੀ ਆਜ਼ਾਦੀ ਲਈ ਇਕ ਚਿਣਗ ਬਾਲ ਗਿਆ ਜੋ ਕੌਮ ਲਈ ਇਕ ਮਾਰਗ ਦਰਸ਼ਕ ਦੇ ਰੂਪ ਵਿਚ ਰੌਸ਼ਨੀ ਕਰ ਰਹੀ ਹੈ।

# ਜਥੇਦਾਰ ਭਾਈ ਸੁਖਦੇਵ ਸਿੰਘ ਬੱਬਰ ਦਾਸੂਵਾਲ

ਜ਼ਿਲਾ ਅੰਮ੍ਰਿਤਸਰ ਦਾ ਪਿੰਡ ਦਾਸੂਵਾਲ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੇ ਨਾਮ ਤੋਂ ਬਗੈਰ ਊਣਾ-ਊਣਾ ਜਿਹਾ ਲੱਗਦਾ ਹੈ। ਸਿੱਖ ਸੰਘਰਸ਼ ਦਾ ਦੂਜਾ ਪੜਾਅ ਪਿੰਡ ਰੋੜੇ ਤੋਂ ਬਾਅਦ ਦਾਸੂਵਾਲ ਦੀ ਬੱਬਰਾਂ ਦੀ ਬਹਿਕ ਨੂੰ ਆਖ ਦਈਏ ਤਾਂ ਇਹ ਝੂਠ ਨਹੀਂ

ਇਸ ਬੱਬਰਾਂ ਦੀ ਬਹਿਕ ਦੇ ਸਧਾਰਨ ਘਰਾਂ ਵਿਚ ਸਰਦਾਰ ਜਿੰਦ ਸਿੰਘ ਸੰਧੂ ਦੇ ਘਰ ਮਾਤਾ ਹਰਨਾਮ ਕੌਰ ਦੀ ਸੁਲੱਖਣੀ ਕੁਖੋਂ 9 ਅਗਸਤ 1955 ਨੂੰ ਇਕ ਯੋਧੇ ਨੇ ਜਨਮ ਲਿਆ। ਮਾਤਾ-ਪਿਤਾ ਨੇ ਛੋਟਾ ਨਾਮ ਸੁੱਖਾ ਰੱਖਿਆ। ਜੋ ਚਾਰ ਭਰਾਵਾਂ ਤੇ ਤਿੰਨ ਭੈਣਾਂ ਵਿਚੋਂ ਸਭ ਤੋਂ ਛੋਟਾ ਸੀ। ਜਿਸ ਨੂੰ ਕੌਮ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ "ਮੇਰਾ ਸੁੱਖਾ" ਆਖ ਕੇ ਕਈ ਵਾਰ ਸੰਬੋਧਨ ਕੀਤਾ। ਇਹ ਹੀ ਸੁੱਖਾ, ਭਾਈ ਸੁਖਦੇਵ ਸਿੰਘ ਬੱਬਰ ਦੇ ਰੂਪ ਵਿਚ ਜਦੋਂ ਬੱਬਰਾਂ ਦੀ ਬਹਿਕ ਤੋਂ ਦਿੱਲੀ ਦੇ ਤਖ਼ਤ ਵੱਲ ਕੌਮ ਦੀ ਆਜ਼ਾਦੀ ਲਈ ਤੁਰਿਆ, ਦੁਸ਼ਮਣਾਂ ਦੁਸ਼ਟਾਂ ਦੇ ਸਾਹ ਸੂਤੇ ਰਹੇ।

ਭਾਈ ਸਾਹਿਬ ਜੀ ਦੀ ਸਕੂਲੀ ਪੜ੍ਹਾਈ ਸਧਾਰਨ ਸੀ ਪਰ ਰੂਹਾਨੀ ਗਿਆਨ ਬਚਪਨ ਤੋਂ ਹੀ ਸਿਖਰਾਂ 'ਤੇ ਸੀ ਜੋ ਬੀਰਰਸ ਅੰਦਰ ਆਤਮਿਕ ਲਹਿਰਾਂ ਸੰਗ ਦੁਸ਼ਟਾਂ ਦੀ ਸੋਧ ਸੁਧਾਈ ਨਾਲ ਢੂੰਢਦਾ ਰਹਿੰਦਾ ਸੀ। ਅਖੰਡ ਕੀਰਤਨੀ ਜਥੇ ਤੇ ਭਾਈ ਫੌਜਾ ਸਿੰਘ ਵਰਗੇ ਰੰਗਲੇ ਸੱਜਣਾਂ ਦੀ ਸੰਗਤ ਦਾ ਲਾਲ ਰੰਗ ਅਜਿਹਾ ਲੱਗਾ ਕਿ ਉਹ ਨਾ ਤਾਂ ਮੈਲਾ ਹੋਇਆ, ਨਾ ਹੀ ਦਾਗੀ ਹੋਇਆ ਅਤੇ ਸ਼ਹਾਦਤ ਸਮੇਂ ਤੱਕ ਨਾ ਹੀ ਉਹ ਉਤਰਿਆ

ਜਦੋਂ ਭਾਈ ਫੌਜਾ ਸਿੰਘ ਆਪਣੇ ਉੱਪਰ ਪਏ ਹੋਏ ਇਕ ਕੇਸ ਵਿਚ ਪੈਰੋਲ 'ਤੇ ਜੇਲ੍ਹ ਵਿਚੋਂ ਛੁੱਟੀ ਆਏ ਤਾਂ ਉਨ੍ਹਾਂ ਨੇ ਆਪਣੇ ਪਿੰਡ, ਮਮੀਆਂ ਰੰਗਾ ਚੱਕ ਵਿਖੇ ਰਾਵੀ ਦਰਿਆ ਦੇ ਕਿਨਾਰੇ, ਜਿੱਥੇ ਉਨ੍ਹਾਂ ਇਕ ਖ਼ਾਲਸਾ ਫਾਰਮ ਬਣਾਇਆ ਹੋਇਆ ਸੀ, ਉੱਥੇ ਰੈਣਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ ਰੱਖਿਆ ਇਸ ਅੰਮ੍ਰਿਤ ਸੰਚਾਰ ਸਮਾਗਮ ਵਿਚ ਹੀ ਭਾਈ ਸੁਖਦੇਵ ਸਿੰਘ ਨੇ ਪੇਸ਼ ਹੋ ਕੇ ਅੰਮ੍ਰਿਤ ਛਕਿਆ। ਭਾਈ ਫੌਜਾ ਸਿੰਘ ਦਾ ਨਿੱਘਾ ਸੰਗ ਮਾਣਦਿਆਂ ਹੀ ਆਪ ਜੀ ਅਖੰਡ ਕੀਰਤਨੀ ਜਥੇ ਨਾਲ ਜੁੜੇ।

13 ਅਪ੍ਰੈਲ ਸੰਨ 1978 ਦੀ ਵਿਸਾਖੀ 'ਤੇ ਗੁਰੂ ਦੋਖੀਆਂ ਨੇ ਗੁਰੂ ਘਰ ਆ ਕੇ ਹੀ ਜਦੋਂ ਪੰਥ ਨੂੰ ਲਲਕਾਰਾ ਮਾਰਿਆ, ਫਿਰ ਗੁਰੂ ਵਾਲੇ ਇਹ ਗੱਲ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਭਾਈ ਫੌਜਾ ਸਿੰਘ ਉਸ ਸਮੇਂ ਲੰਗਰ ਵਿਚ ਸੇਵਾ ਕਰਦੇ ਆਟਾ ਗੁੰਨ ਰਹੇ ਸਨ। ਜਦੋਂ ਉਨ੍ਹਾਂ ਇਹ ਗੱਲ ਸੁਣੀ, ਉਹ ਆਟੇ ਨਾਲ ਲਿਬੜੇ ਹੱਥਾਂ ਨਾਲ ਹੀ ਆਪਣੇ ਸਾਥੀਆਂ ਭਾਈ ਅਮੋਲਕ ਸਿੰਘ, ਰਿਟਾਇਰਡ ਡੀ ਐਸ ਪੀ ਭਾਈ ਹਜ਼ੂਰਾ ਸਿੰਘ ਅਤੇ ਕੁਝ ਹੋਰ ਸਾਥੀ ਸਿੰਘਾਂ ਨਾਲ ਨਰਕਧਾਰੀਆਂ ਦਾ ਸਮਾਗਮ ਬੰਦ ਕਰਵਾਉਣ ਤੁਰ ਪਏ। ਪਹਿਲਾਂ ਉਨ੍ਹਾਂ ਨੇ ਉਸ ਸਮੇਂ ਦੀ ਅਕਾਲੀ ਸਰਕਾਰ ਦੇ ਮੰਤਰੀ ਜੀਵਨ ਸਿੰਘ ਉਮਰਾ ਨੰਗਲ ਨੂੰ ਇਨ੍ਹਾਂ ਨਿੰਦਕਾਂ ਦੇ ਅਡੰਬਰ ਨੂੰ ਬੰਦ ਕਰਵਾਉਣ ਲਈ ਕਿਹਾ। ਜਦੋਂ ਕੋਈ ਗੱਲ

ਨਾ ਬਣੀ ਤਾਂ ਭਾਈ ਫੌਜਾ ਸਿੰਘ ਸ਼ਾਂਤਮਈ ਢੰਗ ਨਾਲ ਵਾਹਿਗੁਰੂ ਦਾ ਜਾਪ ਕਰਦੇ ਆਪਣੇ ਸਾਥੀਆਂ ਸਮੇਤ ਨਰਕਧਾਰੀਆਂ ਦੇ ਪੰਡਾਲ ਵੱਲ ਚੱਲ ਪਏ ਉੱਥੇ ਪਹਿਲਾਂ ਤੋਂ ਹੀ ਤਿਆਰ ਹਥਿਆਰਬੰਦ ਗੁੰਡਿਆਂ ਨੇ ਪੰਜਾਬ ਪੁਲੀਸ ਤੇ ਆਰੀਆ ਸਮਾਜੀਆਂ ਦੀ ਸ਼ਹਿ ਨਾਲ ਸਿੰਘਾਂ 'ਤੇ ਹਮਲਾ ਕਰ ਦਿੱਤਾ। ਜਿੱਥੇ ਭਾਈ ਫੌਜਾ ਸਿੰਘ ਸਮੇਤ ਤੇਰਾਂ ਸਿੰਘ ਸ਼ਹੀਦ ਹੋ ਗਏ ਅਤੇ ਕਈ ਸਿੰਘ ਫੱਟੜ ਹੋ ਗਏ।

ਇਸ ਹੀ ਦਿਨ ਭਾਈ ਸੁਖਦੇਵ ਸਿੰਘ ਦਾ ਆਨੰਦ ਕਾਰਜ ਵੀ ਸੀ। ਅਖੰਡ ਕੀਰਤਨੀ ਜਥੇ ਦੀ ਇਹ ਮਰਿਆਦਾ ਗੁਰਮਤਿ ਅਨੁਸਾਰ ਹੁੰਦੀ ਹੈ ਕਿ ਸ਼ਾਦੀ ਜਥੇ ਦੇ ਸਿੰਘਾਂ ਦੇ ਕੀਰਤਨ ਸਮਾਗਮ ਵਿਚ ਹੀ ਹੁੰਦੀ ਹੈ। ਆਪ ਜੀ ਦੀ ਸ਼ਾਦੀ ਬੀਬੀ ਸੁਖਵੰਤ ਕੌਰ ਨਾਲ ਇਸ ਖ਼ੂਨੀ ਕਾਂਡ ਵਾਲੇ ਦਿਨ ਹੀ ਹੋਈ ਪਰ ਸ਼ਾਦੀ ਕੀਰਤਨ ਸਮਾਗਮ ਦੀ ਬਜਾਏ ਕਿਤੇ ਹੋਰ ਕਿਸ ਦੇ ਘਰੇ ਕੀਤੀ ਗਈ। ਆਨੰਦ ਕਾਰਜ ਦਾ ਖੁਸ਼ੀਆਂ ਭਰਿਆ ਸੂਹਾ ਸੂਹਾ ਸ਼ਗਨਾਂ ਮਹਿੰਦੀਆਂ ਦਾ ਕਾਰਜ ਗੁਰੂ ਲਈ ਦਿੱਤੀਆਂ ਸ਼ਹੀਦੀਆਂ ਸੰਗ ਸਗ ਦੀ ਲਹਿਰ ਅੰਦਰ ਬਦਲ ਗਿਆ। ਭਾਈ ਸੁਖਦੇਵ ਸਿੰਘ ਗੁਰੂ ਦੀ ਨਿੰਦਾ ਕਰਨ ਵਾਲਿਆਂ ਤੇ ਗੁਰੂ ਲਈ ਸ਼ਹੀਦ ਹੋਏ ਆਪਣੇ ਸਾਥੀਆਂ ਨੂੰ ਕਿਵੇਂ ਭੁੱਲ ਸਕਦੇ ਸਨ?

ਅਖੰਡ ਕੀਰਤਨੀ ਜਥਾ ਜਿੱਥੇ ਰੱਬੀ ਰੰਗ ਅੰਦਰ ਨਾਮ ਬਾਣੀ ਦੇ ਰਸ 'ਚ ਲੀਨ ਹੁੰਦਾ ਹੈ, ਉੱਥੇ ਉਹ ਪੂਰਬਲੇ ਇਤਿਹਾਸ ਦੀਆਂ ਸ਼ਹਾਦਤਾਂ ਨੂੰ ਅੰਗ ਸੰਗ ਰੱਖਦਾ ਬੀਰਰਸ ਦਾ ਖੰਡਾ ਵੀ ਖੜਕਾਉਂਦਾ ਹੈ, ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਦੀ ਹਿੰਦੋਸਤਾਨ ਨੂੰ ਅਜ਼ਾਦ ਕਰਵਾਉਣ ਲਈ ਕੱਟੀ ਉਮਰ ਕੈਦ, ਗ਼ਦਰੀ ਬਾਬਿਆਂ ਤੇ ਬੱਬਰ ਅਕਾਲੀਆਂ ਦੀਆਂ ਕੁਰਬਾਨੀਆਂ ਦੀ ਦੇਣ ਅਖੰਡ ਕੀਰਤਨੀ ਜਥਾ ਤੇ ਇਸ ਦੇ ਸਿੰਘ ਨਰਕਧਾਰੀਏ ਗੁਰੂ ਦੋਖੀਆਂ ਨੂੰ ਬੱਜਰ ਪਾਪ ਕਿਵੇਂ ਕਰਨ ਦੇਂਦੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਸਰਬ ਲੋਹ ਦੇ ਗੜਵਿਆਂ ਵਿਚ ਜਦ ਥੱਬ ਪਏ ਰਹਿੰਦੇ ਸਨ ਤਾਂ ਫਿਰ ਉਨ੍ਹਾਂ ਦੇ ਸਿੰਘਾਂ ਅੰਦਰ ਬਾਣੀ ਦਾ ਸਬਰ ਕਿੰਨਾ ਕੁ ਚਿਰ ਰਹਿ ਸਕਦਾ ਸੀ।

ਭਾਈ ਸੁਖਦੇਵ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਲਈ ਉਹ ਪਲ ਹੋਰ ਵੀ ਭਾਵੁਕ ਹੋ ਗਏ ਜਦੋਂ ਅਕਾਲੀ ਸਰਕਾਰ ਨੇ ਸ਼ਹੀਦ ਸਿੰਘਾਂ ਦੀਆਂ ਅਸਥੀਆਂ ਨੂੰ ਕੀਰਤਪੁਰ ਸਾਹਿਬ ਤਾਂ ਕੀ ਹਰੀ ਕੇ ਪੱਤਣ ਵਿਖੇ ਵੀ ਜਲ ਪ੍ਰਵਾਹ ਕਰਨ ਵਿਚ ਵਿਘਨ ਪਾ ਦਿੱਤਾ। ਦੂਜੇ ਪਾਸੇ ਕਾਤਲ ਨਰਕਧਾਰੀਆਂ ਨੂੰ ਸੁਰੱਖਿਆ ਦੇ ਕੇ ਬਾਦਲ ਸਰਕਾਰ ਨੇ ਆਪ ਦਿੱਲੀ ਪਹੁੰਚਦਾ ਕੀਤਾ

ਵਿਸਾਖੀ ਕਾਂਡ ਤੋਂ ਬਾਅਦ ਪੰਥ ਅੰਦਰ ਖਲਬਲੀ ਮੱਚ ਗਈ ਭਾਈ ਸੁਖਦੇਵ ਸਿੰਘ ਅਤੇ ਇਨ੍ਹਾਂ ਦੇ ਸੰਗੀ ਸਾਥੀਆਂ ਨੇ ਧੀਰ-ਧੀਰ ਪੰਥ ਦੀ ਵਿਗੜ ਰਹੀ ਹਾਲਤ ਬਾਰੇ ਗੰਭੀਰ ਵਿਚਾਰਾਂ ਕੀਤੀਆਂ। ਪੰਥ ਸੋਚਣ ਲਈ ਮਜ਼ਬੂਰ ਹੋ ਗਿਆ, ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਹੋਵੇ, ਗੁਰੂ ਘਰ ਦੇ ਦੋਖੀ ਘਰੇ ਆ ਕੇ ਸਿੰਘਾਂ ਨੂੰ ਸ਼ਹੀਦ ਕਰ ਜਾਣ ਸਰਕਾਰ ਕਾਤਲਾਂ ਦੀ ਪਿੱਠ 'ਤੇ ਖੜ ਜਾਵੇ, ਇਸ ਤੋਂ ਮਾੜੀ ਗੱਲ ਹੋਰ ਕੋਈ ਨਹੀਂ ਹੋ ਸਕਦੀ ਨਾਮ ਬਾਣੀ ਜਪਣ ਵਾਲੀਆਂ ਰੂਹਾਂ ਨੇ ਆਪਣੇ ਜਾਹੋਜਲਾਲ ਵਿਚ ਵਿਚਰ ਕੇ ਪੰਥ ਦੋਖੀਆਂ ਨੂੰ ਸੋਧਣ ਪ੍ਰਬੰਧਣ ਦਾ ਫ਼ੈਸਲਾ ਕਰ ਲਿਆ।

ਆਪਣੀ ਸ਼ਕਤੀ ਨੂੰ ਕੇਂਦਰਤ ਕਰਕੇ ਇਕ ਜਥੇਬੰਦੀ ਦਾ ਰੂਪ ਦੇਣ ਬਾਰੇ ਲੰਮੀਆਂ ਮੀਟਿੰਗਾਂ ਕੀਤੀਆਂ ਗਈਆਂ, ਜਿਨਾਂ ਵਿਚ ਭਾਈ ਸੁਖਦੇਵ ਸਿੰਘ ਤੋਂ ਇਲਾਵਾ ਚਲਦੇ ਚੱਕਰਵਰਤੀ ਵਹੀਰ ਦੇ ਮੁਖੀ ਭਾਈ ਤਲਵਿੰਦਰ ਸਿੰਘ ਪਰਮਾਰ ਨਰੂੜ ਪਾਂਸ਼ਟਾਂ, ਭਾਈ ਅਮਲਕ ਸਿੰਘ ਜੋ ਨਿਰੰਕਾਰੀ ਕਾਂਡ ਵਿਚ ਸਖਤ ਜ਼ਖ਼ਮੀ ਹੋ ਗਏ ਸਨ, ਭਾਈ ਸੁਲੱਖਣ ਸਿੰਘ ਵੈਰੋਵਾਲ, ਭਾਈ ਅਨੋਖ ਸਿੰਘ ਸੂਬਾ ਵੜਿੰਗ, ਭਾਈ ਤਰਸੇਮ ਸਿੰਘ ਕਾਲਾ ਸੰਘਿਆ, ਭਾਈ ਵਧਾਵਾ ਸਿੰਘ ਸੰਧੂ ਚੱਠੇ, ਭਾਈ ਸੁਰਿੰਦਰ ਸਿੰਘ ਨਾਗੋਕੇ ਜੋ ਇਕ ਖੇਤੀਬਾੜੀ ਇਸਪੈਕਟਰ ਸਨ, ਭਾਈ ਕੁਲਵੰਤ ਸਿੰਘ ਕੈਸ਼ੀਅਰ ਪੰਜਾਬ ਐਂਡ ਸਿੰਧ ਬੈਂਕ ਸ਼ਾਮਲ ਹੁੰਦੇ। ਇਨ੍ਹਾਂ ਸਿੰਘਾਂ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਰੂਹ ਰਵਾਂ ਤੁਰਦਿਆਂ, ਪੁਰਾਤਨ ਬੱਬਰ ਅਕਾਲੀਆਂ ਤੋਂ ਸੇਧ ਲੈਂਦਿਆਂ 'ਬੱਬਰ ਖ਼ਾਲਸਾ ਇੰਟਰਨੈਸ਼ਨਲ ਜਥੇਬੰਦੀ' ਨੂੰ ਹੋਂਦ ਵਿਚ ਲਿਆਂਦਾ ਅਤੇ ਗਿਆਨੀ ਤ੍ਰਿਲੋਕ ਸਿੰਘ ਦੇ ਨਾਵਲ 'ਗੋਲੀ ਚਲਦੀ ਰਹੇਗੀ ਦੁਸ਼ਟ ਸੋਧੇ ਜਾਣਗੇ', ਦੇ ਮੂਲ ਪਾਠ ਦੇ ਲੇਖ ਨੂੰ ਆਪਣੇ ਗੁਰੀਲਾ ਯੁੱਧ ਦਾ ਮਾਰਗ ਬਣਾਇਆ। ਇਕ ਅਹਿਮ ਫ਼ੈਸਲੇ ਅਨੁਸਾਰ ਜਥੇਬੰਦੀ ਦਾ ਪਹਿਲਾ ਜਥੇਦਾਰ ਭਾਈ ਸੁਰਿੰਦਰ ਸਿੰਘ ਨਾਗੋਕਿਆਂ ਨੂੰ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਪਰ ਸੁਰਿੰਦਰ ਸਿੰਘ ਨਾਗੋਕਿਆਂ ਨੇ ਇਹ ਜ਼ੁੰਮੇਵਾਰੀ ਸੰਭਾਲਣ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਉਹ ਆਪਣੇ ਭਤੀਜੇ ਭਾਈ ਬਲਵਿੰਦਰ ਸਿੰਘ ਨਾਲ ਪਹਿਲਾਂ ਤੋਂ ਹੀ ਸੰਤ ਜਰਨੈਲ ਸਿੰਘ ਹਰਾਂ ਨਾਲ ਜਥੇ ਵਿਚ ਸੇਵਾ ਕਰ ਰਹੇ ਸਨ। ਸਨ 1984 ਵਿਚ ਜੂਨ ਦੇ ਘਲੂਘਾਰੇ ਸਮੇਂ ਦੋਹੇਂ ਚਾਚਾ-ਭਤੀਜਾ ਦਰਬਾਰ ਸਾਹਿਬ ਵਿਖੇ ਹਿੰਦੁਸਤਾਨ ਦੀਆਂ ਜ਼ਾਲਮ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ

ਅਖੀਰ ਭਾਈ ਸੁਖਦੇਵ ਸਿੰਘ ਦੇ ਬੀਤੇ ਕਈ ਗੁਰੀਲਾ ਐਕਸ਼ਨਾਂ ਅਤੇ ਨਾਮ ਬਾਣੀ ਦੀ ਘਾਲ ਕਮਾਈ ਨੂੰ ਮੁਖ ਰੱਖ ਕੇ ਉਨ੍ਹਾਂ ਨੂੰ ਜਥੇਦਾਰ ਥਾਪ ਦਿੱਤਾ ਗਿਆ। ਭਾਈ ਕੁਲਵੰਤ ਸਿੰਘ ਕੈਸ਼ੀਅਰ "ਪੰਜਾਬ ਐਂਡ ਸਿੰਧ ਬੈਂਕ" ਦਾ ਨਾਮ ਬਦਲ ਕੇ, ਭਾਈ ਕੁਲਬੀਰ ਸਿੰਘ ਬੱਬਰ ਰੱਖ ਕੇ ਤੇ ਪ੍ਰੈਸ ਸਕੱਤਰ ਬੱਬਰ ਖ਼ਾਲਸਾ ਇੰਟਰਨੈਸ਼ਨਲ ਥਾਪ ਕੇ, ਪੰਜ ਸਿੰਘਾਂ ਨੂੰ ਮੀਤ ਜਥੇਦਾਰ ਬਣਾ ਦਿੱਤਾ ਗਿਆ। ਭਾਈ ਤਲਵਿੰਦਰ ਸਿੰਘ ਬੱਬਰ ਨੂੰ ਕੌਮਾਂਤਰੀ ਇੰਚਾਰਜ ਬਣਾ ਦਿੱਤਾ ਗਿਆ ਅਤੇ ਜਰਮਨੀ, ਕਨੇਡਾ, ਇੰਗਲੈਂਡ, ਹਾਲੈਂਡ ਆਦਿ ਦੇਸਾਂ ਵਿਚ ਜਥੇਬੰਦੀ ਨੂੰ ਸਰਗਰਮ ਕਰਨ ਲਈ ਕਿਹਾ ਗਿਆ।

ਇਹ ਭਾਈ ਸੁਖਦੇਵ ਸਿੰਘ ਬੱਬਰ ਦੀ ਯੁੱਧਨੀਤਕ ਸੋਚ ਹੀ ਸੀ ਕਿ ਅੱਜ ਵੀ ਇਹ ਜਥੇਬੰਦੀ ਕੌਮਾਂਤਰੀ ਪੱਧਰ ਤੱਕ ਇਕ ਕਠੋਰ ਅਧਾਰਤ ਖੜੀ ਹੈ। ਜਥੇਬੰਦੀ ਨੂੰ ਉਨ੍ਹਾਂ ਮਾਲਵਾ, ਮਾਝਾ, ਦੁਆਬਾ ਜ਼ੋਨਾਂ ਅੰਦਰ ਵੰਡ ਕੇ ਇਕ ਹੋਰ ਨੌਂ ਮੈਂਬਰੀ ਮੀਤ ਜਥੇਦਾਰਾਂ ਦੀ ਕਮਾਂਡ ਹੇਠ ਲਿਆਂਦਾ ਅੱਗੋਂ ਕੁਰਬਾਨੀਆਂ ਵਾਲਿਆਂ ਧਰਮ ਪ੍ਰਪੱਕ ਸਿੰਘਾਂ ਨੂੰ ਜ਼ਿਲ੍ਹਾ ਜਥੇਦਾਰ ਥਾਪਿਆ ਅਜਿਹੇ ਕਈ ਅਹਿਮ ਫ਼ੈਸਲੇ ਲੈ ਕੇ ਤੇ ਜਥੇਬੰਦੀ ਦੀ ਰੂਪ ਰੇਖਾ ਤਿਆਰ ਕਰਕੇ 13 ਅਪ੍ਰੈਲ 1982 ਨੂੰ ਸਿੰਘਾਂ "ਬੱਬਰ ਖ਼ਾਲਸਾ ਇੰਟਰਨੈਸ਼ਨਲ" ਜਥੇਬੰਦੀ ਹੋਂਦ ਵਿਚ ਲਿਆਂਦੀ ਤੇ ਭਾਈ ਅਮਲਕ ਸਿੰਘ ਦੀ 315 ਬੋਰ ਰਾਈਫਲ ਅਤੇ ਕੁਝ ਬਾਰਾਂ ਬੋਰ ਦੀਆਂ ਬੰਦੂਕਾਂ ਅਤੇ ਦੇਸੀ ਕਿਸਮ ਦੇ ਹਥਿਆਰਾਂ ਨਾਲ ਸਰਕਾਰੇ ਖ਼ਾਲਸਾ ਦੇ

ਪੁਰਾਤਨ ਨਿਸ਼ਾਨ ਸਾਹਿਬ ਨੂੰ ਨਾਨਕ ਨਿਵਾਸ ਦੀ ਉਪਰਲੀ ਛੱਤ ਉਪਰ ਝੁਲਾ ਕੇ ਸਲਾਮੀ ਦਿੱਤੀ। ਸਿੱਖ ਸੰਘਰਸ਼ ਲਈ ਵਜਾਏ ਇਸ ਬਿਗਲ ਨੇ ਦਰਬਾਰਾ ਸਿੰਘ ਦੀ ਪੰਜਾਬ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ।

ਭਾਈ ਸੁਖਦੇਵ ਸਿੰਘ ਬੱਬਰ ਵੱਲੋਂ ਆਪਣੀ ਜਥੇਬੰਦੀ ਵਿਚ ਜੁੜ ਰਹੇ ਮਰਜੀਵੜੇ ਸਿੰਘਾਂ ਨੂੰ ਆਪਣੇ ਨਾਮ ਮਗਰ ਬੱਬਰ ਲਿਖਣ ਅਤੇ ਕਹਿਣ ਲਈ ਹਦਾਇਤਾਂ ਕੀਤੀਆਂ ਗਈਆਂ ਤਾਂ ਕਿ ਪੁਰਾਤਨ ਬੱਬਰ ਅਕਾਲੀਆਂ ਦੇ ਪੂਰਨਿਆਂ 'ਤੇ ਚਲਦਿਆਂ ਹੋਇਆਂ "ਬੱਬਰ" ਨਾਮ ਇਕ ਤਹਿਰੀਕ ਬਣ ਸਕੇ। ਜਦੋਂ ਭਾਈ ਸੁਖਦੇਵ ਸਿੰਘ ਬੱਬਰ ਅਤੇ ਇਨ੍ਹਾਂ ਦੇ ਸੰਗੀ ਸਾਥੀਆਂ ਉੱਪਰ, ਇਨ੍ਹਾਂ ਦੇ ਪਰਿਵਾਰਾਂ ਉੱਪਰ ਪੰਜਾਬ ਸਰਕਾਰ ਵੱਲੋਂ ਜਬਰ ਜ਼ੁਲਮ ਵਧ ਗਏ ਤਾਂ ਸਾਰੇ ਰੂਪੋਸ਼ ਸਿੰਘ ਅਕਾਲ ਰੈਸਟ ਹਾਊਸ ਵਿਚ ਪਨਾਹਗੀਰ ਹੋ ਗਏ ਅਤੇ ਆਪਣਾ ਇਕ ਛੋਟਾ ਜਿਹਾ ਲੰਗਰ ਸਰਬਲੋਹ ਬਿਬੇਕ ਦੇ ਗੁਰਸਿੱਖੀ ਪਹਿਰ ਹੇਠ ਗੁਰੂ ਰਾਮਦਾਸ ਸਰਾਂ ਦੇ ਹੇਠਾਂ ਮਗਰਲੇ ਪਾਸੇ ਇਕ ਕਮਰੇ ਵਿਚ ਲੈ ਆਂਦਾ, ਜਿੱਥੇ ਪੂਰਨ ਸਰਬ ਲੋਹ ਬਿਬੇਕ ਦਾ ਨਿਯਮਬੱਧ ਗੁਰੂ ਭਣਕਾਰਾਂ ਵਿਚ ਲੰਗਰ ਸਜਦਾ ਸੀ। ਕਿਉਂਕਿ ਦਰਬਾਰ ਸਾਹਿਬ ਅੰਦਰ ਹੋਰ ਵੀ ਕਈ ਪੰਥਕ ਜਥੇਬੰਦੀਆਂ ਅਤੇ ਗੁਪਤਚਰ ਏਜੰਸੀਆਂ ਸਰਗਰਮ ਸਨ ਇਸ ਲਈ ਬੱਬਰਾਂ ਨੇ ਖ਼ਾਲਸਾਈ ਬਾਣੇ ਵਿਚ ਇਕ ਖਾਸ ਵਰਦੀ ਦਾ ਐਲਾਨ ਕੀਤਾ ਜੋ ਨਿਹੰਗ ਸਿੰਘਾਂ ਨਾਲ ਮਿਲਦੀ ਜੁਲਦੀ ਸੀ ਪਰ ਕਮਰਕੱਸੇ, ਦੁਮਾਲਿਆਂ ਦੇ ਕੇਸਰੀ ਰੰਗ ਅੰਦਰ ਅਤੇ ਚੋਲਿਆਂ ਦੀ ਬਣਤਰ ਸਿਲਾਈ ਵਿਚ ਫਰਕ ਲੈ ਆਂਦਾ ਤਾਂ ਕਿ ਜਥੇ ਦੇ ਸਿੰਘਾਂ ਦੀ ਪਛਾਣ ਅਸਾਨ ਹੋ ਸਕੇ ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚ ਤੀਜੀ ਏਜੰਸੀ ਅਤੇ ਵਿਗੜੇ ਤੁਰਕਾਂ ਦੀਆਂ ਗਲਤ ਹਰਕਤਾਂ ਨੂੰ ਰੋਕਿਆ ਜਾ ਸਕੇ ਜਿਸ ਕਾਰਨ ਸ਼ਰਧਾਲੂ ਸੰਗਤ ਪ੍ਰੇਸ਼ਾਨ ਹੁੰਦੀ ਸੀ।

ਹਿੰਦੁਸਤਾਨ ਦਾ ਪੂਰਾ ਸਰਕਾਰੀ ਗੁਪਤਚਰ ਵਿਭਾਗ ਆਪਣਾ ਹਰ ਹਰਬਾ ਵਰਤ ਕੇ ਸਿੱਖਾਂ ਦੇ ਧਰਮਯੁੱਧ ਨੂੰ ਬਦਨਾਮ ਕਰਨਾ ਅਤੇ ਖਿਲਾਰਨਾ ਚਾਹੁੰਦਾ ਸੀ। ਸ਼ੈਤਾਨ ਲੋਕ ਖਾੜਕੂ ਸਫ਼ਾਂ ਵਿਚ ਫੁੱਟ ਪਾ ਕੇ ਆਪਸ ਵਿਚ ਖ਼ੂਨੀ ਟਕਰਾ ਕਰਵਾਉਣਾ ਚਾਹੁੰਦੇ ਸਨ। ਪਰ ਗੁਰੂ ਵਾਲਿਆਂ ਨੇ ਏਜੰਸੀਆਂ ਦੀ ਇਕ ਨਾ ਚੱਲਣ ਦਿੱਤੀ। ਸਰਕਾਰੀ ਏਜੰਸੀਆਂ ਪੰਥ ਅੰਦਰ ਬਿਪਰਾਂ ਵੱਲੋਂ ਪਾਏ ਕੁਝ ਧਾਰਮਿਕ ਮਰਿਆਦਾ ਦੇ ਵਖਰੇਵਿਆਂ ਅਤੇ ਕੁਝ ਹੋਰ ਨੁਕਤਿਆਂ ਨੂੰ ਚੱਲ ਰਹੇ ਧਰਮਯੁੱਧ ਮੋਰਚੇ ਵਿਚ ਸ਼ਾਮਲ ਕਰਕੇ ਤੇ ਬੱਬਰਾਂ ਅਤੇ ਦਮਦਮੀ ਟਕਸਾਲ ਅੰਦਰਲੇ ਮੱਤਭੇਦ ਨੂੰ ਉਭਾਰ ਕੇ ਖ਼ੂਨੀ ਭਰਾ ਮਾਰੂ ਜੰਗ ਕਰਵਾਉਣਾ ਚਾਹੁੰਦੀਆਂ ਸਨ। ਫਲਾਣੇ ਰਾਗ ਮਾਲਾ ਪੜ੍ਹਦੇ ਹਨ, ਉਹ ਨਹੀਂ ਪੜ੍ਹਦੇ, ਫਲਾਣੇ ਪੰਜਵਾਂ ਕਕਾਰ ਕੇਸਕੀ ਨੂੰ ਮੰਨਦੇ ਹਨ, ਉਹ ਨਹੀਂ ਮੰਨਦੇ, ਉਹ ਸਰਬ ਲੋਹ ਦੇ ਬਾਟਿਆਂ ਵਿਚ ਖਾਂਦੇ ਹਨ, ਉਹ ਨਹੀਂ ਖਾਂਦੇ, ਉਹ ਅੰਮ੍ਰਿਤ ਐਂ ਛਕਾਉਂਦੇ ਹਨ, ਦੂਜੇ ਐਂ ਛਕਾਉਂਦੇ ਹਨ, ਫਲਾਣੇ ਲੌਂਗੋਵਾਲ ਨਾਲ ਗੱਲਾਂ ਕਰਦੇ ਹਨ, ਫਲਾਣੇ ਸਮਗਲਰਾਂ ਨਾਲ ਯਾਰੀ ਰੱਖਦੇ ਹਨ ਆਦਿ। ਇਸ ਤੋਂ ਇਲਾਵਾ ਏਜੰਸੀਆਂ ਅਤੇ ਨਿਰਲੇਪ ਕੌਰ ਦੀ ਗੁੰਡਾ ਫੌਜ ਵੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਗਲਤ ਕੰਮ ਕਰਕੇ ਖਾੜਕੂ ਸਫ਼ਾਂ ਨੂੰ ਬਦਨਾਮ ਕਰਨਾ ਚਾਹੁੰਦੀਆਂ ਸਨ।

ਪਰ ਸੰਤ ਜਰਨੈਲ ਸਿੰਘ ਅਤੇ ਭਾਈ ਸੁਖਦੇਵ ਸਿੰਘ ਬੱਬਰ ਵਿਚਕਾਰ ਕਦੇ ਵੀ ਕਈ ਗੱਲ ਗੁਸਤਾਖ਼ੀ ਵਾਲੀ ਜਾਂ ਆਪਾ ਵਿਰੋਧੀ ਨਹੀਂ ਹੋਈ। ਸੰਘਰਸ਼ੀ ਪੁਰਾਤਨ ਸਿੰਘ ਜੋ ਅੱਜ ਵੀ ਹਨ, ਉਹ ਭਲੀਭਾਂਤ ਸਭ ਜਾਣਦੇ ਹਨ। ਭਾਈ ਸੁਖਦੇਵ ਸਿੰਘ ਬੱਬਰ ਅਤੇ ਸੰਤ ਜਰਨੈਲ ਸਿੰਘ ਜੀ ਨੇ ਜਦੋਂ ਕਦੇ ਮਿਲਣਾ ਤਾਂ ਭਾਈ ਸਾਹਿਬ ਨੇ ਸੰਤਾਂ ਦੇ ਚਰਨਾਂ ਨੂੰ ਛੂਹਣ ਲੱਗਣਾ ਤਾਂ ਸੰਤਾਂ ਨੇ ਮੱਥਿਓਂ ਫੜ ਕੇ ਬੱਗਲਗੀਰ ਹੋਣਾ। ਸੰਤ ਜੀ ਕਈ ਵਾਰ ਭਾਈ ਸੁਖਦੇਵ ਸਿੰਘ ਬੱਬਰ ਨੂੰ "ਮੇਰਾ ਸੱਖਾ" ਆਖ ਕੇ ਸੰਬੋਧਨ ਹੁੰਦੇ ਸਨ। ਜੂਨ ਸੰਨ 1984 ਦੇ ਘਲੂਘਾਰੇ ਤੋਂ ਪਹਿਲਾਂ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਹਰ ਮਹੀਨੇ, ਮਹੀਨੇ ਦੇ ਆਖਰੀ ਸ਼ਨਿਚਰਵਾਰ ਨੂੰ, ਅਖੰਡ ਕੀਰਤਨੀ ਜਥੇ ਵੱਲੋਂ ਰੈਣਸਬਾਈ ਕੀਰਤਨ ਕੀਤਾ ਜਾਂਦਾ ਸੀ। ਇਹ ਇਤਿਹਾਸਕ ਸੱਚ ਹੈ ਤੇ ਜਥੇਬੰਦੀਆਂ ਦੇ ਪੁਰਾਤਨ ਸਿੰਘਾਂ ਨੇ ਇਹ ਕਹਾਣੀਆਂ ਅੱਖੀਂ ਡਿੱਠੀਆਂ ਹਨ ਕਿ ਰੈਣਸੁਬਾਈ ਕੀਰਤਨ ਸਮਾਗਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਪੂਰੇ ਜੰਗਜੂ ਜਥੇ ਸਮੇਤ ਅਤੇ ਭਾਈ ਸੁਖਦੇਵ ਸਿੰਘ ਬੱਬਰ ਆਪਣੇ ਜੰਗਜੂ ਜਥੇ ਸਮੇਤ ਇਕੱਠੇ ਹੀ ਇਕੋ ਜਾਹੋ-ਜਲਾਲ ਵਿਚ ਕੀਰਤਨ ਸਮਾਗਮ ਵਿਚ ਹਾਜ਼ਰੀ ਭਰਦੇ ਸਨ। ਇਤਫ਼ਾਕੀਆ ਇਕ ਵਾਰ ਇਸ ਤਰ੍ਹਾਂ ਹੋਇਆ ਕਿ ਜਦੋਂ ਸੰਤ ਜੀ ਅਤੇ ਬੱਬਰ ਇਕੱਠੇ ਸਮਾਗਮ ਵਿਚ ਆਏ ਤਾਂ ਸ਼ਹੀਦ ਭਾਈ ਫੌਜਾ ਸਿੰਘ ਜੀ ਦੀ ਸਿੰਘਣੀ ਬੀਬੀ ਅਮਰਜੀਤ ਕੌਰ ਇਕ ਸ਼ਬਦ "ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪਿ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ" ਗਾਇਨ ਕਰ ਰਹੇ ਸਨ। ਉਸ ਤੋਂ ਬਾਅਦ ਜਦੋਂ ਵੀ ਸੰਤ ਜੀ ਕੀਰਤਨੀ ਸਮਾਗਮ ਵਿਚ ਆਉਂਦੇ ਤਾਂ ਉਨ੍ਹਾਂ ਬੀਬੀ ਜੀ ਨੂੰ ਇਹ ਸ਼ਬਦ ਜ਼ਰੂਰ ਗਾਇਨ ਕਰਨ ਨੂੰ ਕਹਿਣਾ। ਦੋਹਾਂ ਜਥੇ ਅੰਮ੍ਰਿਤ ਵੇਲੇ ਤੱਕ ਕੀਰਤਨ ਸਰਵਣ ਕਰਕੇ ਜਾਂਦੇ।

ਪਰ ਇਹ ਸਾਂਝ ਸਰਕਾਰ ਅਤੇ ਕੁਝ ਫੈਡਰੇਸ਼ਨੀਆਂ ਨੂੰ ਚੰਗੀ ਨਹੀਂ ਸੀ ਲੱਗਦੀ। ਏਜੰਸੀਆਂ ਨੇ ਇਸ ਸਾਂਝ ਨੂੰ ਖ਼ੂਨੀ ਟਕਰਾਅ ਵਿਚ ਬਦਲਣ ਦੀ ਪੂਰੀ ਵਾਹ ਲਾਈ ਪਰ ਕਾਮਯਾਬੀ ਨਹੀਂ ਮਿਲੀ। ਏਜੰਸੀਆਂ ਇਹ ਜ਼ਰੂਰ ਕਰਨ ਵਿਚ ਕਾਮਯਾਬ ਹੋ ਗਈਆਂ ਕਿ ਪੰਥ ਦੀਆਂ ਦੋ ਸਿਰਮੌਰ ਜਥੇਬੰਦੀਆਂ ਨੂੰ ਕਈ ਧੜਿਆਂ ਵਿਚ ਵੰਡ ਦਿੱਤਾ। ਦਮਦਮੀ ਟਕਸਾਲ ਚਾਰ ਥਾਈਂ ਹੋ ਗਈ, ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਤਿੰਨ ਥਾਈਂ ਹੋ ਗਿਆ, ਸੰਤ ਜੀ ਅਤੇ ਭਾਈ ਸੁਖਦੇਵ ਸਿੰਘ ਬੱਬਰ ਦੀ ਸ਼ਹਾਦਤ ਨਾਲ ਇਸ ਜੰਗਜੂ ਸਾਂਝ ਦਾ ਅੰਤ ਹੋ ਗਿਆ।

ਹੁਣ ਇਨ੍ਹਾਂ ਬੀਤੀਆਂ ਕਹਾਣੀਆਂ ਨੂੰ ਤਰੋੜ ਮਰੋੜ ਕੇ ਮਤਲਬ ਲਈ ਵਰਤਣਾ ਸਿਰਫ਼ ਆਪਣੀਆਂ ਦੁਕਾਨਦਾਰੀਆਂ ਚਲਾਉਣੀਆਂ, ਆਪਣੀਆਂ ਲੀਡਰੀਆਂ ਚਮਕਾਉਣੀਆਂ ਜਾਂ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੈ। ਇਹ ਸਭ ਕੁਝ ਸਾਡੇ ਵਿਰੋਧੀ ਅਕਾਲੀ ਚਾਹੁੰਦੇ ਹਨ, ਸਰਕਾਰੀ ਏਜੰਸੀਆਂ ਚਾਹੁੰਦੀਆਂ ਹਨ। ਫੈਸਲਾ ਸੰਗਤ ਹੱਥ ਹੈ। ਕਈ ਵਾਰ ਇਹ ਬੜਾ ਮਹਿਸੂਸ ਹੁੰਦਾ ਹੈ ਕਿ ਬੱਬਰਾਂ ਬਾਰੇ ਕਲਮਾਂ ਲਿਖਦਿਆਂ ਕਿਉਂ ਰੁਕ ਗਈਆਂ? ਕੁਝ ਵੀਰ ਈਮਾਨਦਾਰੀ ਵੱਲੋਂ ਅੱਖਾਂ ਮੀਚ ਕੇ ਬੱਬਰਾਂ ਪ੍ਰਤੀ ਕੋਈ ਨਫ਼ਰਤ ਕਿਉਂ ਰੱਖ ਲੈਂਦੇ ਹਨ? ਉਹ ਬੱਬਰਾਂ ਦੇ ਜਥੇ ਦੇ ਸਿੰਘਾਂ ਮਗਰ "ਬੱਬਰ" ਲਿਖਣ ਲੱਗੇ ਕਿਉਂ

ਦਿੱਕਤ ਮਹਿਸੂਸ ਕਰਦੇ ਹਨ? ਬੱਬਰ ਨਾਮ ਪ੍ਰਤੀ ਪਤਾ ਨਹੀਂ ਉਹ ਕਿਉਂ ਈਰਖਾ ਰੱਖਦੇ ਹਨ?

ਜਦ ਕਿ ਪੁਰਾਤਨ ਖ਼ਾਲਸੇ ਦੀ ਰੂਹੇ ਰਵਾਂ ਪੁਰਬਲੇ ਸੰਜੋਗੀ ਸ਼ਹਾਦਤ ਦਰ ਸ਼ਹਾਦਤ ਤੁਰਦਿਆਂ ਬੱਬਰ ਖ਼ਾਲਸਾ ਹੋਂਦ ਵਿਚ ਆਇਆ ਜੋ ਇਕ ਲਹਿਰ ਦਾ ਵੇਗ ਆਪਣੀ ਮਸਤ ਚਾਲੇ ਨਿਰੰਤਰ ਵਹਿੰਦਾ ਆ ਰਿਹਾ ਹੈ। ਕਦੇ ਪੂਰੀ ਚੜ੍ਹਦੀਕਲਾ ਵਿਚ ਕਦੇ ਆਤਮਿਕ ਰੰਗਾਂ ਦੀਆਂ ਕਲੋਲਾਂ ਕਰਦਾ ਬੀਰਰਸੀ ਸਹਿਜ ਸੁਭਾਏ ਜਦ ਕਿ ਦਰਬਾਰ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ ਹੋਂਦ ਵਿਚ ਆਈਆਂ ਖਾੜਕੂ ਧਿਰਾਂ ਅੱਜ ਚੁੱਪ ਦਾ ਜੀਵਨ ਜੀਅ ਰਹੀਆਂ ਹਨ ਪਰ ਬੱਬਰ ਵੇਗ ਅੱਜ ਵੀ ਕਿਤੇ ਨਾ ਕਿਤੇ ਵਹਿੰਦਾ ਰਹਿੰਦਾ ਹੈ। ਉਦੋਂ ਭਾਈ ਸੁਖਦੇਵ ਸਿੰਘ ਬੱਬਰ ਦਾ ਕੇਸਰੀ ਦੁਮਾਲਾ ਚੌੜੀਆਂ ਅੱਖਾਂ ਵਾਲਾ ਚਿਹਰਾ ਅੱਖਾਂ ਸਾਹਮਣੇ ਆ ਜਾਂਦਾ ਹੈ।

ਇਕ ਦਫ਼ਾ ਸੰਗਤ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਤੁਸੀਂ ਤਖ਼ਤਪੋਸ਼ ਉੱਪਰ ਸੰਗਤ ਦੇ ਸਾਹਮਣੇ ਬੈਠਿਆ ਕਰੋ। ਭਾਈ ਸਾਹਿਬ ਜੀ ਮੁਸਕਰਾ ਕੇ ਬੋਲੇ "ਨਹੀਂ, ਸੰਗਤ ਵੱਡੀ ਹੈ, ਮੈਂ ਤਾਂ ਸੰਗਤ ਦੇ ਚਰਨਾਂ ਦੀ ਧੂੜ ਹਾਂ।"

ਫਿਰ ਕਿਸੇ ਨੇ ਸੰਤ ਜੀ ਦੀ ਗੱਲ ਕਹੀ, ਭਾਈ ਸਾਹਿਬ ਜੀ ਨੇ ਉਸ ਨੂੰ ਉੱਥੇ ਹੀ ਚੁੱਪ ਕਰਵਾ ਦਿੱਤਾ, "ਸੰਤ ਵੱਡੇ ਹਨ, ਉਨ੍ਹਾਂ ਨੇ ਸੰਗਤ ਨੂੰ ਜੋੜਨਾ ਹੈ, ਸੰਭਾਲਣਾ ਹੈ," ਹੱਸ ਕੇ ਕਹਿੰਦੇ "ਅਸੀਂ ਆਪਣਾ ਕੰਮ ਕਰਨਾ ਹੈ।"

ਭਾਈ ਸਾਹਿਬ ਜੀ ਨੇ ਜਥੇਬੰਦੀ ਨੂੰ ਗੁਪਤ ਰੂਪ ਵਿਚ ਗੁਰੀਲਾ ਯੁੱਧ ਵਿਚ ਨਿਪੁੰਨ ਕਰਨ ਵਿਚ ਜ਼ੋਰ ਦਿੱਤਾ। ਫੋਕੀ ਸ਼ੋਹਰਤ ਤੋਂ ਬਚਣ ਲਈ ਪਹਿਲਾਂ ਜਥੇਬੰਦੀ ਆਪਣੇ ਐਕਸ਼ਨਾਂ ਦੀ ਕੋਈ ਜ਼ੁੰਮੇਵਾਰੀ ਨਹੀਂ ਸੀ ਲੈਂਦੀ। ਜਦੋਂ ਇਹ ਮਹਿਸੂਸ ਹੋਇਆ ਕਿ ਬੱਬਰਾਂ ਦੇ ਐਕਸ਼ਨਾਂ ਦਾ ਲਾਹਾ ਹੋਰ ਵੀਰ ਖੱਟਣ ਦਾ ਯਤਨ ਕਰਦੇ ਹਨ ਤਾਂ ਭਾਈ ਸਾਹਿਬ ਜੀ ਦੀ ਹਦਾਇਤ 'ਤੇ ਬੱਬਰ ਐਕਸ਼ਨ ਵਾਲੀ ਥਾਂ 'ਤੇ ਜਥੇਬੰਦੀ ਵੱਲੋਂ ਜ਼ੁੰਮੇਵਾਰੀ ਦੀ ਚਿੱਠੀ ਰੱਖਣ ਲੱਗ ਪਏ। ਇਸ ਦ੍ਰਿਸ਼ਟੀ ਨੂੰ ਸੋਧਣ ਦੀ ਜ਼ੁੰਮੇਵਾਰੀ "ਬੱਬਰ ਖ਼ਾਲਸਾ ਇੰਟਰਨੈਸ਼ਨਲ" ਲੈ ਰਿਹਾ ਹੈ।

ਗੁਰੀਲਾ ਯੁੱਧ ਦਾ ਮਹਾਂਨਾਇਕ ਜਿਸ ਨੇ ਕਦੇ ਵੀ ਇਹ ਨਹੀਂ ਸੀ ਸੋਚਿਆ ਕਿ ਉਹ ਜਥੇਦਾਰ ਹੈ, ਇਸ ਲਈ ਉਸ ਨੇ ਕਿਸੇ ਐਕਸ਼ਨ 'ਤੇ ਨਹੀਂ ਜਾਣਾ। ਸਗੋਂ ਆਪਣੇ ਸੰਗੀਆਂ ਨਾਲ ਮੂਹਰੇ ਹੋ ਕੇ ਤੁਰਨਾ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਘੱਲਕਲਾਂ ਵਿਖੇ ਕਿਸੇ ਦੁਸ਼ਟ ਨੇ ਗੁਰੂ ਸਾਹਿਬ ਜੀ ਦੇ ਸਰੂਪ ਦੇ ਪੱਤਰੇ ਪਾੜ ਦਿੱਤੇ। ਜਦੋਂ ਇਸ ਗੱਲ ਦੀ ਖ਼ਬਰ ਬੱਬਰਾਂ ਨੂੰ ਲੱਗੀ ਤਾਂ ਭਾਈ ਸਾਹਿਬ ਆਪ ਖ਼ੁਦ ਨਾਲ ਭਾਈ ਸੁਲੱਖਣ ਸਿੰਘ ਵੈਰੋਵਾਲ ਤੇ ਭਾਈ ਅਨੋਖ ਸਿੰਘ, ਤਿੰਨੋਂ ਹੀ ਸਿੰਘ ਦਿਨ ਢਲਦੇ ਹੀ ਘੱਲਕਲਾਂ ਦੀਆਂ ਜੂਹਾਂ ਦੇ ਨੇੜੇ ਆ ਗਏ। ਜਦੋਂ ਥੋੜ੍ਹਾ ਹਨ੍ਹੇਰਾ ਹੋਇਆ ਤਾਂ ਜਥੇਦਾਰ ਨੇ ਉਸ ਡੇਰੇ ਦੇ ਮੁਖੀ ਨੂੰ ਜਾ ਉਠਾਇਆ ਅਤੇ ਸਾਰੀ ਕਹਾਣੀ ਦੀ ਤਫ਼ਤੀਸ਼ ਕਰਨ ਤੋਂ ਬਾਅਦ ਉਸ ਨੂੰ ਖੰਡੇ ਦੀ ਭੇਟ ਕਰ ਦਿੱਤਾ। ਘੱਲਕਲਾਂ ਤੋਂ ਪੈਦਲ ਹੀ ਰਾਤੋ-ਰਾਤ ਚੁੰਘੀਆਂ ਭਰਦੇ ਸਿੰਘ ਹਰੀਕੇ ਪੱਤਣ ਪਾਰ ਕਰ ਗਏ।

ਪਹਿਲਾਂ ਬੱਬਰ ਅਕਾਲ ਰੈਸਟ ਹਾਊਸ ਵਿਚ ਹੀ ਕਝ ਕਮਰਿਆਂ ਵਿਚ ਰਹਿੰਦੇ ਸਨ ਪਰ ਜਦੋਂ ਸੰਤ ਜੀ ਨਾਨਕ ਨਿਵਾਸ ਛੱਡ ਕੇ ਅਕਾਲ ਤਖ਼ਤ ਸਾਹਿਬ 'ਤੇ ਚਲੇ ਗਏ ਤਾਂ ਬੱਬਰਾਂ ਨੇ ਨਾਨਕ ਨਿਵਾਸ ਜਾ ਕੇ ਮੋਰਚੇ ਸੰਭਾਲ ਲਏ। ਬੱਬਰਾਂ ਨੇ ਕਈ ਕਿਸਮ ਦੇ ਦੇਸੀ ਬੰਬ ਅਤੇ ਹਥਿਆਰ ਆਪ ਬਣਾਏ। ਬਟਾਲੇ ਤੋਂ ਟੋਕੇ ਦੀਆਂ ਗਰਾਰੀਆਂ ਅਤੇ ਪਾਈਪਾਂ ਦੇ ਸਾਕਟਾਂ ਨੂੰ ਜੋੜ ਕੇ ਦੇਸੀ ਕਿਸਮ ਦੇ ਗਰਨੇਡ ਬਣਾਏ ਜ਼ਿਆਦਾ ਹਥਿਆਰ ਬੀ ਐਸ ਐਫ ਅਤੇ ਸੀ ਆਰ ਪੀ ਤੋਂ ਖੋਹੇ ਗੁਪਤ ਸਿੰਘਾਂ ਦੇ ਪਰਿਵਾਰਾਂ ਨੂੰ ਜਦੋਂ ਪੁਲੀਸ ਤੰਗ ਕਰਨ ਲੱਗ ਪਈ ਤਾਂ ਸਿੰਘਾਂ ਨੇ ਆਪਣੇ ਕਝ ਪਰਿਵਾਰਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਲੈ ਆਂਦਾ। ਪੁਲੀਸ ਦੇ ਜਬਰ ਦਾ ਖਾਸ ਨਿਸ਼ਾਨਾ ਭਾਈ ਸੁਖਦੇਵ ਸਿੰਘ ਦਾ ਪਰਿਵਾਰ ਅਤੇ ਰਿਸ਼ਤੇਦਾਰ, ਭਾਈ ਸੁਲੱਖਣ ਸਿੰਘ ਵੈਰੋਂਵਾਲ ਦਾ ਖਾਨਦਾਨੀ ਨੰਬਰਦਾਰ ਪਰਿਵਾਰ, ਭਾਈ ਅਨੋਖ ਸਿੰਘ ਇੰਸਪੈਕਟਰ ਦਾ ਪਰਿਵਾਰ ਬਣੇ ਜਦੋਂ ਜਥੇਦਾਰ ਦਾ ਭਰਾ ਮਹਿਲ ਸਿੰਘ ਜੋ ਏਅਰ ਫੋਰਸ ਵਿਚ ਟੈਕਨੀਸ਼ੀਅਨ ਸੀ ਘਰੇ ਛੁਟੀ ਆਇਆ ਤਾਂ ਉਹ ਵੀ ਪੁਲੀਸ ਜਬਰ ਦਾ ਸ਼ਿਕਾਰ ਬਣਿਆ। ਉਹ ਵੀ ਬੱਬਰ ਜਥੇ ਵਿਚ ਸ਼ਾਮਲ ਹੋ ਕੇ ਨਾਨਕ ਨਿਵਾਸ ਆ ਗਿਆ। ਜਥੇਦਾਰ ਦਾ ਦੂਜਾ ਭਰਾ ਅੰਗਰੇਜ਼ ਸਿੰਘ ਜੋ ਨੇਤਰਹੀਣ ਹੈ, ਉਸ ਨੂੰ ਵੀ ਪੁਲੀਸ ਨੇ ਨਹੀਂ ਬਖ਼ਸ਼ਿਆ। ਜਥੇਦਾਰ ਦਾ ਸਾਰਾ ਘਰ ਪੁਲੀਸ ਨੇ ਢਾਹ ਦਿੱਤਾ। ਤੇਰਾਂ ਏਕੜ ਜ਼ਮੀਨ ਵੀ ਪੁਲੀਸ ਨੇ ਖੜੀਆਂ ਫ਼ਸਲਾਂ ਸਾੜ ਕੇ ਵਾਹ ਦਿੱਤੀ। ਸਰਕਾਰ ਨੇ ਜਥੇਦਾਰ ਦੇ ਘਰ ਨੂੰ ਬੱਬਰਾਂ ਦੀ ਬਹਿਕ ਦਾ ਨਾਮ ਦੇ ਦਿੱਤਾ ਸੀ। ਕੋਈ ਇਨ੍ਹਾਂ ਨੂੰ ਬਾਗੀ ਭਾਊ ਅਤੇ ਕੋਈ ਇਨ੍ਹਾਂ ਨੂੰ "ਸੋਪੇ ਨੇ ਇਹ ਕਿਹੜੀ ਮਾੜੀ ਮੋਟੀ ਗੱਲ ਥੋੜ੍ਹੀ ਸੂ ਜੋ ਸਰਕਾਰ ਨਾਲ ਮੱਥਾ ਲਾਇਆ", ਆਖ ਦੇਂਦੇ ਸਨ।

ਜਦੋਂ ਦਰਬਾਰ ਸਾਹਿਬ ਉੱਪਰ ਹਿੰਦੋਸਤਾਨ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ ਤਾਂ ਬੱਬਰ ਆਪਣੇ ਕੋਲ ਜੋ ਸਧਾਰਨ ਹਥਿਆਰ ਸਨ, ਉਨ੍ਹਾਂ ਨਾਲ ਲੜੇ। ਫੌਜ ਕੋਲ ਅਤੀ ਨਵੀਨ ਕਿਸਮ ਦੇ ਟੈਂਕ, ਬੱਕਤਰਬੰਦ ਕੈਰੀਅਰ, 25 ਪਾਊਂਡਰ ਗੰਨਾਂ, ਆਰ ਸੀ ਐਲ ਗੰਨਾਂ, ਜ਼ਹਿਰੀਲੀਆਂ ਗੈਸਾਂ ਅਤੇ ਹੋਰ ਮਾਰੂ ਹਥਿਆਰ ਸਨ, ਜੋ ਪਾਕਿਸਤਾਨ ਨਾਲ ਲੜਾਈ ਸਮੇਂ ਵਰਤੇ ਜਾਂਦੇ ਸਨ। ਸਾਰੇ ਹੀ ਪੰਥਕ ਖਾੜਕੂ ਹਿੰਦੁਸਤਾਨ ਦੀ ਫੌਜ ਨਾਲ ਸਿਰ ਤਲੀਆਂ ਉੱਪਰ ਰੱਖ ਕੇ ਲੜੇ। ਭਾਈ ਸਾਹਿਬ ਨੇ ਆਪਣੇ ਸਾਰੇ ਸਿੰਘਾਂ ਨਾਲ ਇਕ ਮਤਾ ਪਾਸ ਕੀਤਾ। ਹੁਣ ਲੜਾਈ ਦਾ ਕੋਈ ਤਵਾਜ਼ਨ ਨਹੀਂ ਹੈ, ਇਸ ਕਰਕੇ ਇਸ ਜੰਗ ਨੂੰ ਅਗਾਂਹ ਜਾਰੀ ਰੱਖਣ ਲਈ ਫੌਜ ਦੇ ਘੇਰੇ ਵਿਚੋਂ ਨਿਕਲਣ ਦਾ ਫ਼ੈਸਲਾ ਕਰ ਲਿਆ। ਕਝ ਸਿੰਘ ਯਾਤਰੂਆਂ ਦੇ ਨਾਲ ਰਲ ਕੇ ਅਤੇ ਬਾਕੀ ਦੇ ਸਿੰਘ ਅਕਾਲ ਰੈਸਟ ਹਾਊਸ ਦੇ ਮਗਰਲੇ ਘਰਾਂ ਦੀਆਂ ਅਬਾਦੀਆਂ ਵਿਚੋਂ ਬਾਹਰ ਨਿਕਲ ਗਏ।

ਜਥੇਦਾਰ ਸਾਹਿਬ ਨੇ ਜਥੇਬੰਦੀ ਨੂੰ ਪਹਿਲਾਂ ਤੋਂ ਹੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਸਰਗਰਮ ਹੋਣ ਦਾ ਹੁਕਮ ਦਿੱਤਾ ਹੋਇਆ ਸੀ। ਖ਼ਾਲਸਾ ਕੁਝ ਚਿਰ ਹੀ ਖਾਮੋਸ਼ ਰਿਹਾ। ਅਜੇ ਨਰਕਧਾਰੀਆਂ ਨੂੰ ਪੱਟੀ, ਘੱਲਕਲਾਂ, ਮਾਨਸਾ, ਫਰੀਦਕੋਟ, ਕੋਟਭਾਈ, ਕਾਲਿਆਂ ਵਾਲੀ, ਚੰਡੀਗੜ੍ਹ ਵਿਖੇ ਨਿਰੰਜਣ ਅਫ਼ਸਰ, ਕਪੂਰਥਲੇ ਦੇ ਮਹਿੰਦਰਪਾਲ ਆਦਿ ਨੂੰ ਬੱਬਰਾਂ ਦੀ ਰੀਸ ਭੁਲੀ ਨਹੀਂ ਸੀ ਕਿ ਲੁਧਿਆਣਾ ਵਿਖੇ ਐਸ ਐਸ ਪੀ ਪਾਂਡੇ,

ਬਠਿੰਡੇ ਦੇ ਠਾਣੇਦਾਰ ਗੁਰਤਜ ਖੁਸ਼ਕੀ ਤੇ ਕੋਟਕਪੂਰੇ ਦੇ ਪਡੰਗੋ, ਲਾਲਾ ਭਗਵਾਨ ਦਾਸ ਜੈਤੋਂ ਉਪਰ ਹਮਲੇ ਦੀਆਂ ਖ਼ਬਰਾਂ ਮਿਲ ਗਈਆਂ। ਬੱਬਰਾਂ ਨੇ ਇਕ ਵੰਗਾਰ ਨਾ ਦਾ ਇਕ ਕਿਤਾਬਚਾ ਵੀ ਕੱਢਿਆ, ਜਿਸ ਵਿਚ ਸਿੱਖ ਸੰਘਰਸ਼ ਦਾ ਕਾਫੀ ਲੇਖਾ ਜੋਖਾ ਹੁੰਦਾ ਸੀ। ਇਕ ਕੇਸਰੀ ਰੰਗ ਦਾ ਇਸ਼ਤਿਹਾਰ ਛਾਪਿਆ ਜਿਸ ਵਿਚ ਇਕ ਪਾਸੇ ਦੋਸ਼ੀਆਂ ਦੇ ਨਾਮ ਸਨ ਤੇ ਸਾਹਮਣੇ ਥਾਂ ਖਾਲੀ ਰੱਖੀ ਸੀ ਜਿਸ ਵਿਚ ਲਿਖਿਆ ਸੀ ਇਸ ਦੁਸ਼ਟ ਨੂੰ ਸੋਧ ਕੇ ਖਾਲੀ ਥਾਂ ਭਰੋ। ਮਈ 1985 ਦੇ ਟਰਾਂਜਿਸਟਰ ਬੰਬ ਧਮਾਕਿਆਂ ਦੇ ਕੇਸ ਅਤੇ ਚੋਣ ਬਾਈਕਾਟ ਦੇ ਸਮੇਂ ਹੋਏ ਕਾਰ ਬੰਬ ਧਮਾਕਿਆਂ ਦੇ ਕੇਸ 22 ਸਾਲ ਬੀਤ ਜਾਣ 'ਤੇ ਅਜੇ ਵੀ ਭਾਈ ਸੁਖਦੇਵ ਸਿੰਘ ਬੱਬਰ ਅਤੇ ਇਨ੍ਹਾਂ ਦੇ ਸਾਥੀਆਂ ਉੱਪਰ ਸਰਕਾਰੀ ਫਾਈਲਾਂ ਵਿਚ ਅਤੇ ਅਦਾਲਤਾਂ ਅੰਦਰ ਚੱਕਰ ਕੱਟ ਰਹੇ ਹਨ।

ਖਾਲਸਤਾਨ ਪ੍ਰਤੀ ਜਦੋਂ ਇਕ ਪੱਤਰਕਾਰ ਨੇ ਜਥੇਦਾਰ ਤੋਂ ਪੁੱਛਿਆ ਤਾਂ ਜਵਾਬ ਬੜਾ ਹੀ ਸਪੱਸ਼ਟ ਸੀ, "ਖਾਲਸਤਾਨ ਤਾਂ ਸਰਕਾਰ ਨੇ ਆਪਣੇ ਕਰਿੰਦਿਆਂ ਰਾਹੀਂ ਸਾਡੇ ਮੂੰਹ ਵਿਚ ਪਾਇਆ ਹੈ, ਹੁਣ ਅਸੀਂ ਥੁਕਣਾ ਤਾਂ ਹੈ ਨਹੀਂ, ਗੁਰੂ ਨੂੰ ਫਿਕਰ ਹੈ ਸਾਡੀ ਅਜ਼ਾਦੀ ਦਾ, ਖਾਲਸਾ ਹਲੇਮੀ ਰਾਜ ਲਈ ਲੜ ਰਹੇ ਹਾਂ, ਖਾਲਸਤਾਨ ਵਿਚ ਹੀ ਹੈ, ਇਹ ਤਾਂ ਪੰਥ ਨੇ ਫ਼ੈਸਲਾ ਕਰਨਾ ਹੈ ਕਿ ਕੀ ਨਾਮ ਧਰਨਾ ਹੈ।"

ਜਦੋਂ ਪੱਤਰਕਾਰ ਨੇ ਪੁੱਛਿਆ ਤੁਸੀਂ ਕੋਈ ਹਿੱਟ ਲਿਸਟ ਬਣਾਈ ਹੈ? ਤੁਸੀਂ ਅਖ਼ਬਾਰਾਂ ਅੰਦਰ ਚਾਲੀ ਨਿਰੰਕਾਰੀਆਂ ਅਤੇ ਕੁਝ ਪੁਲੀਸ ਅਫ਼ਸਰਾਂ ਨੂੰ ਮਾਰਨ ਦੀ ਜ਼ੁੰਮੇਵਾਰੀ ਲਈ ਹੈ।

ਜਥੇਦਾਰ ਦਾ ਜਵਾਬ ਬੜਾ ਸਪੱਸ਼ਟ ਸੀ, "ਇਹ ਕੋਈ ਮੁਕਰਨ ਵਾਲੀ ਗੱਲ ਨਹੀਂ, ਬੁਰੇ ਕੰਮ ਕਰਨ ਵਾਲੇ ਦੁਸ਼ਟਾਂ ਨੂੰ ਪਤਾ ਹੀ ਹੁੰਦਾ ਹੈ ਕਿ ਮੈਂ ਮਾੜਾ ਕੰਮ ਕੀਤਾ ਹੈ ਫਿਰ ਗੁਰੂ ਸਾਥੋਂ ਸੇਵਾ ਲੈ ਲੈਂਦਾ ਹੈ।"

ਉਨ੍ਹਾਂ ਦਾ ਕਥਨ ਸੀ, "ਪੱਤਰਕਾਰੋ ਤੁਸੀਂ ਲੀਡਰਾਂ ਦੇ ਬਿਆਨ ਹੀ ਛਾਪਿਆ ਕਰੋ, ਸਾਨੂੰ ਪੰਥ ਦੀ ਸੇਵਾ ਕਰਨ ਦਿਆ ਕਰੋ।"

ਪੂਰੀ ਤਰ੍ਹਾਂ ਗੁਪਤ ਰੂਪ ਵਿਚ ਰਹਿ ਰਿਹਾ ਸੁਖਦੇਵ ਸਿੰਘ ਸਿਰਫ ਇਕ ਦੋ ਵਾਰ ਸੰਨ 1978 ਤੋਂ 1992 ਤੱਕ ਪ੍ਰੈਸ ਨੂੰ ਮਿਲਿਆ। ਆਪਣਾ ਨਾਮ ਅਤੇ ਭੇਸ ਬਦਲੀ ਕਰਕੇ ਉਹ ਲੋਕ ਜੰਗਲ ਵਿਚ ਲੁਕਿਆ ਫਿਰਦਾ ਰਿਹਾ। ਜਦੋਂ ਐਸ ਐਸ ਪੀ ਗੋਬਿੰਦ ਰਾਮ ਬਟਾਲੇ ਲੱਗਾ ਤਾਂ ਉਸ ਨੇ ਜਥੇਦਾਰ ਦੇ ਭਰਾ ਭਾਈ ਮਹਿਲ ਸਿੰਘ ਦੀ ਧਰਮ ਪਤਨੀ ਗੁਰਮੀਤ ਕੌਰ ਅਤੇ ਜਥੇਬੰਦੀ ਦੇ ਪ੍ਰੈਸ ਸਕੱਤਰ ਭਾਈ ਕੁਲਵੰਤ ਸਿੰਘ ਕੈਸ਼ੀਅਰ ਦੀ ਧਰਮਪਤਨੀ ਗੁਰਦੇਵ ਕੌਰ ਨੂੰ ਫੜ ਕੇ ਬੀਕੋ ਸੈਂਟਰ ਲਿਜਾ ਕੇ ਅੰਨਾ ਤਸ਼ੱਦਦ ਕੀਤਾ ਤਾਂ ਉਨ੍ਹਾਂ ਨੇ ਇਸ ਨੂੰ ਹੁਕਮੀ ਖੇਡ ਹੀ ਕਿਹਾ, ਪਤਾ ਨਹੀਂ ਗੁਰੂ ਨੂੰ ਕੀ ਮੰਨਜ਼ੂਰ ਹੈ। ਬਾਅਦ ਵਿਚ ਸਿੰਘਾਂ ਨੇ ਐਸ ਐਸ ਪੀ ਗੋਬਿੰਦ ਰਾਮ ਨੂੰ ਸੋਧ ਦਿੱਤਾ।

ਜਥੇਬੰਦੀ ਦੇ ਮੀਤ ਜਥੇਦਾਰ ਭਾਈ ਸੁਲੱਖਣ ਸਿੰਘ ਬੱਬਰ ਫੇਰੋਵਾਲ ਜਦੋਂ ਜ਼ੀਰੇ ਤੋਂ ਟਰੈਕਟਰ 'ਤੇ ਜਾਂਦੇ ਕਿਸੇ ਕੈਟ ਦੀ ਸ਼ਨਾਖਤ 'ਤੇ ਫੜ ਗਏ ਤਾਂ ਜਥੇਦਾਰ ਨੇ ਮਹਿਸੂਸ ਕੀਤਾ ਕਿ ਜਥੇਬੰਦੀ ਵਿਚ ਕਿਤੇ ਸਰਕਾਰੀ ਘੁਸਪੈਠ ਹੋ ਚੁੱਕੀ ਹੈ। ਇਸ 'ਤੇ ਉਨ੍ਹਾਂ ਜਥੇ ਦੀ

ਕਾਂਈ ਅਤੇ ਸਧਾਈ ਸ਼ੁਰੂ ਕੀਤੀ। ਆਪਣਾ ਟਿਕਾਣਾ ਰਾਜਪੁਰੇ ਤੋਂ ਬਦਲ ਕੇ ਪਟਿਆਲੇ ਲੈ ਆਂਦਾ। ਹਾਈਕਮਾਂਡ ਦੀ ਸਲਾਹ ਨਾਲ ਉਨ੍ਹਾਂ ਨੇ ਨਾਭੇ ਵਾਲੀਆਂ ਬੀਬੀਆਂ ਦੇ ਜਥੇ ਵਿਚੋਂ ਬੀਬੀ ਜਵਾਹਰ ਕੌਰ ਨਾਲ ਆਨੰਦ ਕਾਰਜ ਕਰਵਾ ਲਿਆ। ਆਪ ਜੀ ਦੀ ਪਹਿਲੀ ਪਤਨੀ ਤੋਂ ਤਿੰਨ ਬੱਚੇ ਹਨ, ਦੂਜੀ ਪਤਨੀ ਤੋਂ ਇਕ ਬੱਚਾ ਹੈ। ਪਟਿਆਲੇ ਆਪਜੀ ਅਰਬਨ ਅਸਟੇਟ ਵਿਖੇ ਇਕ ਵਾਈਟ ਹਾਊਸ ਨਾਮ ਦੀ ਕੋਠੀ ਬਣਾ ਕੇ ਰਹਿਣ ਲੱਗ ਪਏ। 25 ਜੂਨ 13 ਹਾੜ 1992 ਨੂੰ ਮੋਤੀ ਬਾਗ ਹਲਕ ਵਿਚ ਜਦੋਂ ਮਾਲਵਾ ਜ਼ੋਨ ਦੇ ਸੇਵਾਦਾਰ ਭਾਈ ਹਰਭਜਨ ਸਿੰਘ ਸੰਤ ਬੱਬਰ ਵਾਸੀ ਫਿਲੌਰ ਉਰਫ ਮਟੂ ਵੀਰ ਜੀ ਇਨ੍ਹਾਂ ਨੂੰ ਮਿਲ ਕੇ ਗਏ ਤਾਂ ਸੜਕ ਉੱਪਰ ਕਝ ਦੂਰੀ 'ਤੇ ਭਾਈ ਮੰਡ ਦੇ ਸਕੂਟਰ ਵਿਚ ਪੁਲੀਸ ਕੈਟਾਂ ਨੇ ਜਿਪਸੀ ਦੀ ਟੱਕਰ ਮਾਰੀ। ਦਥ ਹੋਈ ਗੋਲਾਬਾਰੀ ਵਿਚ ਭਾਈ ਮੰਡ ਸ਼ਹੀਦ ਹੋ ਗਏ ਅਤੇ ਇਕ ਰਿਕਸ਼ਾ ਚਾਲਕ ਵੀ ਮੌਕੇ 'ਤੇ ਮਾਰਿਆ ਗਿਆ। ਇਸ ਘਟਨਾ ਤੋਂ ਬਾਅਦ ਜਥੇਦਾਰ ਨੇ ਪਟਿਆਲਾ ਛੱਡਣ ਦਾ ਫ਼ੈਸਲਾ ਕਰ ਲਿਆ। ਇਸ ਸੰਬੰਧ ਵਿਚ ਉਨ੍ਹਾਂ ਆਪਣੇ ਸੰਗੀਆਂ ਨੂੰ ਦੱਸ ਵੀ ਦਿੱਤਾ ਸੀ।

ਸੰਨ 1992 ਦੇ ਜੁਲਾਈ, ਅਗਸਤ ਦੇ ਦੋ ਮਹੀਨਿਆਂ ਵਿਚ ਸਿੱਖ ਸੰਘਰਸ਼ ਦੇ ਚੋਟੀ ਦੇ ਜਰਨੈਲ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਭਾਈ ਰਛਪਾਲ ਸਿੰਘ ਛੰਦੜਾ, ਭਾਈ ਸੰਘਾ, ਭਾਈ ਸੁਖਪਾਲ ਸਿੰਘ ਬੱਬਰ, ਭਾਈ ਬਲਦੀਪ ਸਿੰਘ ਬੱਬਰ ਫੂਲ ਆਦਿ ਸਿੰਘ ਸ਼ਹੀਦ ਹੋ ਗਏ ਸਨ। ਜਥੇਦਾਰ ਭਾਈ ਸੁਖਦੇਵ ਸਿੰਘ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਖਾੜਕੂ ਸਫਾ ਵਿਚ ਕਿਤੇ ਘੁਸਪੈਠ ਹੋ ਚੁਕੀ ਹੈ। ਕਝ ਦਿਨਾਂ ਵਿਚ ਹੀ ਸੰਘਰਸ਼ ਦਾ ਕਿੰਨਾ ਨੁਕਸਾਨ ਹੋ ਚੁੱਕਾ ਸੀ।

ਦੂਜੇ ਪਾਸੇ ਕੇ ਪੀ ਐਸ ਗਿੱਲ ਵੀ ਨਿਤ ਨਵੀਂ ਖੁਸ਼ਖਬਰੀ ਦੇਣ ਲਈ ਪ੍ਰੈਸ ਨੂੰ ਕਹਿ ਰਿਹਾ ਸੀ। ਕਦੇ ਪ੍ਰੈਸ ਇਹ ਵੀ ਲਿਖ ਦਿੰਦੀ ਸੀ ਕਿ ਲੁਧਿਆਣੇ ਕੋਲ ਨਹਿਰ ਦੇ ਕਿਨਾਰੇ ਇਕ ਰੈਸਟ ਹਾਊਸ ਵਿਚ ਬੱਬਰਾਂ ਲਈ ਕੰਮ ਕਰਨ ਵਾਲੇ ਇਕ ਡੀ ਐਸ ਪੀ ਨੂੰ ਫੜ ਕੇ ਰੱਖਿਆ ਹੈ। ਕਦੇ ਇਹ ਖ਼ਬਰ ਲੱਗ ਜਾਂਦੀ ਸੀ ਲਿਬਰੇਸ਼ਨ ਫੋਰਸ ਦਾ ਕੋਈ ਸਿੰਘ ਪੁਲੀਸ ਲਈ ਕੰਮ ਕਰ ਰਿਹਾ ਹੈ। ਅਖੀਰ ਪੁਲੀਸ ਆਪਣੇ ਮਨਸੂਬਿਆਂ ਵਿਚ ਕਾਮਯਾਬ ਰਹੀ। ਉਸ ਨੇ ਕੌਮ ਦੇ ਚੋਟੀ ਦੇ ਜਰਨੈਲਾਂ ਨੂੰ ਮਾਰ ਲਿਆ।

ਜਿੰਨਾ ਚਿਰ ਪੁਲੀਸ ਨੇ ਭਾਈ ਸੁਖਦੇਵ ਸਿੰਘ ਨੂੰ ਫੜ ਕੇ ਸ਼ਹੀਦ ਨਹੀਂ ਕਰ ਲਿਆ, ਪੁਲੀਸ ਉਸ ਨੂੰ ਪਾਕਿਸਤਾਨ ਹੀ ਰਹਿ ਰਿਹਾ ਕਹਿੰਦੀ ਰਹੀ। ਅੱਠ ਅਗਸਤ 1992 ਨੂੰ ਲੁਧਿਆਣਾ ਪੁਲੀਸ ਬਹੁਤ ਭਾਰੀ ਗਿਣਤੀ 'ਚ ਅੱਧੀ ਰਾਤੀਂ ਪਟਿਆਲੇ ਵਿਖੇ ਭਾਈ ਸੁਖਦੇਵ ਸਿੰਘ ਬੱਬਰ ਦੀ ਰਿਹਾਇਸ਼ ਵਿਖੇ ਪਹੁੰਚੀ। ਜਿੱਥੇ ਉਸ ਨੇ ਸਭ ਕੁਝ ਘੇਰ ਕੇ ਭਾਈ ਸਾਹਿਬ ਨੂੰ ਬਾਹਰ ਆਉਣ ਲਈ ਕਿਹਾ। ਜਦੋਂ ਜਥੇਦਾਰ ਨੇ ਦਰਵਾਜ਼ਾ ਖੋਲਿਆ, ਉੱਥੇ ਸਧਾਰਨ ਧੱਕਾ ਮੁੱਕੀ ਹੋਈ। ਭਾਈ ਸਾਹਿਬ ਨੂੰ ਫੜਨ ਤੋਂ ਬਾਅਦ ਲੁਧਿਆਣਾ ਪੁਲੀਸ ਲੁਧਿਆਣੇ ਨੂੰ ਹੀ ਵਾਪਸ ਹੋ ਗਈ। ਇਸ ਘਟਨਾ ਬਾਰੇ ਪਟਿਆਲਾ ਨਿਵਾਸੀ ਹੈਰਾਨ ਰਹਿ ਗਏ। ਪਟਿਆਲਾ ਪੁਲੀਸ ਨੇ ਵੀ ਬਾਅਦ ਵਿਚ ਉਨ੍ਹਾਂ ਦੀ ਕੋਠੀ ਅਤੇ ਧਰਮ ਪਤਨੀ ਬੀਬੀ ਜਵਾਹਰ ਕੌਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਘਟਨਾਕ੍ਰਮ ਦਾ ਗਵਾਹ ਸਿਰਫ

ਉਹ ਹੀ ਹੈ ਜੋ ਨਾਲ ਆ ਕੇ ਉਨ੍ਹਾਂ ਦੀ ਕੋਠੀ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਫੜਾ ਕੇ ਲੈ ਗਿਆ ਜਾਂ ਬੀਬੀ ਜਵਾਹਰ ਕੌਰ ਹਨ, ਜਿੰਨਾ ਦੇ ਕਲੋਂ ਉਨ੍ਹਾਂ ਦੀ ਜ਼ਿੰਦਗੀ ਦੇ ਸੰਘਰਸ਼ੀ ਜੀਵਨ ਸਾਥੀ ਫੜ ਕੇ ਸ਼ਹੀਦ ਕਰ ਦਿੱਤੇ ਗਏ। ਬਾਅਦ ਵਿਚ ਬੀਬੀ ਜੀ ਨੂੰ ਵੀ ਲੰਮ ਕਸਾਂ ਵਿਚੋਂ ਗੁਜ਼ਰਨਾ ਪਿਆ। ਕੋਠੀ ਅੰਦਰ ਲੰਮਾਂ ਸਮਾਂ ਪੁਲੀਸ ਬੈਠੀ ਰਹੀ।

ਲਗਾਤਾਰ ਇਕ ਮਹੀਨਾ ਸਰਕਾਰੀ ਪ੍ਰਚਾਰਤੰਤਰ ਭਾਈ ਸਾਹਿਬ ਬਾਰੇ ਪ੍ਰਚਾਰ ਕਰਦਾ ਰਿਹਾ ਕਈ ਭੁਲੇਖਾ ਪਾਊ ਅਤੇ ਮਸਾਲੇਦਾਰ ਖ਼ਬਰਾਂ ਵੀ ਲੱਗਦੀਆਂ ਰਹੀਆਂ। ਕੋਈ ਕਹਿੰਦਾ ਇਸ ਨੂੰ ਗੁਰਦੀਪ ਸਿੰਘ ਸ਼ਿਵੀਆਂ ਨੇ ਫੜਾਇਆ ਹੈ, ਕੋਈ ਕਹਿੰਦਾ ਜਵਾਹਰ ਕੌਰ ਦੀ ਕੋਈ ਰਿਸ਼ਤੇਦਾਰ ਇਕ ਸੀਨੀਅਰ ਅਫ਼ਸਰ ਹੈ, ਉਥੋਂ ਗੱਲ ਤੁਰੀ ਹੈ ਕਈ ਟੈਲੀਫੋਨ ਨੰਬਰ ਬਾਰੇ ਕਹਿੰਦਾ ਪਰ ਸਾਰੀਆਂ ਗੱਲਾਂ ਤੋਂ ਸੱਚ ਤਾਂ ਇਹ ਹੈ ਕਿ ਭਾਈ ਸੁਖਦੇਵ ਸਿੰਘ ਬੱਬਰ ਉਰਫ਼ ਸਰਦਾਰ ਜਸਮੇਰ ਸਿੰਘ ਸੰਧੂ ਪੁੱਤਰ ਦਲੇਰ ਸਿੰਘ ਸੰਧੂ, ਜੋ ਕਿ ਸਰਕਾਰੀ ਠੇਕੇਦਾਰੀ ਦਾ ਕੰਮ ਕਰਨ ਦੇ ਨਾਮ 'ਤੇ ਆਪਣੀ ਰੂਪੋਸ਼ ਦੀ ਜ਼ਿੰਦਗੀ ਅੰਦਰ ਪਟਿਆਲੇ ਰਹਿ ਰਿਹਾ ਸੀ, ਉਸ ਨੂੰ ਲੁਧਿਆਣਾ ਪੁਲੀਸ ਨੇ ਅਠ ਅਗਸਤ 1992 ਨੂੰ ਜਿਊਂਦਾ ਫੜਿਆ ਸੀ। ਇਹ ਜਿਊਂਦੇ ਫੜ ਜਾਣ ਦੀ ਕਹਾਣੀ ਸੱਚ ਹੈ।

9 ਅਗਸਤ ਨੂੰ ਪੁਲੀਸ ਨੇ ਇਕ ਬਹੁਤ ਵੱਡੀ ਪ੍ਰੈਸ ਕਾਨਫਰੰਸ ਕੀਤੀ ਤੇ ਲੁਧਿਆਣੇ ਦੇ ਕੋਲ ਪਿੰਡ ਸਾਹਨੇਵਾਲ ਨੇੜੇ ਭਾਈ ਸੁਖਦੇਵ ਸਿੰਘ ਬੱਬਰ ਦੀ ਇਕ ਪੁਲੀਸ ਮੁਕਾਬਲੇ ਵਿਚ ਮਾਰੇ ਜਾਣ ਦੀ ਜਾਣਕਾਰੀ ਦਿੱਤੀ। ਇਕ ਨੀਲੇ ਰੰਗ ਦੀ ਮਾਰੂਤੀ ਕਾਰ ਵਿਖਾਈ, ਜਿਸ ਦੇ ਮਗਰ ਡਿੱਗੀ ਵਿਚ ਗੋਲੀਆਂ ਵੱਜੀਆਂ ਹੋਈਆਂ ਵਿਖਾਈਆਂ ਗਈਆਂ ਭਾਈ ਸੁਖਦੇਵ ਸਿੰਘ ਬੱਬਰ ਦੀਆਂ ਫੋਟੋਆਂ ਪ੍ਰੈਸ ਨੂੰ ਵੰਡੀਆਂ ਗਈਆਂ, ਜੋ ਖ਼ੂਨ ਵਿਚ ਲੱਥ-ਪੱਥ ਸਿਰਫ਼ ਛਾਤੀ ਦੀਆਂ ਅਤੇ ਚਿਹਰੇ ਦੀਆਂ ਹੀ ਹਨ।

ਜਦ ਕਿ ਪੁਲੀਸ ਭਾਈ ਸਾਹਿਬ ਨੂੰ ਲੁਧਿਆਣੇ ਲਿਆਉਣ ਸਮੇਂ ਰਸਤੇ ਵਿਚ ਹੀ ਟਾਰਚਰ ਕਰਨ ਲੱਗ ਪਈ ਸੀ ਮੂੰਹੋਂ ਕੋਈ ਵੀ ਗੱਲ ਜਦ ਨਹੀਂ ਨਿਕਲੀ ਤਾਂ ਹੱਥਾਂ ਪੈਰਾਂ ਦੇ ਨਹੁੰ ਆਦਿ ਖਿੱਚ ਦਿੱਤੇ ਗਏ।

ਸਿੱਖ ਸੰਘਰਸ਼ ਦੇ ਥੰਮ ਬੱਬਰ ਲਹਿਰ ਦੇ ਬਾਨੀ ਭਾਈ ਸੁਖਦੇਵ ਸਿੰਘ ਨੂੰ ਪੁਲੀਸ ਨੇ ਘੋਰ ਤਸ਼ੱਦਦ ਕਰਕੇ 9 ਅਗਸਤ ਨੂੰ ਸ਼ਹੀਦ ਕਰ ਦਿੱਤਾ ਇਹ ਪੁਰਬਲੀ ਜੀਵਨ ਸਾਂਝ ਕਹੋ ਕਿ 9 ਅਗਸਤ ਨੂੰ ਹੀ ਉਨ੍ਹਾਂ ਦਾ ਜਨਮ ਦਿਨ ਸੀ।

ਵਿਰੋਧਾਂ ਵਖਰੇਵਿਆਂ ਦੀ ਅਣਦੇਖੀ ਕਰਦੀ ਹੋਈ ਬੱਬਰ ਜਥੇਬੰਦੀ ਅੱਜ ਵੀ ਆਪਣੀ ਮਸਤ ਤੋਰ ਤੁਰੀ ਆ ਰਹੀ ਹੈ। ਕਦੇ ਭਾਈ ਜਗਤਾਰ ਸਿੰਘ ਬੱਬਰ ਹਵਾਰੇ ਦੇ ਰੂਪ ਵਿਚ ਕਦ ਭਾਈ ਦਿਲਾਵਰ ਸਿੰਘ ਬੱਬਰ ਦੇ ਸ਼ਹੀਦੀ ਮਾਰਗ 'ਤੇ।

ਬੱਬਰਾਂ ਅਤੇ ਪੁਰਾਤਨ ਦਮਦਮੀ ਟਕਸਾਲ ਦੇ ਸਿੰਘਾਂ ਵਿਚ ਮਤਭੇਦਾਂ ਦੇ ਚਰਚੇ ਉਸ ਸਮੇਂ ਖ਼ਤਮ ਹੋ ਗਏ, ਜਦੋਂ ਦਮਦਮੀ ਟਕਸਾਲ ਦੇ ਸਿੰਘਾਂ ਵੱਲੋਂ ਅਤੇ ਭਾਈ ਗੁਰਬਚਨ ਸਿੰਘ ਮਾਨੋਚਾਹਲ ਵੱਲੋਂ ਭਾਈ ਸੁਖਦੇਵ ਸਿੰਘ ਬੱਬਰ ਦੇ ਭੋਗ 'ਤੇ 18 ਅਗਸਤ ਦਿਨ ਮੰਗਲਵਾਰ ਨੂੰ ਪਹੁੰਚਣ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਅਤੇ ਖ਼ਬਰਾਂ ਲੱਗ ਗਈਆਂ। ਭਾਈ ਮਾਨੋਚਾਹਲ ਨੇ ਭਾਈ ਸਾਹਿਬ ਜੀ ਦੀ ਬਹਾਦਰ ਨੂੰ ਆਪਣੇ ਭਰਾ ਦਾ ਵਿਛੋੜਾ ਕਿਹਾ।

ਦੂਜਾ ਇਸ਼ਤਿਹਾਰ ਅਖੰਡ ਕੀਰਤਨੀ ਜਥੇ ਵੱਲੋਂ ਸੀ। ਬੱਬਰਾਂ ਵੱਲੋਂ ਆਪਣਾ ਨਵਾਂ ਜਥੇਦਾਰ ਭਾਈ ਵਧਾਵਾ ਸਿੰਘ ਬੱਬਰ ਨੂੰ ਥਾਪ ਦਿੱਤਾ ਗਿਆ।

ਗੁਰਸਿੱਖ ਸੰਸਥਾ ਨੇ ਜਦੋਂ ਪਿੰਡ ਦਾਸੂਵਾਲ ਦਾ ਦੌਰਾ ਕੀਤਾ ਤਾਂ ਜਥੇਦਾਰ ਦੇ ਭਰਾ ਭਾਈ ਅੰਗਰੇਜ਼ ਸਿੰਘ ਜੋ ਨੇਤਰਹੀਣ ਹਨ, ਉਹ ਰਸਤੇ ਵਿਚ ਹੀ ਮਿਲ ਪਏ। ਉਹ ਬਾਹਰ ਕਿਸੇ ਰਿਸ਼ਤੇਦਾਰੀ ਵਿਚ ਜਾ ਰਹੇ ਸਨ. ਬੱਬਰਾਂ ਦੀ ਬਹਿਕ ਸੁੰਨੀ ਸੁੰਨੀ ਜਿਹੀ ਨਜ਼ਰ ਆਈ। ਜਥੇਦਾਰ ਦੇ ਪਰਿਵਾਰ ਦਾ ਕੋਈ ਮੈਂਬਰ ਨਹੀਂ ਸੀ ਘਰੇ. ਸਿਰਫ ਉਜੜੇ ਘਰਾਂ ਦੀ ਦਾਸਤਾਨ ਸੀ. ਉਨ੍ਹਾਂ ਦੇ ਪਰਿਵਾਰ ਦੀ 11 ਕਿਲ੍ਹੇ ਜ਼ਮੀਨ ਰਿਸ਼ਤੇਦਾਰ ਵਾਹ ਰਹੇ ਹਨ। ਜਥੇਦਾਰ ਦੀ ਸਿੰਘਣੀ ਅਤੇ ਬੱਚਿਆਂ ਬਾਰੇ ਪੁੱਛਣ 'ਤੇ ਪਿੰਡ ਦੇ ਇਕ ਬਜ਼ੁਰਗ ਨੇ ਕਿਹਾ "ਬਹੁਤ ਸਾਲ ਹੋ ਗਏ, ਉਹ ਹਜ਼ੂਰ ਸਾਹਿਬ ਨੂੰ ਗਏ ਸੀ ਮੁੜ ਕੇ ਨਹੀਂ ਆਏ।" ਲੋਕਾਂ ਨੇ ਦੱਸਿਆ ਜਦੋਂ ਜਥੇਦਾਰ ਸ਼ਹੀਦ ਹੋਇਆ ਸੀ, ਉਦੋਂ ਭੋਗ 'ਤੇ ਸਰਕਾਰ ਨੇ ਪਿੰਡ 'ਚ ਕਰਫਿਊ ਲਾ ਦਿੱਤਾ ਸੀ। ਏਥੇ ਬਹੁਤ ਫੌਜ ਤੇ ਪੁਲੀਸ ਸੀ. ਹੁਣ ਵੀ ਕਦੇ-ਕਦਾ ਪੁਲੀਸ ਵਾਲੇ ਮਹਿਲ ਸਿੰਘ ਤੇ ਜਥੇਦਾਰ ਦੇ ਪਰਿਵਾਰ ਨੂੰ ਭਾਲਣ ਆ ਜਾਂਦੇ ਹਨ।

# ਭਾਈ ਗੁਰਪਾਲ ਸਿੰਘ ਬੱਬਰ ਭੁਚੋ ਮੰਡੀ

ਪਹਾੜਾਂ ਨਾਲ ਜੋ ਟਕਰਾਉਣ ਦੇ ਆਦੀ,
ਮੁਸ਼ਕਲਾਂ ਵਿੱਚ ਵੀ ਜੋ ਮੁਸਕਰਾਉਣ ਦੇ ਆਦੀ,
ਉਹ ਹੀ ਕੌਮ ਦੇ ਕਹੇ ਸ਼ਹੀਦ ਜਾਂਦੇ,
ਜੋ ਸਿਰ ਧੜ ਦੀ ਬਾਜ਼ੀ ਲਾਉਣ ਦੇ ਆਦੀ।

ਇਕ ਰੂਹਾਨੀ ਰੂਹ ਜਿਸ ਨੂੰ ਇੱਕ ਸੰਤ ਦਾ ਦਰਜਾ ਦੇ ਦੇਈਏ ਜਾਂ ਬ੍ਰਹਮਗਿਆਨੀ ਦਾ ਇਹ ਥੋੜਾ ਹੀ ਥੋੜਾ ਹੈ ਗੁਰੂ ਪਿਆਰ ਉਹਨਾਂ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ ਨਾਮ ਬਾਣੀ ਵਿਚ ਸਿੰਘ ਭਾਈ ਗੁਰਪਾਲ ਸਿੰਘ ਬੱਬਰ ਦਾ ਸਾਰਾ ਹੀ ਪਰਿਵਾਰ ਪੜਦਾਦਾ ਜੀ ਤੋਂ ਅੰਮ੍ਰਿਤਧਾਰੀ ਹੈ। ਵਿਰਸੇ ਵਿਚੋਂ ਮਿਲੀ ਗੁਰਸਿੱਖੀ ਨੂੰ ਉਹ ਆਪਣੇ ਵੱਡੇ ਭਾਗ ਸਮਝਦੇ ਸਨ।

ਆਪ ਜੀ ਦਾ ਜਨਮ 24 ਨਵੰਬਰ 1965 ਨੂੰ ਪਿਤਾ ਭਾਈ ਜਗਜੀਤ ਸਿੰਘ ਦੇ ਘਰ ਮਾਤਾ ਭੁਪਿੰਦਰ ਕੌਰ ਜੀ ਦੀ ਪਵਿੱਤਰ ਕੁੱਖ ਹੋਇਆ। ਬਚਪਨ ਤੋਂ ਆਪ ਜੀ ਦੀ ਦਾਦੀ ਜੀ ਨੇ ਆਪ ਜੀ ਨੂੰ ਬੜੇ ਹੀ ਲਾਡ ਪਿਆਰ ਨਾਲ ਪਾਲਿਆ। ਪੰਜ ਸਾਲਾਂ ਤੱਕ ਆਪ ਆਪਣੀ ਦਾਦੀ ਜੀ ਪਾਸ ਪਿੰਡ ਮੰਡੀਕਲਾਂ ਜਿਲ੍ਹਾ ਬਠਿੰਡਾ ਵਿਖੇ ਰਹੇ। ਉਹਨਾਂ ਦੇ ਪਿਤਾ ਜੀ ਅਤੇ ਮਾਤਾ ਜੀ ਦੋਵੇਂ ਹੀ ਸਕੂਲ ਅਧਿਆਪਕ ਸਨ। ਉਹਨਾਂ ਨੇ ਸੰਨ 1980 ਵਿਚ ਗੋਰਮਿੰਟ ਹਾਈ ਸਕੂਲ ਭੁਚੋ ਮੰਡੀ ਤੋਂ ਮੈਟ੍ਰਿਕ ਦੀ ਪ੍ਰੀਖਿਆ ਚੰਗੀ ਮੈਰਿਟ ਵਿਚ ਪਾਸ ਕੀਤੀ, ਇਸੇ ਹੀ ਸਾਲ ਵਿਚ ਉਹਨਾਂ ਨੇ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਬੀ ਐਸ ਸੀ ਐਗਰੀਕਲਚਰ ਵਿਚ ਦਾਖਲਾ ਲੈ ਲਿਆ ਅਤੇ ਹਰ ਵਾਰ ਸਕਾਲਰਸ਼ਿਪ ਲੈਂਦੇ ਰਹੇ।

ਸ੍ਰੀ ਅੰਮ੍ਰਿਤਸਰ ਵਿਖੇ ਸੰਨ 1978 ਦੀ ਵਿਸਾਖੀ 'ਤੇ ਨਿਰੰਕਾਰੀਆਂ ਵੱਲੋਂ ਸ਼ਹੀਦ ਕੀਤੇ ਗਏ ਸਿੰਘਾਂ ਦੀ ਸ਼ਹਾਦਤ ਨੇ ਆਪਜੀ ਦੇ ਮਨ 'ਤੇ ਗਹਿਰਾ ਅਸਰ ਕੀਤਾ। ਉਹ ਮਹਿਸੂਸ ਕਰਦੇ ਸਨ ਕਿ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਹੋਵੇ ਫਿਰ ਵੀ ਸਿੰਘ ਸੁਰੱਖਿਅਤ ਨਾ ਹੋਣ। ਗੁਰੂ ਸਾਹਿਬ ਜੀ ਦੀ ਨਿੰਦਿਆ ਕੀਤੀ ਜਾਂਦੀ ਹੋਵੇ, ਬੇਅਦਬੀ ਕੀਤੀ ਜਾਂਦੀ ਹੋਵੇ, ਇਹ ਗੱਲਾਂ ਖਾਲਸਾ ਪੰਥ ਵਾਸਤੇ ਬਰਦਾਸ਼ਤ ਤੋਂ ਬਾਹਰ ਦੀਆਂ ਗੱਲਾਂ ਹਨ। ਜਿਸ ਰਾਜ ਅੰਦਰ ਇਸ ਤਰ੍ਹਾਂ ਦੀਆਂ ਦੁਸ਼ਟਤਾਈਆਂ ਹੁੰਦੀਆਂ ਹੋਣ ਉਹ ਰਾਜ ਬਦਲ ਦੇਣੇ ਚਾਹੀਦੇ ਹਨ ਅਤੇ ਖਾਲਸੇ ਨੂੰ ਆਪਣਾ ਰਾਜ ਹਾਸਲ ਕਰਨਾ ਚਾਹੀਦਾ ਹੈ। ਜਿਥੇ ਸਿੱਖੀ ਆਪਣੀ ਮੌਜ ਅੰਦਰ ਵੱਧ ਫੁੱਲ ਸਕੇ। ਆਪਜੀ ਨਿਤਨੇਮੀ ਅਤੇ ਗੁਰੂ ਘਰ ਦੇ ਸ਼ਰਧਾਲੂ ਤਾਂ ਬਚਪਨ ਤੋਂ ਹੀ ਸਨ। ਪਰ ਸੰਨ 1978 ਦੀ ਵਿਸਾਖੀ ਦੇ ਖੂਨੀਕਾਂਡ ਨੇ ਅਜਿਹਾ ਅਸਰ ਕੀਤਾ ਕਿ ਆਪ ਜੀ ਸੰਨ 1981 ਦੇ ਰੈਣਸਬਾਈ ਸਮਾਗਮ ਵਿਚ ਹੋਏ ਅੰਮ੍ਰਿਤ ਸੰਚਾਰ ਸਮਾਗਮ 'ਚ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ। ਨਾਮ ਬਾਣੀ ਅੰਦਰ ਇਤਨੇ ਪ੍ਰਪੱਕ ਕਿ ਇਕ ਪਲ ਵੀ ਅੰਮ੍ਰਿਤ ਵੇਲੇ ਤੋਂ ਲੇਟ ਹੋਣ ਨੂੰ ਗੁਨਾਹ

ਜਾਂਦੇ ਸਨ। ਹਰ ਰੋਜ਼ ਪੰਜ ਬਾਣੀਆਂ ਤੋਂ ਬਿਨਾਂ ਸੁਖਮਨੀ ਸਾਹਿਬ, ਬਾਰਾਂ ਮਾਹ, ਸਵੱਈਏ, ਨੌਵੇਂ ਪਾਤਸ਼ਾਹ ਦੇ ਸਲੋਕਾਂ ਤੋਂ ਇਲਾਵਾ 70 ਦੇ ਕਰੀਬ ਹੋਰ ਸ਼ਬਦਾਂ ਦਾ ਨਿਤਨੇਮ ਕਰਦੇ ਸਨ। ਸਾਰੀ ਬਾਣੀ ਜ਼ੁਬਾਨੀ ਕੰਠ ਸੀ, ਸੁਖਮਨੀ ਸਾਹਿਬ ਜੀ ਦਾ ਪਾਠ ਜ਼ੁਬਾਨੀ 27 ਮਿੰਟਾਂ ਵਿੱਚ ਸੁਣਾ ਦਿੰਦੇ ਸਨ। ਗੁਰਬਾਣੀ ਪਾਠ ਮੁਕਾਬਲਿਆਂ ਵਿਚ ਕਈ ਵਾਰ ਇਨਾਮ ਜਿੱਤਿਆ ਸੀ, ਆਸਾ ਜੀ ਦੀ ਵਾਰ ਦਾ ਕੀਰਤਨ ਬੜੇ ਪਿਆਰ ਨਾਲ ਕਰਦੇ ਸਨ, ਜੋੜੀ ਵਜਾਉਣ ਦੀ ਸੇਵਾ ਚਾਈਂ ਚਾਈਂ ਕਰਦੇ ਸਨ। ਰਹਿਰਾਸ ਸਾਹਿਬ ਜੀ ਦਾ ਪਾਠ ਬੜੇ ਵੈਰਾਗ ਵਿਚ ਕਰਨਾ, ਅੱਧਾ ਅੱਧਾ ਘੰਟਾ ਅਰਦਾਸ ਅੰਦਰ ਜੁੜੇ ਖੜੇ ਰਹਿਣਾ, ਘੰਟਿਆਂ ਬੱਧੀ ਸਿਮਰਨ ਅੰਦਰ ਲੀਨ ਹੋ ਕੇ ਗੁਰ ਮੰਤਰ ਜਾਪ ਦਾ ਖੜਕਾ ਖੜਕਾਉਂਦੇ ਰਹਿੰਦੇ ਸਨ। ਆਪ ਜੀ ਦਾ 4 ਘੰਟਿਆਂ ਦਾ ਨਿਤਨੇਮ ਅਤੇ 2 ਘੰਟਿਆਂ ਦਾ ਨਾਮ ਅਭਿਆਸ ਸੀ। ਇਹ ਰੂਹਾਨੀ ਰੂਹ ਖਾਲਸਾ ਪੰਥ ਦੀ ਢਹਿੰਦੀਕਲਾ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਆਪ ਜੀ ਨੇ ਗੁਪਤ ਰੂਪ ਵਿਚ ਖਾੜਕੂ ਸਿੰਘਾਂ ਨਾਲ ਮੇਲ ਜੋਲ ਰੱਖਣਾ ਸ਼ੁਰੂ ਕਰ ਦਿੱਤਾ। ਜਦੋਂ ਦਰਬਾਰ ਸਾਹਿਬ ਸਮੂਹ ਅੰਦਰ ਖਾੜਕੂ ਸਿੰਘਾਂ ਦੀ ਸੀ ਆਰ ਪੀ ਨਾਲ ਲਗਾਤਾਰ ਗੋਲੀ ਚੱਲੀ ਤਾਂ ਆਪ ਜੀ ਨੇ ਮਹਿਸੂਸ ਕੀਤਾ ਕਿ ਹੁਣ ਦਰਬਾਰ ਸਾਹਿਬ ਦੀ ਰਾਖੀ ਲਈ ਸਿੰਘਾਂ ਦੀ ਜ਼ਰੂਰਤ ਹੈ, ਇਸ ਕਰਕੇ ਆਪ ਜੀ ਫਰਵਰੀ 1984 ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਚਲੇ ਗਏ। ਉਥੇ ਨਾਨਕ ਨਿਵਾਸ 'ਚ ਪੱਕੇ ਤੌਰ 'ਤੇ ਮੋਰਚੇ ਸੰਭਾਲ ਲਏ। ਸਿੰਘਾਂ ਵੱਲੋਂ ਲਾਈ ਸੇਵਾ ਤਹਿਤ ਆਪ ਜੀ ਬਾਹਰ ਵੀ ਚਲੇ ਜਾਂਦੇ ਸਨ। ਦਰਬਾਰ ਸਾਹਿਬ ਸਮੂਹ ਅੰਦਰ ਪਲ ਪਲ ਵਿਗੜਦੇ ਹਾਲਾਤ ਬਾਰੇ ਆਪਜੀ ਬਹੁਤ ਚਿੰਤਤ ਰਹਿੰਦੇ, ਬੱਬਰ ਜਥੇ ਦੇ ਸਾਰੇ ਹੀ ਸਿੰਘ ਆਪ ਜੀ ਨੂੰ ਬਹੁਤ ਪਿਆਰ ਕਰਦੇ ਸਨ। ਜੂਨ ਦੇ ਸ਼ੁਰੂ ਵਿੱਚ ਜਦੋਂ ਫੌਜ ਨੇ ਦਰਬਾਰ ਸਾਹਿਬ ਨੂੰ ਘੇਰਨਾ ਸ਼ੁਰੂ ਕੀਤਾ ਤਾਂ ਜਥੇ ਨੇ ਆਪਜੀ ਨੂੰ ਦਰਬਾਰ ਸਾਹਿਬ ਛੱਡ ਕੇ ਬਾਹਰ ਸੇਵਾ ਕਰਨ ਲਈ ਭੇਜ ਦਿੱਤਾ। ਦਰਬਾਰ ਸਾਹਿਬ ਜੀ 'ਤੇ ਹਮਲੇ ਸਮੇਂ ਆਪ ਹੁਸ਼ਿਆਰਪੁਰ ਸਨ। ਜਦੋਂ ਸਾਰਾ ਪੰਜਾਬ ਫੌਜ ਨੇ ਸੀਲ ਕੀਤਾ ਹੋਇਆ ਸੀ ਤਾਂ ਆਪ ਜੀ ਹੁਸ਼ਿਆਰਪੁਰ ਤੋਂ ਕਿਤੇ ਸਾਈਕਲ ਤੇ ਕਿਤੇ ਪੈਦਲ ਤੁਰਦੇ ਹੋਏ ਪਿੰਡ ਪਹੁੰਚੇ ਸਨ। ਦਰਬਾਰ ਸਾਹਿਬ ਜੀ ਉੱਪਰ ਹੋਏ ਹਮਲੇ ਨੂੰ ਆਪ ਜੀ "ਕੌਮ ਦੀ ਅਣਖ ਗੈਰਤ ਦਾ ਸਵਾਲ ਹੈ" ਕਹਿੰਦੇ ਸਨ। ਹੁਣ ਕੌਮ ਦੀ ਪੱਗ ਨੂੰ ਜ਼ੁਲਮ ਦਾ ਟਾਕਰਾ ਕਰਕੇ ਹੀ ਬਚਾਇਆ ਜਾ ਸਕਦਾ ਹੈ, ਉਹਨਾਂ ਦਾ ਵਿਚਾਰ ਸੀ। ਇਸ ਜੀਵਨ ਨੂੰ ਸਫਲ ਕਰਨ ਦਾ ਸਭ ਤੋਂ ਚੰਗਾ ਢੰਗ ਇਹ ਹੈ ਕਿ ਕੌਮ ਲਈ ਕੁਰਬਾਨੀ ਦਿੱਤੀ ਜਾਵੇ। ਸ਼ਹਾਦਤ ਲਈ ਉਹ ਹਮੇਸ਼ਾ ਤੱਤਪਰ ਰਹਿੰਦੇ ਸਨ। ਇਸ ਪ੍ਰਤੀ ਉਹ ਕਿਸ ਦੀ ਕੋਈ ਦਲੀਲ ਸੁਣਨ ਨੂੰ ਤਿਆਰ ਨਹੀਂ ਸਨ। ਦਰਬਾਰ ਸਾਹਿਬ ਉਪਰ ਵਾਪਰੇ ਤੀਜੇ ਘੱਲੂਘਾਰੇ ਕਾਰਨ ਆਪ ਜੀ ਕਾਫੀ ਬੇਚੈਨ ਰਹਿਣ ਲੱਗ ਪਏ। ਜਦੋਂ ਮਾਹੌਲ ਕੁਝ ਸ਼ਾਂਤ ਹੋਇਆ ਤਾਂ ਆਪ ਜੀ ਦੁਬਾਰਾ ਫਿਰ ਖੇਤੀ ਯੂਨੀਵਰਸਿਟੀ ਲੁਧਿਆਣਾ ਜਾਣ ਲੱਗ ਪਏ ਸਨ। ਘੱਲੂਘਾਰੇ ਕਾਰਨ ਖਿੱਲਰੇ ਸੰਗੀ ਸਾਥੀਆਂ ਨੂੰ ਮੁੜ ਇਕੱਠੇ ਕਰਨ ਲੱਗ ਪਏ। ਮਈ 1985 ਵਿਚ ਆਪ ਜੀ ਫਿਰ ਜਥੇਬੰਦੀ ਨਾਲ ਸਰਗਰਮੀ ਨਾਲ ਜੁੜ ਗਏ। ਪਹਿਲਾਂ ਆਪ ਜਥੇਬੰਦੀ ਦੇ ਸਿੰਘਾਂ ਦੇ ਸੁਖ ਸਨੇਹੇ ਦੇਣ ਦੀ ਜ਼ਿੰਮੇਵਾਰੀ ਦੀ ਸੇਵਾ

ਕਰਦੇ ਸਨ ਗ੍ਰਿਫ਼ਤਾਰ ਨਹੀ ਹੋਏ ਸਨ। ਜੁਲਾਈ 1986 ਨੂੰ ਆਪ ਜੀ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਜੱਥੇਬੰਦੀ ਨੇ ਦੁਸ਼ਟ ਸੋਧ ਜਥੇ ਵਿਚ ਕੰਮ ਕਰਨ ਲਈ ਕਿਹਾ ਅਤੇ ਪਹਿਲਾ ਕੰਮ ਬਠਿੰਡਾ ਸ਼ਹਿਰ ਵਿਚ ਇਕ ਥਾਣੇਦਾਰ ਨੂੰ ਸੋਧਣ ਦਾ ਦਿੱਤਾ ਥਾਣੇਦਾਰ ਗੁਰਤੇਜ ਸਿੰਘ ਜੋ ਆਪਣੀ ਬੱਚਗਰਦੀ ਕਰਕੇ ਕਾਫੀ ਬਦਨਾਮ ਸੀ। ਇਸ ਉੱਪਰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਭਰਾ ਭਾਈ ਵੀਰ ਸਿੰਘ ਜੀ ਨੂੰ ਤੰਗ ਜਲੀਲ ਕਰਨ ਦਾ ਦੋਸ਼ ਸੀ। ਕਈ ਖਾੜਕੂਆਂ ਦੀਆਂ ਸਿੰਘਣੀਆਂ ਨੂੰ ਤੰਗ ਜਲੀਲ ਕਰਨ ਦਾ ਦੋਸ਼ ਸੀ ਥਾਣੇਦਾਰ ਗੁਰਤੇਜ ਸਿੰਘ ਬਠਿੰਡੇ ਰਹਿੰਦਾ ਸੀ ਅਤੇ ਫਰੀਦਕੋਟ ਸੀ ਆਈ ਏ ਸਟਾਫ ਵਿਚ ਨੌਕਰੀ ਕਰਦਾ ਸੀ। ਉਸ ਸਮੇਂ ਉਹ ਆਪਣੇ ਪਿਉ ਦੀ ਮੌਤ ਕਾਰਨ ਬਠਿੰਡੇ ਆਇਆ ਹੋਇਆ ਸੀ। ਭਾਈ ਗੁਰਪਾਲ ਸਿੰਘ ਨੇ ਇਸ ਥਾਣੇਦਾਰ ਨੂੰ ਸੋਧਣ ਸੰਬੰਧੀ ਮਾਲਵੇ ਦੇ ਬੱਬਰਾਂ ਦੀ ਇਕ ਗੁਪਤ ਮੀਟਿੰਗ ਕੀਤੀ, ਜਿਸ ਵਿੱਚ ਇਹਨਾਂ ਨੇ ਭਾਈ ਉਮਰਪਾਲ ਸਿੰਘ ਬੱਬਰ ਬੀਹਲਾ ਸੰਗਰੂਰ ਦੀ ਸੇਵਾ ਥਾਣੇਦਾਰ ਦੀ ਪੜਤਾਲ ਕਰਨ 'ਤੇ ਲਾਈ, ਭਾਈ ਉਮਰਪਾਲ ਸਿੰਘ ਪਹਿਲਾਂ ਬਾਘਾਪੁਰਾਣੇ ਬਿਜਲੀ ਦੀ ਦੁਕਾਨ ਕਰਦੇ ਹੁੰਦੇ ਸਨ। ਫਿਰ ਉਹਨਾਂ ਨੇ ਥਾਣੇਦਾਰ ਦੀ ਪੜਤਾਲ ਲਈ ਬਠਿੰਡਾ ਵਿਖੇ ਥਾਣੇਦਾਰ ਦੇ ਘਰਾਂ ਕੋਲ ਬਿਜਲੀ ਦੀ ਆਰਜ਼ੀ ਦੁਕਾਨ ਕਰ ਲਈ ਸੀ, ਜਿਥੋਂ ਉਹ ਥਾਣੇਦਾਰ ਬਾਰੇ ਸਾਰੀ ਗੁਪਤ ਰਿਪੋਰਟ ਬੱਬਰਾਂ ਨੂੰ ਦਿੰਦੇ ਰਹਿੰਦੇ ਸਨ। ਭਾਈ ਉਮਰਪਾਲ ਸਿੰਘ ਬੱਬਰ ਜੀਰੇ ਦੇ ਪਿੰਡ ਮਨਸੂਰਵਾਲ ਨੇੜੇ ਪੁਲਿਸ ਘੇਰੇ ਵਿਚ ਆਉਣ 'ਤੇ ਸ਼ਹੀਦੀ ਪ੍ਰਾਪਤ ਕਰ ਗਏ ਸਨ। ਭਾਈ ਗੁਰਪਾਲ ਸਿੰਘ ਹਰੀਂ ਇਕ ਦਿਨ ਥਾਣੇਦਾਰ ਦੇ ਰਸਤੇ ਵਿਚ ਘਾਤ ਲਾ ਕੇ ਬੈਠ ਗਏ ਸਨ ਕਿਉਂਕਿ ਭਾਈ ਉਮਰਪਾਲ ਸਿੰਘ ਨੇ ਖ਼ਬਰ ਦਿੱਤੀ ਸੀ ਕਿ ਅੱਜ ਥਾਣੇਦਾਰ ਨੇ ਆਪਣੇ ਮਰੇ ਪਿਤਾ ਦੇ ਭੋਗ ਦੇ ਸਬੰਧ ਵਿੱਚ ਪਾਠ ਖੁਲਾਉਣ ਲਈ ਗੁਰੂ ਘਰ ਨੂੰ ਜਾਣਾ ਹੈ ਪਰ ਜਦੋਂ ਕੁਝ ਸਮਾਂ ਬਾਅਦ ਭਾਈ ਗੁਰਪਾਲ ਸਿੰਘ ਹੋਰਾਂ ਨੇ ਵੇਖਿਆ ਕਿ ਥਾਣੇਦਾਰ ਗੁਰਤੇਜ ਸਿੰਘ ਗੁਰੂ ਸਾਹਿਬ ਜੀ ਦਾ ਸਰੂਪ ਆਪਣੇ ਸਿਰ ਉੱਪਰ ਸੁਸ਼ੋਭਤ ਕਰਕੇ ਲੈ ਕੇ ਆ ਰਿਹਾ ਹੈ ਤਾਂ ਭਾਈ ਸਾਹਿਬ ਹੋਰਾਂ ਨੇ ਥਾਣੇਦਾਰ ਨੂੰ ਉਸ ਸਮੇਂ ਸੋਧਣ ਦਾ ਵਿਚਾਰ ਛੱਡ ਦਿੱਤਾ। ਸਾਰੇ ਹੀ ਸਿੰਘ ਆਪਣੇ ਟਿਕਾਣਿਆਂ 'ਤੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਗੁਰੂ ਸਾਹਿਬ ਜੀ ਨੂੰ ਨਤਮਸਤਕ ਹੋਏ। ਇਸ ਤੋਂ ਅੱਠ ਦਿਨ ਬਾਅਦ ਭਾਈ ਉਮਰਪਾਲ ਸਿੰਘ ਜੀ ਨੇ ਫਿਰ ਖ਼ਬਰ ਦਿੱਤੀ ਕਿ ਅੱਜ ਥਾਣੇਦਾਰ ਆਪਣੇ ਪਿਤਾ ਦੇ ਫੁੱਲ ਜੋ ਕੇ ਨਜਦੀਕ ਵਾਲੇ ਸਿਵਿਆਂ ਵਿਚ ਪਏ ਹਨ, ਉਥੋਂ ਸੁਭਾ ਲੈ ਕੇ ਕੀਰਤਪੁਰ ਸਾਹਿਬ ਨੂੰ ਪਾਉਣ ਜਾਵੇਗਾ ਬੱਸ ਬੱਬਰਾਂ ਨੂੰ ਇਹ ਖ਼ਬਰ ਮਿਲਣ ਦੀ ਦੇਰ ਹੀ ਸੀ ਕਿ ਭਾਈ ਗੁਰਪਾਲ ਸਿੰਘ ਹੋਰੀਂ ਉਸ ਰਾਤ 2 ਵਜੇ ਘਾਤ ਲਾ ਕੇ ਬੈਠ ਗਏ। ਜਦੋਂ ਥਾਣੇਦਾਰ ਸਿਵਿਆਂ ਅੰਦਰ ਆਪਣੇ ਪਿਤਾ ਦੇ ਫੁੱਲ ਚੁੱਕਣ ਲਈ ਉਥੇ ਪਹੁੰਚਿਆ ਤਾਂ ਬੱਬਰਾਂ ਨੇ ਉਸ ਨੂੰ ਲਲਕਾਰ ਲਿਆ "ਦੁਸ਼ਟਾ ਖੜ ਜਾ, ਫੁਲ ਹੁਣ ਪਿਓ ਪੁਤਾਂ ਦੇ ਇੱਕਠੇ ਹੀ ਪੈਣਗੇ"। ਬੱਬਰਾਂ ਦੀਆਂ ਗੋਲਾਂ ਨੇ ਉਸ ਨੂੰ ਉਥੇ ਹੀ ਮੂਧੇ ਮੂੰਹ ਸੁਟ ਦਿੱਤਾ, ਥਾਣੇਦਾਰ ਅਤੇ ਪਰਿਵਾਰ ਦੇ ਮੈਂਬਰ ਸਿਵਿਆਂ ਦੀਆਂ ਕੰਧਾਂ ਨਾਲ ਲੱਗ ਗਏ। ਭਾਈ ਗੁਰਪਾਲ ਸਿੰਘ ਬੱਬਰ ਨੇ ਉਸ ਦੀ ਛਾਤੀ 'ਤੇ ਪੈਰ ਰੱਖ ਕੇ ਆਖਰੀ ਗੋਲੀ ਮਾਰੀ ਅਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੀ ਜ਼ੁੰਮੇਵਾਰੀ ਦੀ

ਚਿੱਠੀ ਉਸ ਦੀ ਵਰਦੀ ਦੀ ਜੇਬ ਵਿੱਚ ਪਾ ਕੇ ਜੈਕਾਰਾ ਛੱਡ ਕੇ ਤੁਰਦੇ ਬਣੇ ਪਰ ਹੋਰ ਕਿਸ ਨੂੰ ਕਝ ਵੀ ਨਹੀਂ ਕਿਹਾ। ਜਦੋਂ ਪਹਿਲੀ ਵਾਰ ਭਾਈ ਗੁਰਪਾਲ ਸਿੰਘ ਸਰਕਾਰ ਦੀਆਂ ਸੁਰਖੀਆਂ ਵਿਚ ਆਏ ਤਾਂ ਸਾਰ ਹੀ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਬੱਕ ਕੇ ਸੀ ਆਈ ਏ ਸਟਾਫ ਬੰਦ ਕਰ ਦਿੱਤਾ ਗਿਆ। ਪੂਰਨ ਬਿਬੇਕੀ ਸਰਬਲੋਹੀਆ ਪਰਿਵਾਰ ਮਹੀਨਿਆਂ ਬੱਧੀ ਭੁੱਖਣ ਭਾਣਾ ਪੁਲਿਸ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਰਿਹਾ। ਭਾਈ ਗੁਰਪਾਲ ਸਿੰਘ ਇਸ ਸਭ ਕੁਝ ਨੂੰ ਵਾਹਿਗੁਰੂ ਦੀ ਰਜ਼ਾ ਸਮਝਦੇ ਰਹੇ।

ਪਹਿਲੀ ਵਾਰ ਭਾਈ ਗੁਰਪਾਲ ਸਿੰਘ ਸੁਰਖੀਆਂ ਵਿਚ ਆਏ ਤਾਂ ਪੁਲਿਸ ਪਰਿਵਾਰ ਨੂੰ ਤੰਗ ਕਰਨ ਲੱਗੀ ਭਾਈ ਸਾਹਿਬ ਨੇ ਪਰਿਵਾਰ ਨੂੰ ਚਿੱਠੀ ਲਿਖੀ ਪਿਤਾ ਜੀ ਨੂੰ ਬੇਨਤੀ ਕੀਤੀ "ਤੁਸੀਂ ਮੇਰੇ ਲਈ ਅਰਦਾਸ ਕਰਿਆ ਕਰੋ ਤਾਂ ਕਿ ਮੈਂ ਕੌਮ ਦੇ ਕੰਮ ਆ ਸਕਾਂ ਕਿਉਂਕਿ ਅੱਜ ਕੌਮ ਸੰਕਟ ਵਿਚ ਹੈ" ਜੇ ਘਰੇ ਮਿਸਤਰੀ ਲੱਗੇ ਹੁੰਦੇ ਤਾਂ ਕਹਿੰਦੇ "ਇਹਨਾਂ ਦਾ ਕੀ ਲਾਭ ਹੈ, ਇਹ ਇਕ ਇਕ ਪੈਸਾ ਕੌਮ ਦੀ ਅਜ਼ਾਦੀ ਲਈ ਖਰਚ ਕਰੋ। ਕੌਮ ਦਾ ਘਰ ਬਣ ਗਿਆ ਤਾਂ ਆਪਣੇ ਸਾਰਿਆਂ ਦੇ ਘਰ ਬਣ ਗਏ" ਪਰਿਵਾਰ ਨੂੰ ਗੁਰੂ ਘਰ ਲਈ ਦਸਵੰਧ ਦੇਣ ਲਈ ਕਹਿੰਦੇ ਹੁੰਦੇ ਸਨ। ਜੇਕਰ ਮਾਤਾ ਜੀ ਨੂੰ ਉਦਾਸ ਦੇਖਦੇ ਤਾਂ ਉਹਨਾਂ ਨੂੰ ਹੌਸਲਾ ਦਿੰਦੇ ਹੋਏ ਕਹਿੰਦੇ "ਗੁਰੂ ਸਾਹਿਬ ਜੀ ਨੇ ਆਪਣੇ ਚਾਰੇ ਲਾਲ ਕੌਮ ਤੋਂ ਵਾਰ ਦਿੱਤੇ ਸਨ, ਘਰ ਪਰਿਵਾਰ ਸਭ ਕੁਝ ਵਾਰ ਦਿਤਾ ਸੀ ਅਸੀਂ ਤਾਂ ਸਿਰਫ਼ ਤੇਰੇ ਦੋ ਹੀ ਪੁੱਤਰ ਹਾਂ, ਹੁਣ ਤੁਸੀਂ ਇੱਕ ਘਟਾ ਸਮਝੋ ਨਹੀਂ ਸੀ।" ਇਕ ਦਿਨ ਇਕ ਸਿੰਘ ਨੇ ਪੁੱਛ ਲਿਆ "ਸਿੰਘਾ ਤੁਸੀਂ ਕਿੰਨੇ ਭਰਾ ਹੋ।" ਹੱਸਦਿਆਂ ਨੇ ਕਿਹਾ "ਅਸੀਂ ਦੋ ਭਰਾ ਹਾਂ ਪਰ ਹੁਣ ਇਕੋ ਹੀ ਸਮਝੋ।"

ਭਾਈ ਸਾਹਿਬ ਚੰਗੀ ਸਿਹਤ ਨਰੋਏ ਜੁੱਸੇ ਵਾਲੇ ਸਨ। ਸਰੀਰ ਦੀ ਸੰਭਾਲ ਲਈ ਕਸਰਤ ਕਰਨੀ, ਜੰਗੀ ਅਭਿਆਸ ਲਈ ਗੱਤਕਾ ਖੇਡਣਾ, ਮੁੱਕੇਬਾਜ਼ੀ ਕਰਨੀ, ਭਾਰ ਚੁੱਕਣਾ ਆਦਿ ਮਿਹਨਤ ਕਰਦੇ ਸਨ। ਆਪ ਜੀ ਜਦੋ ਰੂਪੋਸ਼ ਹੋ ਗਏ ਸਨ, ਉਸ ਸਮੇਂ ਵੀ ਉਹਨਾਂ ਨੇ ਸਰਬਲੋਹ ਬਿਬੇਕ ਦੇ ਗੁਰਮਤਿ ਅਨੁਸਾਰ ਪਹਿਰ ਨੂੰ ਔਖਾ ਸੰਗ ਨਿਭਾਇਆ। ਇਕ ਰਾਤ ਮੋਗੇ ਆਪਣੇ ਕਿਸੇ ਟਿਕਾਣੇ 'ਤੇ ਪਹੁੰਚੇ ਤਾਂ ਉਥੇ ਜਿੰਦਰਾ ਲੱਗਿਆ ਮਿਲਿਆ ਸਾਰੀ ਰਾਤ ਭੁੱਖਣ ਭਾਣੇ ਹੀ ਟੇਢੇ ਮੇਢੇ ਰਾਹਾਂ ਤੋਂ ਤੁਰ ਕੇ ਸਮਾਲਸਰ ਕੋਲ ਇਕ ਨਹਿਰ 'ਤੇ ਪਹੁੰਚੇ ਉਥੋਂ ਨਹਿਰੋ ਨਹਿਰ ਹੀ ਕੋਟਕਪੂਰਾ ਕਿਸੇ ਟਿਕਾਣੇ 'ਤੇ ਪਹੁੰਚੇ। ਕਿਸ ਬੇ-ਅੰਮ੍ਰਿਤੀਏ ਤੋਂ ਕਝ ਛਕਣਾ ਤਾਂ ਦੂਰ ਦੀ ਗੱਲ, ਉਸ ਦੇ ਕੋਲ ਬੈਠਣ ਤੋਂ ਵੀ ਕੰਨੀ ਕਤਰਾਉਂਦੇ ਸਨ। ਕਿਸੇ ਵੀ ਐਕਸ਼ਨ 'ਤੇ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਬੇਨਤੀ ਕਰਦੇ ਹੁੰਦੇ ਸਨ "ਹੇ ਦਾਤਾਰ ਪਿਤਾ ਜੇਕਰ ਇਹ ਪ੍ਰਾਣੀ ਸਧਾਰਨ ਕਸੂਰਵਾਰ ਹੈ ਤਾਂ ਇਸ ਨੂੰ ਸਮੱਤ ਬਖਸ਼ੀ ਜੇਕਰ ਜਾਬਰ ਹੈ ਤਾਂ ਸਾਨੂੰ ਇਸ ਨੂੰ ਸੋਧਣ ਦਾ ਬਲ ਬਖਸ਼ੀਂ।" ਭਾਈ ਸਾਹਿਬ ਜੀ ਨੇ ਸੰਨ 1985 ਵਿੱਚ ਬੱਬਰਾਂ ਵਲੋਂ ਮਾਲਵਾ ਜ਼ੋਨ ਦੀ ਕਮਾਂਡ ਸੰਭਾਲ ਲਈ ਸੀ। ਹਿੰਦੋਸਤਾਨੀ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਜੀ 'ਤੇ ਫੌਜੀ ਹਮਲੇ ਤੋਂ ਬਾਅਦ ਜਦੋਂ ਪਹਿਲੀ ਵਾਰ ਸਿੱਖ ਕੌਮ ਸਿਰ ਚੋਣਾਂ ਥੋਪੀਆਂ ਗਈਆਂ ਤਾਂ ਬੱਬਰਾਂ ਨੇ ਚੋਣ ਉਮੀਦਵਾਰਾਂ ਦੀਆਂ ਕਾਰਾਂ ਨੂੰ ਬੰਬਾਂ ਨਾਲ ਉਡਾ ਕੇ ਚੋਣਾਂ ਦਾ

ਬਾਈਕਾਟ ਕੀਤਾ। ਸੰਨ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਲਈ ਕਰਵਾਏ ਗਏ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਬੱਬਰਾਂ ਨੇ ਟਰਾਂਜਿਸਟਰ ਬੰਬ ਤੇ ਬੋਤਲ ਅਤੇ ਪੈਕਟ ਬੰਬਾਂ ਰਾਹੀ ਹਿੰਦੋਸਤਾਨੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਭਾਈ ਗੁਰਪਾਲ ਸਿੰਘ ਜੀ ਬੰਬ ਬਨਾਉਣ ਦੀ ਪੂਰੀ ਮੁਹਾਰਤ ਰੱਖਦੇ ਸਨ। ਉਨ੍ਹਾਂ ਨੇ ਫਰੀਦਕੋਟ ਸ਼ਹਿਰ ਦੇ ਵਿਚਕਾਰ ਸੀ ਆਰ ਪੀ ਦੀ ਗਸ਼ਤੀ ਟੋਲੀ 'ਤੇ ਹਮਲਾ ਕਰਕੇ ਉਸ ਦੇ ਸੱਥਰ ਵਿਛਾ ਦਿਤੇ ਸਨ। ਭਾਈ ਗੁਰਪਾਲ ਸਿੰਘ ਨੇ ਆਪਣੇ ਜ਼ਖਮੀ ਸਾਥੀ ਨੂੰ ਇਕ ਰਿਕਸ਼ੇ 'ਤੇ ਬੈਠਾ ਕੇ ਪੁਲਿਸ ਦੇ ਘੇਰੇ ਤੋਂ ਬਾਹਰ ਕੱਢ ਲਿਆ ਸੀ। ਪਿੰਡ ਸਾਦਕ ਕੋਲ ਪਿੰਡ ਰੋੜੇ ਵਿਖੇ ਸ਼ਹੀਦ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਬਾਰੇ ਮੁਖਬਰੀ ਕਰਨ ਵਾਲੇ ਮੁਖਬਰ ਨੂੰ ਜਦੋਂ ਬੱਬਰਾਂ ਨੇ ਗੱਡੀ ਚਾਹੜਿਆਂ ਤਾਂ ਭਾਈ ਸਾਹਿਬ ਜੀ ਦਾ ਨਜ਼ਦੀਕੀ ਸਾਥੀ ਭਾਈ ਇਕਬਾਲ ਸਿੰਘ ਬਾਲਾ ਬੱਬਰ ਮੋਹਨੀ ਕੁਝ ਲੋਕਾਂ ਦੀ ਪਕੜ ਵਿਚ ਆ ਗਏ ਸਨ। ਉਸ ਸਮੇਂ ਭਾਈ ਸਾਹਿਬ ਜੀ ਦੇ ਫੁਰਤੀਲੇਪਣ ਅਤੇ ਜਾਂਬਾਜ਼ ਬਹਾਦਰੀ ਸਦਕਾ ਉਹਨਾਂ ਨੇ ਆਪਣੇ ਸਾਥੀ ਭਾਈ ਮੋਹਨੀ ਨੂੰ ਲੋਕਾਂ ਦੇ ਕਬਜ਼ੇ ਵਿਚੋਂ ਛੁਡਵਾਇਆ। ਭਾਈ ਸਾਹਿਬ ਜੀ ਦੇ ਅਤਿ ਹੀ ਨਜ਼ਦੀਕੀ ਸਾਥੀ ਅਤੇ ਬੱਬਰਾਂ ਦੇ ਪਹਿਲੇ ਪੰਜ ਮੁਖ ਸੇਵਾਦਾਰਾਂ ਵਿਚੋਂ ਭਾਈ ਅਨੋਖ ਸਿੰਘ ਬੱਬਰ ਸੂਬਾ ਵੜਿੰਗ ਲੁਧਿਆਣਾ ਜਿਲ੍ਹੇ ਦੇ ਪਿੰਡ ਛੁਹਲੋਂ ਕੋਲ ਪੁਲਿਸ ਦੀ ਪਕੜ ਵਿਚ ਆ ਗਏ ਸਨ। ਭਾਈ ਗੁਰਪਾਲ ਸਿੰਘ ਬੱਬਰ ਵਰਗੇ ਸਿੰਘ ਇਹ ਗੱਲ ਕਿਥੇ ਬਰਦਾਸ਼ਤ ਕਰ ਸਕਦੇ ਸਨ। ਜਿਸ ਦਿਨ ਭਾਈ ਅਨੋਖ ਸਿੰਘ ਨੂੰ ਲੁਧਿਆਣੇ ਕਚਹਿਰੀ ਵਿਚ ਪੇਸ਼ ਕੀਤਾ ਜਾਣਾ ਸੀ, ਉਸੇ ਦਿਨ ਪੁਲਿਸ ਪਾਰਟੀ 'ਤੇ ਹਮਲਾ ਕਰਕੇ ਉਹਨਾਂ ਨੇ ਭਾਈ ਅਨੋਖ ਸਿੰਘ ਨੂੰ ਪੁਲਿਸ ਦੀ ਹਿਰਾਸਤ ਵਿਚੋਂ ਛੁਡਵਾ ਲਿਆ। ਇਸ ਐਕਸ਼ਨ ਵਿੱਚ ਲੁਧਿਆਣਾ ਤੋਂ ਬਾਹਰ ਹੋਏ ਮੁਕਾਬਲੇ ਵਿਚ ਦੋ ਸਿੰਘ ਸ਼ਹੀਦ ਹੋ ਗਏ। ਭਾਈ ਅਨੋਖ ਸਿੰਘ ਬੱਬਰ ਨੂੰ ਦੁਬਾਰਾ ਫੜਨ ਦੀ ਸਾਰੀ ਕਾਰਵਾਈ ਦੀ ਕਮਾਂਡ ਪੰਜਾਬ ਦੇ ਪੁਲਿਸ ਮੁਖੀ ਰਿਬੇਰੋ ਨੇ ਆਪ ਖੁਦ ਸੰਭਾਲੀ ਸੀ। ਲੁਧਿਆਣਾ ਦੀ ਪੁਲਿਸ ਨੇ ਭਾਈ ਗੁਰਪਾਲ ਸਿੰਘ ਦੇ ਪਿਤਾ ਜੀ ਨੂੰ ਬੁਰਜ ਮੰਡੀ ਤੋਂ ਲਿਆ ਕੇ ਦੋਹਾਂ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਦੀ ਸ਼ਨਾਖਤ ਕਰਵਾਈ ਸੀ ਕਿ ਸ਼ਾਇਦ ਇਹਨਾਂ ਵਿਚ ਕੋਈ ਗੁਰਪਾਲ ਸਿੰਘ ਹੋਵੇ ਪਰ ਭਾਈ ਸਾਹਿਬ ਭਾਈ ਅਨੋਖ ਸਿੰਘ ਨੂੰ ਬਿਲਕੁਲ ਸੁਰੱਖਿਅਤ ਪੁਲਿਸ ਦੇ ਘੇਰੇ ਵਿਚੋਂ ਲੈ ਕੇ ਨਿਕਲ ਗਏ ਸਨ।

ਸੰਨ 1978 ਦੀ ਖੂਨੀ ਵਿਸਾਖੀ ਤੇ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਗੁਰੂ ਕੇ ਲਾਲਾਂ ਦੀਆਂ ਸ਼ਹਾਦਤਾਂ ਦੇ ਸੰਕਲਪ ਵਿਚੋਂ ਉਠੀ ਕੌਮ ਦੀ ਅਜ਼ਾਦੀ ਦੇ ਆਦਰਸ਼ ਨੂੰ ਕੌਮ ਨੇ ਬੇ-ਮਿਸਾਲ ਕੁਰਬਾਨੀਆਂ ਦੇ ਕੇ ਖ਼ਾਲਸਤਾਨ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਇਸ ਖੂਨੀ ਕਾਂਡ ਵਿਚ ਤੇਰਾਂ ਸਿੰਘ ਸ਼ਹੀਦ ਹੋਏ ਸਨ ਜਿਨ੍ਹਾਂ ਵਿਚ ਗਿਆਰਾਂ ਸਿੰਘ ਅਖੰਡ ਕੀਰਤਨੀ ਜਥੇ ਨਾਲ ਸਬੰਧ ਰੱਖਦੇ ਸਨ, ਜਿਨ੍ਹਾਂ ਨੇ ਭਾਈ ਫੌਜਾ ਸਿੰਘ, ਸ਼ਹੀਦ ਭਾਈ ਹਜ਼ੂਰਾ ਸਿੰਘ ਰਿਟਾਇਰਡ ਡੀ ਐਸ ਪੀ ਅਤੇ ਭਾਈ ਅਮਲਕ ਸਿੰਘ ਜੀ ਦੀ ਅਗਵਾਈ ਹੇਠ ਨਰਕਧਾਰੀਆਂ ਦੇ ਕੂੜ ਦੇ ਪ੍ਰਚਾਰ ਨੂੰ ਸ਼ਾਂਤਮਈ ਰੋਕਣਾ ਚਾਹਿਆ ਸੀ। ਇਸ ਖੂਨੀ ਕਾਂਡ ਤੋਂ ਉਠੀ ਆਜ਼ਾਦੀ ਦੀ ਲਹਿਰ ਕਿਸੇ ਦੀ ਦੇਣ ਨਹੀਂ ਸੀ, ਜਿਵੇਂ ਕਿ ਇਹ ਪ੍ਰਚਾਰ

[illegible] ਜਾ ਰਿਹਾ ਸੀ। ਇਹ ਪਾਕਿਸਤਾਨ ਦੇ ਏਜੰਟ ਹਨ, ਕਾਂਗਰਸ ਦੇ ਏਜੰਟ ਹਨ, ਇਹ ਬਾਹਰੋਂ ਹਥਿਆਰ ਲੈ ਕੇ ਆਉਂਦੇ ਹਨ ਆਦਿ। ਬੱਬਰਾਂ ਨੇ ਇਹਨਾਂ ਸਾਰੀਆਂ ਕਹਾਣੀਆਂ ਨੂੰ ਝੂਠਾ ਸਿੱਧ ਕਰ ਦਿੱਤਾ ਜਦੋਂ ਭਾਈ ਗੁਰਪਾਲ ਸਿੰਘ ਬੱਬਰ, ਭਾਈ ਗੁਰਮੀਤ ਸਿੰਘ ਬੱਬਰ ਉਰਫ ਲੰਬੂ ਵੀਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਜਸਮਿੰਦਰ ਸਿੰਘ ਬੱਬਰ ਲੁਧਿਆਣਾ, ਭਾਈ ਕਹਰ ਸਿੰਘ ਬੱਬਰ ਝਬਾਲ, ਭਾਈ ਕਾਹਨ ਸਿੰਘ ਬੱਬਰ ਉਰਫ ਭਾਈ ਮਹਿੰਦਰ ਸਿੰਘ ਬਜਾਜ ਦੀਆਂ ਤਿੰਨ ਟੀਮਾਂ ਨੇ ਦਿੱਲੀ, ਹਰਿਆਣਾ, ਪੰਜਾਬ ਦੀ ਗਾਰਡੀ ਬੱਸ ਸਰਵਿਸ ਵਿੱਚ ਤਾਇਨਾਤ ਸੁਰੱਖਿਆ ਗਾਰਦਾਂ ਤੋਂ ਤਲਵੰਡੀ ਸਾਬੋ ਅਤੇ ਹੋਰ ਸਰਕਾਰੀ ਅਸਲਾ ਡੀਪੂਆਂ ਤੋਂ ਅਸਲਾ ਅਤੇ ਹਰ ਗੋਲਾ ਬਾਰੂਦ ਲੁੱਟ ਅਤੇ ਖੋਹ ਲਿਆ। ਬੱਬਰਾਂ ਨੇ ਇਹਨਾਂ ਬੱਸ ਯਾਤਰੀਆਂ ਨੂੰ ਆਪਣੀ ਇਕ ਇਕ ਚਿੱਠੀ ਦਿੱਤੀ ਜਿਸ ਵਿਚ ਉਹਨਾਂ ਲਿਖਿਆ "ਅਸੀ ਕੌਮ ਦੀ ਅਜ਼ਾਦੀ ਇਸ ਲੁਟੇਰੇ ਨਿਜ਼ਾਮ ਤੋਂ ਹਾਸਲ ਕਰਨ ਲਈ ਹਥਿਆਰ ਲੁਟ ਰਹੇ ਹਾਂ ਨਾ ਕਿ ਬੱਸਾਂ, ਰੇਲਾਂ ਅੰਦਰ ਸਫਰ ਕਰਨ ਵਾਲੇ ਨਿਰਦੋਸ਼ ਯਾਤਰੀਆਂ ਨੂੰ ਮਾਰਨ ਲਈ। ਮਨੁੱਖ ਦੀ ਅਜ਼ਾਦੀ ਖਾਲਿਸਤਾਨ ਦੇ ਰੂਪ ਵਿਚ ਹੀ ਸੰਪੂਰਨ ਹੋਵਗੀ ਜੋ ਤੁਹਾਡੇ ਸਭ ਦੇ ਸਹਿਯੋਗ ਨਾਲ ਹਾਸਿਲ ਕੀਤੀ ਜਾਵਗੀ। ਅਸੀ ਇਹਨਾਂ ਹਥਿਆਰਾਂ ਨੂੰ ਹਾਸਲ ਕਰਨ ਦੀ ਜ਼ੁੰਮੇਵਾਰੀ ਲੈਂਦੇ ਹਾਂ ਤੁਹਾਡੇ ਸਭ ਦੇ ਨਿਮਾਣੇ ਜਹੇ ਸੇਵਕ ਬੱਬਰ ਖਾਲਸਾ ਇੰਟਰਨੈਸ਼ਨਲ। ਮੁਖ ਸੇਵਾਦਾਰ ਸੁਖਦੇਵ ਸਿੰਘ ਬੱਬਰ।

ਭਾਈ ਸਾਹਿਬ ਜੀ ਨੇ ਭਾਈ ਅਨੋਖ ਸਿੰਘ ਜੀ ਦੀ ਦੇਖ ਰੇਖ ਹੇਠ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਵੱਲੋਂ ਇਕ ਕਿਤਾਬਚਾ "ਵੰਗਾਰ" ਪ੍ਰਕਾਸ਼ਤ ਕੀਤਾ, ਜਿਸ ਵਿਚ ਜਥੇਬੰਦੀ ਦੀਆਂ ਪ੍ਰਾਪਤੀਆਂ ਅਤੇ ਭਵਿੱਖ ਦੇ ਟੀਚੇ ਉਲੀਕੇ ਗਏ ਸਨ। ਚਾਲੀ ਨਰਕਧਾਰੀਆਂ ਅਤੇ ਦੁਸ਼ਟਾਂ ਦੇ ਨਾਮ ਲਿਖ ਕੇ ਸਾਹਮਣੇ ਖਾਲੀ ਥਾਂ ਰੱਖੀ ਗਈ ਸੀ ਅਤੇ ਨੌਜਵਾਨਾਂ ਨੂੰ ਬੇਨਤੀ ਕੀਤੀ ਗਈ ਸੀ, "ਨੌਜਵਾਨੋ ਇਹਨਾਂ ਦੁਸ਼ਟਾਂ ਨੂੰ ਸੋਧ ਕੇ ਖਾਲੀ ਥਾਂ ਵਿਚ ਆਪਣੇ ਨਾਮ ਭਰੋ।"

ਭਾਈ ਗੁਰਪਾਲ ਸਿੰਘ ਜੀ ਨੂੰ ਜਥੇਬੰਦੀ ਨੇ ਗੁਪਤ ਨਾਮ ਗੁਰਮੁਖ ਸਿੰਘ ਦਿੱਤਾ ਸੀ। ਕਥਨੀ ਕਰਨੀ ਦਾ ਨਾਮਬਾਣੀ ਵਿਚ ਰੰਗਿਆ ਬੱਬਰ ਸੂਰਾ, ਜਿਹੜਾ ਮੁਖ ਤੋਂ ਹੋਰ ਚਿੱਤ ਮੈਂ ਯੁਧ ਬਿਚਾਰੈਂ ਦਾ ਧਾਰਨੀ ਜੋ ਹਮੇਸ਼ਾ ਕੌਮ ਲਈ ਕੁਝ ਕਰ ਗੁਜਰਨਾ ਚਾਹੁੰਦਾ ਸੀ। ਜਿਸ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਨੂੰ ਬੜੇ ਹੀ ਗੌਹ ਨਾਲ ਪੜ੍ਹਿਆ ਜਿਸਨੇ ਸਰਬਲੋਹ ਬਿਬੇਕ ਦੇ ਪਹਿਰੇ ਹੇਠ ਜ਼ਮੀਨ 'ਤੇ ਭੁੰਜੇ ਸੌਣ ਨੂੰ ਹੀ ਤਰਜੀਹ ਦਿੱਤੀ ਉਸ ਨੂੰ ਨਾਮ ਬਾਝ ਸਿਮਰਨ ਬਾਝ ਕਿਤੇ ਕੁਝ ਵੀ ਮਿਲ ਜਾਂਦੇ ਉਸ ਨੇ ਲੈ ਲੈਣਾ ਹੁੰਦਾ ਸੀ ਰੂਪੋਸ਼ੀ ਦੀ ਜ਼ਿੰਦਗੀ ਦੌਰਾਨ ਘਰੋਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਾਇਆ ਲੈਣ ਕਦੇ ਕਦ ਆ ਜਾਂਦਾ ਸੀ ਸ਼ਹੀਦ ਹੋਣ ਤੋਂ ਚਾਰ ਪੰਜ ਦਿਨ ਪਹਿਲਾਂ ਹੀ ਪਰਿਵਾਰ ਨੂੰ [illegible] ਸੀ। ਉਸ ਨੇ ਪਿਤਾ ਜੀ ਦੇ ਪੈਰਾਂ ਨੂੰ ਹੱਥ ਲਾਉਂਦੇ ਹੋਏ ਕਿਹਾ ਸੀ, "ਪਿਤਾ ਜੀ [illegible] ਮੇਰੀ ਪਿੱਠ ਵਿੱਚ ਗੋਲੀ ਨਹੀਂ ਵੱਜੇਗੀ ਅਤੇ ਨਾ ਹੀ ਮੈਂ ਜਿਉਂਦਾ ਸਰਕਾਰ ਦੇ ਹੱਥ ਆਵਾਂਗਾ, ਜੇਕਰ ਸਾਡੇ ਗੁਰੂ ਦੇ ਗੋਲੀਆਂ ਵੱਜੀਆਂ ਹਨ ਫਿਰ ਸਾਡਾ ਜਿਉਣ ਦਾ ਕੋਈ ਹੱਕ ਨਹੀਂ" ਮਾਤਾ ਜੀ ਦੇ ਲਾਡ ਵਿਚ ਪਲਿਆ ਗੁਰਪਾਲ ਸਿੰਘ ਇਕ ਦਿਨ

ਆਪਣੀ ਮਾਤਾ ਜੀ ਨੂੰ ਕਹਿੰਦਾ "ਬੇਜੀ ਤੁਸੀ ਕ੍ਰਿਪਾਨ ਹੇਠਾਂ ਦੀ ਕਿਉਂ ਪਾਈ ਹੈ, ਉਪਰ ਦੀ ਪਾਇਆ ਕਰ, ਇਹ ਹੀ ਸਾਡੀ ਫਤਹਿ ਦੀ ਨਿਸ਼ਾਨੀ ਹੈ।"

ਮਾਤਾ ਜੀ ਪੁਤ ਦੇ ਵੈਰਾਗ ਦੇ ਦਰਦ ਵਿਚ ਬਹੁਤ ਹੀ ਦੂਰ ਦੀ ਗੱਲ ਕਹਿ ਦਿੰਦੇ ਹਨ। "ਮੈਂ ਮਾਂ, ਤਾਂ ਭਾਈ ਗੁਰਪਾਲ ਸਿੰਘ ਬੱਬਰ 'ਤੇ ਜਿਨ੍ਹਾਂ ਮਾਣ ਕਰ ਲਵਾਂ ਥੋੜ੍ਹਾ ਹੈ, ਮੈਂ ਤਾ ਕਦੇ ਕਦੇ ਇਹ ਮਹਿਸੂਸ ਕਰ ਜਾਂਦੀ ਹਾਂ ਕਿ ਮੈਂ ਮਾਂ ਤਾਂ ਇਸ ਯੋਗ ਵੀ ਨਹੀਂ ਹਾਂ ਕਿ ਗੁਰਪਾਲ ਜਿਹੀ ਮਹਾਨ ਸ਼ਖਸੀਅਤ ਨੂੰ ਆਪਣੀ ਕਖੋਂ ਜਨਮ ਦਿੱਤਾ ਹੋਵੇ। ਸਾਰਾ ਹੀ ਪਰਿਵਾਰ ਗੁਰਮਤਿ ਬਿਬੇਕ ਨਾਮ ਰੰਗ ਅੰਦਰ ਰੰਗਿਆ ਹੋਇਆ, ਗੁਰੂ ਸਾਹਿਬ ਜੀ ਦੀ ਭੈ ਭਾਵਨੀ ਅੰਦਰ ਰਹਿ ਰਿਹਾ ਹੈ।

ਭਾਈ ਸਾਹਿਬ ਜੀ ਆਪਣ ਸਾਥੀਆਂ ਨਾਲ ਸੰਗਰੂਰ ਵਿਖੇ ਹਮੀਰਗੜ੍ਹ ਬਸਤੀ ਵਿਚ ਆਪਣ ਕਿਸੇ ਟਿਕਾਣੇ 'ਤੇ ਠਹਿਰੇ ਹੋਏ ਸਨ। 11ਮਈ ਸੰਨ 1987 ਦਿਨ ਸੋਮਵਾਰ ਨੂੰ ਖੰਨਾ, ਲੁਧਿਆਣਾ ਅਤੇ ਸੰਗਰੂਰ ਦੀ ਪੁਲਿਸ ਨੇ ਸੂਹ ਬਾਰ ਵਜ ਜਿਹਨਾਂ ਦੇ ਟਿਕਾਣ 'ਤੇ ਛਾਪਾ ਮਾਰਿਆ। ਇਥੇ ਸ਼ੁਰੂ ਹੋਏ ਗਹਿਗੱਚ ਮੁਕਾਬਲੇ ਵਿੱਚ ਭਾਈ ਸਾਹਿਬ ਜੀ ਆਪਣੇ ਸਾਥੀ ਭਾਈ ਜਰਨੈਲ ਸਿੰਘ ਹਲਵਾਰਾ ਨਾਲ ਆਪਣੇ ਦੂਸਰ ਸਾਥੀਆਂ ਨੂੰ ਘਰ ਵਿਚੋਂ ਬਾਹਰ ਕੱਢਦ ਹਏ ਅਤੇ ਪਲਿਸ ਦੇ ਕਈ ਅਫਸਰਾਂ ਨੂੰ ਸੋਧਦ ਹੋਏ ਸ਼ਹੀਦ ਹੋ ਗਏ। ਭਾਈ ਸਾਹਿਬ ਜੀ ਦੀ ਛਾਤੀ ਵਿਚ 9 ਗਲੀਆਂ ਲੱਗੀਆਂ ਸਨ। ਸ਼ਹੀਦੀ ਸਮੇਂ ਆਪ ਜੀ ਦਾ ਸਿਰ ਇਕ ਖਾਲ ਦੀ ਵੱਟ 'ਤੇ ਉੱਚਾ ਪਿਆ ਸੀ। ਸੀਸ ਕਲ ਚਿੱਟੇ ਰੰਗ ਦੀ ਕੇਸਕੀ ਪਈ ਸੀ। ਉਸ ਸਮ ਭਾਈ ਸਾਹਿਬ ਜੀ ਦੀ ਪਹਿਚਾਨ ਨਹੀ ਹੋ ਸਕੀ ਸੀ, ਪਰ ਭਾਈ ਜਰਨੈਲ ਸਿੰਘ ਹਲਵਾਰਾ ਦੀ ਪਹਿਚਾਣ ਹੋਣ ਤੇ ਭਾਈ ਹਲਵਾਰਾ ਦੇ ਪਰਿਵਾਰ ਨੇ ਹੀ ਭਾਈ ਗੁਰਪਾਲ ਸਿੰਘ ਬੱਬਰ ਦਾ ਸਸਕਾਰ ਭਾਈ ਹਲਵਾਰੇ ਨਾਲ ਕਰ ਦਿੱਤਾ ਸੀ। ਉਹਨਾਂ ਨ ਗੁਰੂ ਸਾਹਿਬ ਜੀ ਦ ਇਸ ਵਾਕ 'ਤੇ ਸਹੀ ਪਾ ਦਿੱਤੀ ਸੀ "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤੁ॥" ਜਦੋਂ ਪਰਿਵਾਰ ਨੂੰ ਪਤਾ ਲੱਗਾ ਤਾਂ ਭਾਈ ਸਾਹਿਬ ਜੀ ਦ ਪਿਤਾ ਜੀ ਨੇ ਜਥੇਦਾਰ ਲੱਖਾ ਸਿੰਘ ਬੁਰਜ ਮੰਡੀ ਨੂੰ ਨਾਲ ਲਿਜਾ ਕੇ ਐਸ ਐਸ ਪੀ ਸੰਗਰੂਰ ਤੋਂ ਭਾਈ ਸਾਹਿਬ ਜੀ ਦੀਆਂ ਅਸਥੀਆਂ ਦੀ ਮੰਗ ਕਰਨ ਤੇ ਪਰਿਵਾਰ ਨੂੰ ਉਸ ਬੱਬਰ ਯੋਧੇ ਦੀਆਂ ਅਸਥੀਆਂ ਮਿਲ ਗਈਆਂ ਸਨ ਜਥੇਦਾਰ ਲੱਖਾ ਸਿੰਘ ਉਸ ਸ਼ਹੀਦ ਸਿੰਘ ਦੀਆਂ ਅਸਥੀਆਂ ਅਤੇ ਰਾਖ ਦੀ ਬੋਰੀ ਸੰਗਰੂਰ ਤੋਂ ਆਪਣੇ ਸਿਰ ਉਪਰ ਚੁੱਕ ਕੇ ਪਿੰਡ ਬੁਰਜ ਮੰਡੀ ਲੈ ਕੇ ਆਇਆ ਸੀ ਜਿੱਥੇ ਸੰਗਤ ਨੇ ਅੰਤਿਮ ਰਸਮਾਂ ਪੂਰੀਆਂ ਕੀਤੀਆਂ।

ਪਰਿਵਾਰ ਨੇ ਆਪਣਾ ਘਰ ਸ਼ਹੀਦ ਭਾਈ ਗੁਰਪਾਲ ਸਿੰਘ ਬੱਬਰ ਦੇ ਨਾਮ 'ਤੇ ਗੁਰੂ ਘਰ ਬਨਾਉਣ ਵਾਸਤੇ ਦਾਨ ਕਰ ਦਿੱਤਾ ਸੀ ਅਤੇ ਆਪ ਬਠਿੰਡੇ ਸ਼ਹਿਰ ਵਿਚ ਨਿਵਾਸ ਕਰ ਲਿਆ ਸੀ। ਅਖੰਡ ਕੀਰਤਨੀ ਜਥੇ ਦੇ ਸਿੰਘ ਉਸ ਬੱਬਰ ਯੋਧੇ ਦੀ ਯਾਦ ਵਿਚ ਬੀਰ ਰਸੀ ਕੀਰਤਨ ਦੀਆਂ ਛਣਕਾਰਾਂ ਰੈਣਸੁਬਾਈ ਸਮਾਗਮਾਂ ਵਿਚ ਪਾਉਂਦੇ ਰਹਿੰਦੇ ਹਨ। ਇਸ ਨਾਮ ਰੱਤੀ ਰੂਹ ਨੇ ਕੌਮ ਦੀ ਅਜ਼ਾਦੀ ਦੀ ਜੰਗ ਨੂੰ ਤੇਜ਼ ਕਰਦੇ ਹੋਏ ਸ਼ਹਾਦਤ ਦੇ ਕੇ ਕੌਮ ਦਾ ਸਿਰ ਉੱਚਾ ਕੀਤਾ ਹੈ।

# ਭਾਈ ਬਲਵਿੰਦਰ ਸਿੰਘ ਬੱਬਰ ਰੰਗਾ

ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਰੰਗਾ ਉਰਫ ਡਾਕਟਰ ਹਰਨੇਕ ਸਿੰਘ ਬੱਬਰ ਦਾ ਜਨਮ 15 ਅਕਤੂਬਰ 1960 ਨੂੰ ਮਾਤਾ ਗੁਰਦਿਆਲ ਕੌਰ ਜੀ ਦੀ ਸੁਲੱਖਣੀ ਕੁੱਖੋਂ ਸ਼ਹੀਦ ਬਾਪੂ ਹਜੂਰਾ ਸਿੰਘ ਦੇ ਘਰ ਪਿੰਡ ਰੰਗਾ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਆਪ ਜੀ ਦੀਆਂ ਤਿੰਨ ਭੈਣਾਂ ਅਤੇ ਦੋ ਭਰਾ ਹਨ. ਆਪ ਜੀ ਨੇ ਕਾਲਜ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਡਾਕਟਰੀ ਦਾ ਕੋਰਸ ਕੀਤਾ ਤੇ ਫਿਰ ਇਕ ਪ੍ਰਾਈਵੇਟ ਡਾਕਟਰ ਕੋਲ ਪ੍ਰੈਕਟਿਸ ਕਰਨ ਲੱਗ ਪਏ।

ਆਪ ਜਦੋਂ ਪੜ੍ਹਾਈ ਕਰ ਰਹੇ ਸਨ ਉਸ ਸਮੇਂ 13 ਅਪ੍ਰੈਲ ਸੰਨ 1978 ਦੀ ਵਿਸਾਖੀ 'ਤੇ ਨਕਲੀ ਨਿਰੰਕਾਰੀਆਂ ਹੱਥੋਂ ਅੰਮ੍ਰਿਤਸਰ ਸਾਹਿਬ ਵਿਖੇ 13 ਸਿੰਘ ਸ਼ਹੀਦ ਹੋ ਗਏ। ਇਸ ਖ਼ਬਰ ਨੂੰ ਉਨ੍ਹਾਂ ਬੜੀ ਹੀ ਗੰਭੀਰਤਾ ਨਾਲ ਲਿਆ। ਜਦੋਂ ਸਿੰਘਾਂ ਦੇ ਸ਼ਹੀਦੀ ਸਮਾਗਮ ਦੀ ਅੰਤਮ ਅਰਦਾਸ ਦੀ ਖ਼ਬਰ ਉਨ੍ਹਾਂ ਅਜੀਤ ਅਖ਼ਬਾਰ ਦੇ ਮੁੱਖ ਪੰਨੇ 'ਤੇ ਪੜ੍ਹੀ ਅਤੇ ਸ਼ਹੀਦ ਭਾਈ ਫੌਜਾ ਸਿੰਘ ਦੀ ਤਸਵੀਰ ਸਭ ਤੋਂ ਉੱਪਰ ਅਤੇ ਦੂਸਰੇ ਸਿੰਘਾਂ ਦੀਆਂ ਤਸਵੀਰਾਂ ਇਕ ਮਾਲਾ ਦੇ ਮਣਕਿਆਂ ਦੀ ਤਰ੍ਹਾਂ ਗੋਲ ਛਪੀਆਂ ਵੇਖੀਆਂ ਤਾਂ ਭਾਈ ਬਲਵਿੰਦਰ ਸਿੰਘ ਨੇ ਚਾਰ ਪੰਜ ਅਖ਼ਬਾਰਾਂ ਖਰੀਦ ਲਈਆਂ। ਇਕ ਅਖ਼ਬਾਰ ਦਾ ਤਸਵੀਰਾਂ ਵਾਲਾ ਪੰਨਾ ਆਪਣੀ ਬੈਠਕ ਵਿਚ ਚਿਪਕਾ ਕੇ ਲਾਇਆ। ਉਨ੍ਹਾਂ ਪੜ੍ਹਿਆ ਸੀ ਕਿ ਅਖੰਡ ਕੀਰਤਨੀ ਜਥੇ ਦੇ ਇਹ ਸਿੰਘ ਬੜੇ ਹੀ ਨਾਮ ਬਾਣੀ ਜਪਣ ਵਾਲੇ ਕਹਿਣੀ ਕਰਨੀ ਦੇ ਸੂਰੇ ਹੁੰਦੇ ਹਨ। ਭਾਈ ਸਾਹਿਬ ਇਨ੍ਹਾਂ ਸਿੰਘਾਂ ਨੂੰ ਮਿਲਣ ਲਈ ਉਤਾਵਲ ਹੋਏ ਰਹਿੰਦੇ। ਕਹਿੰਦੇ ਹਨ ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਹੈ।

ਜਦੋਂ ਨਕਲੀ ਨਿਰੰਕਾਰੀ ਨੂੰ ਸਿੰਘਾਂ ਨੇ ਦਿੱਲੀ ਵਿਖੇ ਗੱਡੀ ਚਾੜ੍ਹ ਦਿੱਤਾ ਅਤੇ ਪੰਜਾਬ ਅੰਦਰ ਪੱਟੀ, ਤਰਨਤਾਰਨ, ਨਕੋਦਰ ਪਾਂਛਟਾਂ ਅਤੇ ਹੋਰਨਾਂ ਕਈ ਥਾਵਾਂ ਉੱਪਰ ਨਰਕਧਾਰੀਏ ਸੋਧੇ ਜਾਣ ਲੱਗੇ ਤਾਂ ਸਰਕਾਰ ਨੇ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਗਿਆਰਾਂ ਸਿੰਘਾਂ ਨੂੰ ਭਗੌੜਾ ਕਰਾਰ ਦੇ ਕੇ ਉਨ੍ਹਾਂ ਦੇ ਸਿਰਾਂ ਉੱਪਰ ਇਨਾਮ ਰੱਖ ਦਿੱਤੇ ਇਨ੍ਹਾਂ ਨੂੰ ਇਸ਼ਤਿਹਾਰੀ ਮੁਜਰਿਮ ਬਣਾ ਕੇ ਇਨ੍ਹਾਂ ਦੀਆਂ ਵੱਡੀਆਂ ਵੱਡੀਆਂ ਤਸਵੀਰਾਂ ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ ਅਤੇ ਹੋਰ ਜਨਤਕ ਥਾਵਾਂ 'ਤੇ ਲਾ ਦਿੱਤੀਆਂ ਗਈਆਂ। ਇਸ ਤਰ੍ਹਾਂ ਦੀਆਂ ਕੁਝ ਤਸਵੀਰਾਂ ਜਿਨ੍ਹਾਂ ਵਿਚ ਭਾਈ ਸੁਖਦੇਵ ਸਿੰਘ ਬੱਬਰ, ਭਾਈ ਅਨੋਖ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਤਲਵਿੰਦਰ ਸਿੰਘ ਬੱਬਰ, ਭਾਈ ਹਰਸਿਮਰਨ ਸਿੰਘ ਬੱਬਰ, ਭਾਈ ਵਧਾਵਾ ਸਿੰਘ ਬੱਬਰ, ਭਾਈ ਅਮਰਜੀਤ ਸਿੰਘ ਬੱਬਰ ਦਾਹੜੂ, ਭਾਈ ਸੁਰਜੀਤ ਸਿੰਘ ਬੱਬਰ ਆਦਿ ਗਿਆਰਾਂ ਸਿੰਘਾਂ ਦੀਆਂ ਤਸਵੀਰਾਂ ਕੰਧਾਂ ਉਪਰ ਲਾ ਕੇ ਉਪਰ ਇਨ੍ਹਾਂ ਦੇ ਸਿਰਾਂ ਦੇ ਇਨਾਮ ਲਿਖ ਹੋਏ ਸਨ, ਦੋ ਇਸ਼ਤਿਹਾਰ ਬਠਿੰਡਾ ਰੇਲਵੇ ਸਟੇਸ਼ਨ ਉਪਰ ਵੀ ਲੱਗੇ ਸਨ। ਇਕ ਦਿਨ ਜਦੋਂ ਭਾਈ ਬਲਵਿੰਦਰ ਸਿੰਘ ਬਠਿੰਡਾ ਰੇਲਵੇ ਸਟੇਸ਼ਨ ਤੋਂ ਗੱਡੀ ਚੜ੍ਹਨ ਗਏ

ਤਾਂ ਅਚਾਨਕ ਉਨ੍ਹਾਂ ਦੀਆਂ ਨਜ਼ਰਾਂ ਇਨ੍ਹਾਂ ਤਸਵੀਰਾਂ ਉੱਪਰ ਪਈਆਂ। ਉਨ੍ਹਾਂ ਕੋਲ ਜਾ ਕੇ ਇਨ੍ਹਾਂ ਇਸ਼ਤਿਹਾਰਾਂ ਨੂੰ ਗੌਹ ਨਾਲ ਵੇਖਿਆ। ਮਨ ਅੰਦਰ ਹੀ ਇਨ੍ਹਾਂ ਇਸ਼ਤਿਹਾਰੀ ਸਿੰਘਾਂ ਦੀਆਂ ਤਸਵੀਰਾਂ ਅੱਗੇ ਸਿਰ ਝੁਕਾਇਆ ਅਤੇ ਫ਼ਤਹਿ ਬੁਲਾਈ। ਉਸਤੋਂ ਅਗਲੀ ਰਾਤ ਉਹ ਜਾਣ ਬੁੱਝ ਕੇ ਕਝ ਹਨੇਰਾ ਕਰਕੇ ਗਏ ਅਤੇ ਜੇਬ ਵਿਚ ਗੇਂਦੇ ਦੇ ਫੁੱਲਾਂ ਦਾ ਹਾਰ ਅਤੇ ਇਕ ਮੇਖ ਨਾਲ ਲੈ ਗਏ। ਕਝ ਚਿਰ ਬੈਂਚ ਉੱਪਰ ਬੈਠ ਕੇ ਵਿਹਲ ਦਾ ਇੰਤਜ਼ਾਰ ਕੀਤਾ ਫਿਰ ਸਟੇਸ਼ਨ ਦੇ ਇਕ ਪਾਸੇ ਤੋਂ ਇਕ ਗੇੜਾ ਘੁਕਿਆ ਤੇ ਉਨ੍ਹਾਂ ਸਿੰਘਾਂ ਦੇ ਇਸ਼ਤਿਹਾਰਾਂ ਕੋਲ ਜਾ ਕੇ ਇਸ਼ਤਿਹਾਰ ਉੱਪਰ ਮੇਖ ਠੋਕੀ ਅਤੇ ਜੇਬ ਵਿਚ ਪਾਇਆ ਫੁੱਲਾਂ ਦਾ ਹਾਰ ਉਸ 'ਤੇ ਪਾ ਦਿੱਤਾ ਅਤੇ ਉਥੋਂ ਪਾਸੇ ਹਟ ਗਏ। ਕੁਦਰਤੀ ਦੂਰ ਖੜਾ ਇਕ ਹੋਰ ਸਿੰਘ ਇਹ ਸਭ ਕਝ ਦੇਖ ਰਿਹਾ ਸੀ। ਜਦੋਂ ਭਾਈ ਬਲਵਿੰਦਰ ਸਿੰਘ ਇਹ ਹਾਰ ਪਾ ਕੇ ਜਾ ਰਿਹਾ ਸੀ ਤਾਂ ਉਸ ਸਿੰਘ ਨੇ ਬੁਲਾ ਲਿਆ ਅਤੇ ਦੋਵੇਂ ਗੱਲਾਂ ਕਰਦੇ ਉਥੋਂ ਪਾਸੇ ਚਲੇ ਗਏ। ਗੱਲਾਂ ਅੰਦਰ ਆਪਸੀ ਵਿਸ਼ਵਾਸ ਤੋਂ ਬਾਅਦ ਉਸ ਸਿੰਘ ਨੇ ਕਿਹਾ "ਮੈਂ ਤਾਂ ਇਨ੍ਹਾਂ ਸੂਰਬੀਰ ਯੋਧਿਆਂ ਦੀਆਂ ਤਸਵੀਰਾਂ ਦਾ ਇਹ ਇਸ਼ਤਿਹਾਰ ਉਤਾਰ ਕੇ ਲੈਣ ਆਇਆ ਸੀ ਪਰ ਤੁਸੀਂ ਤਾਂ ਬਹੁਤ ਸੋਹਣਾ ਕੰਮ ਕੀਤਾ ਹੈ ਕਿ ਇਨ੍ਹਾਂ ਉੱਪਰ ਫੁੱਲਾਂ ਦੇ ਹਾਰ ਪਾ ਦਿੱਤੇ ਹਨ।" ਉਸ ਸਿੰਘ ਨੇ ਭਾਈ ਬਲਵਿੰਦਰ ਸਿੰਘ ਨੂੰ ਕਿਹਾ "ਤੁਸੀਂ ਦਰਬਾਰ ਸਾਹਿਬ ਵਿਖੇ ਅਕਾਲ ਰੈਸਟ ਹਾਊਸ ਵਿਚ ਆਓ ਮੈਂ ਤੁਹਾਨੂੰ ਸਿੰਘਾਂ ਨਾਲ ਮਿਲਾਵਾਂਗਾ।" ਭਾਈ ਬਲਵਿੰਦਰ ਸਿੰਘ ਨੂੰ ਰੇਲਵੇ ਸਟੇਸ਼ਨ 'ਤੇ ਮਿਲਣ ਵਾਲਾ ਇਹ ਸਿੰਘ ਸ਼ਹੀਦ ਭਾਈ ਗੁਰਪਾਲ ਸਿੰਘ ਬੱਬਰ ਝੂਰੇ ਮੰਡੀ ਦਾ ਸੀ।

ਭਾਈ ਬਲਵਿੰਦਰ ਸਿੰਘ ਦਾ ਦਰਬਾਰ ਸਾਹਿਬ ਵਿਚ ਆਉਣਾ ਜਾਣਾ ਸ਼ੁਰੂ ਹੋ ਗਿਆ। ਉਥੇ ਉਨ੍ਹਾਂ ਨੇ ਨਾਮ ਬਾਣੀ ਦੀਆਂ ਅਗੰਮੀ ਰੂਹਾਂ ਦੇ ਦਰਸ਼ਨ ਕੀਤੇ, ਜਿਨ੍ਹਾਂ ਦੀਆਂ ਤਸਵੀਰਾਂ ਉੱਪਰ ਉਹ ਫੁੱਲਾਂ ਦੇ ਹਾਰ ਪਾ ਕੇ ਆਏ ਸਨ। ਭਾਈ ਅਨੋਖ ਸਿੰਘ ਬੱਬਰ, ਜਥੇਦਾਰ ਸੁਖਦੇਵ ਸਿੰਘ ਬੱਬਰ, ਸੁਲੱਖਣ ਸਿੰਘ ਬੱਬਰ ਆਦਿ ਸੂਰਮੇ ਸਿੰਘਾਂ ਦਾ ਸੰਗ ਮਾਣਿਆ। ਉਥੇ ਹੀ ਉਨ੍ਹਾਂ ਨੂੰ ਮਾਲਵੇ ਦਾ ਜਾਂ-ਬਾਜ਼ ਭਾਈ ਹਰਭਜਨ ਸਿੰਘ ਬੱਬਰ ਡੋਲਿਆਂਵਾਲੀ ਮਿਲਿਆ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਰੈਸਟ ਹਾਊਸ ਦੇ ਕਮਰਾ ਨੰਬਰ 61 ਵਿਚ ਦੋਹੇਂ ਬੱਬਰ ਯੋਧੇ ਜਦੋਂ ਆਹਮਣੇ-ਸਾਹਮਣੇ ਹੋਏ ਤਾਂ ਜੱਫੀ ਪਾ ਕੇ ਮਿਲੇ। "ਬਾਬਾ ਹਰਭਜਨ ਸਿੰਘ ਤੂੰ ਏਥੇ ਕਿਵੇਂ?" "ਭਾਈ ਬਲਵਿੰਦਰ ਸਿੰਘਾ, ਜਿਵੇਂ ਤੂੰ ਇਥੇ ਓਵੇਂ ਮੈਂ ਏਥੇ।" ਦੋਵੇਂ ਹਮ ਜਮਾਤੀ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿਚ ਤੁਰ ਪਏ

ਬੱਬਰਾਂ ਨੇ ਦੋਹਾਂ ਸਿੰਘਾਂ ਨੂੰ ਦਰਬਾਰ ਸਾਹਿਬ ਜੀ ਤੋਂ ਬਾਹਰ ਆਪਣੇ ਆਪਣੇ ਇਲਾਕੇ ਵਿਚ ਸੇਵਾ ਦੀ ਜ਼ੁੰਮੇਵਾਰੀ ਸੌਂਪ ਦਿੱਤੀ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਤੋਂ ਬਾਅਦ ਇਕ ਵਾਰ ਤਾਂ ਬਲਵਿੰਦਰ ਸਿੰਘ ਨਿਰਾਸ਼ਤਾ ਦੇ ਆਲਮ ਵਿਚ ਡੁੱਬ ਗਿਆ ਕਿਉਂਕਿ ਸਾਰੇ ਹੀ ਸਾਥੀਆਂ ਨਾਲ ਸੰਬੰਧ ਖ਼ਤਮ ਹੋ ਚੁੱਕੇ ਸਨ। ਆਪਣੇ ਆਪ ਨੂੰ ਘਰ ਦੇ ਕੰਮਾਂ ਵਿਚ ਲਾਉਣ ਦਾ ਯਤਨ ਕਰਦੇ ਪਰ ਦਿਲ ਨਹੀਂ ਸੀ ਲੱਗਦਾ। ਜਦੋਂ ਭਾਈ ਬਲਵਿੰਦਰ ਸਿੰਘ ਦੇ ਪਰਿਵਾਰ ਨੇ ਆਪ ਜੀ ਨੂੰ ਇਸ ਤਰ੍ਹਾਂ ਬੇਚੈਨ ਅਤੇ ਉਦਾਸ ਦੇਖਿਆ ਤਾਂ ਇਕ ਦਿਨ ਬੇਬੇ ਨੇ ਆਖ ਹੀ ਦਿੱਤਾ "ਪੁੱਤ ਬਲਵਿੰਦਰ ਇਕ ਪੜ੍ਹੀ-ਲਿਖੀ ਕੁੜੀ ਦੀ

ਏਸ ਤਰ੍ਹੀ ਮਾਸੀ ਪਾਉਂਦੀ ਹੈ ਤੂੰ ਸ਼ਾਦੀ ਕਿਉਂ ਨਹੀਂ ਕਰਵਾਉਂਦਾ"? ਭਾਈ ਸਾਹਿਬ ਨੇ ਮਤਰਵਾਂ ਹੀ ਉੱਤਰ ਬੇਬੇ ਨੂੰ ਦੇ ਦਿੱਤਾ, ਕਹਿੰਦੇ "ਬੇਬੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਕਿਹੜਾ ਸ਼ਾਦੀ ਕਰਵਾਈ ਸੀ ਤੂੰ ਮੈਨੂੰ ਕਿਉਂ ਪ੍ਰੇਰਦੀ ਹੈਂ।" ਬੇਬੇ ਸਪੱਸ਼ਟ ਇਨਕਾਰ ਸੁਣ ਕੇ ਚੁੱਪ ਕਰ ਗਈ।

ਦਰਬਾਰ ਸਾਹਿਬ ਵਿਖੇ ਬਲਵਿੰਦਰ ਸਿੰਘ ਮੱਥਾ ਟੇਕਣ ਗਿਆ। ਉਥੋਂ ਢੱਠੇ ਅਕਾਲ ਤਖ਼ਤ ਦੇ ਮਲਬੇ 'ਚੋਂ ਇਕ ਮੁੱਠ ਕੰਕਰਾਂ ਦੀ ਆਪਣੀ ਜੇਬ ਵਿਚ ਪਾ ਲਿਆਂਦਿਆ ਤੇ ਘਰੇ ਆ ਕੇ ਰੁਮਾਲ ਵਿਚ ਬੰਨ ਕੇ ਗੁਟਕਿਆਂ ਦੇ ਕੋਲ ਰੱਖ ਦਿੱਤੀ। ਹਰ ਰੋਜ਼ ਸਵੇਰਾਂ ਖੋਹਲ ਕੇ ਦੇਖ ਲਿਆ ਕਰਨ ਅਤੇ ਫਿਰ ਭਰੇ ਮਨ ਨਾਲ ਰੁਮਾਲੇ ਵਿਚ ਹੀ ਰੱਖ ਦਿਆ ਕਰਨ। ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ ਇਕ ਰਾਤ ਭਾਈ ਗੁਰਪਾਲ ਸਿੰਘ ਬੱਬਰ ਅਤੇ ਭਾਈ ਸੁਲੱਖਣ ਸਿੰਘ ਨੇ ਭਾਈ ਸਾਹਿਬ ਜੀ ਦੇ ਘਰ ਦਾ ਕੁੰਡਾ ਆ ਖੜਕਾਇਆ ਜਦੋਂ ਭਾਈ ਸਾਹਿਬ ਜੀ ਨੇ ਦਰਵਾਜ਼ਾ ਖੋਲ੍ਹ ਕੇ ਦੋਹਾਂ ਨੂੰ ਪਹਿਚਾਣਿਆਂ ਤਾਂ ਬਗਲਗੀਰ ਹੋ ਕੇ ਨਾਮ-ਰਸ ਲੀਨ ਰੱਜ ਰੱਜ ਕੇ ਰੋਇਆ। ਬਲਵਿੰਦਰ ਸਿੰਘ ਨੂੰ ਚਾਅ ਚੜ੍ਹ ਗਿਆ। ਸਿੰਘਾਂ ਤੋਂ ਭਵਿੱਖ ਦੀ ਸਾਰੀ ਰਣ-ਨੀਤੀ ਸਮਝ ਕੇ ਉਹ ਮਾਲਵੇ ਵਿਚ ਜਥੇਬੰਦੀ ਨੂੰ ਲਾਮਬੰਦ ਕਰਨ ਵਿਚ ਰੁੱਝ ਗਿਆ।

ਇਕ ਦਿਨ ਬਲਵਿੰਦਰ ਸਿੰਘ ਅਤੇ ਹਰਭਜਨ ਸਿੰਘ ਭੱਲਿਆਂਵਾਲੀ ਨੇ ਆਪਸ ਵਿਚ ਵਿਚਾਰ ਕੀਤਾ। ਦੋਹੇਂ ਸਿੰਘ ਰੰਗਾ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਇਕੱਠੇ ਹੋਏ, ਦੋਹਾਂ ਸਿੰਘਾਂ ਨੇ ਪੰਜ ਬਾਣੀਆਂ ਦਾ ਪਾਠ ਕੀਤਾ, ਅਰਦਾਸ ਹਰਭਜਨ ਸਿੰਘ ਨੇ ਕੀਤੀ ਤੇ ਹੁਕਮ ਬਲਵਿੰਦਰ ਸਿੰਘ ਨੇ ਲਿਆ। ਘਰੇ ਕਦੇ ਵੀ ਨਾ ਪਰਤਣ ਦੀ ਕਸਮ ਖਾਧੀ ਜਾਂ ਤਾਂ ਸ਼ਿਕਾਰਾਂ ਜਾਂ ਕੌਮ ਦੇ ਲੇਖ ਲੱਗ ਜਾਵਾਂਗੇ। ਦੋਹਾਂ ਸਿੰਘਾਂ ਨੇ ਇਕ ਮੰਜੀ ਸਾਹਿਬ ਗੁਰੂ ਸਾਹਿਬ ਜੀ ਦੇ ਅਰਾਮ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਭੇਂਟ ਕੀਤੀ ਜੋ ਅੱਜ ਵੀ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਤ ਹੈ। ਪਿੰਡ ਦੇ ਗੁਰਦੁਆਰੇ ਆਖਰੀ ਮੱਥਾ ਟੇਕ ਕੇ ਪਿੰਡੋਂ ਬਾਹਰ ਨਿਕਲੇ ਹੀ ਸਨ ਕਿ ਪੁਲਸ ਦੀਆਂ ਗੱਡੀਆਂ ਨੇ ਪਿੰਡ ਨੂੰ ਘੇਰਾ ਪਾ ਲਿਆ ਪਰ ਬੱਬਰ ਯੋਧੇ ਆਪਣੇ ਜੰਗੀ ਕਾਫਲੇ ਵਿਚ ਰਲ ਗਏ ਸਨ। ਭਾਈ ਹਰਭਜਨ ਸਿੰਘ ਬੱਬਰ ਨੂੰ ਫਰੀਦਕੋਟ ਜ਼ਿਲ੍ਹੇ ਦਾ ਜਥੇਦਾਰ ਅਤੇ ਭਾਈ ਬਲਵਿੰਦਰ ਸਿੰਘ ਬੱਬਰ ਨੂੰ ਬਠਿੰਡੇ ਜ਼ਿਲ੍ਹੇ ਦਾ ਜਥੇਦਾਰ ਜਥੇਬੰਦੀ ਨੇ ਥਾਪ ਦਿੱਤਾ

ਭਾਈ ਬਲਵਿੰਦਰ ਸਿੰਘ ਬੱਬਰ ਨੂੰ ਜੇਕਰ ਸੰਤ ਬਲਵਿੰਦਰ ਸਿੰਘ ਆਖ ਦੇਈਏ ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ। ਹਮੇਸ਼ਾਂ "ਮੱਖ ਤੇ ਹਰਿ ਚਿਤ ਮੇ ਯੁਧ ਬਿਚਾਰੈ" ਜਿਹਾ ਸੰਤ ਸਿਪਾਹੀ, ਜਦੋਂ ਵੀ ਕਿਤੇ ਕਿਸੇ ਐਕਸ਼ਨ 'ਤੇ ਜਾਣਾ ਪਹਿਲਾਂ ਉਸ ਬਾਰੇ ਆਪਣੇ ਗੁਪਤਚਰਾਂ ਤੋਂ ਉਸ ਦੀਆਂ ਗਲਤੀਆਂ ਦੀ ਰੀਪੋਰਟ ਇਕੱਠੀ ਕਰਨੀ ਫਿਰ ਆਪ ਸ਼ਾਂਤੀ ਕਰਨੀ, ਫਿਰ ਗੁਰੂ ਅੱਗੇ ਅਰਦਾਸ ਕਰਨੀ ਤੇ ਕਹਿਣਾ "ਹੇ ਸਤਿਗੁਰੂ ਜੇ ਇਹ ਪ੍ਰਾਣੀ ਨਿਰਦੋਸ਼ ਹੈ ਤਾਂ ਸਾਡੇ ਤੋਂ ਇਹ ਪਾਪ ਨਾ ਕਰਵਾਈਂ ਜੇ ਦੁਸ਼ਟ ਹੈ ਤਾਂ ਸਾਨੂੰ ਇਸ ਨੂੰ ਸੋਧਣ ਦਾ ਬਲ ਬਖ਼ਸ਼ੀਂ" ਤੇ ਫਿਰ ਤੁਰਨਾ

ਇਕ ਵਾਰਾਂ ਇਕ ਨਰਕਧਾਰੀਏ ਬਾਰੇ ਮਾਨਸਾ ਦੇ ਇਲਾਕੇ ਵਿਚੋਂ ਰਿਪੋਰਟ ਮਿਲੀ ਕਿ

ਇਹ ਗੁਰੂ ਘਰ ਦਾ ਨਿੰਦਕ ਹੈ। ਭਾਈ ਸਾਹਿਬ ਹੋਰਾਂ ਜਾ ਉਸ ਨੂੰ ਘਰੋਂ ਉਠਾ ਲਿਆ। ਜਦੋਂ ਵੇਖਿਆ ਘਰੇ ਅਤਿ ਦੀ ਗਰੀਬੀ ਹੈ, ਮਗਰ ਸਿਰਫ ਲੜਕੀਆਂ ਹੀ ਹਨ ਬਿਲਕੁਲ ਨਿਹੱਥਾ ਅਤੇ ਗਰੀਬੜਾ ਜਿਹਾ ਹੈ ਤਾਂ ਭਾਈ ਸਾਹਿਬ ਨੇ ਨਾਲ ਦੇ ਸਿੰਘਾਂ ਨੂੰ ਬਿਲਕੁਲ ਹੀ ਮਨ੍ਹਾਂ ਕਰ ਦਿੱਤਾ ਕਿ ਇਸ ਨੂੰ ਕਝ ਵੀ ਨਹੀਂ ਕਹਿਣਾ। ਪੂਰੀ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਨਰਕਧਾਰੀਏ ਉਸ ਨੂੰ ਥੋੜ੍ਹਾ ਬਹੁਤਾ ਖਰਚਾ ਦਂਦੇ ਸਨ, ਉਹ ਘਰ ਦੀ ਹਾਲਤ ਕਰਕੇ ਉਨ੍ਹਾਂ 'ਤੇ ਨਿਰਭਰ ਸੀ ਤੇ ਗੁਰੂ ਘਰ ਬਾਰੇ ਬੋਲ-ਕੁਬੋਲ ਬੋਲਦਾ ਸੀ। ਭਾਈ ਸਾਹਿਬ ਜੀ ਦੇ ਸਮਝਾਉਣ 'ਤੇ ਉਹ ਸਾਰਾ ਪਰਿਵਾਰ ਗੁਰੂ ਘਰ ਦੇ ਲੜ ਲੱਗ ਗਿਆ।

ਘਰੋਂ ਵੰਡੀ ਆਈ ਜ਼ਮੀਨ ਨੂੰ ਉਹ ਪੰਥ ਦੀ ਅਮਾਨਤ ਸਮਝਦੇ ਸਨ ਅਤੇ ਘਰੋਂ ਪਿਤਾ ਜੀ ਤੋਂ ਦਸਵੰਧ ਦੀ ਰਕਮ ਵੀ ਮੰਗਵਾ ਲੈਂਦੇ ਸਨ। ਘਰੇ ਇਹ ਸਖ਼ਤ ਹਦਾਇਤ ਸੀ ਕਿ ਪੰਥ ਦਾ ਇਕ ਵੀ ਪੈਸਾ ਇਸ ਘਰ ਲਈ ਜ਼ਹਿਰ ਹੈ। ਇਸ ਘਰ ਦਸਾਂ ਨਹੁੰਆਂ ਦੀ ਕਿਰਤ ਕਮਾਈ ਦਾ ਪੈਸਾ ਹੀ ਵਧੇ ਫੁਲੇਗਾ। ਜੇਕਰ ਉਨ੍ਹਾਂ ਨੂੰ ਕਈ ਮਾੜਾ ਬੋਲ ਵੀ ਬੋਲ ਦੇਂਦਾ ਕੋਈ ਗਾਲ੍ਹ ਆਦਿ ਕੱਢ ਦੇਂਦਾ ਤਾਂ ਕਦੇ ਵੀ ਗੁੱਸਾ ਨਹੀਂ ਮੰਨਦੇ ਸਨ, ਹੱਸ ਕੇ ਆਖ ਦੇਂਦੇ "ਇਸ ਨੂੰ ਅਕਲ ਹੀ ਐਨੀ ਕੁ ਹੈ।"

ਬਠਿੰਡੇ ਜਿਲ੍ਹੇ ਦੇ ਬੱਬਰਾਂ ਦੀ ਧਾਕ ਦਿਲੀ ਦੇ ਤਖ਼ਤ ਤੱਕ ਸੀ। ਅਜਿਹੇ ਪੁਲੀਸ ਮੁਕਾਬਲੇ ਵੀ ਹੋਏ ਜਿਥੇ ਭਾਰਤੀ ਫੌਜਾਂ ਦੀ ਅੱਗਾ ਵਧਣ ਤੋਂ ਠਠੰਬਰੀਆਂ ਰਹੀਆਂ, ਇਨ੍ਹਾਂ ਪੁਲੀਸ ਮੁਕਾਬਲਿਆਂ ਵਿਚ ਇਲਾਕੇ ਦੀਆਂ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਬੱਬਰਾਂ ਦਾ ਸਾਥ ਦਿੱਤਾ। ਭਾਈ ਸਾਹਿਬ ਜੀ ਦੇ ਕਈ ਬਹਾਦਰ ਸਾਥੀ ਦੁਸ਼ਮਣ ਦੀਆਂ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਵੀ ਹੋ ਗਏ ਸਨ। ਅੱਜ ਵੀ ਪਿੰਡਾਂ ਦੀਆਂ ਸੱਥਾਂ ਵਿਚ ਇਨ੍ਹਾਂ ਯੋਧਿਆਂ ਦੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ।

ਭਾਈ ਸਾਹਿਬ ਜੀ ਨੂੰ ਪਨਾਹ ਦੇਣ ਦੇ ਦੋਸ਼ ਹੇਠ ਪਿੰਡ ਘੱਲੀਏ ਦੇ ਭਾਈ ਸੁਖਦੇਵ ਸਿੰਘ ਨੂੰ ਜਗਰਾਵਾਂ ਦੇ ਪੁਲੀਸ ਸਟਾਫ ਨੇ ਚੁੱਕ ਕੇ ਇਤਨਾ ਤਸ਼ੱਦਦ ਕੀਤਾ ਕਿ ਉਸ ਸਿੰਘ ਦੀ ਹਾਲਤ ਬਹੁਤ ਖਰਾਬ ਹੋ ਗਈ। ਜਦੋਂ ਪੁਲੀਸ ਨੂੰ ਕਿਸੇ ਦਬਾਅ ਕਾਰਨ ਉਸ ਸਿੰਘ ਨੂੰ ਛੱਡਣਾ ਪਿਆ ਤਾਂ ਭਾਈ ਸਾਹਿਬ ਭੇਸ ਬਦਲ ਕੇ ਪੰਚਾਇਤੀ ਰੂਪ ਵਿਚ ਭਾਈ ਸੁਖਦੇਵ ਸਿੰਘ ਨੂੰ ਸਟਾਫ ਵਿਚੋਂ ਲੈਣ ਆਪ ਚਲੇ ਗਏ ਅਤੇ ਉਸ ਸਿੰਘ ਨੂੰ ਆਪ ਲੈ ਕੇ ਆਏ। ਗੁਪਤ ਰੂਪ ਵਿਚ ਉਸ ਸਿੰਘ ਦੀ ਸੇਵਾ ਸੰਭਾਲ ਕਰਦੇ ਰਹੇ ਪਰ ਉਹ ਸਿੰਘ ਘਰ ਆ ਕੇ ਕਝ ਦਿਨਾਂ ਬਾਅਦ ਚੜ੍ਹਾਈ ਕਰ ਗਿਆ। ਦੁਖੀ ਹੋਏ ਕਹਿ ਦੇਂਦੇ "ਸਾਡੇ ਪਿੱਛੇ ਇਹ ਪਰਿਵਾਰ ਇਤਨਾ ਦੁੱਖ ਝੱਲ ਰਹੇ ਹਨ, ਅਸੀ ਕਿੱਥੇ ਇਨ੍ਹਾਂ ਦਾ ਦੇਣ ਦੇਵਾਂਗੇ।"

ਮੌਤ ਨੂੰ ਮਖੌਲ ਕਰਨ ਵਾਲਾ ਯੋਧਾ, ਜੋ ਗੁਰੂ ਵਿਸ਼ਵਾਸ ਵਿਚ ਅਜ਼ਾਦੀ ਦੀ ਤੜਫ ਲਈ ਤੁਰਿਆ ਸੀ, ਜਬਰ, ਜ਼ੁਲਮ, ਧੱਕੇਸ਼ਾਹੀ ਦੇ ਕਹਿਰਾਂ ਪ੍ਰਤੀ ਗੁਰੂ ਸਾਹਿਬ ਜੀ ਦੀ ਤੁਕ ਦੁਹਰਾ ਦੇਂਦਾ, "ਮਨ ਨ ਡਿਗੇ ਤਨ ਕਾਹੇ ਕੋ ਡਰਾਵੈ"

ਆਈ ਜੀ ਬਖਸ਼ੀ ਨੇ ਇਕ ਪ੍ਰੈਸ ਕਾਨਫਰੰਸ ਵਿਚ "ਬੱਬਰ ਗੰਗਾ ਦੇ ਗਰੁੱਪ ਨੂੰ ਸਭ ਤੋਂ ਖ਼ਤਰਨਾਕ ਅਤੇ ਧਰਮ-ਧ੍ਰਪੱਕ ਮੰਨਿਆ ਸੀ।" ਇਕ ਦਿਨ ਜਦੋਂ ਉਹ ਪਿੰਡ ਗੰਗਾ ਵਿਖੇ ਭਾਈ ਸਾਹਿਬ ਜੀ ਦੇ ਘਰੇ ਰੇਡ ਮਾਰਨ ਖੁਦ ਗਿਆ ਤਾਂ, ਕੱਚੇ ਘਰ, ਘਰ ਦੇ ਹਾਲਤ ਨੂੰ

ਵੇਖ ਕੇ ਘਰੇ ਪਈ ਟੁੱਟੀ ਜਿਹੀ ਮੰਜੀ 'ਤੇ ਹੀ ਬੈਠ ਗਿਆ। ਕਹਿੰਦਾ, "ਇਹ ਅਤਿਵਾਦੀ ਨਹੀਂ, ਨਾ ਹੀ ਇਹ ਅਤਿਵਾਦੀ ਦਾ ਘਰ ਹੈ, ਇਹ ਲੋਕ ਧਰਮ ਨੂੰ ਸਮਰਪਤ ਹਨ, ਸਭ ਬਕਵਾਸ ਹੈ ਕਿ ਇਹ ਲੋਕ ਪੈਸਾ ਬਣਾਉਂਦੇ ਹਨ"

ਭਾਈ ਰੰਗਾਂ ਦੀਆਂ ਗੱਲਾਂ ਕਰੀ ਜਾਵੇ, ਉਹ ਕਦੇ ਵੀ ਨਹੀਂ ਮਕਣਗੀਆਂ। ਆਪਣੇ ਇਕ ਸਾਥੀ ਕਰਮ ਸਿੰਘ ਨੂੰ ਉਹ ਸਦਰ ਪੁਲੀਸ ਸਟੇਸ਼ਨ ਮਲੋਟ ਵਿਚੋਂ ਪੁਲੀਸ ਦੀ ਵਰਦੀ ਵਿਚ ਇਕ ਐਸ ਆਈ ਦੇ ਰੈਂਕ ਹੇਠ ਜਾ ਕੇ ਫੁਰਤੀ ਨਾਲ ਇਉਂ ਲੈ ਆਏ, ਜਿਵੇਂ ਘਰ ਵਾਲੀ ਗੱਲ ਹੋਵੇ. ਪੁਲੀਸ ਨੂੰ ਇਕ ਘੰਟੇ ਬਾਅਦ ਪਤਾ ਲੱਗਾ ਉਹ ਹੱਥ ਹੀ ਹੱਥ ਮਲਦੀ ਰਹਿ ਗਈ।

ਭਾਈ ਸਾਹਿਬ ਜੀ ਦੇ ਪਰਿਵਾਰ ਦੀ ਪਿੰਡ ਰੋੜਾਂ ਅੰਦਰ ਇਕ ਸਾਧਾਰਨ ਜਿਹੇ ਕਿਸੇ ਘਰ ਨਾਲ ਵਿਰੋਧਤਾ ਸੀ। ਉਨ੍ਹਾਂ ਨੇ ਪਰਿਵਾਰ ਨੂੰ ਸਖ਼ਤ ਹਦਾਇਤ ਦਿੱਤੀ ਸੀ ਕਿ ਤੁਸੀਂ ਕਦੇ ਵੀ ਇਸ ਵਿਰੋਧਤਾ ਵਿਚ ਮੇਰਾ ਨਾਮ ਨਹੀਂ ਵਰਤਣਾ ਅਤੇ ਸਾਥੀ ਸਿੰਘਾਂ ਨੂੰ ਵੀ ਸਖ਼ਤ ਤਾੜਨਾ ਕੀਤੀ ਸੀ ਕਿ ਕਿਸੇ ਨੇ ਵੀ ਮੇਰੇ ਪਰਿਵਾਰ ਨਾਲ ਇਸ ਵਿਸ਼ੇ 'ਤੇ ਕੋਈ ਹਮਦਰਦੀ ਨਹੀਂ ਰੱਖਣੀ ਇਨ੍ਹਾਂ ਪਿੰਡਾਂ ਦੀਆਂ ਗੱਲਾਂ ਦਾ ਸਿੱਖ ਸੰਘਰਸ਼ ਨਾਲ ਕੋਈ ਵਾਹ ਵਾਸਤਾ ਨਹੀਂ ਹੋਣਾ ਚਾਹੀਦਾ।

ਕੈਟਾਂ ਨੇ ਕੁਝ ਵੀਰਾਂ ਨਾਲ ਮਿਲ ਕੇ ਪਿੰਡ ਅੰਦਰ ਚਾਣਕੀਆ ਖੇਡ ਖੇਡੀ। ਪਿੰਡ ਦੇ ਦੋ ਨਿਰਦੋਸ਼ ਲੋਕਾਂ ਦਾ ਕਤਲ ਕਰਵਾ ਦਿੱਤਾ। ਕੁਝ ਲੋਕ ਅਤੇ ਪੁਲੀਸ ਇਕ ਬਹਾਨਾ ਹੀ ਭਾਲਦੇ ਸਨ ਜੋ ਉਨ੍ਹਾਂ ਨੂੰ ਮਿਲ ਗਿਆ ਅਤੇ ਸ਼ੱਕ ਦੀ ਉਂਗਲ ਸਿੱਧੀ ਭਾਈ ਬਲਵਿੰਦਰ ਸਿੰਘ ਉੱਪਰ ਕੇਂਦਰਤ ਕਰ ਦਿੱਤੀ ਗਈ, ਜਦ ਕਿ ਉਨ੍ਹਾਂ ਦਾ ਇਨ੍ਹਾਂ ਕਤਲਾਂ ਪਿੱਛੇ ਕੋਈ ਹੱਥ ਨਹੀਂ ਸੀ। ਜਦੋਂ ਬਲਵਿੰਦਰ ਸਿੰਘ ਨੂੰ ਇਸ ਕਤਲ ਦੀ ਕਹਾਣੀ ਦਾ ਪਤਾ ਲੱਗਾ ਤਾਂ ਉਹ ਧਾਹੀਂ ਰੋ ਪਏ, "ਕੁੱਤਿਆਂ ਨੇ ਮੇਰੀ ਸਾਰੀ ਘਾਲ 'ਤੇ ਮਿੱਟੀ ਫੇਰ ਦਿੱਤੀ।" ਭਾਈ ਸਾਹਿਬ ਜੀ ਨੂੰ ਇਸ ਗੱਲ ਦਾ ਹੀ ਡਰ ਸੀ, ਖਾੜਕੂ ਗਲਤ ਕੰਮ ਨਾ ਕਰ ਜਾਣ ਪਰ ਇਹ ਗੱਲ ਹੋ ਹੀ ਗਈ।

ਇਨ੍ਹਾਂ ਕਤਲਾਂ ਦੇ ਸ਼ੱਕ ਵਿਚ ਭਾਈ ਸਾਹਿਬ ਜੀ ਦੇ ਪਿਤਾ ਸਰਦਾਰ ਹਜ਼ੂਰਾ ਸਿੰਘ ਜੀ ਨੂੰ ਨਥੀਆਂਵਾਲਾ ਪੁਲੀਸ ਵਾਲੇ ਫੜ ਕੇ ਲੈ ਗਏ ਦਿਨ ਭਰ ਤਸ਼ੱਦਦ ਕਰਨ ਤੋਂ ਬਾਅਦ ਸ਼ਾਮ ਨੂੰ ਛੱਡ ਦਿੱਤਾ ਤੇ ਕਿਹਾ, "ਬਜ਼ੁਰਗਾ ਘਰੇ ਰਹੀਂ ਬਾਹਰ ਨਾ ਜਾਵੀਂ". ਉਸੇ ਹੀ ਦਿਨ ਰਾਤ ਦੇ ਪਹਿਲੇ ਪਹਿਰ ਜਦੋਂ ਬਜ਼ੁਰਗ ਸਰਦਾਰ ਹਜ਼ੂਰਾ ਸਿੰਘ ਘਰ ਸੁੱਤੇ ਪਏ ਸਨ ਤਾਂ ਪੁਲੀਸ ਕੈਟ ਇਕ ਮੋਟਰ ਸਾਈਕਲ ਅਤੇ ਇਕ ਜਿਪਸੀ ਵਿਚ ਪਿੰਡ ਰੋੜਾਂ ਦੇ ਬਾਹਰ ਵਾਟਰ ਵਰਕਸ ਕੋਲ ਆ ਕੇ ਰੁਕੇ। ਉਥੋਂ ਤੁਰ ਕੇ ਉਹ ਭਾਈ ਬਲਵਿੰਦਰ ਸਿੰਘ ਦੇ ਘਰ ਦੀਆਂ ਕੰਧਾਂ ਟੱਪ ਕੇ ਉਨ੍ਹਾਂ ਦੇ ਘਰੇ ਵੜੇ. ਪੁਲੀਸ ਕੈਟ ਭਾਈ ਸਾਹਿਬ ਦੇ ਸਾਰੇ ਪਰਿਵਾਰ ਨੂੰ ਇਕੱਠਾ ਕਰਨਾ ਚਾਹੁੰਦੇ ਸਨ ਪਰ ਘਰੇ ਹੋਰ ਕੋਈ ਨਾ ਮਿਲ ਸਕਿਆ, ਸਿਰਫ ਉਨ੍ਹਾਂ ਦੇ ਪਿਤਾ ਜੀ ਹੀ ਮਿਲ ਸਕੇ ਤਾਂ ਕੈਟਾਂ ਨੇ ਉਨ੍ਹਾਂ ਦੇ ਪਿਤਾ ਜੀ ਨੂੰ ਵਿਹੜੇ ਵਿਚ ਖੜਾ ਕਰ ਕੇ ਗੋਲੀਆਂ ਮਾਰ ਦਿੱਤੀਆਂ। ਭਾਈ ਸਾਹਿਬ ਜੀ ਦੇ ਭਰਾ ਸ਼ਮਿੰਦਰ ਸਿੰਘ ਦੀ ਬੇਟੀ ਹਰਜਿੰਦਰ ਕੌਰ ਜੋ ਉਸ ਸਮੇਂ ਛੋਟੀ ਹੀ ਸੀ, ਜੋ ਉਨ੍ਹਾਂ ਦੀ ਨਜ਼ਰ ਨਹੀਂ ਪਈ, ਉਹ ਇਕ ਕੋਧ ਸਹਾਰੇ

ਲੁਕੀ ਹੋਈ ਬਚ ਗਈ।

ਪਲੀਸ ਫੋਰਸ ਤਾਂ ਬਲਵਿੰਦਰ ਸਿੰਘ ਨੂੰ ਹੱਥ ਪਾ ਨਹੀਂ ਸਕੀ ਸੀ, ਉਨ੍ਹਾਂ ਇਹ ਕਮੀਨੀ ਖੇਡ ਖੇਡ ਕੇ ਉਨ੍ਹਾਂ ਦੇ ਪਿਤਾ ਜੀ ਨੂੰ ਘਰੇ ਮਾਰ ਦਿੱਤਾ। ਪਰ ਬਲਵਿੰਦਰ ਸਿੰਘ ਨੇ ਆਪਣੇ ਪਿਤਾ ਜੀ ਦੀ ਮੌਤ ਦਾ ਇਤਨਾ ਦੁੱਖ ਨਹੀਂ ਮਨਾਇਆ ਜਿੰਨਾ ਪਿੰਡ ਵਿਚ ਹੋਏ ਇੰਨ੍ਹਾਂ ਕਤਲਾਂ ਦਾ। ਜਿਸ ਪਲੀਸ ਕੈਟ ਨੇ ਭਾਈ ਸਾਹਿਬ ਜੀ ਦੇ ਪਿਤਾ ਜੀ ਨੂੰ ਘਰੇ ਮਾਰਿਆ ਸੀ, ਦੋ ਦਿਨਾਂ ਬਾਅਦ ਹੀ ਉਨ੍ਹਾਂ ਦੇ ਸਾਥੀ ਭਾਈ ਜੁਗਰਾਜ ਸਿੰਘ ਬੱਬਰ ਰਸ਼ੀਨ ਹੋਰਾਂ ਨੇ ਉਸ ਕੈਟ ਨੂੰ ਰੌਣਿਆਣੇ ਬੱਸ ਸਟੈਂਡ ਦੇ ਨੇੜੇ ਹੀ ਦਿਨ ਦੀਵੀ ਗੋਲੀਆਂ ਮਾਰ ਦਿੱਤੀਆਂ।

ਗੁਰੂ ਭਾਣੇ ਨੂੰ ਸਿਰ ਮੱਥੇ ਮੰਨਦੇ ਉਨ੍ਹਾਂ ਸੰਘਰਸ਼ ਵਿਚ ਵਿਚਰਦਿਆਂ ਉਹ ਕੰਮ ਕੀਤੇ, ਜਿਨ੍ਹਾਂ ਨੂੰ ਕੌਮ ਅੱਜ ਵੀ ਫ਼ਖਰ ਨਾਲ ਯਾਦ ਕਰਦੀ ਹੈ। ਉਨ੍ਹਾਂ ਦੇ ਸਿਰ ਉੱਪਰ ਪੰਜਾਬ, ਹਰਿਆਣਾ, ਦਿੱਲੀ ਸਰਕਾਰ ਨੇ ਚਾਲੀ ਲੱਖ ਰੁਪੈ ਦਾ ਇਨਾਮ ਰੱਖਿਆ ਹੋਇਆ ਸੀ। 28 ਫਰਵਰੀ 1993 ਦੀ ਸਵੇਰ ਨੂੰ ਬਰਨਾਲਾ ਪਲੀਸ ਨੂੰ ਬਰੇ ਨਾਂ ਦੇ ਕਿਸੇ ਮੁਖਬਰ ਨੇ ਸੂਚਨਾ ਦਿੱਤੀ। ਉਸ ਦਿਨ ਉਹ ਫੈਰੋਕਿਆਂ ਤੋਂ ਕਿਸੇ ਨਾਲ ਸਕੂਟਰ 'ਤੇ ਬਰਨਾਲੇ ਪਹੁੰਚੇ ਸਨ। ਪਰ ਆਪਣੇ ਟਿਕਾਣੇ 'ਤੇ ਨਹੀਂ ਪਹੁੰਚੇ ਤਾਂ ਬਲਵਿੰਦਰ ਦੇ ਫੜੇ ਜਾਣ ਬਾਰੇ ਗੱਲ ਫੈਲ ਗਈ। ਬਰਨਾਲਾ ਪੁਲੀਸ ਭਾਈ ਸਾਹਿਬ ਜੀ ਨੂੰ ਜਿੰਦਾ ਫੜ ਕੇ ਹੀ ਸ਼ਾਬਾਸ਼ ਖੱਟਣੀ ਚਾਹੁੰਦੀ ਸੀ, ਮਾਰਨ ਤੋਂ ਉਹ ਵੀ ਝਿਜਕਦੇ ਸਨ। ਆਈ ਜੀ ਨੇ ਬਲਵਿੰਦਰ ਸਿੰਘ ਨੂੰ ਫਰੀਦਕੋਟ ਪਲੀਸ ਦੇ ਹਵਾਲੇ ਕਰਨ ਲਈ ਕਹਿ ਦਿੱਤਾ ਤਾਂ ਫਰੀਦਕੋਟ ਦਾ ਸੀ ਆਈ ਏ ਸਟਾਫ ਬੱਸ ਸਟੈਂਡ ਤੋਂ ਚਾਹਲ ਰੋਡ ਤੱਕ ਸਾਰਾ ਹੀ ਸੀ ਆਰ ਪੀ ਦੇ ਘੇਰੇ ਵਿਚ ਲੈ ਲਿਆ ਗਿਆ ਸੀ। ਫਰੀਦਕੋਟ ਸਟਾਫ ਦੇ ਇੰਚਾਰਜ ਬਚਨ ਸਿੰਘ ਜੋ ਬਚਨੇ ਬੁੱਚੜ ਕਰਕੇ ਮਸ਼ਹੂਰ ਸੀ ਨੇ ਆਪਣੀ ਖਾਸ ਪੜਤਾਲੀਆ ਟੀਮ ਜਿਸ ਵਿਚ ਚੋਟੀ ਦੇ ਜ਼ੁਲਮ ਕਰਨ ਵਾਲੇ ਮੁਲਾਜ਼ਮ ਸਨ ਨੂੰ ਨਾਲ ਲੈ ਕੇ ਬਲਵਿੰਦਰ ਸਿੰਘ ਨੂੰ ਬਰਨਾਲੇ ਤੋਂ ਫਰੀਦਕੋਟ ਲੈ ਆਂਦਾ।

ਬੱਬਰ ਖਾਲਸਾ ਇੰਟਰਨੈਸ਼ਨਲ ਜੱਥੇਬੰਦੀ ਦਾ ਮਾਲਵੇ ਦਾ ਸਿਰਕੱਢ ਜੰਗਜੂ ਜਿਸ ਨੇ ਸੰਘਰਸ਼ ਅੰਦਰ ਸਭ ਤੋਂ ਲੰਮਾਂ ਸਮਾਂ ਸੇਵਾ ਕੀਤੀ ਸੀ ਉਹ ਆਪਣੀ ਸੇਵਾ ਕਰਦਾ ਹੋਇਆ ਜਾਬਰਾਂ ਦੇ ਹਰ ਕਹਿਰ ਨੂੰ ਝੱਲਦਾ ਹੋਇਆ ਗੁਰੂ ਦਾ ਸ਼ੁਕਰ ਕਰਦਾ ਹੈ। ਸੇਵਕ ਕੀ ਓੜਕ ਨਿਬਹੀ ਪ੍ਰੀਤ। ਭਾਈ ਬਲਵਿੰਦਰ ਸਿੰਘ ਬੱਬਰ "ਇਕ ਕਾਰਜ" ਜੋ ਉਸਨੇ ਪੰਥ ਖਾਲਸੇ ਲਈ ਆਰੰਭਿਆ ਸੀ ਆਪਣੇ ਅੰਦਰ ਜਜ਼ਬਾਤੀ, ਕੌਮ ਲਈ ਪੂਰਾ ਕਰਨ ਹਿਤ ਫੜ, ਮੌਤ ਦੇ ਸਾਹਮਣੇ ਬੈਠਾ ਸੀ। ਜਦੋਂ ਭਾਈ ਬਲਵਿੰਦਰ ਸਿੰਘ ਅਤੇ ਭਾਈ ਹਰਭਜਨ ਸਿੰਘ ਭੱਲਿਆਂਵਾਲੀ ਨੇ ਰੀਂਗਾ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਸੰਘਰਸ਼ ਵਿਚ ਸ਼ਾਮਲ ਹੋਣ ਲਈ ਅਰਦਾਸ ਕੀਤੀ ਸੀ ਤਾਂ ਇਹ ਵੀ ਪ੍ਰਣ ਲਿਆ ਸੀ ਕਿ ਪੁਰਾਤਨ ਸਿੰਘਾਂ ਵਾਂਗ ਜ਼ੁਲਮ ਸਹਾਰਾਂਗੇ ਕਿਸੇ ਚੀਜ਼ ਦਾ ਆਤਮਦਾਹ ਲਈ ਸਹਾਰਾ ਨਹੀਂ ਲਵਾਂਗੇ। ਇਸ ਪ੍ਰਣ ਦੇ ਅਧਾਰ 'ਤੇ ਹੀ ਉਨ੍ਹਾਂ ਸਾਇਨਾਇਡ ਆਦਿ ਕੋਲ ਨਹੀਂ ਰੱਖੀ ਸੀ। ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ ਉਨ੍ਹਾਂ ਗੁਰੂ ਦਾ ਹੁਕਮ ਆਪਣੇ ਸਿਰ ਮੱਥੇ ਰੱਖਿਆ ਅਤੇ ਪੁਲੀਸ ਦਾ ਜ਼ੁਲਮ ਸਹਾਰਦੇ ਹੋਏ ਸਿਮਰਨ ਅੰਦਰ ਲੀਨ ਰਹੇ। ਜਦੋਂ ਕੁਝ ਵਿਰੋਧੀਆਂ ਨੂੰ ਬਲਵਿੰਦਰ ਸਿੰਘ ਦੇ ਫੜੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਆਪਣੀਆਂ ਮਨ ਆਈਆਂ ਕੀਤੀਆਂ।

ਉਨ੍ਹਾਂ ਆਪਣੇ ਗਮੁਖ ਰਾਹੀਂ ਬਲਵਿੰਦਰ ਸਿੰਘ ਉੱਪਰ ਤਸ਼ੱਦਦ ਦਾ ਕਹਿਰ ਹੋਰ ਕਰਵਾਇਆ। ਭਾਈ ਸਾਹਿਬ ਜੀ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ ਗਈਆਂ ਸਨ, ਤਿੰਨ ਜ਼ਿਲ੍ਹਿਆਂ ਦੀਆਂ ਪੁਲੀਸ ਪਾਰਟੀਆਂ ਤਸ਼ੱਦਦ ਕਰ ਰਹੀਆਂ ਸਨ। ਸਰੀਰ ਉੱਪਰ ਪੈਟਰੋਲ ਛਿੜਕ ਦਿੱਤਾ ਜਾਂਦਾ ਅੱਗ ਲਾ ਦਿੱਤੀ ਜਾਂਦੀ ਫਿਰ ਪਾਣੀ ਪਾ ਕੇ ਬੁਝਾਈ ਜਾਂਦੀ। ਇਹ ਕਾਰਾ ਤਿੰਨ ਵਾਰ ਕੀਤਾ ਗਿਆ। ਸਾਰਾ ਸਰੀਰ ਪੱਛਿਆ ਗਿਆ ਸੀ। ਭਾਈ ਸਾਹਿਬ ਜੀ ਦਾ ਇਕ ਹੀ ਲਫਜ਼ ਸੀ ਜੋ ਗੁਰੂ ਕਰ ਰਿਹਾ ਹੈ, ਚੰਗਾ ਹੈ, ਉਸ ਦੇ ਭਾਣੇ ਅਨੁਸਾਰ ਹੀ ਹੈ।

ਫਰੀਦਕੋਟ ਪੁਲੀਸ ਦੇ ਦਿਲਾਂ ਅੰਦਰ ਬਲਵਿੰਦਰ ਸਿੰਘ ਦੇ ਛੁਡੇ ਜਾਣ ਦਾ ਇਸ ਕਦਰ ਡਰ ਸੀ ਕਿ ਸਾਰਾ ਹੀ ਸਟਾਫ ਸਮੇਤ ਬੱਸ ਸਟੈਂਡ ਚਾਹਲ ਰੋਡ ਤੱਕ ਸੀ ਆਰ ਪੀ ਨੇ ਘੇਰੇ ਵਿਚ ਲੈ ਰੱਖਿਆ ਸੀ। 28 ਫਰਵਰੀ ਦੀ ਸ਼ਾਮ ਤੱਕ ਤਸ਼ੱਦਦ ਦਾ ਸਿਲਸਿਲਾ ਚਲਦਾ ਰਿਹਾ। ਅਖੀਰ ਸ਼ਾਮ ਨੂੰ ਜੈਤੋ ਥਾਣੇ ਵਾਲਿਆਂ ਨੂੰ ਦੇ ਦਿੱਤਾ ਜਿਥੇ ਬਠਿੰਡਾ ਜ਼ਿਲ੍ਹੇ ਦੇ ਐਸ ਐਸ ਪੀ ਨੇ ਆ ਕੇ ਪੈਰ ਦਾ ਠੁੱਡਾ ਮਾਰ ਕੇ ਪੁੱਛਿਆ "ਕਿਵੇਂ ਹੈ ਬੱਬਰ ਬਲਵਿੰਦਰ"? ਪਰ ਬਲਵਿੰਦਰ ਸਿੰਘ ਸਿਮਰਨ ਰਾਹੀਂ ਗੁਰੂ ਨਾਲ ਇਕ ਮਿਕ ਸਨ ਸਿਮਰਨ ਬੰਦ ਕਰਵਾਉਣ ਲਈ ਭਾਈ ਸਾਹਿਬ ਜੀ ਦੀ ਧੌਣ ਨੂੰ ਵਟੇ ਦਿੱਤੇ ਗਏ, ਮੂੰਹ ਵਿਚ ਬੱਟ ਤੁੰਨ ਗਏ ਪਰ ਭਾਈ ਸਾਹਿਬ ਜੀ ਦੇ ਆਖਰੀ ਸ਼ਬਦ ਸਨ ਕਿ "ਮੇਰੇ ਗੁਰੂ ਦੀ ਲੀਲਾ ਹੈ, ਸ਼ੁਕਰ ਹੈ, ਉਸ ਦਾ ਸਰੀਰ ਉਸ ਦੇ ਹਵਾਲੇ ਹੋ ਰਿਹਾ ਹੈ।" ਰੰਗਾ ਵਾਲਾ ਬੱਬਰ ਬਲਵਿੰਦਰ ਸ਼ਹੀਦ ਹੋ ਗਿਆ। ਦਾਬੜੀਖਾਨੇ ਕੋਲ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ। ਅੱਜ ਵੀ ਬਲਵਿੰਦਰ ਨੂੰ ਸ਼ਹੀਦ ਕਰਨ ਵਾਲੇ ਬੁੱਚੜ ਉਸ ਦੇ ਨਾਮ ਤੋਂ ਥਰ-ਥਰਾ ਉੱਠਦੇ ਹਨ। ਮਾਲਵੇ ਦੇ ਖਾੜਕੂ ਯੋਧਿਆਂ ਦਾ ਸਭ ਤੋਂ ਲੰਮਾਂ ਸਮਾਂ ਸੇਵਾ ਕਰਨ ਵਾਲਾ ਥੰਮ ਬੱਬਰ ਬਲਵਿੰਦਰ ਸਿੰਘ ਉਰਫ ਡਾਕਟਰ ਹਰਨੇਕ ਸਿੰਘ ਬੱਬਰ 1 ਮਾਰਚ ਰਾਤ ਦੇ ਆਖਰੀ ਪਹਿਰ ਜਾਮ ਸ਼ਹਾਦਤ ਪੀ ਗਿਆ।

ਇੱਕੀਵੀਂ ਸਦੀ ਅੰਦਰ ਵੀ ਭਾਈ ਸਾਹਿਬ ਜੀ ਦੇ ਘਰ ਦੀ ਤ੍ਰਾਸਦੀ ਇਹ ਹੈ ਕਿ ਉਨ੍ਹਾਂ ਦਾ ਘਰ ਅੱਜ ਵੀ ਪੁਰਾਣੀਆਂ ਕੱਚੀਆਂ ਕੰਧਾਂ ਦਾ ਹੈ। ਛੱਤਾਂ ਸਰਕੰਡਿਆਂ ਦੀਆਂ ਹਨ, ਅੱਜ ਵੀ ਉਹ ਕੱਚੀ ਬੈਠਕ ਮੌਜੂਦ ਹੈ, ਜਿਥੇ ਭਾਈ ਸਾਹਿਬ ਸਿਮਰਨ ਦੀਆਂ ਰੰਗੀਆਂ ਭਰਦੇ ਸਨ। ਕਰਜ਼ੇ ਦਾ ਬੋਝ ਇਸ ਕਦਰ ਹੈ ਕਿ ਮਾਤਾ ਜੀ ਕਹਿ ਦੇਂਦੇ ਹਨ, "ਵੇ ਪੁੱਤ ਮੈਂ ਕਿਥੋਂ ਮਰਾਂ, ਮੈਨੂੰ ਤਾਂ ਆਖਰੀ ਬਾਲਣ ਵੀ ਨਹੀਂ ਜੁੜਦਾ ਦੀਂਹਦਾ। ਘਰਾਂ ਦੀਆਂ ਖੁੱਡਾਂ ਹੀ [illegible] ਔਖੀਆਂ ਹਨ ਕਿ ਕਾਹਦੇ ਨਾਲ ਭਰਾਂ, ਹੁਣ ਪੋਤੀ ਵਿਆਹੀ ਹੈ ਦੋ ਕਿੱਲੇ ਧਰ ਕੇ"। ਫਿਰ ਵੀ ਮਾਤਾ ਜੀ ਕੰਧ ਵੱਲ ਹੱਥ ਕਰਕੇ ਕਹਿੰਦੇ ਹਨ "ਸਭ ਉਸ ਦੀ ਲੀਲਾ ਹੈ, ਸਦਾ ਚੜ੍ਹਦੀਕਲਾ ਵਿਚ ਹੈ।" ਬਲਵਿੰਦਰ ਦੇ ਕਹਿਣ ਵਾਂਗੂੰ 'ਸਭ ਉਸ ਨੂੰ ਫਿਕਰ ਹੈ, ਉਸ ਦਾ ਹੀ ਭਾਣਾ ਹੈ।" ਪਹਿਲਾਂ ਪਰਿਵਾਰ ਪੁਲੀਸ ਦੇ ਡਰ ਕਾਰਨ ਭਾਈ ਸਾਹਿਬ ਜੀ ਦੀ ਬਰਸੀ ਘਰੇ ਚੁੱਪ ਚੁਪੀਤਾ ਹੀ ਮਨਾਉਂਦਾ ਸੀ ਪਰ ਪਿਛਲੇ ਦੋ ਸਾਲਾਂ ਤੋਂ ਉਨ੍ਹਾਂ ਦੀ ਬਰਸੀ [illegible] ਦੇ ਸਹਿਯੋਗ ਨਾਲ ਪਿੰਡ ਦੇ ਗੁਰੂ ਘਰ ਮਨਾਈ ਜਾਂਦੀ ਹੈ। ਘਰ ਦੀ [illegible] ਅੱਜ ਵੀ ਬੀਤੇ ਦੁਖਾਂਤ ਅਤੇ ਕੱਚੇ ਢਾਰਿਆਂ ਦੀ ਗਵਾਹੀ ਭਰਦੀ ਹੋਈ ਪੰਥਕ [illegible] ਨੂੰ ਸਵਾਲ ਪਾ ਜਾਂਦੀ ਹੈ।

# ਭਾਈ ਹਰਭਜਨ ਸਿੰਘ ਬੱਬਰ (ਡੇਲਿਆਂਵਾਲੀ)

ਕਾਦਰ ਦੀ ਕੁਦਰਤ ਦੇ ਸੋਹਣੇ ਨੂਰ ਨੇ ਮਨੁੱਖ ਲਈ ਧਰਤੀ ਸਿਰਜ ਕੇ ਉਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸੂਰਮਿਆਂ ਨੂੰ ਜਨਮਿਆ ਤਾਂ ਕਿ ਉਹ ਜਾਬਰ ਹਾਕਮਾਂ ਦੇ ਗੰਦੇ ਪੈਰਾਂ ਤੋਂ ਇਸ ਦੀ ਰਾਖੀ ਕਰ ਸਕਣ। ਸੂਰਮਿਆਂ ਦੀ ਪਰਖ ਰਣਭੂਮੀ ਵਿਚ ਹੀ ਹੁੰਦੀ ਹੈ। ਇਹ ਕਥਾ ਕਹਾਣੀ ਕਈ ਆਮ ਹੀ ਪ੍ਰਚੱਲਤ ਨਹੀਂ ਹੋ ਗਈ। ਸਗੋਂ ਸਮੇਂ ਦੇ ਹਰ ਦੌਰ ਵਿਚ ਪਰਖ ਦੀ ਕਸਵੱਟੀ ਵਿਚੋਂ ਨਿਕਲੀ ਹੈ। ਉਹਨਾਂ ਅਣਖੀ ਜੋਧਿਆਂ ਦੀ ਸਿਰੜੀ ਦਿਖ, ਜਿਨ੍ਹਾਂ ਜਾਬਰਾਂ ਸੰਗ ਮੱਥਾ ਲਾਇਆ ਅਤੇ ਆਪਣੇ ਖ਼ੂਨ ਨਾਲ ਇਕ ਅਜਿਹੀ ਰਵਾਇਤ ਕਾਇਮ ਕਰ ਦਿੱਤੀ ਜੋ ਕੌਮ ਦੀ ਅਜ਼ਾਦੀ ਲਈ ਇਕ ਮਾਰਗ ਦਰਸ਼ਕ ਬਣ ਗਈ। ਉਹਨਾਂ ਆਪਣੇ ਘਰ ਬਾਰ ਤਿਆਗ ਕੇ, ਸ਼ੌਕ ਸਰਾਹੀਆਂ ਤੋੜ ਕੇ, ਮੋਹ ਮਾਇਆ ਦੇ ਝੂਠੇ ਗੁਬਾਰੇ ਤੋੜ ਕੇ, ਔਰੰਗਿਆਂ, ਰੰਗੜਾਂ ਦੀ ਨਸਲ ਖਤਮ ਕਰਨ ਲਈ ਹਥਿਆਰ ਚੁੱਕ ਲਏ।

ਮਾਲਵੇ ਦਾ ਕੱਕਾ ਸੁਨਹਿਰੀ ਰੇਤਾ, ਰੇਤ ਦੇ ਉੱਚੇ ਲੰਮੇ ਟਿੱਬਿਆਂ 'ਤੇ ਪਲਦੀ ਪਹਲੀ, ਕੰਡਿਆਰੀ ਵਿਚ ਉੱਗੇ ਕਰੀਰਾਂ ਡੇਲਿਆਂ ਦੇ ਬੂਟੇ। ਇਹ ਕਰੀਰਾਂ ਡੇਲਿਆਂ ਦੇ ਬੂਟੇ ਤਪਦੀ ਦੁਪਹਿਰ ਵਿੱਚ ਖਿਲ ਉੱਠਦੇ। ਨਿੱਕੇ ਨਿੱਕੇ ਗੁਲਾਬੀ ਫੁੱਲ ਜੰਗਲ ਵਿਚ ਮੰਗਲ ਬਣਾ ਦਿੰਦੇ ਅਜਿਹੀ ਸਖ਼ਤ ਜਾਨ ਮਿੱਟੀ ਜਿਸ ਵਿੱਚ ਪੈਦਾ ਹੋਣ ਵਾਲਿਆਂ ਨੇ ਨਾ ਕਦੇ ਕੱਕਰੀ ਸਿਆਲੀਂ ਪੋਹ ਮਾਘ ਦੇ ਕਰਿਆਂ ਨੂੰ ਗੌਲਿਆ ਨਾ ਹੀ ਜੇਠ ਹਾੜ ਦੀਆਂ ਸੜਦੀਆਂ ਦੁਪਹਿਰਾਂ ਨੂੰ। ਹਰਭਜਨ ਵੀ ਇਹਨਾਂ ਖੇਤਾਂ ਵਿਚ ਜਵਾਨ ਹੋਇਆ ਜਦੋਂ ਪੰਜਾਬ ਦੀ ਧਰਤੀ ਉੱਪਰ ਮੁੜ ਰੰਗੜਾਂ, ਔਰੰਗਿਆਂ ਦੀਆਂ ਰੂਹਾਂ ਉੱਤਰ ਆਈਆਂ ਤਾਂ ਮਾਲਵੇ ਦੇ ਗੱਭਰੂਆਂ ਨੇ ਵੀ ਅੰਗੜਾਈ ਲਈ। ਸੰਨ 1978 ਦੇ ਖ਼ੂਨੀ ਸਾਕੇ ਤੋਂ ਬਾਅਦ ਮਾਲਵੇ ਦੇ ਕੱਕੇ ਰੇਤ ਵਿਚੋਂ ਬੱਬਰ ਸਿੰਘਾਂ ਨੇ ਸਿਰ ਚੁੱਕਿਆ ਸ਼ਹੀਦ ਭਾਈ ਫੌਜਾ ਸਿੰਘ ਦੇ ਨੇੜਲੇ ਸਾਥੀਆਂ ਵਿਚੋਂ ਸ਼ਹੀਦ ਭਾਈ ਅਨੋਖ ਸਿੰਘ ਬੱਬਰ, ਸ਼ਹੀਦ ਭਾਈ ਗੁਰਪਾਲ ਸਿੰਘ ਬੱਬਰ ਅਤੇ ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਰੌਂਗਾ ਅਤੇ ਭਾਈ ਹਰਭਜਨ ਸਿੰਘ ਬੱਬਰ ਡੇਲਿਆਂਵਾਲੀ ਨੂੰ ਖੰਡੇ ਦੀ ਪਾਹੁਲ ਦੇ ਰੱਤੇ ਰੰਗ ਨਾਲ ਰੰਗ ਕੌਮ ਦੀ ਅਜ਼ਾਦੀ ਦੇ ਰਾਹ ਤੋਰ ਦਿੱਤਾ, ਦੋਹਾਂ ਹੀ ਬੱਬਰ ਯੋਧਿਆਂ ਨੇ ਇਕੋ ਹੀ ਦਿਨ ਅਰਦਾਸ ਕਰਕੇ ਘਰ ਪਰਿਵਾਰ ਨੂੰ ਆਖਰੀ ਫ਼ਤਹਿ ਬੁਲਾ ਦਿੱਤੀ।

ਪਿੰਡ ਰੌਂਗਾ ਦੇ ਗੁਰਦੁਆਰਾ ਸਾਹਿਬ ਵਿਖੇ ਭਾਈ ਬਲਵਿੰਦਰ ਸਿੰਘ ਰੌਂਗਾ ਅਤੇ ਭਾਈ ਹਰਭਜਨ ਸਿੰਘ ਬੱਬਰ ਡੇਲਿਆਂਵਾਲੀ ਇੱਕਠੇ ਹੋਏ। ਦੋਹਾਂ ਸਿੰਘਾਂ ਨੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਪੰਜ ਬਾਣੀਆਂ ਦਾ ਪਾਠ ਕੀਤਾ, ਫਿਰ ਅਰਦਾਸ ਕੀਤੀ। ਭਾਈ ਹਰਭਜਨ ਸਿੰਘ ਨੇ ਵੈਰਾਗਮਈ ਅਰਦਾਸ ਅੰਦਰ ਗੁਰੂ ਸਾਹਿਬ ਪਾਸ ਜੋਦੜੀ ਕੀਤੀ 'ਹੇ ਦਾਤਾਰ ਪਿਤਾ ਆਪਣੇ ਨਿਮਾਣੇ ਬੱਚਿਆਂ ਦੇ ਅੰਗ ਸੰਗ ਰਹਿਣਾ ਡੋਲਣ

ਨਾ ਦੇਣਾ ਅਤੇ ਐਸਾ ਕਰਵਾਉਣਾ ਜੋ ਆਪ ਜੀ ਨੂੰ ਪ੍ਰਵਾਨ ਹੋਵੇ। ਕੌਮ ਦੀ ਅਜ਼ਾਦੀ ਲਈ ਜੂਝ ਜਾਂ ਸਿਰ ਹੱਥ ਰੱਖਣਾ ਅਤੇ ਅਖੀਰ ਸ਼ਹਾਦਤਾਂ ਦੇ ਰੂਪ ਵਿਚ ਸਾਡੇ ਸਿਰ ਪ੍ਰਵਾਨ ਕਰਨ।'ਭਾਈ ਬਲਵਿੰਦਰ ਸਿੰਘ ਰੰਗਾ ਜੀ ਨੇ ਹੁਕਮ ਲਿਆ, ਦੋਹਾਂ ਸਿੰਘਾਂ ਨੇ ਇਕ ਮੰਜੀ ਸਾਹਿਬ ਗੁਰੂ ਸਾਹਿਬ ਜੀ ਦੇ ਆਰਾਮ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਭੇਟ ਕੀਤਾ। ਜੋ ਅੱਜ ਵੀ ਗੁਰੂ ਘਰ ਅੰਦਰ ਸੱਚਖੰਡ ਵਿੱਚ ਪਿਆ ਹੈ।

ਦੋਹੇਂ ਹੀ ਬੱਬਰ ਯੋਧੇ ਅਰਦਾਸ ਕਰਨ ਉਪਰੰਤ ਘਰੀਂ ਨਹੀਂ ਗਏ, ਗੁਰੂ ਘਰ ਤੋਂ ਸਿੱਧੇ ਹੀ ਦਾਨ ਸਿੰਘ ਵਾਲਾ ਤੋਂ ਗੋਨਿਆਣਾ ਬਠਿੰਡਾ ਆਪਣੇ ਸੰਘਰਸ਼ੀ ਮਾਰਗ ਨੂੰ ਰਵਾਨਾ ਹੋ ਗਏ।

ਮਾਲਵੇ ਦਾ ਇਹ ਬੱਬਰ ਯੋਧਾ ਜਦੋਂ ਆਪਣੇ ਮਾਹੌਲ ਵਿਚ ਤੁਰਿਆ, ਦੁਸ਼ਟਾਂ, ਮੁਖਬਰਾਂ, ਗੁਰੂ ਘਰ ਦੇ ਨਿੰਦਕਾਂ ਨੂੰ ਪਸੀਨੇ ਆਉਣ ਲੱਗ ਪਏ, ਜਦ ਪੁਲਿਸ ਨੂੰ ਕੋਈ ਗੁਪਤ ਸੂਚਨਾ ਕਿਤੋਂ ਮਿਲਦੀ ਕਿ ਬੱਬਰ ਛੋਲਿਆਂਵਾਲੀ ਅੱਜ ਫਲਾਣੇ ਇਲਾਕੇ ਵਿਚ ਹੈ ਤਾਂ ਸਾਰੇ ਪਾਸੇ ਗੁਪਤ ਸੰਦੇਸ਼ ਖੜਕ ਪੈਂਦੇ "ਇਹ ਇਲਾਕਾ ਅਤੀ ਸੰਵੇਦਨਸ਼ੀਲ ਹੈ, ਥਾਣਿਆਂ ਦੇ ਗੇਟ ਬੰਦ ਰੱਖ ਜਾਣ ਅਤੇ ਖਾੜਕੂਆਂ ਨੂੰ ਲੋੜੀਂਦੇ ਜ਼ੁੰਮੇਵਾਰ ਵਿਅਕਤੀ ਅਤੇ ਅਫਸਰ ਬਾਹਰ ਘੱਟ ਜਾਣ ਕਿਉਂਕਿ ਬੱਬਰ ਛੋਲਿਆਂ ਵਾਲੀ ਇਸ ਇਲਾਕੇ ਵਿੱਚ ਹੈ।"

ਭਾਈ ਹਰਭਜਨ ਸਿੰਘ ਬੱਬਰ ਛੋਲਿਆਂਵਾਲੀ ਦਾ ਜਨਮ ਜਥੇਦਾਰ ਅਜੈਬ ਸਿੰਘ ਜੀ ਦੇ ਘਰ ਮਾਤਾ ਗੁਰਦਿਆਲ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਛੋਲਿਆਂਵਾਲੀ ਵਿਖੇ ਹੋਇਆ।ਆਪ ਜੀ ਸੱਤ ਭਰਾਵਾਂ ਵਿਚੋਂ ਵਿਚਕਾਰਲੇ ਸਨ ਭਾਈ ਸਾਹਿਬ ਜੀ ਦੇ ਪਿਤਾ ਜੀ ਜਥੇਦਾਰ ਅਜੈਬ ਸਿੰਘ ਇਕ ਸਿਰੜੀ ਕਿਰਸਾਨ ਹੋਣ ਦੇ ਨਾਤੇ ਗੁਰਸਿੱਖੀ ਵਿਚ ਨਿਪੁੰਨ ਹਮੇਸ਼ਾ ਭਲੇ ਕੰਮਾਂ ਵਿਚ ਮੋਹਰੀ ਰਹੇ ਸਨ। ਭਾਈ ਸਾਹਿਬ ਜੀ ਦੀ ਸੋਚ ਯੁੱਗ ਪਲਟਾਊ ਸੀ। ਅਕਸਰ ਆਪਣੇ ਸੱਜਣਾਂ ਮਿੱਤਰਾਂ ਕੋਲ ਗੱਲ ਕਰਦੇ ਕਹਿੰਦੇ ਰਹਿੰਦੇ ਸਨ, "ਇਹ ਜੀਵਨ ਕਿਹੜਾ ਦੁਬਾਰਾ ਮਿਲਣਾ ਹੈ, ਕਝ ਕੌਮ ਲਈ ਕਰ ਜਾਈਏ ਫਿਰ ਹੀ ਲੋਕ ਯਾਦ ਰੱਖਣਗੇ, ਨਹੀਂ ਤਾਂ ਫੂਕ ਕੇ ਸਾੜ ਤਾਂ ਲੋਕਾਂ ਨੇ ਦੇਣਾ ਹੀ ਹੈ।'ਮਾਰਕਸੀ ਵਿਚਾਰਧਾਰਾ ਵਿਚ ਮਾਓ ਨੂੰ ਚੰਗਾ ਸਮਝਦੇ ਸਨ "ਤੇ ਕਹਿੰਦੇ ਸਨ ਗੋਲੀ ਬਗੈਰ ਇਹ ਵਿਗੜੀ ਤਾਣੀ ਸੈੱਟ ਨਹੀਂ ਹੋਣੀ ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ " ਭਾਈ ਸਾਹਿਬ ਅਕਾਲੀਆਂ ਨੂੰ ਖੋਸੀ ਟੋਲਾ ਦੱਸਦੇ ਸਨ

ਸੰਨ 1978 ਦੀ ਵਿਸਾਖੀ 'ਤੇ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਸਿੰਘਾਂ ਦੀਆਂ ਸ਼ਹਾਦਤਾਂ ਨੇ ਭਾਈ ਸਾਹਿਬ ਜੀ ਦਾ ਕਾਮਰੇਡੀ ਵਾਲਾ ਰਸਤਾ ਬਦਲ ਦਿੱਤਾ। ਬੱਬਰਾਂ ਦੇ ਚਲਦੇ ਵਹੀਰ ਜਥੇ ਵੱਲੋਂ ਪਿੰਡ ਜੰਗੀਰੂਆਣਾ ਵਿਖੇ ਹੋਏ ਇਕ ਸਮਾਗਮ ਨੇ ਭਾਈ ਸਾਹਿਬ ਨੂੰ ਖਾੜਕੂ ਵਿਚਾਰਧਾਰਾ ਵਿਚ ਲੈ ਆਂਦਾ। ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਰੈਸਟ ਹਾਊਸ ਦੇ ਕਮਰਾ ਨੰਬਰ 61 ਵਿੱਚ ਉਹ ਖਾੜਕੂ ਸਿੰਘਾਂ ਦੇ ਸੰਪਰਕ ਵਿਚ ਆ ਕੇ ਗੁਪਤ ਰੂਪ ਵਿਚ ਸੇਵਾ ਕਰਨ ਲੱਗ ਪਏ। ਏਥੇ ਹੀ ਭਾਈ ਸਾਹਿਬ ਜੀ ਦਾ ਮੇਲ ਭਾਈ ਗੁਰਪਾਲ ਸਿੰਘ ਬੱਬਰ ਰੂੜੇਕੇ ਮੰਡੀ ਵਾਲੇ ਸਿੰਘ ਰਾਹੀਂ ਭਾਈ ਬਲਵਿੰਦਰ

ਸਿੰਘ ਬੱਬਰ ਗੰਗਾ, ਭਾਈ ਸਲੱਖਣ ਸਿੰਘ ਬੱਬਰ ਅਤੇ ਭਾਈ ਕੇਹਰ ਸਿੰਘ ਬੱਬਰ ਨਾਲ ਹੋਇਆ।

ਆਪ ਜੀ ਦੀ ਸੱਪਸ਼ਟ ਕਹਿਣੀ ਅਤੇ ਕਰਨੀ ਕਰਕੇ ਆਪ ਜੀ ਨੂੰ ਪਿੰਡ ਵਾਲਿਆਂ ਨੇ ਪੰਚਾਇਤ ਦੇ ਮੈਂਬਰ ਦੇ ਰੂਪ ਵਿਚ ਵੀ ਚੁਣ ਲਿਆ ਸੀ। ਗੁਪਤ ਰੂਪ ਵਿਚ ਸੇਵਾ ਕਰਦੇ ਰਹਿਣ ਦੇ ਨਾਲ ਨਾਲ ਪਿੰਡ ਦੇ ਕੰਮਾਂ ਧੰਦਿਆਂ ਵਿਚ ਵੀ ਰੁਚੀ ਰੱਖਦੇ ਸਨ। ਸਰਕਾਰੇ ਦਰਬਾਰੇ ਪੰਚਾਇਤ ਦੇ ਨਾਲ ਆਮ ਹੀ ਜਾਂਦੇ ਰਹਿੰਦੇ ਸਨ। ਆਪ ਜੀ ਨੂੰ ਇਕ ਬੜੀ ਹੀ ਘਾਤਕ ਬਿਮਾਰੀ ਤਪਦਿਕ ਨੇ ਘੇਰ ਲਿਆ, ਜਿਸ ਕਾਰਨ ਆਪ ਜੀ ਦਾ ਇਕ ਫੇਫੜਾ ਹੀ ਖਰਾਬ ਹੋ ਗਿਆ। ਇਸ ਬਿਮਾਰੀ ਦੇ ਇਲਾਜ ਲਈ ਆਪ ਜੀ ਕਾਫੀ ਚਿਰ ਸੰਗਰੂਰ ਵਿਖੇ ਟੀ ਬੀ ਸੈਂਟਰ ਵਿਚ ਦਾਖਲ ਵੀ ਰਹੇ, ਜਿਥੋਂ ਆਪ ਜੀ ਨੂੰ ਕਾਫੀ ਆਰਾਮ ਆ ਗਿਆ। ਪਰ ਇਸ ਦੌਰਾਨ ਵੀ ਆਪ ਜੀ ਸੰਘਰਸ਼ ਵਿਚੋਂ ਪਿਛਾਂਹ ਨਹੀਂ ਹਟੇ ਸਨ।

ਆਪ ਜੀ ਪਹਿਲੀ ਵਾਰ ਉਸ ਸਮੇਂ ਸੁਰਖੀਆਂ ਵਿਚ ਆਏ ਅਤੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਪੁਲਿਸ ਵੱਲੋਂ ਚੁੱਕ ਕੇ ਕਾਫੀ ਪ੍ਰੇਸ਼ਾਨ ਕੀਤਾ ਗਿਆ ਜਦੋਂ ਖਾੜਕੂਆਂ ਨੇ ਜੈਤੋ ਦੇ ਇਕ ਕਾਂਗਰਸੀ ਲੀਡਰ ਨੂੰ ਭਰੇ ਬਾਜ਼ਾਰ ਗੋਲੀਆਂ ਮਾਰ ਦਿੱਤੀਆਂ। ਉਸਨੂੰ ਸੋਧਣ ਤੋਂ ਬਾਅਦ ਉਸ ਦੀ ਲਾਸ਼ 'ਤੇ ਚਿੱਠੀ ਰੱਖ ਕੇ ਬੱਬਰਾਂ ਨੇ ਉਸ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਅਗਲੇ ਦਿਨ ਅਖਬਾਰਾਂ ਅੰਦਰ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮਾਲਵਾ ਜ਼ੋਨ ਦੇ ਸੇਵਾਦਾਰ ਭਾਈ ਹਰਭਜਨ ਸਿੰਘ ਬੱਬਰ ਮੰਡ ਫਿਲੌਰੀ, ਡਿਪਟੀ ਮੁਖੀ ਭਾਈ ਸੰਗਰਾਮ ਸਿੰਘ ਬੱਬਰ ਚੱਕ ਮਦੱਰਸਾ, ਫਰੀਦਕੋਟ ਜ਼ਿਲ੍ਹੇ ਦੇ ਸੇਵਾਦਾਰ ਭਾਈ ਹਰਭਜਨ ਸਿੰਘ ਬੱਬਰ ਡੋਲਿਆਂਵਾਲੀ ਅਤੇ ਡਿਪਟੀ ਮੁਖੀ ਭਾਈ ਜਸਵਿੰਦਰ ਸਿੰਘ ਬੱਬਰ ਜੱਸੋ ਅਤੇ ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਨੇ ਉਸ ਨੂੰ ਸੋਧਣ ਦੀ ਜ਼ੁੰਮੇਵਾਰੀ ਸਾਂਝੇ ਤੌਰ ਤੇ ਲਈ ਅਤੇ ਉਸ ਉਪਰ ਦਰਬਾਰ ਸਾਹਿਬ ਉਪਰ ਹਮਲੇ ਸਮੇਂ ਖੁਸ਼ੀ ਮਨਾਉਣ, ਲੱਡੂ ਵੰਡਣ, ਸਿੰਘਾਂ ਦੀਆਂ ਮੁਖਬਰੀਆਂ ਕਰਨ ਅਤੇ ਕੂੜ ਦਾ ਪ੍ਰਚਾਰ ਕਰਨ ਦੇ ਦੋਸ਼ ਲਾਏ ਗਏ।

ਇਸ ਤੋਂ ਬਾਅਦ ਮਾਲਵੇ ਦੇ ਮੁਖਬਰਾਂ, ਨਕਰਧਾਰੀਆਂ, ਕੈਟਾਂ, ਪੰਥ ਦੋਖੀਆਂ ਨੂੰ ਹਰਭਜਨ ਸਿੰਘ ਬੱਬਰ ਡੋਲਿਆਂਵਾਲੀ ਸੁਪਨਿਆਂ ਵਿਚ ਦਿਖਣ ਲੱਗ ਪਿਆ। ਦੁਸ਼ਟ ਅੱਬੜਬਾਹੇ ਉਠ ਕੇ ਤੁਰਨ ਲੱਗੇ। ਬੱਬਰਾਂ ਨੇ ਮਾਲਵਾ ਜ਼ੋਨ ਦੇ ਬਠਿੰਡਾ, ਮਾਨਸਾ, ਫਰੀਦਕੋਟ, ਸੰਗਰੂਰ, ਲੁਧਿਆਣਾ ਜ਼ਿਲ੍ਹਿਆਂ ਦਾ ਇਕ ਸਾਂਝਾ ਗੁਰੀਲਾ ਜ਼ੋਨ ਬਣਾਇਆ ਤਾਂ ਕਿ ਸੰਘਰਸ਼ ਨੂੰ ਸਹੀ ਢੰਗ ਨਾਲ ਤੋਰਿਆ ਜਾ ਸਕੇ ਅਤੇ ਜਨਤਕ ਲਾਮਬੰਦੀ ਕੀਤੀ ਜਾ ਸਕੇ। ਇਹਨਾਂ ਜ਼ਿਲ੍ਹਿਆਂ ਦੀ ਸਾਂਝੀ ਕਮਾਂਡ ਗੁਰੀਲਾ ਜੰਗ ਲਈ ਭਾਈ ਹਰਭਜਨ ਸਿੰਘ ਬੱਬਰ ਡੋਲਿਆਂਵਾਲੀ ਨੂੰ ਸੌਂਪੀ ਗਈ। ਉਹਨਾਂ ਨੇ ਨਾਮ ਬਾਣੀ ਅੰਦਰ ਪ੍ਰਪੱਕ ਸਿਰਲੱਥ ਯੋਧਿਆਂ ਨੂੰ ਆਪਣੇ ਨਾਲ ਰਲਾਇਆ ਅਤੇ ਕੌਮੀ ਸੰਘਰਸ਼ ਵਿਚ ਤੋਰਿਆ। ਬੱਬਰਾਂ ਨੇ ਆਪਸ ਵਿਚ ਇਕ ਗੁਰਮਤੇ ਰਾਹੀਂ ਅਰਦਾਸ ਕਰਕੇ ਸਾਇਨਾਇਡ ਦੇ ਖਤਰਨਾਕ ਜ਼ਹਿਰੀਲੇ ਕੈਪਸੂਲ ਆਪਣੇ ਕੋਲ ਰੱਖਣ ਜਾਂ ਨਾ ਰੱਖਣ ਬਾਰੇ ਇਕ ਫੈਸਲਾ ਕੀਤਾ। ਪਰ ਭਾਈ ਹਰਭਜਨ ਸਿੰਘ ਡੋਲਿਆਂਵਾਲੀ ਅਤੇ ਭਾਈ ਬਲਵਿੰਦਰ ਸਿੰਘ ਗੰਗਾ ਨੇ ਆਪਣੇ

ਕਲ ਸਾਇਨਾਈਡ ਦੇ ਕੈਪਸੂਲ ਨਾ ਰੱਖਣ ਦਾ ਫੈਸਲਾ ਲਿਆ ਅਤੇ ਗੁਰੂ ਸਾਹਿਬ ਜੀ ਦੇ ਅਸ਼ੀਰਵਾਦ ਨੂੰ ਹੁਕਮ ਮੰਨ ਸਿਰ ਮੱਥੇ 'ਤੇ ਅੱਟਲ ਸਮਝਿਆ। ਅਖੀਰ ਪੁਰਾਤਨ ਸਿੰਘਾਂ ਦੇ ਨਕਸ਼ੇ ਕਦਮ 'ਤੇ ਚਲਦਿਆਂ ਸ਼ਹਾਦਤਾਂ ਦੇਣ ਦੇ ਸਕੰਲਪ ਨੂੰ ਦੁਹਰਾਉਂਦਿਆਂ ਇਹ ਫੈਸਲਾ ਕੀਤਾ ਕਿ ਹਰ ਸਿੰਘ ਦਾ ਆਪਣਾ ਨਿੱਜੀ ਫੈਸਲਾ ਹਵੇਗਾ ਕਿ ਉਹ ਆਪਣੇ ਕੋਲ ਕੈਪਸੂਲ ਰੱਖਣਾ ਚਾਹੁੰਦਾ ਹੈ ਜਾਂ ਨਹੀਂ ਜਥੇਬੰਦੀ ਵੱਲੋਂ ਲਾਜ਼ਮੀ ਨਹੀਂ ਹੋਵੇਗਾ।

ਭਾਈ ਸਾਹਿਬ ਜੀ ਸੰਘਰਸ਼ਪਸਤੀ ਨੂੰ ਇਸ ਕਦਰ ਸਪਸਰਤ ਸਨ ਕਿ ਆਪਣੇ ਘਰੋਂ ਆਪਣ ਹਿਸੇ ਦੀ ਆਮਦਨ ਅਤੇ ਦਸਵੰਧ ਮੰਗਵਾ ਲੈਂਦੇ ਸਨ ਭਰਾਵਾਂ ਨੂੰ ਵੀ ਤਾੜਨਾ ਕਰ ਦਿੰਦੇ ਸਨ ਕਿ ਤੁਹਾਡੀ ਮੇਰੀ ਸਾਂਝ ਸਿਰਫ ਆਰਜ਼ੀ ਸਮਾਜਕ ਹੈ, ਮੇਰੇ ਲਈ ਪਹਿਲਾਂ ਗੁਰੂ ਹੈ ਕੌਮੀ ਸੰਘਰਸ਼ ਹੈ ਫਿਰ ਤੁਸੀਂ ਅਤੇ ਘਰ ਹੈ। ਇਸ ਲਈ ਆਪਣੇ ਆਪ ਨੂੰ ਠੀਕ ਰੱਖੋ ਫਿਰੋਜ਼ਪੁਰ ਰੇਂਜ ਦੇ ਡੀ ਆਈ ਜੀ ਬਖਸ਼ੀ ਰਾਮ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਮਾਲਵੇ ਅੰਦਰ ਬੱਬਰਾਂ ਦੇ ਇਸ ਗਰੁਪ ਨੂੰ ਸਭ ਤੋਂ ਖਤਰਨਾਕ ਦੱਸਿਆ ਅਤੇ ਕਤਲ ਦੀਆਂ ਇਹਨਾਂ ਵਾਰਦਾਤਾਂ, ਪਿੰਡ ਛੱਲਿਆਂਵਾਲੀ ਅੰਦਰ ਇਕ ਸੀ ਆਈ ਡੀ ਕਰਮਚਾਰੀ ਦੀ ਹੱਤਿਆ, ਸੀਨੀਅਰ ਅਕਾਲੀ ਆਗੂ ਭਾਈ ਸ਼ਮਿੰਦਰ ਸਿੰਘ, ਸੁਖਨਾ ਪਿੰਡ ਦੇ ਨਿਰੰਕਾਰੀਆਂ ਨੂੰ, ਜੈਤ ਦੇ ਪਤੰਗਾਂ ਨੂੰ, ਮਾਨਸਾ ਦੇ ਤਹਿਸੀਲਦਾਰ ਨੂੰ ਪਿੰਡ ਸਿਵੀਆਂ ਦੇ ਅਖਬਾਰੀ ਹਾਕਰਾਂ ਨੂੰ, ਭਲਾਈਆਣਾ ਨੇੜੇ ਪੁਲਿਸ ਪਾਰਟੀ 'ਤੇ ਹਮਲੇ ਨੂੰ, ਡਾ ਤਿਆਗੀ ਦੀ ਹੱਤਿਆ ਆਦਿ ਅਤੇ ਸੈਂਕੜੇ ਹੋਰ ਵਾਰਦਾਤਾਂ ਲਈ ਜ਼ਿੰਮੇਵਾਰ ਦੱਸਿਆ ਅਤੇ ਪ੍ਰੈਸ ਨੂੰ ਦੱਸਿਆ ਕਿ ਇਹਨਾਂ ਵਿਚੋਂ ਹਰਭਜਨ ਸਿੰਘ ਬੱਬਰ ਛੱਲਿਆਂਵਾਲੀ ਸਭ ਤੋਂ ਖਤਰਨਾਕ ਸੀ।

ਪੁਲਿਸ ਵੱਲੋਂ ਇਸ ਗਰੁੱਪ ਨੂੰ ਖਤਮ ਕਰਨ ਲਈ ਪੰਜ ਜ਼ਿਲ੍ਹਿਆਂ ਦੇ ਕਰੀਬ 200 ਪਰਿਵਾਰ ਇਹਨਾਂ ਨੂੰ ਪਨਾਹ ਦੇਣ ਦੇ ਸਬੰਧ ਵਿਚ ਚੁੱਕੇ ਹੋਏ ਸਨ, ਪਿੰਡ ਘੱਲੀਏ ਦੇ ਇਕ ਗੁਰਸਿਖ ਭਾਈ ਸੁਖਦੇਵ ਸਿੰਘ 'ਤੇ ਇਤਨਾ ਤਸ਼ੱਦਦ ਕੀਤਾ ਗਿਆ ਕਿ ਕੁਝ ਦਿਨਾਂ ਬਾਅਦ ਉਹ ਚੜ੍ਹਾਈ ਕਰ ਗਏ ਭਾਈ ਬਲਵਿੰਦਰ ਸਿੰਘ ਬੱਬਰ ਰੰਗਾ ਅਤੇ ਉਸ ਦੇ ਸਾਥੀਆਂ ਨੇ ਜੁਲਾਈ 1992 ਦੇ ਪਹਿਲੇ ਹਫਤੇ ਪੁਲਿਸ ਨੂੰ ਅਖਬਾਰਾਂ ਅੰਦਰ ਖਬਰਾਂ ਲੁਆ ਕੇ ਤਾੜਨਾ ਕੀਤੀ ਸੀ ਕਿ ਪੁਲਿਸ ਨਿਰਦੋਸ਼ ਪਰਿਵਾਰਾਂ 'ਤੇ ਜ਼ੁਲਮ ਕਰਨਾ ਬੰਦ ਕਰੇ ਅਤੇ ਪਿੰਡ ਕੋਬੜਵਾਲ ਦੇ ਕੋਰ ਸਿੰਘ ਦੀ ਪਤਨੀ ਨੂੰ ਰਿਹਾ ਕਰੇ। ਫਿਰ ਅੱਜ ਦੀ ਆਵਾਜ਼ ਅਖਬਾਰ ਅੰਦਰ ਪੁਲਿਸ ਨੂੰ ਤਾੜਨਾ ਕੀਤੀ ਕਿ ਪੁਲਿਸ ਨੇ ਭਾਈ ਹਰਭਜਨ ਸਿੰਘ ਬੱਬਰ ਛੱਲਿਆਂਵਾਲੀ ਨੂੰ ਮੋਗਾ ਬੱਸ ਸਟੈਂਡ ਤੋਂ ਚੁੱਕ ਲਿਆ ਗਿਆ ਹੈ ਜੇਕਰ ਇਸ ਸਿੰਘ ਦਾ ਨੁਕਸਾਨ ਕੀਤਾ ਗਿਆ ਤਾਂ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਛੇਤੀ ਹੀ ਸਬਕ ਸਿਖਾ ਦਿੱਤਾ ਜਾਵੇਗਾ।

ਪੰਜਾਬ ਦੇ ਪੱਧਰੇ ਮੈਦਾਨੀ ਇਲਾਕੇ ਅੰਦਰ ਖਾੜਕੂ ਸਿੰਘਾਂ ਨੇ ਆਪਣੇ ਆਪ ਨੂੰ ਛੁਪਾਉਣ ਲਈ ਲੋਕਾਂ ਨੂੰ ਜੰਗਲ ਰੂਪ ਵਿਚ ਵਰਤਿਆ। ਇਸ ਗੱਲ ਦਾ ਸਰਕਾਰੀ ਬਲਾਂ ਨੂੰ ਵੱਡਾ ਫਾਇਦਾ ਮਿਲਿਆ ਕਿਉਂਕਿ ਉਹਨਾਂ ਨੇ ਆਪਣੇ ਸਰਕਾਰੀ ਖਾੜਕੂ (ਕਾਲੀਆਂ ਬਿੱਲੀਆਂ, ਕੈਟ ਲੋਕਾਂ ਵਿਚ ਅਸਾਨੀ ਨਾਲ ਵਾੜ ਦਿੱਤੇ, ਜਿੰਨ੍ਹਾਂ ਦੀਆਂ ਸੰਘਰਸ਼

ਵਿਰੋਧੀ ਕਾਰਵਾਈਆਂ ਨੇ ਧਰਮੀ ਖਾੜਕੂਆਂ ਨੂੰ ਵੱਡੀ ਢਾਹ ਲਾਈ। ਪੁਲਿਸ ਦੇ ਜਬਰ ਜ਼ੁਲਮ ਨੇ ਲੋਕਾਂ ਅੰਦਰ ਸੰਘਰਸ਼ ਪ੍ਰਤੀ ਇਕ ਖੌਫ਼ ਪੈਦਾ ਕਰ ਦਿੱਤਾ ਜੋ ਅਜੇ ਤੱਕ ਵੀ ਲੋਕਾਂ ਦੇ ਮਨਾਂ ਵਿਚੋਂ ਨਹੀਂ ਨਿਕਲਿਆ। ਪੁਲਿਸ ਵੱਲੋਂ ਪਨਾਹ ਦੇਣ ਵਾਲੇ ਘਰਾਂ ਵਿਚੋਂ ਚੁੱਕੇ ਮੈਂਬਰ ਕੋਹ ਕੋਹ ਕੇ ਮਾਰੇ ਗਏ। ਇਹਨਾਂ ਹੀ ਕੜੀਆਂ ਨਾਲ ਪੁਲਿਸ ਵੱਲੋਂ ਮਗਾ ਬੱਸ ਸਟੈਂਡ ਤੋਂ ਭਾਈ ਹਰਭਜਨ ਸਿੰਘ ਬੱਬਰ ਛੱਲਿਆਂਵਾਲੀ ਨੂੰ ਚੱਕ ਲਿਆ ਗਿਆ। ਜਦੋਂ ਪੁਲਿਸ ਦੀਆਂ ਕਾਲੀਆਂ ਬਿੱਲੀਆਂ ਨੇ ਹਰਭਜਨ ਨੂੰ ਇਕ ਦਮ ਦੱਬ ਕੇ ਬੁੱਕਿਆ ਤਾਂ ਪਹਿਲਾਂ ਉਸ ਉਪਰ ਇੱਕ ਕੰਬਲ ਸੁਟਿਆ ਗਿਆ, ਉਸ ਦੇ ਸਾਰੇ ਹੀ ਕੱਪੜੇ ਉਤਾਰ ਦਿੱਤੇ ਗਏ, ਪੁਲਿਸ ਨੂੰ ਸ਼ੱਕ ਸੀ ਕਿ ਇਸਨੇ ਕਿਤੇ ਸਾਇਨਾਈਡ ਨਾ ਛੁਪਾ ਕੇ ਰੱਖੀ ਹੋਵੇ।

ਪੁਲਿਸ ਇਸ ਬੱਬਰ ਯੋਧੇ ਨੂੰ ਜਿਉਂਦਾ ਫੜ ਕੇ ਇਸ ਕਦਰ ਹਰਫਲ ਗਈ ਕਿ ਉਸ ਨੂੰ ਕੁਝ ਸੁਝ ਨਹੀਂ ਰਿਹਾ ਸੀ ਕਿ ਉਸ ਨੂੰ ਕਿਸ ਪੁਲਿਸ ਸਟੇਸ਼ਨ 'ਤੇ ਰੱਖਿਆ ਜਾਵੇ। ਮਗੇ ਤੋਂ ਜਗਰਾਵਾਂ ਫਿਰ ਡੇਹਲੋਂ ਪੁਲਿਸ ਠਾਣੇ ਲੈ ਗਏ, ਤਸ਼ੱਦਦ ਦੇ ਹਰ ਪਲਾਂ ਨੂੰ ਹੱਸ ਕੇ ਝੱਲਦਾ ਹਰਭਜਨ ਸਿੰਘ ਬੱਬਰ ਜਾਮ ਸ਼ਹਾਦਤ ਪੀ ਗਿਆ। 11 ਜੁਲਾਈ 1992 ਦਿਨ ਸ਼ਨਿਚਰਵਾਰ ਨੂੰ ਐਸ ਐਸ ਪੀ ਪੁਲਿਸ ਜ਼ਿਲ੍ਹਾ ਜਗਰਾਵਾਂ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਹਰਭਜਨ ਸਿੰਘ ਬੱਬਰ ਛੱਲਿਆਂਵਾਲੀ ਜਿਸ ਦੇ ਸਿਰ 'ਤੇ 15 ਲੱਖ ਰੁ ਦਾ ਇਨਾਮ ਸੀ, ਉਹ ਡੇਹਲੋਂ ਦੇ ਨਜ਼ਦੀਕ ਪਿੰਡ ਘੁੰਗਰਾਣਾ ਵਿਖੇ ਇਕ ਪੁਲਿਸ ਮੁਕਾਬਲੇ ਦੌਰਾਨ ਮਾਰਿਆ ਗਿਆ ਹੈ ਅਤੇ ਭਾਰੀ ਮਾਤਰਾ ਵਿਚ ਅਸਲਾ ਮਿਲਿਆ ਹੈ

ਉਸ ਇਲਾਕੇ ਦੇ ਲੋਕ ਅੱਜ ਵੀ ਡਰ ਅਤੇ ਸਹਿਮ ਦੀ ਚੁਪ ਤੋੜਦੇ ਕਹਿੰਦੇ ਹਨ, ਉਸ ਸ਼ੇਰ ਨੇ ਲਲਕਾਰ ਕੇ ਗੋਲੀਆਂ ਛਾਤੀ ਵਿਚ ਖਾਧੀਆਂ ਸਨ। ਬਥੇਰਾ ਪੁਲਿਸ ਵਾਲੇ ਕਹਿੰਦੇ ਰਹੇ ਜਾ ਭੱਜ ਜਾਹ ਜੇ ਭੱਜ ਹੁੰਦਾ ਹੈ ਤਾਂ ਪਰ ਉਸ ਦੀ ਅਵਾਜ਼ ਵਿਚ ਦਮ ਸੀ, ਉਚੀ ਸੁਰ ਸੀ, ਇਕ ਲਲਕਾਰ ਸੀ, "ਮੈਂ ਭੱਜ ਕੇ ਪਿੱਠ ਵਿਚ ਗੋਲੀਆਂ ਨਹੀਂ ਖਾਣੀਆਂ ਬੱਬਰ ਦੀ ਛਾਤੀ ਵਿਚ ਮਾਰੋ ਜੇ ਹਿੰਮਤ ਹੈ।"

ਬੱਬਰ ਛੱਲਿਆਂਵਾਲੀ ਗੁਲਾਮ ਸਿਰਾਂ ਨੂੰ ਝੰਜੋੜਦਾ ਕੌਮ ਦੀ ਅਜ਼ਾਦੀ ਲਈ ਜਬਰ ਜ਼ੁਲਮ ਦੀਆਂ ਗੋਲੀਆਂ ਆਪਣੀ ਛਾਤੀ ਵਿਚ ਸਾਂਭ ਸਦਾ ਦੀ ਨੀਂਦ ਸੌਂ ਗਿਆ। ਕੌਮ ਦੀ ਅਜ਼ਾਦੀ ਪਰਵਾਨੇ ਅੱਗੇ ਸਿਰ ਝੁਕਾਉਂਦੀ ਹੈ 19 ਜੁਲਾਈ 1992 ਦਿਨ ਸ਼ੁਕਰਵਾਰ ਨੂੰ ਇਲਾਕੇ ਦੀ ਸੰਗਤ ਵੱਲੋਂ ਅਜੀਤ ਅਖਬਾਰ ਵਿਚ ਉਸ ਸ਼ਹੀਦ ਨਮਿਤ ਅਖੰਡ ਪਾਠ ਸਾਹਿਬ ਦੇ ਭੋਗ ਤੇ ਅਰਦਾਸ ਅੰਦਰ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਸੀ। ਪਰ ਪੁਲਿਸ ਨੇ ਬਾਹਰੋਂ ਪਿੰਡ ਅੰਦਰ ਕਿਸੇ ਨੂੰ ਵੀ ਵੜਨ ਨਹੀਂ ਦਿੱਤਾ ਪਰਿਵਾਰ ਨੇ ਹੀ ਉਸ ਯੋਧੇ ਦੀ ਅੰਤਿਮ ਅਰਦਾਸ ਪੂਰੀ ਕੀਤੀ।

# ਭਾਈ ਬਲਦੀਪ ਸਿੰਘ ਬੱਬਰ (ਫੂਲ)

ਇਕ ਦਿਨ ਬਲਦੀਪ ਕੁਮਾਰ ਨੇ ਛੋਟੇ ਹੁੰਦਿਆਂ ਆਪਣੇ ਪਿਤਾ ਦੀ ਬੁੱਕਲ ਵਿਚ ਬੈਠੇ ਨੇ ਪੁੱਛਿਆ "ਬਾਪੂ ਜੀ ਇਹ ਮੱਖੀਆਂ ਜੋ ਕੱਪੜੇ ਸੁੱਕਣੇ ਪਾਉਣ ਵਾਲੀ ਤਾਰ 'ਤੇ ਬੈਠੀਆਂ ਹਨ, ਇਹ ਥੱਲੇ ਕਿਉਂ ਨਹੀਂ ਡਿੱਗਦੀਆਂ ?" ਫਿਰ ਬੈਠੇ ਬੈਠੇ ਨੇ ਸਵਾਲ ਕਰ ਦਿੱਤਾ, "ਇਹ ਕੀੜੀਆਂ ਜੋ ਸਾਰੀ ਦਿਹਾੜੀ ਭੱਜੀਆਂ ਹੀ ਫਿਰਦੀਆਂ ਹਨ, ਇਹ ਟਿਕ ਕੇ ਕਿਉਂ ਨਹੀਂ ਬੈਠਦੀਆਂ, ਇਹ ਥਕਦੀਆਂ ਕਿਉਂ ਨਹੀਂ ?" ਬਲਦੀਪ ਸਾਰਾ ਸਾਰਾ ਦਿਨ ਬੈਠਾ ਸੋਚਦਾ ਰਹਿੰਦਾ, 'ਇਨਸਾਨ ਅਮੀਰ ਗਰੀਬ ਕਿਉਂ ਹੈ? ਇਹ ਜਾਤ ਪਾਤ ਕਿਉਂ ਹੈ? ਜਦੋਂ ਕਿ ਹਰ ਇਕ ਵਿਚ ਇਕ ਹੀ ਲਹੂ ਹੈ, ਹੱਥ ਪੈਰ ਸਾਰਾ ਸਰੀਰ ਇਕ ਤਰ੍ਹਾਂ ਦਾ ਹੈ।"

ਕਾਮਰੇਡ ਬਲਦੀਪ ਕੁਮਾਰ ਜੋ ਕਿ ਮਾਰਕਸ ਅਤੇ ਲੈਨਿਨ ਦੀ ਫਿਲਾਸਫੀ ਅੰਦਰ ਲੋਕਾਂ ਲਈ ਕਾਫੀ ਕੁਝ ਲਭਦਾ ਸੀ ਇਸ ਵਿਚਾਰਧਾਰਾ ਕਾਰਨ ਆਪ ਜਦੋਂ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਤੋਂ ਬੀ.ਏ. ਦੀ ਪੜ੍ਹਾਈ ਕਰ ਰਹੇ ਸਨ ਉਦੋਂ ਪੰਜਾਬ ਸਟੂਡੈਂਟ ਯੂਨੀਅਨ ਦੀ ਅਗਵਾਈ ਹੇਠ ਰਹਿ ਕੇ ਵਿਦਿਆਰਥੀਆਂ ਅੰਦਰ ਕਾਫੀ ਸਰਗਰਮੀ ਨਾਲ ਕੰਮ ਕਰਦੇ ਰਹੇ। ਬਲਦੀਪ ਇਕ ਹੋਣਹਾਰ ਸਿਆਸੀ ਆਗੂ ਸੀ, ਜੋ ਅੰਤਰਰਾਸ਼ਟਰੀ ਘਟਨਾਵਾਂ ਦਾ ਪਾਰਖੂ, ਵਧੀਆ ਰਾਜਨੀਤਕ ਅਤੇ ਕਰਨੀ ਅਤੇ ਕਥਨੀ ਲਈ ਮਰ ਮਿਟਣ ਵਾਲਾ ਯੋਧਾ ਸੀ ਗੰਭੀਰ ਚਿੰਤਕ ਬਲਦੀਪ ਨੂੰ ਕਾਮਰੇਡੀ ਵਿਚਾਰਧਾਰਾ ਵਿਚੋਂ ਲੋਕ ਹੱਕਾਂ ਦੀ ਕੋਈ ਗੱਲ ਬਣਦੀ ਨਾ ਦਿਖੀ ਸੰਘਰਸ਼ਾਂ ਦੇ ਵਹਿਣਾਂ ਵਿਚ ਤੁਰਿਆ ਉਹ ਇਕ ਦਿਨ ਕੌਮ ਦੀ ਅਜ਼ਾਦੀ ਲਈ ਲੜਦੇ ਬੱਬਰਾਂ ਦੇ ਜਥੇ ਵਿਚ ਜਾ ਬੈਠਾ ਉਸ ਨੂੰ ਪੁਰਾਤਨ ਬੱਬਰਾਂ ਦੀਆਂ ਕੁਰਬਾਨੀਆਂ ਨੇ ਕਾਫੀ ਪ੍ਰਭਾਵਤ ਕੀਤਾ ਸੀ। ਕਾਮਰੇਡ ਬਲਦੀਪ ਨੇ ਬੱਬਰਾਂ ਦੇ ਸਿੰਘਾਂ ਨਾਲ ਕਾਫੀ ਲੰਮੀ ਬਹਿਸ ਅਤੇ ਧਾਰਮਕ ਵਿਸ਼ਿਆਂ 'ਤੇ ਚਰਚਾ ਕੀਤੀ। ਅਖੀਰ ਉਸ ਨੂੰ ਭਾਈ ਬਲਵਿੰਦਰ ਸਿੰਘ ਬੱਬਰ ਰੰਗਾ, ਭਾਈ ਸੁਲੱਖਣ ਸਿੰਘ ਬੱਬਰ ਅਤੇ ਭਾਈ ਜਸਮਿੰਦਰ ਸਿੰਘ ਬੱਬਰ ਜੋਸ਼ੀ ਲੁਧਿਆਣਾ ਦੀਆਂ ਗੁਰਮਤਿ ਅਧਾਰਤ ਦਲੀਲਾਂ ਸਾਹਮਣੇ ਗੁਰੂ ਨਾਨਕ ਦੀ ਫਿਲਾਸਫੀ ਨੂੰ ਮੰਨਣਾ ਪਿਆ।

"ਸਾਡੀ ਧਰਤੀ ਮਾਂ ਤੁਸੀਂ ਕੌਣ ਹੋ, ਇਹ ਜਰਵਾਣੇ ਇਥੇ ਕਿਵੇਂ ਆਏ ਨੇ।" ਬਲਦੀਪ ਦੇ ਇਹ ਬੋਲ ਕਿਸੇ ਸਮੇਂ ਸਟੇਜਾਂ ਤੇ ਗੂੰਜਦੇ ਸਨ। ਸੰਤ ਰਾਮ ਉਦਾਸੀ ਦਾ ਗੀਤ, "ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ" ਜਦੋਂ ਬਲਦੀਪ ਦੀ ਹੇਕ ਨਾਲ ਲੋਕਾਂ ਦੇ ਦਿਲਾਂ ਅੰਦਰ ਇਕ ਦਰਦ ਨਾਲ ਧੜਕਦਾ ਸੀ ਤਾਂ ਹਰ ਇਕ ਦੀਆਂ ਅੱਖਾਂ ਨਮ ਹੋ ਜਾਂਦੀਆਂ ਸਨ ਬਲਦੀਪ ਆਪਣੇ ਆਪ ਵਿਚ ਇਕ ਇਤਿਹਾਸ ਸੀ। ਸਮੇਂ ਨੇ ਕਰਵਟ ਲਈ। ਉਸ ਦੀ ਜ਼ਿੰਦਗੀ ਦਾ ਬਹੁਤਾ ਸਮਾਂ ਹਥਿਆਰਬੰਦ ਜੰਗਜੂ ਦੇ ਰੂਪ ਵਿਚ ਲੇਖੇ ਲੱਗਾ। ਬਠਿੰਡਾ ਜ਼ਿਲਾ ਦਮਦਮਾ ਪਿੰਡਾ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਅਖੰਡ ਕੀਰਤਨੀ

ਜਖ ਤੋਂ ਅੰਮ੍ਰਿਤ ਛਕ ਕੇ ਕਾਮਰੇਡ ਬਲਦੀਪ ਕੁਮਾਰ ਤੋਂ ਭਾਈ ਬਲਦੀਪ ਸਿੰਘ ਬੱਬਰ ਦੇ ਰੂਪ ਵਿਚ ਹੱਥ ਏ ਕੇ 56 ਰਾਈਫਲ ਲੈ ਕੇ ਉਹ ਦੁਸਟ ਸਕਲ ਕ ਮੂਲ ਉਪਾਰਨ ਲਈ ਵਿਚਰਨ ਲੱਗਾ।

ਭਾਈ ਬਲਦੀਪ ਸਿੰਘ ਬੱਬਰ ਨੇ ਪੰਜਾਬੀ ਹਿੰਦੂ ਸੰਸਕਾਰਾਂ ਵਿਚ ਵੈਦ ਹਰਬੰਸ ਲਾਲ ਜੀ ਸ਼ਰਮਾ ਦ ਘਰੇ ਪਿੰਡ ਫੂਲ ਵਿਖੇ ਮਾਤਾ ਬਲਵੰਤ ਕੌਰ ਦੀ ਪਵਿੱਤਰ ਕੁਖ ਸੰਨ 1962 ਵਿਚ ਜਨਮ ਲਿਆ। ਆਪ ਜੀ ਦੀਆਂ ਦ ਭੈਣਾਂ ਅਮਰਜੀਤ ਕੌਰ "ਵਿਧਵਾ" ਅਤੇ ਸਵਰਨਜੀਤ ਕੌਰ ਸਨ ਭਾਈ ਸਾਹਿਬ ਜੀ ਦੇ ਦ ਭਰਾ ਹਰਜਿੰਦਰਪਾਲ ਅਤੇ ਹਰਜੀਤ ਕੁਮਾਰ ਸਨ ਭਾਈ ਸਾਹਿਬ ਜੀ ਦੇ ਪਿਤਾ, ਵੈਦ ਹਰਬੰਸ ਲਾਲ ਦਾ ਕਾਰਬਾਰ ਕੋਈ ਚੰਗਾ ਨਹੀਂ ਸੀ। ਘਰ ਦੀ ਕਬੀਲਦਾਰੀ ਬਹੁਤ ਵਧ ਚੁੱਕੀ ਸੀ ਭਾਈ ਬਲਦੀਪ ਸਿੰਘ ਦੀ ਭੈਣ ਅਮਰਜੀਤ ਕੌਰ ਫੂਲ ਪਿੰਡ ਦੇ ਨੇੜੇ ਹੀ ਆਲੀਕੇ ਪਿੰਡ ਵਿਚ ਤਜਿੰਦਰਪਾਲ ਨਾਲ ਵਿਆਹੀ ਹੋਈ ਸੀ ਤਜਿੰਦਰਪਾਲ ਪਟਿਆਲ ਦੇ ਨੇੜਲੇ ਪਿੰਡ ਸਨੌਰਾ ਵਿਚ ਪ੍ਰਾਈਵੇਟ ਮੈਡੀਕਲ ਪ੍ਰੈਕਟਿਸ ਕਰਦਾ ਸੀ। ਤਜਿੰਦਰਪਾਲ ਦੀ ਮੌਤ ਹੋ ਗਈ ਸੀ, ਜਿਸ ਕਾਰਨ ਭਾਈ ਸਾਹਿਬ ਜੀ ਦੀ ਭੈਣ ਅਮਰਜੀਤ ਕੌਰ ਵਿਧਵਾ ਹੋ ਗਈ। ਉਹ ਵੀ ਆਪਣੇ ਤਿੰਨ ਮਾਸੂਮ ਬੱਚਿਆਂ ਸਮੇਤ ਭਾਈ ਬਲਦੀਪ ਸਿੰਘ ਦੇ ਘਰੇ ਰਹਿੰਦੀ। ਸਭ ਨੂੰ ਪਾਲਣ ਦਾ ਫਿਕਰ ਵੈਦ ਹਰਬੰਸ ਲਾਲ ਜੀ ਆਪਣੀ ਸਧਾਰਨ ਹਕੀਮੀ ਦ ਸਹਾਰ ਕਰੀ ਬੈਠੇ ਹਨ

ਸ਼ਹੀਦ ਭਾਈ ਬਲਦੀਪ ਸਿੰਘ ਬੱਬਰ ਦੇ ਪਿਤਾ ਜੀ ਨੇ ਆਪਣੇ ਸ਼ਹੀਦ ਬੱਬਰ ਪੁੱਤ ਦੀ ਯਾਦ ਵਿਚ ਇਕ ਜੀਵਨ ਕਥਾ ਲਿਖੀ ਜਿਸ ਦਾ ਇਕ-ਇਕ ਅੱਖਰ ਅੱਥਰੂਆਂ ਦੀ ਬਰਸਾਤ ਹੈ;

"ਮੈਂ ਇਕ ਪਿਤਾ ਦੇ ਨਾਤੇ ਇਕ ਗ੍ਰਹਿਸਥੀ ਜੀਵਨ ਵਿਚ ਆਰਥਕ ਪੱਖੋਂ ਕਮਜ਼ੋਰ ਜ਼ਿੰਦਗੀ ਵਿਚ ਤਕਲੀਫਾਂ ਦਾ ਭੰਨਿਆ ਹੋਇਆ ਜਾਇਦਾਦ ਤੋਂ ਵਾਂਝਾ ਆਪਣੇ ਹੱਥਾਂ ਦੀ ਕਮਾਈ ਕਰਕੇ ਪਰਿਵਾਰ ਨੂੰ ਪਾਲਣ ਵਾਲਾ-ਵਿਧਵਾ ਧੀ ਉਸ ਦੇ ਤਿੰਨ ਮਾਸੂਮ ਬੱਚਿਆਂ ਨੂੰ ਪਾਲਣ ਦਾ ਫਿਕਰ ਬਲਦੀਪ ਦੀ ਸ਼ਹਾਦਤ ਦਾ ਸੱਲ ਅਜੇ ਭਰਿਆ ਨਹੀਂ ਸੀ ਕਿ ਬੇਕਸੂਰ ਹਰਜੀਤ ਨੂੰ ਵਾਟਰਵਰਕਸ ਦੇ ਦਫਤਰ ਨੌਕਰੀ ਕਰਦੇ ਨੂੰ ਬਠਿੰਡਾ ਪੁਲਿਸ ਵੱਲੋਂ ਚੁੱਕ ਕੇ ਲਾਪਤਾ ਕਰ ਦਿੱਤਾ ਗਿਆ ਇਹ ਸਭ ਬੱਚੀਆਂ ਹੰਡੋਇਆਂ ਵਿਚੋਂ ਕਿਵੇਂ ਕੱਢਾਂ। ਇਕ ਡੂੰਘੀ ਖਾਈ ਵਿਚ ਡਿਗਿਆ ਸੋਚਦਾ ਹਾਂ ਕਿਤੇ ਦਿਮਾਗ ਹੀ ਨਾ ਹਿੱਲ ਜਾਵੇ, ਪਾਗਲ ਹੀ ਨਾ ਹੋ ਜਾਵਾਂ।"

ਇਹ ਜਿਹਾ ਮਾਨਸਿਕ ਤਕਲੀਫ ਦਾ ਸਿਲਸਿਲਾ ਕਈ ਕਈ ਮਹੀਨੇ ਚਲਦਾ ਰਹਿੰਦਾ ਹੈ, "ਬੱਬਰ ਪੁੱਤ ਦੀ ਸ਼ਹਾਦਤ ਤੇ ਸਿਰਫ ਇਕ ਮਾਣ ਹੀ ਮਾਣ ਹੈ ਮੇਰੇ ਕੋਲ ਜਾਂ ਇਕ ਅਣਖ ਦਾ ਹੌਸਲਾ ਆਖਰੀ ਦਮ ਤੱਕ ਇਸ ਅਧੂਰੀ ਕਬੀਲਦਾਰੀ ਨੂੰ ਸਾਂਭਣ ਦਾ।" ਮੈਨੂੰ ਬਲਦੀਪ ਬੱਬਰ ਦੀਆਂ ਗੱਲਾਂ ਭੁੱਲੀਆਂ ਨਹੀਂ, "ਬਾਪੂ ਜੀ ਮੇਰੀ ਮੌਤ 'ਤੇ ਰੋਇਆ ਜੇ ਨਹੀਂ ਮੈਨੂੰ ਮਾਫ ਕਰ ਦੇਣਾ, ਮੈਂ ਤੁਹਾਡੇ ਕੰਧਿਆਂ ਦਾ ਸਹਾਰਾ ਨਹੀਂ ਬਣ ਸਕਿਆ", ਇਸ ਸਮਾਜ ਵਿਚੋਂ ਫੋਕੀ ਹਮਦਰਦੀ ਮਿਲੇਗੀ, ਮੈਂ ਮਨੁੱਖ ਦੀ ਅਜ਼ਾਦੀ ਲਈ ਖਾਲਸਾਈ ਪਰੰਪਰਾਵਾਂ ਅਨੁਸਾਰ ਲੜਿਆ ਹਾਂ, ਤੁਸੀਂ ਘਰ ਦੇ ਬੋਝ ਲਈ ਲੜਨਗੇ, ਮੈਂ ਤੁਹਾਡਾ ਸਹਾਰਾ ਨਹੀਂ ਬਣ

ਸਕਿਆ, ਬਾਅ ਜੀ ਮੈਨੂੰ ਮਾਫ਼ ਕਰਨਾ"।

ਭਾਈ ਬਲਦੀਪ ਸਿੰਘ ਬੱਬਰ ਦਰਮਿਆਨਾ ਕੱਦ, ਛੋਟੀਆਂ ਤਿੱਖੀਆਂ ਅੱਖਾਂ, ਪਤਲਾ, ਛਾਂਟਵਾਂ ਸਰੀਰ, ਪੋਚਵੀਂ ਪੱਗ, ਸਾਦਾ ਪਹਿਰਾਵਾ ਬਿਲਕੁਲ ਹੀ ਘੱਟ ਬੋਲਣਾ, ਘੰਟਿਆਂ ਬੱਧੀ ਟਿਕਟਿਕੀ ਲਾਈ ਸੋਚਣਾ ਹੀ ਉਨ੍ਹਾਂ ਦੀ ਪਹਿਚਾਣ ਸੀ ਭਾਈ ਬਲਦੀਪ ਸਿੰਘ ਜੋ ਆਪਣੇ ਪਿਤਾ ਜੀ ਨੂੰ ਬਾਅ ਜੀ ਕਹਿ ਕੇ ਬੁਲਾਉਂਦੇ ਸਨ। ਹਰ ਸਵਾਲ ਦਾ ਉੱਤਰ ਪੁੱਛਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ। ਭਾਈ ਸਾਹਿਬ ਬਚਪਨ ਤੋਂ ਹੀ ਆਪਣੇ ਨਾਲ ਦੇ ਹਾਣੀਆਂ ਤੋਂ ਚੁਸਤ ਸਨ, ਬਚਪਨ ਬੜਾ ਹੀ ਰੰਗੀਲਾ ਸੀ, ਗੀਤ ਗੌਣ, ਭੰਗੜੇ ਪਾਉਣੇ ਆਦਿ ਵਿਚ ਰੁਚੀ ਰੱਖਦੇ ਸਨ, ਪਰ ਕਦੇ ਵੀ ਸਕੂਲ ਵਿਚ ਹੁੰਦੇ ਜਾਂ ਫਿਲਮੀ ਗਾਣ ਨਹੀਂ ਗਾਉਂਦੇ ਸਨ। ਬਲਕਿ ਕਿਸੇ ਪੰਥ ਦੀ ਵਾਰ, ਕਿਸੇ ਭਗਤ ਦੀ ਵਾਰ, ਕਿਸੇ ਸੂਰਮੇ ਦੀ ਕਹਾਣੀ ਹੁੰਦੀ ਸੀ। ਪਿਤਾ ਜੀ ਤੇ ਹਰ ਨਜ਼ਦੀਕੀ ਮਿੱਤਰ ਹੈਰਾਨ ਸਨ ਕਿ ਬਚਪਨ ਤੋਂ ਇਤਨਾ ਹੱਸਮੁਖ ਬਲਦੀਪ ਜਵਾਨੀ ਵਿਚ ਇਤਨਾ ਗੰਭੀਰ ਕਿਵੇਂ ਹੋ ਗਿਆ ਬਲਦੀਪ ਕਿਸੇ ਦਾ ਕੋਈ ਤਾਹਨਾ ਨਹੀਂ ਸਹਾਰਦੇ ਸਨ ਨਾ ਹੀ ਕਿਸੇ ਨੂੰ ਕੋਈ ਗਲਤ ਗੱਲ ਕਹਿੰਦੇ ਸਨ। ਬਚਪਣ ਤੋਂ ਹੀ ਦੂਰਅੰਦੇਸ਼ੀ ਅਤੇ ਹਰ ਗੱਲ ਨੂੰ ਘੋਖਣ ਪਰਖਣ ਵਾਲੇ ਸਨ। ਭਾਈ ਸਾਹਿਬ ਨੇ ਦੂਸਰੀ ਜਮਾਤ ਪਿੰਡ ਜਲਾਲ ਤੋਂ ਤੀਜੀ ਜਮਾਤ ਪਿੰਡ ਖਾਈ ਤੋਂ ਫਿਰ ਦਸਵੀਂ ਜਮਾਤ ਪਿੰਡ ਫੂਲ ਤੋਂ ਪਾਸ ਕੀਤੀ। ਹਰ ਜਮਾਤ ਪਹਿਲੀ ਦੂਸਰੀ ਪੁਜ਼ੀਸ਼ਨ ਵਿਚ ਪਾਸ ਕਰਦੇ ਰਹੇ ਸਨ, ਕਦੇ ਵੀ ਆਪਣੇ ਜਮਾਤੀ ਨਾਲ ਕੋਈ ਝਗੜਾ ਨਹੀਂ ਕਰਦੇ ਸਨ

ਦਸਵੀਂ ਜਮਾਤ ਚੰਗੇ ਨੰਬਰਾਂ ਵਿਚ ਪਾਸ ਕਰਨ ਤੋਂ ਬਾਅਦ ਆਪ ਜੀ ਨੇ ਬਢਲਾਢਾ ਵਿਖੇ ਆਈ ਟੀ ਆਈ ਵਿਚ ਇਲੈਕਟ੍ਰੀਸ਼ਨ ਟਰੇਡ ਅੰਦਰ ਦੋ ਸਾਲਾ ਕੋਰਸ ਲਈ ਦਾਖਲਾ ਲੈ ਲਿਆ। ਟਰੇਨਿੰਗ ਦੌਰਾਨ ਹੀ ਆਪ ਜੀ ਨੇ ਪੰਜਾਬ ਸਟੂਡੈਂਟ ਯੂਨੀਅਨ ਦੀ ਵਿਚਾਰਧਾਰਾ ਨੂੰ ਅਪਣਾ ਲਿਆ ਉਸ ਵਿਚ ਸ਼ਾਮਲ ਹੋ ਕੇ ਪੀ ਐਸ ਯੂ ਲਈ ਕੰਮ ਕਰਨ ਲੱਗ ਪਏ। ਬਢਲਾਢਾ ਆਈ ਟੀ ਆਈ ਕਾਲਜ ਦੇ ਪ੍ਰਿੰਸੀਪਲ ਸ੍ਰੀ ਜਰਨੈਲ ਸਿੰਘ ਜੋ ਫੂਲ ਦੇ ਹੀ ਰਹਿਣ ਵਾਲੇ ਸਨ ਭਾਈ ਬਲਦੀਪ ਸਿੰਘ ਜੀ ਦੇ ਪਿਤਾ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਕਰਕੇ ਉਨ੍ਹਾਂ ਨੂੰ ਭਾਈ ਸਾਹਿਬ ਜੀ ਦਾ ਪੀ ਐਸ ਯੂ ਵਿਚ ਸ਼ਾਮਲ ਹੋਣਾ ਚੰਗਾ ਨਹੀਂ ਲੱਗਾ। ਪ੍ਰਿੰਸੀਪਲ ਨੇ ਇਕ ਦਿਨ ਭਾਈ ਸਾਹਿਬ ਜੀ ਦੇ ਪਿਤਾ ਨੂੰ ਸਨੇਹਾ ਘੱਲ ਕੇ ਕਾਲਜ ਸੱਦ ਲਿਆ, ਉਸ ਸਮੇਂ ਭਾਈ ਸਾਹਿਬ ਪੀ, ਐਸ ਯੂ ਦੇ ਇਕ ਇਕੱਠ ਵਿਚ ਬੈਠੇ ਇਕ ਆਗੂ ਦੇ ਵਿਚਾਰ ਸੁਣ ਰਹੇ ਸਨ। ਸੋ ਭਾਈ ਸਾਹਿਬ ਦੇ ਪਿਤਾ ਜੀ ਨੇ ਇਕੱਠ ਵਿਚੋਂ ਬਲਦੀਪ ਨੂੰ ਧੂਹ ਲਿਆ ਅਤੇ ਇਕ ਚਪੇੜ ਵੀ ਮਾਰ ਦਿੱਤੀ ਉਸ ਸਮੇਂ ਮੁੰਡਿਆਂ ਨੇ ਭਾਈ ਸਾਹਿਬ ਜੀ ਦੇ ਪਿਤਾ ਜੀ ਨੂੰ ਘੇਰ ਲਿਆ ਪਰ ਸ਼ਾਂਤਚਿੱਤ ਭਾਈ ਸਾਹਿਬ ਜੀ ਨੇ ਸਾਰਿਆਂ ਨੂੰ ਦੱਸਿਆ ਕਿ ਕੋਈ ਗੱਲ ਨਹੀਂ, ਇਹ ਮੇਰੇ ਪਿਤਾ ਜੀ ਹਨ, ਇਨ੍ਹਾਂ ਨੂੰ ਮੈਨੂੰ ਮਾਰਨ ਦਾ ਪੂਰਾ ਅਧਿਕਾਰ ਹੈ। ਇਤਨੀਆਂ ਗੱਲਾਂ ਤੋਂ ਬਾਅਦ ਬਲਦੀਪ ਨੇ ਆਪਣੇ ਪਿਤਾ ਜੀ ਨੂੰ [illegible] ਲਿਜਾ ਕੇ ਚਾਹ ਪਿਆਈ ਤੇ ਨਿਮਰਤਾ ਨਾਲ ਆਪਣੇ ਪਿਤਾ ਜੀ ਨੂੰ ਕਿਹਾ [illegible] ਜੀ ਤੁਸੀਂ ਮੈਨੂੰ ਕੱਟੋ ਮਾਰੋ ਜੋ ਮਰਜ਼ੀ ਕਹੋ ਪਰ ਮੈਂ ਸਪੱਸ਼ਟ ਕਰਦਾ ਹਾਂ ਕਿ ਮੈਂ ਮਨ [illegible] ਹੀ ਪੀ ਐਸ ਯੂ ਵਿਚ ਸ਼ਾਮਲ ਹੋਇਆ ਹਾਂ, ਮੈਂ ਸੰਘਰਸ਼ ਛੱਡ ਨਹੀਂ ਸਕਦਾ।"

ਪਿਤਾ ਜੀ ਬਲਦੀਪ ਕੋਲ ਕੋਈ ਅੱਧਾ ਘੰਟਾ ਬੈਠੇ ਰਹੇ। ਆਖਿਰ ਉਨ੍ਹਾਂ ਬਲਦੀਪ ਨੂੰ ਕਿਹਾ "ਚੰਗਾ ਤੇਰੀ ਮਰਜ਼ੀ ਹੈ, ਮੈਂ ਵਾਪਸ ਜਾਂਦਾ ਹਾਂ।" ਪਿਤਾ ਜੀ ਨੇ ਆਪਣੀ ਲਿਖਤ ਅੰਦਰ ਲਿਖਿਆ "ਬਦਲਾਵੇ ਤੋਂ ਫੂਲ ਤੱਕ ਬੈਠੇ ਦੇ ਜੋ ਮੇਰੇ ਦਿਲ ਵਿਚ ਬੀਤੀ, ਉਹ ਸਿਰਫ ਮੈਂ ਹੀ ਜਾਂ ਮੇਰਾ ਅਕਾਲਪੁਰਖ ਹੀ ਜਾਣਦਾ ਹੈ। ਮੇਰਾ ਮਨ ਕਿਤੇ ਸੀ ਸਰੀਰ ਕਿਤੇ ਸੀ। ਮੈਂ ਰੋਂਦਾ ਹੀ ਘਰੇ ਆਇਆ, ਇਕ ਪਾਸੇ ਆਰਥਕ ਪੱਖੋਂ ਮੈਂ ਕਮਜ਼ੋਰ, ਦੂਜੇ ਪਾਸੇ ਪੜ੍ਹਿਆ ਲਿਖਿਆ ਗੱਭਰੂ ਪੁੱਤ ਸੀ।" ਪਿਤਾ ਜੀ ਕਹਿੰਦੇ "ਮੈਂ ਬਲਦੀਪ ਦੇ ਇਸ ਫੈਸਲੇ ਨਾਲ ਆਪਣੇ ਆਪ ਨੂੰ ਖਾਲੀ ਖਾਲੀ ਸਮਝਣ ਲੱਗ ਪਿਆ। ਰੋਟੀ ਪਾਣੀ ਨੂੰ ਦਿਲ ਨਹੀਂ ਕਰਦਾ ਸੀ। ਭਰੇ ਮਨ ਨਾਲ ਬਾਹਰਲੇ ਘਰ ਮੰਜੇ 'ਤੇ ਹੀ ਪਿਆ ਰਹਿੰਦਾ"। ਭਾਈ ਸਾਹਿਬ ਜੀ ਦੇ ਵੱਡੇ ਭਰਾ ਪਰਮਿੰਦਰਪਾਲ ਨੇ ਆਪਣੇ ਪਿਤਾ ਜੀ ਨੂੰ ਉਦਾਸੀ ਅੰਦਰ ਦੇਖ ਕੇ ਬਹੁਤ ਸਮਝਾਇਆ ਫਿਰ ਕਿਤੇ ਪਿਤਾ ਜੀ ਘਰੇ ਕੰਮ ਧੰਦੇ ਲੱਗੇ। ਬਲਦੀਪ ਦੀ ਜ਼ਿਦ ਮੂਹਰੇ ਸਾਰਾ ਹੀ ਪਰਿਵਾਰ ਚੁੱਪ ਕਰ ਗਿਆ ਸੀ।

ਭਾਈ ਸਾਹਿਬ ਨੇ ਆਈ.ਟੀ.ਆਈ. ਪਾਸ ਕਰਨ ਤੋਂ ਬਾਅਦ ਗਿਆਨੀ ਦੀ ਪ੍ਰੀਖਿਆ ਵੀ ਪਾਸ ਕਰ ਲਈ ਸੀ। ਬਲਦੀਪ ਨੇ ਪਰਿਵਾਰ ਨੂੰ ਕਿਹਾ "ਮੈਂ ਬੀ.ਏ. ਪਾਸ ਕਰਨੀ ਚਾਹੁੰਦਾ ਹਾਂ"। ਪਰਿਵਾਰ ਨੇ ਬਲਦੀਪ ਨੂੰ ਕਿਹਾ "ਤੂੰ ਪਿੰਡ ਹੀ ਟੀ.ਪੀ.ਡੀ. ਮਾਲਵਾ ਕਾਲਜ ਵਿਚ ਦਾਖਲਾ ਲੈ ਲੈ," ਪਰ ਬਲਦੀਪ ਨੇ ਇਨਕਾਰ ਕਰ ਦਿੱਤਾ ਅਤੇ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਦਾਖਲ ਹੋਣ ਲਈ ਕਿਹਾ। ਆਖਰ ਬਲਦੀਪ ਨੇ ਮਾਨਸਾ ਕਾਲਜ ਵਿਚ ਦਾਖਲਾ ਲੈ ਹੀ ਲਿਆ ਕਿਉਂਕਿ ਉਥੇ ਉਸ ਦੇ ਪੰਜਾਬ ਸਟੂਡੈਂਟ ਯੂਨੀਅਨ ਦੇ ਕਾਫੀ ਸਾਥੀ ਵੀ ਮੌਜੂਦ ਸਨ। ਪਿਤਾ ਜੀ ਕਈ ਵਾਰ ਗੁੱਸੇ ਹੋਏ ਕਿ "ਤੂੰ ਇਨ੍ਹਾਂ ਦਾ ਖਹਿੜਾ ਛੱਡ ਦੇ" ਪਰ ਬਲਦੀਪ ਦੀ ਕਹਾਣੀ ਹੀ ਹੋਰ ਸੀ। ਉਹ ਘਰ ਬਾਰੇ ਘੱਟ ਹੀ ਸੋਚਦਾ ਸੀ। ਹਮੇਸ਼ਾਂ ਸਮਾਜਿਕ ਢਾਂਚੇ ਬਾਰੇ ਸੋਚਣਾ, ਲੋਕਾਂ ਦੀ ਹੀ ਫਿਕਰ ਕਰੀ ਜਾਣਾ ਜਾਂ ਯਾਰਾਂ ਦੋਸਤਾਂ ਦੇ ਕੰਮਾਂ ਬਾਰੇ ਕੁਝ ਨਾ ਕੁਝ ਕਰਦੇ ਰਹਿਣਾ। ਪਰਿਵਾਰ ਨਾਲ ਬਹੁਤ ਹੀ ਘੱਟ ਗੱਲਬਾਤ ਕਰਨੀ। ਕਈ ਵਾਰ ਬਲਦੀਪ ਦੀ ਮਾਤਾ ਜੀ ਨੇ ਕਹਿਣਾ, "ਵੇ ਬਲਦੀਪ ਤੂੰ ਸਾਡੇ ਨਾਲ ਵੀ ਕੋਈ ਗੱਲ ਸਾਂਝੀ ਕਰ ਲਿਆ ਕਰ"। ਮਾਤਾ ਜੀ ਨੇ ਬਲਦੀਪ ਨੂੰ ਵਿਆਹ ਕਰਵਾਉਣ ਲਈ ਵੀ ਕਿਹਾ। ਬਲਦੀਪ ਦਾ ਇਕ ਹੀ ਜਵਾਬ ਹੁੰਦਾ ਸੀ, ਘਰ ਦੀ ਹਾਲਤ ਚੰਗੀ ਨਹੀਂ ਹੈ ਜਦੋਂ ਘਰ ਦੀ ਹਾਲਤ ਚੰਗੀ ਹੋ ਗਈ ਉਦੋਂ ਕਰਵਾ ਲਵਾਂਗਾ। ਅਸਲ ਵਿਚ ਉਹ ਵਿਆਹ ਜਿਹੇ ਬੰਧਨ ਵਿਚ ਆਪਣੇ ਆਪ ਨੂੰ ਬੰਨਣਾ ਨਹੀਂ ਚਾਹੁੰਦਾ ਸੀ। ਪਰਿਵਾਰ ਨੂੰ ਗੱਲੀਂ ਬਾਤੀਂ ਟਾਲ ਦਿੰਦਾ ਸੀ।

ਬਲਦੀਪ ਨੇ ਘਰੋਂ ਸਿਰਫ ਦਸਵੀਂ ਜਮਾਤ ਹੀ ਪਾਸ ਕੀਤੀ ਸੀ ਉਸ ਤੋਂ ਬਾਅਦ ਉਹ ਘਰ ਦੇ ਮੋਹ ਤੋਂ ਦੂਰ ਹੀ ਹੁੰਦਾ ਗਿਆ। ਯਾਰਾਂ ਦੋਸਤਾਂ ਦੇ ਮੋਹ ਵਿਚ ਭਿੱਜੇ ਨੇ ਹੀ ਉਨ੍ਹਾਂ ਦੇ ਸਹਾਰੇ ਆਪਣੀ ਭੈਣ ਅਮਰਜੀਤ ਕੌਰ ਦੀ ਸ਼ਾਦੀ ਕੀਤੀ। ਜਦੋਂ ਬਲਦੀਪ ਨੇ ਬੀ.ਏ. ਪਾਸ ਕੀਤੀ ਉਸ ਸਮੇਂ ਉਸ ਨੇ ਪੰਜਾਬ ਦੀ ਖਾੜਕੂ ਵਿਚਾਰਧਾਰਾ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਸੀ। ਸਭ ਤੋਂ ਪਹਿਲਾਂ ਭਾਈ ਸਾਹਿਬ ਦਾ ਮੇਲ ਡਾ. ਗੁਰਮੇਲ ਸਿੰਘ ਨਾਲ ਹੋਇਆ ਜੋ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਕੇਸ ਵਿਚ ਪੁਲਿਸ ਨੂੰ ਲੋੜੀਂਦਾ ਸੀ। ਆਪ ਦੋਹੇਂ

ਮਾਨਸਾ ਸ਼ਹਿਰ ਵਿਚ ਹੀ ਪੁਲਿਸ ਠਾਣੇ ਦੇ ਬਿਲਕੁਲ ਹੀ ਨੇੜੇ ਇਕ ਕਿਰਾਏ ਦੀ ਬੈਠਕ ਵਿਚ ਰਹਿੰਦੇ ਸਨ. ਅਚਾਨਕ ਇਕ ਦਿਨ ਆਪ ਦੋਵੇਂ ਸਕੂਟਰ 'ਤੇ ਜਾ ਰਹੇ ਸਨ ਕਿ ਇਕ ਪੁਲਿਸ ਨਾਕੇ ਉਪਰ ਦੋਨ੍ਹਾਂ ਬਾਰੇ ਸ਼ੱਕ ਹੋਣ 'ਤੇ ਪੁਲਿਸ ਨੇ ਰੋਕਣਾ ਚਾਹਿਆ. ਇਹ ਸਕੂਟਰ ਰੋਕਣ ਦੀ ਬਜਾਇ ਨਾਕਾ ਤੋੜ ਕੇ ਭੱਜ ਗਏ। ਪੁਲਿਸ ਵੱਲੋਂ ਪਿੱਛਾ ਕੀਤੇ ਜਾਣ 'ਤੇ ਦੋਨ੍ਹਾਂ ਸਕੂਟਰ ਇਕ ਸੂਏ ਦੀ ਪਟੜੀ 'ਤੇ ਪਾ ਲਿਆ ਪਰ ਜੋ ਕੁਦਰਤ ਨੂੰ ਮਨਜ਼ੂਰ। ਅੱਗੋਂ ਸੂਏ ਦੀ ਪਟੜੀ ਅੰਦਰ ਪਾੜ ਪਿਆ ਹੋਣ ਕਾਰਨ ਆਪ ਜੀ ਡਾ. ਗੁਰਮਲ ਸਿੰਘ ਨਾਲ ਫੜੇ ਗਏ।

ਲੰਮੇ ਤਸ਼ੱਦਦ ਤੋਂ ਬਾਅਦ ਭਾਈ ਬਲਦੀਪ ਸਿੰਘ ਨੂੰ ਬਠਿੰਡਾ ਜੇਲ੍ਹ ਭੇਜ ਦਿੱਤਾ ਗਿਆ ਪਰ ਡਾ. ਗੁਰਮਲ ਸਿੰਘ ਨੂੰ ਸੰਗਰੂਰ ਪੁਲਿਸ ਰਿਮਾਂਡ 'ਤੇ ਲੈ ਗਈ। ਭਾਈ ਸਾਹਿਬ ਜੀ ਦੇ ਪਿਤਾ ਜੀ ਨੇ ਦੱਸਿਆ "ਮੈਂ ਤੇ ਬਲਦੀਪ ਦੀ ਮਾਤਾ ਜੀ ਬਠਿੰਡਾ ਜੇਲ੍ਹ ਵਿਚ ਜਦੋਂ ਪਹਿਲੀ ਵਾਰ ਮੁਲਾਕਾਤ ਕਰਨ ਗਏ, ਜਦ ਅਸੀਂ ਬਲਦੀਪ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੈਠੇ ਨੂੰ ਵੇਖਿਆ ਤਾਂ ਸਾਡੀਆਂ ਅੱਖਾਂ ਵਿਚ ਅੱਥਰੂ ਸਨ, ਮੈਂ ਕੁਝ ਵੀ ਬੋਲ ਨਹੀਂ ਸਕਿਆ, ਸਿਰਫ਼ ਬਲਦੀਪ ਨੂੰ ਤੱਕਦਾ ਹੀ ਰਿਹਾ, ਮੈਂ ਮਨ ਦੀਆਂ ਭਾਵਨਾਵਾਂ ਵਿਚ ਸੋਚਦਾ ਰਿਹਾ, ਧਰਤੀ ਕਿਉਂ ਨਹੀਂ ਪਾਟ ਜਾਂਦੀ, ਭੂਚਾਲ ਕਿਉਂ ਨਹੀਂ ਆਉਂਦੇ, ਇਹ ਜੇਲ੍ਹ ਦੀਆਂ ਕੰਧਾਂ ਕਿਉਂ ਨਹੀਂ ਡਿੱਗ ਪੈਂਦੀਆਂ" ਇਕ ਸਾਲ ਬਾਅਦ ਭਾਈ ਸਾਹਿਬ ਜੀ ਦੀ ਜ਼ਮਾਨਤ ਮਨਜ਼ੂਰ ਹੋ ਗਈ। ਜਦੋਂ ਬਲਦੀਪ ਸਿੰਘ ਬਠਿੰਡਾ ਜੇਲ੍ਹ ਵਿਚ ਸਨ ਤਾਂ ਪੰਜਾਬ ਸਟੂਡੈਂਟ ਯੂਨੀਅਨ ਦੇ ਵਰਕਰਾਂ ਨੇ ਉਨ੍ਹਾਂ ਦੀ ਪੂਰੀ ਮੱਦਦ ਕੀਤੀ ਅਤੇ ਉਨ੍ਹਾਂ ਨੇ ਜੇਲ੍ਹ ਵਿਚ ਹੀ ਐਮ.ਏ. ਭਾਗ ਪਹਿਲਾ ਪਾਸ ਕਰ ਲਈ। ਪੁਲਿਸ ਘਰੇ ਆਏ ਬਲਦੀਪ ਨੂੰ ਵੀ ਟਿਕਣ ਨਹੀਂ ਦੇ ਰਹੀ ਸੀ। ਉਨ੍ਹਾਂ ਨੇ ਚੰਡੀਗੜ੍ਹ ਤੋਂ ਇਕ ਸਰਕਾਰੀ ਇਸਟੀਚਿਊਟ ਵਿਚ ਦਾਖਲਾ ਲੈ ਕੇ ਇੰਸ਼ੋਰੈਂਸ ਬਾਰੇ ਕੋਰਸ ਕਰ ਲਿਆ. ਅਤੇ ਇਕ ਕੰਪਨੀ ਵਿਚ ਇੰਸਪੈਕਟਰ ਲੱਗ ਗਏ। ਪਰ ਪੁਲਿਸ ਦਾ ਕਹਿਰ ਫਿਰ ਵੀ ਜਾਰੀ ਸੀ। ਹਰ ਰੋਜ਼ ਕਿਤੇ ਨਾ ਕਿਤੇ ਪੁਲਿਸ ਘਰੇ ਆ ਕੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਦੀ ਰਹਿੰਦੀ ਅਤੇ ਬਲਦੀਪ ਸਿੰਘ ਨੂੰ ਕਈ ਕਈ ਦਿਨ ਫੜ ਕੇ ਤਸ਼ੱਦਦ ਕਰਦੀ ਰਹਿੰਦੀ। ਇਸ ਜਬਰ ਜ਼ੁਲਮ ਕਾਰਨ ਬਲਦੀਪ ਸਿੰਘ ਦੀ ਖੱਬੀ ਲੱਤ ਵਿਚ ਨੁਕਸ ਪੈ ਗਿਆ। ਉਹ ਲੰਗ ਮਾਰਦੇ ਸੀ. ਇਸ ਅਰਸੇ ਦੌਰਾਨ ਹੀ ਉਨ੍ਹਾਂ ਦੀ ਭੈਣ ਦੇ ਘਰ ਵਾਲੇ ਦੀ ਮੌਤ ਹੋ ਗਈ. ਇਨ੍ਹਾਂ ਸਾਰੇ ਕਾਰਨਾਂ ਕਰਕੇ ਉਨ੍ਹਾਂ ਨੇ ਇੰਸਪੈਕਟਰ ਦੀ ਨੌਕਰੀ ਛੱਡ ਦਿੱਤੀ। ਉਨ੍ਹਾਂ ਘਰ ਟਾਲਾ ਵੱਟ ਕੇ ਪਟਿਆਲਾ ਦੇ ਕੋਲ ਇਕ ਫੈਕਟਰੀ ਵਿਚ ਨੌਕਰੀ ਕਰ ਲਈ ਪਰ ਪੁਲਿਸ ਨੇ ਉਨ੍ਹਾਂ ਦਾ ਖਹਿੜਾ ਫਿਰ ਵੀ ਨਹੀਂ ਛੱਡਿਆ. ਤਪਾ ਪੁਲਿਸ ਚੌਕੀ ਨੇ ਬਲਦੀਪ ਸਿੰਘ ਅਤੇ ਪੰਜ ਹੋਰ ਮੁੰਡਿਆਂ ਉੱਪਰ ਫਰ ਇਕ ਕੇਸ ਦਰਜ ਕਰ ਦਿੱਤਾ। ਬਾਕੀ ਸਾਰੇ ਹੀ ਮੁੰਡੇ ਫੜੇ ਗਏ ਪਰ ਬਲਦੀਪ ਸਿੰਘ ਰੂਪੋਸ਼ ਹੋ ਗਏ। ਇਸ ਸਮੇਂ ਦੌਰਾਨ ਹੀ ਬਲਦੀਪ ਸਿੰਘ ਨੇ ਬੱਬਰਾਂ ਦੇ ਸਿੰਘਾਂ ਨਾਲ ਲੰਮਾ ਵਿਚਾਰ ਵਟਾਂਦਰਾ ਕੀਤਾ। ਉਹ ਬੱਬਰਾਂ ਦੀ ਵਿਚਾਰਧਾਰਾ ਨੂੰ ਠੀਕ ਮੰਨ ਕੇ ਉਨ੍ਹਾਂ ਨਾਲ ਤੁਰ ਪਏ।

ਤਪਾ ਪੁਲਿਸ ਨੇ ਉਨ੍ਹਾਂ ਦੇ ਪਿਤਾ ਹਰਬੰਸ ਲਾਲ ਸ਼ਰਮਾ ਨੂੰ ਘਰੋਂ ਚੁੱਕ ਕੇ ਮਹਿਲ ਕਲਾਂ, ਬਰਨਾਲਾ, ਤਪਾ, ਤਲਵੰਡੀ ਸਾਬੋ ਆਦਿ ਠਾਣਿਆਂ ਵਿਚ ਬੰਦ ਰੱਖਿਆ। ਆਖਰ

ਇਹ ਕਹਿ ਕੇ ਛੱਡ ਦਿੱਤਾ ਕਿ ਬਲਦੀਪ ਨੂੰ ਭਾਲ ਕੇ ਪੇਸ਼ ਕਰਵਾ ਦੇਵੋ। ਕਿਸੇ ਕੋਟ ਦੀ ਸੂਹ 'ਤੇ ਬਲਦੀਪ ਸਿੰਘ ਬਠਿੰਡਾ ਬਾਈਪਾਸ ਤੋਂ ਫੜੇ ਗਏ। ਬਲਦੀਪ ਸਿੰਘ ਦੇ ਕਝ ਮਿੱਤਰ ਫੂਲ ਘਰੇ ਆ ਕੇ ਦੱਸ ਗਏ ਕਿ ਉਹ ਫੜਿਆ ਗਿਆ ਹੈ, ਤੁਸੀਂ ਸਾਰੇ ਪਾਸੇ ਤਾਰਾਂ ਅਤੇ ਦਰਖਾਸਤਾਂ ਆਦਿ ਦੇ ਦੇਵੋ, ਹਾਈਕੋਰਟ ਵਿਚ ਪਹੁੰਚ ਕਰੋ। ਪਰਿਵਾਰ ਨੇ ਵਿਆਜੂ ਪੈਸਿਆ ਦਾ ਪ੍ਰਬੰਧ ਕਰਕੇ ਬਹੁਤ ਹੀ ਭੱਜ ਨੱਠ ਕੀਤੀ, ਪੁਲਿਸ ਅਫ਼ਸਰਾਂ ਨੂੰ ਰਿਸ਼ਵਤਾਂ ਦਿੱਤੀਆਂ ਪਰ ਬਲਦੀਪ ਦਾ ਕੁਝ ਵੀ ਪਤਾ ਨਹੀਂ ਲੱਗਾ। ਇਕ ਮਹੀਨੇ ਬਾਅਦ ਥਰਮਲ ਪਲਾਂਟ ਦੇ ਠਾਣੇ ਵਿਚ ਗ੍ਰਿਫ਼ਤਾਰੀ ਪਾ ਕੇ ਇੰਸਪੈਕਟਰ ਕੁੰਡਲ ਨੇ ਬਲਦੀਪ ਸਿੰਘ ਉਪਰ ਪਿਸਤੌਲ ਅਤੇ ਇਕ ਡਾਕਟਰ ਦੇ ਗੋਲੀ ਮਾਰਨ ਦਾ ਕੇਸ ਪਾ ਕੇ ਬਠਿੰਡਾ ਜੇਲ੍ਹ ਭੇਜ ਦਿੱਤਾ, ਜਿਥੋਂ ਕਝ ਮਹੀਨਿਆਂ ਬਾਅਦ ਉਨ੍ਹਾਂ ਨੂੰ ਸੰਗਰੂਰ ਜੇਲ੍ਹ ਤਬਦੀਲ ਕਰ ਦਿੱਤਾ ਗਿਆ, ਜਿਥੇ ਤਿੰਨ ਮਹੀਨਿਆਂ ਬਾਅਦ ਜ਼ਮਾਨਤ ਮਨਜ਼ੂਰ ਹੋ ਗਈ। ਇਸ ਵਾਰ ਉਨ੍ਹਾਂ ਦੀ ਜ਼ਮਾਨਤ ਭਾਈ ਖੇਮ ਸਿੰਘ ਫੌਜੀ ਬਾਲਦ ਕਲਾਂ ਨੇ ਕਰਵਾਈ ਸੀ। ਭਾਈ ਖੇਮ ਸਿੰਘ ਫੌਜੀ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਜੰਗਜੂ ਬੱਬਰ ਸਨ ਅਤੇ ਉਹ ਮਾਨਸਾ ਜਿਲ੍ਹੇ ਦੇ ਪਿੰਡ ਮੌਜੀਆਂ ਵਿਚ ਇਕ ਗਹਿਗੱਚ ਮੁਕਾਬਲੇ ਵਿਚ ਭਾਈ ਗੁਰਮੇਲ ਸਿੰਘ ਬੱਬਰ ਰਾਏਪੁਰ ਅਤੇ ਭਾਈ ਪਰਮਜੀਤ ਸਿੰਘ ਬੱਬਰ ਫੂਲੇਵਾਲ ਨਾਲ ਸ਼ਹੀਦ ਹੋ ਗਏ ਸਨ। ਬਲਦੀਪ ਸਿੰਘ ਦੀ ਜ਼ਮਾਨਤ ਹੋ ਜਾਣ 'ਤੇ ਸੰਗਰੂਰ ਦੀ ਪੁਲਿਸ ਉਨ੍ਹਾਂ ਨੂੰ ਜੇਲ੍ਹ ਵਿਚੋਂ ਨਿਕਲਦੇ ਨੂੰ ਹੀ ਫੜ ਕੇ ਫੂਲ ਠਾਣੇ ਵਿਚ ਛੱਡ ਆਈ। ਪਿੰਡ ਫੂਲ ਦੀ ਪੰਚਾਇਤ ਦੀ ਸਫ਼ਾਈ 'ਤੇ ਬਲਦੀਪ ਸਿੰਘ ਨੂੰ ਘਰੇ ਜਾਣ ਦਿੱਤਾ ਗਿਆ। ਬੱਬਰਾਂ ਨੇ ਆਪਣੀ ਨਵੀਂ ਨੀਤੀ ਤਹਿਤ ਕਿ ਹਰ ਇਕ ਨੂੰ ਘਰੋਂ ਬਰੀਂਡੇ ਨਾ ਕਰਵਾਇਆ ਜਾਵੇ ਕਾਰਨ ਬਲਦੀਪ ਸਿੰਘ ਨੂੰ ਘਰੇ ਟਿਕਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਇਸੇ ਸਮੇਂ ਹੀ ਬਠਿੰਡਾ ਜਿਲ੍ਹੇ ਦਾ ਐਸ.ਐਸ.ਪੀ ਕਾਹਲੋਂ ਲੱਗ ਗਿਆ। ਬਲਦੀਪ ਸਿੰਘ ਨੇ ਆਪਣੇ ਸੰਗੀਆਂ ਸਾਥੀਆਂ ਨਾਲ ਵਿਚਾਰ ਕੀਤਾ ਕਿ ਹੁਣ ਪੁਲਿਸ ਜ਼ਰੂਰ ਚੁੱਕ ਕੇ ਮਾਰ ਦੇਵੇਗੀ, ਇਸ ਨਾਲੋਂ ਚੰਗਾ ਹੈ ਜੰਗ ਦੇ ਮੈਦਾਨ ਵਿਚ ਹੀ ਲੜ ਕੇ ਸ਼ਹੀਦੀ ਪ੍ਰਾਪਤ ਕੀਤੀ ਜਾਵੇ। ਜੂਨ 1991 ਦੀ ਇਕ ਸ਼ਾਮ ਨੂੰ ਬਲਦੀਪ ਸਿੰਘ ਨੇ ਆਪਣੀ ਮਾਤਾ ਜੀ ਨੂੰ ਕਿਹਾ "ਬੀਬੀ ਜੀ ਹੁਣ ਮੈਨੂੰ ਪੁਲਿਸ ਨਹੀਂ ਛੱਡੇਗੀ, ਮੈਂ ਘਰੋਂ ਜਾ ਰਿਹਾ ਹਾਂ, ਸਿਰਫ਼ ਭਾਣਾ ਹੀ ਮੰਨਣਾ, ਵਾਹਿਗੁਰੂ ਉਪਰ ਭਰੋਸਾ ਰੱਖਣਾ, ਮੇਰੀ ਖਾਤਰ ਝੱਲੇ ਦੁਖਾਂ ਲਈ ਮਾਫ਼ ਕਰਨਾ"

ਇਹ ਕਹਿ ਕੇ ਬਲਦੀਪ ਸਿੰਘ ਘਰ ਪਰਿਵਾਰ ਨੂੰ ਛੱਡ ਕੇ ਬੱਬਰਾਂ ਦੇ ਦੁਸ਼ਟ ਸੋਧ ਜਥੇ ਵਿਚ ਸ਼ਾਮਲ ਹੋ ਗਏ। ਭਾਈ ਬਲਦੀਪ ਸਿੰਘ ਬੱਬਰ ਨੇ ਆਪਣੇ ਇਲਾਕੇ ਵਿਚ ਕਿਸੇ ਵੀ ਹਿੰਦੂ ਵੀਰ ਨੂੰ ਘਰ ਬਾਰ ਨਹੀਂ ਛੱਡਣ ਦਿੱਤਾ। ਲੁਟੇਰਿਆਂ ਅਤੇ ਪੁਲਿਸ ਕੈਟਾਂ ਨੂੰ ਲੰਮੇ ਹੱਥੀ ਲਿਆ। ਜੋ ਲੋਕ ਇਹ ਕਹਿੰਦੇ ਹਨ ਕਿ ਇਹ ਅੱਤਵਾਦੀ ਸਨ, ਇਨ੍ਹਾਂ ਨੇ ਬਹੁਤ ਹੀ ਪੈਸਾ ਲੁੱਟਿਆ ਹੈ, ਇਹ ਲੋਕ ਧਰਮੀ ਨਹੀਂ ਸਨ, ਉਨ੍ਹਾਂ ਸਭਨਾਂ ਨੂੰ ਹੀ ਗੁਰਸਿੱਖ ਸੰਸਥਾ ਦੀ ਟੀਮ ਵੱਲੋਂ ਬੇਨਤੀ ਹੈ ਕਿ ਉਹ ਇਕ ਵਾਰ ਭਾਈ ਬਲਦੀਪ ਸਿੰਘ ਬੱਬਰ ਦੇ ਘਰ ਜ਼ਰੂਰ ਜਾਣ, ਪਰਿਵਾਰ ਨੂੰ ਜ਼ਰੂਰ ਮਿਲਣ। ਇਸ ਪਰਿਵਾਰ ਦੀ ਇਕ ਇਕ ਹਾਅ ਅਖੌਤੀ ਪੰਥਕ ਹਿਤੈਸ਼ੀਆਂ ਦੇ ਮੂੰਹ ਉਪਰ ਇਕ ਚਪੇੜ ਹੈ। ਹਿੰਦੂ ਸੰਸਕਾਰਾਂ ਅੰਦਰ ਜਨਮਿਆ,

ਮਾਰਕਸਵਾਦੀ ਵਿਚਾਰਧਾਰਾ ਵਿਚ ਪਲਿਆ ਬਲਦੀਪ ਕੁਮਾਰ ਸਿੱਖ ਕੌਮ ਦੀ ਅਜ਼ਾਦੀ ਲਈ ਭਾਈ ਬਲਦੀਪ ਸਿੰਘ ਬੱਬਰ ਦੇ ਰੂਪ ਵਿਚ ਆਪਣੇ ਗਰੀਬ ਪਿਤਾ ਦਾ ਸਹਾਰਾ ਬਣਨ ਦੀ ਬਜਾਏ, ਜ਼ਾਲਮ ਸਰਕਾਰ ਨਾਲ ਲੜਿਆ

ਗੁਰਸਿੱਖ ਸੰਸਥਾ ਦੀ ਟੀਮ ਨੇ ਜਦੋਂ ਉਨ੍ਹਾਂ ਦੇ ਪਿਤਾ ਜੀ ਦੀ ਲਿਖੀ ਭਾਈ ਬਲਦੀਪ ਸਿੰਘ ਬੱਬਰ ਦੀ ਜੀਵਨੀ ਪੜ੍ਹੀ, ਪਰਿਵਾਰ ਦੇ ਹਾਲਤ ਅਤੇ ਘਰ ਨੂੰ ਵੇਖਿਆ, ਸਾਰੀ ਹੀ ਟੀਮ ਪਰਿਵਾਰ ਦੇ ਜੀਆਂ ਸਮੇਤ ਗਮਾਂ ਦੇ ਅੱਥਰੂਆਂ ਵਿਚ ਵਹਿ ਰਹੀ ਸੀ। ਅਖੀਰ ਇਹ ਜੰਗਜੂ ਯੋਧਾ ਆਪਣੇ ਇਕ ਸਾਥੀ ਭਾਈ ਸੁਖਪਾਲ ਸਿੰਘ ਬੱਬਰ ਜੱਗਾ ਰਾਮ ਤੀਰਥ ਦੇ ਨਾਲ ਪਿੰਡ ਰਾਮ ਤੀਰਥ ਵਿਖੇ ਹੀ ਠਹਿਰਿਆ ਹੋਇਆ ਸੀ ਕਿ ਕਿਸੇ ਕੈਟ ਦੀ ਸੂਹ 'ਤੇ ਘੇਰੇ ਵਿਚ ਆ ਗਿਆ। 8 ਅਗਸਤ 1992 ਨੂੰ ਦੁਪਹਿਰ 12 ਵਜੇ ਪੰਜਾਬ ਪੁਲਿਸ, ਸੀ ਆਰ ਪੀ ਅਤੇ ਫੌਜ ਦੇ ਪੈਰਾ ਕਮਾਂਡੋਆਂ ਨਾਲ ਇਕ ਗਹਿਗੱਚ ਮੁਕਾਬਲਾ ਸ਼ੁਰੂ ਹ ਗਿਆ, ਜ ਸ਼ਾਮ ਦੇ 5 ਵਜੇ ਤੱਕ ਚੱਲਦਾ ਰਿਹਾ। ਦੁਸ਼ਮਣ ਦੀਆਂ ਫੌਜਾਂ ਨਾਲ ਦੋ ਹੱਥ ਕਰਦਾ ਇਹ ਯੋਧਾ ਆਪਣੇ ਸਾਥੀ ਭਾਈ ਪਾਲ ਬੱਬਰ ਨਾਲ ਸ਼ਹੀਦ ਹੋ ਗਿਆ।

ਧਾੜਵੀ ਬਲ ਆਪਣੇ ਸਿਪਾਹੀਆਂ ਦੀਆਂ ਲੋਥਾਂ ਅਗਲੇ ਦਿਨ ਇਕੱਠੀਆਂ ਕਰਦੇ ਰਹੇ। ਪਿਤਾ ਜੀ ਨੇ ਦੱਸਿਆ "ਸ਼ਾਮ ਨੂੰ 7 30 ਵਜੇ ਜਦੋਂ ਖਬਰਾਂ ਸੁਣੀਆਂ, ਮੈਂ ਕੰਧਾਂ ਨਾਲ ਲੱਗ ਕੇ ਘੰਟਿਆਂ ਬੱਧੀ ਰੋਂਦਾ ਰਿਹਾ", ਸਿੱਖ ਕੌਮ ਦਾ ਮਹਾਨ ਜਰਨੈਲ ਭਾਈ ਸੁਖਦੇਵ ਸਿੰਘ ਬੱਬਰ ਵੀ ਸ਼ਹੀਦ ਹੋ ਗਿਆ ਸੀ ਬਠਿੰਡਾ ਜਿਲ੍ਹੇ ਦੇ ਪਿੰਡ ਜੱਗਾ ਰਾਮ ਤੀਰਥ ਵਿਚ ਇਕ ਮੁਕਾਬਲੇ ਵਿਚ ਮੇਰਾ ਬਲਦੀਪ ਅਤੇ ਉਸ ਦਾ ਇਕ ਸਾਥੀ ਪਾਲਾ ਬੱਬਰ ਵੀ ਸ਼ਹੀਦ ਹੋ ਗਿਆ ਸੀ। ਮੈਨੂੰ ਇਉਂ ਲੱਗਾ ਅੱਜ ਸਿੱਖ ਕੌਮ ਦਾ ਸੂਰਜ ਡੁੱਬ ਗਿਆ ਹੈ, ਜਦੋਂ ਰਾਤ ਨੂੰ ਮੇਰਾ ਵੱਡਾ ਲੜਕਾ ਕੱਕੂ ਮੈਨੂੰ ਬਾਰਹਲੇ ਘਰੋਂ ਰੋਟੀ ਫੜਾ ਕੇ ਗਿਆ, ਮੈਂ ਚੁੱਪ ਕਰਕੇ ਰੋਟੀ ਫੜ ਲਈ ਪਰ ਇਹ ਖਬਰ ਕਿਸੇ ਨੂੰ ਵੀ ਨਹੀਂ ਦੱਸੀ। ਮੈਂ ਰੋਟੀ ਦੀ ਇਕ ਬੁਰਕੀ ਵੀ ਨਹੀਂ ਖਾਧੀ, ਰੋਟੀ ਕੁੱਤ ਨੂੰ ਪਾ ਦਿੱਤੀ

ਅਗਲੇ ਦਿਨ ਸਵੇਰੇ ਹੀ ਪੁਲਿਸ ਵਾਲੇ ਮੈਨੂੰ ਲੈਣ ਆ ਗਏ ਮੈਂ ਆਪਣੇ ਗੁਆਂਢੀ ਸ ਪੂਰਨ ਸਿੰਘ ਨੂੰ ਨਾਲ ਲੈ ਕੇ ਫੂਲ ਠਾਣੇ ਚਲਿਆ ਗਿਆ। ਫੂਲ ਠਾਣੇ ਵਾਲੇ ਸਾਨੂੰ ਤਲਵੰਡੀ ਸਾਬੋ ਠਾਣੇ ਲੈ ਗਏ। ਸਾਡੇ ਕੋਲੋਂ ਕਾਗਜ਼ੀ ਲਿਖਾ ਪੜ੍ਹੀ ਕਰਵਾ ਕ ਉਹ ਸਾਨੂੰ ਬਠਿੰਡਾ ਹਸਪਤਾਲ ਦੇ ਮਰਦਾ ਘਰ ਲੈ ਗਏ। ਮਰਦਾ ਘਰ ਵਿਖੇ ਮੈਨੂੰ ਇਕੱਲੇ ਨੂੰ ਹੀ ਕੋਈ 15 20 ਪੁਲਸ ਵਾਲੇ ਸ਼ਨਾਖਤ ਲਈ ਅੰਦਰ ਲੈ ਕੇ ਗਏ ਉਸ ਕਮਰੇ ਵਿਚ ਥੱਲੇ ਫਰਸ਼ ਉਪਰ ਕਈ 7-8 ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ, ਜਿਨ੍ਹਾਂ ਦੇ ਕੇਸ ਖਿਲਰੇ ਹੋਏ ਸਨ, ਕਫਹਿਰੇ ਦਸਤਾਰਾ ਲਹੂ ਨਾਲ ਲੱਥਪੱਥ ਸਨ, ਫਰਸ਼ ਉੱਪਰ ਇਤਨਾ ਲਹੂ ਵਹਿਆ ਹੋਇਆ ਸੀ ਕਿ ਪੈਰ ਧਰਨ ਨੂੰ ਵੀ ਥਾਂ ਨਹੀਂ ਸੀ। ਕਈਆਂ ਦੇ ਅੰਗ ਟੁੱਟੇ ਅਤੇ ਕੱਟੇ ਹੋਏ ਹੋਣ ਕਾਰਨ ਆਸੇ ਪਾਸੇ ਲਟਕੇ ਪਏ ਸਨ, ਸਿਰਾਂ ਵਿਚੋਂ ਚਰਬੀ ਬਾਹਰ ਨਿਕਲੀ ਹੋਈ ਸੀ, ਬਲਦੀਪ ਦੀ ਲਾਸ਼ ਇਕ ਬੈਂਚ ਉੱਪਰ ਪਈ ਸੀ, ਚਿਹਰਾ ਅਤੇ ਛਾਤੀ ਪੂਰੀ ਤਰ੍ਹਾਂ ਗੋਲੀਆਂ ਨਾਲ ਪਰੋਈ ਪਈ ਸੀ, ਕੇਸ ਬੈਂਚ ਤੋਂ ਪਿੱਛੇ ਨੂੰ ਲਮਕ ਰਹੇ ਸਨ, ਅੰਗੂਰੀ ਰੰਗ ਦਾ ਕੁੜਤਾ ਪਜਾਮਾ ਪਾਇਆ ਹੋਇਆ ਸੀ, ਲਾਸ਼ ਦੇ ਕੋਲ ਹੀ ਫਿਕੀ ਸਲੇਟੀ ਪੱਗ ਪਈ ਸੀ ਇਹ

ਭਿਆਨਕ ਦ੍ਰਿਸ਼ ਵੇਖਿਆ ਨਹੀਂ ਸੀ ਜਾ ਸਕਦਾ।"

ਪਿਤਾ ਜੀ ਨੇ ਕਿਹਾ "ਮੈਂ ਆਪਣੇ ਸਪੁੱਤਰ ਭਾਈ ਬਲਦੀਪ ਸਿੰਘ ਨੂੰ ਕਿਤੇ ਆਪਣੀ ਬੁੱਕਲ ਵਿਚ ਬਿਠਾਇਆ ਸੀ, ਖਿਡਾਇਆ ਸੀ, ਕੁਟਿਆ ਸੀ, ਗਾਲ੍ਹਾਂ ਦਿੱਤੀਆਂ ਸਨ, ਬਹੁਤ ਪਿਆਰ ਵੀ ਕੀਤਾ ਸੀ, ਉਸ ਦੇ ਵਿਚਾਰ ਸੁਣੇ ਸਨ, ਪੜ੍ਹੇ ਸਨ, ਅੱਜ ਮੇਰਾ ਬਲਦੀਪ ਸਿੰਘ ਬੱਬਰ ਸ਼ਾਂਤਚਿੱਤ ਸਾਨੂੰ ਸਭ ਨੂੰ ਛੱਡ ਅਡੋਲ ਪਿਆ ਸੀ। ਮੇਰਾ ਸੂਰਮਾ ਪੁੱਤ ਪਿਆ ਸੀ, ਜਿਹੜਾ ਦੁਸ਼ਮਣ ਦੀਆਂ ਹਜ਼ਾਰਾਂ ਫੌਜਾਂ ਨਾਲ ਲੜਿਆ।" ਪਿਤਾ ਜੀ ਨੇ ਭਾਈ ਬਲਦੀਪ ਸਿੰਘ ਦੇ ਚਿਹਰੇ ਨੂੰ ਸਾਫ਼ ਕੀਤਾ, ਸਿਰ 'ਤੇ ਹੱਥ ਫੇਰਿਆ, ਉਸ ਦੇ ਕੇਸ ਇਕੱਠੇ ਕੀਤੇ, ਸਿਰ 'ਤੇ ਉਸ ਦੀ ਦਸਤਾਰ ਰੱਖੀ ਮੱਥੇ ਨੂੰ ਚੁੰਮਿਆ ਅਤੇ ਆਖਰ ਕੰਧ ਨਾਲ ਜਾ ਖੜਾ, ਅੱਜ ਮੇਰਾ ਲਾਲ ਬੁਝ ਗਿਆ, ਮੇਰੀਆਂ ਭਵਿੱਖ ਦੀਆਂ ਆਸਾਂ ਖਤਮ ਹੋ ਗਈਆਂ, ਮੇਰਾ ਚੈਨ ਅਰਾਮ ਖਤਮ ਹੋ ਗਿਆ, ਮੇਰੀ ਬੀਮਾਰੀ ਦਾ ਸਹਾਰਾ ਖਤਮ ਹੋ ਗਿਆ, ਬੁਢਾਪੇ ਦੀ ਸੋਟੀ, ਅੱਖਾਂ ਦਾ ਚਾਨਣ ਖਤਮ ਹੋ ਗਿਆ। ਸਾਦੇ ਕੱਪੜਿਆਂ ਵਿਚ ਇਕ ਸਿੱਖ ਅਫ਼ਸਰ ਆਇਆ, ਜਿਸ ਨੇ ਪਿਤਾ ਜੀ ਨੂੰ ਸਹਾਰਾ ਦੇ ਕੇ ਮੁਰਦਾ ਘਰ ਵਿਚੋਂ ਬਾਹਰ ਲਿਆਂਦਾ। ਪਿਤਾ ਜੀ ਨੇ ਪੁਲਿਸ ਤੋਂ ਲਾਸ਼ ਮੰਗੀ ਪਰ ਜਵਾਬ ਮਿਲ ਗਿਆ, ਆਖਰੀ ਰਸਮਾਂ ਪੂਰੀਆਂ ਕਰਨ ਤੋਂ ਵੀ ਜਵਾਬ ਮਿਲ ਗਿਆ, ਨਾ ਫੁੱਲ ਹੀ ਦਿੱਤੇ ਗਏ। ਸ਼ਹੀਦ ਭਾਈ ਬਲਦੀਪ ਸਿੰਘ ਬੱਬਰ ਅਤੇ ਸ਼ਹੀਦ ਭਾਈ ਸੁਖਪਾਲ ਸਿੰਘ ਬੱਬਰ ਦੀਆਂ ਲਾਸ਼ਾਂ ਤਲਵੰਡੀ ਸਾਬੋ ਦੇ ਠਾਣੇ ਵਿਚ ਦਿਨ ਭਰ ਲੋਕਾਂ ਨੂੰ ਦਿਖਾਉਣ ਵਾਸਤੇ ਰੱਖ ਛੱਡੀਆਂ। ਬੱਬਰ ਯੋਧੇ ਕੌਮ ਦੀ ਅਜ਼ਾਦੀ ਲਈ ਆਪਣੀਆਂ ਸ਼ਹਾਦਤਾਂ ਦਾ ਕਰਜ਼ ਕੌਮ ਸਿਰ ਚੜ੍ਹਾ ਗਏ ਪਰ ਪਿਤਾ ਹਰਬੰਸ ਲਾਲ ਦੇ ਦੁੱਖਾਂ ਦੇ ਸੰਤਾਪ ਹੋਰ ਡੂੰਘੇ ਹੋ ਗਏ, ਜਦੋਂ ਭਾਈ ਬਲਦੀਪ ਸਿੰਘ ਬੱਬਰ ਦੇ ਸ਼ਹੀਦ ਹੋਣ ਤੋਂ 2 ਕੁ ਮਹੀਨੇ ਬਾਅਦ ਹੀ ਭਾਈ ਸਾਹਿਬ ਦੇ ਭਰਾ ਹਰਜੀਤ ਨੂੰ ਵਾਟਰਵਰਕਸ ਦੇ ਦਫ਼ਤਰੋਂ ਬਠਿੰਡਾ ਸੀ, ਆਈ ਦੇ ਸਟਾਫ਼ ਦੀ ਪੁਲਿਸ 19 10 1992 ਨੂੰ ਨੌਕਰੀ ਕਰਦੇ ਨੂੰ ਚੁੱਕ ਕੇ ਲੈ ਗਈ ਅੱਜ ਤੱਕ ਉਸਦਾ ਕੋਈ ਵੀ ਥਹੁ ਪਤਾ ਨਹੀਂ ਲੱਗਾ। ਉਸ ਨੂੰ ਪੁਲਿਸ ਨੇ ਕਿਥੇ ਖਤਮ ਕਰ ਦਿੱਤਾ ਹੈ ਪਰਿਵਾਰ ਨੇ ਬਹੁਤ ਹੀ ਪੜਤਾਲ ਕੀਤੀ, ਹਾਈਕੋਰਟ ਤੱਕ ਪਹੁੰਚ ਕੀਤੀ। ਪਿਤਾ ਨੇ ਦੱਸਿਆ "ਪੁਲਿਸ ਨੇ ਬਹੁਤ ਧਮਕੀਆਂ ਦਿੱਤੀਆਂ ਤੁਸੀਂ ਵੀ ਉਨ੍ਹਾਂ ਦੇ ਮਗਰ ਜਾਣਾ ਹੈ ਸਾਰਿਆਂ ਨੇ ਜਾਂ ਚੁੱਪ ਕਰਕੇ ਘਰ ਬਹਿਣਾ ਹੈ।"

ਗੁਰਸਿੱਖ ਸੰਸਥਾ ਦੀ ਟੀਮ ਨੇ ਪਿਤਾ ਜੀ ਨੂੰ ਪੁੱਛਿਆ, "ਪਿਤਾ ਜੀ ਤੁਸੀਂ, ਤੁਹਾਡੇ ਪਰਿਵਾਰ ਨੇ ਕੌਮ ਪਿਛੇ ਇਤਨੀ ਕੁਰਬਾਨੀ ਦਿੱਤੀ ਹੈ, ਇਕ ਪੁੱਤ ਕੌਮ ਪਿਛੇ ਸ਼ਹੀਦ ਹੋ ਗਿਆ, ਦੂਸਰਾ ਜੋ ਬਿਲਕੁਲ ਹੀ ਬੇਕਸੂਰ ਸੀ, ਉਸ ਨੂੰ ਚੁੱਕ ਕੇ ਲਾਪਤਾ ਕਰ ਦਿੱਤਾ ਗਿਆ ਕੀ ਕਿਸੇ ਨੇ ਤੁਹਾਡੀ ਸਾਰ ਲਈ ਜਾਂ ਕਿਸੇ ਨੇ ਭਾਈ ਬਲਦੀਪ ਸਿੰਘ ਬੱਬਰ ਦੀ ਬਰਸੀ ਮਨਾਈ ਹੈ?"

ਪਿਤਾ ਜੀ ਨੇ ਏਨ੍ਹਾਂ ਗੱਲਾਂ ਦਾ ਜਵਾਬ ਦੇਣ ਲੱਗਿਆਂ ਗੱਚ ਭਰ ਕੇ ਸਿਰ ਫੇਰ ਦਿੱਤਾ 'ਬੱਸ ਸਿੰਘ। ਮੇਰੇ ਕੋਲੋਂ ਇਹ ਗੱਲ ਨਾ ਪੁੱਛੋ ਮੇਰਾ ਪੁੱਤ ਖਾਲਸਾ ਰਾਜ ਲਈ ਸ਼ਹੀਦ ਹੋਇਆ ਹੈ, ਮੈਂ ਆਸ ਕਰਦਾ ਹਾਂ ਸਾਨੂੰ ਜ਼ਰੂਰ ਇਨਸਾਫ ਮਿਲੇਗਾ" ਪਿਤਾ ਜੀ ਨੇ ਕਿਹਾ,

"ਕਾਸ਼ ਮੇਰੇ ਵਿਚ ਇਤਨਾ ਤਾਨ ਹੁੰਦਾ ਕਿ ਮੈਂ ਆਪਣੇ ਸੂਰਬੀਰ ਯੋਧੇ ਭਾਈ ਬਲਦੀਪ ਸਿੰਘ ਬੱਬਰ ਦੀ ਸਾਲਾਨਾ ਬਰਸੀ ਮਨਾ ਸਕਦਾ।" ਪਿਤਾ ਜੀ ਨੇ ਇਕ ਹੱਥ ਲਿਖਤ ਜੀਵਨੀ ਭਾਈ ਬਲਦੀਪ ਸਿੰਘ ਬੱਬਰ ਬਾਰੇ ਲਿਖੀ ਹੈ। ਇਸ ਤੋਂ ਇਲਾਵਾ 18 ਅਗਸਤ ਦਿਨ ਮੰਗਲਵਾਰ ਸੰਨ 1992 ਨੂੰ ਅੱਜ ਦੀ ਅਵਾਜ਼ ਅਖ਼ਬਾਰ ਵਿਚ ਤਜਿੰਦਰ ਸ਼ਰਮਾ ਰਾਮਾ ਮੰਡੀ ਦੇ ਪੱਤਰਪ੍ਰੇਰਕ ਨੇ ਇਕ ਲੇਖ ਛਾਪਿਆ ਸੀ, ਪਾਠ ਦੇ ਭੋਗ ਬਾਰੇ ਛਾਪਿਆ ਸੀ, ਪਾਠ ਦੇ ਭੋਗ ਬਾਰੇ ਇਕ ਇਸ਼ਤਿਹਾਰ ਸੀ, ਜਿਸ ਵਿਚ ਸ਼ਹੀਦ ਭਾਈ ਫੌਜਾ ਸਿੰਘ, ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ, ਸ਼ਹੀਦ ਭਾਈ ਸੁਖਪਾਲ ਸਿੰਘ ਬੱਬਰ, ਸ਼ਹੀਦ ਭਾਈ ਅੰਗਰੇਜ਼ ਸਿੰਘ ਰਾਜ, ਅਤੇ ਸ਼ਹੀਦ ਭਾਈ ਬਲਦੀਪ ਸਿੰਘ ਬੱਬਰ ਦੀਆਂ ਤਸਵੀਰਾਂ ਛਪੀਆਂ ਸਨ। ਇਸ਼ਤਿਹਾਰ ਦੀ ਸੇਵਾ ਕਰਵਾਉਣ ਵਾਲਿਆਂ ਦੇ ਨਾਮ ਚਾਚਾ ਵਧਾਵਾ ਸਿੰਘ ਬੱਬਰ, ਭਾਈ ਮਹਿਲ ਸਿੰਘ ਬੱਬਰ, ਭਾਈ ਬਲਵਿੰਦਰ ਸਿੰਘ ਬੱਬਰ ਰੰਗਾ, ਭਾਈ ਨਿਹਾਲ ਸਿੰਘ ਬੱਬਰ ਬਰਨਾਲਾ ਲਿਖੇ ਸਨ।

ਜਾਰੀ ਕਰਤਾ ਭਾਈ ਅਮਰੀਕ ਸਿੰਘ ਬੱਬਰ ਸ਼ੇਰੂ ਖਾਰਾ ਲਿਖਿਆ ਸੀ। ਇਸ ਸਬੰਧ ਵਿਚ ਹੀ ਦੂਸਰੇ ਇਸ਼ਤਿਹਾਰ ਨੂੰ ਜਾਰੀ ਕਰਤਾ- ਖਾਲਸਾ ਜੀ ਦਾ ਸੇਵਾਦਾਰ ਅਖੰਡ ਕੀਰਤਨੀ ਜਥਾ ਲਿਖਿਆ ਸੀ। ਸਮੂਹ ਸੰਗਤ ਨੂੰ ਸ਼ਹੀਦ ਸਿੰਘਾਂ ਦੇ ਭੋਗ 'ਤੇ ਪਹੁੰਚਣ ਦੀ ਬੇਨਤੀ ਕੀਤੀ ਸੀ।

ਇਤਨੇ ਪੁਰਾਣੇ ਅਖ਼ਬਾਰ ਨੂੰ ਅੱਜ ਵੀ ਬਿਰਧ ਬਾਪ ਸਾਂਭ ਕੇ ਹਿੱਕ ਨਾਲ ਲਾਈ ਬੈਠਾ ਹੈ। ਕੌਮ ਇਨ੍ਹਾਂ ਮਹਾਨ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ। ਕੌਮ ਵਾਲਿਓ ਦੇਰ ਨਾ ਹੋ ਜਾਵੇ, ਇਨ੍ਹਾਂ ਅਨਮੋਲ ਪਰਿਵਾਰਾਂ ਨੂੰ ਸੰਭਾਲੋ, ਨਹੀਂ ਤਾਂ ਰੱਬ ਆਪਾਂ ਨੂੰ ਮਾਫ਼ ਨਹੀਂ ਕਰੇਗਾ।"

# ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ

ਗੁਰਮੀਤ ਸਿੰਘ ਇਕ ਅਜਿਹਾ ਇਨਸਾਨ ਸੀ, ਜਿਸ ਨੇ ਸਿਰਫ ਤੇ ਸਿਰਫ ਕੁਰਬਾਨੀ ਨੂੰ ਹੀ ਮੁੱਖ ਰੱਖਿਆ। ਜਿਸ ਨੇ ਲੋਕਾਂ ਲਈ ਜਿਊਣਾ ਚਾਹਿਆ ਅਤੇ ਸਿਰ ਉੱਪਰ ਕਫਨ ਬੰਨ ਕੇ ਕੌਮ ਦੀ ਅਜ਼ਾਦੀ ਲਈ ਸੰਘਰਸ਼ੀ ਧਾਰ ਨਾਲ ਜੁੜਿਆ ਕਿਹਾ "ਬਾਪੂ ਜੀ ਤੁਸੀਂ ਦੇਖਦੇ ਰਹਿਓ ਗੁਰਮੀਤ, ਗੁਰ ਮੀਤ ਹੀ ਰਹੇਗਾ ਇਹ ਪੰਥ ਦੀ ਪਿੱਠ ਨਹੀਂ ਲੱਗਣ ਦੇਵੇਗਾ", ਇਹ ਬੋਲ ਭਾਈ ਗੁਰਮੀਤ ਸਿੰਘ ਬੱਬਰ ਦੇ ਸਨ, ਜਿਹੜੇ ਉਨ੍ਹਾਂ ਨੇ ਘਰ ਛੱਡਣ ਵੇਲੇ ਆਪਣੇ ਪਿਤਾ ਸ. ਹਰਨਾਮ ਸਿੰਘ ਖਾਲਸਾ ਨੂੰ ਕਹੇ ਸਨ। ਮਾਤਾ ਸੁਰਜੀਤ ਕੌਰ ਦੀ ਸੁਲੱਖਣੀ ਕੁੱਖ 4 ਅਕਤੂਬਰ 1971 ਨੂੰ ਜਨਮ ਭਾਈ ਸਾਹਿਬ ਬਚਪਨ ਤੋਂ ਹੀ ਗੁਰਸਿੱਖੀ ਨਾਲ ਜੁੜੇ ਹੋਏ ਸਨ। ਇਕ ਗਰੀਬ ਪਰਿਵਾਰ ਦੇ ਵਿਹੜੇ ਅਮੀਰ ਸਿੱਖੀ ਦਾ ਬੂਟਾ ਫੁੱਟਿਆ ਸੀ, ਗੁਰਮੀਤ ਸਿੰਘ। ਗੁਰਸਿੱਖ ਖਾਲਸਾ ਪਰਿਵਾਰ ਜੋ "ਗਰੀਬ ਸਿੱਖਨ ਕੋ ਪਾਤਸ਼ਾਹੀ" ਲਈ ਹਮੇਸ਼ਾ ਗੁਰੂ ਦੀ ਗੁਰਿਆਈ ਨੂੰ ਤਨ ਮਨ ਵਿਚ ਵਸਾਈ ਗੁਰੂ ਵੱਲੋਂ ਰੀਝ ਕੇ ਮੁਕਤ ਕੀਤੀ ਪਵਿੱਤਰ ਮਿੱਟੀ ਨੂੰ ਰੋਮ ਰੋਮ ਰਚਾਈ ਬੈਠਾ ਹੈ। ਭਾਈ ਸਾਹਿਬ ਜੀ ਨੂੰ ਧਾਰਮਕ ਸੂਝ ਦੀ ਸਾਂਝ ਇਸ ਪਵਿੱਤਰ ਮਿੱਟੀ ਵਿਚੋਂ ਹੀ ਪ੍ਰਾਪਤ ਹੋਈ। ਘਰ ਦੀ ਗਰੀਬੀ ਇਸ ਹੋਣਹਾਰ ਨੌਜਵਾਨ ਨੂੰ ਉੱਚੀਆਂ ਪੜ੍ਹਾਈਆਂ ਤਾਂ ਨਾ ਪੜ੍ਹਾ ਸਕੀ ਪਰ ਬਧ ਬਿਬੇਕ ਗੁਰੂ ਦੀ ਕਿਰਪਾ ਸਦਕਾ ਇਸ ਨੌਜਵਾਨ ਵਿਚੋਂ ਆਤਮਕ ਲਹਿਰਾਂ ਸੰਗ ਬੀਰ ਰਸ ਨਾਲ ਫੁੱਟੀ। ਘਰੇਲੂ ਹਾਲਾਤ ਕਾਰਨ ਆਪ ਜੀ ਕੱਪੜੇ ਦੀ ਦੁਕਾਨ ਉੱਪਰ ਨੌਕਰੀ ਲੱਗ ਗਏ, ਜੋ ਤਨਖਾਹ ਮਿਲਣੀ ਉਸ ਵਿਚੋਂ ਗੁਰੂ ਦਾ ਹਿੱਸਾ ਕੱਢ ਰੱਖ ਕੇ ਬਾਕੀ ਸਾਰੀ ਤਨਖਾਹ ਘਰੇ ਫੜਾ ਦੇਣੀ। ਦਸਵੰਧ ਨੂੰ ਗੁਰੂ ਦੀ ਅਮਾਨਤ ਸਮਝਦੇ ਸਨ। ਦਸਵੰਧ ਦਾ ਇਕ ਇਕ ਪੈਸਾ ਗੁਰਮਤਿ ਉੱਪਰ ਖਰਚ ਕਰ ਦੇਂਦੇ ਸਨ।

ਜਦੋਂ ਪਹਿਲੀ ਵਾਰ ਗੁਰਸਿੱਖ ਸੰਸਥਾ ਦੇ ਸਿੰਘ ਭਾਈ ਗੁਰਮੀਤ ਸਿੰਘ ਬਾਰੇ ਜਾਣਕਾਰੀ ਹਾਸਲ ਕਰਨ ਲਈ ਉਨ੍ਹਾਂ ਦੇ ਪਿਤਾ ਸਰਦਾਰ ਹਰਨਾਮ ਸਿੰਘ ਖਾਲਸਾ ਨੂੰ ਮਿਲੇ ਤਾਂ ਇਸ ਮੌਕੇ ਦਾ ਦ੍ਰਿਸ਼ ਅਜਿਹਾ ਵੈਰਾਗਮਈ ਸੀ ਕਿ ਹਰ ਇਕ ਦੀਆਂ ਅੱਖਾਂ ਨਮ ਸਨ। ਪਿਤਾ ਜੀ ਗੁਰੂ ਸੰਗ ਅਜਿਹੇ ਲੋਟ ਪੋਟ ਹੋਏ, ਗੁਰੂ, ਰੇ, ਗੁਰੂ ਰੇ, ਰੇ ਦੀਆਂ ਝੁਨਕਾਰਾਂ ਵੈਰਾਗ ਅੰਦਰ ਸਿੱਧਿਆ ਵਲ ਤੱਕ ਵੀ ਨਾ ਟੁੱਟੀਆਂ, ਓ ਅਸੀਂ ਕਿਹੜਾ ਪੰਥ ਤੋਂ ਕੁਝ ਮੰਗਦੇ ਹਾਂ, ਗੁਰਮੀਤ ਤਾਂ ਗੁਰੂ ਦੀ ਖੇਡ ਸੀ- ਉਸ ਦੇ ਭਾਣੇ ਵਿਚ ਖੇਡੀ ਗਿਆ। ਪੰਥ ਨੇ ਤਾਂ ਸਾਨੂੰ ਜਿਊਂਦਿਆਂ ਹੀ ਲਾ-ਵਾਰਸ ਕਰ ਦਿੱਤਾ, ਪਿਤਾ ਜੀ ਨੇ ਕਛਹਿਰਾ ਪੱਟਾਂ ਤੋਂ ਚੁੱਕ ਕੇ ਲੱਤਾਂ ਤੇ ਘਟਣੇ ਫਰ ਕੇ ਬਣਾਏ ਜ਼ਖਮ ਦਿਖਾਏ। ਪਿੱਠ ਉੱਪਰ ਡਾਂਗਾਂ ਦੇ ਨੀਲ ਅਤੇ ਚਮੜੇ ਦੇ ਪਟਿਆਂ ਨਾਲ ਪਾਏ ਨਿਸ਼ਾਨ ਦਿਖਾਏ, ਇਹ ਸਭ ਤਾਂ ਗੁਰੂ ਦਾ ਹੁਕਮ ਸੀ, ਅਸੀਂ ਜਰ ਲਿਆ। ਜੋ ਗੁਰਮੀਤ ਤੋਂ ਗੁਰੂ ਨੇ ਸੇਵਾ ਲੈਣੀ ਸੀ, ਲੈ ਲਈ, ਇਨ੍ਹਾਂ ਲੀਡਰਾਂ ਨੇ, ਇਨ੍ਹਾਂ ਜਥੇਦਾਰਾਂ ਨੇ ਜੋ ਪੰਥ ਨਾਲ ਗਦਾਰੀਆਂ ਕੀਤੀਆਂ, ਇਨ੍ਹਾਂ ਨੂੰ ਕੌਣ ਜਰੂਗਾ? ਕਿੱਥੇ ਹਨ

ਗਰਮ ਭਾਸ਼ਣਾਂ ਵਾਲੇ, ਕਸਮਾਂ ਖਾਣ ਵਾਲੇ, ਮਰਜੀਵੜੇ "ਕੀਹਨ ਸਾਰ ਲਈ ਹੈ ਮੋਇਆਂ ਦੇ ਘਰਾਂ ਦੀ"? ਪਿਤਾ ਸਰਦਾਰ ਹਰਨਾਮ ਸਿੰਘ ਨੇ ਗੁਰਮੀਤ ਸਿੰਘ ਦੀ ਯਾਦ ਵਿਚ ਇਕ ਛੇ ਸਫਿਆਂ ਦੀ ਜੀਵਨ ਕਥਾ ਲਿਖੀ ਹੈ, "ਜੇਕਰ ਕੋਈ ਮੇਰੇ ਬੱਬਰ ਪੁੱਤ ਦੀ ਜੀਵਨੀ ਛਾਪ ਦੇਵੇ ਤਾਂ ਮੇਰੇ ਮਨ ਨੂੰ ਤਸੱਲੀ ਜਹੀ ਹੋ ਜਾਵੇ"।

ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਅਕਸਰ ਹੀ ਮੁਕਤਸਰ ਸਾਹਿਬ ਵਿਖੇ ਕਥਾ ਕੀਰਤਨ ਕਰਨ ਆਇਆ ਕਰਦੇ ਸਨ। ਭਾਈ ਸਾਹਿਬ ਜੀ ਦਾ ਸਾਰਾ ਹੀ ਪਰਿਵਾਰ ਸੰਤਾਂ ਦੇ ਧਾਰਮਕ ਦੀਵਾਨ ਸੁਣਨ ਜਾਇਆ ਕਰਦਾ ਸੀ। ਗੁਰਮੀਤ ਸਿੰਘ ਅਜੇ ਛੋਟਾ ਸੀ ਉਨ੍ਹਾਂ ਦੇ ਪਿਤਾ ਜੀ ਨੇ ਸੋਚਿਆ ਵੱਡੇ ਹੋਏ ਨੂੰ ਅੰਮ੍ਰਿਤ ਛਕਵਾ ਦੇਵਾਂਗੇ, ਹੁਣ ਗੁਰਮੀਤ ਨੂੰ ਸੰਤਾਂ ਤੋਂ ਚੂਲਾ ਹੀ ਛਕਵਾ ਦੇਂਦੇ ਹਾਂ ਜਦੋਂ ਗੁਰਮੀਤ ਸਿੰਘ ਸੰਤਾਂ ਕੋਲ ਚੂਲਾ ਛੱਕਣ ਗਿਆ ਤਾਂ ਉਹ ਇਕ ਅਟੱਟ ਬਿਰਤੀ ਨਾਲ ਸੰਤਾਂ ਵੱਲ ਵੇਖਣ ਲੱਗ ਪਿਆ। ਸੰਤਾਂ ਨੇ ਉਸਦੀ ਬਿਰਤੀ ਭਾਂਪ ਲਈ। ਜਦ ਸਹਿਜ ਅਵਸਥਾ ਅੰਦਰ ਚਾਰ ਨੇਤਰ ਇਕ ਹੋਏ ਤਾਂ ਸੰਤ ਮੁਸਕਰਾ ਕੇ ਬੋਲੇ, ਖਾਲਸਾ ਜੀ ਕੀ ਨਾਮ ਹੈ ਭੁਜੰਗੀ ਦਾ? ਪਿਤਾ ਜੀ ਨੇ ਜਵਾਬ ਦਿੱਤਾ, "ਸੰਤ ਜੀ ਇਸ ਦਾ ਨਾਮ ਗੁਰਮੀਤ ਸਿੰਘ ਹੈ"। ਸੰਤਾਂ ਨੇ ਭਾਈ ਸਾਹਿਬ ਨੂੰ ਚੂਲਾ ਛਕਾ ਕੇ ਥਾਪੜਾ ਦਿੱਤਾ ਤੇ ਕਿਹਾ, "ਤੇਰੇ ਤੋਂ ਤਾਂ ਗੁਰੂ ਨੇ ਬਹੁਤ ਵੱਡੀ ਸੇਵਾ ਲੈਣੀ ਹੈ ਤੂੰ ਬਹਾਦਰਾਂ ਨਾਲ ਪੰਥ ਦੀ ਸੇਵਾ ਕਰਨੀ ਹੈ।" ਸੰਤਾਂ ਕੋਲ ਗੁਰਮੀਤ ਦਾ ਕੀ ਲੁਕਾਅ ਸੀ, ਸੱਚੀਂ ਹੀ ਗੁਰਮੀਤ ਪੰਥ ਦੀ ਚੜ੍ਹਦੀਕਲਾ ਲਈ ਸ਼ਹੀਦ ਹੋ ਗਿਆ।

ਜਦੋਂ ਭਾਈ ਸਾਹਿਬ ਜੀ ਕੱਪੜੇ ਦੀ ਦੁਕਾਨ 'ਤੇ ਨੌਕਰੀ ਕਰਦੇ ਸਨ, ਉਸ ਸਮੇਂ ਪੰਜਾਬ ਦੇ ਹਾਲਾਤ ਪੈਰੋ ਪੈਰ ਵਿਗੜਦੇ ਹੀ ਜਾ ਰਹੇ ਸਨ, ਜਿਸ ਕਾਰਨ ਪੰਥ ਦੀ ਸੇਵਾ ਕਰਨ ਦੀ ਜਜ਼ਬਾਤੀ ਤਾਂਘ ਹੋਰ ਵੀ ਵੱਧਦੀ ਜਾ ਰਹੀ ਸੀ ਆਪ ਜੀ ਇਲਾਕੇ ਦੇ ਸੰਗੀਆਂ ਸਾਥੀਆਂ ਨਾਲ ਬੱਬਰਾਂ ਦੇ ਜਥੇ ਵਿਚ ਗੁਪਤ ਰੂਪ ਵਿਚ ਸੇਵਾ ਕਰਨ ਲੱਗ ਪਏ ਸਨ, ਜਿਨ੍ਹਾਂ ਵਿਚ ਭਾਈ ਬੇਤ ਸਿੰਘ, ਭਾਈ ਹਰਮੰਦਰ ਸਿੰਘ ਗਰਦਵਾਲ, ਭਾਈ ਸੰਗਰਾਮ ਸਿੰਘ, ਭਾਈ ਕਿਸ਼ਨ ਸਿੰਘ ਟਾਮਕੋਟ, ਭਾਈ ਕੇ ਪੀ ਸਿੰਘ ਮਹਾਬੱਧਰ, ਭਾਈ ਜਸਕਰਨ ਸਿੰਘ ਰੁਪਾਣਾ, ਭਾਈ ਸੁਰਜਨ ਸਿੰਘ ਸਖਨਾ, ਭਾਈ ਬਲਦੇਵ ਸਿੰਘ, ਭਾਈ ਮਹਰਬਾਨ ਸਿੰਘ ਆਦਿ ਸਿੰਘਾਂ ਨੇ ਸਮੇਂ ਸਮੇਂ ਬੱਬਰਾਂ ਦੇ ਜਥੇ ਵਿਚ ਸੇਵਾ ਕਰਦਿਆਂ ਲਾਸਾਨੀ ਸ਼ਹਾਦਤਾਂ ਪਾਈਆਂ। ਜਦੋਂ ਭਾਈ ਸਾਹਿਬ ਜੀ ਦਾ ਇਕ ਨਜ਼ਦੀਕੀ ਸਾਥੀ ਪੁਲਿਸ ਮੁੱਠਭੇੜ ਵਿਚ ਸ਼ਹੀਦ ਹੋ ਗਿਆ ਅਤੇ ਦੂਸਰਾ ਸਿੰਘ ਸਖਤ ਜ਼ਖ਼ਮੀ ਹਾਲਤ ਵਿਚ ਮੌਕੇ 'ਤੇ ਹੀ ਫੜਿਆ ਗਿਆ ਤਾਂ ਪੁਲਿਸ ਨੇ ਇਸ ਮਿਲੇ ਸੁਰਾਗ ਰਾਹੀਂ ਗੁਰਮੀਤ ਸਿੰਘ ਸਣੇ ਸਾਰੇ ਹੀ ਸਿੰਘ ਫੜ ਲਏ। ਭਾਈ ਗੁਰਮੀਤ ਸਿੰਘ ਜੀ ਦੀ ਇਹ ਪਹਿਲੀ ਗ੍ਰਿਫਤਾਰੀ ਸੀ। ਸੀ ਆਈ ਏ ਸਟਾਫ ਮੁਕਤਸਰ ਨੇ ਉਨ੍ਹਾਂ 'ਤੇ ਬੇਪਨਾਹ ਤਸ਼ੱਦਦ ਕੀਤਾ ਅਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ।

ਭਾਈ ਸਾਹਿਬ ਜੀ ਦੀ ਉਮਰ ਘੱਟ ਹੋਣ ਕਰਕੇ ਆਪ ਜੀ ਨੂੰ ਨਾ-ਬਾਲਗ ਜੇਲ੍ਹ ਲੁਧਿਆਣਾ ਵਿਖੇ ਤਬਦੀਲ ਕਰ ਦਿੱਤਾ ਗਿਆ। 7 ਮਹੀਨੇ ਲੁਧਿਆਣਾ ਜੇਲ੍ਹ ਵਿਚ ਰੱਖਣ ਤੋਂ ਬਾਅਦ ਆਪ ਜੀ ਨੂੰ ਹੁਸ਼ਿਆਰਪੁਰ ਦੀ ਨਾ ਬਾਲਗ ਜੇਲ੍ਹ ਵਿਚ ਭੇਜ ਦਿੱਤਾ,

ਜਿੱਥੇ ਇਕ ਸਾਲ ਤੋਂ ਉਪਰ ਦੀ ਕੈਦ ਤੋਂ ਬਾਅਦ ਆਪ ਜੀ ਦੀ ਜ਼ਮਾਨਤ ਮਨਜ਼ੂਰ ਹੋ ਗਈ। ਜੇਲ੍ਹ ਤੋਂ ਰਿਹਾ ਹੋ ਕੇ ਆਪ ਜੀ ਫਿਰ ਕੱਪੜੇ ਦੀ ਦੁਕਾਨ ਉਪਰ ਨੌਕਰੀ ਕਰਨ ਲੱਗ ਪਏ। ਜੇਲ੍ਹ ਵਿਚ ਆਪ ਜੀ ਨੇ ਖੂਬ ਬਾਣੀ ਕੰਠ ਕੀਤੀ, ਹੱਸ ਕੇ ਆਖ ਦੇਂਦੇ, "ਕਰਮਾਂ ਨਾਲ ਮਸਾਂ ਵਿਹਲਾ ਸਮਾਂ ਮਿਲਿਆ ਹੈ ਕਿਉਂ ਨਾ ਬਾਣੀ ਕੰਠ ਕਰਨ ਦਾ ਲਾਹਾ ਖੱਟਿਆ ਜਾਵੇ।" ਨਾਲ ਦੇ ਸਾਥੀਆਂ ਨੂੰ ਕਹਿੰਦੇ "ਡਰੋ ਨਾ ਇਹ ਜੇਲ੍ਹਾਂ ਆਪਣਾ ਕਝ ਨਹੀਂ ਵਿਗਾੜ ਸਕਦੀਆਂ, ਇਹ ਤਾਂ ਵੱਡੇ ਭਾਗਾਂ ਵਾਲਿਆਂ ਨੂੰ ਮਿਲਦੀਆਂ ਹਨ, ਤੁਸੀਂ ਭਾਈ ਸਾਹਿਬ "ਭਾਈ ਰਣਧੀਰ ਸਿੰਘ ਜੀ ਦੀਆਂ ਜੇਲ੍ਹ ਚਿੱਠੀਆਂ" ਪੁਸਤਕ ਜ਼ਰੂਰ ਪੜ੍ਹਿਆ ਕਰ" ਭਾਈ ਸਾਹਿਬ ਜੀ ਦਾ ਨਿਤਨੇਮੀ ਜੀਵਨ ਇਕ ਮਿਸਾਲ ਸੀ। ਸੁਖਮਨੀ ਸਾਹਿਬ, ਚੰਡੀ ਦੀ ਵਾਰ, ਪੰਜ ਬਾਣੀਆਂ ਤੋਂ ਇਲਾਵਾ 50 ਦੇ ਕਰੀਬ ਸ਼ਬਦ ਜ਼ਬਾਨੀ ਕੰਠ ਸਨ। ਗੁਰਮਤਿ ਬਿਬੇਕ ਦੀ ਪੁੱਠ ਨਾਲ ਮੰਝਿਆ ਸਵਾਰਿਆ ਜੀਵਨ ਸੀ।

ਆਪ ਖੂਨ ਦਾਨ ਨੂੰ ਮਹਾਂ ਦਾਨ ਸਮਝਦੇ ਸਨ। ਕਹਿੰਦੇ "ਇਸ ਖੂਨ ਨੇ ਇਕ ਦਿਨ ਕੌਮ ਦੇ ਲੇਖ ਲੱਗ ਕੇ ਧਰਤੀ ਉੱਪਰ ਡੁਲਣਾ ਹੈ, ਇਸ ਖੂਨ ਨੇ ਹੀ ਕੌਮ ਦੀ ਜ਼ਿੰਦਗੀ ਵਿਚ ਰੰਗ ਭਰਨਾ ਹੈ, ਕਿਉਂ ਨਾ ਇਹ ਖੂਨ ਕੌਮ ਨੂੰ ਦਾਨ ਕਰ ਦਈਏ"। ਭਾਈ ਗੁਰਮੀਤ ਸਿੰਘ ਜੀ ਦਾ ਲੂੰਆਂ ਲੂੰਆਂ ਭਲਾ ਜਿਹਾ ਚਿਹਰਾ ਗੁਰਸਿੱਖੀ ਵੇਸ ਅੰਦਰ ਜਵਾਨੀ ਦੀ ਦਹਲੀਜ਼ ਵਿਚ ਪਹੁੰਚਿਆ ਜਵਾਨੀ ਦਾ ਨਿਖਾਰ, ਉਪਰੋਂ ਦੀ ਗਾਤਰਾ, ਖੁੱਲ੍ਹਾ ਦਾਹੜਾ ਉਨ੍ਹਾਂ ਦੇ ਰੂਪ ਨੂੰ ਹਰ ਵੀ ਚਾਰ ਚੰਨ ਲਾ ਰਿਹਾ ਸੀ। ਭਾਈ ਸਾਹਿਬ ਜੀ ਦੀ ਜਵਾਨੀ ਵਲੇ ਦੀ ਹੀ ਇਕ ਤਸਵੀਰ ਮਿਲ ਸਕੀ ਹੈ ਜਾਂ ਅਖ਼ਬਾਰਾਂ ਅੰਦਰ ਛਪੀ ਇਕ ਤਸਵੀਰ ਮਿਲੀ ਹੈ ਜੋ ਉਨ੍ਹਾਂ ਦੇ ਭਰਾ ਦੇ ਸੰਬੰਧੀ ਸੀ

ਮਾਲਵੇ ਦੀ ਧਰਤੀ ਦੇ ਦਰਵੇਸ਼ ਥੰਧੋਜੀਵੀ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੇ ਭਾਈ ਗੁਰਮੀਤ ਸਿੰਘ ਨੂੰ ਨਾ ਸਿਰਫ਼ ਆਪਣੇ ਪੁੱਤਰਾਂ ਵਾਂਗ ਪਿਆਰ ਕੀਤਾ ਸਗੋਂ ਉਹ ਭਾਈ ਸਾਹਿਬ ਨੂੰ ਆਪਣਾ ਪੁੱਤਰ ਹੀ ਸਮਝਦੇ ਸਨ। ਪੰਥ ਨੇ ਸੰਨ 1984 ਦੇ ਘੱਲੂਘਾਰੇ ਤੋਂ ਬਾਅਦ ਲੋਕ ਸਭਾ ਦੀਆਂ ਚੋਣਾਂ ਲੜਨ ਦਾ ਫੈਸਲਾ ਕੀਤਾ। ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੂੰ ਫਰੀਦਕੋਟ ਤੋਂ ਲੋਕ ਸਭਾ ਦੀ ਸੀਟ ਲਈ ਚੋਣ ਲੜਾਉਣ ਦਾ ਫੈਸਲਾ ਕੀਤਾ ਗਿਆ ਤਾਂ ਭਾਈ ਗੁਰਮੀਤ ਸਿੰਘ ਨੇ ਦੁਕਾਨ ਦੀ ਨੌਕਰੀ ਛੱਡ ਦਿੱਤੀ ਅਤੇ ਚੋਣਾਂ ਅੰਦਰ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨਾਲ ਪਿੰਡ ਪਿੰਡ ਪ੍ਰਚਾਰ ਲਈ ਤੁਰ ਪਏ। ਗੁਰਮੀਤ ਸਿੰਘ ਇਕ ਵਧੀਆ ਬੁਲਾਰਾ ਸੀ। ਜਿਨ੍ਹਾਂ ਨੇ ਵੀ ਗੁਰਮੀਤ ਸਿੰਘ ਦੇ ਵਿਚਾਰਾਂ ਨੂੰ ਸੁਣਿਆ ਹੈ, ਉਹ ਅੱਜ ਵੀ ਇਸ ਯੋਧੇ ਦੀ ਸੋਚ ਅੱਗੇ ਸਿਰ ਝੁਕਾਉਂਦੇ ਹਨ। ਸਾਰਿਆਂ ਦੀ ਸਖਤ ਮਿਹਨਤ ਸਦਕਾ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਪੰਥ ਵਿਰੋਧੀਆਂ ਨੂੰ ਭਾਰੀ ਹਾਰ ਦੇ ਕੇ ਚੋਣ ਜਿੱਤ ਗਏ ਅਤੇ ਗੁਰਮੀਤ ਸਿੰਘ ਮੁਕਤਸਰ ਦੇ ਇਲਾਕੇ ਵਿਚ ਇਕ ਵੱਖਰੀ ਪਹਿਚਾਣ ਨਾਲ ਉਭਰਿਆ।

ਜਥੇਦਾਰ ਖੁੱਡੀਆਂ ਨੂੰ ਚੋਣ ਜਿੱਤਿਆਂ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਇਕ ਅਣ-ਸੁਲਝਿਆ ਰਹੱਸ ਇਨ੍ਹਾਂ ਨਾਲ ਵਾਪਰਿਆ। ਪਿੰਡ ਖੁੱਡੀਆਂ ਦੇ ਕੋਲ ਦੀ ਵਗਦੀਆਂ ਨਹਿਰਾਂ 'ਤੇ ਜਥੇਦਾਰ ਖੁੱਡੀਆਂ ਦੇ ਕੱਪੜੇ ਇਕ ਥਾਂ ਤੋਂ ਮਿਲੇ ਪਰ ਉਹ ਨਾ ਮਿਲੇ। ਫਿਰ

ਕਾਫੀ ਤਲਾਸ਼ ਤੇ ਕੁਝ ਦਿਨਾਂ ਦੇ ਵਕਫੇ ਦੇ ਬਾਅਦ ਉਨ੍ਹਾਂ ਦੀ ਲਾਸ਼, ਮਿਲੇ ਕੱਪੜਿਆਂ ਤੋਂ ਦੂਰ, ਨਹਿਰ ਕਿਨਾਰੇ ਤੋਂ ਮਿਲੀ। ਪੰਜਾਬ ਦੇ ਡੀ ਜੀ ਪੀ ਕੇ ਪੀ ਐਸ ਗਿੱਲ ਨੇ ਆਪ ਆ ਕੇ ਜਥੇਦਾਰ ਦੀ ਲਾਸ਼ ਨੂੰ ਦੇਖ ਕੇ ਤਸੱਲੀ ਪ੍ਰਗਟਾਈ ਅਤੇ ਲਾਸ਼ ਦੇ ਪੋਸਟਮਾਰਟਮ ਲਈ ਡਾਕਟਰਾਂ ਦੀ ਇਕ ਟੀਮ ਤਿਆਰ ਕੀਤੀ ਤਾਂ ਕਿ ਮੌਤ ਦੇ ਕਾਰਨਾਂ ਦਾ ਪਤਾ ਲਾਇਆ ਜਾ ਸਕੇ। ਡਾਕਟਰਾਂ ਦੀ ਟੀਮ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਮੁਖੀ ਡਾਕਟਰ ਦਲਾਲ ਵਰਗੇ ਸ਼ਾਮਲ ਕੀਤੇ ਗਏ, ਜਿਹੜੇ ਪੁਲਿਸ ਨਾਲ ਫਰਜ਼ੀ ਮੁਠਭੇੜਾਂ ਅੰਦਰ ਮਾਰ ਕੇ ਲਿਆਂਦੇ ਗਏ ਖਾੜਕੂਆਂ ਦੀਆਂ ਪੋਸਟਮਾਰਟਮ ਰਿਪੋਰਟਾਂ ਪੁਲਿਸ ਦੇ ਹੱਕ ਵਿਚ ਲਿਖਦੇ ਰਹੇ ਸਨ। ਬਾਅਦ ਵਿਚ ਇਹ ਸਾਰੀ ਕਹਾਣੀ ਸਰਕਾਰੀ ਫਾਈਲਾਂ ਵਿਚ ਹੀ ਬੰਦ ਹੋ ਕੇ ਰਹਿ ਗਈ। ਜਥੇਦਾਰ ਖੁੱਡੀਆਂ ਦੀ ਮੌਤ ਇਕ ਹਾਦਸਾ ਸੀ ਜਾਂ ਇਕ ਯੋਜਨਾਬੱਧ ਕਤਲ, ਇਹ ਵਰਤਾਇਆ ਭਾਣਾ ਇਕ ਰਹੱਸ ਹੀ ਬਣ ਕੇ ਰਹਿ ਗਿਆ। ਇਸ ਰਹੱਸ ਤੋਂ ਕਿਸੇ ਨੇ ਪਰਦਾ ਨਾ ਚੁਕਿਆ। ਨਾ ਹੀ ਪਰਿਵਾਰ ਨੇ, ਨਾ ਹੀ ਕੌਮ ਨੇ। ਜਥੇਦਾਰ ਖੁੱਡੀਆਂ ਦਾ ਪਰਿਵਾਰ ਵੀ ਪੰਥਕ ਲੀਡਰਾਂ ਦੇ ਸਿਆਸੀ ਜਾਲ ਤੋਂ ਬਚਦਾ ਹੋਇਆ ਕਾਂਗਰਸ ਦਾ ਖੈਰਖਾਹ ਬਣ ਕੇ ਰਹਿ ਗਿਆ।

ਲੋਕ ਸਭਾ ਜਿਥੇ ਵਿਚਾਰਾਂ ਦੀ ਲੜਾਈ ਹੁੰਦੀ ਸੀ, ਬੁੱਧੀਜੀਵੀ ਦਿਮਾਗ ਪਰਖੇ ਜਾਂਦੇ ਸਨ, ਜਥੇਦਾਰ ਖੁੱਡੀਆਂ ਕੌਮ ਦੀ ਆਜ਼ਾਦੀ ਖਾਲਿਸਤਾਨ ਦੇ ਵਿਸ਼ੇ 'ਤੇ ਆਪਣਾ ਪਰਚਾ ਪੜ੍ਹਨ ਦੀ ਤਿਆਰੀ ਕਰ ਰਹੇ ਸਨ, ਉੱਥੇ ਤਿੰਨ ਫੁੱਟੀ ਕ੍ਰਿਪਾਨ ਨੂੰ ਪਾਰਲੀਮੈਂਟ ਅੰਦਰ ਲਿਜਾਣ ਦੀ ਜ਼ਿੱਦ ਵੀ ਬਾਕੀਆਂ ਲਈ ਵਕਾਰ ਦਾ ਸਵਾਲ ਬਣਿਆ ਪਿਆ ਸੀ। ਅਖੀਰ ਲੋਕ ਸਭਾ ਦੀ ਮੈਂਬਰੀ, ਸੌਂਹ ਨਾ ਚੁਕਣ ਕਾਰਨ ਖਤਮ ਹੋ ਗਈ ਅਤੇ ਪੰਜਾਬ ਵਿਚ ਦੁਬਾਰਾ ਚੋਣਾਂ ਦਾ ਐਲਾਨ ਹੋ ਗਿਆ।

ਪਰ ਜਥੇਦਾਰ ਖੁੱਡੀਆਂ ਦੀ ਮੌਤ ਉਨ੍ਹਾਂ ਦੇ ਨਜ਼ਦੀਕੀਆਂ ਤੋਂ ਸਹਾਰੀ ਨਾ ਗਈ। ਜਿਨ੍ਹਾਂ ਨੂੰ ਉਨ੍ਹਾਂ ਨੇ ਪੁੱਤਰਾਂ ਵਾਂਗ ਪਾਲਿਆ ਸੀ, ਜਮਾਤਾਂ ਲਾ ਲਾ ਕੇ ਖਾਲਸਾਈ ਜਥ ਵਿਚ ਰੰਗਿਆ ਸੀ, ਉਹ ਉਨ੍ਹਾਂ ਦੀ ਮੌਤ ਨੂੰ ਕਿਵੇਂ ਭੁਲਾਉਂਦੇ। ਜਿਸ ਦਿਨ ਉਨ੍ਹਾਂ ਦੀ ਰਾਖ ਫੁੱਲ ਚੁਗਣ ਤੋਂ ਬਾਅਦ ਇਕੱਠੀ ਕੀਤੀ ਜਾ ਰਹੀ ਸੀ ਤਦ ਹੀ ਭਾਈ ਗੁਰਮੀਤ ਸਿੰਘ ਦੇ ਬੱਬਰ ਸਾਥੀਆਂ ਨੇ ਉਸ ਰਾਖ ਨੂੰ ਚੁੱਕ ਕੇ ਸੌਂਹ ਖਾਧੀ ਕਿ "ਹੇ ਦਰਵੇਸ਼ ਪਿਤਾ ਤੇਰੀ ਮੌਤ ਦਾ ਬਦਲਾ ਜ਼ਰੂਰ ਲਵਾਂਗੇ।" ਇਹ ਸੰਕਲਪ ਲੈ ਕੇ ਭਰੇ ਮਨ ਨਾਲ ਗੁਰਮੀਤ ਸਿੰਘ ਫਿਰ ਦੁਕਾਨ 'ਤੇ ਜਾ ਬੈਠਾ।

ਪੰਜਾਬ ਵਿਚ ਦੁਬਾਰਾ ਫਿਰ ਪਾਰਲੀਮੈਂਟ ਦੀਆਂ ਚੋਣ ਸਰਗਰਮੀਆਂ ਚੱਲ ਪਈਆਂ ਸਨ। ਪਰ ਖਾੜਕੂਆਂ ਨੇ ਇਨ੍ਹਾਂ ਚੋਣਾਂ ਦਾ ਵਿਰੋਧ ਕਰਨ ਦਾ ਸੱਦਾ ਦੇ ਦਿੱਤਾ। ਕਿਉਂਕਿ ਇਸ ਲੋਕਤੰਤਰੀ ਢਾਂਚੇ ਦੇ ਸੰਵਿਧਾਨ ਨੇ ਹੀ ਸਿੱਖਾਂ ਦੀ ਨਸਲਕੁਸ਼ੀ ਆਰੰਭ ਕੀਤੀ ਹੋਈ ਸੀ। ਬੜੀ ਹੀ ਸੋਚੀ ਸਮਝੀ ਸਾਜ਼ਿਸ਼ ਨਾਲ ਸਿੱਖਾਂ ਦੇ ਪਵਿੱਤਰ ਗੁਰਧਾਮਾਂ 'ਤੇ ਹਮਲੇ ਕੀਤੇ ਗਏ ਸਨ ਅਤੇ ਸਿੱਖ ਗਭਰੂਆਂ ਨੂੰ ਫਰਜ਼ੀ ਪੁਲਿਸ ਮੁਠਭੇੜਾਂ ਵਿਚ ਕੋਹ ਕੋਹ ਕੇ ਸ਼ਹੀਦ ਕੀਤਾ ਜਾ ਰਿਹਾ ਸੀ। ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਹੋਏ ਕਤਲ ਤੋਂ ਬਾਅਦ ਫਰੀਦਕੋਟ ਦੀ ਲੋਕ ਸਭਾ ਦੀ ਸੀਟ 'ਤੇ ਮੁਕਤਸਰ ਸ਼ਹਿਰ ਦੇ ਇਕ ਤਕੜੇ ਸਰਮਾਏਦਾਰੀ

ਘਰਾਣੇ ਵਿਚੋਂ ਸਰਦਾਰ ਸ਼ਮਿੰਦਰ ਸਿੰਘ ਉਰਫ ਭਾਈ ਸ਼ਮਿੰਦਰ ਸਿੰਘ ਚੋਣ ਮੈਦਾਨ ਵਿਚ ਸਨ। ਭਾਈ ਸ਼ਮਿੰਦਰ ਸਿੰਘ ਨੂੰ ਆਪਣੀ ਚੋਣ ਸਰਗਰਮੀ ਲਈ ਭਾਈ ਗੁਰਮੀਤ ਸਿੰਘ ਦੀ ਲੋੜ ਮਹਿਸੂਸ ਹੋਈ। ਕਿਉਂਕਿ ਗੁਰਮੀਤ ਸਿੰਘ ਦੀ ਮੁਕਤਸਰ ਦੇ ਇਲਾਕੇ ਵਿਚ ਆਪਣੀ ਵੱਖਰੀ ਪਹਿਚਾਣ ਸੀ। ਭਾਈ ਸ਼ਮਿੰਦਰ ਸਿੰਘ ਨੇ ਇਲਾਕੇ ਦੀ ਸੰਗਤ ਨੂੰ ਨਾਲ ਲੈ ਕੇ ਗੁਰਮੀਤ ਸਿੰਘ ਨੂੰ ਚੋਣ ਪ੍ਰਚਾਰ ਲਈ ਆਪਣੇ ਨਾਲ ਤੋਰ ਲਿਆ।

ਅਚਾਨਕ ਚੋਣ ਸਰਗਰਮੀਆਂ ਵਿਚ ਮੁਕਤਸਰ ਵਿਖੇ ਭਾਈ ਸ਼ਮਿੰਦਰ ਸਿੰਘ ਇਕ ਬਹੁਤ ਹੀ ਭਿਆਨਕ ਬੰਬ ਧਮਾਕੇ ਵਿਚ ਆਪਣੀ ਜਾਨ ਗੁਆ ਬੈਠੇ। ਜਿਸ ਜਗ੍ਹਾ 'ਤੇ ਸਵਰਗਵਾਸੀ ਸਾਬਕਾ ਮੈਂਬਰ ਪਾਰਲੀਮੈਂਟ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੂੰ ਸੰਗਤ ਨੇ ਕੰਡੇ ਉੱਪਰ ਬੈਠਾ ਕੇ ਸਿੱਕਿਆਂ ਨਾਲ ਤੋਲਿਆ ਸੀ, ਠੀਕ ਉਸ ਹੀ ਜਗ੍ਹਾ 'ਤੇ ਜਦ ਭਾਈ ਸ਼ਮਿੰਦਰ ਸਿੰਘ ਮਾਈਕ ਕੋਲ ਜਾ ਕੇ ਭਾਸ਼ਣ ਦੇਣ ਲੱਗਾ ਤਾਂ ਇਕ ਬਹੁਤ ਵੱਡੇ ਬੰਬ ਧਮਾਕੇ ਵਿਚ ਖਾੜਕੂਆਂ ਨੇ ਉਨ੍ਹਾਂ ਨੂੰ ਉਡਾ ਦਿੱਤਾ। ਇਸ ਬੰਬ ਧਮਾਕੇ ਦੀ ਸ਼ੱਕ ਦੀ ਉਂਗਲ ਸਿੱਧੀ ਭਾਈ ਗੁਰਮੀਤ ਸਿੰਘ ਉੱਪਰ ਕੇਂਦਰਤ ਹੋ ਗਈ। ਅਗਲੇ ਹੀ ਦਿਨ ਭਾਈ ਗੁਰਮੀਤ ਸਿੰਘ ਨੇ ਅਖ਼ਬਾਰਾਂ ਅੰਦਰ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਵੱਲੋਂ ਇਸ ਬੰਬ ਧਮਾਕੇ ਦੀ ਜ਼ੁੰਮੇਵਾਰੀ ਆਪਣੇ ਉੱਪਰ ਲੈ ਲਈ। ਉਹ ਘਰ ਪਰਿਵਾਰ ਨੂੰ ਆਖਰੀ ਫਤਹਿ ਬੁਲਾ ਕੇ ਰੂਪੋਸ਼ ਹੋ ਗਏ। ਉਹ ਸਮਝਦੇ ਸਨ ਕਿ ਹੁਣ ਘਰੇ ਰਹਿ ਕੇ ਪੰਥ ਦੀ ਸੇਵਾ ਨਹੀਂ ਹੋ ਸਕਦੀ। ਮਗਰੋਂ ਸਾਰਾ ਪਰਿਵਾਰ ਤੇ ਸਾਰੇ ਹੀ ਸਾਕ ਸੰਬੰਧੀ ਧੂਹ ਧੂਹ ਮੁਕਤਸਰ ਦੇ ਤਫਤੀਸ਼ੀ ਸੈਂਟਰ ਵਿਚ ਇਕੱਠੇ ਕਰ ਦਿੱਤੇ ਗਏ, ਔਰਤਾਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਭਾਈ ਸਾਹਿਬ ਜੀ ਦੇ ਬਿਰਧ ਪਿਤਾ ਪੁਲਿਸ ਦੇ ਜਬਰ ਦਾ ਖ਼ਾਸ ਨਿਸ਼ਾਨਾ ਬਣੇ। ਇਕ ਅੰਮ੍ਰਿਤਧਾਰੀ ਗਰੀਬ ਬਿਰਧ ਅਲਫ ਨੰਗੀ ਹਾਲਾਤ ਵਿਚ ਸਟਾਫ ਵਿਚ ਪੁੱਠਾ ਟੰਗਿਆ, ਹਰ ਜ਼ੁਲਮ ਨੂੰ ਸਹਾਰਦਾ ਅਕਾਲ ਪੁਰਖ ਦੇ ਭਾਣੇ ਵਿਚ ਰਿਹਾ। ਉਨ੍ਹਾਂ ਨੂੰ ਕਈ ਕਈ ਮਹੀਨੇ ਹਵਾਲਾਤ ਵਿਚ ਬੰਦ ਰੱਖੀ ਰੱਖਿਆ ਪਰ ਉਨ੍ਹਾਂ ਨੂੰ ਆਪਣੇ ਪੁੱਤਰ ਬਾਰੇ ਕੁਝ ਵੀ ਪਤਾ ਨਹੀਂ ਸੀ ਕਿ ਉਹ ਕਿੱਥੇ ਹੈ?

ਬੱਬਰਾਂ ਨੇ ਭਾਈ ਸਾਹਿਬ ਜੀ ਨੂੰ ਗੁਪਤ ਨਾਮ ਲਾਲੀ ਦਿੱਤਾ ਅਤੇ ਪੰਜਾਬ ਛੱਡ ਕੇ ਦਿੱਲੀ ਸੇਵਾ ਕਰਨ ਲਈ ਕਿਹਾ, ਜਿੱਥੇ ਉਨ੍ਹਾਂ ਨੇ ਭਾਈ ਜੋਗਿੰਦਰ ਸਿੰਘ ਬੱਬਰ ਅਤੇ ਭਾਈ ਮੂਰਤਾ ਸਿੰਘ ਬੱਬਰ ਉਰਫ ਭਾਈ ਮਨਜੀਤ ਸਿੰਘ ਬੱਬਰ ਨਾਲ ਮਿਲ ਕੇ ਕਈ ਮਹੱਤਵਪੂਰਨ ਕੰਮ ਕੀਤੇ। ਬੱਬਰਾਂ ਨੇ ਆਪਣੀ ਨਵੀਂ ਯੁੱਧਨੀਤੀ ਤਹਿਤ ਹੁਣ ਕੇਂਦਰ ਨੂੰ ਆਪਣਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਜਿਸ ਤਹਿਤ ਐਫ ਸੀ ਆਈ ਦੇ ਗੁਦਾਮਾਂ ਨੂੰ ਸਾੜਨਾ ਤੇ ਆਈ.ਪੀ.ਐਸ. ਕਾਡਰ ਦੇ ਪੁਲਿਸ ਅਫ਼ਸਰਾਂ ਵੱਲੋਂ ਪੰਜਾਬ ਵਿਚ ਖਾੜਕੂਆਂ ਦੇ ਪਰਿਵਾਰਾਂ ਨੂੰ ਮਾਰਨ ਲਈ ਬਾਹਰੋਂ ਮੰਗਵਾਏ ਗਏ ਸ਼ੂਟਰ ਅਤੇ ਖਾੜਕੂ ਸਫਾਂ ਅੰਦਰ ਵਾੜੇ ਗਏ ਕੈਟਾਂ ਨੂੰ ਸੰਘਰਸ਼ ਵਿਚੋਂ ਖਦੇੜਨਾ ਸੀ। ਬੱਬਰਾਂ ਨੇ ਦਿੱਲੀ ਵਿਖੇ ਟਾਪ ਸਕਿਉਰਟੀ ਜ਼ੋਨ ਅੰਦਰ ਰਹਿ ਰਹੇ ਖੇਤੀਬਾੜੀ ਕੀਮਤ ਕਮਿਸ਼ਨ ਦੇ ਚੇਅਰਮੈਨ ਡਾਕਟਰ ਤਿਆਗੀ ਨੂੰ ਇਸ ਕਾਰਨ ਸੋਧ ਦਿੱਤਾ ਕਿ ਉਸ ਨੇ ਫਸਲਾਂ ਦੀ ਕੀਮਤ ਨੂੰ ਸੂਚਕ ਅੰਕ ਨਾਲ ਜੋੜ ਕੇ ਵਧਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਤਰਲੋਕਾ ਕੈਟ ਅਤੇ ਅਵਤਾਰ

ਸਿੰਘ ਗਰੇਬੀ ਗੋਲੀ ਦੀ ਭੇਟ ਚੜ੍ਹੇ। ਪੰਜਾਬ ਅੰਦਰ 26 ਜਨਵਰੀ 1993 ਦੀ ਰਾਤ ਨੂੰ ਇਕੋ ਹੀ ਸਮੇਂ ਐਫ.ਸੀ. ਆਈ. ਦੇ 16 ਗੋਦਾਮ ਸਾੜ ਕੇ ਭਾਈ ਗੁਰਮੀਤ ਸਿੰਘ ਬੱਬਰ ਹਰਾਂ ਨੇ ਇਨ੍ਹਾਂ ਐਕਸ਼ਨਾਂ ਦੀ ਜ਼ੁੰਮੇਵਾਰੀ ਆਪਣੇ ਉੱਪਰ ਲਈ।

ਭਾਈ ਲਾਡੀ ਨੇ ਦਿੱਲੀ ਵਿਖੇ ਬਿਨਾਂ ਕਿਸੇ ਆਰਥਕ ਮੱਦਦ ਦੇ ਮਹੀਨਿਆਂ ਬੱਧੀ ਇਕ ਨਿਮਾਣੇ ਸਿੱਖ ਦੀ ਤਰ੍ਹਾਂ ਹਰ ਤਰ੍ਹਾਂ ਦੇ ਦੁਖ ਸਹਾਰ ਕੇ ਸੇਵਾ ਕੀਤੀ। ਕਈ ਦਫਾ ਅਜਿਹਾ ਸਮਾਂ ਵੀ ਆਇਆ ਜਦੋਂ ਉਨ੍ਹਾਂ ਕੋਲ ਇਕ ਦਮੜਾ ਵੀ ਨਹੀਂ ਸੀ ਹੁੰਦਾ। ਤਰਲੋਕ ਕੋਟ ਦੇ ਕਤਲ ਤੋਂ ਬਾਅਦ ਦਿੱਲੀ ਪੁਲਿਸ ਨੂੰ ਇਕ ਸੁਰਾਗ ਮਿਲ ਗਿਆ, ਜਿਸ ਦੀ ਮਦਦ ਨਾਲ ਪੁਲਿਸ ਬੱਬਰਾਂ ਦੇ ਇਕ ਛੁਪਣ ਟਿਕਾਣੇ 'ਤੇ ਪਹੁੰਚੀ, ਜਿੱਥੇ ਪਹਿਲਾਂ ਹੀ ਛਾਪੇ 'ਤੇ ਭਾਈ ਮੁਰਤਾ ਸਿੰਘ ਬੱਬਰ ਅਤੇ ਭਾਈ ਗੁਰਮੀਤ ਬੱਬਰ ਦੇ ਸਾਥੀਆਂ ਨਾਲ ਪੁਲਿਸ ਦਾ ਮੁਕਾਬਲਾ ਸ਼ੁਰੂ ਹੋ ਗਿਆ। ਦਿੱਲੀ ਅੰਦਰ ਬੱਬਰਾਂ ਵੱਲੋਂ ਇਹ ਦੂਸਰਾ ਪੁਲਿਸ ਨਾਲ ਮੁਕਾਬਲਾ ਸੀ। ਪਹਿਲਾ ਪੁਲਿਸ ਨਾਲ ਮੁਕਾਬਲਾ ਭਾਈ ਮਨਮੋਹਨ ਸਿੰਘ ਬੱਬਰ ਨੇ ਮਈ 1985 ਵਿਚ ਟਰਾਂਜਿਸਟਰ ਬੰਬ ਕਾਂਡ ਸਮੇਂ ਕੀਤਾ ਸੀ। ਬੱਬਰਾਂ ਵੱਲੋਂ ਦਿੱਲੀ ਤਖ਼ਤ ਨਾਲ ਕੀਤੇ ਦੋ ਹੱਥਾਂ ਨੂੰ ਸਿੱਖ ਸੰਘਰਸ਼ ਦਾ ਇਤਿਹਾਸ ਇਕ ਸੁਨਹਿਰੀ ਮਾਣ ਨਾਲ ਯਾਦ ਕਰਦਾ ਹੈ।

ਭਾਈ ਗੁਰਮੀਤ ਸਿੰਘ ਦਿੱਲੀ ਵਿਖੇ ਪੱਛਮ ਵਿਹਾਰ ਵਿਚ ਅਮਰਜੀਤ ਸਿੰਘ ਲਾਡੀ ਦੇ ਨਾਮ 'ਤੇ ਭਾਈ ਮੂਰਤਾ ਸਿੰਘ ਅਤੇ ਇਨ੍ਹਾਂ ਦੀ ਧਰਮ ਪਤਨੀ ਹਰਵਿੰਦਰ ਜੀਤ ਕੌਰ ਹਰਾਂ ਕੋਲ ਰਹਿੰਦਾ ਸਨ। ਪੱਛਮ ਵਿਹਾਰ ਦੇ ਫਲੈਟਾਂ ਦੇ ਸਾਹਮਣੇ ਖੁੱਲ੍ਹੀ ਗਰਾਊਂਡ ਵਿਚ ਉਹ ਬਕਾਇਦਾ ਕ੍ਰਿਕਟ ਖੇਡਦੇ ਰਹਿੰਦੇ ਸਨ, ਜਿੱਥੇ ਉਨ੍ਹਾਂ ਨੇ ਇਕ ਕ੍ਰਿਕਟ ਟੀਮ ਵੀ ਬਣਾਈ ਹੋਈ ਸੀ। ਭਾਈ ਮੂਰਤਾ ਸਿੰਘ ਇਕ ਧਰਮੀ ਫੌਜੀ ਸਨ, ਜਿਨ੍ਹਾਂ ਦਾ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿਚ ਮਹਿਤੇ ਕੋਲ ਧਰਦਿਓ ਹੈ। ਜਿਨਾ ਨੇ ਸ੍ਰੀ ਲੰਕਾ ਵਿਚ ਭਾਰਤੀ ਸ਼ਾਂਤੀ ਸੈਨਾ ਲਈ ਨੌਕਰੀ ਕਰਦਿਆਂ ਕਈ ਮਹੱਤਵਪੂਰਨ ਕਮਾਂਡੋ ਐਕਸ਼ਨਾਂ ਵਿਚ ਹਿੱਸਾ ਪਾਇਆ ਸੀ। ਇਹ ਦੋਵੇਂ ਸਿੰਘ 21 ਮਈ 1992 ਨੂੰ ਭਾਈ ਜਗਿੰਦਰ ਸਿੰਘ ਬੱਬਰ ਦੇ ਨਾਲ ਕੰਟ ਵਿਖੇ ਹੋਏ ਪੁਲਿਸ ਨਾਲ ਇਕ ਗਹਿਗੱਚ ਮੁਕਾਬਲੇ ਵਿਚੋਂ ਬਚ ਨਿਕਲੇ ਸਨ, ਦਿੱਲੀ ਦੇ ਕਮਾਂਡੋ ਕਾਫੀ ਜ਼ਖ਼ਮ ਨਾਲ ਇਨ੍ਹਾਂ ਮਗਰ ਲੱਗੇ ਹੋਏ ਸਨ।

ਭਾਈ ਮੂਰਤਾ ਸਿੰਘ ਤੇ ਭਾਈ ਲਾਡੀ 31 ਜੁਲਾਈ 1992 ਨੂੰ ਪੱਛਮ ਵਿਹਾਰ ਆਪਣੇ ਕਿਰਾਏ ਦੇ ਫਲੈਟ 'ਤੇ ਆਏ ਸਨ। 15 ਅਗਸਤ ਨੇੜੇ ਆ ਰਹੀ ਸੀ ਜਿਸ ਕਾਰਨ ਦਿੱਲੀ ਵਿਚ ਸਖਤੀ ਕਾਫੀ ਵਧ ਗਈ ਸੀ। 11 ਅਗਸਤ 1992 ਨੂੰ ਤੜਕੇ ਚਾਰ ਵਜੇ ਦੇ ਕਰੀਬ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਲੋਧੀ ਕਲੋਨੀ ਵਾਲਿਆਂ ਨੇ ਪੱਛਮ ਵਿਹਾਰ ਦੇ ਇਨ੍ਹਾਂ ਫਲੈਟਾਂ 'ਤੇ ਛਾਪਾ ਮਾਰਿਆ। ਉਸ ਸਮੇਂ ਗੁਰੂ ਕੇ ਲਾਲ ਆਪਣਾ ਅੰਮ੍ਰਿਤ ਵੇਲਾ ਸੰਭਾਲ ਰਹੇ ਸਨ ਅਤੇ ਨਾਮ ਰਸ ਅੰਦਰ ਲੀਨ ਸਨ। ਜਦੋਂ ਕਮਾਂਡੋਆਂ ਦੀ ਆਮਦ ਬਾਰੇ ਪਤਾ ਲੱਗਾ ਤਾਂ ਬੱਬਰਾਂ ਨੇ ਆਪਣੀਆਂ ਪਜੀਸ਼ਨਾਂ ਸੰਭਾਲ ਲਈਆਂ। ਇਸ ਪਹਿਲੇ ਹੱਲੇ ਵਿਚ ਪੁਲਿਸ ਨੂੰ ਮੂੰਹ ਦੀ ਖਾਣੀ ਪਈ। ਉਨ੍ਹਾਂ ਨੇ ਨੈਸ਼ਨਲ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਦੇ ਕਮਾਂਡੋਆਂ ਨੂੰ ਸੱਦ ਲਿਆ। ਕਮਾਂਡੋਆਂ ਦੀ ਇਸ ਬਦਲੀ ਵਿਚ ਭਾਈ ਗੁਰਮੀਤ ਸਿੰਘ ਬੱਬਰ ਲਾਡੀ ਇਕ ਚਾਹ ਵੇਚਣ ਵਾਲੇ ਦੇ ਭੇਸ ਵਿਚ ਸਿਰਫ ਇਕ ਬਨੈਣ ਅਤੇ ਤੇੜ

ਪਜਾਮਾ ਪਹਿਨੀ ਉੱਥੋਂ ਨਿਕਲ ਗਏ। ਬਿਨਾ ਇਕ ਪੈਸੇ ਦੇ ਬੜੀ ਮੁਸ਼ਕਿਲ ਨਾਲ ਉਹ ਬਠਿੰਡਾ ਰੇਲਵੇ ਸਟੇਸ਼ਨ 'ਤੇ ਪਹੁੰਚੇ। ਉਸ ਤੋਂ ਬਾਅਦ ਉਹ ਮਾਲਵੇ ਵਿਚ ਫਿਰ ਸਰਗਰਮ ਹੋ ਗਏ

ਪੱਛਮ ਵਿਹਾਰ ਵਿਚ ਹੋਏ ਇਸ ਮੁਕਾਬਲੇ ਵਿਚ ਭਾਈ ਮੁਰਤਾ ਸਿੰਘ ਬੱਬਰ ਉਰਫ ਭਾਈ ਮਨਜੀਤ ਸਿੰਘ ਧਰਮੀ ਫੌਜੀ ਅਤੇ ਇਨ੍ਹਾਂ ਦੀ ਧਰਮ ਪਤਨੀ ਹਰਵਿੰਦਰਜੀਤ ਕੌਰ ਬੱਬਰ ਨੇ ਦਿੱਲੀ ਦੇ ਇਨ੍ਹਾਂ ਕਮਾਂਡੋਆਂ ਨੂੰ ਉਹ ਸਬਕ ਸਿਖਾਇਆ ਜੋ ਉਹ ਅਜੇ ਤੱਕ ਨਹੀਂ ਭੁੱਲ। ਦਿੱਲੀ ਆਰਮਡ ਪੁਲਿਸ ਦੀ ਪੁਲਿਸ ਲਾਈਨ ਵਿਚ ਬੱਬਰਾਂ ਹੱਥੋਂ ਮਰੇ 28 ਕਮਾਂਡੋਆਂ ਦੀਆਂ ਤਸਵੀਰਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਮੁਕਾਬਲੇ ਵਿਚ 9 ਕਮਾਂਡੋ ਸਖਤ ਜ਼ਖਮੀ ਹੋ ਗਏ ਸਨ। ਬਾਅਦ ਵਿਚ ਇਸ ਪਾਸ ਦੀ ਅਬਾਦੀ ਨੂੰ ਖਾਲੀ ਕਰਵਾ ਕੇ ਜ਼ਹਿਰੀਲੀ ਗੈਸ ਸੁੱਟ ਕੇ ਭਾਈ ਮੁਰਤਾ ਸਿੰਘ ਬੱਬਰ ਅਤੇ ਇਨ੍ਹਾਂ ਦੀ ਧਰਮ ਪਤਨੀ ਹਰਵਿੰਦਰਜੀਤ ਕੌਰ ਨੂੰ ਸ਼ਹੀਦ ਕੀਤਾ ਗਿਆ ਸੀ।

ਪਾਰਲੀਮੈਂਟ ਦੇ ਦੋਹਾਂ ਹਾਊਸਾਂ ਅੰਦਰ ਇਸ ਮੁਕਾਬਲੇ ਬਾਰੇ ਲਗਾਤਾਰ ਦੋ ਦਿਨ ਸ਼ੋਰ ਪੈਂਦਾ ਰਿਹਾ। ਪਰ ਅਫਸੋਸ ਹੈ ਕਿ ਪੰਥ ਇਨ੍ਹਾਂ ਮਹਾਨ ਅਜ਼ਾਦੀ ਸੰਘਰਸ਼ੀ ਬੱਬਰ ਯੋਧਿਆਂ ਨੂੰ ਭੁੱਲ ਗਿਆ ਹੈ।

ਦਿੱਲੀ ਅਤੇ ਪੰਜਾਬ ਅੰਦਰ ਬੱਬਰਾਂ ਦੀਆਂ ਇਨ੍ਹਾਂ ਕਾਰਵਾਈਆਂ ਕਾਰਨ ਪੁਲਿਸ ਨੇ ਅਖੰਡ ਕੀਰਤਨੀ ਜਥੇ ਦੇ ਗੁਰਸਿੱਖ ਪਰਿਵਾਰਾਂ ਨੂੰ ਆਪਣੀ ਜਾਂਚ ਪੜਤਾਲ ਵਿਚ ਸ਼ਾਮਲ ਕਰਕੇ ਉਨ੍ਹਾਂ 'ਤੇ ਜਬਰ ਜ਼ੁਲਮ ਹੋਰ ਵੀ ਤੇਜ਼ ਕਰ ਦਿੱਤਾ ਭਾਈ ਮਹਕਮ ਸਿੰਘ ਦੀ ਧਰਮ ਪਤਨੀ ਗੁਰਨਾਮ ਕੌਰ ਭੈਣ ਜੀ ਨੂੰ ਪੁਲਿਸ ਨੇ ਘਰੋਂ ਚੁਕ ਕੇ ਲੰਮ ਨਾ ਲਿਖਣ ਜੋਗ ਜ਼ੁਲਮ ਕਰਕੇ ਲਾਪਤਾ ਕਰ ਦਿੱਤਾ।

ਭਾਈ ਗੁਰਮੀਤ ਸਿੰਘ ਬੱਬਰ ਦੀ ਪੰਜਾਬ ਵਿਚ ਆਮਦ ਬਾਰੇ ਉਸ ਸਮੇਂ ਖੂਬ ਟੁੱਟੀ ਜਦੋਂ ਫਿਰੋਜ਼ਪੁਰ ਰੇਂਜ ਦੇ ਡੀ ਆਈ ਜੀ ਬਖਸ਼ੀ ਰਾਮ ਨੇ ਪ੍ਰੈੱਸ ਅੰਦਰ ਇਹ ਕਿਹਾ ਕਿ ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ ਬਠਿੰਡਾ ਨੇੜੇ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਬਾਅਦ ਵਿਚ ਭਾਈ ਬਲਵਿੰਦਰ ਸਿੰਘ ਬੱਬਰ ਰੀਗਾ ਨੇ ਇਕ ਪ੍ਰੈੱਸ ਬਿਆਨ ਵਿਚ ਪੁਲਿਸ ਦੇ ਇਸ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਈ ਗੁਰਮੀਤ ਸਿੰਘ ਪੂਰੀ ਚੜ੍ਹਦੀਕਲਾ ਵਿਚ ਹਨ। ਬਠਿੰਡਾ ਨੇੜੇ ਪੁਲਿਸ ਘਰ ਵਿਚ ਸਾਇਨਾਇਡ ਨਿਗਲ ਕੇ ਸ਼ਹੀਦ ਹੋਣ ਵਾਲਾ ਸਿੰਘ ਭਾਈ ਅਨਖ ਸਿੰਘ ਉਰਫ ਕਾਲਾ ਬੱਬਰ ਮੁੱਖ ਸੇਵਾਦਾਰ ਜ਼ਿਲ੍ਹਾ ਮਾਨਸਾ ਸੀ।

ਪੁਲਿਸ ਨੇ ਬੱਬਰਾਂ ਦੇ ਇਸ ਗਰੁੱਪ ਨੂੰ ਖਤਮ ਕਰਨ ਵਾਸਤੇ ਕੈਟ-ਰਾਜ ਜ਼ਿੰਦੀ ਨੂੰ ਬੱਬਰਾਂ ਦੀਆਂ ਛੁਪਣਗਾਹਾਂ ਵਿਚ ਵਾੜਿਆ। ਬੱਬਰਾਂ ਵੱਲੋਂ ਇਹ ਮਹਿਸੂਸ ਕੀਤਾ ਗਿਆ ਕਿ ਸੰਘਰਸ਼ ਸਰਕਾਰੀ ਹੱਥਾਂ ਵਿਚ ਚਲਿਆ ਗਿਆ ਹੈ। ਇਸ ਨੂੰ ਕੌਮ ਦੀ ਅਜ਼ਾਦੀ ਦੇ ਮੁਖ ਧਰ ਨਾਲ ਜੋੜਨ ਲਈ ਜੰਗ ਅੰਦਰ ਸਹਿਜਤਾ ਲਿਆ ਕੇ ਇਸ ਦੀ ਛਾਂਟੀ ਕੀਤੀ ਜਾਵੇ ਅਤੇ ਜੈਕਬਨਾਂ ਦੀ ਨਵੀਂ ਰੂਪ-ਰੇਖਾ ਤਿਆਰ ਕੀਤੀ ਜਾਵੇ।

ਜਦੋਂ ਮਾਲਵੇ ਦੇ ਉਘੇ ਜਰਨੈਲ ਭਾਈ ਬਲਵਿੰਦਰ ਸਿੰਘ ਬੱਬਰ ਰੀਗਾ ਸ਼ਹੀਦ ਹੋ ਗਏ

ਤਾਂ ਭਾਈ ਗੁਰਮੀਤ ਸਿੰਘ ਅਤੇ ਇਨ੍ਹਾਂ ਦੇ ਸਾਥੀ ਟਿਕ ਕੇ ਨਾ ਬੈਠ ਸਕੇ। ਇਹ ਸਿੰਘ ਜਵਾਬੀ ਕਾਰਵਾਈ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਠਾ ਗੁਰੂ ਕਾ ਦੀ ਬੈਂਕ ਦੇ ਦੋ ਸਰਕਾਰੀ ਗਾਰਡਾਂ ਨੂੰ ਮਾਰ ਕੇ ਉਨ੍ਹਾਂ ਦੀਆਂ ਐਸ ਐਲ ਆਰ ਲੈ ਗਏ। ਜਦੋਂ ਇਸ ਘਟਨਾ ਦੇ ਸੰਬੰਧ ਵਿਚ ਬਠਿੰਡਾ ਜ਼ਿਲ੍ਹੇ ਦੇ ਡੀ ਸੀ ਘਟਨਾ ਵਾਲੀ ਥਾਂ 'ਤੇ ਆਏ ਤਾਂ ਉਨ੍ਹਾਂ ਦੀ ਗੱਡੀ ਨੂੰ ਇਕ ਬੰਬ ਧਮਾਕੇ ਨਾਲ ਉਡਾ ਦਿੱਤਾ। ਨਹੀਆਂ ਵਾਲਾ ਪੁਲਿਸ ਚੌਕੀ ਦੀ ਗੱਡੀ 'ਤੇ ਘਾਤ ਲਾ ਕੇ ਹਮਲਾ ਕਰਕੇ ਪੁਲਿਸ ਪਾਰਟੀ ਨੂੰ ਮਾਰ ਦਿੱਤਾ ਇਨ੍ਹਾਂ ਐਕਸ਼ਨਾਂ ਤੋਂ ਬਾਅਦ ਪੁਲਿਸ ਵੱਲੋਂ ਵਿਛਾਏ ਜਾਲ ਵਿਚ ਭਾਈ ਗੁਰਮੀਤ ਸਿੰਘ ਬੱਬਰ ਅਤੇ ਇਨ੍ਹਾਂ ਦੇ ਸਾਥੀ ਫਸ ਗਏ ਜਦੋਂ ਉਹ ਗੰਨੇਆਣਾ ਆਪਣੇ ਕਿਸੇ ਟਿਕਾਣੇ 'ਤੇ ਪਹੁੰਚੇ ਤਾਂ ਪੁਲਿਸ ਕੈਟਾਂ ਵਲੋਂ ਦੁੱਧ ਅੰਦਰ ਕੁਝ ਪਾਊਡਰ ਮਿਲਾ ਦਿੱਤਾ ਗਿਆ। ਇਸ ਦੁੱਧ ਨੂੰ ਛਕਣ ਨਾਲ ਉਹ ਬੇਹੋਸ਼ੀ ਦੀ ਹਾਲਤ ਵਿਚ ਫੜੇ ਗਏ ਅਪਸ਼ਟ ਖ਼ਬਰਾਂ ਅਤੇ ਬਾਅਦ ਵਿਚ ਲੱਗੀਆਂ ਖ਼ਬਰਾਂ ਅਤੇ ਭਗਾ ਦੇ ਲੱਗੇ ਇਸ਼ਤਿਹਾਰਾਂ ਤੋਂ ਪਤਾ ਲੱਗਾ ਕਿ ਭਾਈ ਦਰਸ਼ਨ ਸਿੰਘ ਬੱਬਰ ਅਕਲੀਆਂ, ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ ਨੂੰ ਵੱਖਰੀ ਥਾਂ ਤੋਂ ਫੜ ਕੇ ਅਤੇ ਭਾਈ ਜਗਰਾਜ ਸਿੰਘ ਬੱਬਰ ਰਛੀਨ ਅਤੇ ਭਾਈ ਪ੍ਰਗਟ ਸਿੰਘ ਫੌਜੀ ਸੰਗਤ ਪੁਰਾ ਨੂੰ ਵੱਖਰੀ ਥਾਂ 'ਤੇ ਸ਼ਹੀਦ ਕੀਤਾ ਗਿਆ। ਬੱਬਰਾਂ ਦੇ ਸਭ ਤੋਂ ਖ਼ਤਰਨਾਕ ਅਤੇ ਧਰਮ ਪ੍ਰਪੱਕ ਜਥੇ ਨੂੰ ਮਾਰਨ ਵਿਚ ਪੁਲਿਸ ਨੂੰ ਕੈਟ ਪ੍ਰਣਾਲੀ ਤੋਂ ਵਿਸ਼ੇਸ਼ ਸਹਿਯੋਗ ਮਿਲਿਆ ਇਨ੍ਹਾਂ ਬੱਬਰਾਂ ਦੀ ਸ਼ਹਾਦਤ ਬਾਰੇ 6 ਮਾਰਚ 1993 ਦੀ ਜਲੰਧਰ ਤੋਂ ਛਪਦੀ 'ਅਜੀਤ' ਅਖ਼ਬਾਰ ਅੰਦਰ ਪੱਤਰ ਪ੍ਰੇਰਕ ਅਤੇ ਏਜੰਸੀਆਂ ਰਾਹੀਂ ਫਿਰੋਜ਼ਪੁਰ ਰੇਂਜ ਦੇ ਡੀ ਆਈ ਜੀ ਸ਼ਖਸ਼ੀ ਰਾਮ ਅਤੇ ਬਠਿੰਡਾ ਜ਼ਿਲ੍ਹੇ ਦੇ ਐਸ ਐਸ ਪੀ ਅਨਿਲ ਸ਼ਰਮਾ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਦੀ ਛਪੀ ਖ਼ਬਰ ਵਿਚ ਪ੍ਰਗਟਾਵਾ ਕੀਤਾ ਗਿਆ ਸੀ

ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਕੌਮ ਨੇ ਇਨ੍ਹਾਂ ਸ਼ਹਾਦਤਾਂ ਦਾ ਕੀ ਮੁੱਲ ਪਾਇਆ? ਅੱਜ ਵੀ ਇਨ੍ਹਾਂ ਬਹਾਦਰਾਂ ਦੀਆਂ ਕਹਾਣੀਆਂ, ਸ਼ਹਾਦਤਾਂ ਦੇ ਕਈ ਅਣਸੁਲਝੇ ਰਹੱਸ ਇਤਿਹਾਸ ਦੀ ਗਰਦ ਹੇਠ ਦੱਬੇ ਪਏ ਹਨ ਇਨ੍ਹਾਂ ਬਹਾਦਰਾਂ ਦੇ ਅਧੂਰੇ ਕਾਰਜ ਸੰਪੂਰਨਤਾ ਲੋਚਦੇ ਹਨ, ਜੋ ਇਨ੍ਹਾਂ ਦੀਆਂ ਸ਼ਹਾਦਤਾਂ ਕਾਰਨ ਅਧੂਰੇ ਰਹਿ ਗਏ ਹਨ। ਸ਼ਹੀਦ ਭਾਈ ਗੁਰਮੀਤ ਸਿੰਘ ਬੱਬਰ ਅਤੇ ਇਨ੍ਹਾਂ ਦੇ ਸ਼ਹੀਦ ਸਾਥੀਆਂ ਦੀਆਂ ਸ਼ਹਾਦਤਾਂ ਕੌਮ ਲਈ ਚੁਣੌਤੀ ਹਨ।

# ਭਾਈ ਸੁਰਿੰਦਰ ਸਿੰਘ ਉਰਫ਼ ਸੰਗਰਾਮ ਸਿੰਘ ਬੱਬਰ

ਮੌਜੂਦਾ ਅਜ਼ਾਦੀ ਦੇ ਸੰਘਰਸ਼ ਦੌਰਾਨ ਮਾਲਵੇ ਦਾ ਇਲਾਕਾ ਬੱਬਰਾਂ ਦੀਆਂ ਸ਼ਹਾਦਤਾਂ ਦੀ ਜ਼ਰਖੇਜ਼ ਮਿੱਟੀ ਬਣਿਆ ਰਿਹਾ ਹੈ। ਪੁਰਾਤਨ ਸਿੰਘਾਂ ਦੀਆਂ ਸ਼ਹਾਦਤਾਂ ਦੇ ਪੂਰਨਿਆਂ 'ਤੇ ਚਲਦਿਆਂ, ਚਾਲੀ ਮੁਕਤਿਆਂ ਦੀ ਪਵਿੱਤਰ ਧਰਤੀ ਸ਼ਹਾਦਤਾਂ ਦੀ ਲੜੀ ਨੂੰ "ਟੁੱਟਣੋਂ ਗੰਢਣ" ਤੋਂ ਬਚਾਉਂਦੀ ਹੋਈ, ਸਿਰ ਨਿਵਾ ਕੇ ਨਹੀਂ ਚੱਲੀ, ਨਾ ਹੀ ਬੇਦਾਵਾ ਲਿਖਿਆ, ਮਾਲਵੇ ਦਾ ਨਿੱਕਾ ਜਿਹਾ ਪਿੰਡ ਚੱਕ ਮਦਰੱਸਾ ਜੋ ਮੁਕਤਸਰ ਜ਼ਿਲ੍ਹੇ ਵਿਚ ਮੁਕਤਸਰ ਤੋਂ ਮਹਾਂਬੱਧਰ-ਮੰਡ ਸੜਕ ਉੱਪਰ ਹੈ ਇਸ ਪਿੰਡ ਨੇ ਇਕ ਖ਼ਾਲਿਸਤਾਨੀ ਯੋਧੇ ਨੂੰ ਜਨਮ ਦਿੱਤਾ ਜਿਸ ਨੇ ਇਸ ਕਥਨ ਨੂੰ ਸੱਚ ਕਰ ਦਿਖਾਇਆ "ਅਸੁਰ ਸੰਘਾਰਬੇ ਕਉ ਦੁਰਜਨ ਕੇ ਮਾਰਬੇ ਕਉ ਸੰਕਟ ਨਿਵਾਰਬੇ ਕਉ ਖ਼ਾਲਸਾ ਬਨਾਯੋ ਹੈ।" ਸੱਚ ਹੀ ਭਾਈ ਸੁਰਿੰਦਰ ਸਿੰਘ ਬੱਬਰ ਕੌਮ ਲਈ ਸੰਕਟ ਨਿਵਾਰਦਾ, ਦੁਸ਼ਟਾਂ ਨੂੰ ਸੰਘਾਰਦਾ ਪੁਰਜਾ ਪੁਰਜਾ ਕੱਟੀਂਦਾ ਸ਼ਹੀਦ ਹੋ ਗਿਆ।

ਸਰਦਾਰ ਮਲਕੀਤ ਸਿੰਘ ਜੀ ਦਾ ਸਧਾਰਨ ਜਿਹਾ ਘਰ, ਘਰ ਦੀ ਗਰੀਬੀ ਗਲੀ ਉੱਪਰ ਖੁੱਲ੍ਹੇ ਦਰਵਾਜ਼ੇ ਦੀ ਦਹਿਲੀਜ਼ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਪਿੰਡ ਦੇ ਲੋਕ ਇਸ ਘਰੋਂ ਕੱਪੜੇ ਸਿਲਾਉਣ ਆਉਂਦੇ ਸਨ। ਅੱਜ ਇਲਾਕਾ ਵਾਸੀ ਇਸ ਪਿੰਡ ਨੂੰ ਬੱਬਰ ਸੁਰਿੰਦਰ ਸਿੰਘ ਉਰਫ਼ ਸੰਗਰਾਮ ਸਿੰਘ ਬੱਬਰ ਕਰਕੇ ਯਾਦ ਕਰਦੇ ਹਨ। ਭਾਈ ਸਾਹਿਬ ਜੀ ਦੇ ਸਨੇਹੀ ਉਨ੍ਹਾਂ ਨੂੰ ਜ਼ਿੰਦਾ ਸ਼ਹੀਦ ਉਰਫ਼ ਡੀ ਸੀ (ਡਿਪਟੀ ਚੀਫ਼) ਕਰਕੇ ਯਾਦ ਕਰਦੇ ਹਨ। ਆਪ ਜੀ ਦਾ ਜਨਮ ਸ. ਮਲਕੀਤ ਸਿੰਘ ਜੀ ਦੇ ਘਰ ਮਾਤਾ ਦਲਜੀਤ ਕੌਰ ਜੀ ਦੀ ਪਵਿੱਤਰ ਕੁੱਖੋਂ ਹੋਇਆ। ਆਪ ਜੀ ਤਿੰਨ ਭਰਾਵਾਂ ਤੇ ਦੋ ਭੈਣਾਂ 'ਚੋਂ ਸਭ ਤੋਂ ਵੱਡੇ ਸਨ। ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਆਪਣੇ ਨਾਨਕੇ ਪਿੰਡ ਫਰੀਦਕੋਟ ਤੋਂ ਆਪਣੇ ਮਾਮਾ ਡਾਕਟਰ ਬਲਬੀਰ ਸਿੰਘ ਜੀ ਦੇ ਘਰ ਰਹਿ ਕੇ ਮਨਜੀਤ ਇੰਦਰਪੁਰਾ ਪ੍ਰਾਇਮਰੀ ਸਕੂਲ ਡੋਗਰ ਬਸਤੀ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਆਪ ਜੀ ਪਿੰਡ ਲੱਖੇਵਾਲੀ ਵਿਖੇ ਪੜ੍ਹਨ ਲੱਗ ਪਏ। ਘਰ ਦੀ ਗੁਰਬੱਤ, ਪੜ੍ਹਾਈ ਦੀ ਲਗਨ, ਛੋਟੇ ਭੈਣ ਭਰਾਵਾਂ ਦੇ ਪੜ੍ਹਾਈ ਦੇ ਖਰਚੇ, ਇਹ ਸਾਰੇ ਦਰਦ ਆਪਣੇ ਨਾਲ ਲਈ ਉਹ ਲੱਖੇਵਾਲੀ ਮੰਡੀ ਦੇ ਸਕੂਲ ਵਿਚ ਪੜ੍ਹਨ ਜਾਂਦੇ ਸਕੂਲ ਦੀ ਛੁੱਟੀ ਤੋਂ ਬਾਅਦ ਘਰੋਂ ਰੋਟੀ ਚਾਹ ਆਦਿ ਛਕ ਕੇ ਨੇੜੇ ਹੀ ਬਣ ਰਹੇ ਸੇਮ ਨਾਲੇ ਉੱਪਰ ਦਿਹਾੜੀ ਕਰਨ ਚਲੇ ਜਾਂਦੇ। ਅੱਧੀ ਦਿਹਾੜੀ ਕਰ ਕੇ ਸ਼ਾਮ ਨੂੰ ਘਰੇ ਆ ਕੇ ਪਿਤਾ ਜੀ ਨਾਲ ਦਰਜ਼ੀ ਦੇ ਕੰਮ ਵਿਚ ਹੱਥ ਵਟਾਉਂਦੇ ਇਕ ਅਜਿਹਾ ਸਿਰੜੀ, ਹੱਦ ਦਰਜੇ ਦਾ ਮਿਹਨਤੀ "ਛਿੰਦਾ", ਹੱਸ ਹੱਸ ਯਾਰਾਂ ਬੇਲੀਆਂ ਨੂੰ ਕਹਿ ਦੇਂਦਾ "ਸਰੀਰ ਦਾ ਕੀ ਹੈ, ਇਸ ਨੇ ਕਿਹੜਾ ਘਸਣਾ ਹੈ, ਜਿੰਨਾ ਵਰਤ ਲਈਏ ਥੋੜ੍ਹਾ ਹੈ ਦੋਸਤੋ ਰੱਬ ਦਾ ਸ਼ੁਕਰ ਕਰੋ, ਆਪਾਂ ਨੂੰ ਇਨਸਾਨੀ ਜਾਮਾ ਮਿਲਿਆ ਹੈ, ਨੇਕ ਕੰਮ ਕਰੋ ਤਾਂ ਕਿ ਸੰਸਾਰ 'ਤੇ ਨਾਮ ਰਹੇ।" ਸੱਚ ਹੀ ਛਿੰਦਾ "ਸ਼ਹੀਦ ਭਾਈ ਸੰਗਰਾਮ ਸਿੰਘ ਬੱਬਰ" ਦਾ ਨਾਮ ਸੰਸਾਰ 'ਤੇ ਕੌਮ ਦੀ

ਅਜ਼ਾਦੀ ਲਈ ਛੱਡ ਗਿਆ। ਆਪ ਜੀ ਨੇ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਡਰਾਫਟਸਮੈਨ ਦਾ ਕੋਰਸ ਕਰ ਲਿਆ। ਹਰ ਮੈਦਾਨ ਹੋਣਹਾਰ ਹੋਣ ਕਾਰਨ, ਆਪ ਜੀ ਨੂੰ ਹੈਲਥ ਵਿਭਾਗ ਵਿਚ ਨੌਕਰੀ ਮਿਲ ਗਈ। ਹੁਣ ਘਰ ਦੀ ਕਬੀਲਦਾਰੀ ਦਾ ਸਾਰਾ ਹੀ ਬੋਝ ਉਨ੍ਹਾਂ ਉੱਪਰ ਆ ਗਿਆ ਸੀ। ਕਿਉਂਕਿ ਪਿਤਾ ਜੀ ਦੇ ਪੁਰਾਣੇ ਰਿਵਾਜ ਦੇ ਕੱਪੜੇ ਸਿਉਣ ਜਾਣਦੇ ਹੋਣ ਕਰਕੇ ਦਰਜ਼ੀ ਦੇ ਕੰਮ ਵਿਚ ਇਤਨੀ ਜ਼ਿਆਦਾ ਆਮਦਨ ਨਹੀਂ ਸੀ ਹੁੰਦੀ। ਇਸ ਕਾਰਨ ਘਰ ਦੀ ਹਾਲਤ ਤੰਗੀਆਂ ਤੁਰਸ਼ੀਆਂ ਵਿਚੋਂ ਹੀ ਲੰਘਦੀ ਸੀ। ਗੁਰਸਿੱਖੀ ਮਾਣ ਮਰਿਆਦਾ ਤੇ ਭਾਵਨੀ ਉਹ ਹਮੇਸ਼ਾ ਹੀ ਆਪਣੇ ਸਿਰ ਉੱਪਰ ਰੱਖਦੇ ਸਨ। ਤਨਖ਼ਾਹ ਸਾਰੀ ਹੀ ਘਰੇ ਫੜਾ ਦਿੰਦੇ ਸਨ। ਤਨਖ਼ਾਹ ਦਾ ਦਸਵੰਧ ਜਥੇਬੰਦੀ ਦੇ ਸਿੰਘਾਂ ਨੂੰ ਫੜਾ ਕੇ, ਇਸ ਦਿੱਤੇ ਰਿਜ਼ਕ ਲਈ ਅਕਾਲ ਪੁਰਖ ਜੀ ਦਾ ਕੋਟ-ਕੋਟ ਸ਼ੁਕਰਾਨਾ ਕਰਦੇ ਸਨ

ਤੇਰਾਂ ਅਪ੍ਰੈਲ ਸੰਨ 1978 ਨੂੰ ਵਿਸਾਖੀ ਵਾਲੇ ਦਿਨ ਵਾਪਰੇ ਖ਼ੂਨੀ ਕਾਂਡ ਨੇ ਆਪ ਜੀ ਨੂੰ ਅਖੰਡ ਕੀਰਤਨੀ ਜਥੇ ਨਾਲ ਜੋੜ ਦਿੱਤਾ। ਆਪ ਜੀ ਪੂਰਨ ਬਿਬੇਕੀ ਅਤੇ ਅਖੰਡ ਪਾਠੀ ਸਨ। ਹਮੇਸ਼ਾ ਹੀ ਸਹਿਜ ਪਾਠ ਘਰੇ ਕਰਦੇ ਰਹਿੰਦੇ ਸਨ। ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਸਿੰਘਾਂ ਦੀ ਸ਼ਹਾਦਤ ਨੇ ਆਪ ਜੀ ਨੂੰ ਅਜਿਹਾ ਝੰਜੋੜਿਆ ਕਿ ਆਪ ਜੀ ਨੇ ਕੀਰਤਨ ਕਰਨ ਲਈ ਲੈ ਕੇ ਆਂਦਾ ਹਰਮੋਨੀਅਮ ਪੱਕੇ ਤੌਰ 'ਤੇ ਬੰਨ੍ਹ ਕੇ ਰੱਖ ਦਿੱਤਾ। ਕਹਿੰਦੇ "ਹੁਣ ਕੀਰਤਨੀ ਧੁਨਾਂ ਨੇ ਠੱਲ ਨਹੀਂ ਪਾਉਣੀ, ਖੰਡੇ ਦੀ ਬੋਲਾ ਹੀ ਗੂੰਜੇਗੀ ਫਿਰ ਹੀ ਧਰਮ ਬਚੇਗਾ।"

ਆਪ ਜੀ ਸੰਨ 1982 ਦੇ ਸ਼ੁਰੂ ਵਿਚ ਹੀ ਦਰਬਾਰ ਸਾਹਿਬ ਕੰਪਲੈਕਸ ਵਿਚ ਭਾਈ ਸੁਖਦੇਵ ਸਿੰਘ ਬੱਬਰ ਦੀ ਕਮਾਂਡ ਹੇਠ ਬੱਬਰਾਂ ਦੇ ਜਥੇ ਵਿਚ ਸ਼ਾਮਲ ਹੋ ਗਏ ਸਨ। ਕਈ-ਕਈ ਦਿਨ ਆਪ ਜੀ ਦਫ਼ਤਰੋਂ ਛੁੱਟੀ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਚਲੇ ਜਾਂਦੇ, ਜਿਥੇ ਜਥੇ ਦੇ ਸਿੰਘਾਂ ਦੀ ਬਸਤਰਾਂ ਦੀ ਸੇਵਾ ਆਦਿ ਕਰਦੇ ਰਹਿੰਦੇ। ਘੰਟਿਆਂ ਬੱਧੀ ਚੌਂਕੜਾ ਮਾਰ ਕੇ ਬੰਦਗੀ ਵਿਚ ਲੀਨ ਰਹਿੰਦੇ। ਆਪ ਜੀ ਦਾ ਦਰਮਿਆਨਾ ਕੱਦ ਛੋਟਾ ਜਿਹਾ ਸਰੀਰ ਵੇਖ ਕੇ ਕੋਈ ਵੀ ਨਹੀਂ ਮੰਨਦਾ ਸੀ ਕਿ ਇਹ ਖਾੜਕੂ ਹੈ। ਦਰਬਾਰ ਸਾਹਿਬ ਜੀ ਉੱਪਰ ਹੋਏ ਹਮਲੇ ਤੋਂ ਅੱਠ ਦਿਨ ਪਹਿਲਾਂ ਹੀ ਆਪ ਨਾਨਕ ਨਿਵਾਸ ਛੱਡ ਕੇ ਜਥੇਬੰਦੀ ਦੀ ਹਦਾਇਤ 'ਤੇ ਘਰੇ ਆ ਗਏ ਸਨ।

ਜਦੋਂ ਆਪ ਜੀ ਫਰੀਦਕੋਟ ਵਿਖੇ ਨੌਕਰੀ ਕਰਦੇ ਸਨ ਤਾਂ ਬਠਿੰਡਾ ਪੁਲਿਸ ਨੇ ਕਾਰ ਬੰਬ ਧਮਾਕਿਆਂ ਦੇ ਸੰਬੰਧ ਵਿਚ 26 ਜੁਲਾਈ 1986 ਨੂੰ ਆਪ ਜੀ ਉੱਪਰ ਰੇਡ ਮਾਰੀ ਸੀ, ਜਿੱਥੋਂ ਆਪ ਜੀ ਘੇਰੇ ਵਿਚੋਂ ਨਿਕਲ ਗਏ ਸਨ। ਫਰੀਦਕੋਟ ਤੋਂ ਬਦਲੀ ਕਰਵਾ ਕੇ ਆਪ ਜੀ ਮੁਕਤਸਰ ਚਲੇ ਗਏ। ਮੁਕਤਸਰ ਸਾਹਿਬ ਵਿਖੇ ਆਪ ਜੀ ਦਾ ਟਿਕਾਣਾ ਬੱਬਰਾਂ ਦਾ ਡੇਰਾ ਕਰਕੇ ਮਸ਼ਹੂਰ ਸੀ। ਆਪ ਜੀ ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਮੰਡ ਫਲੌਰੀ ਤੋਂ ਬਾਅਦ ਮਾਲਵੇ ਦੇ ਡਿਪਟੀ ਚੀਫ਼ ਸਨ। ਸੰਨ 1985 ਦੇ ਚੋਣ ਬਾਈਕਾਟ ਸਮੇਂ ਆਪ ਕਾਰ ਬੰਬ ਧਮਾਕਿਆਂ ਦੇ ਮੋਹਰੀ ਰਹੇ। ਭਾਈ ਸੁਲੱਖਣ ਸਿੰਘ ਬੱਬਰ ਦੀ ਕਮਾਂਡ ਹੇਠ ਭਾਈ ਬਖਸ਼ੀਸ਼ ਸਿੰਘ ਵਕੀਲ ਬਠਿੰਡਾ ਅਤੇ ਭਾਈ ਕੁਲਵੰਤ ਸਿੰਘ ਬੱਬਰ ਨਾਲ ਮਿਲ ਕੇ ਚੁੰਬਕੀ ਬੰਬ ਬਣਾਏ ਜੋ ਟਾਈਮਰ ਪੈਨਸਿਲਾਂ ਰਾਹੀਂ ਫੱਟਣੇ ਸਨ। ਉਨ੍ਹਾਂ ਨੂੰ ਕਾਰਾਂ ਦੀਆਂ ਪੈਟਰੋਲ

ਟੈਂਕੀਆਂ ਹੋਣ ਲੱਗਿਆ ਜੋ ਸਾਰੇ ਪੰਜਾਬ ਵਿਚ ਇਕ ਸਮੇਂ ਫੱਟਣੇ ਸਨ. ਆਪ ਜੀ ਜੰਗਜੂ ਐਕਸ਼ਨਾਂ ਅੰਦਰ ਭਾਈ ਜਸਮਿੰਦਰ ਸਿੰਘ ਬੱਬਰ ਲੁਧਿਆਣਾ, ਭਾਈ ਜਸਵਿੰਦਰ ਸਿੰਘ ਹੈਪੀ ਸਿਵੀਆਂ, ਭਾਈ ਬਲਵਿੰਦਰ ਸਿੰਘ ਬੱਬਰ ਗੋਰਾ, ਭਾਈ ਹਰਭਜਨ ਸਿੰਘ ਬੱਬਰ ਛੋਲਿਆਂਵਾਲੀ ਨਾਲ ਗੁਪਤ ਰੂਪ ਵਿਚ ਵਿਚਰਦੇ ਰਹੇ. ਸੰਨ 1990 ਵਿਚ ਆਪ ਜੀ ਮੁਕਤਸਰ ਸਾਹਿਬ ਵਿਖੇ ਕਿਸੇ ਐਕਸ਼ਨ ਕਾਰਨ ਪੁਲਿਸ ਦੀਆਂ ਨਜ਼ਰਾਂ ਵਿਚ ਫਿਰ ਆ ਗਏ ਅਤੇ ਆਪ ਜੀ ਨੂੰ ਰੂਪੋਸ਼ ਹੋਣਾ ਪੈ ਗਿਆ।

ਬੱਬਰਾਂ ਨੇ ਆਪ ਜੀ ਨੂੰ ਗੁਪਤ ਨਾਮ ਭਾਈ ਸੰਗਰਾਮ ਸਿੰਘ ਬੱਬਰ ਦਿੱਤਾ। ਮਿੱਠਬੋਲੜੇ ਸੁਭਾਅ ਕਾਰਨ ਆਪ ਜੀ ਹਰ ਇਕ ਦੇ ਦਿਲ ਵਿਚ ਆਪਣੀ ਥਾਂ ਬਣਾ ਲੈਂਦੇ। ਜੋ ਵੀ ਇਨ੍ਹਾਂ ਨੂੰ ਇਕ ਵਾਰ ਮਿਲ ਲੈਂਦਾ ਉਹ ਆਪਣੀ ਜ਼ਿੰਦਗੀ ਦੀ ਯਾਦ ਹਮੇਸ਼ਾਂ ਨਾਲ ਲਈ ਫਿਰਦਾ।

ਜਦੋਂ ਐਸ.ਐਸ.ਪੀ. ਗੋਬਿੰਦ ਰਾਮ ਇਕ ਬੰਬ ਧਮਾਕੇ ਵਿਚ ਮਾਰਿਆ ਗਿਆ ਤਾਂ ਆਪ ਜੀ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਮੁਕਤਸਰ ਸਾਹਿਬ ਵਿਖੇ ਗੁਰਦੁਆਰਾ ਟਿੱਬੀ ਸਾਹਿਬ ਕੋਲ ਮਾਘੀ ਦੇ ਮੇਲੇ 'ਤੇ ਮਾਘ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਗੋਬਿੰਦ ਰਾਮ ਦੀ ਕਬਰ ਬਣਾ ਕੇ ਉਸ ਉੱਪਰ ਇਕ ਬੋਰਡ ਲਾ ਦਿੱਤਾ। ਇਹ ਅੰਗਰੇਜ਼ ਦੀ ਰੂਹ ਦੀ ਕਬਰ ਹੈ। ਦੂਸਰੀਆਂ ਕਬਰਾਂ ਦੇ ਨਾਲ ਇਸ ਕਬਰ 'ਤੇ ਵੀ ਹੋਲਾ ਮਹੱਲਾ ਵੇਖਣ ਸਮੇਂ ਸਿੰਘ ਛਿੱਤਰ ਮਾਰ ਕੇ ਜਾਣ। ਆਪ ਜੀ ਦੇ ਐਕਸ਼ਨ ਅਤੇ ਸੰਗਤ ਅੰਦਰ ਸੇਵਾ ਕਰਨ ਦੇ ਢੰਗ ਬਿਲਕੁਲ ਹੀ ਨਿਆਰੇ ਸਨ ਜਿਸ ਕਾਰਨ ਆਪ ਜੀ ਨੂੰ ਸੰਗਤ ਅੱਜ ਵੀ ਯਾਦ ਕਰਦੀ ਹੈ।

ਮੁਕਤਸਰ ਅਤੇ ਫਰੀਦਕੋਟ ਪੁਲਿਸ ਵੱਲੋਂ ਸਖ਼ਤੀ ਵੱਧਣ ਕਾਰਨ ਆਪ ਜੀ ਨੇ ਪੰਜਾਬ ਛੱਡ ਦਿੱਤਾ। ਪਰਿਵਾਰ ਦੇ ਮੈਂਬਰ ਅਤੇ ਰਿਸ਼ਤੇਦਾਰ ਲੰਮੀਆਂ ਯਾਤਨਾਵਾਂ ਝੱਲ ਰਹੇ ਸਨ. ਛੋਟੇ ਭਰਾ 'ਤੇ ਮੁਕਤਸਰ ਪੁਲਿਸ ਨੇ ਇਸ ਕਦਰ ਤਸ਼ੱਦਦ ਕੀਤਾ ਕਿ ਉਨ੍ਹਾਂ ਦਾ ਸਰੀਰ ਅਜ ਤੱਕ ਵੀ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੋਇਆ

ਐਸ.ਐਸ.ਪੀ. ਫਰੀਦਕੋਟ ਸਵਰਨ ਸਿੰਘ, ਜੋ ਘਟਨਾ ਕਰਕੇ ਮਸ਼ਹੂਰ ਸੀ. ਨੇ ਨਵੰਬਰ 1991 ਦੇ ਸ਼ੁਰੂ ਵਿਚ ਫਰੀਦਕੋਟ ਪੁਲਿਸ ਦੀ ਇਕ ਜ਼ਰੂਰੀ ਮੀਟਿੰਗ ਸੱਦੀ ਕਿਉਂਕਿ ਪੁਲਿਸ ਕੋਲ ਕੋਟਕਪੂਰ ਦੇ ਇਕ ਮੁਖਬਰ ਨੇ ਭਾਈ ਸੁਰਿੰਦਰ ਸਿੰਘ ਬਾਰੇ ਇਕ ਗੁਪਤ ਸੂਚਨਾ ਦਿੱਤੀ ਸੀ। ਉਹ ਮੁਖਬਰ ਕੋਟਕਪੂਰੇ ਦੇ ਅਖੰਡ ਕੀਰਤਨੀ ਜਥੇ ਦੇ ਕੁਝ ਸਿੰਘਾਂ ਦਾ ਲੰਗੋਟੀਆ ਯਾਰ ਸੀ. ਐਸ.ਐਸ.ਪੀ. ਘਟਨੇ ਨੇ ਆਪਣੇ ਖਾਸ ਅਫਸਰ ਸੀ.ਆਈ.ਏ. ਸਟਾਫ ਫਰੀਦਕੋਟ ਦੇ ਇੰਚਾਰਜ ਬੱਚਨ ਸਿੰਘ ਦੀ ਖਾਸ ਡਿਊਟੀ ਲਾ ਦਿੱਤੀ ਕਿ ਅੱਠ ਦਿਨਾਂ ਦੇ ਅੰਦਰ ਸੁਰਿੰਦਰ ਸਿੰਘ ਨੂੰ ਫੜਨਾ ਹੀ ਫੜਨਾ ਹੈ. ਬੱਚਨ ਸਿੰਘ ਜੋ ਬਚਨੇ ਬੁੱਚੜ ਕਰਕੇ ਮਸ਼ਹੂਰ ਸੀ ਤੇ ਜਿਸਦੇ ਹੱਥ ਪਹਿਲਾਂ ਹੀ ਕਈ ਸਿੰਘਾਂ ਦੇ ਖ਼ੂਨ ਨਾਲ ਰੰਗੇ ਹੋਏ ਸਨ। ਭਾਈ ਸੁਰਿੰਦਰ ਸਿੰਘ ਜੀ ਦੇ ਵਿਸ਼ਵਾਸ ਪਾਤਰ ਬਣੇ ਇਕ ਦੋਸਤ ਦਾ ਅਸਲੀ ਚਿਹਰਾ ਉਸ ਸਮੇਂ ਸਾਹਮਣੇ ਆਇਆ ਜਦੋਂ ਬਲਜਿੰਦਰ ਸਿੰਘ ਉਰਫ ਮੁਨਸ਼ੀ ਉਰਫ ਅਮਰਜੀਤ ਪਿੰਡ ਠਾੜਾ ਨਿਵਾਸੀ ਨੇ ਉਨ੍ਹਾਂ ਦੇ ਸਾਰੇ ਟਿਕਾਣੇ ਅਤੇ ਹੋਰ ਮਹੱਤਵਪੂਰਨ ਗੱਲਾਂ

ਕੋਟਕਪੂਰੇ ਦੇ ਸੀ ਆਈ ਡੀ ਦੇ ਡੀ ਐਸ ਪੀ ਨੂੰ ਦੱਸ ਦਿੱਤੀਆਂ ਸਨ। ਸੀ ਆਈ ਡੀ ਦੀ ਇਸ ਗੁਪਤ ਸੂਚਨਾ ਦੇ ਅਧਾਰ 'ਤੇ ਹੀ ਸੀ ਆਈ ਏ ਸਟਾਫ ਫਰੀਦਕੋਟ ਨੇ 6 ਨਵੰਬਰ ਦੀ ਰਾਤ ਨੂੰ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਭਾਈ ਬਲਦੇਵ ਸਿੰਘ ਤਲਵੰਡੀ, ਉਨ੍ਹਾਂ ਦੀ ਸਿੰਘਣੀ, ਉਨ੍ਹਾਂ ਦੇ ਘਰੇ ਆਈ ਉਨ੍ਹਾਂ ਦੀ ਬੇਟੀ ਜੋ ਬੱਚੇ ਨੂੰ ਜਨਮ ਦੇਣ ਲਈ ਆਖਰੀ ਮਹੀਨੇ ਆਪਣੇ ਮਾਪਿਆਂ ਦੇ ਘਰ ਆਈ ਸੀ ਨੂੰ ਪਿੰਡ ਡੱਗੋ ਰੁਮਾਣੇ ਦੇ ਇਕ ਸਿੰਘ ਤੇ ਨਾਲ ਹੀ ਭਾਈ ਤੀਰਥ ਸਿੰਘ ਖਾਲਸਾ ਸਾਬਕਾ ਫੌਜੀ ਅਤੇ ਇਸ ਜੀਵਨੀ ਦੇ ਲੇਖਕ ਕਰਮਜੀਤ ਸਿੰਘ ਸਿੱਖਾਂਵਾਲਾ ਅਤੇ ਉਨ੍ਹਾਂ ਦੀ ਸਿੰਘਣੀ ਸਮੇਤ ਸਾਰਿਆਂ ਨੂੰ ਪੁਲਿਸ ਦੀਆਂ ਵੱਖਰੇ-ਵੱਖਰੀਆਂ ਪੁਲਿਸ ਪਾਰਟੀਆਂ ਨੇ ਚੁੱਕ ਲਿਆਂਦਾ। 7 ਨਵੰਬਰ 1991 ਦੀ ਸਵੇਰ ਨੂੰ ਸਾਰਿਆਂ ਦੀਆਂ ਹੀ ਅਣਖਾਂ ਗੈਰਤਾਂ ਦੀਆਂ ਕਹਾਣੀਆਂ ਵੱਖਰੇ ਵੱਖਰੀਆਂ ਪਰਖੀਆਂ ਜਾ ਰਹੀਆਂ ਸਨ ਅਲਫ ਨੰਗੀ ਹਾਲਤ ਵਿਚ ਜਬਰ ਜ਼ੁਲਮ ਤੇ ਸ਼ਰਮ ਹਯਾ ਫਰੀਦਕੋਟ ਦੇ ਤਫਤੀਸ਼ੀ ਸੈਂਟਰ ਵਿਚ ਦਿਨ ਦੀਵੀਂ ਵੰਹੜੇ ਦੀਆਂ ਕੰਧਾਂ ਵਿਚ ਪਾੜ ਪਾੜ ਦਫਨ ਹੋ ਰਹੇ ਸਨ।

ਇਸ ਕਹਿਰ ਦੀ ਗੱਲ ਕੀ ਲਿਖੀ ਜਾਵੇ ਜਦੋਂ ਭਾਈ ਬਲਦੇਵ ਸਿੰਘ ਤਲਵੰਡੀ ਭਾਈ ਨੂੰ ਸਟਾਫ ਦੀ ਇਕ ਨੁਕਰ ਵਿਚ ਗੱਡੇ ਕਿੱਲੇ 'ਤੇ ਘੜੀਸ ਕੇ ਬਿਠਾਇਆ ਜਾ ਰਿਹਾ ਸੀ ਜੋ ਤਿੱਖਾ ਤੇ ਉਪਰੋਂ ਗਰੀਸ ਨਾਲ ਲਿਬੜਿਆ ਹੋਇਆ ਸੀ। ਬੱਚੀ ਤੇ ਸਿੰਘਣੀਆਂ ਨੂੰ ਕਸਕੀਆਂ ਤੋਂ ਫੜ ਕੇ ਰਾਈਫਲਾਂ ਦੇ ਬੱਟਾਂ ਅਤੇ ਬੂਟਾਂ ਦੇ ਠੁੱਡਿਆਂ ਨਾਲ ਸਿੰਘਾਂ ਦੀ ਇਹ ਹਾਲਤ ਦੇਖਣ ਲਈ ਮਜਬੂਰ ਕੀਤਾ ਜਾ ਰਿਹਾ ਸੀ।

ਪੁਲਿਸ ਨੂੰ ਕੈਟ ਮੁਨਸ਼ੀ ਵੱਲੋਂ ਇਹ ਸੂਚਨਾ ਦਿੱਤੀ ਗਈ ਸੀ ਕਿ ਸੁਰਿੰਦਰ ਸਿੰਘ ਦੀਵਾਲੀ ਤੋਂ ਬਾਅਦ ਪੰਜਾਬ ਆ ਜਾਵੇਗਾ। ਪੁਲਿਸ ਨੂੰ ਸ਼ੱਕ ਸੀ ਕਿ ਸੁਰਿੰਦਰ ਸਿੰਘ ਪੰਜਾਬ ਵਿਚ ਆਪਣੇ ਕਿਸੇ ਟਿਕਾਣੇ 'ਤੇ ਆ ਚੁੱਕਾ ਹੋਵੇਗਾ। ਜਦੋਂ ਪੁਲਿਸ ਨੂੰ ਇਹ ਯਕੀਨ ਹੋ ਗਿਆ ਕਿ ਸੁਰਿੰਦਰ ਸਿੰਘ ਅਜੇ ਪੰਜਾਬ ਨਹੀਂ ਆਇਆ ਤਾਂ ਪੁਲਿਸ ਨੇ ਦਿੱਲੀ ਰੇਲਵੇ ਸਟੇਸ਼ਨ 'ਤੇ ਆਪਣਾ ਜਾਲ ਵਿਛਾ ਲਿਆ ਅਤੇ ਦੂਸਰੀ ਇਕ ਪਾਰਟੀ ਨੇ ਨਾਗਪੁਰ ਉਨ੍ਹਾਂ ਦੇ ਟਿਕਾਣੇ 'ਤੇ ਛਾਪਾ ਮਾਰਨ ਲਈ ਕਾਰਵਾਈ ਆਰੰਭ ਕਰ ਦਿੱਤੀ। ਕਿਉਂਕਿ ਨਾਗਪੁਰ ਵਿਖੇ ਤਲਵੰਡੀ ਭਾਈ ਵਾਲੇ ਸਿੰਘ ਦੇ ਰਿਸ਼ਤੇਦਾਰ ਰਹਿੰਦੇ ਸਨ। ਪਰ ਸੁਰਿੰਦਰ ਸਿੰਘ ਨਾਗਪੁਰ ਵਿਖੇ ਨਹੀਂ ਮਿਲੇ 10 ਨਵੰਬਰ ਨੂੰ ਸਵੇਰੇ 8 ਵਜੇ ਜਦੋਂ ਦਿੱਲੀ ਰੇਲਵੇ ਸਟੇਸ਼ਨ 'ਤੇ ਨਾਗਪੁਰ ਤੋਂ ਆਉਣ ਵਾਲੀ ਰੇਲ ਗੱਡੀ ਰੁਕੀ ਤਾਂ ਪੁਲਿਸ ਨੇ ਉਸ ਗੱਡੀ ਨੂੰ ਆਪਣੇ ਘੇਰੇ ਵਿਚ ਲੈ ਲਿਆ। ਭਾਈ ਸੁਰਿੰਦਰ ਸਿੰਘ ਗੱਡੀ ਵਿਚੋਂ ਉਤਰੇ ਉਨ੍ਹਾਂ ਆਪਣਾ ਦਾਹੜਾ ਕੱਟ ਕੇ ਭੇਸ ਬਦਲਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਕੈਟ ਮੁਨਸ਼ੀ ਦੀ ਪਹਿਚਾਣ ਵਿਚ ਆ ਗਏ ਉਹ ਫਿੱਕੀ ਸਲੇਟੀ ਪੱਗ ਅਤੇ ਕੋਟ ਪੈਂਟ ਨਾਲ ਪੂਰੇ ਵਪਾਰੀ ਲੱਗ ਰਹੇ ਸਨ। ਕੈਟ ਮੁਨਸ਼ੀ ਨੇ ਭਾਈ ਸਾਹਿਬ ਕੋਲ ਜਾ ਕੇ ਉਨ੍ਹਾਂ ਨੂੰ ਗੁਰ ਫਤਹਿ ਬੁਲਾਈ ਅਤੇ ਜੱਫੀ ਵਿਚ ਬੱਗਲਗੀਰ ਹੋਇਆ ਪਰ ਜੱਫੀ ਨੂੰ ਛੱਡਿਆ ਨਹੀਂ। ਸਾਦੇ ਕੱਪੜਿਆਂ ਵਿਚ ਫੈਲੇ ਕਮਾਂਡੋ ਇਕ ਦਮ ਭਾਈ ਸਾਹਿਬ ਜੀ ਨੂੰ ਟੁੱਟ ਕੇ ਪੈ ਗਏ। ਭਾਈ ਸਾਹਿਬ ਨੂੰ ਇਹ ਨਾ ਪਤਾ ਲੱਗਾ ਕਿ ਮੁਨਸ਼ੀ ਜੱਫੀ ਪਾ ਕੇ ਬਗਲਗੀਰ ਹੋਇਆ ਸਾਥੀ ਦੇ ਪਿਆਰ ਨਾਲ ਮਿਲ

ਰਿਹਾ ਹੈ ਜਾਂ ਪਾਰ ਮਾਰ ਕਰ ਗਿਆ ਹੈ, ਪੁਲਿਸ ਦੀ ਧਾੜ ਨੇ ਇਕ ਦਮ ਉਨ੍ਹਾਂ ਨੂੰ ਚੱਕ ਲਿਆ। ਸਟੇਸ਼ਨ 'ਤੇ ਹਫੜਾ-ਦਫੜੀ ਮੱਚ ਗਈ। ਪੁਲਿਸ ਨੇ ਪੱਗੜੀ ਤੋਂ ਕਛਹਿਰੇ ਤੱਕ ਸਾਰੇ ਕੱਪੜ ਉਤਾਰ ਦਿੱਤੇ। ਦਾਹੜੇ ਅਤੇ ਕੇਸਾਂ ਨੂੰ ਚੰਗੀ ਤਰ੍ਹਾਂ ਫਰੋਲਿਆ ਕਿ ਕਿਤੇ ਕੋਈ ਸਾਇਆਨਾਇਡ ਨਾ ਲੁਕ ਕੇ ਰੱਖੀ ਹਵੇ,

ਆਤਮਕ ਰੰਗਾ ਦੀਆਂ ਲਹਿਰਾਂ ਸੰਗ ਜੁੜ ਕੇ ਜਦੋਂ ਉਹ ਪਾਠ ਕਰਦੇ ਸਨ ਉਦੋਂ ਉਹ ਆਪਣੇ ਭਵਿੱਖ ਦੀ ਕਹਾਣੀ ਬਲ ਜਾਂਦ ਸਨ, 13 ਅਪ੍ਰੈਲ 1991 ਨੂੰ ਉਨ੍ਹਾਂ ਆਪਣੇ ਟਿਕਾਣੇ 'ਤੇ ਸਹਿਜ ਪਾਠ ਦਾ ਭੋਗ ਪਾਇਆ। ਸ਼ਹੀਦ ਸਿੰਘਾਂ ਦੀ ਯਾਦ ਵਿਚ ਰੱਖੇ ਇਸ ਪਾਠ ਦੀ ਸਮਾਪਤੀ ਅਰਦਾਸ ਭਾਈ ਸਾਹਿਬ ਨੇ ਖ਼ੁਦ ਕੀਤੀ ਅਤੇ ਹੁਕਮਨਾਮਾ ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਨੇ ਪੜ ਕੇ ਸੁਣਾਇਆ। ਗੁਰੂ ਸਾਹਿਬ ਜੀ ਨੇ ਇਹ ਹੁਕਮ ਆਪਣੇ ਅੰਗ 923 ਤੋਂ "ਰਾਮਕਲੀ ਸਦੁ" ਤੋਂ ਬਖਸ਼ਿਸ਼ ਕੀਤਾ। ਹੁਕਮਨਾਮੇ ਦੀਆਂ ਆਖਰੀ ਪੰਗਤੀਆਂ " ਹਰਿ ਗੁਰਹਿ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥ ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ " ਨੂੰ ਭਾਈ ਸਾਹਿਬ ਦੁਹਰਾਉਂਦ ਕਹਿੰਦੇ ਹੁਣ ਤਾਂ ਸਦੁ ਆ ਗਿਆ ਹੈ। ਹੁਣ ਤਾਂ ਗੁਰੂ ਸਾਹਿਬ ਜੀ ਨੇ ਹੀ ਪੰਜ ਰੱਖਣੀ ਹੈ। ਭਾਈ ਸਾਹਿਬ ਜੀ ਨੂੰ ਦਿਖਾਈ ਦਿੰਦਾ ਆਪਣ ਸੰਘਰਸ਼ਮਈ ਜੀਵਨ ਦਾ ਅੰਤ ਦਿੱਲੀ ਰੇਲਵੇ ਸਟੇਸ਼ਨ ਤੋਂ ਸ਼ੁਰੂ ਹੋ ਗਿਆ

ਭਾਈ ਸਾਹਿਬ ਜੀ ਨੂੰ ਦਿੱਲੀ ਰੇਲਵੇ ਸਟੇਸ਼ਨ ਤੋਂ ਚੁੱਕ ਕੇ ਅਤੇ ਗੱਡੀ ਵਿਚ ਸੁੱਟ ਕ ਫਰੀਦਕੋਟ ਸੀ ਆਈ ਸਟਾਫ਼ ਵਿਚ ਲੈ ਆਏ ਬਰਖ਼ੁਰਦਾਰੀ ਨਾਲ ਇਕ ਹੋਰ ਖਾਲਸਤਾਨੀ ਯੋਧ ਦੀ ਪਰਖ ਸ਼ੁਰੂ ਹ ਗਈ 11 ਨਵਬਰ 1991 ਤੋਂ 23 ਨਵੰਬਰ 1991 ਦੀ ਅੱਧੀ ਰਾਤ ਤੱਕ ਫਰੀਦਕੋਟ ਪੁਲਿਸ ਵੱਲੋਂ ਕਹਿਰਾਂ ਦੀਆਂ ਰਾਤਾਂ ਹਰ ਵਹਿਸ਼ਤੀ ਢੰਗ ਦ ਜ਼ੁਲਮਾਂ ਨਾਲ ਉਨ੍ਹਾਂ ਨ ਆਪਣੇ ਪਿੰਡੇ 'ਤੇ ਝੱਲੀਆਂ।

ਫਰੀਦਕੋਟ ਤਫਤੀਸ਼ੀ ਸੈਂਟਰ ਨੇ ਭਾਈ ਸੁਰਿੰਦਰ ਸਿੰਘ ਤੋਂ ਇਲਾਵਾ ਭਾਈ ਅਵਤਾਰ ਸਿੰਘ ਬੱਬਰ ਲੱਡੂ ਪਿੰਡ ਰਾਜੋਆਣਾ ਅਤੇ ਭਾਈ ਸ਼ਮਸ਼ੇਰ ਸਿੰਘ ਬੱਬਰ ਪਿੰਡ ਭੁੱਲਰ ਨੂੰ ਵੀ ਫੜ ਰੱਖਿਆ ਸੀ, ਇਨ੍ਹਾਂ ਦੋਹਾਂ ਸਿੰਘਾਂ ਨੂੰ ਗੰਗਾ ਨਗਰ ਦੀ ਦਾਣਾ ਮੰਡੀ ਵਿਚ ਰਾਜਸਥਾਨ ਪੁਲਿਸ ਨੇ ਫੜਿਆ ਸੀ। ਬਾਅਦ ਵਿਚ ਰਾਜਸਥਾਨ ਤੋਂ ਪੰਜਾਬ ਪੁਲਿਸ ਸੰਗਰੂਰ ਲੈ ਗਈ ਤੇ ਸੰਗਰੂਰ ਤੋਂ ਫਰੀਦਕੋਟ ਪੁਲਿਸ ਲੈ ਆਈ ਸੀ। ਇਨ੍ਹਾਂ ਤੋਂ ਇਲਾਵਾ ਦੋ ਬੀਬੀਆਂ ਹੋਰ ਵੀ ਬੰਦ ਕੀਤੀਆਂ ਹੋਈਆਂ ਸਨ, ਜੋ ਸਟਾਫ਼ ਦੇ ਰਿਹਾਇਸ਼ੀ ਕਮਰੇ ਵਿਚ ਬੰਦ ਸਨ ਤੇ ਇਨ੍ਹਾਂ ਬੀਬੀਆਂ ਦੀ ਹੋਂਦ ਬਾਰੇ ਹਨੇਰਾ ਹੋ ਜਾਣ 'ਤੇ ਉਦੋਂ ਪਤਾ ਲੱਗਦਾ ਸੀ, ਜਦੋਂ ਉਨ੍ਹਾਂ ਦੀਆਂ ਤਰਲਿਆਂ ਭਰੀਆਂ ਸਿਸਕੀਆਂ, ਖਚਰੀਆਂ ਟਿਚਰਾਂ ਅਤੇ ਹਾਸਿਆਂ ਵਿਚ ਸੁਣਦੀਆਂ ਸਨ ਬਾਅਦ ਵਿਚ ਇਨ੍ਹਾਂ ਬੀਬੀਆਂ ਬਾਰੇ ਕਾਫ਼ੀ ਪੜਤਾਲ ਕੀਤੀ ਗਈ ਕਿ ਇਹ ਨਿਮਾਣੀਆਂ ਕੌਣ ਸਨ, ਕਿੱਥੋਂ ਚੁੱਕ ਕੇ ਲਿਆਂਦੀਆਂ ਗਈਆਂ ਸਨ, ਕਿੱਥੇ ਚਲੀਆਂ ਗਈਆਂ, ਕਿਥੇ ਖਪਾ ਦਿੱਤੀਆਂ ਗਈਆਂ ਪਰ ਕੋਈ ਥਹੁ ਪਤਾ ਨਹੀਂ ਲੱਗਾ

ਭਾਈ ਅਵਤਾਰ ਸਿੰਘ ਬੱਬਰ ਲੱਡੂ ਨੂੰ ਸਟਾਫ਼ ਦੀ ਹਵਾਲਾਤ ਵਿਚ ਬੰਦ ਕੀਤਾ ਹੋਇਆ ਸੀ ਹਵਾਲਾਤ ਦੇ ਲੋਹੇ ਦੇ ਗੇਟ ਮੂਹਰੇ ਦੋ ਕੰਬਲ ਪਾਏ ਹੋਏ ਸਨ। ਭਾਈ ਸੁਰਿੰਦਰ

ਸਿੰਘ ਬੱਬਰ ਨੂੰ ਸਟਾਫ ਦੇ ਬਰਾਂਡੇ ਨਾਲ ਲੱਗਦੇ ਕਮਰੇ ਵਿਚ ਬੰਦ ਕੀਤਾ ਹੋਇਆ ਸੀ, ਭਾਈ ਸ਼ਮਸ਼ੇਰ ਸਿੰਘ ਬੱਬਰ ਨੂੰ ਹਰ ਕਿਸੇ ਆਣਸੁਖਾਵੀਂ ਜਗ੍ਹਾ ਵਿਚ ਰੱਖੇ ਕਾਠ ਦੇ ਸ਼ਿਕੰਜੇ ਵਿਚ ਲੱਤਾਂ ਦੇ ਕੇ ਬੰਦ ਕੀਤਾ ਹੋਇਆ ਸੀ।

ਤਿੰਨਾਂ ਹੀ ਬੱਬਰ ਯੋਧਿਆਂ ਨੇ ਆਪਣੀ ਅਣਖ ਗੈਰਤ ਗੁਰੂ ਦੇ ਪਿਆਰ ਨਾਲ ਬਚੜਾਂ ਦੇ ਹਰ ਜ਼ੁਲਮ ਨੂੰ ਸਹਾਰ ਕੇ ਸਿਦਕ ਸਿਰੜ ਨਾਲ ਨਿਭਾਈ। ਭਾਈ ਲੱਡੂ ਬੱਬਰ ਹਵਾਲਾਤ ਵਿਚ ਉੱਚੀ ਸੁਰ ਵਿਚ ਸਿਮਰਨ ਕਰਦੇ ਸੁਣਦੇ ਸਨ ਤਾਂ ਜਲਾਦ ਕੰਨਾਂ ਵਿਚ ਉਂਗਲਾਂ ਦੇ ਕੇ ਘਬਰਾਅ ਘਬਰਾਅ ਉੱਠਦੇ ਸਨ। ਭਾਈ ਸੁਰਿੰਦਰ ਸਿੰਘ ਬੱਬਰ ਦਾ ਸਰੀਰ ਬਰਾਂਡੇ ਵਿਚ ਲੱਟਕਦੀ ਭੌਣੀ ਨਾਲ ਗੋਡੇ ਦੀ ਹੱਡੀ ਕੋਲੋਂ ਟੁੱਟਿਆ ਹੋਇਆ ਇਕ ਦਮ ਮੂਹਰੇ ਨੂੰ ਲਮਕਿਆ ਪਿਆ ਸੀ। ਉਨ੍ਹਾਂ ਦਾ ਕਛਹਿਰਾ ਕਿੰਨੇ ਹੀ ਦਿਨ ਸਟਾਫ ਦੇ ਵਿਹੜੇ ਵਿਚ ਰੁਲਦਾ ਦੇਖਿਆ ਗਿਆ। 23 ਨਵੰਬਰ ਦੀ ਰਾਤ ਬੱਬਰਾਂ ਦੀ ਆਖਰੀ ਰਾਤ ਸੀ, ਜਿਨ੍ਹਾਂ ਨੇ ਬਾਜਖਾਨੇ ਦੇ ਕੋਲ ਸੰਮ ਨਾਲੇ ਦੇ ਪੁਲ 'ਤੇ ਦੁਸ਼ਟਾਂ ਦੀਆਂ ਗੋਲੀਆਂ ਨੂੰ ਆਪਣੀਆਂ ਛਾਤੀਆਂ ਵਿਚ ਸਾਂਭ ਲਿਆ। ਬਰਾਂਡੇ ਦੇ ਵਿਚ ਇਕ ਮੇਜ਼ ਦੇ ਕੋਲ ਇਕ ਲਹੂ ਲਿਬੜਿਆ ਕੰਬਲ ਅਤੇ ਇਕ ਟੋਕਾ ਲਹੂ ਨਾਲ ਗੜੁੱਚ, ਬੱਬਰਾਂ ਦੀਆਂ ਸ਼ਹਾਦਤਾਂ ਦੀ ਗਵਾਹੀ ਭਰ ਰਹੇ ਸਨ। ਇਕ ਖਬਾਰਤ ਸਟਾਫ ਦੇ ਬਰਾਂਡੇ ਵਿਚ ਦੱਬੀ ਗਈ, ਕਿਸੇ ਯੋਧੇ ਦਾ ਸੀਸ ਧੜ ਤੋਂ ਵੱਖ ਕਰਕੇ, "ਇਹ ਬਾਤ ਇਤਿਹਾਸ ਲਈ ਛੱਡ ਦਿੱਤੀ ਗਈ।" ਬਾਅਦ ਵਿਚ ਪਤਾ ਲੱਗਾ ਕਿ ਭਾਈ ਅਵਤਾਰ ਸਿੰਘ ਬੱਬਰ ਲੱਡੂ ਦਾ ਸਰੀਰ ਫਰੀਦਕੋਟ ਦੇ ਕੋਲ ਵਗਦੀਆਂ ਦੋ ਨਹਿਰਾਂ ਦੇ ਵਿਚ ਸੁੱਟ ਦਿਤਾ ਗਿਆ, ਭਾਈ ਸੁਰਿੰਦਰ ਸਿੰਘ ਬੱਬਰ ਅਤੇ ਭਾਈ ਸ਼ਮਸ਼ੇਰ ਸਿੰਘ ਬੱਬਰ ਦਾ ਸੰਸਕਾਰ ਸ਼ਮਸ਼ਾਨ ਘਾਟ (ਰਾਮ ਬਾਗ) ਵਿਚ ਕਰ ਦਿੱਤਾ ਗਿਆ। ਭਾਈ ਬਲਦੇਵ ਸਿੰਘ ਹਲਵਾਈ ਭਾਈ ਅਤੇ ਭਾਈ ਸਰਬਣ ਸਿੰਘ ਛੰਗਾ ਰਮਾਣਾ ਅਤੇ ਇਨ੍ਹਾਂ ਦੇ ਪਰਿਵਾਰਾਂ ਨੂੰ ਛੱਡ ਦਿੱਤਾ ਗਿਆ। ਇਸ ਜੀਵਨੀ ਦੇ ਲੇਖਕ (ਕਰਮਜੀਤ ਸਿੰਘ ਸਿੱਖਾਂਵਾਲਾ) ਦੀ ਪਤਨੀ ਨੂੰ ਛੱਡ ਦਿੱਤਾ ਗਿਆ ਪਰ ਲੇਖਕ ਉਪਰ ਕਈ ਫਰਜ਼ੀ ਕੇਸ ਪਾ ਕੇ ਫਿਰੋਜ਼ਪੁਰ ਦੀ ਜੇਲ੍ਹ ਭੇਜ ਦਿੱਤਾ ਗਿਆ। ਭਾਈ ਅਵਤਾਰ ਸਿੰਘ ਬੱਬਰ ਦੀ ਦੇਹ ਦੇ ਟੋਟੇ ਕਰ ਕੇ ਨਹਿਰ ਵਿਚ ਇਸ ਕਰਕੇ ਸੁੱਟ ਦਿੱਤਾ ਗਿਆ ਕਿਉਂਕਿ ਜਦੋਂ ਪੰਜਾਬ ਪੁਲਿਸ ਇਨ੍ਹਾਂ ਨੂੰ ਰਾਜਸਥਾਨ ਤੋਂ ਸੰਗਰੂਰ ਲੈ ਕੇ ਆਈ ਸੀ ਤਾਂ ਐਸ. ਐਸ. ਪੀ. ਸੰਗਰੂਰ ਸ਼ਤੀਸ਼ ਕੁਮਾਰ ਸ਼ਰਮਾ ਨੇ ਪ੍ਰੈੱਸ ਅੰਦਰ ਇਕ ਬਿਆਨ ਦਿੱਤਾ ਸੀ ਕਿ ਲੱਡੂ ਬੱਬਰ ਚਲਦੀ ਜਿਪਸੀ ਵਿਚੋਂ ਨਹਿਰ ਵਿਚ ਛਾਲ ਮਾਰ ਗਿਆ ਹੈ ਤੇ ਉਸਦੀ ਲਾਸ਼ ਲੱਭੀ ਜਾ ਰਹੀ ਹੈ। ਪੁਲਿਸ ਨੇ ਇਹ ਕਾਰਵਾਈ ਛੇਤੀ ਤਾਂ ਕੀਤੀ ਕਿਉਂਕਿ ਖਾੜਕੂਆਂ ਨੇ ਪੁਲਿਸ ਅਫਸਰਾਂ ਦੇ ਪਰਿਵਾਰ ਚੁੱਕ ਲਏ ਸਨ ਅਤੇ ਪੁਲਿਸ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਜੇਕਰ ਭਾਈ ਮਾਧਾ ਸਿੰਘ ਬੱਬਰ ਵਰਗੇ ਪੂਨੇ ਜੋ ਮਹਾਂਰਾਸ਼ਟਰ ਵਿਚ ਫੜ ਗਏ ਸਨ ਅਤੇ ਭਾਈ ਅਵਤਾਰ ਸਿੰਘ ਬੱਬਰ ਲੱਡੂ ਦਾ ਕੋਈ ਨੁਕਸਾਨ ਕੀਤਾ ਗਿਆ ਤਾਂ ਅਸੀਂ ਜਵਾਬੀ ਕਾਰਵਾਈ ਕਰਾਂਗੇ। ਪੁਲਿਸ ਨੇ ਇਸ ਕਰਕੇ ਕਈ ਪ੍ਰਕਾਰ ਦੇ ਡਰਾਮੇ ਕੀਤੇ ਅਤੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ।

ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਮਿਲਣ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸੰਗਤ ਵਿਚ ਰੱਖਣ ਦੇ ਲਈ ਜਦੋਂ ਭਾਈ ਸੁਰਿੰਦਰ ਸਿੰਘ ਬੱਬਰ ਬਾਰੇ ਜਾਣਕਾਰੀ ਹਾਸਲ ਕਰਨ

ਲਈ ਉਨ੍ਹਾਂ ਦੇ ਨਜ਼ਦੀਕੀ ਮਿੱਤਰਾਂ ਅਤੇ ਪਰਿਵਾਰ ਨੂੰ ਮਿਲਣ ਦਾ ਯਤਨ ਕੀਤਾ ਗਿਆ ਤਾਂ ਮਨ ਨੂੰ ਇਕ ਵੱਡਾ ਧੱਕਾ ਲੱਗਾ। ਪੁਲਿਸ ਦਾ ਸਹਿਮ ਅੱਜ ਤੱਕ ਉਨ੍ਹਾਂ ਦੇ ਚਿਹਰਿਆਂ ਉੱਪਰ ਸੀ ਨਨੰਭਰੀਆਂ ਅੱਖਾਂ ਭਰ ਗੱਚ ਬਹੁਤ ਕੁਝ ਉਨ੍ਹਾਂ ਅੰਦਰ ਛੁਪਾ ਲੈਂਦੇ ਸਨ ਇਨ੍ਹਾਂ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਬਹੁਤ ਲੱਭੀਆਂ, ਪਰਿਵਾਰਾਂ ਤੋਂ ਵੀ ਮੰਗੀਆਂ ਪਰ ਕਿਤੋਂ ਵੀ ਨਾ ਮਿਲੀਆਂ। ਅਖੀਰ ਮਾਰਚ 1989 ਦੇ "ਸੂਰਾ" ਮਾਸਕ ਰਸਾਲੇ ਅੰਦਰ ਭਾਈ ਸੁਰਿੰਦਰ ਸਿੰਘ ਬੱਬਰ ਦੀ ਤਸਵੀਰ ਛਪੀ ਹੋਈ ਲੱਭੀ। ਇਹ ਆਨੰਦ ਕਾਰਜ ਦੀ ਤਸਵੀਰ ਸੀ।

ਭਾਈ ਸਾਹਿਬ ਸੁਰਿੰਦਰ ਸਿੰਘ ਦਾ ਆਨੰਦ ਕਾਰਜ ਬੀਬੀ ਹਰਦੀਪ ਕੌਰ ਨਾਲ ਨਵੰਬਰ 1988 ਵਿਚ ਮੋਗਾਂ ਵਿਖੇ ਸਲਾਨਾ ਅਖੰਡ ਕੀਰਤਨੀ ਸਮਾਗਮ ਵਿਚ ਰੈਣਸਬਾਈ ਕੀਰਤਨੀ ਅਖਾੜਿਆਂ ਅੰਦਰ ਹੋਇਆ ਸੀ। ਆਪ ਦੀ ਸਿੰਘਣੀ ਨੇ ਆਪ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਸਹੁਰਾ ਪਰਿਵਾਰ ਛੱਡ ਦਿੱਤਾ ਸੀ ਅਤੇ ਮਾਪੇ ਪਰਿਵਾਰ ਵਿਚ ਚਲੇ ਗਏ ਸਨ। ਆਪ ਜੀ ਦੀ ਕੋਈ ਸੰਤਾਨ ਨਹੀਂ ਸੀ।

ਜਦੋਂ ਗੁਰਸਿੱਖ ਸੰਸਥਾ ਦੀ ਟੀਮ ਪਿੰਡ ਚੱਕ ਮਦਰੱਸੇ ਉਨ੍ਹਾਂ ਦੇ ਘਰੇ ਗਈ ਤਾਂ ਉਨ੍ਹਾਂ ਦੇ ਮਾਤਾ ਜੀ ਅੱਧ ਕੱਚੇ ਪੱਕੇ ਮਕਾਨ ਦੇ ਵਿਹੜੇ ਵਿਚ ਸਫ਼ਾਈ ਕਰ ਰਹੇ ਸਨ। ਰਸਮੀ ਗੱਲਬਾਤ ਤੋਂ ਬਾਅਦ ਜਦੋਂ ਭਾਈ ਸਾਹਿਬ ਜੀ ਦੀ ਕੋਈ ਯਾਦਗਿਰੀ ਦੀ ਨਿਸ਼ਾਨੀ ਦੇਖਣੀ ਚਾਹੀ ਤਾਂ ਭਰੀਆਂ ਅੱਖਾਂ ਨਾਲ ਮਾਤਾ ਜੀ ਕਹਿੰਦੇ, "ਪੁੱਤ ਪੁਲਿਸ ਸਾਰਾ ਕੁਝ ਹੀ ਚੁੱਕ ਕੇ ਲੈ ਗਈ ਸੀ" ਅਸੀਂ ਤਾਂ ਡਰਦਿਆਂ ਉਸਦਾ ਅੰਤਿਮ ਭੋਗ ਵੀ ਨਹੀਂ ਪਾਇਆ। "ਮੇਰਾ ਸੁਰਿੰਦਰ ਤਾਂ ਸਰਵਣ ਪੁੱਤਰ ਸੀ, ਕੌਣ ਕਹਿੰਦਾ ਹੈ ਉਹ ਅੱਤਵਾਦੀ ਸੀ। ਇਹ ਸੱਚ ਹੈ ਅਸੀਂ ਉਸ ਦਾ ਭੋਗ ਨਹੀਂ ਪਾਇਆ।" ਜਦੋਂ ਪੁੱਛਿਆ, ਮਾਤਾ ਜੀ ਭਾਈ ਸਾਹਿਬ ਅਖੰਡ ਕੀਰਤਨੀ ਜਥੇ ਦੇ ਨਾਲ ਉਸ ਦੇ ਕੂਚੇ ਰਵਾਂ ਬਣ ਕੇ ਤੁਰੇ ਸਨ ਅਤੇ ਉਨ੍ਹਾਂ ਨੇ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ ਹੈ, ਕਿਸ ਕਿਸੇ ਨੇ ਮਦਦ ਨਹੀਂ ਕੀਤੀ ਜਾਂ ਘਰ ਦੀ, ਪਰਿਵਾਰ ਦੀ ਸਾਰ ਨਹੀਂ ਲਈ? ਤਾਂ ਕਹਿੰਦੇ, "ਕਾਕਾ ਮੱਦਦ ਤਾਂ ਦੂਰ ਦੀ ਗੱਲ, ਸਾਡੇ ਤਾਂ ਘਰੇ ਤੱਕ ਵੀ ਕੋਈ ਨਹੀਂ ਆਇਆ, ਇਹ ਥਾਣਿਆਂ, ਪੜਤਾਲਾਂ ਵਾਲੇ ਤਾਂ ਕਿਤੇ ਦਿਖੇ ਵੀ ਨਹੀਂ, ਸਾਡੇ ਮੱਥੇ ਵੀ ਨਹੀਂ ਲੱਗੇ।"

"ਪਿੰਡ ਦੇ ਹੀ ਦੱਸਦੇ ਸਨ, ਅਖ਼ਬਾਰਾਂ ਅੰਦਰ ਵੀ ਪੜ੍ਹਿਆ ਸੀ, ਸੁਰਿੰਦਰ ਦੇ ਨਾਲ ਦੇ ਸਿੰਘਾਂ ਨੇ ਕਿਸੇ ਗੁਪਤ ਜਗ੍ਹਾ 'ਤੇ ਭੋਗ ਪਾਇਆ ਸੀ। ਜਦੋਂ ਸੁਰਿੰਦਰ ਸਿੰਘ ਸ਼ਹੀਦ ਹੋਇਆ, ਉਸ ਤੋਂ ਕਈ ਦਿਨ ਬਾਅਦ ਦੋ ਸਿੰਘ ਸ਼ਾਮ ਨੂੰ ਸਾਡੇ ਘਰੇ ਆਏ ਉਹ ਇਕ ਮੈਡਲ, ਇਕ ਸ੍ਰੀ ਸਾਹਿਬ ਅਤੇ ਸਿਰੋਪਾਉ ਘਰੇ ਪਰਿਵਾਰ ਨੂੰ ਦੇ ਕੇ ਗਏ ਸਨ। ਪਰ ਅਗਲੇ ਹੀ ਦਿਨ ਪੁਲਿਸ ਨੇ ਦਿਨ ਚੜ੍ਹਦੇ ਹੀ ਘਰੇ ਛਾਪਾ ਮਾਰਿਆ। ਸਾਰੇ ਪਰਿਵਾਰ ਦੀ ਕੁੱਟਮਾਰ ਕੀਤੀ, ਬੇਰਹਿਮੀ ਨਾਲ ਤਲਾਸ਼ੀ ਲਈ ਅਤੇ ਸਿੰਘਾਂ ਵੱਲੋਂ ਭੇਟ ਕੀਤੀਆਂ ਵਸਤੂਆਂ ਨਾਲ ਲੈ ਗਏ।" ਬੱਬਰ ਖ਼ਾਲਸਾ ਵਾਲੇ ਜੋ ਸਿੰਘ ਸ਼ਹੀਦ ਹੋ ਜਾਂਦਾ ਸੀ ਉਸ ਪਰਿਵਾਰ ਨੂੰ ਆਪਣੀ ਜਥੇਬੰਦੀ ਵੱਲੋਂ ਇਕ ਸੋਨੇ ਦਾ ਮੈਡਲ, ਇਕ ਸ੍ਰੀ ਸਾਹਿਬ ਜਿਸ ਉੱਪਰ ਆਪਣੀ ਜਥੇਬੰਦੀ ਦੀ ਮੋਹਰ ਲੱਗੀ ਹੁੰਦੀ ਸੀ "ਬੱਬਰ ਖ਼ਾਲਸਾ ਇੰਟਰਨੈਸ਼ਨਲ" ਉਹ

ਭੇਂਟ ਕਰਦੇ ਹੁੰਦੇ ਸਨ।

29 ਨਵੰਬਰ ਨੂੰ ਅੱਜ ਦੀ ਆਵਾਜ਼ ਅਤੇ ਅਜੀਤ ਅਖ਼ਬਾਰ ਅੰਦਰ ਭਾਈ ਸਾਹਿਬ ਜੀ ਦੇ ਭੋਗ ਬਾਰ ਇਕ ਇਸ਼ਤਿਹਾਰ ਲੱਗਾ ਸੀ, ਜਿਸ ਵਿਚ ਕਿਸੇ ਗੁਪਤ ਜਗ੍ਹਾ 'ਤੇ ਭੋਗ ਪੈਣ ਬਾਰੇ ਲਿਖਿਆ ਸੀ ਅਤੇ ਸੰਗਤ ਨੂੰ ਚੌਪਈ ਸਾਹਿਬ ਜੀ ਦੇ ਪਾਠ ਕਰਨ ਲਈ ਬੇਨਤੀ ਕੀਤੀ ਗਈ ਸੀ ਇਸ਼ਤਿਹਾਰ ਦੀ ਸੇਵਾ ਬੱਬਰਾਂ ਦੀ ਜਥੇਬੰਦੀ ਵੱਲੋਂ ਕਰਵਾਈ ਗਈ ਸੀ।

ਘਰ ਦੀ ਗਰੀਬੀ ਬਾਰੇ ਕੰਧਾਂ ਉਪਰੋਂ ਲੱਥੇ ਲਿਉੜ, ਮਾਤਾ ਜੀ ਦਾ ਝੁਰੜੀਆਂ ਭਰਿਆ ਚਿਹਰਾ, ਇਕ ਆਰਥਕ ਪੱਖੋਂ ਨਿਤਾਣਾ ਬਾਪ, ਖਿਆਈਆਂ ਭਰੇ ਪੈਰ ਆਪ ਬੋਲ ਰਹੇ ਸਨ। 'ਪੁੱਤ ਵਾਰ ਛਿਲੜ ਕਰਜ਼ਾ ਚੱਕ ਕੇ, ਕੁਝ ਘਰੋਂ ਹੂੰਝ ਕੇ ਕੁੜੀਆਂ ਬਾਰੋਂ ਉਠਾ ਦਿੱਤੀਆਂ, ਬੱਸ ਇਕ ਸਰਿੰਦਰ ਨਹੀਂ ਭੁੱਲਦਾ।"

ਮਨੁੱਖੀ ਅਧਿਕਾਰਾਂ ਦੀ ਇਕ ਸੰਵਿਧਾਨਕ ਮੱਦ ਹੈ ਕਿ ਲਾਵਾਰਸ ਲਾਸ਼ ਨੂੰ ਸਥਾਨਕ ਪ੍ਰਬੰਧਕਾਂ ਨੂੰ ਦਿੱਤਾ ਜਾਂਦਾ ਹੈ ਤੇ ਉਹ ਉਸ ਨੂੰ ਤਿੰਨ ਦਿਨਾਂ ਤੱਕ ਸ਼ਨਾਖਤ ਲਈ ਰੱਖਦੇ ਹਨ ਅਤੇ ਉਸ ਦੀ ਪਹਿਚਾਣ ਲਈ ਲੋਕਾਂ ਨੂੰ ਦੱਸਿਆ ਜਾਂਦਾ ਹੈ, ਫਿਰ ਉਸ ਦਾ ਉਸਦੀਆਂ ਧਾਰਮਕ ਰਸਮਾਂ ਅਨੁਸਾਰ ਸਸਕਾਰ ਕੀਤਾ ਜਾਂਦਾ ਹੈ ਅਤੇ ਉਸਦੀਆਂ ਤਸਵੀਰਾਂ ਅਤੇ ਵਰਦ ਸੰਭਾਲ ਕੇ ਰੱਖੇ ਜਾਂਦੇ ਹਨ। ਪਰ ਹਿੰਦੁਸਤਾਨ ਅੰਦਰ ਲਾਵਾਰਸ ਲਾਸ਼ਾਂ ਦੀ ਸੜੀ ਕਹਾਣੀ, ਮਨੁੱਖੀ ਅਧਿਕਾਰਾਂ ਦੇ ਮਖੌਟਿਆਂ ਹੇਠ ਲਾਵਾਰਸ ਹੀ ਰਹਿ ਜਾਂਦੀ ਹੈ। ਭਾਈ ਸਾਹਿਬ ਜੀ ਦੇ ਸਹੁਰਾ ਸਾਹਿਬ ਪਰਬਾ ਜੀ ਨੇ ਸ਼ਹੀਦ ਸਿੰਘਾਂ ਦੀਆਂ ਅੰਤਿਮ ਨਿਸ਼ਾਨੀਆਂ ਰਾਮ ਬਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਬਹੁਤ ਮੰਗੀਆਂ ਅਤੇ ਲੱਭੀਆਂ ਪਰ ਕਝ ਵੀ ਪੱਲੇ ਨਹੀਂ ਪਿਆ

ਸ਼ਹੀਦ ਸਿੰਘਾਂ ਦੇ ਪਰਿਵਾਰਾਂ ਅੰਦਰ ਪੁਲਿਸ ਦੇ ਜਬਰ ਦੀ ਦਹਿਸ਼ਤ ਅੱਜ ਤੱਕ ਇਸ ਕਦਰ ਹੈ ਕਿ ਉਹ ਖੁੱਲ੍ਹ ਕੇ ਅਜੇ ਵੀ ਨਹੀਂ ਬੋਲਦੇ। ਇਨ੍ਹਾਂ ਪਰਿਵਾਰਾਂ ਦੀਆਂ ਛਾਤੀਆਂ ਵਿਚ ਖਾਲਸਾਈ ਇਤਿਹਾਸ ਦੇ ਗਰਜਵੇਂ ਬੋਲ ਦੱਬੇ ਪਏ ਹਨ। ਵਰ੍ਹਿਆਂ ਦੀ ਚੀਸ ਜੋ ਸਰਕਾਰੀ ਦਹਿਸ਼ਤ ਕਾਰਨ ਲਾਵਾਰਸ ਸਿੰਘਾਂ ਦੇ ਸਿਰਹਾਣੇ ਖੜ੍ਹੀ ਹੈ, ਇਸ ਨੂੰ ਆਪਾਂ ਸੁਣਿਆ ਕਿਉਂ ਨਹੀਂ? ਕਿਉਂ ਨਹੀਂ ਆਪਾਂ ਉਨ੍ਹਾਂ ਦੇ ਅਧੂਰੇ ਕਾਰਜ ਪੂਰ ਕੀਤੇ? ਇਹ ਜ਼ੁਲਮ ਕਰਨ ਵਾਲੇ ਕੀ ਪੱਗਾਂ ਵਾਲੇ ਸਿੱਖ ਸਰਦਾਰ ਨਹੀਂ ਸਨ? ਜ਼ੁਲਮ ਝੱਲਣ ਵਾਲੀਆਂ ਬੀਬੀਆਂ ਕੀ ਸਿੱਖ ਨਹੀਂ ਸਨ? ਇਸ ਜ਼ੁਲਮੀ ਅੱਗ ਵਿਚ ਸੜਨ ਵਾਲੇ ਸਿੱਖ ਕੌਣ ਸਨ? ਅਜਿਹਾ ਕੁਝ ਕਿਸ ਮਕਸਦ ਲਈ ਹੋਇਆ? ਕੀ ਸਿੱਖ ਆਪਣੀ ਅਣਖ, ਆਪਣੀ ਪੱਗ ਨੂੰ ਆਪ ਰੋਲਣ ਲਈ ਜ਼ੁੰਮੇਵਾਰ ਨਹੀਂ? ਇਹ ਅਣਸੁਲਝੇ ਸਵਾਲ ਸਿੱਖਾਂ ਲਈ ਵੰਗਾਰ ਹਨ? ਕੀ ਜ਼ਿੰਦੇ ਬੱਬਰ, ਲੱਡੂ ਬੱਬਰ, ਸ਼ੇਰ ਬੱਬਰ ਦੀਆਂ ਸ਼ਹਾਦਤਾਂ ਅਜਾਈਂ ਜਾਣਗੀਆਂ।।

# ਭਾਈ ਮਲਕੀਤ ਸਿੰਘ ਬੱਬਰ (ਭੋਲਾ) ਦਾਨ ਸਿੰਘ ਵਾਲਾ

ਦਾਨ ਸਿੰਘ ਵਾਲਾ ਮਾਲਵੇ ਦੇ ਬਠਿੰਡਾ ਜ਼ਿਲ੍ਹੇ ਦੀ ਹੱਦ 'ਤੇ ਫਰੀਦਕੋਟ ਜ਼ਿਲ੍ਹੇ ਦੇ ਨਾਲ ਲੱਗਦਾ ਪਿੰਡ ਹੈ। ਜੈਤੋ ਤੋਂ ਬਰਕੰਦੀ, ਬਸ਼ਨੰਦੀ, ਰੋਂਗਾ ਅਤੇ ਦਾਨ ਸਿੰਘ ਵਾਲਾ। ਇਸੇ ਤਰ੍ਹਾਂ ਹੀ ਬਠਿੰਡਾ ਤੋਂ ਗਲੇਆਣਾ ਫਿਰ ਦਾਨ ਸਿੰਘ ਵਾਲਾ। ਪਿੰਡ ਦੀ ਜੂਹ ਵਿਚ ਵੜਦਿਆਂ ਹੀ ਭਾਈ ਦਾਨ ਸਿੰਘ ਦਾ ਆਦਮਕੱਦ ਬੁਤ ਲੱਗਾ ਹੈ। ਪਿੰਡ ਨੂੰ ਭਾਈ ਦਾਨ ਸਿੰਘ ਨੇ ਵਸਾਇਆ ਸੀ। ਭਾਈ ਦਾਨ ਸਿੰਘ ਜੀ ਭਾਈ ਮਹਾਂ ਸਿੰਘ ਜੀ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੰਗਜੂ ਜਰਨੈਲ ਸਨ। ਭਾਈ ਮਹਾਂ ਸਿੰਘ ਜੀ ਨੇ ਖਿਦਰਾਣੇ ਦੀ ਢਾਬ 'ਤੇ ਗੁਰੂ ਸਾਹਿਬ ਜੀ ਲਈ ਮੁਗ਼ਲਾਂ ਦੇ ਖਿਲਾਫ ਲੜ ਕੇ ਮਾਝੇ ਦੀ ਸਿੱਖੀ ਬਚਾਈ ਸੀ। ਭਾਈ ਦਾਨ ਸਿੰਘ ਜੀ ਨੇ ਗੁਰੂ ਸਾਹਿਬ ਜੀ ਤੋਂ ਮਾਲਵੇ ਅੰਦਰ ਅੰਮ੍ਰਿਤ ਸੰਚਾਰ ਕਰਵਾ ਕੇ ਮਾਲਵੇ 'ਚ ਸਿੱਖੀ ਦੀ ਨੀਂਹ ਰੱਖੀ ਸੀ। ਭਾਈ ਦਾਨ ਸਿੰਘ ਵੱਲੋਂ ਮਾਲਵੇ ਅੰਦਰ ਲਾਏ ਸਿੱਖੀ ਦੇ ਬੂਟੇ ਨੂੰ ਕੌਮ ਦੀ ਅਜ਼ਾਦੀ ਦੇ ਸੰਘਰਸ਼ ਅੰਦਰ ਭਾਈ ਮਲਕੀਤ ਸਿੰਘ ਬੱਬਰ ਦੀ ਸ਼ਹਾਦਤ ਨੇ ਹੋਰ ਵੀ ਹਰਿਆ ਭਰਿਆ ਰੱਖਿਆ। ਭਾਈ ਮਲਕੀਤ ਸਿੰਘ ਬੱਬਰ ਭਾਈ ਦਾਨ ਸਿੰਘ ਜੀ ਦੀ ਵੰਸ ਵਿਚੋਂ ਅੱਠਵੀਂ ਪੀੜ੍ਹੀ ਪੁਰਬਲੀ ਸਾਂਝ ਕਾਰਨ ਗੁਰਸਿੱਖੀ ਨਾਲ ਜੁੜੇ ਹੋਏ ਸਨ। ਖਾਲਸਾ ਪੰਥ ਵੱਲੋਂ ਆਰੰਭੇ ਸੰਘਰਸ਼ ਵਿਚ ਕੁਰਬਾਨ ਹੋਏ ਲੱਖਾਂ ਸਿਰਾਂ ਵਿਚੋਂ ਭਾਈ ਮਲਕੀਤ ਸਿੰਘ ਬੱਬਰ ਦੀ ਸ਼ਹਾਦਤ ਵੀ ਇਕ ਲਾਸਾਨੀ ਸ਼ਹਾਦਤ ਸੀ

ਆਪ ਜੀ ਦਾ ਜਨਮ ਸਰਦਾਰ ਮਿਹਰ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਗੁਰਦਿਆਲ ਕੌਰ ਦੀ ਸੁਲੱਖਣੀ ਕੁੱਖੋਂ ਹੋਇਆ। ਭਾਈ ਸਾਹਿਬ ਇਕ ਗੰਭੀਰ ਚਿੰਤਕ ਤੇ ਗੁਪਤ ਸੇਵਾ ਭਾਵਨਾ ਦੀ ਲਗਨ ਨਾਲ ਵਿਚਰਣ ਵਾਲਾ ਯੋਧਾ ਸੀ ਜੋ ਭਾਈ ਵੀਰ ਸਿੰਘ ਜੀ ਦੀ ਇਹ ਤੁਕ ਅਕਸਰ ਹੀ ਗੁਣਗੁਣਾਉਂਦਾ ਰਹਿੰਦਾ ਸੀ, "ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਅਰਾਮ ਨਹੀਂ ਬਹਿੰਦੇ"। ਹਿੰਦੋਸਤਾਨੀ ਸਰਕਾਰ ਵੱਲੋਂ ਅਕਾਲ ਤਖ਼ਤ ਨੂੰ ਢਾਹ ਜਾਣ ਦੇ ਦਿਸ਼ ਨੂੰ ਆਪਣੇ ਸੀਨੇ ਵਿਚ ਦੱਬੀ ਉਹ ਬਹੁਤ ਹੀ ਘੱਟ ਕਿਸੇ ਕੋਲ ਇਹ ਪੀੜ ਜ਼ਾਹਰ ਕਰਦੇ ਸਨ। ਸੰਤ ਜਰਨੈਲ ਦੀਆਂ ਕੈਸਟਾਂ ਨੂੰ ਸੁਣਨਾ, ਭਰੇ ਮਨ ਨਾਲ ਖੇਤਾਂ ਨੂੰ ਤੁਰ ਪੈਣਾ, ਕੌਮ ਲਈ ਕੁਝ ਕਰ ਗੁਜ਼ਰਨ ਦੀ ਚਾਹ ਹਮੇਸ਼ਾਂ ਹੀ ਆਪਣੀ ਸੋਚ ਵਿਚ ਰੱਖਣੀ।

ਇਕ ਦਿਨ ਭਾਈ ਦਰਸ਼ਨ ਸਿੰਘ ਬੱਬਰ ਆਕਲੀਆਂ, ਜੋ ਆਪਣੀ ਰੂਪੋਸ਼ ਜ਼ਿੰਦਗੀ ਦੌਰਾਨ ਦਾਨ ਸਿੰਘ ਵਾਲਾ ਦੇ ਖੇਤਾਂ ਵਿਚੋਂ ਗੁਜ਼ਰ ਰਹੇ ਸਨ, ਦਾ ਭਾਈ ਮਲਕੀਤ ਸਿੰਘ ਨਾਲ ਮੇਲ ਜੋਲ ਹੋਇਆ। ਆਪਸ ਵਿਚ ਦਿਲਾਂ ਦੀਆਂ ਗੱਲਾਂ ਸਾਂਝੀਆਂ ਹੋਈਆਂ ਤਾਂ ਭਾਈ ਮਲਕੀਤ ਸਿੰਘ ਨੂੰ ਕੌਮੀ ਸੰਘਰਸ਼ ਵਿਚ ਕੁੱਦਣ ਲਈ ਰਸਤਾ ਮਿਲ ਗਿਆ। ਭਾਈ ਮਲਕੀਤ ਸਿੰਘ ਦਾ ਘਰ ਪਿੰਡ ਤੋਂ ਬਾਹਰ ਪਿੰਡ ਆਕਲੀਆਂ ਨੂੰ ਜਾਂਦੀ ਸੜਕ ਦੇ ਨਜ਼ਦੀਕ ਕਰਨੈਂ ਬੁੱਧ ਸਿੰਘ ਵਿਖੇ ਹੈ। ਖਾੜਕੂ ਸਿੰਘਾਂ ਦੇ ਘਰਾਂ ਦੀ ਤਰਾਸਦੀ ਤਾਂ ਬਹੁਤ ਦੇਖੀ ਸੀ ਪਰ ਸ਼ਹੀਦ ਭਾਈ ਮਲਕੀਤ ਸਿੰਘ ਬੱਬਰ ਦੇ ਘਰ ਦੀ ਤਸਵੀਰ ਕਦੇ ਵੀ ਨਹੀਂ

ਭੁਲਣੀ। ਘਰ ਵਿਚ ਵੜਨ ਲਈ ਇਕ ਤਿੰਨ ਫੁੱਟ ਉੱਚਾ ਦੋ ਫੁੱਟ ਚੌੜਾ ਬਾਰੀ ਦੇ ਅਕਾਰ ਦਾ ਗੇਟ ਸੀ, ਜੋ ਡਿਗਦਾ ਡਿਗਦਾ ਖੜਾ ਸੀ। ਪਰਿਵਾਰ ਦੇ ਮੈਂਬਰ ਰਾਤ ਨੂੰ ਉਸਦੇ ਦਰਵਾਜ਼ੇ ਨੂੰ ਲਕੜਾਂ ਦਾ ਸਹਾਰਾ ਦੇ ਕੇ ਖੜਾ ਕਰ ਦਿੰਦੇ ਸਨ ਜਾਂ ਭਾਈ ਸਾਹਿਬ ਜੀ ਦੇ ਦੂਸਰੇ ਭਰਾਵਾਂ ਦੇ ਘਰ ਵਿਚ ਦੀ ਹੋ ਕੇ ਹੀ ਆਇਆ ਜਾ ਸਕਦਾ ਸੀ। ਗੁਰਸਿੱਖ ਸੰਸਥਾ ਦੇ ਮੈਂਬਰ ਜਦੋਂ ਉਸ ਘਰ ਦੀ ਤਰਾਸਦੀ ਵੇਖਣ ਲਈ ਇਕ ਦੋ ਵਾਰ ਉਨ੍ਹਾਂ ਦੇ ਘਰੇ ਗਏ ਤਾਂ ਉਨ੍ਹਾਂ ਦੇ ਘਰ ਵਾਲਿਆਂ ਨੇ ਇਕ ਨਮੋਸ਼ੀ ਜਿਹੀ ਮਹਿਸੂਸ ਕਰਕੇ ਹੁਣ ਗੇਟ ਵੱਡਾ ਕਰਕੇ ਲੋਹੇ ਦਾ ਬਣਾ ਦਿੱਤਾ ਹੈ। ਪਰਿਵਾਰ ਦੇ ਮੈਂਬਰ ਪੂਰੀ ਤਰ੍ਹਾਂ ਹੀ ਆਪਣੇ ਸ਼ਰੀਕੇ 'ਤੇ ਨਿਰਭਰ ਹਨ ਜੋ ਥੋੜ੍ਹਾ ਬਹੁਤ ਦੁੱਧ ਵੇਚ ਲੈਂਦੇ ਹਨ। ਆਪ ਜੀ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਸਨ ਪਰ ਜੀਵਨੀ ਲਿਖੇ ਜਾਣ ਵੇਲੇ ਤੱਕ ਜ਼ਮੀਨ ਦੀ ਮਾਲਕੀ ਪਰਿਵਾਰ ਨੂੰ ਅਜੇ ਤੱਕ ਨਹੀਂ ਸੀ ਦਿੱਤੀ ਗਈ। ਆਪ ਜੀ ਚਾਰ ਭਾਈਆਂ 'ਚੋਂ ਸਭ ਤੋਂ ਛੋਟੇ ਸਨ। ਆਪ ਜੀ ਦੀ ਧਰਮ ਪਤਨੀ ਬੀਬੀ ਬਿੰਦਰ ਕੌਰ ਦੋ ਲੜਕੀਆਂ ਅਤੇ ਇਕ ਲੜਕੇ ਨਾਲ ਆਪਣੇ ਘਰੇ ਗੁਰਸਿੱਖੀ ਭੈ-ਭਾਵਨਾ ਨਾਲ ਰਹਿ ਰਹੀ ਹੈ।

ਭਾਈ ਬਲਵਿੰਦਰ ਸਿੰਘ ਬੱਬਰ ਰੀਗਾ ਦੀ ਦੂਰ ਦੀ ਸੋਚਣੀ ਨੇ ਆਪ ਜੀ ਅਤੇ ਇਨ੍ਹਾਂ ਦੇ ਦੂਸਰੇ ਸਾਥੀਆਂ ਭਾਈ ਬਚਿੱਤਰ ਸਿੰਘ ਦਦੜਾ, ਭਾਈ ਸੁਰਜਨ ਸਿੰਘ ਸੁਖਨਾ ਦੀ ਸੇਵਾ ਰਾਜਸਥਾਨ ਵਿਚ ਲਾ ਦਿਤੀ। ਹਨ੍ਹੇਰੀਆਂ ਰਾਤਾਂ ਦੀਆਂ ਲੰਮੀਆਂ ਵਾਟਾਂ ਉਹ ਹਿਰਨਾਂ ਵਾਂਗ ਚੁੰਗੀਆਂ ਭਰਦੇ ਲੰਘ ਜਾਂਦੇ ਸਨ। ਨਾਲ ਦੇ ਸਿੰਘ ਹਾਸੇ ਨਾਲ ਕਹਿ ਦੇਂਦੇ "ਜਿੰਨਾ ਭਾਰ ਅਸਾਨੀ ਨਾਲ ਕਿਸੇ ਤੋਂ ਚੁੱਕ ਹੁੰਦਾ ਹੈ ਚੁੱਕ ਲਵੋ, ਬਾਕੀ ਸਾਰਾ ਹੀ ਦਾਨ ਸਿੰਘ ਵਾਲੇ 'ਤੇ ਲੱਦ ਦੇਵੋ, ਆਪੇ ਹੀ ਮੰਜ਼ਿਲ 'ਤੇ ਪਹੁੰਚ ਜਾਵੇਗਾ।" ਮਾਲਵੇ ਦਾ ਬਾਈ ਮਲਕੀਤ ਇਤਨਾ ਗੁਪਤ ਵਿਚਰਦਾ ਸੀ ਕਿ ਕਿਸੇ ਨੂੰ ਪਿੰਡ ਵਿਚ ਤਾਂ ਕੀ ਪਤਾ ਲੱਗਣਾ ਸੀ, ਪਰਿਵਾਰ ਨੂੰ ਵੀ ਇਸਦੀ ਭਿਣਕ ਨਹੀਂ ਸੀ ਕਿ ਮਲਕੀਤ ਸਿੰਘ ਬੱਬਰਾਂ ਦਾ ਜੰਗਜੂ ਸਿਪਾਹੀ ਹੈ। ਦਿਲ ਅੰਦਰ ਇਤਨੀ ਫਰਾਖਦਿਲੀ ਸੀ ਕਿ "ਕਿਸ ਦੁਸ਼ਟ ਨੂੰ ਸੋਧਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਦੇ ਸਨ" ਫਿਰ ਵੀ ਕਹਿ ਦੇਂਦੇ ਸਨ "ਇਸ ਨੂੰ ਕਹੋ ਜੇਕਰ ਇਹ ਸੁਧਰ ਜਾਵੇ ਤਾਂ ਚੰਗਾ ਹੈ ਨਹੀਂ ਤਾਂ ਮਾਰਨ ਦਾ ਕੀ ਹੈ ਜਦੋਂ ਮਰਜ਼ੀ ਇਸ ਨੂੰ ਗੱਡੀ ਚਾੜ੍ਹ ਦੇਵਾਂਗੇ।"

ਪਰਿਵਾਰ ਅੰਦਰ ਕਿਸ ਕਦਰ ਚੁੱਪ ਦੀ ਗੁਰਬੱਤ ਹੈ ਕਿ ਮਾਲਵੇ ਦੀ ਠੇਠ ਬੋਲੀ ਵਿਚ ਉਨ੍ਹਾਂ ਦੀ ਧਰਮ ਪਤਨੀ ਨੇ ਕਿਹਾ "ਬਾਈ ਜੀ ਦੁਖ ਤਾਂ ਬਥੇਰਾ ਹੈ ਕੀ ਦੱਸਾਂ? ਆਖਰੀ ਵਾਰ ਜਦੋਂ ਘਰੋਂ ਮਿਲ ਕੇ ਗਏ ਕਹਿੰਦੇ ਆਪਾਂ ਰਾਜਸਥਾਨ ਵਿਚ ਪੈਲੀ ਖਰੀਦ ਲਈ ਹੈ, ਮੈਨੂੰ ਕਈ ਦਿਨ ਉਥੇ ਲੱਗ ਜਾਣਗੇ, ਤੂੰ ਫਿਕਰ ਨਾ ਕਰੀਂ. ਮੈਨੂੰ ਕੀ ਪਤਾ ਸੀ ਉਹ ਘਰੋਂ ਬਾਹਰ ਕਿਉਂ ਰਹਿੰਦੇ ਸਨ" "ਘਰ ਦਾ ਖਰਚ ਦੁੱਧ ਵੇਚ ਕੇ ਚਲਾਉਂਦੇ ਆਂ" ਪਰਿਵਾਰ ਆਪਣੇ ਸ਼ਰੀਕੇ ਨੂੰ ਤਰਸੀ ਨਜ਼ਰਾਂ ਨਾਲ ਤੱਕਦਾ ਹੈ।

ਭਾਈ ਸਾਹਿਬ ਜੀ ਦੀ ਵੱਡੀ ਬੇਟੀ ਵੀਰਪਾਲ ਕੌਰ ਨੇ ਸਾਨੂੰ ਇਕ ਸਵਾਲ ਕਰ ਦਿਤਾ "ਤੁਸੀਂ ਸਾਨੂੰ ਦੱਸੋ ਮੇਰੇ ਪਾਪਾ ਕੀ ਸਨ, ਕੌਣ ਸਨ, ਉਹ ਕੀ ਕਰਦੇ ਹੁੰਦੇ ਸਨ? ਮੈਨੂੰ ਮੇਰੀਆਂ ਸਹੇਲੀਆਂ ਪੁਛਦੀਆਂ ਹਨ"। ਇਹ ਸੱਚੀ ਗੱਲ ਹੈ "ਸਾਡੇ ਘਰਾਂ ਦੇ ਸਾਨੂੰ ਚੰਗਾ

ਨਹੀਂ ਸਮਝਦੇ" ਬੇਟੀ ਵੀਰਪਾਲ ਨੇ ਰੋਂਦੀ ਹੋਈ ਨੇ ਕਿਹਾ, "ਕੀ ਮੇਰੇ ਪਾਪਾ ਅਤਿਵਾਦੀ ਸਨ। ਮੈਂ ਇਨ੍ਹਾਂ ਸਾਰਿਆਂ ਨਾਲ ਬਹਿਸਦੀ ਹਾਂ, ਮੇਰੀ ਮੰਮੀ ਮੈਨੂੰ ਰੋਕਦੀ ਹੈ, ਮੇਰ ਪਾਪਾ ਨੂੰ ਅਤਿਵਾਦੀ ਕਿਉਂ ਆਖਿਆ ਜਾਂਦਾ ਹੈ"??

"ਮੈਂ ਵੱਡੀ ਹ ਕੇ ਆਪਣੇ ਪਾਪਾ ਦੀ ਬਰਸੀ ਮਨਾਵਾਂਗੀ, ਮੇਰ ਪਾਪਾ ਅਤਿਵਾਦੀ ਨਹੀਂ ਸਨ, ਉਹ ਇਕ ਖਾਲਸਾ ਸੀ, ਖਾਲਸਾ ਬਣ ਕੇ ਲੜਿਆ ਸੀ, ਮੇਰੇ ਪਾਪਾ ਨੂੰ ਪੁਲਿਸ ਨੇ ਕੱਟ-ਕੱਟ ਕ ਸ਼ਹੀਦ ਕੀਤਾ ਹੈ, ਉਹ ਸ਼ਹੀਦ ਸੀ, ਜੇਕਰ ਸਾਡੇ ਘਰ ਦੇ, ਸਾਡੇ ਪਿੰਡ ਦੇ ਮੇਰ ਚਾਚ ਤਾਏ, ਬਾਬੇ, ਮੇਰੇ ਪਾਪਾ ਦੀ ਬਰਸੀ ਨਹੀਂ ਮਨਾਉਣਗੇ ਤਾਂ ਕੋਈ ਨਹੀਂ, ਮੈਂ ਵੱਡੀ ਹੋ ਕੇ ਜ਼ਰੂਰ ਮਨਾਵਾਂਗੀ।" ਬੇਟੀ ਵੀਰਪਾਲ ਵਿਲਕਦੀ ਹੋਈ ਕਮਰੇ ਅੰਦਰ ਵੜ ਕੇ ਉੱਚੀ-ਉੱਚੀ ਰੋਂਦੀ ਸੁਣੀ।

ਬੇਟੀ ਵੀਰਪਾਲ ਅਤੇ ਅਜਿਹੀਆਂ ਹੀ ਹੋਰ ਪੰਥ ਦੀਆਂ ਯਤੀਮ ਹੋਈਆਂ ਬੱਚੀਆਂ ਦਾ ਕੌਮ ਸਾਹਮਣੇ ਇਕ ਸਵਾਲ ਹੈ? ਸ਼ਹੀਦਾਂ ਉਪਰ, ਉਨ੍ਹਾਂ ਦੇ ਪਰਿਵਾਰਾਂ ਉਪਰ, ਅਤਿਵਾਦੀਆਂ ਦੀ ਮੋਹਰ ਕੌਣ ਲਾ ਰਿਹਾ ਹੈ? "ਸਾਡੇ ਆਪਣੇ ਜਾਂ ਬਗਾਨੇ।" ਖਾਲਸਾ ਪੰਥ ਦੇ ਇਸ ਵਿਸ਼ਾਲ ਅਮੀਰ ਬ੍ਰਹਿਮੰਡ ਵਿਚ ਇਨ੍ਹਾਂ ਪਰਿਵਾਰਾਂ ਨੂੰ, ਸ਼ਹੀਦਾਂ ਦੇ ਬੱਚੇ, ਬੱਚੀਆਂ ਨੂੰ, ਲਾ ਵਾਰਿਸ ਸਿਦਿਆਂ ਦੇ ਬੇਆਸਰੇ ਹੋਏ ਦੁਖਾਂਤ ਨੂੰ ਕੀ ਯਤੀਮਾਂ ਦਾ ਦਰਜਾ ਦੇ ਦੇਈਏ ਜਾਂ ਅਤਿਵਾਦੀਆਂ ਦਾ ਦਰਜਾ ਦਈਏ ਜਾਂ ਕੌਮ ਦੀ ਮਹਾਨ ਵਿਰਾਸਤ ਦਾ। ਜੇਕਰ ਇਨ੍ਹਾਂ ਬੋਲਾਂ ਦਾ ਮੁਲਅੰਕਣ ਕਰਕੇ ਇਸ ਨੂੰ ਨਾ ਸੰਭਾਲਿਆ ਤਾਂ ਆਪਾਂ ਨੂੰ ਇਤਿਹਾਸ ਕਦੇ ਵੀ ਮਾਫ ਨਹੀਂ ਕਰੇਗਾ। ਭਾਈ ਸਾਹਿਬ ਜੀ ਦੀ ਧਰਮ ਪਤਨੀ ਦੇ ਸਾਦਗੀ ਭਰੇ ਵਿਹੜੇ ਵਿਚ ਘਰ ਦੀ ਹਾਲਤ, ਇਕੀਵੀਂ ਸਦੀ ਦੇ ਸਾਇੰਸੀ ਯੁਗ ਵਿਚ ਹੋਰ ਵੀ ਗੰਭੀਰ ਹੋ ਕੇ ਉਭਰਦੀ ਹੈ ਜਦੋਂ ਉਹ ਸਾਡੇ ਲਈ ਚਾਹ ਬਣਾਉਣ ਲਈ ਗਹੀਰੇ ਵਿਚੋਂ ਪਾਥੀਆਂ ਦਾ ਟੋਕਰਾ ਚੌਂਕੇ ਵਿਚ ਰੱਖਦੇ ਹਨ। "ਬੱਸ ਭਾਈ ਜੀ, ਪਾਥੀਆਂ ਚੁਲ੍ਹੇ ਲਾ ਦਿੱਤੀਆਂ ਹਨ, ਛੇਤੀ ਚਾਹ ਬਣ ਜਾਵੇਗੀ।"

ਬੇਟੀ ਵੀਰਪਾਲ ਦੇ ਬੋਲ ਵੀ ਸਵਾਲ ਪਾ ਰਹੇ ਹਨ, "ਪੜ੍ਹਨ ਨੂੰ ਤਾਂ ਦਿਲ ਕਰਦਾ ਹੈ, ਬੜਾ ਮਨ ਖਰਾਬ ਹੁੰਦਾ ਹੈ, ਜਦੋਂ ਮੈਂ ਆਪਣੇ ਨਾਲ ਦੇ ਘਰਾਂ ਵਿਚੋਂ ਕੁੜੀਆਂ ਨੂੰ ਪੜ੍ਹਨ ਜਾਂਦਿਆਂ ਤੱਕਦੀ ਹਾਂ। ਮੈਂ ਘਰੇ ਕਾਪੀਆਂ ਕਿਤਾਬਾਂ ਤੇ ਦਾਖਲੇ ਲਈ ਪੈਸਿਆਂ ਦੀ ਥੋੜ ਮਹਿਸੂਸਦੀ ਹਾਂ।" ਗੁਰਸਿੱਖ ਸੰਸਥਾ ਵੱਲੋਂ ਕੁਝ ਉਪਰਾਲਾ ਕਰਕੇ ਕੁੱਝ ਪਰਿਵਾਰਾਂ ਨੂੰ ਪੂਰ ਕੇ ਤੇ ਸਰਪੰਚ ਸਾਹਿਬ ਸਤਨਾਮ ਸਿੰਘ ਨੂੰ ਬੇਨਤੀ ਕਰਕੇ ਬੇਟੀਆਂ ਪੜ੍ਹਨ ਲਈ ਲਾਈਆਂ ਗਈਆਂ ਹਨ। ਮਿਠਬੋਲੜੇ ਸੁਭਾਅ ਵਾਲਾ ਭਾਈ ਮਲਕੀਤ ਸਿੰਘ ਹਮੇਸ਼ਾ ਆਪਣੇ ਅੰਦਰ ਸਿੱਖੀ ਸਿਦਕ ਤੇ ਮਨੁੱਖਤਾ ਦਾ ਦਰਦ ਸਾਂਭੀ ਰੱਖਦੇ ਸਨ। ਖੇਤਾਂ ਅੰਦਰ ਕੰਮ ਕਰਦੇ ਗਰੀਬ ਦਿਹਾੜੀਦਾਰਾਂ, ਕਾਮਿਆਂ ਪ੍ਰਤੀ ਹਮੇਸ਼ਾ ਹੀ ਹਮਦਰਦੀ ਰੱਖਦੇ ਸਨ। "ਭਰਾਵੋ ਮੈਂ ਜਿੰਨੇ ਜੋਗਾ ਹਾਂ, ਹਾਜ਼ਰ ਹਾਂ ਪਰ ਮੈਨੂੰ, ਤੁਸੀਂ ਪਰਦੇ ਨਾਲ ਦੱਸ ਦਿਆ ਕਰੋ।"

ਭਾਈ ਸਾਹਿਬ ਜੀ ਦੇ ਸ਼ਹੀਦ ਹੋਣ ਤੋਂ ਕੁਝ ਸਮਾਂ ਬਾਅਦ ਨਗਰ ਨੇ ਸਹਿਯੋਗ ਕਰਕੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਭਾਈ ਸਾਹਿਬ ਜੀ ਦੀ ਯਾਦ ਵਿਚ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਪਰ ਕਦੇ ਵੀ ਭਾਈ ਸਾਹਿਬ ਜੀ ਦੀ ਯਾਦ ਵਿਚ ਕੋਈ ਸਮਾਗਮ

ਜਾਂ ਬਰਸੀ ਨਹੀਂ ਮਨਾਈ ਗਈ। ਭਾਈ ਸਾਹਿਬ ਜੀ ਦੇ ਬੱਚੇ ਜ਼ਰੂਰ ਇਹ ਖਾਹਿਸ਼ ਮਨ ਅੰਦਰ ਰੱਖੀ ਬੈਠੇ ਹਨ ਕਿ ਜਦੋਂ ਅਸੀਂ ਪੈਰਾਂ ਸਿਰ ਹੋ ਗਏ, ਅਸੀਂ ਆਪਣੇ ਪਾਪਾ ਦੀ ਯਾਦ ਜ਼ਰੂਰ ਮਨਾਵਾਂਗੇ।

ਗੁਰੂ ਦੇ ਹੁਕਮ ਅਨੁਸਾਰ ਜਦੋਂ ਮਾਲਵਾ ਜ਼ੋਨ ਦੇ ਮੁੱਖ ਜਥੇਦਾਰ ਨੇ ਭਾਈ ਮਲਕੀਤ ਸਿੰਘ ਬੱਬਰ ਦੀ ਸੇਵਾ ਕਿਸੇ ਖਾਸ ਕੰਮ ਲਈ ਰਾਜਸਥਾਨ ਵਿਖੇ ਲਾਈ ਤਾਂ ਭਾਈ ਮਲਕੀਤ ਸਿੰਘ ਨੇ ਆਪਣੇ ਸਾਥੀਆਂ ਭਾਈ ਬਚਿੱਤਰ ਸਿੰਘ ਦੰਦੜਾ ਜ਼ਿਲ੍ਹਾ ਮਾਨਸਾ ਅਤੇ ਭਾਈ ਸੁਰਜਨ ਸਿੰਘ ਸੁਖਨਾ ਜ਼ਿਲ੍ਹਾ ਮੁਕਤਸਰ ਨਾਲ ਰਾਜਸਥਾਨ ਦੇ ਜ਼ਿਲ੍ਹਾ ਗੰਗਾ ਨਗਰ ਵਿਖੇ ਤੁਰੰਤ ਪਹੁੰਚ ਕੀਤੀ ਅਤੇ ਸੁਖਨੇ ਪਿੰਡ ਦੇ ਹੀ ਡਾ. ਅਮਰਜੀਤ ਸਿੰਘ ਨੂੰ ਮਗਰ ਆਉਣ ਲਈ ਕਿਹਾ।

10 ਨਵੰਬਰ 1991 ਨੂੰ ਦਿਨ ਸ਼ਨੀਵਾਰ ਦੀ ਦਰਮਿਆਨੀ ਰਾਤ ਨੂੰ ਜਦ ਤਿੰਨੇ ਸਿੰਘ ਰਾਏ ਸਿੰਘ ਨਗਰ ਦੀ ਇਕ ਸੜਕ 'ਤੇ ਜਾ ਰਹੇ ਸਨ ਤਾਂ 29 ਬਟਾਲੀਅਨ ਬੀ ਐਸ ਐਫ ਦੀ ਇਕ ਗਸ਼ਤੀ ਟੁਕੜੀ ਦੇ ਘੇਰੇ ਵਿਚ ਆ ਕੇ ਫੜ ਗਏ.

ਥਾਣਾ ਰਾਏ ਸਿੰਘ ਨਗਰ ਦੇ ਮੁਨਸ਼ੀ ਸਤਨਾਮ ਸਿੰਘ ਨੇ 27 ਨੰਬਰ ਰਜਿਸਟਰ 'ਤੇ ਐਫ ਆਈ ਆਰ ਨੰ 0357/6191 ਜਿਹੜੀ ਬੀ ਐਸ ਐਫ ਵੱਲੋਂ ਮਿਤੀ 10 ਨਵੰਬਰ 1991 ਨੂੰ ਰਾਤ 10 ਵਜੇ ਦਰਜ ਕਰਵਾਈ ਗਈ ਵਿਚ ਲਿਖਿਆ ਤਿੰਨ ਸਿੱਖ ਅਤਿਵਾਦੀ ਮਲਕੀਤ ਸਿੰਘ ਉਰਫ ਭੋਲਾ ਉਰਫ ਵਧਾਵਾ ਜੱਟ ਸਿੱਖ ਪੁੱਤਰ ਮਹਰ ਸਿੰਘ ਵਾਸੀ ਦਾਨ ਸਿੰਘ ਵਾਲਾ ਥਾਣਾ ਨਹੀਆਂ ਵਾਲਾ ਜ਼ਿਲ੍ਹਾ ਬਠਿੰਡਾ, ਛੱਜੂ ਸਿੰਘ ਉਰਫ ਬਚਿੱਤਰ ਸਿੰਘ ਪੁੱਤਰ ਸਾਧੂ ਸਿੰਘ ਜਾਤ ਝੀਬਾ ਸਿੱਖ ਵਾਸੀ ਦੰਦੜਾ ਥਾਣਾ ਬੁਢਲਾਡਾ ਜ਼ਿਲ੍ਹਾ ਬਠਿੰਡਾ ਅਤੇ ਸੁਰਜਨ ਸਿੰਘ ਪੁੱਤਰ ਮੁਖਤਿਆਰ ਸਿੰਘ ਜਾਤ ਜੱਟ ਸਿੱਖ ਵਾਸੀ ਸੁਖਨਾ ਥਾਣਾ ਕੋਟਭਾਈ ਜ਼ਿਲ੍ਹਾ ਫਰੀਦਕੋਟ, ਜਿੰਨ੍ਹਾਂ ਦੀ ਤਲਾਸ਼ੀ ਲੈਣ 'ਤੇ ਕਰਮਵਾਰ 52 ਰੁਪੈ 181 ਰੁਪੈ ਅਤੇ 133 ਰੁਪਏ ਮਿਲੇ ਸਨ, ਜਿੰਨਾ ਨੂੰ 7 11 1991 ਨੂੰ ਪਾਕਿਸਤਾਨ ਬੈਠੇ ਵਧਾਵਾ ਸਿੰਘ ਬੱਬਰ ਕੋਲੋਂ ਬਹੁਤ ਵੱਡੀ ਹਥਿਆਰਾਂ ਦੀ ਖੇਪ ਮਿਲੀ ਹੈ, ਇਹ ਤਿੰਨੋਂ ਸਿੱਖ ਅਤਿਵਾਦੀ ਬੀ ਐਸ ਐਫ ਦੀ 29 ਬਟਾਲੀਅਨ ਨਾਲ ਇਕ ਗਸ਼ਤੀ ਮੁਕਾਬਲੇ ਸਮੇਂ ਫੜੇ ਗਏ ਹਨ। ਐਫ ਆਈ ਆਰ ਹਿੰਦੀ ਵਿਚ ਲਿਖੀ ਗਈ ਹੈ ਕੁਲ 12 ਕਾਲਮ ਹਨ। ਕਾਲਮ ਨੰਬਰ ਤਿੰਨ 'ਤੇ ਫੜੇ ਗਏ ਵਿਅਕਤੀਆਂ ਦੀ ਸੰਖਿਆ ਤਿੰਨ ਲਿਖੀ ਗਈ ਹੈ। ਕਾਲਮ ਨੰਬਰ ਗਿਆਰਾਂ ਮਰੇ ਹੋਇਆ ਲਈ ਹੈ ਜੋ ਕਿ ਖਾਲੀ ਹੈ ਭਾਵ "ਨਿਲ" ਹੈ, ਕਈ ਨਹੀਂ ਮਰਿਆ।

ਬੀ ਐਸ ਐਫ ਅਤੇ ਗੰਗਾਨਗਰ ਜ਼ਿਲ੍ਹਾ ਪੁਲਿਸ ਵੱਲੋਂ 14-11-1991 ਨੂੰ ਇਕ ਪ੍ਰੈੱਸ ਕਾਨਫਰੰਸ ਕਰਕੇ ਪ੍ਰੈੱਸ ਦੇ ਸਾਹਮਣੇ ਤਿੰਨਾਂ ਨੌਜਵਾਨਾਂ ਨੂੰ ਪੇਸ਼ ਕੀਤਾ ਗਿਆ। ਨਾਲ ਮੇਜ਼ ਉੱਪਰ ਹਥਿਆਰ ਰੱਖੇ ਹੋਏ ਪ੍ਰੈੱਸ ਨੂੰ ਦਿਖਾਏ ਗਏ। ਇਹ ਸਾਰੇ ਹਥਿਆਰ ਬਾਰਾਂ ਬੋਰ ਦੀਆਂ ਕੱਟੀਆਂ ਹੋਈਆਂ ਨਾਲੀਆਂ ਵਾਲੀਆਂ ਬੰਦੂਕਾਂ ਅਤੇ ਗੰਗਾ ਨਗਰ ਦੇ ਸਿਕਲੀਗਰਾਂ ਵੱਲੋਂ ਬਣਾਏ ਹੋਏ ਦੇਸੀ ਪਿਸਤੌਲ ਸਨ। ਇਨ੍ਹਾਂ ਸਾਰਿਆਂ ਦੀਆਂ ਤਸਵੀਰਾਂ ਰੋਜ਼ਾਨਾ "ਜੱਗਬਾਣੀ" ਜਲੰਧਰ ਵਿਚ 15 11 1991 ਨੂੰ ਪ੍ਰੈੱਸ ਰਿਪੋਰਟਰ ਸਿੰਗਲਾ ਰਾਹੀਂ ਪ੍ਰਕਾਸ਼ਤ ਕੀਤੀਆਂ ਗਈਆਂ। ਜਦ ਕਿ ਇਨ੍ਹਾਂ 'ਤੇ ਦੋਸ਼ ਇਹ ਸੀ ਕਿ ਇਨ੍ਹਾਂ ਨੂੰ ਬਾਹਰੋਂ

ਹਥਿਆਰਾਂ ਦੀ ਬਹੁਤ ਵੱਡੀ ਖੇਪ 7 11 1991 ਨੂੰ ਮਿਲੀ ਸੀ ਅਤੇ ਇਨ੍ਹਾਂ ਨਾਲ ਹੋਏ ਮੁਕਾਬਲੇ ਵਿਚ ਪ੍ਰਿਥਵੀਸਰ ਪੋਸਟ ਨੰ 5 'ਤੇ ਇਕ ਖੌਫ਼ਨਾਕ ਅੱਤਵਾਦੀ ਮਾਰਿਆ ਗਿਆ ਹੈ। ਤਸਵੀਰ ਵਿਚ ਉਸ ਦੀ ਲਾਸ਼ ਵੀ ਦਿਖਾਈ ਗਈ ਹੈ। ਪਰ ਐਫ ਆਈ ਆਰ ਦੇ ਗਿਆਰਾਂ ਨੰਬਰ ਕਾਲਮ ਵਿਚ ਮਰੇ ਹੋਏ ਬਾਰੇ ਖਾਲੀ ਲਿਖਿਆ ਹੈ ਭਾਵ ਕੋਈ ਮੌਤ ਨਹੀਂ ਹੋਈ। ਇਹ ਕਹਾਣੀ ਤਾਂ ਰਾਜਸਥਾਨ ਪੁਲਿਸ ਵੱਲੋਂ ਬੀ ਐਸ ਐਫ ਨਾਲ ਮਿਲ ਕੇ ਪੰਜਾਬ ਦੇ ਚਾਰ ਸਿੱਖ ਗੱਭਰੂਆਂ ਬਾਰੇ ਘੜੀ ਗਈ। ਤਿੰਨਾਂ ਸਿੰਘਾਂ ਨੂੰ ਗੰਗਾਨਗਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਅਤੇ ਚੌਥੇ ਸਿੰਘ ਦੀ ਲਾਸ਼ ਲਾਵਾਰਸ ਕਰਾਰ ਦੇ ਕੇ ਸਾੜ ਦਿਤੀ ਗਈ। ਹੁਣ ਪੰਜਾਬ ਪੁਲਿਸ ਵੱਲੋਂ ਆਪਣਾ ਬਹਾਦਰਪਣਾ ਦਿਖਾਉਣਾ ਆਰੰਭ ਕੀਤਾ ਗਿਆ

ਰਾਜਸਥਾਨ ਪੁਲਿਸ ਵੱਲੋਂ ਪੰਜਾਬ ਪੁਲਿਸ ਨੂੰ ਸੂਚਿਤ ਕਰ ਦਿਤਾ ਗਿਆ ਕਿ ਪੰਜਾਬ ਦੇ ਅੱਤਵਾਦੀਆਂ ਨੂੰ ਫੜ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਤਿੰਨੋਂ ਹੀ ਸਿੰਘਾਂ ਨਾਲ ਸੰਬੰਧਤ ਪੁਲਿਸ ਥਾਣਿਆਂ ਵੱਲੋਂ ਤਿੰਨ ਟੀਮਾਂ ਉਨ੍ਹਾਂ ਨੂੰ ਫਰਜ਼ੀ ਕੇਸਾਂ ਹੇਠ ਪ੍ਰੋਡਕਸ਼ਨ ਵਰੰਟਾਂ ਰਾਹੀਂ ਲੈਣ ਰਾਜਸਥਾਨ ਚਲੀਆਂ ਗਈਆਂ। ਭਾਈ ਬਚਿੱਤਰ ਸਿੰਘ ਬੱਬਰ ਨੂੰ ਮਾਨਸਾ ਸੀ ਆਈ ਏ ਸਟਾਫ ਵੱਲੋਂ ਮਿਤੀ 9 12 1991 ਨੂੰ ਗੰਗਾ ਨਗਰ ਜੇਲ੍ਹ ਵਿਚੋਂ ਲਿਆ ਕੇ ਲੰਮੇ ਤਸ਼ੱਦਦ ਤੋਂ ਬਾਅਦ ਸ਼ਹੀਦ ਕਰ ਦਿਤਾ ਗਿਆ। ਭਾਈ ਮਲਕੀਤ ਸਿੰਘ ਬੱਬਰ ਨੂੰ ਨਹੀਆਂ ਵਾਲਾ ਪੁਲਿਸ ਵੱਲੋਂ ਪਰਡਕਸ਼ਨ ਵਰੰਟਾਂ 'ਤੇ ਲਿਆ ਕੇ ਪੰਜ ਦਿਨਾਂ ਦਾ ਪੁਲਿਸ ਰੀਮਾਂਡ ਲਿਆ ਗਿਆ। ਪਰ ਭਾਈ ਬਲਵਿੰਦਰ ਸਿੰਘ ਬੱਬਰ ਹੀਰਾ ਅਤੇ ਸਾਥੀਆਂ ਵੱਲੋਂ ਪੁਲਿਸ ਉਪਰ ਦਬਾਅ ਬਣਾ ਲਿਆ ਗਿਆ, ਜਿਸ ਕਾਰਨ ਨਹੀਆਂ ਵਾਲਿਆਂ ਨੇ ਰੀਮਾਂਡ ਖਤਮ ਹੋਣ ਤੋਂ ਬਾਅਦ ਮੁੜ ਉਨ੍ਹਾਂ ਨੂੰ ਜੇਲ੍ਹ ਭੇਜ ਦਿਤਾ। ਭਾਈ ਸੁਰਜਨ ਸਿੰਘ ਬੱਬਰ ਸੁਖਨਾ ਨੂੰ ਪ੍ਰੋਡਕਸ਼ਨ ਵਰੰਟ 'ਤੇ ਕੋਟ ਭਾਈ ਪੁਲਿਸ ਸਟਾਫ ਵਾਲੇ ਲੈ ਆਏ ਸਨ। ਪੁਲਿਸ ਦੇ ਕਈ ਮੁਲਾਜ਼ਮਾਂ ਅਤੇ ਲੋਕਾਂ ਵੱਲੋਂ ਦੱਸਿਆ ਗਿਆ ਕਿ ਭਾਈ ਸੁਰਜਨ ਸਿੰਘ ਦੀ ਸ਼ਹਾਦਤ ਇਕ ਲਾਸਾਨੀ ਸ਼ਹਾਦਤ ਸੀ। ਕਿਸੇ ਚਰਨ ਸਿੰਘ ਨਾਮ ਦੇ ਪੁਲਿਸ ਅਫ਼ਸਰ ਨੇ ਇਸ ਸਿੰਘ 'ਤੇ ਦਰਿੰਦਗੀ ਦਾ ਉਹ ਨੰਗਾ ਨਾਚ ਕੀਤਾ ਜਿਸ ਕਾਰਨ ਮੁਲਾਜ਼ਮਾਂ ਵਿਚ ਵੀ ਬਾਗੀ ਸੁਰ ਉਭਰ ਰਹੀ ਸੀ। ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਮਲਕੀਤ ਸਿੰਘ ਨੂੰ ਦੁਬਾਰਾ ਜੇਲ੍ਹ ਛੱਡ ਆਏ ਹਨ ਤਾਂ ਦੋਹਾਂ ਪੁਲਿਸ ਥਾਣਿਆਂ ਵਿਚਕਾਰ ਤੂੰ ਤੂੰ, ਮੈਂ ਮੈਂ ਵੀ ਹੋ ਗਈ। ਇਕ ਦੂਜੇ 'ਤੇ ਡਰਪੋਕ, ਖਾੜਕੂਆਂ ਨਾਲ ਮਿਲੇ ਹੋਏ, ਆਦਿ ਦੇ ਦੋਸ਼ ਵੀ ਲਾਏ ਗਏ।

ਜਿਸ ਦੇ ਮੂੰਹ ਨੂੰ ਲਹੂ ਲੱਗਾ ਹੋਵੇ ਉਹ ਕਿਥੇ ਰੁਕ ਸਕਦੇ ਹਨ। ਫਿਰ ਕੋਟ ਭਾਈ ਪੁਲਿਸ ਸਟਾਫ ਵਾਲਿਆਂ ਨੇ ਇਕ ਹੋਰ ਫਰਜ਼ੀ ਕੇਸ ਵਿਚ ਭਾਈ ਮਲਕੀਤ ਸਿੰਘ ਨੂੰ ਪ੍ਰੋਡਕਸ਼ਨ ਵਾਰੰਟ ਰਾਹੀਂ ਰੀਮਾਂਡ 'ਤੇ ਲੈ ਆਂਦਾ। ਜਿਸ ਬਾਰੇ ਘਰਦਿਆਂ ਨੂੰ ਜਾਂ ਕਿਸੇ ਸੰਗੀ ਸਾਥੀ ਨੂੰ ਕਖ ਵੀ ਪਤਾ ਨਹੀਂ ਸੀ ਕੋਟ ਭਾਈ ਪੁਲਿਸ ਸਟਾਫ ਅੰਦਰ ਭਾਈ ਮਲਕੀਤ ਸਿੰਘ ਬੱਬਰ ਦਾ ਇਕ-ਇਕ ਪਲ ਜ਼ੁਲਮਾਂ ਦੇ ਅੰਤ ਵਿਚ ਲੰਘ ਰਿਹਾ ਸੀ। ਉਨ੍ਹਾਂ ਨੂੰ ਪਤਾ ਲਗ ਚੁੱਕਾ ਸੀ ਹੁਣ ਇਨ੍ਹਾਂ ਬੁੱਚੜਾਂ ਨੇ ਉਨ੍ਹਾਂ ਨੂੰ ਜਿੰਦਾ ਤਾਂ ਛੱਡਣਾ ਨਹੀਂ ਹੈ, ਇਸ ਲਈ ਉਨ੍ਹਾਂ ਪੁਲਿਸ ਦੀ ਹਿਰਾਸਤ ਵਿਚੋਂ ਖਿਸਕਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ

ਨਹੀਂ ਹੋ ਸਕੇ, ਜਿਸ ਕਾਰਨ ਸਖਤੀ ਅਤੇ ਤਸ਼ੱਦਦ ਹੋਰ ਵੀ ਵਧ ਗਿਆ। ਪੁਲਿਸ ਵੱਲੋਂ ਤਸ਼ੱਦਦ ਦਾ ਹਰ ਹਰਬਾ ਵਰਤਣ ਤੋਂ ਬਾਅਦ ਉਨ੍ਹਾਂ ਦੀਆਂ ਬਾਹਾਂ ਨੂੰ ਪਿਠ ਪਿੱਛੇ ਬੰਨ੍ਹ ਕੇ ਗੰਦਗੀ (ਲੈਟਰੀਨ) ਵਾਲ ਟੋਏ ਵਿਚ ਲਮਕਾ ਦਿਤਾ ਗਿਆ। ਬੇਹੋਸ਼ੀ ਦੀ ਹਾਲਤ ਵਿਚ ਜਦੋਂ ਬਾਹਰ ਕੱਢ ਕੇ ਸੁਟ ਦਿਤਾ ਗਿਆ ਤਾਂ ਦੂਰੋਂ ਹੀ ਪਾਣੀ ਦੀਆਂ ਬਾਲਟੀਆਂ ਪਾ ਕੇ ਕੁਝ ਗੰਦਗੀ ਉਤਾਰੀ ਗਈ ਪਰ ਫਿਰ ਲੋਹੇ ਦੀ ਇਕ ਰਾਡ ਨਾਲ ਗੋਡੇ ਕੋਲੋਂ ਲੱਤ ਭੰਨ ਦਿਤੀ ਗਈ ਤਾਂ ਕਿ ਉਹ ਤੁਰ ਨਾ ਸਕੇ।

ਭਾਈ ਸੁਰਜਨ ਸਿੰਘ ਪਹਿਲਾਂ ਹੀ ਉਨ੍ਹਾਂ ਦੀ ਹਿਰਾਸਤ ਵਿਚ ਸੀ। ਜਿਸ ਨੇ ਕਹਿਰਾਂ ਦਾ ਵਕਤ ਝੱਲਿਆ ਸੀ ਦੋਹਾਂ ਹੀ ਸਿੰਘਾਂ ਨੂੰ ਨਵੇਂ ਸਾਲ 1992 ਦੀ ਪਹਿਲੀ ਰਾਤ ਦੀਆਂ ਆਖਰੀ ਘੜੀਆਂ ਲੰਘਦੇ ਹੀ ਕਟ ਭਾਈ ਸਟਾਫ ਵੱਲੋਂ ਸ਼ਹੀਦ ਕਰ ਕੇ ਨਵੇਂ ਸਾਲ ਦੇ ਜਸ਼ਨਾਂ ਵਿਚ ਹਿੱਸਾ ਪਾਇਆ ਗਿਆ। ਪਰ ਇਨ੍ਹਾਂ ਦੀ ਮੌਤ ਨੂੰ ਇਕ ਭੇਦ ਬਣਾਏ ਰੱਖਿਆ ਗਿਆ। ਪੁਲਿਸ ਮੁਕਾਬਲੇ ਦੇ ਅੰਤਲ ਸੀਨ ਤਹਿਤ ਦੋਹਾਂ ਸਿੰਘਾਂ ਦੀਆਂ ਲਾਸ਼ਾਂ ਨੂੰ ਪਿੰਡ ਭਲਾਈਆਣਾ ਦੇ ਨੇੜੇ ਸੇਮ ਨਾਲ ਦੇ ਪੁੱਲ ਤੇ ਲਿਜਾ ਕੇ ਸੁੱਟ ਦਿਤਾ ਗਿਆ। ਜ਼ਾਲਮ ਧਾੜਾਂ ਨੇ ਬੱਬਰਾਂ ਨੂੰ ਗੋਲੀਆਂ ਦੀ ਅੰਤਿਮ ਸਲਾਮੀ ਦਿੱਤੀ।

ਭਾਈ ਮਲਕੀਤ ਸਿੰਘ ਬੱਬਰ ਦੀ ਪੋਸਟ ਮਾਰਟਮ ਰਿਪੋਰਟ ਜੋ ਮੈਡੀਕਲ ਕਾਲਜ ਦੇ ਦਲਾਲ ਡਾਕਟਰ ਤੋਂ ਪੁਲਿਸ ਨੇ ਮਨਮਰਜ਼ੀ ਨਾਲ ਲਿਖਵਾਈ ਸੀ, ਉਸ ਰਿਪੋਰਟ ਵਿਚ ਭਾਈ ਸਾਹਿਬ ਦੇ ਸੱਤ ਗੋਲੀਆਂ ਲੱਗੀਆਂ ਦੱਸੀਆਂ ਗਈਆਂ ਹਨ। ਭਾਈ ਸਾਹਿਬ ਦੀ ਲਾਸ਼ ਨੂੰ ਹਵਾਲਦਾਰ ਰੇਸ਼ਮ ਸਿੰਘ ਨੰਬਰ 1181 ਅਤੇ ਸਿਪਾਹੀ ਚਮਕੌਰ ਸਿੰਘ ਨੰਬਰ 1845 ਵੱਲੋਂ ਪੋਸਟ ਮਾਰਟਮ ਲਈ 11.00 ਵਜੇ ਸਵੇਰੇ ਲਿਆਂਦਾ ਗਿਆ ਲਿਖਿਆ ਹੈ, ਡਾਕਟਰ ਨੇ ਲਿਖਿਆ "ਮੈਂ ਮਲਕੀਤ ਸਿੰਘ ਉਰਫ ਭੋਲਾ ਉਰਫ ਵਿਧਾਵਾ ਬੱਬਰ ਪੁਤਰ ਮਹਰ ਸਿੰਘ ਜੱਟ ਸਿੱਖ ਥਾਣਾ ਕਟ ਭਾਈ ਦਾ ਪੋਸਟ ਮਾਰਟਮ 12.50 ਵਜੇ ਸ਼ਾਮ 7-1-1992 ਨੂੰ ਕੀਤਾ।

ਹਿੰਦੋਸਤਾਨ ਦੇ ਵਿਧਾਨ ਅੰਦਰ ਸਿੱਖਾਂ ਲਈ ਕੋਈ ਕਾਨੂੰਨ ਨਹੀਂ ਹੈ, ਕੋਈ ਜੇਲ੍ਹ, ਕੋਈ ਅਦਾਲਤ ਨਹੀਂ ਹੈ। ਪੁਲਿਸ ਕਹਿੰਦੀ ਹੈ ਪਾਕਿਸਤਾਨ ਤੋਂ ਵਧਾਵਾ ਸਿੰਘ ਬੱਬਰ ਨੇ ਬਹੁਤ ਵੱਡੀ ਹਥਿਆਰਾਂ ਦੀ ਖੇਪ 7.11.1991 ਨੂੰ ਪਿਥਵੀਸਰ ਪੋਸਟ ਨੰਬਰ 5 ਰਾਹੀਂ ਪੰਜਾਬ ਦੇ ਅਤਿਵਾਦੀਆਂ ਨੂੰ ਘੱਲੀ ਹੈ ਫਿਰ ਪੁਲਿਸ ਅਤੇ ਬੀ ਐਸ ਐਫ ਵੱਲੋਂ 14.11-1991 ਨੂੰ ਪ੍ਰੈਸ ਕਾਨਫਰਸ ਕਰਕੇ ਪ੍ਰੈਸ ਨੂੰ ਇਕ ਲਾਸ਼ ਵਿਖਾਈ ਜਾਂਦੀ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਇਹ ਅਣਪਛਾਤੀ ਹੈ। ਰੋਜ਼ਾਨਾ "ਜੱਗਬਾਣੀ" ਦੇ ਅਖ਼ਬਾਰ ਵਿਚ 15-11-1991 ਨੂੰ ਇਨ੍ਹਾਂ ਸਿੰਘਾਂ ਦੀ ਗ੍ਰਿਫਤਾਰੀ ਬਾਰੇ ਖਬਰ ਵੀ ਛੱਪ ਜਾਂਦੀ ਹੈ ਤਿੰਨ ਸਿੰਘਾਂ ਭਾਈ ਮਲਕੀਤ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਸੁਰਜਨ ਸਿੰਘ ਨੂੰ ਵਿਖਾਇਆ ਜਾਂਦਾ ਹੈ। ਮੇਜ਼ ਉਪਰ ਹਥਿਆਰ ਵਿਖਾਏ ਜਾਂਦੇ ਹਨ ਜੋ ਦੇਸੀ ਹਨ ਅਤੇ ਬਾਰਾਂ ਬੋਰ ਦੀਆਂ ਬੰਦੂਕਾਂ ਹਨ ਫਿਰ ਰਾਜਸਥਾਨ ਦੀ ਗੰਗਾ ਨਗਰ ਜੇਲ੍ਹ ਵਿਚੋਂ ਲਿਆ ਕੇ ਇਨ੍ਹਾਂ ਤਿੰਨਾਂ ਨੂੰ ਪੰਜਾਬ ਪੁਲਿਸ ਕਹਿਰਾਂ ਦੇ ਜ਼ੁਲਮ ਨਾਲ ਮਾਰ ਦੇਂਦੀ ਹੈ। ਕੀ ਇਹ ਦੇਸੀ ਹਥਿਆਰ ਬਾਹਰੋਂ ਆਉਂਦੇ ਹਨ? ਜਾਂ ਕੀ ਪੁਲਿਸ ਵੱਲੋਂ ਆਪ ਬਣਾ ਕੇ ਇਹ ਹਥਿਆਰ

ਬਰਾਮਦਗੀ ਦੇ ਡਰਾਮੇ ਨਹੀਂ ਖੜੇ ਜਾਂਦੇ? ਕੀ ਮੁਕਾਬਲਿਆਂ ਵਿਚ ਪੁਲਿਸ ਵਾਲਿਆਂ ਦੇ ਗੋਲੀ ਨਹੀਂ ਵੱਜਦੀ? ਭਾਈ ਮਲਕੀਤ ਸਿੰਘ ਦੇ ਪਰਿਵਾਰ ਵੱਲੋਂ ਪੰਜਾਬ ਦੀ ਹਾਈਕੋਰਟ ਕੋਲ ਫਰਿਆਦ ਕੀਤੀ ਗਈ ਹੈ। ਚੋਟੀ ਦੇ ਵਕੀਲ ਰੰਜਨ ਲਖਨਪਾਲ, ਅਤੁਲ ਲਖਨਪਾਲ, ਸ਼ਾਮੀ ਖਾਨ, ਅਸ਼ਵਨੀ ਵਰਮਾ ਕੇਸ ਲਈ ਕਝ ਦਿਨ ਪੇਸ਼ ਹੁੰਦ ਹਨ। ਫਿਰ ਇਹ ਸਾਰੀ ਕਹਾਣੀ, ਸਾਰੀ ਹਮਦਰਦੀ, ਸਾਰੇ ਕਾਨੂੰਨ ਸਾਰ ਕਾਨੂੰਨ ਰੱਖਿਅਕ ਲੋਕਤੰਤਰ ਦੀਆਂ ਨੀਂਹਾ ਵਿਚ ਕੈਦ ਹੋ ਜਾਂਦ ਹਨ। ਪੁਲਿਸ ਅਫਸਰਾਂ ਦੇ ਮੋਢਿਆਂ 'ਤੇ ਸਟਾਰ ਬਦਲਦ-ਬਦਲਦੇ ਪੱਗਾਂ 'ਚ ਫ਼ੀਤੀਆਂ ਤੱਕ ਚਲੇ ਜਾਂਦੇ ਹਨ। ਭਾਈ ਮਲਕੀਤ ਸਿੰਘ ਹੋਰਾਂ ਦਾ ਦੂਜਾ ਸਾਥੀ ਡਾ. ਅਮਰਜੀਤ ਸਿੰਘ ਸਖਨਾ ਕਿੱਥੇ ਲਾਵਾਰਿਸ ਸਾੜ ਦਿਤਾ ਜਾਂਦਾ ਹੈ, ਕੋਈ ਪਤਾ ਨਹੀਂ, ਪਰਿਵਾਰਾਂ ਕਲ ਸੱਥਰਾਂ ਦੀਆਂ ਸੱਧਰਾਂ ਹਨ ਹਾਉਕੇ ਹਨ, ਧਰਵਾਸਾਂ ਦੀਆਂ ਉਡੀਕਾਂ ਹਨ। ਸ਼ਹੀਦ ਪਰਿਵਾਰਾਂ ਦੀਆਂ ਛਾਤੀਆਂ ਵਿਚ ਅੱਜ ਵੀ ਅਜ਼ਾਦੀ ਦੀਆਂ ਤਾਂਘਾਂ ਹਨ। ਆਪਣਿਆਂ ਵੱਲੋਂ ਕੀਤੀਆਂ ਬਦਫਾਈਆਂ ਲਈ ਰੋਸ ਹਨ।

ਕੀ ਸ਼ਹੀਦ ਭਾਈ ਮਲਕੀਤ ਸਿੰਘ ਬੱਬਰ, ਸ਼ਹੀਦ ਭਾਈ ਬਚਿੱਤਰ ਸਿੰਘ ਬੱਬਰ, ਸ਼ਹੀਦ ਭਾਈ ਸੁਰਜਨ ਸਿੰਘ ਬੱਬਰ, ਸ਼ਹੀਦ ਭਾਈ ਡਾ. ਅਮਰਜੀਤ ਸਿੰਘ ਬੱਬਰ ਹੋਰਾਂ ਦੀ ਸ਼ਹਾਦਤ ਭਾਰਤੀ ਕਾਨੂੰਨ ਨੂੰ ਇਕ ਸਵਾਲ ਨਹੀਂ? ਇਹ ਕਹਿਰਾਂ ਦੇ ਜ਼ੁਲਮਾਂ ਭਰ ਦਿਨ ਕਿੰਨੇ ਦਿਨ ਚੱਲਣਗੇ. ਕੌਮ ਇਨ੍ਹਾਂ ਯੋਧਿਆਂ ਨੂੰ ਨਤਮਸਤਕ ਹੁੰਦੀ ਹੋਈ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ।

ਪਿੰਡ ਦਾਨ ਸਿੰਘ ਵਾਲਾ ਦੀ ਲਾ-ਵਾਰਸ ਸੜੀ ਜਵਾਨੀ ਦੀ ਕਹਾਣੀ ਹੋਰ ਵੀ ਦਰਦਨਾਕ ਹੈ, ਇਸ ਹੀ ਪਿੰਡ ਦ ਚਾਰ ਨੌਜਵਾਨਾਂ ਸਰਣ ਸਿੰਘ ਪੁੱਤਰ ਫੂਲਾ ਸਿੰਘ, ਕੁਲਦੀਪ ਸਿੰਘ, ਅਮਰਜੀਤ ਸਿੰਘ, ਨਾਹਰੂ ਸਿੰਘ ਨੂੰ ਜੈਤੋਂ ਦੀ ਪੁਲਿਸ ਨ ਭਾਈ ਲਾਭ ਸਿੰਘ ਮਹਿਮਾ ਵਾਲ ਦੀ ਪਨਾਹ ਵਿਚ 29-1 1993 ਦੀ ਸਵੇਰ ਸਾਰਿਆਂ ਨੂੰ ਘਰੋਂ ਕੰਮ ਕਰਦਿਆਂ ਨੂੰ ਚੁਕਿਆ ਸੀ। ਪਿੰਡ ਦੀ ਪੰਚਾਇਤ ਮਗਰ ਗਈ, ਸਾਰ ਮੁੰਡਿਆਂ ਨੂੰ ਜੈਤੋਂ ਦ ਥਾਣੇ ਵਿਚ ਮਿਲ ਕ ਆਈ, ਜਦੋਂ ਅਗਲੇ ਦਿਨ ਫਿਰ ਪੰਚਾਇਤ ਥਾਣ ਮੁੰਡਿਆਂ ਦੇ ਛੜਾਉਣ ਦੇ ਸੰਬੰਧ ਵਿਚ ਗਈ ਤਾਂ ਜੈਤੋਂ ਥਾਣੇ ਦੇ ਐਸ ਐਚ ਓ ਨੇ ਸਾਰੀ ਪੰਚਾਇਤ ਨੂੰ ਥਾਣੇ ਦ ਵਿਹੜੇ ਵਿਚ ਲੰਮੇ ਪਾ ਕੇ ਕੁਟਾਇਆ, ਇਕ ਦੂਜੇ ਦੇ ਚਪੇੜਾਂ ਮਰਵਾਈਆਂ, ਇਕ ਦੂਜੇ ਦੇ ਉਪਰ ਮਿੱਟੀ ਪਵਾਈ, ਲੋਕਤੰਤਰੀ ਢਾਂਚ ਅਨੁਸਾਰ ਚੁਣੀ ਹਈ ਪੰਚਾਇਤ ਲੋਕਤੰਤਰੀ ਦੇਸ ਅੰਦਰ ਜ਼ਲੀਲ ਹ ਕ ਮੁੜ ਆਈ. ਚਾਰ ਮੁੰਡਿਆਂ 'ਤੇ ਬੇਪਨਾਹ ਤਸ਼ੱਦਦ ਲਗਾਤਾਰ ਹੁੰਦਾ ਰਿਹਾ। ਜਦ ਸਾਰਿਆਂ ਦੀ ਹਾਲਤ ਖਰਾਬ ਹੋ ਗਈ ਤਾਂ 26-2 1993 ਦੀ ਰਾਤ ਨੂੰ ਸੇਮ ਨਾਲੇ ਦੇ ਨਾਲ ਦੀ ਲੰਘਦੀ ਸੜਕ 'ਤੇ ਸਟ ਕੇ ਉਪਰ ਦੀ ਕੈਂਟਰ ਲੰਘਾ ਦਿਤਾ, ਚਿਹਰਿਆਂ ਨੂੰ ਬੇਪਹਿਚਾਨ ਕਰਕੇ ਗੋਲੀਆਂ ਮਾਰ ਕੇ ਫਰਜ਼ੀ ਮੁਕਾਬਲਾ ਦਿਖਾ ਦਿਤਾ। ਪਤਾ ਨਹੀਂ ਕਿਹੜੇ ਲਾਵਾਰਿਸ ਸਿਵਿਆਂ ਵਿਚ ਉਹ ਸਾੜ ਦਿਤੇ ਗਏ। ਚਾਰੇ ਮੁੰਡਿਆਂ ਦੇ ਪਰਿਵਾਰਾਂ ਵੱਲੋਂ ਇਨਸਾਫ ਲਈ ਪੰਜਾਬ ਸਰਕਾਰ ਕੋਲ ਫਰਿਆਦ ਕੀਤੀ ਗਈ। ਪੰਜਾਬ ਹਾਈਕੋਰਟ ਵਿਚ ਵੀ ਅਪੀਲ ਕੀਤੀ ਗਈ। ਪਰ ਕਿਤੋਂ ਇਨਸਾਫ ਨਹੀਂ ਮਿਲਿਆ ਤਾਂ ਚਾਰ ਪਰਿਵਾਰ ਪਿੰਡ ਦਾਨ ਸਿੰਘ ਵਾਲਾ ਤੋਂ ਚੰਡੀਗੜ੍ਹ ਤੱਕ ਦੀਆਂ

ਸੜਕਾਂ ਨਾਪ-ਨਾਪ ਕੇ ਹਾਰ ਗਏ। ਸਾਰੇ ਘਰਾਂ ਦੇ ਵਰਲਾਪੇ ਸਰਾਪੇ ਚਿਹਰੇ ਨਿਮਝੇ ਹ ਸੱਥਰਾਂ ਦੀਆਂ ਘੱਟਾਂ ਭਰੀ ਬੈਠੇ ਹਨ

ਚਾਰੇ ਘਰਾਂ ਦੇ ਪਰਿਵਾਰਾਂ ਤੋਂ ਉਨ੍ਹਾਂ ਨੌਜਵਾਨ ਦੀਆਂ ਤਸਵੀਰਾਂ, ਕੋਈ ਯਾਦਗਾਰੀ ਪੁਰਾਣੀਆਂ ਨਿਸ਼ਾਨੀਆਂ ਮੰਗੀਆਂ, ਦੇਖਣੀਆਂ ਚਾਹੀਆਂ ਤਾਂ ਆਖਰੀ ਸਾਹਾਂ ਦੀ ਦਹਿਲੀਜ਼ 'ਤੇ ਖੜ੍ਹੇ ਹੋਏ ਪਰਿਵਾਰ ਹੱਥਾਂ ਨਾਲ ਹੀ ਉਨ੍ਹਾਂ ਦੇ ਝਾਉਲੇ ਬਣਾ-ਬਣਾ ਕੇ ਦੱਸਦੇ ਰਹੇ, ਇਹੋ ਜਿਹਾ ਸੀ ਮੇਰਾ ਸੋਹਣਾ, ਜਿਸ ਦਿਨ ਨੰਹਿਰੂ ਨੂੰ ਚੱਕ ਕੇ ਲੈ ਕੇ ਗਏ, ਉਦੋਂ ਉਹ ਪੱਠੇ ਪਾਈ ਜਾਂਦਾ ਸੀ, ਖੁਰਲੀ ਕੋਲ ਹੀ ਉਸ ਨੇ ਟੋਕਰਾ ਰੱਖ ਦਿੱਤਾ ਸੀ, ਉਥੋਂ ਪੁਲਿਸ ਚੁੱਕ ਕੇ ਲੈ ਗਈ। ਕੁਲਦੀਪ ਸਿੰਘ ਦੀ ਬਿਰਧ ਮਾਤਾ ਤਾਂ ਦੋਹਾਂ ਹੱਥਾਂ ਨਾਲ ਪਿੱਟਣ ਹੀ ਲਗ ਪਈ, 'ਪੁੱਤਾਂ ਖਾਣੀਆਂ ਇਹੋ ਜਿਹੀਆਂ ਸਰਕਾਰਾਂ ਦਾ ਕੱਖ ਨਾ ਰਹੇ, ਵੇ ਡਾਢਿਆ ਕੱਖ ਨਾ ਰਹੇ।"

ਉਠੋ ਵੇ ਦਰਦਾਂ ਵਾਲਿਓ, ਕੋਈ ਦਰਦ ਸੁਣਾਈਏ।
ਬੁਝ ਗਏ ਦੀਵੇ ਸਿਵਿਆਂ ਦੇ ਆਓ ਬੱਤੀ ਲਾਈਏ।
ਗੁਲਾਮੀ ਜੰਮੀ ਵਿਹੜਿਆਂ, ਇਸ ਦੀ ਅਲਖ ਮੁਕਾਈਏ।
ਅਜ਼ਾਦੀ, ਅਜ਼ਾਦੀ ਕੂਕਦੇ, ਆਓ ਅਜ਼ਾਦੀ ਵਿਆਹੀਏ॥

# ਭਾਈ ਗੁਰਪ੍ਰੀਤ ਸਿੰਘ ਬੱਬਰ ਸੇਢੇ ਵਾਲਾ

ਮਾਂ ਅੱਜ ਵੀ ਆਪਣੇ ਗੁਰਪ੍ਰੀਤ ਨੂੰ ਉਡੀਕ ਰਹੀ ਹੈ। ਕਝ ਸਮਾਂ ਹੋਇਆ ਪਿੰਡ ਵਿਚ ਰੌਲਾ ਪੈ ਗਿਆ ਪਿੰਡ ਦੀਆਂ ਜੂਹਾਂ ਤੋਂ ਬਾਹਰ ਦੋ ਛੋਟੇ ਬੱਚੇ ਬੈਠੇ ਹਨ। ਜਦੋਂ ਇਹ ਗੱਲ ਭਾਈ ਗੁਰਪ੍ਰੀਤ ਸਿੰਘ ਦੀ ਮਾਤਾ ਜੀ ਨੇ ਸੁਣੀ ਤਾਂ "ਮਾਂ ਬਾਵਰੀ ਹੋਈ ਨੰਗੇ ਪੈਰੀਂ ਭੱਜ ਤੁਰੀ, ਕਿਤੇ ਮੇਰਾ ਗੁਰਪ੍ਰੀਤ ਹੀ ਨਾ ਹੋਵੇ, ਮੈਂ ਵੇਖ ਹੀ ਆਵਾਂ", ਜਦੋਂ ਕਿ ਭਾਈ ਸਾਹਿਬ ਨੂੰ ਸ਼ਹੀਦ ਹੋਇਆਂ ਨੂੰ 18 ਸਾਲ ਹੋ ਗਏ ਹਨ। ਸ਼ਹੀਦੀ ਸਮੇਂ ਉਨ੍ਹਾਂ ਦੀ ਉਮਰ 16 ਸਾਲ 7 ਮਹੀਨੇ ਸੀ। ਉਨ੍ਹਾਂ ਨੂੰ 11 ਮਈ 1986 ਨੂੰ ਫਰੀਦਕੋਟ ਪੁਲਿਸ ਨੇ ਬੜੀ ਹੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਸੀ।

ਭਾਈ ਗੁਰਪ੍ਰੀਤ ਸਿੰਘ ਬੱਬਰ ਦਾ ਜਨਮ ਸ. ਨਾਜਰ ਸਿੰਘ ਜੀ ਦੇ ਘਰ ਮਾਤਾ ਹਰਜੀਤ ਕੌਰ ਦੀ ਪਵਿੱਤਰ ਕੁੱਖੋਂ ਹੋਇਆ। ਆਪ ਜੀ ਹੁਰੀ ਦੋ ਭਰਾ ਅਤੇ ਇਕ ਭੈਣ ਸਨ। ਭਾਈ ਸਾਹਿਬ ਸਭ ਤੋਂ ਵੱਡੇ ਸਨ। ਵਿਚਕਾਰਲਾ ਭਰਾ ਗੁਰਦੀਪ ਸਿੰਘ ਘਰੇ ਸਧਾਰਨ ਖੇਤੀ ਕਰਦਾ ਹੈ, ਕੁਲ ਜ਼ਮੀਨ 2 ਏਕੜ ਹੈ, ਜਿਸ ਵਿਚੋਂ ਇਕ ਏਕੜ ਜ਼ਮੀਨ ਗਹਿਣੇ ਧਰ ਕੇ ਭੈਣ ਦੀ ਸ਼ਾਦੀ ਕੀਤੀ ਗਈ ਹੈ। ਭਾਈ ਸਾਹਿਬ ਜੀ ਦੀ ਭੈਣ ਰਾਣੀ ਕੌਰ ਪਿੰਡ ਖਾਰੇ ਵਿਆਹੀ ਹੋਈ ਹੈ। ਇਕ ਸਧਾਰਨ ਪਰਿਵਾਰ ਅੰਦਰ ਘਰਲੂ ਤੰਗੀਆਂ ਤੁਰਸ਼ੀਆਂ ਕਰਕੇ ਉਹ ਅੱਜ ਵੀ ਭਰਾ ਲਈ ਝੁਰਦੀ ਰਹਿੰਦੀ ਹੈ। ਜਦੋਂ ਭਾਈ ਗੁਰਪ੍ਰੀਤ ਸਿੰਘ ਨੇ ਘਰ ਛੱਡ ਦਿੱਤਾ ਤਾਂ ਪਰਿਵਾਰ ਦੇ ਮੈਂਬਰਾਂ ਨੂੰ ਬਹੁਤ ਹੀ ਤੰਗੀਆਂ ਦਾ ਸਾਹਮਣਾ ਕਰਨਾ ਪਿਆ। ਪਿਤਾ ਨਾਜਰ ਸਿੰਘ ਨੂੰ ਸੀ ਆਈ ਏ ਸਟਾਫ ਫਰੀਦਕੋਟ ਨੇ ਮਹੀਨਿਆਂ ਬੱਧੀ ਫੜ ਕੇ ਖਿਡਾਈ ਰੱਖਿਆ ਅਤੇ ਹਰ ਦੂਜੇ ਤੀਜੇ ਦਿਨ ਉਨ੍ਹਾਂ ਨੂੰ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ। ਬਜ਼ੁਰਗ ਪਿਤਾ ਤੋਂ ਇਹ ਜ਼ੁਲਮ ਸਹਾਰੇ ਨਾ ਗਏ। ਜਦੋਂ ਪੰਚਾਇਤਾਂ ਦੀ ਮਾਰਫਤ ਛੁਡਵਾ ਕੇ ਘਰ ਲਿਆਂਦਾ ਤਾਂ ਘਰ ਆ ਕੇ ਥੋੜ੍ਹੇ ਹੀ ਸਮੇਂ ਬਾਅਦ ਉਹ ਚੜ੍ਹਾਈ ਕਰ ਗਏ।

ਜਦੋਂ ਭਾਈ ਗੁਰਪ੍ਰੀਤ ਸਿੰਘ ਪਹਿਲੀ ਵਾਰ ਫੜੇ ਗਏ ਤਾਂ ਕਾਫੀ ਲੰਮੇ ਸਮੇਂ ਬਾਅਦ ਜ਼ਮਾਨਤ ਹੋ ਸਕੀ ਪਰ ਸਾਰੇ ਹੀ ਰਿਸ਼ਤੇਦਾਰਾਂ ਅਤੇ ਪਰਿਵਾਰ ਦੇ ਮੈਂਬਰਾਂ ਨੇ ਜ਼ਮਾਨਤ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਸਾਰਿਆਂ ਨੇ ਇਕ ਸ਼ਰਤ ਰੱਖ ਦਿੱਤੀ ਕੇ ਜੇਕਰ ਘਰੇ ਟਿਕ ਕੇ ਬੈਠੇਂਗਾ ਫਿਰ ਜ਼ਮਾਨਤ ਕਰਵਾ ਦੇਂਦੇ ਹਾਂ ਨਹੀਂ ਤਾਂ ਨਹੀਂ, ਭਾਈ ਗੁਰਪ੍ਰੀਤ ਸਿੰਘ ਨੇ ਫਰੀਦਕੋਟ ਜੇਲ੍ਹ ਵਿਚੋਂ ਘਰੇ ਚਿੱਠੀ ਲਿਖੀ, ਜਿਸ ਵਿਚ ਉਨ੍ਹਾਂ ਨੇ ਘਰ ਪਰਿਵਾਰ ਨੂੰ ਆਖਰੀ ਫਤਹਿ ਬੁਲਾ ਦਿੱਤੀ। ਇਹ ਚਿੱਠੀ ਮਾਤਾ ਜੀ ਅੱਜ ਵੀ ਸੰਭਾਲੀ ਬੈਠੇ ਹਨ। ਕਿਸੇ ਸੱਜਣ ਮਿੱਤਰ ਰਾਹੀਂ ਜ਼ਮਾਨਤ ਕਰਵਾ ਕੇ ਆਪ ਰੂਪੋਸ਼ ਹੋ ਕੇ ਸੰਘਰਸ਼ ਵਿਚ ਕੁੱਦ ਪਏ।

ਮਾਤਾ ਜੀ ਅੱਜ ਵੀ ਭਾਈ ਗੁਰਪ੍ਰੀਤ ਸਿੰਘ ਦੀ ਕੇਸਕੀ, ਕ੍ਰਿਪਾਨ, ਸਰਬਲੋਹ ਦਾ ਇਕ ਕੜਾ, ਕੁੜਤਾ ਪਜਾਮਾ ਸਾਂਭੀ ਬੈਠੇ ਹਨ। ਬੜੇ ਹੀ ਭਾਰੇ ਮਨ ਨਾਲ ਉਹ ਗੁਰਪ੍ਰੀਤ ਦਾ ਸਾਰਾ ਸਮਾਨ ਵਿਖਾਉਂਦੇ ਹਨ। ਜਦੋਂ ਵੇਰਵੇ ਇਕੱਠੇ ਕਰਨ ਅਸੀਂ ਉਨ੍ਹਾਂ ਦੇ ਘਰ ਗਏ

ਤਾਂ ਮਾਤਾ ਜੀ ਕਹਿੰਦੇ "ਪੁੱਤ ਪ੍ਰੀਤ ਦੀ ਜੇਲ੍ਹ ਵਿਚੋਂ ਲਿਖੀ ਆਖਰੀ ਚਿੱਠੀ ਪੜ੍ਹ ਕੇ ਸੁਣਾਈ, ਮੈਂ ਚੰਦਰੀ ਤਰਸੀ ਪਈ ਹਾਂ ਉਸਦੇ ਬੋਲਾਂ ਨੂੰ"। ਅਸੀਂ ਘਰੇ ਗਏ ਤਾਂ ਮਾਤਾ ਜੀ ਗਲੀ ਵਿਚ ਲੱਗੀ ਟੂਟੀ ਤੋਂ ਪਾਣੀ ਭਰ ਕੇ ਲਿਆ ਰਹੇ ਸਨ, ਨੰਗੇ ਪੈਰ ਹੋਣ ਕਾਰਨ ਗਲੀ ਦੀ ਦਲਹੀਜ ਨਾਲ ਪੈਰ ਠੋਕਰ ਗਿਆ ਤਾਂ ਅੰਗੂਠੇ ਵਿਚੋਂ ਖ਼ੂਨ ਸਿਮ ਆਇਆ। ਮਾਤਾ ਜੀ ਕਹਿੰਦੇ, "ਤਿੰਨ ਚਾਰ ਦਿਨ ਹੋ ਗਏ ਚੱਪਲ ਟੁੱਟ ਗਈ ਸੀ ਮੈਂ ਗੁਰਦੀਪ ਨੂੰ ਕਿਹਾ ਸੀ ਲਿਆਉਣ ਲਈ ਪਰ ਘਰ ਦੀ ਤੰਗੀ ਕਰਕੇ ਕਈ ਦਿਨ ਲੰਘ ਗਏ" ਬਿਲਕੁਲ ਢੱਠਾ ਜਿਹਾ ਘਰ, ਪਿੱਛੇ ਦੋ ਕਮਰੇ, ਮੂਹਰੇ ਇਕ ਪਸ਼ੂਆਂ ਦਾ ਕਮਰਾ, ਬੱਸ ਇਹ ਹੀ ਆਲਣਾ ਜਿਹਾ ਸੀ, ਜਿੱਥੇ ਮਾਂ ਆਪਣੇ ਬੱਚੇ ਪਰਾਂ ਹੇਠ ਲੁਕਾਈ ਬੈਠੀ ਸੀ, ਜਿਨ੍ਹਾਂ ਵਿਚੋਂ ਗੁਰਪ੍ਰੀਤ ਖੁੱਸ ਗਿਆ ਦੂਜੇ ਨੂੰ ਮਾਂ ਹਿਕ ਨਾਲ ਲਾ ਲਾ ਰੋਂਦੀ ਰਹਿੰਦੀ ਹੈ।

ਭਾਈ ਗੁਰਪ੍ਰੀਤ ਸਿੰਘ ਫਰੀਦਕੋਟ ਵਿਖੇ ਕਿਸੇ ਐਕਸ਼ਨ ਵਿਚ ਗਏ ਸਨ। ਜਦੋਂ ਉਹ ਸਾਦਿਕ ਚੌਂਕ ਵਿਖੇ ਗਏ, ਉਥੋਂ ਸਕੂਟਰ ਲੈ ਕੇ ਉਨ੍ਹਾਂ ਨੇ ਅੱਗੇ ਜਾਣਾ ਸੀ। ਪਰ ਜੋ ਸਕੂਟਰ ਉਨ੍ਹਾਂ ਨੇ ਉਥੋਂ ਲੈ ਕੇ ਜਾਣਾ ਸੀ ਉਹ ਬਦਲ ਦਿੱਤਾ ਗਿਆ ਅਤੇ ਉਹ ਸਕੂਟਰ ਸਟਾਰਟ ਨਹੀਂ ਹੋ ਸਕਿਆ। ਤੇਦ ਤੱਕ ਪੁਲਿਸ ਦੇ ਘੇਰੇ ਵਿਚ ਆ ਗਏ ਅਤੇ ਫੜੇ ਗਏ, ਸੀ ਆਈ ਏ ਸਟਾਫ ਵਿਚ ਹੰਸੂ-ਹੰਸੂ ਕਰਦੇ ਲੂੰਏਂ ਲੂਏ ਗੁਰਪ੍ਰੀਤ ਸਿੰਘ ਉਪਰ ਉਹ ਜ਼ੁਲਮ ਕੀਤੇ ਗਏ ਜੋ ਲਿਖਣ ਤੇ ਕਥਨ ਤੋਂ ਬਾਹਰੇ ਹਨ, ਤਿੰਨ ਦਿਨ ਲਗਾਤਾਰ ਤਸ਼ੱਦਦ ਹੁੰਦਾ ਰਿਹਾ ਪਰ ਪੁਲਿਸ ਉਸ ਬੱਬਰ ਤੋਂ ਕੁਝ ਵੀ ਪ੍ਰਾਪਤ ਨਹੀਂ ਕਰ ਸਕੀ ਬੱਬਰਾਂ ਵੱਲੋਂ ਸੰਘਰਸ਼ ਸ਼ੁਰੂ ਕਰਨ ਸਮੇਂ ਆਪ ਜੀ ਫਰੀਦਕੋਟ ਜ਼ਿਲ੍ਹੇ ਦੇ ਪਹਿਲੇ ਮੁੱਖ ਸੇਵਾਦਾਰ ਸਨ।

ਭਾਈ ਸਾਹਿਬ ਜੀ ਦੇ ਕੇਸ ਕੁਦਰਤੀ ਦਾਤ ਅਨੁਸਾਰ ਕਾਫੀ ਲੰਮੇ ਸਨ ਉਨ੍ਹਾਂ ਨੂੰ ਕੇਸਾਂ ਤੋਂ ਬੰਨ ਕੇ ਭੌਣੀ ਨਾਲ ਉਪਰ ਟੰਗੀ ਰੱਖਿਆ ਗਿਆ। ਸੁਲਗਦੀਆਂ ਸਿਗਰਟਾਂ ਨਾਲ ਸਾਰਾ ਹੀ ਮਾਸ ਸਾੜ ਦਿੱਤਾ ਗਿਆ, ਪੁਲਿਸ ਇਕ ਹੀ ਗੱਲ ਕਹਿ ਰਹੀ ਸੀ ਕਿ ਆਪਣੇ ਸਾਥੀ ਭਾਈ ਇਕਬਾਲ ਸਿੰਘ ਬੱਬਰ ਮਹਿਨੀ ਅਤੇ ਭਾਈ ਗੁਰਪਾਲ ਸਿੰਘ ਬੱਬਰ ਕੂਚ ਮੰਡੀ ਬਾਰੇ ਜਾਣਕਾਰੀ ਦੇ ਦੇ। ਸ਼ਾਮ ਸੁੰਦਰ ਨਾਮ ਦੇ ਪੁਲਿਸ ਅਫ਼ਸਰ ਨੇ ਭਾਈ ਸਾਹਿਬ ਉਪਰ ਜ਼ੁਲਮ ਦਾ ਹਰ ਢੰਗ ਵਰਤਿਆ। ਭਾਈ ਸਾਹਿਬ ਲਲਕਾਰ ਕੇ ਕਹਿੰਦੇ ਰਹੇ, "ਓਏ ਸ਼ਾਮਿਆਂ ਤੂੰ ਮੇਰਾ ਨਾਂ ਹੀ ਪੁੱਛ ਲੈ, ਮੇਰਾ ਨਾਮ ਕੀ ਹੈ, ਬਾਕੀ ਗੱਲਾਂ ਤਾਂ ਬਹੁਤ ਦੂਰ ਹਨ, 'ਮੈਂ ਤੈਨੂੰ ਹੀ ਮਾਰਨਾ ਚਾਹੁੰਦਾ ਸੀ, ਤੂੰ ਮਰ ਤੇ ਬਚ ਗਿਆ ਹੈ, ਗੁਰੂ ਹੋਰ ਕਿਸੇ ਸਿੰਘ ਤੋਂ ਸੇਵਾ ਲੈ ਲਵੇਗਾ ਪਰ ਤੈਨੂੰ ਬੱਬਰ ਛੱਡਦੇ ਨਹੀਂ ਬਾਅਦ ਵਿਚ ਸਿੰਘਾਂ ਨੇ ਸ਼ਾਮ ਸੁੰਦਰ ਨੂੰ ਸੋਧ ਦਿੱਤਾ ਸੀ ਪਰ ਭਾਈ ਸਾਹਿਬ ਦਾ ਸਿਦਕ ਸਿਰੜ ਨਹੀਂ ਟੁੱਟਿਆ, ਅਖੀਰ ਪੁਲਿਸ ਉਨ੍ਹਾਂ ਨੂੰ ਫਰੀਦਕੋਟ ਜੇਲ੍ਹ ਦੇ ਮਗਰਲੇ ਸੇਮ ਨਾਲੇ ਦੇ ਪੁਲ ਉਪਰ ਲੈ ਗਈ ਅਤੇ ਸ਼ਹੀਦ ਕਰ ਦਿੱਤਾ। ਸ਼ਹੀਦ ਭਾਈ ਗੁਰਪ੍ਰੀਤ ਸਿੰਘ ਬੱਬਰ ਕੌਮ ਦੀ ਅਜ਼ਾਦੀ ਦੇ ਗੀਤ ਗਾਉਂਦਾ ਗੁਰੂ ਦੀ ਗੋਦ ਵਿਚ ਜਾ ਬੈਠਾ।

ਜਦੋਂ ਮਾਤਾ ਜੀ ਨੂੰ ਪੁੱਛਿਆ ਕਿ ਕੀ ਕਿਸੇ ਕਈ ਮੱਦਦ ਕੀਤੀ ਤਾਂ ਮਾਤਾ ਜੀ ਘਰ ਵੱਲ ਹੱਥ ਕਰਕੇ ਕਹਿੰਦੇ "ਪੁੱਤ ਸਭ ਕੁਝ ਤੁਹਾਡੇ ਸਾਹਮਣੇ ਹੀ ਹੈ, ਧੀ ਮੈਂ ਜ਼ਮੀਨ ਗਹਿਣੇ ਧਰ ਕੇ ਵਿਆਹੀ ਹੈ, ਜੋ ਅਜ ਵੀ ਗਹਿਣੇ ਪਈ ਹੈ, ਬਾਕੀ ਦੇਣ ਅਜੇ ਵੱਖਰਾ ਹੈ ਬਸ ਜੂਨ

ਗੁਜ਼ਾਰਾ ਕਰੀ ਜਾਂਦੇ ਹਾਂ ਪੁੱਤ ਦੇ ਵੈਰਾਗ ਵਿਚ ਮਨ ਭਰ ਆਉਂਦਾ ਹੈ। ਗੁਰੂ ਅਕਾਲ ਪੁਰਖ ਦੀ ਖੇਡ ਹੈ, ਭਾਣੇ ਨੂੰ ਮੰਨ ਰਹੇ ਹਾਂ, ਜੋ ਗੁਰੂ ਨੂੰ ਮਨਜ਼ੂਰ ਹੈ ਉਹ ਝੱਲ ਰਹੇ ਹਾਂ, ਗੁਰਪ੍ਰੀਤ ਵਰਗਾ ਸੰਚਣਾ ਮੁੰਡਾ ਇਸ ਇਲਾਕੇ ਵਿਚ ਨਹੀਂ ਸੀ, ਪਤਾ ਨਹੀਂ ਚੰਦਰਿਆਂ ਕਿੱਥੇ ਖਪਾ ਦਿੱਤਾ", ਮਾਤਾ ਜੀ ਗੱਲਾਂ ਕਰਦੇ ਫਿਰ ਰੋ ਪੈਂਦੇ ਹਨ।

ਅੱਜ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਤਰਾਸਦੀ ਸਾਡੀ ਮਰ ਚੁੱਕੀ ਗੁਲਾਮ ਜ਼ਮੀਰ ਨੂੰ, ਸਮੁੱਚੀ ਪੰਥਕ ਲੀਡਰਸ਼ਿਪ ਨੂੰ ਇਕ ਸਵਾਲ ਕਰਦੀ ਹੈ ਕਿ ਇਹ ਕਿਉਂ ਹੋ? ਇਸ ਲਈ ਕੌਣ ਜ਼ੁੰਮੇਵਾਰ ਹੈ? ਅੱਜ ਅਮਰ ਸ਼ਹੀਦ ਭਾਈ ਗੁਰਪ੍ਰੀਤ ਸਿੰਘ ਬੱਬਰ ਸਵੇ ਵਾਲ ਦੀ ਮਾਤਾ ਕੌਮ ਲਈ ਸ਼ਹੀਦ ਹੋਏ ਆਪਣੇ ਪੁੱਤਰ ਦੀ ਤਸਵੀਰ ਨੂੰ ਆਪਣੇ ਪਾਟੇ ਪੱਲੂਆਂ ਨਾਲ ਪੂੰਝਦੀ ਹੈ, ਫਿਰ ਹਿੱਕ ਨਾਲ ਲਾਉਂਦੀ ਹੈ, ਘਰ ਨੂੰ ਵੇਖ ਹਉਕਾ ਖਿਚਦੀ ਹੈ, ਫਿਰ ਹੱਥ ਜੋੜ ਸਿਮਰਨ ਅੰਦਰ ਲੀਨ ਹੁੰਦੀ ਹੈ "ਤੇਰਾ ਭਾਣਾ ਮੀਠਾ ਲਾਗੈ। ਤੇਰਾ ਭਾਣਾ ਮੀਠਾ ਲਾਗੈ" ਕਹਿੰਦੀ ਵੈਰਾਗ ਅੰਦਰ ਵਹਿ ਤੁਰਦੀ ਹੈ।

# ਬੀਬੀ ਹਰਦੀਪ ਕੌਰ ਸਮਰਾਲਾ

ਬੀਬੀ ਹਰਦੀਪ ਕੌਰ ਜੀ ਦੀ ਸ਼ਹਾਦਤ ਸ਼ਾਇਦ ਸਰਕਾਰੀ ਦਹਿਸ਼ਤ ਦੇ ਖ਼ੂਨੀ ਜਬਰ ਜ਼ੁਲਮ ਵਾਲੇ ਕਾਲੇ ਇਤਿਹਾਸ ਹੇਠ ਹੀ ਗੁਆਚ ਜਾਣੀ ਸੀ, ਜੇ ਕਰ 12 ਜੂਨ ਦੇ "ਅਜੀਤ" ਅਖ਼ਬਾਰ ਦੇ ਮੁੱਖ ਪੰਨੇ 'ਤੇ ਭਾਈ ਬਲਜੀਤ ਸਿੰਘ ਭਾਊ ਉਨ੍ਹਾਂ ਦੇ ਸੰਬੰਧ ਵਿਚ ਰੱਖੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਦਾ ਸੱਦਾ ਨਾ ਦੇਂਦੇ।

ਬੀਬੀ ਹਰਦੀਪ ਕੌਰ ਮੌਜੂਦਾ ਅਜ਼ਾਦੀ ਸੰਘਰਸ਼ ਦਾ ਇਕ ਜਿਊਂਦਾ ਖਰੜਾ ਹੈ, ਜਿਸ ਨੇ ਸੱਚੀਂ ਹੀ ਸਰਕਾਰੀ ਕੋਟ ਪਿੰਡੀ ਅਤੇ ਦੂਸਰੇ ਜ਼ਾਲਮ ਪੁਲਿਸ ਅਫ਼ਸਰਾਂ ਦਾ ਕਹਿਰ ਆਪਣੇ ਸਿਰ 'ਤੇ ਹੰਢਾਇਆ ਸਿਰ ਉਪਰ ਪਈ ਸਰਕਾਰੀ ਬੂਟਾਂ ਅਤੇ ਥੱਪੜਾਂ ਦੀ ਮਾਰ ਕਾਰਨ ਫਿਸਿਆ ਸਿਰ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ, ਜੋ ਪੰਥ ਹਿਤੈਸ਼ੀਆਂ ਲਈ ਗਹਿਰਾ ਸਦਮਾ ਹੈ

ਭਾਰਤੀ ਹਕੂਮਤ ਦੇ ਸੂਬੇਦਾਰਾਂ ਬੇਅੰਤ ਸਿੰਘ, ਕੇ ਪੀ ਐਸ ਗਿੱਲ ਅਤੇ ਇਸ ਜ਼ਾਲਮ ਜੁੰਡਲੀ ਦੀ ਪੰਜਾਬ ਵਿਚ ਵਿਛਾਈ ਹੋਈ ਕੋਟ ਪ੍ਰਣਾਲੀ ਦਾ ਖ਼ੂਨੀ ਚਿਹਰਾ ਉਸ ਸਮੇਂ ਮਰਝਾ ਗਏ ਜਦੋਂ ਭਾਈ ਜਗਤਾਰ ਸਿੰਘ ਬੱਬਰ ਹਵਾਰਾ ਦੀ ਕਮਾਂਡ ਹੇਠ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਨੇ ਆਪਣੀ ਛਾਤੀ ਨਾਲ ਬੰਬ ਬੰਨ੍ਹ ਕੇ ਜ਼ਾਲਮਾਂ ਦੇ ਸਰਦਾਰ ਮੁੱਖ ਮੰਤਰੀ ਪੰਜਾਬ ਬੇਅੰਤ ਸਿੰਘ ਨੂੰ ਚੰਡੀਗੜ੍ਹ ਸੈਕਟਰੀਏਟ ਵਿਚ ਉਡਾ ਦਿੱਤਾ, ਜਿਸ ਨੇ ਕਝ ਦਿਨ ਪਹਿਲਾਂ ਅਖੌਤੀ ਅਕਾਲੀ ਧਿਰਾਂ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਆਪਣੀ ਮੁੱਛ ਨੂੰ ਵੱਟ ਦੇ ਕੇ ਲਲਕਾਰਿਆ ਸੀ, "ਪ੍ਰੈਸ ਵਾਲਿਓ ਲਿਖ ਲਵੋ ਮੈਂ ਇਨ੍ਹਾਂ ਅਕਾਲੀਆਂ ਨੂੰ ਤੁੰਨ ਕੇ ਰੱਖ ਦੇਵਾਂਗਾ।" ਅੱਜ ਇਹ ਅਕਾਲੀ ਆਖਦੇ ਹਨ ਅਸੀਂ ਪੰਜਾਬ ਵਿਚ ਸ਼ਾਂਤੀ ਲਿਆਂਦੀ ਹੈ ਜਦ ਕਿ ਸੰਘਰਸ਼ ਨੂੰ ਢਾਹ ਲਾਉਣ ਲਈ, ਸੰਘਰਸ਼ੀ ਯੋਧਿਆਂ 'ਤੇ ਤਸ਼ੱਦਦ ਕਰਵਾਉਣ ਲਈ ਤਸੀਹੇ ਦੇਣ ਅਤੇ ਫਰਜ਼ੀ ਮੁਕਾਬਲੇ ਬਣਵਾਉਣ ਲਈ ਕਾਂਗਰਸ ਅਤੇ ਬਾਦਲ ਅਕਾਲੀ ਦਲ ਬਰਾਬਰ ਦੇ ਜ਼ਿੰਮੇਵਾਰ ਹਨ।

ਸਰਕਾਰੀ ਅੱਤਵਾਦ ਨੇ ਆਪਣੇ ਹੀ ਸੰਵਿਧਾਨ ਨੂੰ ਪੈਰਾਂ ਹੇਠ ਰੋਲ ਕੇ ਦਹਿਸ਼ਤਗਰਦੀ ਦੀ ਪੈੜ ਪੰਜਾਬ ਦੀ ਧਰਤੀ ਦੇ ਘਰ ਘਰ ਕਰ ਦਿੱਤੀ ਹੈ ਜਿਸ ਦੀ ਬੀਬੀ ਹਰਦੀਪ ਕੌਰ ਜੀ ਜਿੰਦਾ ਮਿਸਾਲ ਹਨ। ਇਨ੍ਹਾਂ ਦੀ ਸ਼ਹਾਦਤ ਭਾਰਤੀ ਲੋਕਤੰਤਰ ਨੂੰ ਇਸ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ, ਕੌਮੀ ਘੱਟ ਗਿਣਤੀ ਕਮਿਸ਼ਨ ਨੂੰ, ਹਰ ਵਰ੍ਹੇ ਮਨਾਏ ਜਾਂਦੇ ਇਸਤਰੀ ਦਿਵਸ ਨੂੰ, ਜ਼ਿਲ੍ਹੇ-ਜ਼ਿਲ੍ਹੇ ਖੋਹਲੇ ਇਸਤਰੀ ਭਲਾਈ ਕੇਂਦਰਾਂ ਨੂੰ, ਭਾਰਤ ਦੇ ਗੂੰਗੇ, ਬੋਲੇ, ਅੰਨ੍ਹੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨੂੰ ਇਕ ਸਵਾਲ ਹੈ? ਕਿਸ ਤਰ੍ਹਾਂ ਪੁਲਿਸ ਤਫ਼ਤੀਸ਼ੀ ਕੇਂਦਰਾਂ ਵਿਚ "ਮਰਦ" ਵਰਦੀਧਾਰੀ ਹੋ ਕੇ ਇਕ ਅਬਲਾ ਔਰਤ ਨੂੰ ਨਿਰਵਸਤਰ ਕਰਕੇ ਕੋਂਹਦੇ ਹਨ। ਇਸ ਦੇਸ਼ ਨੂੰ ਸ਼ਾਂਤੀ ਪਸੰਦ, ਲੋਕਤੰਤਰੀ ਦੇਸ਼ ਕਹਿੰਦਿਆਂ ਹੋਇਆਂ ਸ਼ਰਮ ਆਉਂਦੀ ਹੈ।

ਬੇਅੰਤ ਸਿੰਘ ਦੇ ਕਤਲ ਤੋਂ ਕੁਝ ਮਹੀਨਿਆਂ ਬਾਅਦ ਭਾਈ ਜਗਤਾਰ ਸਿੰਘ ਹਵਾਰਾ ਨੂੰ ਜਲੰਧਰ ਬੱਸ ਸਟੈਂਡ ਤੋਂ ਕੈਟ ਤੋਂ ਪੁਲਿਸ ਅਫਸਰ ਬਣੇ ਪਿੰਕੀ ਨੇ ਫੜ ਲਿਆ। ਜਦੋਂ ਭਾਈ ਹਵਾਰਾ ਜਨਵਰੀ 2004 ਵਿਚ ਅਤਿ ਸੁਰੱਖਿਆ ਵਾਲੀ ਚੰਡੀਗੜ੍ਹ ਦੀ ਕੇਂਦਰੀ ਜੇਲ੍ਹ ਬੁੜੈਲ, ਜੋ ਤਿੰਨ ਸੁਰੱਖਿਆ ਏਜੰਸੀਆਂ ਅਤੇ ਪੁਲਿਸ ਬਲਾਂ ਦੀ ਨਿਗਰਾਨੀ ਹੇਠ ਹੈ, ਵਿਚੋਂ ਆਪਣੇ ਸਾਥੀਆਂ ਸਮੇਤ 14 ਫੁੱਟ ਡੂੰਘੀ ਅਤੇ 100 ਫੁਟ ਲੰਮੀ ਸੁਰੰਗ ਪੁਟ ਕੇ ਭੱਜ ਗਏ ਤਾਂ ਕੈਟ ਪਿੰਕੀ ਹੋਰਾਂ ਦੀ ਨੀਂਦ ਹਰਾਮ ਹੋ ਗਈ। ਜੂਨ 2005 ਨੂੰ ਦਿੱਲੀ ਅੰਦਰ 'ਬੋਲੇ ਸੋ ਨਿਹਾਲ' ਫ਼ਿਲਮ ਵਿਖਾ ਰਹੇ ਸਿਨੇਮਾ ਘਰਾਂ ਅੰਦਰ ਹੋਏ ਬੰਬ ਧਮਾਕਿਆਂ ਤੋਂ ਮਿਲੇ ਸੁਰਾਗ ਤੋਂ ਦਿੱਲੀ ਪੁਲਿਸ ਨੇ ਭਾਈ ਹਵਾਰਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲੋਂ ਗ੍ਰਿਫਤਾਰ ਕਰ ਲਿਆ। ਇਨ੍ਹਾਂ ਤੋਂ ਮਿਲੇ ਮੋਬਾਈਲ ਫੋਨ ਦੀਆਂ ਕੜੀਆਂ ਨੇ ਪੰਜਾਬ ਵਿਚੋਂ 200 ਦੇ ਕਰੀਬ ਪਰਿਵਾਰਾਂ ਨੂੰ ਪੁਲਿਸ ਦੇ ਆਪਣੇ ਜ਼ੁਲਮ ਦਾ ਸ਼ਿਕਾਰ ਬਣਵਾਇਆ। 20 ਬੀਬੀਆਂ ਨੂੰ ਪੁਲਿਸ ਨੇ ਆਪਣੇ ਦਰਿੰਦਗੀ ਭਰੇ ਢੰਗਾਂ ਨਾਲ ਤਸੀਹੇ ਦਿੱਤੇ, ਜਿਨ੍ਹਾਂ ਵਿਚੋਂ ਬੀਬੀ ਹਰਦੀਪ ਕੌਰ ਜੀ ਮੁਖ ਸਨ

ਬੀਬੀ ਹਰਦੀਪ ਕੌਰ ਜੀ ਦਾ ਜਨਮ ਪਿੰਡ ਪ੍ਰਮਪਰਾਂ ਵਿਖੇ ਮਾਤਾ ਜਸਵੰਤ ਕੌਰ ਪਿਤਾ ਜਗੀਰ ਸਿੰਘ ਦੇ ਗ੍ਰਿਹ ਵਿਖੇ ਹੋਇਆ। ਭੈਣ ਭਰਾਵਾਂ ਵਿਚ ਆਪ ਵਿਚਕਾਰਲੇ ਸਨ। ਬਚਪਨ ਤੋਂ ਹੀ ਆਪ ਜੀ ਸਿਰੜੀ, ਦ੍ਰਿੜ ਇਰਾਦੇ ਵਾਲੇ, ਧਾਰਮਕ ਬਿਰਤੀ ਅਤੇ ਮੂੰਹੋਂ ਨਿਕਲੀ ਹਰ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰਨ, ਪਹਿਰਾ ਦੇਣ ਦੀ ਜੁਝਾਰੂ ਸੋਚ ਦੇ ਧਾਰਨੀ ਸਨ।

ਜਦੋਂ ਭੈਣ ਜੀ ਨੂੰ ਪਟਿਆਲੇ ਤੋਂ ਲੁਧਿਆਣੇ ਦੇ ਕੈਂਸਰ ਹਸਪਤਾਲ ਵਿਚ ਲਿਜਾਇਆ ਗਿਆ ਤਾਂ ਹਾਲਤ ਕਾਫੀ ਖਰਾਬ ਸੀ। ਉਨ੍ਹਾਂ ਦੀਆਂ ਦੋਵੇਂ ਲੱਤਾਂ ਖੜ ਚੁੱਕੀਆਂ ਸਨ, ਇਕ ਬਾਂਹ ਵੀ ਜਵਾਬ ਦੇ ਗਈ ਸੀ। ਜਦੋਂ ਭਾਈ ਮੋਹਕਮ ਸਿੰਘ ਲੁਧਿਆਣਾ, ਭਾਈ ਕੁਲਵਿੰਦਰ ਸਿੰਘ ਖਾਨਪੁਰ ਅਤੇ ਭਾਈ ਬਲਜੀਤ ਸਿੰਘ ਭਾਊ ਬੀਬੀ ਜੀ ਕੋਲ ਗਏ ਤਾਂ ਬੀਬੀ ਜੀ ਵੈਰਾਗ ਅੰਦਰ ਵਹਿ ਤੁਰੇ।

ਬੱਸ ਵੀਰ, 'ਜੇ ਸਿੰਘ ਸਾਹਿਬ ਮਿਲਣ ਮੇਰੀ ਫਤਹਿ ਜ਼ਰੂਰ ਬੁਲਾ ਦੇਣੀ, ਮੇਰੇ ਲਈ ਅਰਦਾਸ ਕਰੋ, ਮੇਰੀ ਸੰਘਰਸ਼ੀ ਜ਼ਿੰਦਗੀ ਮੂਹਰੇ ਅੱਜ ਰੱਬ ਵੀ ਹਾਰ ਗਿਆ ਹੈ,' ਇਹ ਗੱਲਾਂ ਕਰਦਿਆਂ ਨੂੰ ਉਲਟੀ ਆ ਗਈ। ਕੁਝ ਸਮੇਂ ਦੇ ਟਿਕਾਉ ਤੋਂ ਬਾਅਦ ਭਰੀਆਂ ਅੱਖਾਂ ਨਾਲ ਬੋਲੇ, "ਮੇਰੇ ਲਈ ਅਰਦਾਸ ਜਲਦੀ ਕਰੋ, ਤਾਂ ਕਿ ਮੈਂ ਮੁਕ ਸਕਾਂ"। ਪੰਥਪ੍ਰਸਤੀ ਅਤੇ ਕੁਰਬਾਨੀ ਦੀ ਮਹਾਨ ਸੂਰਤ, ਜਿਨ੍ਹਾਂ ਸਰਕਾਰੀ ਅੱਤਵਾਦ ਦਾ ਹਰ ਤਸੀਹਾ ਖਿੜੇ ਮੱਥੇ ਝੱਲਿਆ। ਅੰਤ 4 ਜੂਨ ਨੂੰ ਪ੍ਰੀਤ ਕੈਂਸਰ ਹਸਪਤਾਲ ਵਿਚ ਆਪਣੀ ਨਜ਼ਦੀਕੀ ਰਿਸ਼ਤੇਦਾਰ ਅਤੇ ਸੰਘਰਸ਼ੀ ਸਹਿਯੋਗੀ ਬੀਬੀ ਬਲਜੀਤ ਕੌਰ ਸਮਰਾਲਾ ਦੀਆਂ ਬਾਹਾਂ ਵਿਚ ਦਮ ਤੋੜ ਗਈ। ਚਾਹੇ ਬੀਬੀ ਜੀ ਅੱਜ ਸਾਡੇ ਕੋਲੋਂ ਵਿਛੜ ਗਏ ਹਨ ਪਰ ਉਨ੍ਹਾਂ ਦੀ ਦਰਦਕਹਾਣੀ ਕਦੇ ਵੀ ਨਹੀਂ ਵਿਛੜੇਗੀ।

ਬੀਬੀ ਹਰਦੀਪ ਕੌਰ ਨੂੰ ਪੰਜਾਬ ਪੁਲਿਸ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਪਨਾਹ ਦੇਣ ਦੇ ਸੰਬੰਧ ਵਿਚ ਜੂਨ 2005 ਵਿਚ ਆਪਣੇ ਕਈ ਰਿਸ਼ਤੇਦਾਰਾਂ ਸਮੇਤ ਫੜਿਆ

ਹੋਇਆ ਸੀ। ਸੀ ਆਈ ਏ ਸਟਾਫ ਸਰਹੰਦ ਦਾ ਬਦਨਾਮ ਕੈਟ ਪੁਲਿਸ ਅਫ਼ਸਰ ਗੁਰਮੀਤ ਸਿੰਘ ਪਿੰਕੀ ਨੇ ਗੈਰਕਾਨੂੰਨੀ ਤੌਰ 'ਤੇ ਬੀਬੀ ਜੀ ਨੂੰ ਛੇ ਮਹੀਨਿਆਂ ਦੇ ਕਰੀਬ ਆਪਣੀ ਹਿਰਾਸਤ ਵਿਚ ਰੱਖ ਕੇ ਬਹੁਤ ਹੀ ਤਸ਼ੱਦਦ ਕੀਤਾ ਉਸ ਨੇ ਆਪਣੀ ਲਾਲ ਬੱਤੀ ਵਾਲੀ ਗੱਡੀ ਨੰਬਰ PB 23 C 8173 ਵਿਚ ਵੀ ਤਸ਼ੱਦਦ ਦੀ ਹੱਦ ਮੁਕਾਈ। ਮੌਤ ਨੂੰ ਨੇੜਿਓਂ ਤੱਕਣ ਵਾਲੀ ਬੀਬੀ ਨੂੰ ਜ਼ਾਲਮ ਪੁਲਿਸ ਅਫ਼ਸਰਾਂ ਨੇ ਰਾਤਾਂ ਨੂੰ ਨਹਿਰ ਦੇ ਕਿਨਾਰੇ ਲਿਜਾ ਕੇ ਸਿਰ ਉਪਰ ਅਸਾਲਟ ਰੱਖ ਕੇ ਬਰਸਟ ਕੱਢਣੇ, ਵੱਖੀ ਦੇ ਨਾਲ ਪਿਸਟਲ ਲਾ ਕੇ ਫਾਇਰ ਕਰਨੇ, ਮਹੀਨਿਆਂ ਬੱਧੀ ਇਕੱਲੀ ਨੂੰ ਬੰਦ ਕੋਠੀ ਰੱਖਿਆ। ਕਈ ਗੱਲਾਂ ਨੂੰ ਮਨਾਉਣ ਲਈ, ਖਾਲੀ ਕਾਗਜ਼ਾਂ ਉੱਪਰ ਦਸਤਖ਼ਤ ਕਰਵਾਉਣ ਲਈ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ। ਬਰਫ਼ ਵਿਰਗੀ ਤਸ਼ੱਦਦ ਦੀ ਕਹਾਣੀ ਵੱਖਰੀ ਹੈ।

ਜਿੱਥੇ ਇਨਕਲਾਬ ਪਲਦੇ ਹਨ, ਸੰਘਰਸ਼ ਤੁਰਦੇ ਹਨ, ਲੋਕ ਗਰੀਬੀ ਭੁੱਖਮਰੀ, ਨਾਦਰਸ਼ਾਹੀ ਬੇਇਨਸਾਫ਼ੀ ਤੋਂ ਨਿਜਾਤ ਪਾਉਣ ਲਈ ਜੰਗ ਲੜਦੇ ਹਨ, ਉੱਥੇ ਤਾਨਾਸ਼ਾਹੀ ਸਰਕਾਰਾਂ ਸੰਘਰਸ਼ਾਂ ਨੂੰ ਢਾਹ ਲਾਉਣ ਲਈ, ਕੋਝੇ ਹੱਥਕੰਡੇ ਵਰਤਦੀਆਂ ਹਨ। ਜੁਝਾਰੂ ਸਫ਼ਾਂ ਅੰਦਰ ਕੈਟਾਂ ਨੂੰ ਵਾੜਦੀਆਂ ਹਨ, ਖਾੜਕੂ ਧਿਰਾਂ ਨੂੰ ਬਦਨਾਮ ਕਰਨ ਲਈ ਪਹਿਲਾਂ ਪਨਾਹ ਦੇਣ ਵਾਲੇ ਘਰਾਂ ਦੀ ਸ਼ਨਾਖਤ ਕਰਨੀ, ਫਿਰ ਉੱਥੇ ਬਲਾਤਕਾਰ ਕਰਨੇ, ਨਿਰਦੋਸ਼ ਲੋਕਾਂ ਦੇ ਕਤਲ ਕਰਨੇ, ਫਿਰੌਤੀਆਂ ਲੈਣੀਆਂ, ਲੁੱਟਮਾਰ ਕਰਨੀ ਅਤੇ ਦੋਸ਼ ਸੱਚੇ ਸੁੱਚੇ ਖਾੜਕੂਆਂ ਉੱਪਰ ਲਾਉਣੇ। ਜਦ ਕਿ ਖਾੜਕੂ ਇਹ ਭਲੀਭਾਂਤ ਜਾਣਦੇ ਹਨ ਕਿ ਲੋਕ ਹੀ ਜੰਗਲ ਹਨ, ਜਿੱਥੇ ਉਨ੍ਹਾਂ ਨੇ ਸ਼ਰਨ ਲੈ ਕੇ ਸਿਰ ਲੁਕਾਉਣੇ ਹਨ, ਫਿਰ ਉਹ ਅਜਿਹਾ ਕਿਉਂ ਕਰਨਗੇ? ਅਜਿਹਾ ਹੀ ਨਹੀਂ ਸਰਕਾਰੀ ਏਜੰਸੀਆਂ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਖਾੜਕੂਆਂ ਨੂੰ ਚਰਿੱਤਰਹੀਣਤਾ ਵਾਲੇ ਘਟੀਆ ਦੋਸ਼ਾਂ ਨਾਲ ਵੀ ਵੱਧ ਤੋਂ ਵੱਧ ਪ੍ਰਚਾਰਦੀਆਂ ਹਨ ਤਾਂ ਕਿ ਸੰਘਰਸ਼ ਲੋਕ ਹਮਦਰਦੀ ਤੋਂ ਦੂਰ ਹੋ ਸਕੇ। ਪਰ ਸੱਚ ਆਪਣੇ ਆਪ ਸ਼ਹਾਦਤਾਂ ਦੇ ਰੰਗ ਵਿਚੋਂ ਬੋਲ ਉੱਠਦਾ ਹੈ। ਜਿੱਥੇ ਬੀਬੀ ਹਰਦੀਪ ਕੌਰ ਜੀ 'ਤੇ ਪਹਿਲਾਂ ਕੇਸ ਬੱਬਰ ਹਵਾਰਾ ਨੂੰ ਪਨਾਹ ਦੇਣ ਦਾ ਲੰਮੇ ਤਸ਼ੱਦਦ ਤੋਂ ਬਾਅਦ ਦਰਜ ਹੋਇਆ, ਉੱਥੇ ਸਰਕਾਰੀ ਕੂੜ ਦਾ ਪ੍ਰਚਾਰ ਵੀ ਉਨ੍ਹਾਂ ਖਿੜੇ ਮੱਥੇ ਝੱਲਿਆ। ਜ਼ਬਰ ਦਾ ਤਾਂ ਇਕ ਪਲ ਹੀ ਬਹੁਤ ਮਹਿੰਗਾ ਹੁੰਦਾ ਹੈ ਮਹੀਨਿਆਂ, ਵਰ੍ਹਿਆਂ ਦੇ ਤਸੀਹਿਆਂ ਦੇ ਸੱਲ ਤਾਂ ਜ਼ਰੂਰ ਹੀ ਸੰਘਰਸ਼ੀ ਕਾਫ਼ਲਿਆਂ 'ਚ ਕਰਵੱਟ ਲੈਂਦੇ ਹਨ। ਇਨ੍ਹਾਂ ਹੀ ਹਾਲਤਾਂ ਵਿਚ ਲੰਘੀ ਸੀ ਬੀਬੀ ਹਰਦੀਪ ਕੌਰ।

ਸੱਚਾਈ ਗਵਾਹ ਹੈ ਜਦੋਂ ਭਾਈ ਹਵਾਰਾ ਬੁੜੈਲ ਜੇਲ੍ਹ ਦੀਆਂ ਸੁਰੱਖਿਆ ਵਾਲੀਆਂ ਕੰਧਾਂ ਹੇਠੋਂ ਸੁਰੰਗ ਕੱਢ ਕੇ ਨਿਕਲ ਗਏ ਤਾਂ ਇਨ੍ਹਾਂ ਗੁਰਸਿੱਖਾਂ ਨੂੰ ਸੰਭਾਲਣ ਵਾਸਤੇ ਪੰਜਾਬ ਦੇ ਲੋਕਾਂ ਨੇ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਜਿਹੜੇ ਅਕਾਲੀ ਹੁਣ ਸ਼ਾਂਤੀ ਦੀਆਂ ਗੱਲਾਂ ਕਰਦੇ ਨਹੀਂ ਥੱਕਦੇ, ਸਿੰਘਾਂ ਦੇ ਅਨੋਖੇ ਕਾਰਨਾਮੇ ਵੇਖ ਕੇ ਮੂੰਹ ਵਿਚ ਉਂਗਲਾਂ ਪਾਈ ਹੱਥ ਹੀ ਮਲਦੇ ਰਹੇ। ਇਨ੍ਹਾਂ ਤੋਂ ਭਾਈ ਹਵਾਰਾ ਹੋਰਾਂ ਦੇ ਹੱਕ ਵਿਚ ਕੋਈ ਗੱਲ ਨਾ ਨਿਕਲੀ ਬੇਸ਼ਰਮੀ ਦੀ ਹੱਦ ਇਥੋਂ ਤੱਕ ਜਾ ਪਹੁੰਚੀ ਕਿ ਇਕ ਸਿੱਖ ਬੀਬੀ 'ਤੇ ਹੋ ਰਹੇ ਜ਼ੁਲਮ ਨੂੰ ਇਹ ਤਾੜੀਆਂ ਮਾਰ ਮਾਰ ਤੱਕਦੇ ਰਹੇ। ਬੀਬੀ ਹਰਦੀਪ ਕੌਰ ਜੀ ਦੇ ਭੋਗ 'ਤੇ ਤਾਂ ਇਨ੍ਹਾਂ ਕੀ ਪਹੁੰਚਣਾ ਸੀ, ਕਿਸੇ ਦੇ ਮੂੰਹੋਂ ਕੋਈ ਹਮਦਰਦੀ ਵੀ ਨਾ ਸਰੀ। ਸਗੋਂ ਬਾਦਲ ਸਰਕਾਰ

ਦਾ ਸਾਰਾ ਹੀ ਸੂਹੀਆ ਵਿਭਾਗ ਆਪਣੇ ਗੁਪਤਚਰ ਕੈਮਰਿਆਂ, ਰੀਕਾਰਡਿੰਗ ਟੀਮ ਨਾਲ ਗੁਰਦੁਆਰਾ ਸਾਹਿਬ ਗੁਰੂ ਗ੍ਰੰਥ ਸਾਹਿਬ ਸਮਰਾਲਾ ਵਿਖੇ ਪਹੁੰਚਿਆ ਹੋਇਆ ਸੀ, ਪਤਾ ਕਰਨ ਕਿ ਕੌਣ-ਕੌਣ ਬੀਬੀ ਜੀ ਦੇ ਭੋਗ 'ਤੇ ਪਹੁੰਚ ਰਿਹਾ ਹੈ।

ਭਾਈ ਹਵਾਰਾ ਨੂੰ ਪਨਾਹ ਦੇਣ ਦੇ ਸੰਬੰਧ ਵਿਚ ਫੜੀਆਂ ਗਈਆਂ ਅਨੇਕਾਂ ਬੀਬੀਆਂ ਬਾਰੇ ਸਰਕਾਰ ਦਾ ਅਤ ਸਿਰੇ ਦੇ ਬਦਨਾਮ ਅਤੇ ਔਰਤਾਂ ਬਾਰੇ ਵੱਖਰੀ ਬਕੀਨੀ ਰੱਖਣ ਵਾਲੇ ਕੈਪਟਨ ਅਮਰਿੰਦਰ ਸਿਘ ਦੀਆਂ ਸੂਹੀਆ ਤੁਹਮਤਾਂ ਦਾ ਗੁਰਸਿੱਖ ਪਰਿਵਾਰਾਂ ਨੇ ਬੜੀ ਹੀ ਦਲੇਰੀ ਨਾਲ ਪਰਦਾਫਾਸ਼ ਕੀਤਾ।

ਇਥੋਂ ਤੱਕ ਕਿ ਇਕ ਗੁਰਸਿੱਖ ਪਿਤਾ ਨੇ ਇਹ ਮੰਨਿਆ ਕਿ ਭਾਈ ਹਵਾਰਾ ਨੂੰ ਪੁਲਸੀ ਨਜ਼ਰਾਂ ਤੋਂ ਬਚਾਉਣ ਲਈ ਉਨ੍ਹਾਂ ਨੇ ਖੁਦ ਹੀ ਆਪਣੀ ਧੀ ਨੂੰ ਭਾਈ ਹਵਾਰਾ ਨਾਲ ਰਹਿਣ ਦੀ ਪ੍ਰਵਾਨਗੀ ਦਿੱਤੀ ਸੀ। ਇਹ ਲੁਚੱੜ ਕਾਂਗਰਸੀ ਅਤੇ ਕੈਟ ਆਪਣੀਆਂ ਕਰਤੂਤਾਂ ਵੇਖਣ, ਇਹ ਭਾਈ ਹਵਾਰਾ ਦੇ ਕਿਰਦਾਰ ਦੀ ਵੀ ਰੀਸ ਨਹੀਂ ਕਰ ਸਕਦੇ। ਸਿਰੇ ਦੇ ਸ਼ਰਾਬੀ, ਕਬਾਬੀ ਲੋਕਾਂ ਨੂੰ ਮੂੰਹ ਸੰਭਾਲ ਕੇ ਬੋਲਣਾ ਚਾਹੀਦਾ ਹੈ ਕਿ ਹਵਾਰਾ ਸਾਡਾ ਬੱਚਾ ਹੈ, ਸਾਡੇ ਪਰਿਵਾਰ ਦਾ ਮੈਂਬਰ ਹੈ।

6 ਜੂਨ 2005 ਨੂੰ ਭਾਈ ਜਗਤਾਰ ਸਿਘ ਹਵਾਰਾ ਜਦੋਂ ਆਪਣੇ ਮਿੱਤਰਾਂ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨੇੜਿਓਂ ਗੱਡੀ ਵਿਚ ਜਾ ਰਹੇ ਸਨ ਤਾਂ ਦਿੱਲੀ ਸਪੈਸ਼ਲ ਸਟਾਫ ਦੇ ਕਮਾਂਡੋਆਂ ਦੀ ਗਰਿਫਤ ਵਿਚ ਆ ਗਏ। ਜਦੋਂ ਇਸ ਗ੍ਰਿਫਤਾਰੀ ਬਾਰੇ ਬੀਬੀ ਹਰਦੀਪ ਕੌਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਐਸ ਟੀ ਡੀ ਤੋਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਇਸ ਫੋਨ ਨੰਬਰ ਦੇ ਟਰੇਸ ਹੋਣ 'ਤੇ ਬੀਬੀ ਹਰਦੀਪ ਕੌਰ ਜੀ ਨੂੰ ਪੁਲਿਸ ਨੇ ਚੁੱਕ ਲਿਆ। ਇਥੋਂ ਹੀ ਜ਼ੁਲਮ ਤਸ਼ੱਦਦ ਦਾ ਜੋ ਦੌਰ ਸ਼ੁਰੂ ਹੋਇਆ, ਉਹ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ।

ਸਰਹੰਦ ਦੇ ਸੀ ਆਈ ਏ ਸਟਾਫ ਅੰਦਰ ਤਫਤੀਸ਼ ਕਰਨ ਲਈ ਬੀਬੀ ਜੀ ਦੀਆਂ ਲੱਤਾਂ ਉੱਪਰ ਇਸ ਕਦਰ ਘੋਟਣੇ ਫੇਰੇ ਗਏ ਅਤੇ ਬਿਜਲੀ ਦੇ ਕਰੰਟ ਦੇ ਝਟਕੇ ਦਿੱਤੇ ਗਏ ਕਿ ਹਰ ਅਣਖੀ ਤੇ ਗੈਰਤਮੰਦ ਮਰਦ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਕ ਨਿਰਬਲ ਅਬਲਾ ਔਰਤ ਉੱਪਰ ਪੁਲਿਸ ਗੁੰਡਿਆਂ ਦੀ ਫੌਜ ਸ਼ਰਾਬ ਅੰਦਰ ਧੁੱਤ ਹੋ ਕੇ ਤਸ਼ੱਦਦ ਦਾ ਹਰ ਢੰਗ ਵਰਤਦੀ ਰਹੀ, ਸਿਰ ਉੱਪਰ ਬੂਟਾਂ ਅਤੇ ਰਾਈਫਲਾਂ ਦੇ ਬੱਟਾਂ ਦੇ ਵਾਰਾਂ ਨੇ ਇਤਨੇ ਡੂੰਘੇ ਵਾਰ ਕੀਤੇ ਕਿ ਸਿਰ ਦੇ ਅੰਦਰ ਲਹੂ ਪੈਣ ਕਰਕੇ ਉਹ ਜੰਮਣਾ ਸ਼ੁਰੂ ਹੋ ਗਿਆ। ਮੁੱਢਲੀ ਅਵਸਥਾ ਵਿਚ ਸਹੀ ਇਲਾਜ ਨਾ ਹੋਣ ਕਾਰਨ ਇਸ ਸੱਟ ਨੇ ਖਤਰਨਾਕ ਬਿਮਾਰੀ ਦਾ ਰੂਪ ਧਾਰ ਲਿਆ।

ਬੀਬੀ ਜੀ ਉੱਪਰ ਭਾਈ ਹਵਾਰਾ ਨੂੰ ਪਨਾਹ ਦੇ ਕੇਸ ਤੋਂ ਇਲਾਵਾ ਅਸਲੇ ਅਤੇ ਧਮਾਕਾਖੇਜ਼ ਆਰ.ਡੀ ਐਕਸ ਦੇ ਕੇਸ ਪਾ ਦਿੱਤੇ ਗਏ। ਜੇਲ੍ਹ ਅੰਦਰ ਬੀਬੀ ਜੀ ਦੀ ਹਾਲਤ ਅਤਿ ਹੀ ਤਰਸਯੋਗ ਸੀ ਕਿਉਂਕਿ ਸਾਰੇ ਰਿਸ਼ਤੇਦਾਰ ਸਾਕ ਸੰਬੰਧੀ ਪੁਲਿਸ ਦੇ ਡਰ ਕਾਰਨ ਸਾਥ ਛੱਡ ਗਏ ਸਨ। ਜੇਲ੍ਹ ਅੰਦਰ ਕੋਈ ਮੁਲਾਕਾਤੀ ਨਹੀਂ ਸੀ, ਕੇਸ ਦੀ ਪੈਰਵਾਈ ਵੀ ਬੇਗਾਨੇ ਹੱਥਾਂ ਵਿਚ ਸੀ। ਸਿਰਫ ਇਕ ਹੀ ਆਸਰਾ ਸੀ, ਜੇਲ੍ਹ ਵਿਚ ਬੰਦ ਭਾਈ ਹਵਾਰਾ ਦੇ

ਸਾਥੀ ਲਖਵੀਰ ਸਿੰਘ ਸਮਰਾਲਾ ਦਾ ਅਤੇ ਇਨ੍ਹਾਂ ਦੀ ਸਿੰਘਣੀ ਬੀਬੀ ਬਲਜੀਤ ਕੌਰ ਦਾ। ਬੀਬੀ ਬਲਜੀਤ ਕੌਰ ਸਮਰਾਲਾ ਵੀ ਅੰਨਾ ਤਸ਼ੱਦਦ ਸਹਾਰ ਚੁੱਕੀ ਹੈ ਅਤੇ ਕਈ ਫਰਜ਼ੀ ਕੇਸਾਂ ਦਾ ਸਾਹਮਣਾ ਕਰ ਰਹੀ ਹੈ।

ਫਾਸਟ ਟਰੈਕ ਅਦਾਲਤ ਵੱਲੋਂ ਸੱਤ ਮਹੀਨਿਆਂ ਬਾਅਦ ਬੀਬੀ ਜੀ ਦੀ ਜਮਾਨਤ ਮਨਜ਼ੂਰ ਕਰ ਲਈ ਗਈ। ਬੀਬੀ ਬਲਜੀਤ ਕੌਰ ਹਰਾਂ ਨੇ ਲੰਮੀ ਜਦੋਜਹਿਦ ਪਿੱਛੋਂ ਉਨ੍ਹਾਂ ਦੀ ਜ਼ਮਾਨਤ ਭਰਵਾ ਕੇ ਉਨ੍ਹਾਂ ਨੂੰ ਰਿਹਾ ਕਰਵਾਇਆ। ਜੇਲ੍ਹ ਅੰਦਰ ਹੀ ਸਿਰ ਦੇ ਜ਼ਖਮਾਂ ਨੇ ਕਾਫੀ ਗੰਭੀਰ ਰੂਪ ਧਾਰ ਲਿਆ ਸੀ। ਲੱਤਾਂ ਦਾ ਕਾਰਜਸ਼ੀਲ ਸਿਸਟਮ ਵੀ ਘੱਟਣ ਲੱਗਣ ਕਾਰਨ ਜਵਾਬ ਦੇ ਰਿਹਾ ਸੀ। ਖੱਬੀ ਬਾਂਹ ਕੰਮ ਕਰਨ ਤੋਂ ਜਵਾਬ ਦੇ ਚੁੱਕੀ ਸੀ, ਕਿਉਂਕਿ ਜਦੋਂ ਬਾਹਾਂ ਨੂੰ ਪਿਠ ਪਿੱਛੇ ਬੰਨ ਕੇ ਉੱਪਰ ਟੰਗ ਕੇ ਹੇਠੋਂ ਲੱਤਾਂ ਤੋਂ ਫੜ ਕੇ ਝਟਕੇ ਦਿੱਤੇ ਜਾਂਦੇ ਸਨ ਤਾਂ ਉਸ ਸਮੇਂ ਖੱਬੀ ਬਾਂਹ ਅੰਦਰ ਨੁਕਸ ਪੈ ਗਿਆ ਸੀ। ਨਾੜਾਂ ਖਿੱਚਣ ਕਾਰਨ ਅਜਿਹੀ ਤਰਸਯੋਗ ਹਾਲਤ ਵਿਚ ਬੀਬੀ ਜਮਾਨਤ ਉੱਪਰ ਅਦਾਲਤੀ ਰਹਿਮਤ 'ਤੇ ਵਾਪਸ ਬਾਹਰ ਆਈ, ਜਿੱਥੇ ਉਨ੍ਹਾਂ ਲਈ ਆਪਣੇ ਘਰ ਦੇ ਦਰਵਾਜ਼ੇ ਬੰਦ ਸਨ। ਉਹ ਗੁਰੂ ਅਤੇ ਸੰਗਤ ਦੇ ਆਸਰੇ ਦਿਨਕਟੀ ਕਰਨ ਲੱਗੀ।

ਸਹਿਯੋਗੀਆਂ ਵੱਲੋਂ ਪ੍ਰੇਰਨ 'ਤੇ ਉਨ੍ਹਾਂ ਆਪਣੇ ਸਿਰ ਅੰਦਰ ਬਣੇ ਜ਼ਖਮਾਂ ਦੇ ਟੈਸਟ ਕਰਵਾਉਣੇ ਸ਼ੁਰੂ ਕੀਤੇ। ਸਰੀਰ ਦੀ ਹਾਲਤ ਇਸ ਕਦਰ ਖਰਾਬ ਸੀ ਕਿ ਡਾਕਟਰਾਂ ਨੇ ਤੁਰੰਤ ਅਪ੍ਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ। ਪਰ ਕੋਲ ਕੋਈ ਵੀ ਪੈਸਾ ਜਾਂ ਆਸਰਾ ਨਹੀਂ ਸੀ। ਸਹਿਯੋਗੀ ਸੱਜਣਾਂ ਹਮਦਰਦੀ ਭਰੀ ਉਗਰਾਹੀ ਕਰਕੇ 65000 ਰੁਪੈ ਇਕੱਠੇ ਕੀਤੇ ਪਰ ਇਲਾਜ ਵਾਲੀ ਸਥਿਤੀ ਲੰਘਦੀ ਜਾ ਰਹੀ ਸੀ। ਸਿਰ ਨੂੰ ਕੈਂਸਰ ਦੇ ਨਾਮੁਰਾਦ ਫੋੜੇ ਦੀਆਂ ਜੜ੍ਹਾਂ ਨੇ ਘੇਰ ਲਿਆ ਸੀ। ਬੀਬੀ ਜੀ ਜਦੋਂ ਡਾਕਟਰਾਂ ਕੋਲ ਇਲਾਜ ਦੇ ਚੱਕਰਾਂ ਵਿਚ ਭੱਜੇ ਫਿਰਦੇ ਸਨ ਤਾਂ ਆਪ ਜੀ ਕੇਸ ਦੇ ਸੰਬੰਧ ਵਿਚ ਇਕ ਤਰੀਕ ਉੱਪਰ ਪੇਸ਼ ਨਾ ਹੋ ਸਕੇ ਅਤੇ ਜੱਜ ਨੇ ਜ਼ਮਾਨਤ ਕੈਂਸਲ ਕਰ ਦਿੱਤੀ। ਬੀਬੀ ਜੀ ਦੀ ਕੋਈ ਵੀ ਫਰਿਆਦ ਅਦਾਲਤ ਨੇ ਨਹੀਂ ਸੁਣੀ ਅਤੇ ਫੜ ਕੇ ਫਿਰ ਜੇਲ੍ਹ ਭੇਜ ਦਿੱਤਾ। ਜੱਜ ਨੇ ਇਕ ਹੀ ਗੱਲ ਆਖ ਕੇ ਪੱਲਾ ਝਾੜ ਦਿੱਤਾ, "ਇਹ ਕੇਸ ਸਧਾਰਨ ਨਹੀਂ ਹੈ, ਅਪਰਾਧੀ ਖਤਰਨਾਕ ਗਰੁੱਪ ਨਾਲ ਸੰਬੰਧਤ ਹੈ।" ਅਦਾਲਤ ਨੇ ਬੀਬੀ ਜੀ ਦੀ ਕੈਂਸਰ ਦੀ ਬੀਮਾਰੀ ਨੂੰ ਵੀ ਸਰਕਾਰ ਲਈ ਖਤਰਾ ਸਮਝਿਆ। ਨਾ ਬੀਬੀ ਜੀ ਦੇ ਦੁੱਖਾਂ ਤੇ ਬੀਮਾਰੀ ਦਾ ਧਿਆਨ ਰੱਖਿਆ, ਨਾ ਕੋਈ ਤਰਲਾ ਸੁਣਿਆ ਨਾ ਹੀ ਵਕੀਲਾਂ ਦੀ ਕੋਈ ਦਲੀਲ ਸੁਣੀ, ਨਾ ਹੀ ਡਾਕਟਰਾਂ ਦੀਆਂ ਟੈਸਟ ਰੀਪੋਰਟਾਂ ਵੱਲ ਧਿਆਨ ਦਿੱਤਾ, ਸਿਰਫ ਵਰੰਟਾਂ ਉੱਪਰ ਲਾਲ ਅੱਖਰਾਂ ਨਾਲ ਲਿਖਿਆ ਬੱਬਰ ਖਾਲਸਾ ਇੰਟਰਨੈਸ਼ਨਲ, ਹਾਰਡਕੋਰ ਟੈਰੋਰਿਸਟ (ਖਤਰਨਾਕ ਦਹਿਸ਼ਤਗਰਦ) ਹੀ ਸਾਹਮਣੇ ਰੱਖਿਆ।

ਜੇਲ੍ਹ ਅੰਦਰ ਇਸ ਘਾਤਕ ਬੀਮਾਰੀ ਦਾ ਕੋਈ ਇਲਾਜ ਨਹੀਂ ਸੀ। ਅਖੀਰ ਉਨ੍ਹਾਂ ਆਪਣੇ ਗਲੋਂ ਇਹ ਮਾਮਲਾ ਲਾਹੁੰਦਿਆਂ ਬੀਬੀ ਜੀ ਨੂੰ ਪੀ ਜੀ ਆਈ ਵਿਚ ਭੇਜ ਦਿੱਤਾ, ਜਿੱਥੇ ਇਨ੍ਹਾਂ ਦੀ ਨਿਗਰਾਨੀ ਲਈ ਪੂਰੀ ਗਾਰਦ ਲਾ ਦਿੱਤੀ। ਜੇਲ੍ਹ ਅਧਿਕਾਰੀਆਂ ਵੱਲੋਂ ਬੀਮਾਰੀ ਲਈ ਪੈਸੇ ਦੇਣ ਤੋਂ ਇਨਕਾਰ ਕਰਨ 'ਤੇ ਪੀ ਜੀ ਆਈ ਦੇ ਡਾਕਟਰ ਵੀ

ਇਲਾਜ ਕਰਨ ਤੋਂ ਹੱਥ ਖੜੇ ਕਰ ਗਏ ਤਾਂ ਤਿੰਨ ਹਫਤਿਆਂ ਦੇ ਬਾਅਦ ਹੀ ਉਨ੍ਹਾਂ ਨੂੰ ਰਾਜਿੰਦਰਾ ਹਸਪਤਾਲ ਪਟਿਆਲੇ ਭੇਜ ਦਿੱਤਾ। ਇਥੇ ਵੀ ਇਲਾਜ ਲਈ ਕੋਈ ਪ੍ਰਬੰਧ ਨਹੀਂ ਸੀ। ਰਾਜਿੰਦਰਾ ਹਸਪਤਾਲ ਵਾਲਿਆਂ ਨੇ ਆਪਣੀ ਬੇਬਸੀ ਜ਼ਾਹਰ ਕਰਦਿਆਂ ਬੀਬੀ ਜੀ ਨੂੰ ਲੁਧਿਆਣੇ ਦੇ ਹਰਪ੍ਰੀਤ ਕੈਂਸਰ ਹਸਪਤਾਲ ਭੇਜ ਦਿੱਤਾ, ਗਾਰਦ ਨਾਲ ਸੀ ਕਿ ਬੀਬੀ ਭੱਜ ਨਾ ਜਾਵੇ ਪਰ ਇਲਾਜ ਕੋਈ ਨਹੀਂ ਸੀ। ਜਦ ਕਿ ਬੀਬੀ ਜੀ ਦੀਆਂ ਦੋਵੇਂ ਲੱਤਾਂ ਕੰਮ ਕਰਨਾ ਛੱਡ ਗਈਆਂ ਸਨ ਉਹ ਖੜ ਗਈਆਂ ਸਨ। ਇਸ ਦੇ ਸੰਬੰਧ ਵਿਚ ਪੰਥਕ ਰਸਾਲਿਆਂ ਨੇ ਮੁੱਖ ਤੌਰ 'ਤੇ ਬਹੁਤ ਲਿਖਿਆ, ਵਕੀਲਾਂ ਨੇ ਅਦਾਲਤਾਂ ਅੰਦਰ ਜਿੰਨੀ ਵਾਹ ਲਗਦੀ ਸੀ ਲਾਈ ਪਰ ਭਾਰਤ ਦਾ ਗੂੰਗਾ, ਬੋਲਾ, ਅੰਨਾ ਸੰਵਿਧਾਨ ਲਾਵਾਰਸ ਸਿੰਘਾਂ ਨੂੰ ਸਾੜਦਾ-ਮਾਰਦਾ ਹੁਣ ਅਦਾਲਤਾਂ ਰਾਹੀਂ ਨਵੇਂ ਢੰਗਾਂ ਨਾਲ ਕਤਲ ਕਰਨ ਲੱਗ ਪਿਆ ਹੈ। ਤਸ਼ੱਦਦ ਨਾਲ ਕੋਹੀ ਹੋਈ ਇਕ ਅਬਲਾ ਔਰਤ ਲਈ ਕੋਈ ਹਮਦਰਦੀ ਨਹੀਂ, ਕੋਈ ਜ਼ਮਾਨਤ ਨਹੀਂ। ਸਰਕਾਰ ਸਿਰਫ ਬੀਬੀ ਜੀ ਦੀ ਮੌਤ ਨੂੰ ਉਡੀਕ ਰਹੀ ਸੀ। ਦੁਨੀਆਂ ਅੰਦਰ ਸਿਰਫ ਭਾਰਤ ਹੀ ਅਜਿਹਾ ਮੁਲਕ ਹੈ ਜਿਥੇ ਕੈਟ ਪੁਲਿਸ ਦੀ ਮਦਦ ਲਈ ਭਰਤੀ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਹਰ ਘਿਨਾਉਣਾ ਅਪਰਾਧ ਕਰਨਾ ਮੁਆਫ਼ ਹੈ ਜੋ ਆਪ ਹੀ ਜੱਜ ਹਨ, ਆਪ ਹੀ ਅਦਾਲਤਾਂ ਹਨ, ਜਿਨ੍ਹਾਂ ਆਪ ਹੀ ਫੈਸਲੇ ਸੁਣਾਉਣੇ ਹੁੰਦੇ ਹਨ, ਆਪ ਹੀ ਸਜ਼ਾ ਦੇਣੀ ਹੁੰਦੀ ਹੈ। ਹੈ ਨਾ ਕਮਾਲ ਦੀ ਗੱਲ ਕਿ ਇਨ੍ਹਾਂ ਦਾ ਕੋਈ ਸਰਕਾਰੀ ਰਿਕਾਰਡ ਵੀ ਨਹੀਂ ਹੁੰਦਾ। ਜੱਜ ਤੇ ਜਲਾਦ ਸਭ ਆਪ ਹੀ ਹਨ। ਜੱਜ ਦੀ ਕਲਮ ਇਨਸਾਫ ਲਿਖਣ ਤੋਂ ਰੋਕ ਦਿੱਤੀ ਜਾਂਦੀ ਹੈ। ਬੀਬੀ ਜੀ ਦੀ ਮੌਤ ਤੋਂ ਬਾਅਦ ਇਕ ਜੱਜ ਸਿਰਫ ਕੇਸ ਫਾਈਲ ਨੂੰ ਬੰਦ ਕਰਕੇ ਦਾਖਲ ਦਫਤਰ ਲਈ ਹੀ ਲਿਖ ਸਕਦਾ ਹੈ। ਇਨਸਾਫ਼ ਨਹੀਂ ਦੇ ਸਕਦਾ!

28 ਅਪ੍ਰੈਲ ਨੂੰ ਬੀਬੀ ਜੀ ਦੀ ਹਾਲਤ ਕਾਫੀ ਖਰਾਬ ਹੋ ਗਈ ਸੀ। ਇਕ ਅਦਾਲਤ ਅੰਦਰ ਕੇਸ ਦੀ ਤਾਰੀਖ ਵੀ ਨਜ਼ਦੀਕ ਸੀ ਪਰ ਬੀਬੀ ਜੀ ਤਾਂ ਆਪਣੀ ਰੋਜ਼ਮਰਾ ਦੀ ਕ੍ਰਿਆ ਸੰਭਾਲਣ ਦੇ ਵੀ ਯੋਗ ਨਹੀਂ ਸਨ, ਲੱਤਾਂ, ਬਾਹਾਂ, ਸਿਰ ਸਭ ਜਵਾਬ ਦੇ ਗਏ ਸਨ। ਫਿਰ ਉਨ੍ਹਾਂ ਅਦਾਲਤ ਅੰਦਰ ਪੇਸ਼ ਕਿਸ ਤਰ੍ਹਾਂ ਹੋ ਸਕਣਾ ਸੀ। ਅਖੀਰ ਅਦਾਲਤ ਨੂੰ ਬੀਬੀ ਜੀ ਨੂੰ ਜ਼ਮਾਨਤ ਦੇਣੀ ਪਈ। ਜਦ ਕਿ ਹੁਣ ਇਲਾਜ ਦਾ ਵੇਲਾ ਲੰਘ ਚੁੱਕਾ ਸੀ। ਕਿਸੇ ਵੀ ਜੱਜ ਨੇ ਇਹ ਗੱਲ ਨਹੀਂ ਪੁੱਛੀ ਕਿ ਬੀਬੀ ਤੇਰੀ ਇਹ ਹਾਲਾਤ ਕਿਸ ਨੇ ਕੀਤੀ? ਕਿਸ ਨੇ ਤੇਰੇ 'ਤੇ ਜ਼ੁਲਮ ਕੀਤੇ?

4 ਜੂਨ 2007 ਨੂੰ ਆਪਣੀ ਸਹਿਯੋਗਣ ਅਤੇ ਨਜ਼ਦੀਕੀ ਰਿਸ਼ਤੇਦਾਰ ਬੀਬੀ ਬਲਜੀਤ ਕੌਰ ਸਮਰਾਲਾ ਨਾਲ ਉਨ੍ਹਾਂ ਦੋ ਗੱਲਾਂ ਕੀਤੀਆਂ, "ਭੈਣ ਬੱਚੀ ਗੁਰਸਿਮਰਤ ਦਾ ਧਿਆਨ ਰੱਖੀਂ, ਸਿੰਘ ਸਾਹਿਬ ਨੂੰ ਮੇਰੀ ਆਖਰੀ ਫ਼ਤਹਿ ਹੈ, ਮਾਫ ਕਰਿਓ ਮੈਂ ਤੁਹਾਡੇ ਅਹਿਸਾਨਾਂ ਦਾ ਦੇਣ ਨਹੀਂ ਦੇ ਸਕੀ", ਅਜਿਹੇ ਦੁੱਖ ਸਾਂਝੇ ਕਰਦਿਆਂ ਉਨ੍ਹਾਂ ਬੀਬੀ ਬਲਜੀਤ ਕੌਰ ਦੀਆਂ ਬਾਹਾਂ ਵਿਚ ਦਮ ਤੋੜ ਦਿੱਤਾ। ਕੈਂਸਰ ਹਸਪਤਾਲ ਲੁਧਿਆਣਾ ਵਿਚ ਕੈਂਸਰ ਦੇ ਮਰੀਜ਼ ਦੀ ਮੌਤ ਕੋਈ ਨਵੀਂ ਨਹੀਂ ਸੀ ਪਰ ਸਰਕਾਰੀ ਤਸੀਹਿਆਂ ਕਾਰਨ ਹੋਈ ਇਹ ਮੌਤ ਪਹਿਲੀ ਸੀ, ਜਿਥੇ ਥਾਂ-ਥਾਂ ਕੂਕਣ ਵਾਲਾ ਮਨੁੱਖੀ ਅਧਿਕਾਰਾਂ ਦਾ ਰਾਖਾ ਲੋਕਤੰਤਰ ਤਮਾਸ਼ਬੀਨ

ਬਣ ਕੇ ਰਹਿ ਗਿਆ ਕੈਂਸਰ ਹਸਪਤਾਲ ਦੇ ਡਾਕਟਰ ਸਾਹਿਬ ਨੇ ਕਿਹਾ, "ਮੈਂ ਹੈਰਾਨ ਹਾਂ, ਇਸ ਬੀਬੀ ਦੇ ਹੌਸਲੇ ਨੂੰ ਦੇਖ ਕੇ, ਸੱਚਮੁੱਚ ਹੀ ਇਹ ਬਹਾਦਰ ਹੈ। ਦੁੱਖ ਹੈ ਇਸਦੇ ਇਲਾਜ ਲਈ ਮਹਿੰਗੀਆਂ ਦਵਾਈਆਂ ਨਹੀਂ ਖਰੀਦੀਆਂ ਗਈਆਂ, ਮੈਂ ਹਸਪਤਾਲ ਦਾ ਜਾਂ ਆਪਣਾ ਕੋਈ ਵੀ ਪੈਸਾ ਨਹੀਂ ਲਵਾਂਗਾ" ਅਤੇ ਡਾਕਟਰ ਸਾਹਿਬ ਨੇ ਕਈ ਪੈਸਾ ਨਹੀਂ ਲਿਆ।

ਇਕੱਲੀ ਬਲਜੀਤ ਕੌਰ ਨੂੰ ਉਨ੍ਹਾਂ ਦੀ ਲਾਸ਼ ਦੀ ਮਿੱਟੀ ਸਾਂਭਣੀ ਵੀ ਇਕ ਸਮੱਸਿਆ ਸੀ। ਕਿਉਂਕਿ ਆਰਥਕ ਤੌਰ 'ਤੇ ਸੱਖਣੀ ਬੀਬੀ ਕੋਲ ਸਿਰਫ ਸਿਰੜ ਅਤੇ ਹਮਦਰਦੀ ਦੀ ਲਗਨ ਨਾਲ ਇਕ ਸੇਵਾ ਭਾਵਨਾ ਦਾ ਹੌਂਸਲਾ ਸੀ। ਜਦੋਂ ਉਨ੍ਹਾਂ ਕੁਝ ਸਹਿਯੋਗੀਆਂ ਤੋਂ ਸਹਿਯੋਗ ਮੰਗਿਆ ਤਾਂ ਉਨ੍ਹਾਂ ਨੂੰ ਵੀ ਕੁਝ ਹੌਸਲਾ ਹੋ ਗਿਆ। ਪਹਿਲਾਂ ਲੁਧਿਆਣੇ ਹੀ ਸੰਸਕਾਰ ਕਰਨ ਦੀ ਸੋਚੀ ਪਰ ਜਦੋਂ ਕੁਝ ਸੰਘਰਸ਼ੀ ਵੀਰਾਂ ਨੇ ਇਸ ਬਹਾਦਰ ਬੀਬੀ ਦੀ ਮੌਤ ਸੁਣੀ ਤਾਂ ਉਨ੍ਹਾਂ ਦੀ ਲਾਸ਼ ਨੂੰ ਸਮਰਾਲੇ ਲਿਜਾਣ ਦਾ ਪ੍ਰਬੰਧ ਕੀਤਾ ਗਿਆ। ਜਿੱਥੇ ਕਿਸੇ ਨੇ ਲੱਕੜ ਬਾਲਣ, ਕਿਸੇ ਨੇ ਕੱਪੜੇ, ਕਿਸੇ ਨੇ ਹੋਰ ਅੰਤਿਮ ਰਸਮਾਂ ਪੂਰੀਆਂ ਕਰਨ ਦਾ ਪ੍ਰਬੰਧ ਕੀਤਾ। ਉਨ੍ਹਾਂ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਹਾਜ਼ਰ ਨਹੀਂ ਹੋਇਆ। ਸਿਰਫ ਹਮਦਰਦਾਂ, ਸੰਘਰਸ਼ੀ ਸਨੇਹੀਆਂ ਨੇ ਅਰਥੀ ਨੂੰ ਮੋਢਾ ਦਿੱਤਾ, ਭਾਈ ਲਖਵੀਰ ਸਿੰਘ ਜੀ ਨੇ ਚਿਖਾ ਨੂੰ ਅੱਗ ਦਿੱਤੀ। ਬੱਬਰਾਂ ਲਈ ਆਪਾ ਵਾਰਨ ਵਾਲੀ ਬੀਬੀ ਭਾਈ ਜਗਤਾਰ ਸਿੰਘ ਹਵਾਰਾ ਨੂੰ ਬੁੜੈਲ ਜੇਲ੍ਹ ਦੀਆਂ ਉੱਚੀਆਂ ਦਿਵਾਰਾਂ ਦੇ ਓਹਲੇ ਛੱਡ ਆਪਣੀ ਬੇਟੀ ਗੁਰਸ਼ਮਸ਼ੀਰ ਕੌਰ ਨੂੰ ਪੰਥ ਦੀ ਝੋਲੀ ਪਾ ਗਈ ਆਖਰੀ ਸਾਹਾਂ ਤੱਕ ਵੀ ਉਨ੍ਹਾਂ ਦੇ ਮੂੰਹੋਂ ਸੰਘਰਸ਼ ਲਈ ਆਪਣੇ ਵੱਲੋਂ ਪਾਏ ਯੋਗਦਾਨ ਲਈ ਕਦੇ ਪਛਤਾਵਾ ਨਹੀਂ ਨਿਕਲਿਆ।

6 ਜੂਨ ਨੂੰ ਬੀਬੀ ਜੀ ਦੀ ਰਾਖ, ਫੁੱਲ ਆਦਿ ਸਾਦਗੀ ਭਰੇ ਮਾਹੌਲ ਵਿਚ ਇਕੱਠੇ ਕੀਤੇ ਗਏ। 12 ਜੂਨ ਨੂੰ ਸਮਰਾਲਾ ਬੱਸ ਸਟੈਂਡ ਦੇ ਸਾਹਮਣੇ ਗੁਰਦੁਆਰਾ ਸਾਹਿਬ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅੰਤਿਮ ਅਰਦਾਸ ਲਈ ਭੋਗ ਪਾਏ ਗਏ। ਜਿੱਥੇ ਬਿਲਕੁਲ ਹੀ ਇਕ ਵੈਰਾਗ ਦਾ ਮਾਹੌਲ ਸੀ। ਸੰਗਤ ਦੇ ਚਿਹਰਿਆਂ 'ਤੇ ਖਾਮੋਸ਼ੀ ਭਰੀ ਚੁੱਪ ਅਤੇ ਮੱਥਿਆਂ ਉਪਰ ਰੋਸ ਭਰੀਆਂ ਤਿਊੜੀਆਂ ਸਨ। ਸੰਗਤ ਨਾਲੋਂ ਜ਼ਿਆਦਾ ਬਾਦਲ ਹਕੂਮਤ ਦਾ ਖੁਫੀਆ ਵਿਭਾਗ ਹਰਲ-ਹਰਲ ਕਰਦਾ ਫਿਰ ਰਿਹਾ ਸੀ।

ਬੀਬੀ ਜੀ ਨੂੰ ਅਖੰਡ ਕੀਰਤਨੀ ਜਥਿਆਂ ਨੇ, ਅਕਾਲ ਪੁਰਖ ਦੀ ਫੌਜ ਦੇ ਬੱਚੇ ਬੱਚੀਆਂ ਦੇ ਕੀਰਤਨੀ ਜਥੇ ਨੇ ਜਿੱਥੇ ਕੀਰਤਨ ਰਾਹੀਂ ਗੁਰੂ ਜੱਸ ਗਾਇਨ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਉੱਥੇ ਗੁਰਸਿੱਖ ਸੰਸਥਾ, ਸ਼ਾਹਬਾਜ਼ ਖਾਲਸਾ ਦੇ ਸਿੰਘਾਂ ਨੇ ਵੀ ਲੰਗਰ ਅਤੇ ਛਬੀਲ ਦੀ ਸੇਵਾ ਕੀਤੀ ਸ਼ਰਧਾਂਜਲੀ ਸਮਾਗਮ ਵਿਚ ਭਾਈ ਨਰੈਣ ਸਿੰਘ ਚੌੜਾ, ਭਾਈ ਕੰਵਰ ਸਿੰਘ ਧਾਮੀ, ਭਾਈ ਬਲਜੀਤ ਸਿੰਘ ਭਾਊ, ਭਾਈ ਮੋਹਕਮ ਸਿੰਘ ਲੁਧਿਆਣਾ, ਭਾਈ ਕਲਵਿੰਦਰ ਸਿੰਘ, ਭਾਈ ਦਲਜੀਤ ਸਿੰਘ, ਖਾਲਸਾ ਫਤਹਿਨਾਮਾ ਦੇ ਭਾਈ ਬਲਜੀਤ ਸਿੰਘ ਖ਼ਾਲਸਾ, ਬੀਬੀ ਸੰਦੀਪ ਕੌਰ ਹਾਜ਼ਰ ਹੋਏ। ਤਿਹਾੜ ਜੇਲ੍ਹ, ਨਾਭਾ ਜੇਲ੍ਹ, ਬੁੜੈਲ ਜੇਲ੍ਹ ਦੇ ਨਜ਼ਰਬੰਦ ਸਿੰਘਾਂ ਦੇ ਸ਼ੋਕ ਸਨੇਹੇ ਵੀ ਪੜ੍ਹ ਕੇ ਸੁਣਾਏ ਗਏ। ਪਰ ਬਾਦਲ ਅਕਾਲੀ ਦਲ ਦੇ ਜਾਂ ਦਮਦਮੀ ਟਕਸਾਲ ਦੇ ਕੋਈ ਵੀ ਨੁਮਾਇੰਦੇ ਨਜ਼ਰ

ਨਹੀਂ ਆਏ।

ਅਖੰਡ ਕੀਰਤਨੀ ਜਥੇ ਦੇ ਸ. ਆਰ.ਪੀ. ਸਿੰਘ ਨੇ ਇੰਗਲੈਂਡ, ਜਰਮਨੀ, ਇਟਲੀ, ਕਨੇਡਾ ਦੇ ਸਿੰਘਾਂ ਦੇ ਇਕ ਮਤੇ ਦੀ ਸੰਗਤ ਸਾਹਮਣੇ ਰੱਖੇ। ਸਮਾਗਮ ਦੇ ਸਾਰੇ ਖਰਚੇ ਦੀ ਅਤੇ ਬੇਟੀ ਗੁਰਬਸਬੀਰ ਕੌਰ ਨੂੰ ਸੰਭਾਲਣ ਦੀ ਜ਼ੁੰਮੇਵਾਰੀ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਯੂ.ਕੇ. ਨੇ ਆਪਣੇ ਉੱਪਰ ਲਈ।

ਪੰਥ ਲਈ ਆਪਾ ਵਾਰਨ ਦਾ ਸਿਲਸਿਲਾ ਕਦੋਂ ਤੱਕ ਚਲਦਾ ਰਹੇਗਾ? ਕਦੋਂ ਤੱਕ ਪੰਥ ਦੀਆਂ ਧੀਆਂ ਰੰਡੀ ਜਾਂਦੀਆਂ ਰਹਿਣਗੀਆਂ? ਕਦੋਂ ਤੱਕ ਗੁੰਮਨਾਮ ਸ਼ਹਾਦਤਾਂ ਦੇ ਵੈਣ ਸੁਣਦੇ ਰਹਾਂਗੇ? ਕਦੋਂ ਤੱਕ ਪੰਥ ਨੂੰ ਵੇਚਣ ਵਾਲੇ ਦੁਕਾਨਦਾਰ ਪੰਥ ਦੀਆਂ ਸਰਦਾਰੀਆਂ ਦੇ ਸੌਦੇ ਕਰਦੇ ਰਹਿਣਗੇ? ਕਦੋਂ ਤੱਕ ਨਜ਼ਰਬੰਦੀਆਂ ਉੱਚੀਆਂ ਕੰਧਾਂ ਦੇ ਸਹਾਰੇ ਆਪਣੇ ਬੁਢਾਪੇ ਉਡੀਕਦੀਆਂ ਰਹਿਣਗੀਆਂ? ਸੰਗਤ ਜੀ ਆਓ ਰੋਕੀਏ, ਇਸ ਜ਼ੁਲਮੀ ਕਹਾਣੀ ਨੂੰ।

# ਭਾਈ ਅਨੋਖ ਸਿੰਘ ਬੱਬਰ

13 ਅਪ੍ਰੈਲ 1978 ਦੀ ਵਿਸਾਖੀ, ਖ਼ੂਨੀ ਵਿਸਾਖੀ ਤੇ ਨਰਕਧਾਰੀਆਂ ਹੱਥੋਂ ਸ਼ਾਂਤਮਈ ਸਿੰਘਾਂ ਦੀ ਸ਼ਹਾਦਤ ਨੇ ਖ਼ਾਲਸਾ ਕੌਮ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਭਾਈ ਫੌਜਾ ਸਿੰਘ ਤੇ ਸਾਥੀ ਸਿੰਘਾਂ ਦੀ ਸ਼ਹਾਦਤ ਨੇ ਅਖੰਡ ਕੀਰਤਨੀ ਜਥੇ ਦੇ ਨਾਮ ਬਾਣੀ ਦੇ ਰਸੀਏ ਸਾਧੂ ਸੁਭਾ ਸਿੰਘਾਂ ਉੱਪਰ ਗਹਿਰਾ ਅਸਰ ਕੀਤਾ। ਪੰਥ ਖ਼ਾਲਸਾ ਇਹ ਸੋਚਣ ਲਈ ਮਜ਼ਬੂਰ ਹੋ ਗਿਆ ਕਿ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਹਵੇ ਤੇ ਅਸੀਂ ਫਿਰ ਵੀ ਸੁਰੱਖਿਅਤ ਨਹੀਂ ਤਾਂ ਫਿਰ ਇਸ ਦੇਸ ਵਿਚ ਗ਼ੁਲਾਮ ਬਣ ਕੇ ਕੁੱਟ ਖਾ ਕੇ ਰਹਿਣਾ ਬੁਜ਼ਦਿਲੀ ਹੈ। ਸਾਨੂੰ ਆਪਣਾ ਗੁਆਚ ਚੁਕਾ ਦੇਸ ਖ਼ਾਲਸਾ ਰਾਜ ਹਰ ਹੀਲੇ ਹਾਸਲ ਕਰਨਾ ਚਾਹੀਦਾ ਹੈ। ਚਾਣਕੀਏ ਅਤੇ ਸ਼ੈਂਕਲ ਦੇ ਦੁਸ਼ਮਣਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ ਖ਼ਾਲਸਾ ਰਾਜ ਦੀ ਪਵਿੱਤਰ ਧਰਤੀ ਉਪਰੋਂ ਗੁਰੂ ਘਰ ਦੇ ਨਿੰਦਕਾਂ ਗੁਰੂ ਬਾਣੀ ਦੇ ਆਲੋਚਕਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ ਸਰਬਲੋਹ ਬਿਬੇਕ ਦੀ ਪੁੱਠ ਨਾਲ ਸਜੇ ਸਵਾਰੇ ਕੇਸਕੀ ਦੁਮਾਲਿਆਂ ਦੇ ਸ਼ਿੰਗਾਰੇ ਅਣਖੀਲੇ ਸਿੰਘਾਂ ਤੋਂ 13 ਅਪ੍ਰੈਲ 1978 ਦੀ ਖ਼ੂਨੀ ਵਿਸਾਖੀ ਭੁਲਾਈ ਨਾ ਗਈ।

ਸ਼ਹੀਦ ਭਾਈ ਫੌਜਾ ਸਿੰਘ ਦੇ ਸੰਗੀਆਂ ਸਾਥੀਆਂ ਨੇ ਪੰਥ ਦੀ ਵਿਗੜ ਰਹੀ ਹਾਲਤ ਬਾਰੇ ਗੰਭੀਰ ਵਿਚਾਰਾਂ ਕੀਤੀਆਂ ਤੇ ਕੌਮ ਦੇ ਖੁੱਸੇ ਰਾਜ ਅਤੇ ਢਹਿਢੇਰੀ ਹਏ ਵਕਾਰ ਨੂੰ ਮੁੜ ਬਹਾਲ ਕਰਨ ਲਈ ਮੈਦਾਨ ਵਿਚ ਨਿੱਤਰਨ ਦਾ ਫੈਸਲਾ ਕਰ ਲਿਆ ਨਾਮਬਾਣੀ ਜਪਣ ਵਾਲੀਆਂ ਰੂਹਾਂ ਨੇ ਆਪਣੇ ਜਾਹੋਜਲਾਲ ਵਿਚ ਵਿਚਰ ਕੇ ਦੁਸ਼ਟ ਸਕਲ ਦੀ ਮੂਲ ਉਪਾਰਨ ਦਾ ਫੈਸਲਾ ਕਰ ਲਿਆ। ਗਿਆਰਾਂ ਸਿੰਘਾਂ ਨੇ ਅੰਮ੍ਰਿਤਸਰ ਸਾਹਿਬ ਵਿਖੇ ਸਰਕਾਰੇ ਖ਼ਾਲਸਾ ਦਾ ਕੇਸਰੀ ਪਰਚਮ ਝੁਲਾ ਕੇ ਤੇ ਭਾਈ ਸੁਖਦੇਵ ਸਿੰਘ ਨੂੰ ਜਥੇਦਾਰ ਥਾਪ 'ਬੱਬਰ ਖ਼ਾਲਸਾ ਇੰਟਰਨੈਸ਼ਨਲ' ਜਥੇਬੰਦੀ ਦੀ ਸਥਾਪਨਾ ਕਰਕੇ ਕੇਸਰੀ ਨਿਸ਼ਾਨ ਸਾਹਿਬ ਨੂੰ ਹਥਿਆਰਾਂ ਨਾਲ ਸਲਾਮੀ ਦਿੱਤੀ 13 ਅਪ੍ਰੈਲ 1982 ਨੂੰ ਸਿੰਘਾਂ ਵਲੋਂ ਕੀਤੇ ਅਜ਼ਾਦੀ ਦੇ ਐਲਾਨ ਨੇ ਹਿੰਦੁਸਤਾਨ ਦੀ ਸਰਕਾਰ ਅਤੇ ਉਸ ਦੇ ਸੂਬੇਦਾਰ ਦਰਬਾਰਾ ਸਿੰਘ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ

ਬੱਬਰਾਂ ਨੇ ਅਕਾਲ ਤਖ਼ਤ ਸਾਹਿਬ ਜੀ ਦੇ ਸਨਮੁਖ ਅਰਦਾਸ ਕਰਕੇ ਇਹ ਕਸਮ ਖਾ ਲਈ ਕਿ "ਅਸੀ ਜੀਉਂਦੇ ਜੀਅ ਘਰਾਂ ਨੂੰ ਨਹੀਂ ਪਰਤਾਂਗੇ, ਖ਼ਾਲਸਾ ਰਾਜ ਪ੍ਰਾਪਤ ਕਰਾਂਗੇ ਜਾਂ ਗੁਰੂ ਦੇ ਪਿਆਰ ਤੇ ਕੌਮ ਲਈ ਮਰ ਮਿਟਾਂਗੇ।"

ਮਈ 1982 ਦੇ ਅਖੀਰ ਪੱਟੀ ਵਿਖੇ ਨਰਕਧਾਰੀਆਂ ਨੂੰ ਬੱਬਰਾਂ ਨੇ ਇੱਕੋ ਦੀ ਇਕੱਠੀ ਪਾ ਦਿੱਤੀ। ਨਰੂੜ ਪਾਂਛਟਾਂ ਜ਼ਿਲ੍ਹਾ ਕਪੂਰਥਲਾ ਦੇ ਮਹਿੰਦਰਪਾਲ ਨਰਕਧਾਰੀ ਨੂੰ ਗੱਡੀ ਚਾੜ੍ਹ ਦਿੱਤਾ। ਫਰੀਦਕੋਟ ਦੇ ਕਪੜਾ ਵਪਾਰੀ ਕੁਲਵੰਤ ਭਾਟੀਆਂ ਨਰਕਧਾਰੀ ਨੂੰ ਅੰਮ੍ਰਿਤਸਰ ਗਏ ਨੂੰ ਸੋਧ ਦਿੱਤਾ। ਕੋਟ ਭਾਈ, ਘੱਲਕਲਾਂ ਦੇ ਨਰਕਧਾਰੀਏ ਖੰਡੇ ਦੀ ਭੇਟ ਚੜ੍ਹਾ ਦਿੱਤੇ।

ਪਿੰਡ ਹਰਾਜ਼ ਦਾ ਭੂਰਾ ਤਲਵੰਡੀ ਭਾਈ ਰੇਲਵੇ ਸਟੇਸ਼ਨ 'ਤੇ ਗਲੋਂ ਫੜ ਕੇ ਸਧ ਦਿੱਤਾ। ਕਾਲਿਆਂ ਵਾਲੀ, ਤਰਨਤਾਰਨ, ਮਾਨਸਾ, ਬਠਿੰਡਾ ਵਿਖੇ ਜਦ ਇਕ ਤੋਂ ਬਾਅਦ ਦੂਸਰੇ ਨਰਕਧਾਰੀਆਂ ਦਾ ਸਫਾਇਆ ਹਣ ਲੱਗਾ ਤਾਂ ਪੰਜਾਬ ਸਰਕਾਰ ਵਿਚ ਖਲਬਲੀ ਮੱਚ ਗਈ। ਪੁਲਿਸ ਨੂੰ ਨਰਕਧਾਰੀਆਂ ਦੀਆਂ ਲਾਸ਼ਾਂ ਉਪਰ ਰੱਖੀ ਇਕ ਚਿੱਠੀ ਮਿਲਦੀ ਸੀ, "ਇਸ ਦੁਸ਼ਟ ਨੂੰ ਮਾਰਨ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਇੰਟਰਨੈਸ਼ਨਲ ਲੈ ਰਿਹਾ ਹੈ।"

ਬੱਬਰਾਂ ਦੇ ਸਿਰਾਂ ਉਪਰ ਹਜ਼ਾਰਾਂ ਦੀ ਗਿਣਤੀ ਵਿਚ ਇਨਾਮ ਰੱਖਿਆ ਗਿਆ ਬੱਬਰਾਂ ਦੇ ਸਿਰਾਂ ਉਪਰ ਰੱਖੇ ਇਨਾਮ ਵਿਚ ਤੀਸਰਾ ਸਿਰ ਭਾਈ ਅਨਖ ਸਿੰਘ ਬੱਬਰ ਦਾ ਸੀ। ਭਾਈ ਅਨਖ ਸਿੰਘ ਬੱਬਰ ਦਾ ਜਨਮ ਬਾਪੂ ਮੱਖਣ ਸਿੰਘ ਦੇ ਗ੍ਰਹਿ ਵਿਖੇ ਮਾਤਾ ਨਿਰੰਜਣ ਕੌਰ ਦੀ ਪਵਿੱਤਰ ਕੁੱਖੋਂ ਪਿੰਡ ਵੜਿੰਗ ਸੂਬਾ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਭਾਈ ਸਾਹਿਬ ਹੁਰੀਂ ਚਾਰ ਭਰਾ ਸਨ ਭਾਈ ਜੰਗਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਹਰਦੀਪ ਸਿੰਘ, ਅਤੇ ਭਾਈ ਅਨੋਖ ਸਿੰਘ ਸਾਰਾ ਹੀ ਪਰਿਵਾਰ ਅੰਮ੍ਰਿਤਧਾਰੀ ਗੁਰਸਿੱਖੀ ਦੀ ਭਾਵਨੀ ਵਿਚ ਰਹਿਣ ਵਾਲਾ ਹੈ।

ਭਾਈ ਅਨਖ ਸਿੰਘ ਸਾਧੂ ਸੁਭਾਅ ਸ਼ਾਂਤ ਚਿੱਤ ਹਮੇਸ਼ਾਂ ਗੁਰੂ ਲਿਵ ਅੰਦਰ ਰਹਿਣ ਵਾਲੇ ਸਨ। ਆਪ ਜੀ ਨੇ ਬਹੁਤ ਹੀ ਸੋਹਣੇ ਨੰਬਰਾਂ ਵਿਚ ਬੀ ਏ ਪਾਸ ਕੀਤੀ। ਗੁਰੂ ਬਾਣੀ ਅੰਦਰ ਪ੍ਰਪੱਕ ਹੋਣ ਕਾਰਨ ਆਪ ਜੀ ਨੂੰ ਛੇਤੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਇੰਸਪੈਕਟਰ ਨੌਕਰੀ ਮਿਲ ਗਈ। ਇਮਾਨਦਾਰੀ ਨਾਲ ਡਿਊਟੀ ਉਪਰ ਸਖਤੀ ਨਾਲ ਪਹਿਰਾ ਦੇਣ ਕਾਰਨ ਆਪ ਜੀ ਨੂੰ ਗੁਰੂ ਘਰ ਦੀਆਂ ਗੋਲਕਾਂ ਦੀ ਦੇਖ ਰੇਖ ਉਪਰ ਤਾਇਨਾਤ ਕਰ ਦਿੱਤਾ ਗਿਆ। ਆਪ ਜੀ ਨਾਲ ਦੇ ਸਿੰਘਾਂ ਨੂੰ ਨੌਕਰੀ ਕਰਨ ਲਈ ਪ੍ਰੇਰਦੇ ਭਾਈ ਸਾਹਿਬ ਜੀ ਦਾ ਵਿਚਾਰ ਸੀ ਕਿ ਗੁਰੂ ਘਰ ਦਾ ਪੈਸਾ ਗੁਰਸਿੱਖਾਂ ਲਈ ਜ਼ਹਿਰ ਦੇ ਸਮਾਨ ਹੈ। ਇਹ ਪੈਸਾ ਲੋਕ ਭਲਾਈ ਅਤੇ ਗਰੀਬਾਂ ਦੀ ਸੇਵਾ ਲਈ ਵਰਤਣਾ ਚਾਹੀਦਾ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਲਿਖਤਾਂ ਨੂੰ ਆਪਣਾ ਆਦਰਸ਼ ਸਮਝਦੇ ਸਨ। ਗਿਆਨੀ ਤਰਲੋਕ ਸਿੰਘ ਦੇ ਨਾਵਲ 'ਗੋਲੀ ਚਲਦੀ ਰਹੇਗੀ ਦੁਸ਼ਟ ਸੋਧੇ ਜਾਣਗੇ' ਦੇ ਮੂਲ ਪਾਠ ਨੂੰ ਬੱਬਰਾਂ ਦਾ ਮਾਰਗ ਸਮਝਦ ਸਨ। ਪਰਾਤਨ ਸਿੰਘਾਂ ਦੀਆਂ ਕੁਰਬਾਨੀਆਂ ਸ਼ਹਾਦਤਾਂ ਨੂੰ ਕੌਮ ਸਿਰ ਇਕ ਕਰਜ਼ ਮੰਨਦ ਹੋਏ ਕਹਿੰਦੇ ਸਨ ਕਿ "ਸਿਰ ਦਿੱਤਿਆਂ ਬਾਝ ਨਹੀ ਰਹਿਣਾ ਧਰਮ।"

ਸ਼ਹੀਦ ਭਾਈ ਸੁਰਿੰਦਰ ਸਿੰਘ ਨਾਗੋਕ ਦੇ ਗ੍ਰਹਿ ਵਿਖੇ ਅਖੰਡ ਪਾਠ ਸੀ। ਆਪ ਜੀ ਨੇ ਆਪਣੇ ਅਤੀ ਪਿਆਰੇ ਨਜ਼ਦੀਕੀ ਸਾਥੀ ਭਾਈ ਸੁਲੱਖਣ ਸਿੰਘ ਬੱਬਰ ਨਾਲ ਇਕੋ ਹੀ ਚੌਕੜੇ ਵਿਚ ਬੈਠ ਕੇ ਲਗਾਤਾਰ ਅਖੰਡ ਪਾਠ ਸਰਵਣ ਕੀਤਾ। ਉਹਨਾਂ ਲਈ ਅਖੰਡ ਪਾਠ ਨੂੰ ਇਕੋ ਚੌਕੜੇ ਵਿਚ ਬੈਠ ਕੇ ਬਾਣੀ ਸਰਵਣ ਕਰਨੀ ਆਮ ਗੱਲ ਸੀ। ਕਦੇ ਵੀ ਹਉਮੈ ਵਿਚ ਕੋਈ ਗੱਲ ਨਹੀਂ ਕੀਤੀ। ਨਾਮ ਬਾਣੀ ਦੀ ਗੁੱਪਤ ਘਾਲ ਕਮਾਈ ਨੂੰ ਹੀ ਸਿੰਘ ਦੀ ਅਸਲੀ ਮਿਹਨਤ ਨਾਲ ਕੀਤੀ ਕਮਾਈ ਸਮਝਦੇ ਸਨ ਜੋ ਲੋਕ ਪ੍ਰਲੋਕ ਸਹਾਈ ਰਹਿਣੀ ਹੈ। ਨਰਕਧਾਰੀਆਂ ਦੀ ਸੋਧ ਸੁਧਾਈ ਕਾਰਨ ਆਪ ਜੀ ਉੱਪਰ ਬਹੁਤ ਸਖਤੀ ਵਧ ਗਈ

ਜਿਸ ਕਾਰਨ ਆਪ ਜੀ ਰੂਪੋਸ਼ ਹੋ ਗਏ। ਪਹਿਲਾਂ ਦਰਬਾਰ ਸਾਹਿਬ ਕੰਪਲੈਕਸ ਵਿਖੇ ਅਕਾਲ ਰੈਸਟ ਹਾਊਸ ਵਿਚ ਸਾਥੀਆਂ ਸਮੇਤ ਡੇਰੇ ਲਾ ਲਏ ਫਿਰ ਗੁਰੂ ਨਾਨਕ ਨਿਵਾਸ ਵਿਚ ਚਲੇ ਗਏ। ਗੁਰੂ ਨਾਨਕ ਨਿਵਾਸ ਦੀ ਛੱਤ ਉਪਰ ਬਾਂਦੀ ਰਾਈ ਲੰਗਰ ਦੀ ਸੇਵਾ ਕਰਨੀ ਫਿਰ ਜੂਠੇ ਬਰਤਣਾਂ ਨੂੰ ਸਾਫ ਕਰਨ ਲਈ ਇਕ ਦੂਸਰੇ ਤੋਂ ਮੂਹਰੇ ਹੋ ਕੇ ਬਾਣਿਆਂ ਦੀ ਸੇਵਾ ਕਰਨੀ। ਉਹਨਾਂ ਦੀ ਨਿਮਰਤਾ, ਮਿਠਾਸ, ਤਿਆਗ ਸੇਵਾ ਦੀ ਲਗਨ ਸੀ ਜੋ ਉਹਨਾਂ ਦੇ ਕੰਮਾਂ ਵਿਚੋਂ ਝਲਕਦੀ ਸੀ।

ਮਈ 1984 ਵਿਚ ਬੱਬਰਾਂ ਨੇ ਦਰਬਾਰ ਸਾਹਿਬ ਵਿਚ ਮੰਜੀ ਸਾਹਿਬ ਹਾਲ ਵਿਖੇ ਖਾਲਸੇ ਦਾ ਇਕ ਵਿਸ਼ੇਸ਼ ਇਕੱਠ ਪੰਥ ਸੱਦਣ ਦਾ ਫੈਸਲਾ ਕੀਤਾ ਜਿਸ ਵਿਚ ਇਹ ਦੱਸਿਆ ਜਾਣਾ ਸੀ ਕਿ ਨਰਕਧਾਰੀਏ ਗੁਰਬਚਨੇ ਨੂੰ ਦਿੱਲੀ ਵਿਖੇ ਸੋਧਣ ਵਾਲੇ ਭਾਈ ਰਣਜੀਤ ਸਿੰਘ ਕਿਨਾਂ ਹਾਲਤਾਂ ਕਾਰਨ ਗ੍ਰਿਫਤਾਰ ਹੋਏ ਤੁਰਕ ਸੈਨਾ ਪਿਛੇ ਕੌਣ ਲੋਕ ਕੰਮ ਕਰਦੇ ਹਨ ਤੀਸਰੀ ਗੁਪਤ ਏਜੰਸੀ ਦਰਬਾਰ ਸਾਹਿਬ ਵਿਖੇ ਕਿਵੇਂ ਅਤੇ ਕਿਨਾਂ ਰਾਹੀਂ ਕਿਸ ਮਕਸਦ ਲਈ ਕੰਮ ਕਰ ਰਹੀ ਹੈ ਤੇ ਭਵਿੱਖ ਦੀ ਰਣਨੀਤੀ ਤਹਿ ਕਰਨ ਸੰਬੰਧੀ ਵਿਚਾਰਾਂ ਕਰਨੀਆਂ ਸਨ। ਬੱਬਰਾਂ ਨੇ ਇਕ ਸੂਚੀ ਦੁਸ਼ਟਾਂ ਬਾਰੇ ਜਾਰੀ ਕੀਤੀ। ਇਸ ਕੇਸਰੀ ਰੰਗ ਦੇ ਇਸ਼ਤਿਹਾਰ ਵਿਚ ਹਰ ਦੁਸ਼ਟ ਦੇ ਨਾਂ ਸਾਹਮਣੇ ਖਾਲੀ ਥਾਂ ਰੱਖੀ ਗਈ। ਇਸ਼ਤਿਹਾਰ ਉਪਰ ਲਿਖਿਆ ਸੀ ਖਾਲਸਾ ਜੀ ਦੁਸ਼ਟ ਨੂੰ ਸੋਧ ਕੇ ਖਾਲੀ ਥਾਂ ਉਪਰ ਆਪਣਾ ਨਾਮ ਭਰੋ। ਦੂਸਰੇ ਇਸ਼ਤਿਹਾਰ ਵਿਚ 40 ਨਰਕਧਾਰੀਆਂ 6 ਦੁਸ਼ਟ ਪੁਲਿਸ ਵਾਲਿਆਂ ਨੂੰ ਸੋਧਣ ਦੀ ਵੇਰਵੇ ਨਾਲ ਜ਼ਿੰਮੇਵਾਰੀ ਲਈ ਗਈ ਸੀ ਅਤੇ ਸੰਗਤ ਨੂੰ ਦੱਸਿਆ ਗਿਆ ਸੀ ਕਿ ਅਸੀਂ ਇਹਨਾਂ ਨੂੰ ਕਿਉਂ ਗੱਡੀ ਚਾੜ੍ਹਿਆ ਹੈ। ਸੁਰੱਖਿਆ ਬਲਾਂ ਦੀ ਨਵੀਂ ਘੇਰਾਬੰਦੀ ਕਾਰਨ ਅਤੇ ਤੁਰਕ ਸੈਨਾ ਅਤੇ ਤੀਸਰੀ ਏਜੰਸੀ ਦੇ ਆਪਸ ਵਿਚ ਮੇਲ ਜੋਲ ਕਾਰਨ ਪੈਦਾ ਹੋਏ ਹਾਲਾਤ ਵਿਚੋਂ ਬੱਬਰਾਂ ਦੇ ਗਿਰਦ ਬੁਣੇ ਜਾ ਰਹੇ ਮੱਕੜਜਾਲ ਕਾਰਨ ਮਈ ਦੇ ਇਸ ਇਕੱਠ ਨੂੰ ਗੁਪਤ ਰੂਪ ਦੇ ਦਿੱਤਾ ਗਿਆ ਇਸ ਸਾਰੀ ਕਾਰਵਾਈ ਨੂੰ ਸ਼ਹੀਦ ਭਾਈ ਅਨੋਖ ਸਿੰਘ ਬੱਬਰ ਹੀ ਸਰਅੰਜਾਮ ਦੇ ਰਹੇ ਸਨ। ਕਿਉਂਕਿ ਭਾਈ ਅਨੋਖ ਸਿੰਘ ਹੀ ਭਾਈ ਕਲਵੰਤ ਸਿੰਘ ਬੱਬਰ ਕੈਸ਼ੀਅਰ ਤੋਂ ਬਾਅਦ ਜਥੇਬੰਦੀ ਦਾ ਬਾਹਲਾ ਕੰਮ ਕਾਜ ਵੇਖਦੇ ਸਨ। ਜੂਨ 1984 ਨੂੰ ਦਰਬਾਰ ਸਾਹਿਬ ਉਪਰ ਹਿੰਦੁਸਤਾਨੀ ਫੌਜ ਵੱਲੋਂ ਕੀਤੇ ਹਮਲੇ ਦਾ ਬੱਬਰਾਂ ਨੇ ਡੱਟ ਕੇ ਮੁਕਾਬਲਾ ਕੀਤਾ। ਬੱਬਰਾਂ ਕੋਲ ਸਧਾਰਨ ਦੇਸੀ ਹਥਿਆਰ ਸਨ। ਕੇਵਲ ਇਕ ਐਸ ਐਲ ਆਰਾਂ ਨੂੰ ਛੱਡ ਕੇ ਬਾਕੀ ਹਥਿਆਰ ਥੋੜ੍ਹੀ ਦੂਰੀ ਦੀ ਮਾਰ ਕਰਨ ਵਾਲੇ ਹੀ ਸਨ। ਇਹ ਐਸ ਐਲ ਆਰਾਂ ਵੀ ਬੱਬਰਾਂ ਨੇ ਸੀ ਆਰ ਪੀ ਅਤੇ ਬੀ ਐਸ, ਐਫ, ਤੋਂ ਖੋਹ ਕੇ ਲਿਆਂਦੀਆਂ ਸਨ ਜੋ ਬੰਬ ਬੱਬਰਾਂ ਕੋਲ ਸਨ, ਉਹ ਵੀ ਦੇਸੀ ਤਿਆਰ ਕੀਤੇ ਸਨ। ਬਟਾਲਾ ਬੰਬ ਟੋਕਾ ਗਰਾਰੀ ਦੇ ਤਿਆਰ ਕੀਤੇ ਜਾਂ ਪਾਈਪ ਦੇ ਸਾਕਟਾਂ ਨੂੰ ਬੰਦ ਕਰਕੇ ਬਣਾਏ ਗਏ ਸਨ ਇਸ ਗੋਲਾ ਬਾਰੂਦ ਨਾਲ ਹਿੰਦੋਸਤਾਨ ਦੀ ਅਤਿ ਆਧੁਨਿਕ ਫੌਜ, ਜੋ ਟੈਂਕਾਂ ਅਤੇ ਬਖਤਰਬੰਦ ਬੁਲਟਪਰੂਫ ਗੱਡੀਆਂ ਨਾਲ ਲੈਸ ਹੋ ਕੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਦਾਖਲ ਹੋ ਚੁੱਕੀ ਸੀ ਨਾਲ ਨਹੀਂ ਲੜਿਆ ਜਾ ਸਕਦਾ ਸੀ। ਜਦ ਸਭ ਹੀਲੇ ਹਾਰ ਗਏ ਤਾਂ ਇਸ ਜੰਗ ਨੂੰ ਜਾਰੀ ਰੱਖਣ ਲਈ ਦਰਬਾਰ ਸਾਹਿਬ ਸਮੂਹ ਛੱਡਣ ਦਾ

ਫੈਸਲਾ ਕਰ ਲਿਆ ਗਿਆ। ਭਾਈ ਅਨੋਖ ਸਿੰਘ ਅਤੇ ਸਾਥੀ ਸਿੰਘ ਗੁਰਮਤਿ ਦੇ ਅਨੁਸਾਰ ਅਰਦਾਸਾ ਸੋਧ ਕੇ ਅਕਾਲ ਗੈਸਟ ਹਾਊਸ ਦੀਆਂ ਕੰਧਾਂ ਭੰਨ ਕੇ ਬਾਹਰ ਨਿਕਲ ਗਏ।

ਦਰਬਾਰ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ ਖਾਲਸਾ ਕਝ ਸਮੇਂ ਲਈ ਖਾਮੋਸ਼ ਹੋ ਗਿਆ। ਇਹ ਖਾਮੋਸ਼ੀ ਉਸ ਸਮੇਂ ਟੁੱਟੀ ਜਦੋਂ ਲੁਧਿਆਣੇ ਦੇ ਐਸ ਐਸ ਪੀ ਥਾਂਡੇ 'ਤੇ ਹਮਲਾ ਹੋ ਗਿਆ ਅਤੇ ਬਠਿੰਡੇ ਸ਼ਹਿਰ ਵਿਚ ਸਿਵਿਆਂ ਅੰਦਰ ਇਕ ਪੁਲਿਸ ਦੇ ਥਾਣੇਦਾਰ ਗੁਰਤੇਜ ਸਿੰਘ ਨੂੰ ਆਪਣੇ ਪਿਉ ਦੇ ਫੁਲ ਚੁਗਣ ਗਏ ਨੂੰ ਬੱਬਰਾਂ ਨੇ ਸੋਧ ਦਿੱਤਾ। ਪੰਜਾਬ ਪੁਲਿਸ ਦੀ ਨੀਂਦ ਹਰਾਮ ਹੋ ਗਈ। ਸਾਰੇ ਪੰਜਾਬ ਵਿਚ ਹਾਈ ਰੈਡ ਅਲਰਟ ਕਰ ਦਿੱਤਾ ਗਿਆ ਕਿ ਭਾਈ ਅਨੋਖ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਸੁਖਦੇਵ ਸਿੰਘ ਬੱਬਰ ਪੰਜਾਬ ਵਿਚ ਆ ਗਏ ਹਨ।

ਇੰਦਰਾਂ ਗਾਂਧੀ ਦੀ ਮੌਤ ਤੋਂ ਬਾਅਦ ਗਿਣੀ ਮਿੱਥੀ ਸਾਜ਼ਿਸ਼ ਦੌਰਾਨ ਮਾਰੇ ਗਏ ਨਿਰਦੋਸ਼ ਸਿੱਖਾਂ ਅਤੇ ਬੇ ਪੱਤ ਹੋਈਆਂ ਬੀਬੀਆਂ ਦੀਆਂ ਕਹਾਣੀਆਂ ਨੇ ਇਕ ਵਾਰ ਫਿਰ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ। ਭਾਈ ਅਨੋਖ ਸਿੰਘ ਬੱਬਰ ਹੋਰਾਂ ਨੇ ਦਿੱਲੀ ਦੇ ਦੰਗੇ ਕਰਵਾਉਣ ਵਿਚ ਸ਼ਾਮਿਲ ਲੋਕਾਂ ਨੂੰ ਅਤੇ ਰਾਜਧਾਨੀ ਦਿੱਲੀ ਨੂੰ ਸਬਕ ਸਿਖਾਉਣ ਦੀ ਠਾਣ ਲਈ। ਭਾਈ ਸੁਲੱਖਣ ਸਿੰਘ ਬੱਬਰ, ਭਾਈ ਮਨਮੋਹਨ ਸਿੰਘ ਬੱਬਰ ਬਜਾਜ ਅਤੇ ਭਾਈ ਅਨੋਖ ਸਿੰਘ ਬੱਬਰ ਨੇ ਲੰਮੀ ਸੋਚ ਵਿਚਾਰ ਤੋਂ ਬਾਅਦ ਟਰਾਂਜਿਸਟਰ ਰੇਡੀਓ ਨੂੰ ਬੰਬ ਦਾ ਰੂਪ ਦਿੱਤਾ ਤਾਂ ਕਿ ਦਿੱਲੀ ਅਤੇ ਭਾਰਤ ਦੇ ਦੂਜੇ ਸ਼ਹਿਰਾਂ ਵਿਚ ਜਿੰਨ੍ਹਾਂ ਲੋਕਾਂ ਨੇ ਲਾਲਚ-ਵਸ ਸਿੱਖਾਂ ਨੂੰ ਲੁੱਟਿਆ ਅਤੇ ਮਾਰਿਆ ਸੀ ਉਹਨਾਂ ਨੂੰ ਉਸੇ ਹੀ ਲਾਲਚ ਦੇ ਦਿਖਾਵੇ ਤਹਿਤ ਸੋਧਿਆ ਜਾਵੇ ਬੱਬਰਾਂ ਦੀ ਸਾਰੀ ਟੀਮ ਦਿੱਲੀ ਪਹੁੰਚੀ ਹੋਈ ਸੀ। ਦਿਨ ਰਾਤ ਦੀ ਮਿਹਨਤ ਤੋਂ ਬਾਅਦ 200 ਦੇ ਕਰੀਬ ਟਰਾਂਜਿਸਟਰ ਬੰਬ ਤਿਆਰ ਕੀਤੇ ਗਏ ਅਤੇ 20 ਦੇ ਕਰੀਬ ਬੋਤਲ ਬੰਬ ਵੀ ਤਿਆਰ ਕੀਤੇ ਗਏ ਟਰਾਂਜਿਸਟਰ ਬੰਬ ਵਿਚ ਇਕ ਇਹੋ ਕਰਾਮਾਤ ਸੀ ਕਿ ਉਸ ਦਾ ਸਵਿੱਚ ਜਦੋਂ ਔਨ ਹੋਣਾ ਸੀ ਉਸ ਨੇ ਨੇੜੇ ਤੇੜੇ ਸਭ ਦੇ ਪਰਖਚੇ ਉਡਾ ਦੇਣੇ ਸਨ ਤੇ ਬੋਤਲ ਬੰਬ ਵਿਚ ਇਹ ਗੱਲ ਸੀ ਕਿ ਬੋਤਲ ਨਾਲ 20 ਜਾਂ 50 ਰੁਪਏ ਦੇ ਨੋਟ ਚਿਪਕਾਏ ਗਏ ਸਨ ਕਿ ਜਦੋਂ ਵੀ ਕੋਈ ਬੋਤਲ ਨੂੰ ਹੱਥ ਲਾ ਕੇ ਨੋਟ ਲਾਹੁਣ ਦਾ ਯਤਨ ਕਰੇਗਾ ਉਹ ਇਕ ਵੱਡੇ ਧਮਾਕੇ ਨਾਲ ਫਟ ਜਾਵੇਗੀ। ਭਾਰਤ ਦੇ ਜਿਨਾਂ ਸ਼ਹਿਰਾਂ ਵਿਚ ਸੋਚੀ ਸਮਝੀ ਸਾਜ਼ਿਸ਼ ਤਹਿਤ ਦੰਗੇ ਕਰਕੇ ਸਿੱਖਾਂ ਦੀ ਨਸਲਕਸ਼ੀ ਕਰਨ ਦਾ ਯਤਨ ਕੀਤਾ ਗਿਆ ਸੀ, ਉਹਨਾਂ ਸਭਨਾਂ ਥਾਂਵਾਂ 'ਤੇ ਰਾਤੋ ਰਾਤ ਹੀ ਟਰਾਂਜਿਸਟਰ ਬੰਬ ਅਤੇ ਬੋਤਲ ਬੰਬ ਰੱਖ ਦਿੱਤੇ ਗਏ ਸਨ। ਹਿੰਦੁਸਤਾਨ ਵਿਚ ਅਗਲੀ ਸਵੇਰ ਦਾ ਸਵਾਗਤ ਬੱਬਰਾਂ ਦੇ ਬੰਬਾਂ ਨੇ ਕੀਤਾ। ਸਾਰਾ ਹੀ ਹਿੰਦੁਸਤਾਨ ਹਿੱਲ ਗਿਆ। ਸਭ ਪਾਸੇ ਇਹੀ ਗੱਲ ਫੈਲੀ ਹੋਈ ਸੀ ਕਿ ਬੱਬਰ ਦਿੱਲੀ ਮੇ ਆ ਗਏ ਹੈਂ, ਬੱਬਰ ਹਿਸਾਰ ਮੇ ਆ ਗਏ ਹੈਂ, ਅਤੇ ਕੋਈ ਕਹਿੰਦਾ ਸੀ ਬੱਬਰ ਕਾਨ੍ਹਪੁਰ ਮੇ ਆ ਗਏ ਹੈ। ਥਾਂ ਥਾਂ ਉੱਪਰ ਲਾਲਚੀ ਲੁਟੇਰਿਆ ਦੀਆਂ ਲਾਸ਼ਾਂ ਵਿੱਛ ਗਈਆਂ ਸਨ।

ਦਿੱਲੀ ਦੀ ਕਮਾਂਡ ਭਾਈ ਮਹਿੰਦਰਪਾਲ ਸਿੰਘ ਬੱਬਰ ਉਰਫ ਭਾਈ ਕਾਹਨ ਸਿੰਘ

ਬੱਬਰ ਉਰਫ ਭਾਈ ਮਨਮੋਹਨ ਸਿੰਘ ਬੱਬਰ ਬਜਾਜ ਨੇ ਸੰਭਾਲੀ ਹੋਈ ਸੀ। ਦਿੱਲੀ ਪੁਲਿਸ ਨੂੰ ਇਕ ਟੈਲੀਫੋਨ ਡਾਇਰੈਕਟਰੀ ਤੋਂ ਦਿੱਲੀ ਦੇ ਇਕ ਨਾਮਵਰ ਸਿੱਖ ਵਕੀਲ ਭਾਈ ਕਰਤਾਰ ਸਿੰਘ ਨਾਰੰਗ ਦਾ ਪਤਾ ਲੱਗਾ। ਭਾਈ ਸੁਲੱਖਣ ਸਿੰਘ ਬੱਬਰ ਉਰਫ ਭਾਈ ਗੁਰਮੀਤ ਸਿੰਘ ਬੱਬਰ ਅਤੇ ਜਥੇਦਾਰ ਸੁਖਦੇਵ ਸਿੰਘ ਬੱਬਰ ਉਸੇ ਹੀ ਰਾਤ ਦਿੱਲੀ ਛੱਡ ਗਏ ਸਨ। ਭਾਈ ਅਨੋਖ ਸਿੰਘ ਬੱਬਰ ਉਰਫ ਕੇ. ਐਸ. ਕੰਹਲੀ, ਭਾਈ ਕਰਤਾਰ ਸਿੰਘ ਨਾਰੰਗ ਦੇ ਪਰਿਵਾਰ ਨੇ ਆਪਣੇ ਬੱਚੇ ਦੇ ਤੌਰ 'ਤੇ ਅਗਲੇ ਦਿਨ ਦਿੱਲੀਓਂ ਬਾਹਰ ਕੱਢ ਲਿਆ ਸੀ। ਭਾਈ ਮਨਮੋਹਨ ਸਿੰਘ ਬੱਬਰ ਦਿੱਲੀ ਪੁਲਿਸ ਦੇ ਘੇਰੇ ਵਿਚ ਆ ਗਏ ਸਨ ਜਿਥੇ ਉਹ ਇਕ ਜ਼ਹਿਰਗੱਚ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ। ਹਿਸਾਰ ਬੱਸ ਸਟੈਂਡ 'ਤੇ ਜਦੋਂ ਬੱਬਰ ਸਿੰਘ ਆਪਣਾ ਸਮਾਨ ਉਤਾਰ ਰਹੇ ਸਨ ਤਾਂ ਇਕ ਰੇਡੀਓ ਟਰਾਂਜਿਸਟਰ ਬੰਬ ਦਾ ਸਵਿੱਚ ਔਨ ਹੋ ਗਿਆ। ਇਸ ਅਚਾਨਕ ਹੋਏ ਬੰਬ ਧਮਾਕੇ ਵਿਚ ਦੋਵੇਂ ਸਿੰਘ ਸ਼ਹੀਦ ਹੋ ਗਏ। ਪੂਰੇ ਹਿੰਦੋਸਤਾਨ ਵਿਚ ਬੱਬਰਾਂ ਦੇ ਸਿਰਾਂ ਉੱਪਰ ਇਨਾਮ ਰੱਖੇ ਗਏ ਇਸ਼ਤਿਹਾਰ ਲਾ ਦਿੱਤੇ ਗਏ।

ਇਕ ਦਿਨ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਛੰਦੜੇ ਵਿਚੋਂ ਦੀ ਲੰਘਦੇ ਹੋਏ ਜਦੋਂ ਭਾਈ ਅਨੋਖ ਸਿੰਘ ਪਿੰਡ ਰੜੀਨ ਨੂੰ ਜਾਣ ਲੱਗੇ ਅਚਾਨਕ ਛੰਦੜੋਂ ਪੁਲਿਸ ਚੌਂਕੀ ਦੇ ਇੰਚਾਰਜ ਐਸ.ਆਈ. ਮਨਜੀਤ ਸਿੰਘ ਦੀ ਗ੍ਰਿਫਤ ਵਿਚ ਆ ਗਏ। ਪੂਰੇ ਹਿੰਦੋਸਤਾਨ ਵਿਚ ਵਾਇਰਲੈਸ ਸੰਦੇਸ਼ ਖੜਕ ਗਏ ਅਨੋਖਾ ਬੱਬਰ ਫੜਿਆ ਗਿਆ। ਪੰਜਾਬ ਦੇ ਪੁਲਿਸ ਮੁਖੀ ਜੇ. ਐਫ. ਰਿਬੈਰੋ ਨੇ ਉਸੇ ਸਮੇਂ ਹੀ ਐਸ.ਆਈ. ਮਨਜੀਤ ਸਿੰਘ ਨੂੰ ਤਰੱਕੀ ਦੇ ਦਿੱਤੀ ਅਤੇ ਲੁਧਿਆਣੇ ਜ਼ਿਲ੍ਹੇ ਦੇ ਐਸ.ਐਸ.ਪੀ. ਗਿੱਲ ਨੂੰ ਗੋਲੀ ਬਦਲੇ ਗੋਲੀ ਰਾਹੀਂ ਅਨੋਖ ਸਿੰਘ ਬੱਬਰ ਨੂੰ ਖਤਮ ਕਰਨ ਦੀ ਹਦਾਇਤ ਕਰ ਦਿੱਤੀ। ਪਰ ਐਸ.ਐਸ.ਪੀ. ਗਿੱਲ ਨੇ ਸਪੱਸ਼ਟ ਕਰ ਦਿੱਤਾ ਕਿ ਦਿੱਲੀ ਪੁਲਿਸ ਦਾ ਇਕ ਏ.ਸੀ.ਪੀ. ਤਿੰਨ ਡੀ.ਸੀ.ਪੀ. ਪੂਰੀਆਂ ਪੰਜ ਗੱਡੀਆਂ ਕਮਾਂਡੋਆਂ ਦੀਆਂ ਭਰ ਕੇ ਅਨੋਖ ਸਿੰਘ ਦਾ ਪੁਲਿਸ ਰਿਮਾਂਡ ਲੈਣ ਲਈ ਲੁਧਿਆਣਾ ਕਚਹਿਰੀ ਪਹੁੰਚੇ ਹੋਏ ਹਨ, ਇਸ ਕਾਰਨ ਇਹ ਮੁਕਾਬਲਾ ਬਣਾਉਣਾ ਠੀਕ ਨਹੀਂ। ਲੁਧਿਆਣਾ ਪੁਲਿਸ ਵੱਲੋਂ ਜਦੋਂ ਭਾਈ ਅਨੋਖ ਸਿੰਘ ਨੂੰ ਲੁਧਿਆਣਾ ਜੇਲ੍ਹ ਵਿਚੋਂ ਅਦਾਲਤ ਵਿਚ ਲਿਆ ਕੇ ਬਖਸ਼ੀਖਾਨੇ ਵਿਚ ਬੰਦ ਕਰ ਦਿੱਤਾ ਗਿਆ ਤਾਂ ਬੱਬਰ ਸਿੰਘਾਂ ਨੇ ਇਕ ਗੁਪਤ ਸੁਨੇਹਾ ਭੇਜਿਆ ਕਿ ਅਸੀਂ ਤੁਹਾਨੂੰ ਛੁਡਾਉਣ ਆ ਰਹੇ ਹਾਂ। ਜਦੋਂ ਪੁਲਿਸ ਭਾਈ ਸਾਹਿਬ ਨੂੰ ਬਖਸ਼ੀਖਾਨੇ ਵਿਚੋਂ ਕੱਢ ਕੇ ਅਦਾਲਤ ਵਿਚ ਪੇਸ਼ ਕਰਨ ਲਿਜਾ ਰਹੀ ਸੀ ਤਾਂ ਬੱਬਰ ਯੋਧਿਆਂ ਨੇ ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਮੰਡ ਫਲੌਰੀ, ਸ਼ਹੀਦ ਭਾਈ ਗੁਰਪਾਲ ਸਿੰਘ ਬੱਬਰ ਭੁੱਚੋਮੰਡੀ ਅਤੇ ਸ਼ਹੀਦ ਭਾਈ ਸੁਲੱਖਣ ਸਿੰਘ ਬੱਬਰ ਵੈਰੋਵਾਲ ਦੀ ਵੱਖਰੀ ਵੱਖਰੀ ਕਮਾਂਡ ਹੇਠ ਪੁਲਿਸ ਗਾਰਦ 'ਤੇ ਹਮਲਾ ਕਰਕੇ ਭਾਈ ਸਾਹਿਬ ਨੂੰ ਪੁਲਿਸ ਗਾਰਦ ਤੋਂ ਛੁਡਵਾ ਲਿਆ। ਇਕ ਫੀਅਟ ਕਾਰ ਦੀਆਂ ਮਗਰਲੀਆਂ ਸੀਟਾਂ ਕੋਲ ਉਹਨਾਂ ਨੂੰ ਲੁਕਾ ਕੇ ਭਾਈ ਅਨੋਖ ਸਿੰਘ ਬੱਬਰ ਨੂੰ ਉਸ ਦੇ ਸਾਥੀ ਛੁਡਵਾ ਕੇ ਲੈ ਗਏ। ਹਿੰਦੋਸਤਾਨ ਵਿਚ ਪੁਲਿਸ ਦੇ ਵਾਇਰਲੈਸ ਸੰਦੇਸ਼ ਫਿਰ ਖੜਕ ਗਏ, "ਅਨੋਖ ਬੱਬਰ ਕੋ ਉਸ ਕੇ ਸਾਥੀ ਪੁਲਿਸ ਗਾਰਦੋਂ ਕੇ ਬੀਚ ਸੇ ਭਗਾ ਕਰ ਲੇ ਗਏ।"

ਇਸ ਐਕਸ਼ਨ ਵਿਚ ਭਾਈ ਇਕਬਾਲ ਸਿੰਘ ਬੱਬਰ ਦੇ ਪੈਰ ਵਿਚ ਗੋਲੀ ਲੱਗ ਗਈ

ਅਤੇ ਇਨ੍ਹਾਂ ਦਾ ਨਜ਼ਦੀਕੀ ਸਾਥੀ ਸਤਨਾਮ ਸਿੰਘ ਬੱਬਰ ਸੈਂਡੂ ਮੁਕਾਬਲੇ ਸਮੇਂ ਸ਼ਹੀਦ ਹੋ ਗਏ। ਲੁਧਿਆਣੇ ਨੇੜਲੇ ਇਕ ਪਿੰਡ ਵਿਚ ਤਲਾਸ਼ੀ ਦੌਰਾਨ ਇਕ ਘਰੋਂ ਤੰਦੂਰ ਵਿਚੋਂ ਭਾਈ ਅਨੋਖ ਸਿੰਘ ਦੇ ਕਪੜੇ ਮਿਲ ਗਏ। ਪਿਛਾ ਕਰ ਰਹੀ ਪੁਲਿਸ ਨਾਲ ਮੁਕਾਬਲਾ ਹੋ ਗਿਆ।

10 ਮਈ 1985 ਨੂੰ ਹੋਏ ਟਰਾਂਜਿਸਟਰ ਬੰਬ ਕਾਂਡ ਦੀ ਤਫਤੀਸ਼ ਵਿਚ 52 ਨਿਰਦੋਸ਼ ਸਿੱਖਾਂ ਉੱਪਰ ਕੇਸ ਦਰਜ ਕੀਤਾ ਗਿਆ, ਜੋ 21 ਸਾਲ ਬੀਤ ਜਾਣ ਤੋਂ ਵੀ ਖਤਮ ਨਹੀਂ ਹੋਇਆ। ਉਹ ਕੇਸ ਅੱਜ ਵੀ ਚੱਲ ਰਿਹਾ ਹੈ।

ਇਹ ਦਿਨ ਲੁਧਿਆਣੇ ਸ਼ਹਿਰ ਲਈ ਆਫਤ ਦਾ ਦਿਨ ਸੀ। ਜਿਥੇ ਇਕ ਪਾਸੇ ਬੱਬਰਾਂ ਨੇ ਭਾਈ ਅਨੋਖ ਸਿੰਘ ਨੂੰ ਪੁਲਿਸ ਹਿਰਾਸਤ ਵਿਚੋਂ ਛੁਡਵਾ ਲਿਆ ਸੀ ਦੂਜੇ ਪਾਸੇ ਦੂਸਰੇ ਖਾੜਕੂ ਸਿੰਘਾਂ ਨੇ ਪੰਜਾਬ ਨੈਸ਼ਨਲ ਬੈਂਕ ਵਿਚ ਹੂੰਜਾ ਫੇਰ ਦਿੱਤਾ। ਪੌਣੇ 6 ਕਰੋੜ ਰੁਪਏ ਦੇ ਕਰੀਬ ਲੈ ਕੇ ਸਿੰਘ ਹਰਨ ਹੋ ਗਏ। ਪੰਜਾਬ ਪੁਲਿਸ ਮੁਖੀ ਰਿਬੇਰੋ ਲੁਧਿਆਣੇ ਪਹੁੰਚ ਗਿਆ। ਸਾਰੇ ਪੰਜਾਬ ਦੇ ਐਸ.ਐਸ.ਪੀ. ਲੁਧਿਆਣੇ ਸੱਦ ਲਏ ਗਏ। ਰਿਬੈਰੋ ਇਕ ਹੀ ਗੱਲ ਆਖ ਰਿਹਾ ਸੀ "ਮੈਂ ਬੈਂਕ ਦੇ ਪੈਸੇ ਨੂੰ ਗੋਲੀ ਮਾਰ ਮੈਨੂੰ ਅਨੋਖ ਸਿੰਘ ਬੱਬਰ ਜਿੰਦਾ ਜਾਂ ਮੁਰਦਾ ਚਾਹੀਦਾ।" ਭਾਈ ਅਨੋਖ ਸਿੰਘ ਭੇਸ ਬਦਲਣ ਵਿਚ ਇੰਨੇ ਮਾਹਰ ਸਨ ਕਿ ਉਹ ਪੁਲਿਸ ਲਾਈਨਾਂ ਵਿਚੋਂ ਨਾਕਿਆਂ ਲਾਈਆਂ ਵਿਚੋਂ ਆਮ ਹੀ ਲੰਘ ਜਾਂਦੇ ਹਨ। ਉਹਨਾਂ ਨੇ ਪਰਿਵਾਰ ਨੂੰ ਸਖਤ ਹਦਾਇਤ ਕੀਤੀ ਸੀ ਕਿ ਜੇਕਰ ਪੁਲਿਸ ਮੈਨੂੰ ਮਾਰ ਦਿੰਦੀ ਹੈ ਤਾਂ ਤੁਸੀਂ ਮੇਰਾ ਨਾਮ ਨਹੀਂ ਦੱਸਣਾ। ਉਹਨਾਂ ਆਪਣੇ ਭਾਈ ਸੰਤੋਖ ਸਿੰਘ ਨੂੰ ਕਹਿਣਾ, "ਤੁਸੀਂ ਕਦੇ ਵੀ ਦਸਵੰਧ ਘਰੇ ਨਹੀਂ ਰੱਖਣਾ, ਇਹ ਖਜ਼ਾਨਾ ਗੁਰੂ ਦਾ ਹੈ" ਘਰ ਦੀਆਂ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਵੀ ਆਪਣੇ ਪਿਤਾ ਜੀ ਬਾਪੂ ਮੱਖਣ ਸਿੰਘ ਹੁਰਾਂ ਤੋਂ ਪੂਰਾ ਹਿਸਾਬ ਕਰਕੇ ਦਸਵੰਧ ਮੰਗ ਲੈਣਾ। ਭਾਈ ਅਨੋਖ ਸਿੰਘ ਦੇ ਭਰਾ ਸੰਤੋਖ ਸਿੰਘ ਦੇ ਘਰੇ ਭਾਈ ਸੁਖਦੇਵ ਸਿੰਘ ਸਖੀਰਾ ਦੀ ਭੈਣ ਵਿਆਹੀ ਹੋਈ ਹੈ। ਜਦੋਂ ਭਾਈ ਸੰਤੋਖ ਸਿੰਘ ਦੇ ਘਰ ਸਤਿਗੁਰ ਜੀ ਨੇ ਭੁਝੰਗੀ ਦੀ ਦਾਤ ਬਖਸ਼ੀ ਤਾਂ ਭਾਈ ਸਾਹਿਬ ਨੇ ਆਪਣੇ ਨਵੇਂ ਜੰਮੇ ਭਤੀਜੇ ਨੂੰ ਸ਼ਗਨ ਵਜੋਂ ਸਿਰਫ ਦੋ ਰੁਪਏ ਹੀ ਦਿੱਤੇ। ਭਰਜਾਈ ਨੇ ਇਹ ਦੇਖ ਕੇ ਮਿਹਣਾ ਜਿਹਾ ਮਾਰਿਆ "ਹਾਅ ਅਨੋਖਿਆ ਐਡਾ ਜਥੇਦਾਰ ਸਿੰਘ ਹੋ ਕੇ ਆਪਣੇ ਭਤੀਜੇ ਨੂੰ ਸਿਰਫ ਦੋ ਰੁਪਏ ਹੀ ਦੇ ਰਿਹਾ ਹੈ।" ਭਾਬੀ ਦੇ ਨਿਹੋਰੇ ਨੂੰ ਖਿੜੇ ਮੱਥੇ ਝੱਲ ਕੇ ਆਖਿਆ, "ਭਾਬੀ ਜੀ ਮੈਂ ਪੰਥ ਦਾ ਕੋਈ ਦਮੜਾ ਨਹੀਂ ਵਰਤਣਾ", ਆਪਣੇ ਪਿਤਾ ਜੀ ਨੂੰ ਹੱਸ ਕੇ ਕਹਿ ਦਿੰਦੇ "ਬਾਪੂ ਜੀ ਸ਼ਹੀਦੀ ਕਰਮਾਂ ਨਾਲ ਮਿਲਦੀ ਹੈ, ਜੇਕਰ ਕਦੇ ਤੁਹਾਨੂੰ ਮੌਕਾ ਮਿਲੇ ਤੁਸੀਂ ਖੰਝਣਾ ਨਾ ਦੇਣਾ।" ਜੇਕਰ ਕੋਈ ਪੁਲਿਸ ਦੇ ਜ਼ੁਲਮਾਂ ਦੀ ਗੱਲ ਕਰਦਾ ਤਾਂ ਕਹਿੰਦੇ ਅਕਾਲ ਪੁਰਖ ਦੇ ਪਾਸ ਇਹੀ ਅਰਦਾਸ ਹੈ ਜਦੋਂ ਮੇਰੀ ਸ਼ਹੀਦੀ ਦਾ ਪਰਚਾ ਪਵੇ ਮੈਂ ਫੇਲ੍ਹ ਨਾ ਹੋਵਾਂ।

ਭਾਈ ਸਾਹਿਬ ਹੁਰਾਂ ਨੇ ਆਪਣੀ ਦੇਖ ਰੇਖ ਹੇਠ ਇਕ "ਵੰਗਾਰ ਨਾਮ" ਦਾ ਕਿਤਾਬਚਾ ਵੀ ਛਾਪਣਾ ਸ਼ੁਰੂ ਕੀਤਾ ਸੀ, ਜਿਸ ਉੱਪਰ ਸਰਕਾਰ ਨੇ ਪਾਬੰਦੀ ਲਾ ਦਿੱਤੀ। ਫਿਰ ਵੀ ਉਹ ਹਰ ਮਹੀਨੇ ਗੁਪਤ ਰੂਪ ਵਿਚ ਛਪਦਾ ਸੀ। ਵੰਗਾਰ ਅੰਦਰ ਬੱਬਰਾਂ ਦੀ ਰਣਨੀਤੀ ਅਤੇ ਸਿੱਖਾਂ ਦੀ ਜੰਗ ਦਾ ਲੇਖਾ ਜੋਖਾ ਛਪਿਆ ਹੁੰਦਾ ਸੀ। ਭਾਈ ਸਾਹਿਬ ਇਸ ਧਾਰਨਾ ਦੇ

ਬਿਲਕੁਲ ਹੀ ਉਲਟ ਸਨ ਕਿ "ਜੰਗ ਅੰਦਰ ਸਭ ਕਝ ਜਾਇਜ਼ ਹੈ" ਉਹ ਕਹਿੰਦੇ ਸਨ ਕਿ "ਸਾਡੀ ਧਰਮ ਦੀ ਜੰਗ ਹੈ, ਜਿਸ ਵਿਚ ਸੱਚ ਦੀ ਜਿੱਤ ਹੋਵੇਗੀ, ਖਾਲਸਾ ਹਮੇਸ਼ਾ ਅਸੂਲਾਂ ਦੇ ਆਧਾਰ 'ਤੇ ਜੰਗ ਲੜਦਾ ਆਇਆ ਹੈ ਅਤੇ ਆਜ਼ਾਦ ਹੋਣ ਤਕ ਲੜਦਾ ਰਹੇਗਾ"।

ਸ਼ਹਾਦਤਾਂ ਦੀ ਜ਼ਰਖੇਜ਼ ਮਿੱਟੀ ਵਿਚ ਪਲਿਆ ਇਹ ਜਾਂਬਾਜ਼ ਯੋਧਾ, ਜਿਸਨੇ ਹਮੇਸ਼ਾ ਹੀ ਮੌਤ ਨੂੰ ਮਖੌਲ ਕੀਤੇ, ਦਰਮਿਆਨੇ ਕੱਦ ਭਰਵੇ ਦਾਹੜੇ ਕੁੰਡੀਆ ਮੁੱਛਾਂ ਵਾਲਾ, ਸੱਚਮੁੱਚ ਹੀ ਬੱਬਰ ਸ਼ੇਰਾਂ ਜਿਹੀ ਤੇਜ਼ ਚਾਲ, ਤਿੱਖੀਆਂ ਅੱਗ ਉਗਲਦੀਆਂ ਅੱਖਾਂ ਜੋ 'ਮੁੱਖ ਤੇ ਹਰ ਚਿੱਤ ਮੇ ਯੁੱਧ ਬਿਚਾਰ' ਦੀ ਭਾਵਨਾ ਲਈ ਕੌਮ ਦਾ ਕੁਝ ਸੰਵਾਰਨ ਹਿੱਤ ਪੈਂਦਾ ਪੈਂਡਾ ਹੋਇਆ ਅੰਤ ਸ਼ਹੀਦੀਆਂ ਦੇ ਨੇੜ ਜਾ ਢੁੱਕਾ।

ਭਾਈ ਸਾਹਿਬ ਆਪਣਾ ਭੇਸ ਵਟਾਏ ਜਲੰਧਰ ਦੀਆਂ ਸੜਕਾਂ ਉਪਰ ਆਮ ਹੀ ਸਾਈਕਲ 'ਤੇ ਫਿਰਦੇ ਰਹਿੰਦੇ ਸਨ, ਇਕ ਦਿਨ ਸਾਈਕਲ 'ਤੇ ਜਾਂਦਿਆਂ ਨੂੰ ਕਿਸੇ ਕੋਟ ਦੀ ਸ਼ਨਾਖਤ 'ਤੇ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਉਹ ਬੱਬਰ ਯੋਧਾ ਪੁਲਿਸ ਦੇ ਹੱਥ ਆ ਗਿਆ, ਜਿਸ ਦੇ ਸਿਰ ਉੱਪਰ ਹਿੰਦੋਸਤਾਨ ਸਰਕਾਰ ਨੇ ਅੱਧਾ ਕਰੋੜ ਰੁਪਿਆ ਇਨਾਮ ਰੱਖਿਆ ਹੋਇਆ ਸੀ। ਭਾਈ ਸਾਹਿਬ ਨੂੰ ਜਲੰਧਰ ਤੋਂ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਲਿਆਂਦਾ ਗਿਆ, ਜਿਥੇ ਦਸ਼ਮੇਸ਼ ਪਿਤਾ ਦੇ ਜਾਂਬਾਜ਼ ਪੁਤਰ ਦੀ ਪਰਖ ਦੀ ਘੜੀ ਆਣ ਪੁੱਜੀ। ਅੰਮ੍ਰਿਤਸਰ ਦਾ ਐਸ.ਐਸ.ਪੀ. ਇਜ਼ਹਾਰ ਆਲਮ ਆਪ ਆਪਣੇ ਹੱਥੀ ਤਸ਼ੱਦਦ ਕਰ ਰਿਹਾ ਸੀ। ਪਹਿਲਾ ਉੱਪਰ ਟੰਗ ਕੇ ਲੱਕ ਤੋੜ ਦਿੱਤਾ ਗਿਆ, ਫਿਰ ਅੱਖਾਂ ਕੱਢ ਦਿੱਤੀਆਂ ਗਈਆਂ, ਗਰਮ ਸਲਾਖਾਂ ਨਾਲ ਸਿਰ, ਛਾਤੀ ਪਰੋ ਦਿੱਤੇ ਗਏ ਪਰ ਉਹਨਾਂ ਦੀ ਨਾਮ ਜਪਣ ਦੀ ਸਹਿਜ ਅਵਸਥਾ ਨਹੀਂ ਟੁੱਟ ਸਕੀ ਅਖੀਰ ਜ਼ਾਲਮ ਜ਼ੁਲਮ ਕਰ ਕੇ ਵੀ ਥੱਕ ਗਿਆ ਤਾਂ ਭਾਈ ਸਾਹਿਬ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਕੌਮ ਦੀ ਗ਼ੁਲਾਮੀ ਦੀਆਂ ਜੰਜੀਰਾਂ ਕੱਟਦਾ ਕੱਟਦਾ ਸ਼ਹੀਦੀ ਜਾਮਾ ਪਹਿਨ ਕੇ ਹਮੇਸ਼ਾ ਲਈ ਗੁਰੂ ਦੀ ਗੋਦ ਦੀਆਂ ਜੰਜੀਰਾਂ ਵਿਚ ਜਕੜਿਆ ਗਿਆ।

ਸ਼ਹੀਦ ਭਾਈ ਅਨੋਖ ਸਿੰਘ ਬੱਬਰ ਜੀ ਦੇ ਪਿਤਾ ਬਾਪੂ ਮੱਖਣ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਬੱਬਰ ਦਾ ਸਰਪ੍ਰਸਤ ਥਾਪ ਦਿੱਤਾ ਗਿਆ ਅਤੇ ਭਾਈ ਕਰਤਾਰ ਸਿੰਘ ਨਾਰੰਗ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ। ਪੁਲਿਸ ਦੀਆਂ ਕਾਲੀਆਂ ਬਿੱਲੀਆਂ ਤੋਂ ਇਹ ਗੱਲ ਵੀ ਬਰਦਾਸ਼ਤ ਨਾ ਹੋ ਸਕੀ ਭਾਈ ਸਾਹਿਬ ਜੀ ਦੇ ਬਾਪੂ ਮੱਖਣ ਸਿੰਘ ਨੂੰ ਇਕ ਦਿਨ ਘਰੋਂ ਚੁੱਕ ਕੇ ਕਿਸੇ ਅਗਿਆਤ ਥਾਂ 'ਤੇ ਲੈ ਗਏ, ਜਿਥੇ ਉਹਨਾਂ 'ਤੇ ਬੇ ਪਨਾਹ ਤਸ਼ੱਦਦ ਕਰਕੇ ਉਹਨਾਂ ਨੂੰ ਵੀ ਸ਼ਹੀਦ ਕਰ ਦਿੱਤਾ ਅਤੇ ਲਾਸ਼ ਨੂੰ ਲਾਵਾਰਸ ਕਰਾਰ ਦੇ ਕੇ ਖੁਰਦ-ਬੁਰਦ ਕਰ ਦਿੱਤਾ। ਮਾਝੇ ਦੇ ਖਾੜਕੂ ਸਿੰਘਾਂ ਨੇ ਸ਼ਹੀਦ ਭਾਈ ਅਨੋਖ ਸਿੰਘ ਬੱਬਰ ਦੀ ਯਾਦ ਵਿਚ ਨਿਸ਼ਾਨ ਸਾਹਿਬ ਚੜ੍ਹਾ ਦਿੱਤਾ। ਪੁਲਿਸ ਤੋਂ ਇਹ ਗੱਲ ਵੀ ਬਰਦਾਸ਼ਤ ਨਾ ਹੋਈ ਅਤੇ ਪੁਲਿਸ ਦੀ ਹਜ਼ਾਰਾਂ ਦੀ ਗਿਣਤੀ ਦੀ ਧਾੜ ਨੇ ਭਾਈ ਸਾਹਿਬ ਦੀ ਯਾਦ ਵਿਚ ਚੜ੍ਹਾਏ ਨਿਸ਼ਾਨ ਸਾਹਿਬ ਨੂੰ ਵੀ ਵੱਢ ਦਿੱਤਾ।

ਕੌਮ ਦੇ ਨੈਤਰਾਂ ਵਿਚੋਂ ਬੱਬਰ ਅਨੋਖ ਸਿੰਘ ਜੀ ਦੀ ਸ਼ਹਾਦਤ ਕਦੇ ਵੀ ਗਲੇਡੂ ਬਣਕੇ ਨਹੀਂ ਕਿਰੀ ਸਗੋਂ ਉਹਨਾਂ ਦੀ ਯਾਦ ਧਰੂ ਤਾਰੇ ਵਾਂਗ ਹਮੇਸ਼ਾ ਚਮਕਦੀ ਰਹਿੰਦੀ ਹੈ ਤਾਂ ਕਿ

ਕੌਮ ਆਪਣੀ ਆਜ਼ਾਦੀ ਲਈ ਇਕ ਮਾਰਗ ਦਰਸ਼ਕ ਵੇਖ ਸਕੇ  ਭਾਈ ਸਾਹਿਬ ਜੀ ਦੀ ਸ਼ਹਾਦਤ ਦੀ ਸਾਲਾਨਾ ਬਰਸੀ ਸਿਆਸੀ ਤਿਕੜਮਬਾਜ਼ਾਂ ਦੇ ਲੋਮ ਛਾਂਟਣਾ ਤੋਂ ਬਗੈਰ, ਉਨ੍ਹਾਂ ਦੇ ਸੰਗੀ ਸਾਥੀਆਂ ਦੀਆਂ ਨਾਮ ਰਤੀਆਂ ਰੂਹਾਂ, ਬੀਰ ਰਸ ਅੰਦਰ "ਜੋ ਸੂਰਾ ਤਿਸਹੀ ਹੋਇ ਮਰਣਾ, ਜ ਭਾਗੈ ਤਿਸ ਜੋਨੀ ਫਿਰਨਾ" ਦੇ ਇਲਾਹੀ ਰੰਗ ਦੇ ਕੀਰਤਨੀ ਅਖਾੜਿਆਂ ਅੰਦਰ, ਉਸ ਬੱਬਰ ਜੋਧੇ ਨੂੰ 'ਦੇਹੁ ਸਜਣ ਅਸੀਸੜੀਆਂ ਜਿਉ ਹੋਵੈ ਸਾਹਿਬ ਸਿਉ ਮੇਲ", ਦੀਆਂ ਸ਼ਰਧਾਂਜਲੀਆਂ ਦੇ ਕੇ ਮਨਾਉਂਦੀਆਂ ਹਨ। ਭਾਈ ਸਾਹਿਬ ਜੀ ਦੀ ਬਰਸੀ ਉਹਨਾਂ ਦੇ ਪਰਿਵਾਰ ਵਲੋਂ 7 ਅਤੇ 8 ਅਕਤੂਬਰ ਨੂੰ ਉਹਨਾਂ ਦੇ ਪਿੰਡ ਸੂਬਾ ਵੜਿੰਗ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕੀਰਤਨੀ ਅਖਾੜਿਆਂ ਅੰਦਰ ਮਨਾਈ ਜਾਂਦੀ ਹੈ.

# ਭਾਈ ਦਰਸ਼ਨ ਸਿੰਘ ਬੱਬਰ ਆਕਲੀਆ ਖੁਰਦ

ਮਾਲਵੇ ਦੀਆਂ ਖਾੜਕੂ ਸਫਾਂ ਅੰਦਰ ਭਾਈ ਦਰਸ਼ਨ ਸਿੰਘ ਬੱਬਰ ਦਾ ਨਾਮ ਬਿਲਕੁਲ ਹੀ ਨਿਵੇਕਲਾ ਸੀ। ਆਪ ਜੀ ਸੰਨ 1980 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸੰਪਰਕ ਵਿਚ ਉਸ ਸਮੇਂ ਆਏ ਜਦੋਂ ਸੰਤ ਜੀ ਜੈਤੋ ਵਿਖੇ ਗੁਰਦੁਆਰਾ ਟੀਰਸਰ ਆਏ ਸਨ ਅਤੇ ਆਪ ਜੀ ਉਸ ਸਮੇਂ ਤੋਂ ਹੀ ਸੰਤਾਂ ਦੇ ਅੰਗ ਰੱਖਿਅਕ ਵਜੋਂ ਭਿੰਡਰਾਂਵਾਲੇ ਜਥੇ ਵਿਚ ਵਿਚਰਨ ਲੱਗੇ ਸਨ। ਦਰਬਾਰ ਸਾਹਿਬ ਜੀ 'ਤੇ ਹੋਏ ਹਮਲੇ ਸਮੇਂ ਆਪ ਜੀ ਸੰਤਾਂ ਦੇ ਕਿਸੇ ਹੁਕਮ ਨਾਲ ਤਲਵੰਡੀ ਸਾਬੋ ਗਏ ਹੋਏ ਸਨ। ਆਪ ਜੀ ਸੰਨ 1980 ਤੋਂ ਮਈ 1984 ਤੱਕ ਸੰਤਾਂ ਦੇ ਨਾਲ ਰਹੇ। ਆਪ ਜੀ ਦਾ ਜਨਮ 17 ਜੇਠ 1951 ਨੂੰ ਮਾਤਾ ਦਲੀਪ ਕੌਰ ਜੀ ਦੀ ਸਲੱਖਣੀ ਕੁੱਖੋਂ ਪਿਤਾ ਸਰਦਾਰ ਹਜ਼ੂਰਾ ਸਿੰਘ ਜੀ ਦੇ ਘਰ ਜ਼ਿਲ੍ਹਾ ਬਠਿੰਡਾ ਦੇ ਪਿੰਡ ਆਕਲੀਆ ਖੁਰਦ ਵਿਖੇ ਹੋਇਆ। ਆਪ ਜੀ ਹੋਰੀਂ ਦੋ ਭਰਾ ਸਨ। ਆਪ ਜੀ ਦੇ ਭਰਾ ਮਹਿਰ ਸਿੰਘ ਭੋਲੇ ਦਾ ਪਿੰਡ ਵਿਚ ਕਤਲ ਹੋ ਗਿਆ। ਇਹ ਕਤਲ ਬੜਾ ਹੀ ਦਰਦਨਾਇਕ ਸੀ। ਲੋਕ ਦਸਦੇ ਸਨ ਲਾਸ਼ ਨੂੰ ਇਕ ਟੋਕਰੇ ਵਿਚ ਇਕੱਠਾ ਕੀਤਾ ਗਿਆ ਸੀ। ਇਸ ਕਤਲ ਨਾਲ ਜਿਥੇ ਭਾਈ ਦਰਸ਼ਨ ਸਿੰਘ ਨੂੰ ਮਾਨਸਿਕ ਪੀੜਾ ਝੱਲਣੀ ਪਈ ਉਥੇ ਘਰਾਂ ਦੇ ਕਈ ਮਿਹਣੇ ਤਾਹਨਿਆਂ ਦੇ ਬੋਲ ਵੀ ਅਣਸੁਣੇ ਕਰਨੇ ਪਏ। ਪਰ ਆਪ ਜੀ ਆਪਣੇ ਸਿੱਖਰਸ਼ੀ ਮਾਰਗ ਤੋਂ ਨਹੀਂ ਥਿੜਕੇ। ਆਪ ਜੀ ਜੂਨ 1984 ਤੋਂ ਰੂਪੋਸ਼ ਹੋ ਗਏ ਫਰਵਰੀ 1988 ਨੂੰ ਆਪ ਜੀ ਫੜੇ ਗਏ ਅਤੇ ਪੁਲਿਸ ਦੇ ਲੰਮੇ ਸੰਤਾਪ ਤੋਂ ਬਾਅਦ ਆਪ ਜੀ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਨ੍ਹਾਂ ਫਰਜ਼ੀ ਕੇਸਾਂ ਵਿਚੋਂ ਆਪ ਜੀ ਦੀ ਨੌਂ ਮਹੀਨੇ ਬਾਅਦ ਜ਼ਮਾਨਤ ਹੋ ਗਈ।

ਭਰਾ ਦੇ ਕਤਲ ਤੋਂ ਬਾਅਦ ਘਰੇਲੂ ਮਜ਼ਬੂਰੀਆਂ ਕਾਰਨ ਆਪ ਜੀ ਨੇ ਘਰ ਟਿਕਣ ਦੀ ਬਹੁਤ ਕੋਸ਼ਿਸ਼ ਕੀਤੀ। ਪਰ ਪੁਲਿਸ ਵਲੋਂ ਨਿਤ ਦੇ ਛਾਪਿਆਂ ਅਤੇ ਨਾਕਿਆਂ ਦੇ ਚੱਕਰਾਂ ਤੋਂ ਆਪ ਜੀ ਅਤੇ ਆਪ ਦੇ ਪਰਿਵਾਰ ਬਹੁਤ ਹੀ ਦੁਖੀ ਹੋ ਗਏ। ਜਿਸ ਕਾਰਨ ਆਪ ਜੀ ਨੇ ਸਤੰਬਰ 1990 ਵਿਚ ਘਰ ਪਰਿਵਾਰ ਨੂੰ ਆਖਰੀ ਫ਼ਤਹਿ ਬੁਲਾ ਦਿੱਤੀ ਅਤੇ ਰੂਪੋਸ਼ ਹੋ ਕੇ ਬੱਬਰਾਂ ਦੇ ਦੂਸ਼ਟ ਸੋਧ ਜਥੇ ਵਿਚ ਸ਼ਾਮਲ ਹੋ ਗਏ

ਆਪ ਜੀ ਦੀ ਧਰਮ ਪਤਨੀ ਸਰਦਾਰਨੀ ਨਸੀਬ ਕੌਰ ਨੇ ਇਸ ਵਿਛੋੜੇ ਨੂੰ ਵਾਹਿਗੁਰੂ ਜੀ ਦਾ ਹੁਕਮ ਮੰਨਿਆ ਆਪ ਜੀ ਦੇ ਦੋ ਲੜਕੇ ਰਾਮ ਸਿੰਘ ਅਤੇ ਗੁਰਮੀਤ ਸਿੰਘ ਹਨ। ਘਰੇਲੂ ਹਾਲਤ ਸਾਵੇਂ ਹਨ ਪਰਿਵਾਰ ਦਾ ਪੰਥਕ ਲੀਡਰਾਂ ਬਾਰੇ ਜ਼ਰੂਰ ਗੁੱਸਾ ਹੈ।

ਜਦੋਂ ਦਰਸ਼ਨ ਜਿਉਂਦਾ ਸੀ, ਇਹ ਸਾਰੇ ਇਲਾਕੇ ਵਾਲੇ ਅਕਾਲੀ, ਕਾਂਗਰਸੀਏ ਉਸ ਨੂੰ ਮਿਲਣ ਲਈ ਲਲਚੀਆਂ 'ਚ ਲੋਚਦੇ ਰਹਿੰਦੇ ਸਨ। ਪਰ ਹੁਣ ਬੱਬਰ ਦਰਸ਼ਨ ਦੀ ਮਾਂ ਨੂੰ ਕਦੇ ਕੋਈ ਮਿਲਣ ਵੀ ਨਹੀਂ ਆਇਆ

ਮਾਤਾ ਜੀ ਬੜੇ ਵੈਰਾਗ ਨਾਲ ਹਰ ਗੱਲ ਕਰਦੇ ਹਨ। "ਮੈਨੂੰ ਦਰਸ਼ਨ ਦੀ ਮੌਤ ਦਾ

ਕੋਈ ਦੁਖ ਨਹੀਂ, ਉਹ ਕੌਮ ਪਿਛੇ ਮੋਇਆ ਹੈ। ਸਿਰਫ਼ ਭੋਲ ਦੇ ਕਤਲ ਦਾ ਦੁਖ ਹੈ, ਜੋ ਭੁਲਦਾ ਨਹੀਂ।"

ਭਾਈ ਦਰਸ਼ਨ ਸਿੰਘ ਜਿਥੇ ਜੋਰਦਾਰ ਨਾਕਿਆਂ, ਹਮਲਿਆਂ 'ਚ ਮਾਹਰ ਸਨ ਉਥੇ ਉਹ ਧਾਰਮਕ ਇਕਾਗਰਤਾ ਵਿਚ ਵੀ ਲੀਨ ਰਹਿੰਦੇ ਸਨ। ਉਨ੍ਹਾਂ ਨੇ ਭਾਈ ਮੇਹਰਬਾਨ ਸਿੰਘ ਬੱਬਰ ਬੁਟਰ ਬਰੀਹ ਨੂੰ ਆਪਣਾ ਧਰਮ ਦਾ ਪੁੱਤ ਮੰਨਿਆ ਹੋਇਆ ਸੀ।

ਆਪ ਜੀ ਦਾ ਲੜਾਕਾ ਜਥਾ ਬੜਾ ਵਿਸ਼ਾਲ ਸੀ। ਆਪ ਜੀ ਜਦ ਪੁਲਿਸ ਦੀ ਵਰਦੀ ਵਿਚ ਇਸਪੈਕਟਰ ਬਣ ਕੇ ਜਿਪਸੀ ਵਿਚ ਨਿਕਲਦੇ ਸਨ ਤਾਂ ਪੁਲਿਸ ਵਾਲ ਚੌਕ ਵਿਚ ਖੜ ਸਲੂਟ ਹੀ ਮਾਰੀ ਜਾਂਦੇ ਸਨ। ਆਪ ਦੇ ਸੰਗੀਆਂ 'ਚ ਭਾਈ ਉਮਰ ਪਾਲ ਸਿੰਘ ਬੱਬਰ, ਹਰਿਮੰਦਰ ਸਿੰਘ ਬੱਬਰ ਗਰੇਵਾਲ, ਜਸਕਰਨ ਸਿੰਘ ਬੱਬਰ ਰੁਪਾਣਾ, ਗੁਰਮੀਤ ਸਿੰਘ ਬੱਬਰ ਮਕਤਸਰ, ਬਲਵਿੰਦਰ ਸਿੰਘ ਬੱਬਰ ਗੰਗਾ, ਮਲਕੀਤ ਸਿੰਘ ਬੱਬਰ ਦਾਨ ਸਿੰਘ ਵਾਲਾ ਸਨ।

ਮਾਲਵ ਦੇ ਇਹ ਬੱਬਰ ਯੋਧੇ ਕਿਸੇ ਚੇਹਰੇ ਨਾਮ ਦੇ ਪੁਲਿਸ ਅਫ਼ਸਰ ਦੇ ਕੋਟ ਡਾਕਟਰ ਰਾਜ ਅਤੇ ਫਿੰਦੀ ਵਲੋਂ ਵੱਖਰੇ ਵੱਖਰ ਫੜਾਏ ਗਏ ਸਨ ਅਤੇ ਕੋਹ ਕਹ ਕੇ ਮਾਰ ਦਿੱਤੇ ਗਏ ਸਨ। ਪੁਲਿਸ ਵਲੋਂ ਜਿਉਂਦੇ ਫੜ ਕੇ ਮਾਰੇ ਗਿਆਂ 'ਚ ਭਾਈ ਜਗਰਾਜ ਸਿੰਘ ਬੱਬਰ ਰਫੀਨ, ਭਾਈ ਪ੍ਰਗਟ ਸਿੰਘ ਸੰਗਤਪੁਰਾ, ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ, ਭਾਈ ਦਵਿੰਦਰ ਸਿੰਘ ਬੱਬਰ ਕਲਸੀਆਂ ਆਦਿ ਸਨ।

ਪਰ ਪੁਲਿਸ ਨੇ ਪ੍ਰੈੱਸ ਕਾਨਫਰੰਸ ਵਿਚ ਛੇ ਬੱਬਰਾਂ ਨੂੰ ਮਾਰਨ ਦਾ ਦਾਅਵਾ ਕੀਤਾ ਸੀ, ਜਿਨ੍ਹਾਂ 'ਚੋ ਭਾਈ ਦਰਸ਼ਨ ਸਿੰਘ ਬੱਬਰ ਅਤੇ ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ ਨੂੰ 6 ਮਾਰਚ 1993 ਦਿਨ ਸ਼ਨਿਚਰਵਾਰ ਨੂੰ ਨਹੀਆਂ ਵਾਲੇ ਥਾਣੇ 'ਚ ਮਾਰਨ ਦਾ ਦਾਅਵਾ ਕੀਤਾ ਗਿਆ ਸੀ ਪਰ ਕਦੋਂ ਤਾਂ ਜ਼ੁਲਮ ਦੇ ਮੂੰਹੋਂ ਸੱਚ ਆਪ ਨਿਕਲੇਗਾ।

# ਭਾਈ ਜਸਵੀਰ ਸਿੰਘ ਉਰਫ਼ ਭੋਲਾ ਬੱਬਰ

ਪਿੰਡ ਮੱਲ੍ਹਾ, ਕਸਬਾ ਬਾਜਾਖਾਨਾ ਤੋਂ ਬਰਨਾਲਾ ਨੂੰ ਜਾਂਦਿਆਂ ਮੇਨ ਸੜਕ ਤੋਂ ਪਾਸੇ 'ਤੇ ਹੈ। ਭਾਰਤ ਦੀ ਬ੍ਰਾਹਮਣ ਸਰਕਾਰ ਦੇ ਅੰਨ੍ਹੇ ਜਬਰ ਦਾ ਸੱਲ ਆਪਣੇ ਸੀਨੇ ਵਿੱਚ ਦੱਬੀ ਬੈਠੇ ਹਨ, ਇਸ ਪਿੰਡ ਦੇ ਦੋ ਸ਼ਹੀਦਾਂ ਦੇ ਪਰਿਵਾਰ। ਇੱਕ ਸ਼ਹੀਦ ਭਾਈ ਬਲਜੀਤ ਸਿੰਘ ਬੱਬਰ(ਬੋਲੀ ਬੱਕਰੀਆਂ ਵਾਲਾ) ਤੇ ਦੂਜਾ ਸ਼ਹੀਦ ਭਾਈ ਜਸਵੀਰ ਸਿੰਘ ਉਰਫ਼ ਭੋਲਾ ਬੱਬਰ ਦਾ ਪਰਿਵਾਰ।

ਸ਼ਹੀਦ ਭਾਈ ਬਲਜੀਤ ਸਿੰਘ ਬੱਬਰ ਦੇ ਪਰਿਵਾਰ ਦੀ ਪਿੰਡ ਮੱਲ੍ਹਾ ਵਿੱਚੋਂ ਆਖਰੀ ਨਿਸ਼ਾਨੀ ਤਕ ਖ਼ਤਮ ਹੋ ਚੁੱਕੀ ਹੈ, ਪਰ ਦੂਸਰਾ ਭਾਈ ਜਸਵੀਰ ਸਿੰਘ ਬੱਬਰ ਦਾ ਗੁਰਸਿੱਖ ਪਰਿਵਾਰ ਅੱਜ ਕੱਲ੍ਹ ਸਿੱਖੀ ਦੀ ਭਾਵਨੀ ਅੰਦਰ ਗੁਰਬਤ ਨਾਲ ਦੋ ਹੱਥ ਕਰਦਾ ਪਿੰਡ ਵਿੱਚ ਰਹਿ ਰਿਹਾ ਹੈ।

ਭਾਈ ਜਸਵੀਰ ਸਿੰਘ ਬੱਬਰ ਦਾ ਜਨਮ ਪਿਤਾ ਸ. ਹਾਕਮ ਸਿੰਘ ਦੇ ਘਰ ਮਾਤਾ ਦਲੀਪ ਕੌਰ ਜੀ ਦੀ ਸੁਲੱਖਣੀ ਕੁੱਖੋਂ ਹੋਇਆ। ਜਵਾਨ ਹੋਣ 'ਤੇ ਆਪ ਜੀ ਦਾ ਅਨੰਦ ਕਾਰਜ ਬੀਬੀ ਗੁਰਮੀਤ ਕੌਰ ਨਾਲ ਕੀਤਾ ਗਿਆ, ਆਪ ਜੀ ਦੀ ਸਿੰਘਣੀ ਉੱਪਰ ਵੀ ਜੈਤੋ ਪੁਲੀਸ ਸਟੇਸ਼ਨ ਅੰਦਰ ਅਣਮਨੁੱਖੀ ਤਸ਼ੱਦਦ ਕੀਤਾ ਗਿਆ, ਜਿਸ ਦਾ ਸੰਤਾਪ ਉਹ ਅੱਜ ਤਾਈਂ ਆਪਣੀ ਵਿੱਕਲਤਾ ਵਿੱਚ ਭੋਗ ਰਹੀ ਹੈ। ਇਸ ਬਹਾਦਰ ਸਿੰਘਣੀ ਦੀਆਂ ਸਰਖ ਗਹਿਰੀਆਂ ਅੱਖਾਂ ਗਲੇਡੂਆਂ ਵਿੱਚ ਲੱਥ ਪੱਥ ਆਪਣਿਆਂ ਨੂੰ ਅਤੇ ਕੌਮ ਨੂੰ ਬਹੁਤ ਸਵਾਲ ਪਾ ਜਾਂਦੀਆਂ ਹਨ

ਇਨ੍ਹਾਂ ਦਾ ਵਿਆਹ ਹੋਏ ਨੂੰ ਕੁਝ ਦਿਨ ਹੀ ਹੋਏ ਸਨ, ਜਦੋਂ ਜ਼ਾਲਮ ਧਾੜਾਂ ਨੇ ਉਹਨਾਂ ਨੂੰ ਘਰੋਂ ਚੁੱਕ ਲਿਆ ਅਤੇ ਤਸ਼ੱਦਦ ਕੀਤਾ। ਮੱਲ੍ਹੇ ਪਿੰਡ ਦੀ ਅਣਖ, ਘਰ ਦੀ ਚਾਰਦੀਵਾਰੀ ਦੇ ਆਸਰ ਆਪਣੇ ਅਤੀਤ ਨੂੰ ਵਿਹੜੇ ਵਿਚ ਦਫ਼ਨਾਉਣ ਦਾ ਯਤਨ ਕਰਦੀ ਹੈ। ਆਪ ਜੀ ਦੇ ਦੋ ਲੜਕੇ ਤੇ ਇਕ ਲੜਕੀ ਹੈ।

ਭਾਈ ਜਸਵੀਰ ਸਿੰਘ ਬੱਬਰ ਬਚਪਨ ਤੋਂ ਹੀ ਗੁਰਮਤਿ ਨਾਲ ਜੁੜੇ ਹੋਏ ਸਨ। ਪਰਿਵਾਰ ਅੰਦਰ ਕੁਰਬਾਨੀ ਦੀ ਭਾਵਨਾ ਅੱਜ ਵੀ ਭਰੀ ਹੋਈ ਹੈ। ਆਪ ਜੀ ਦੇ ਦਾਦਾ ਜੀ, ਸ. ਜੀਤ ਸਿੰਘ ਨੇ ਜੈਤੋ ਦੇ ਮੋਰਚੇ ਵਿਚ ਹਿੱਸਾ ਲਿਆ ਸੀ। ਆਪ ਜੀ ਦੇ ਪਿਤਾ ਜੀ ਸ. ਹਾਕਮ ਸਿੰਘ ਨੇ ਧਰਮ ਯੁੱਧ ਮੋਰਚੇ ਦੌਰਾਨ ਕਪੂਰੀ ਨਹਿਰ ਰੋਕਣ ਲਈ ਸੰਨ 1982 ਵਿਚ ਗ੍ਰਿਫਤਾਰੀ ਦਿੱਤੀ ਅਤੇ ਜੇਲ੍ਹ ਗਏ। ਸਰਕਾਰ ਵੱਲੋਂ ਮਨਘੜਤ ਬਹਾਨੇ ਨਾਲ ਕਪੂਰਥਲਾ ਜ਼ੇਲ੍ਹ ਵਿੱਚ ਲਾਠੀਚਾਰਜ ਕਰ ਕੇ ਅੰਨਾ ਤਸ਼ੱਦਦ ਕੀਤਾ ਗਿਆ, ਜਿਸ ਨਾਲ ਉਨ੍ਹਾਂ ਦਾ ਸਰੀਰ ਬਿਲਕੁੱਲ ਹੀ ਬੇਕਾਰ ਹੋ ਗਿਆ। ਰਿਹਾਅ ਹੋਣ ਤੋਂ ਬਾਅਦ ਘਰੇ ਆਉਣ ਸਾਰ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਆਪ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਪਰਿਵਾਰ ਦਾ ਗਿਲਾ ਰਵਾਇਤੀ ਅਕਾਲੀਆਂ 'ਤੇ ਨਿਕਲਦਾ ਹੈ। ਭਾਈ

ਸਾਹਿਬ ਜੀ ਦੀ ਮਾਤਾ ਦੁਖੀ ਹਿਰਦੇ ਨਾਲ ਕਹਿੰਦੇ ਹਨ "ਸਾਡੇ ਪਰਿਵਾਰ ਨੇ ਜੇਲ੍ਹਾਂ ਕੱਟੀਆਂ, ਮੈਂ ਕੌਮ ਤੋਂ ਆਪਣਾ ਹੀਰੇ ਵਰਗਾ ਪੁੱਤ ਵਾਰਤਾ, ਕੋਈ ਸਾਡੇ ਘਰੇ ਗੇੜਾ ਨਿਵਾਉਣ ਵੀ ਨਾ ਆਇਆ ਭੋਲੇ ਦੇ ਸ਼ਹੀਦ ਹੋਣ ਤੋਂ ਬਾਅਦ ਤੱਕ ਸਾਡੇ ਘਰੇ ਪੁਲਿਸ ਕਮਾਂਡੋਆਂ ਦੀ ਚੌਂਕੀ ਬੈਠੀ ਰਹੀ, ਅਸੀਂ ਘਰੋਂ ਬੇਘਰ ਰਹੇ, ਕਿਸੇ ਅਕਾਲੀ ਨੇ ਹਾਅ ਦਾ ਨਾਹਰਾ ਤਕ ਨਹੀਂ ਮਾਰਿਆ"।

ਪੁਲੀਸ ਵੱਲੋਂ ਘਰ ਭਾਈ ਸਾਹਿਬ ਦਾ ਭੋਗ ਵੀ ਨਹੀਂ ਪਾਉਣ ਦਿੱਤਾ ਗਿਆ ਅਤੇ ਨਾ ਹੀ ਬਾਅਦ ਵਿਚ ਪਾਇਆ ਗਿਆ ਹੈ।

ਭਾਈ ਸਾਹਿਬ ਮਾਨਸਾ ਵਿਖੇ ਡਰਾਇਵਰੀ ਕਰਦੇ ਸਨ, ਜਿੱਥੇ ਯੂਨੀਅਨ ਦੀਆਂ ਧੜੇਬੰਦੀਆਂ ਕਾਰਨ ਉਨ੍ਹਾਂ ਦੇ ਕੁਝ ਵਿਰੋਧੀ ਵੀ ਬਣ ਗਏ। ਕਈ ਵਿਰੋਧੀ ਆਖਦੇ, "ਇਹ ਗਿਆਨੀ ਜਿਹਾ ਜਿਹੜਾ ਚੁੱਪ ਕੀਤਾ ਰਹਿੰਦੇ ਇਹ ਖਤਰਨਾਕ ਹੈ।"

ਵਿਰੋਧੀਆਂ ਦੀਆਂ ਅਜਿਹੀਆਂ ਗੱਲਾਂ ਨੂੰ ਉਹ ਹੱਸ ਕੇ ਟਾਲ ਦਿੰਦੇ। ਪਹਿਲਾਂ ਉਹ ਗੁਪਤ ਰੂਪ ਵਿੱਚ ਸਿੰਘਾਂ ਨਾਲ ਮੇਲ ਜੋਲ ਰੱਖਦੇ ਰਹੇ, ਆਖਰ ਪੁਲਿਸ ਨੂੰ ਆਪ ਜੀ ਦੀਆਂ ਕਾਰਵਾਈਆਂ ਤੇ ਸ਼ੱਕ ਹੋ ਗਿਆ ਤਾਂ ਆਪ ਪੂਰਨ ਰੂਪ ਵਿਚ ਘਰ ਪਰਿਵਾਰ ਤੇ ਨੌਕਰੀ ਛੱਡ ਕੇ ਭਾਈ ਹਰਮੇਲ ਸਿੰਘ ਬੱਬਰ ਸ਼ਾਦੀਪੁਰ ਅਤੇ ਭਾਈ ਬਲਵਿੰਦਰ ਸਿੰਘ ਬੱਬਰ ਰੰਗਾ ਨਾਲ ਜਥੇ ਵਿਚ ਸ਼ਾਮਲ ਹੋ ਗਏ

ਬੱਬਰ ਖਾਲਸਾ ਦੀ ਮਾਨਸਾ ਹਲਕੇ ਦੀ ਕਮਾਂਡ ਭਾਈ ਸਾਹਿਬ ਨੂੰ ਸੰਭਾਲ ਦਿੱਤੀ ਗਈ। ਭਾਈ ਸਾਹਿਬ ਨੇ ਆਪਣੇ ਜਥੇ ਦੇ ਸਿੰਘਾਂ ਨੂੰ ਸਖਤ ਹਦਾਇਤ ਦਿੱਤੀ ਹੋਈ ਸੀ ਕਿ ਮੇਰੇ ਪਰਿਵਾਰ ਦੇ ਕਿਸੇ ਵੀ ਵਿਰੋਧੀ ਦਾ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ, ਚਾਹੇ ਉਹ ਮੇਰੇ ਪਰਿਵਾਰ ਦਾ ਕਿੰਨਾ ਵੀ ਵੱਡਾ ਦੁਸ਼ਮਣ ਕਿਉਂ ਨਾ ਹੋਵੇ

ਮੌੜ ਮੰਡੀ, ਮਾਨਸਾ ਅਤੇ ਜੋਗੇ ਦੀ ਪੁਲਿਸ ਨੇ ਆਪਦੇ ਪਰਿਵਾਰ ਦੇ ਸਾਰੇ ਹੀ ਜੀਅ ਚੁੱਕ ਕੇ ਥਾਣੇ ਬੰਦ ਕਰ ਦਿੱਤੇ ਆਪ ਜੀ ਦੇ ਪਰਿਵਾਰ ਮੈਂਬਰਾਂ ਨੂੰ ਅੱਖਾਂ ਬੰਨ ਕੇ ਸੀ ਆਈ ਏ ਸਟਾਫ ਵਿੱਚੋਂ ਰਾਤ ਨੂੰ ਕੱਢ ਕੇ ਬਾਹਰ ਕਿਸੇ ਨਹਿਰ ਜਾਂ ਕਿਸੇ ਬੀੜ ਵਿਚ ਲਿਜਾ ਕੇ ਬੇਹਿਸਾਬ ਕੁੱਟ ਮਾਰ ਕੀਤੀ ਜਾਂਦੀ। ਕਈ ਕਈ ਦਿਨ ਭੁੱਖੇ ਪਿਆਸੇ ਰੱਖਿਆ ਜਾਂਦਾ, ਸਰਦੀਆਂ ਵਿੱਚ ਕੱਪੜੇ ਉਤਾਰ ਲੈਣੇ ਪਰਿਵਾਰ ਨੇ ਅੱਕ ਕੇ ਕਈ ਦਫਾ ਕਿਹਾ ਸਾਡੇ ਨਾਲ ਇਹ ਵਰਤਾਉ ਕਰਨ ਦੀ ਬਜਾਏ ਸਾਡੇ ਗੋਲੀਆਂ ਮਾਰ ਦੇਵੋ। ਭਾਈ ਸਾਹਿਬ ਦਾ ਭਰਾ ਸੁਖਚੈਨ ਸਿੰਘ ਮੇਰੇ ਨਾਲ ਗੱਲਾਂ ਕਰਦਾ ਕਰਦਾ ਕਈ ਵਾਰ ਭੁੱਬੀਂ ਰੋ ਪਿਆ, ਦੱਸਦਾ ਹੈ "ਸਾਡਾ ਭੋਲਾ ਸਾਨੂੰ ਸਿਰਫ ਇੱਕ ਦਿਨ 1989 ਵਿੱਚ ਮਿਲਿਆ ਸੀ, ਬਾਅਦ ਵਿੱਚ ਕਦੀ ਵੀ ਉਸ ਦਾ ਮੁੱਖ ਨਹੀਂ ਤੱਕਿਆ ਅਖੀਰ ਉਸ ਦੀ ਲਾਸ਼ ਮਾਨਸਾ ਥਾਣੇ ਵਿੱਚ ਲਿਜਾ ਕੇ ਸਾਨੂੰ ਵਿਖਾਈ ਗਈ, ਲਾਸ਼ ਨੂੰ ਪੱਲੀ ਵਿੱਚ ਪੰਡ ਬੰਨ੍ਹ ਕੇ ਰੱਖਿਆ ਹੋਇਆ ਸੀ, ਅਸੀਂ ਜਦੋਂ ਜਸਵੀਰ ਦੀ ਲਾਸ਼ ਮੰਗੀ, ਪੁਲੀਸ ਅਫਸਰ ਗਲ ਪੈ ਗਏ ਕਹਿੰਦੇ, "ਸਾਲਿਓ ਹੁਣ ਪੱਤਦਰ ਨੂੰ ਰੋਂਦੇ ਹੋ ਹੁਣ ਪ੍ਰਾਹੁਣੇ ਦੀ ਲਾਸ਼ ਕੀ ਕਰੋਗੇ ਤੁਹਾਨੂੰ ਕੋਈ ਪਤਾ ਹੈ ਇਨ੍ਹਾਂ ਕੰਜਰਾਂ ਨੇ ਕਿੰਨੇ ਸਾਡੇ ਜਵਾਨਾਂ ਦੇ ਘਾਣ ਕੀਤੇ ਹਨ "

ਭਾਈ ਜਸਵੀਰ ਸਿੰਘ, ਭਾਈ ਬਸ਼ੀਰ ਮੁਹੰਮਦ ਬੱਬਰ ਭੰਮੇ ਕਲਾਂ ਸ਼ਹੀਦ ਅਤੇ ਭਾਈ

ਗੁਰਮੇਲ ਸਿੰਘ ਬੱਬਰ ਗਾਇਪੁਰ (ਸ਼ਹੀਦ) ਨਾਲ ਹਰਿਆਣਾ ਅੰਦਰ ਕਿੱਲ੍ਹਿਆਂ ਵਾਲੀ ਵਿਖੇ ਪੁਲੀਸ ਚੌਕੀ 'ਤੇ ਹਮਲਾ ਕਰ ਕੇ ਆਪਣ ਕਿਸੇ ਸਾਥੀ ਨੂੰ ਚੌਕੀ ਵਿਚੋਂ ਛੁਡਵਾ ਕੇ ਲੈ ਗਏ ਸਨ। ਇਸ ਪਲਿਸ ਚੌਕੀ ਨੂੰ ਉਡਾਉਣ ਕਾਰਨ ਹਰਿਆਣਾ ਪਲਿਸ ਦਾ ਕਾਫੀ ਨੁਕਸਾਨ ਹੋ ਗਿਆ ਸੀ ਪੰਜਾਬ ਦੇ ਜੋੜਕੀਆਂ ਥਾਣ ਅਧੀਨ ਪਿੰਡ ਪੇਰੋਂ ਵਿਚ ਫਿਰ ਘੇਰੇ ਵਿੱਚ ਆ ਜਾਣ ਕਾਰਨ ਹਏ ਗਹਿਗੱਚ ਮੁਕਾਬਲੇ ਵਿੱਚ ਜਦੋਂ ਇਕ ਪਾਣੀ ਵਾਲੀ ਕੱਸੀ ਟੱਪਣ ਲੱਗੇ ਤਾਂ ਤਿਲਕਣ ਕਰ ਕੇ ਆਪ ਦਾ ਪੱਟ ਟੁੱਟ ਗਿਆ। ਆਪ ਨੇ ਟੁੱਟੇ ਪੱਟ ਨਾਲ ਹੀ ਮੋਰਚਾ ਸੰਭਾਲ ਲਿਆ ਪੂਰੇ ਅੱਠ ਘੰਟੇ ਪੁਲੀਸ ਨੂੰ ਰੋਕੀ ਰੱਖਿਆ ਅਤੇ ਆਪਣੇ ਸਾਥੀਆਂ ਨੂੰ ਪਲਿਸ ਦੇ ਘੇਰ ਵਿੱਚੋਂ ਬਾਹਰ ਕੱਢਿਆ।

ਅਖੀਰ ਸਿਦਕਦਿਲੀ ਤੇ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਆਪ 2 ਜਨਵਰੀ 1993 ਨੂੰ ਦਿਨ ਦੇ ਛਿਪਾ ਨਾਲ ਪਲੀਸ ਦੀਆਂ ਮਸ਼ੀਨਗੰਨਾਂ ਦੀਆਂ ਸੈਂਕੜੇ ਗੋਲੀਆਂ ਆਪਣੀ ਛਾਤੀ ਵਿੱਚ ਸੰਭਾਲ ਕੇ ਸ਼ਹੀਦ ਹੋ ਗਏ।

ਪਲੀਸ ਇਸ ਕਦਰ ਪਾਗਲ ਹੋਈ ਫਿਰਦੀ ਸੀ ਕਿ ਪੁਲਸੀਏ ਆਪ ਦੀ ਲਾਸ਼ ਦੇ ਠੁੱਡੇ ਮਾਰ ਕੇ, ਆਪਣੀਆਂ ਅਸਾਲਟਾਂ ਦੇ ਬਰੱਸਟ ਸ਼ਹੀਦ ਸਿੰਘ ਦੇ ਚਿਹਰ 'ਤੇ ਕੱਢ ਕੇ ਆਪਣ ਨਾਲ ਦੇ ਮਰ 17 ਜਵਾਨਾਂ ਦਾ ਗੁੱਸਾ ਠੰਢਾ ਕਰ ਰਹੇ ਹਨ

ਪਰਿਵਾਰ 'ਤੇ ਕਹਿਰ ਅਤੇ ਸਖ਼ਤੀ ਇਸ ਕਦਰ ਸੀ ਕਿ ਉਨ੍ਹਾਂ ਉਸ ਸਮੇਂ ਤਾਂ ਕੀ ਰੋਣਾ ਪਾਉਣਾ ਸੀ, ਹੁਣ ਤਕ ਵੀ ਨਹੀਂ ਪਾਇਆ। ਸੰਗੀਆਂ ਸਾਥੀਆਂ ਵੱਲੋਂ ਕਿਸੇ ਗੁਪਤ ਥਾਂ 'ਤੇ 8 ਜਨਵਰੀ ਦਿਨ ਸ਼ੁੱਕਰਵਾਰ ਨੂੰ ਭੋਗ ਪਾਏ ਜਾਣ ਬਾਰੇ ਲਿਖਿਆ ਗਿਆ ਸੀ।

8 ਜਨਵਰੀ 1993 ਨੂੰ ਰੋਜ਼ਾਨਾ 'ਅੱਜ ਦੀ ਆਵਾਜ਼' ਅਖ਼ਬਾਰ ਵਿੱਚ ਭਾਈ ਬਸ਼ੀਰ ਮੁਹੰਮਦ ਬੱਬਰ ਭੈਣੀ ਕਲਾਂ ਮਾਨਸਾ ਵੱਲੋਂ ਸ਼ਹੀਦ ਭਾਈ ਸੁਖਪਾਲ ਸਿੰਘ ਬੱਬਰ ਰਾਮ ਤੀਰਥ, ਸ਼ਹੀਦ ਭਾਈ ਜਸਵੀਰ ਸਿੰਘ ਬੱਬਰ ਮੱਲ੍ਹਾ ਅਤੇ ਸ਼ਹੀਦ ਭਾਈ ਹਰੀ ਸਿੰਘ ਬੱਬਰ ਕਾਲੇਕੇ ਸੰਗਰੂਰ ਨੂੰ ਚੌਪਈ ਸਾਹਿਬ ਜੀ ਦੇ ਪਾਠ ਕਰ ਕੇ ਸ਼ਰਧਾਂਜਲੀ ਭੇਂਟ ਕਰਨ ਲਈ ਬੇਨਤੀ ਕੀਤੀ ਗਈ ਸੀ।

# ਭਾਈ ਬਲਜੀਤ ਸਿੰਘ ਬੱਬਰ ਮੱਲਾ

ਕੀ ਹੋਇਆ ਜੇ ਮੇਰਾ।
ਮੇਰੇ ਪਿੰਡੋਂ ਸੀਰ ਮੁਕ ਗਿਆ,
ਪਿਤਾ ਮੁਕ ਗਿਆ,
ਘਰ ਮੁਕ ਗਿਆ,
ਕੁੱਖੋਂ ਕੱਢੀ ਦਾ ਨੂਰ ਮੁਕ ਗਿਆ,
ਪਰ ਮੱਲ੍ਹੇ ਪਿੰਡ ਦਾ ਦੁਨੀਆਂ ਵਿਚ,
ਬੱਲੀ ਬੱਬਰ ਨਾਲ ਸੀਰ ਹੋ ਗਿਆ।

ਕੌਮ ਦੀ ਅਜ਼ਾਦੀ ਲਈ ਸ਼ਹੀਦ ਹੋਏ ਪ੍ਰਵਾਨਿਆਂ ਬਾਰੇ ਤੱਥ ਅਤੇ ਵੇਰਵੇ ਇੱਕਠੇ ਕਰਨ ਲਈ ਜਦੋਂ ਪਿੰਡ ਦੀਆਂ ਸੱਥਾਂ ਵਿਚ ਪਹੁੰਚਦਾ, ਉਥੇ ਰੌਂਗਟੇ ਖੜੇ ਕਰਨ ਵਾਲੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਕਈ ਯੋਧਿਆਂ ਦੀਆਂ ਕੁਰਬਾਨੀਆਂ ਅਣਸੁਲਝੇ ਰਹੱਸ ਹੀ ਬਣੀਆਂ ਪਈਆਂ ਹਨ। ਕਈ ਸ਼ਹੀਦਾਂ ਦੇ ਪਰਿਵਾਰਾਂ ਦੇ ਵਜੂਦ ਹੀ ਖ਼ਤਮ ਹੋ ਗਏ ਹਨ। ਕਈਆਂ ਦੇ ਖੰਡਰ ਬਣੇ ਘਰ ਕੌਮ ਦੇ ਵਾਰਸਾਂ ਨੂੰ ਮੂੰਹ ਚਿੜ੍ਹਾ ਰਹੇ ਹਨ ਅਤੇ ਕਈ ਸ਼ਹੀਦ ਪਰਿਵਾਰਾਂ ਦੇ ਸ਼ਹੀਦ ਸਿੰਘਾਂ ਦੇ ਉਹਨਾਂ ਦੇ ਜੱਦੀ ਪਿੰਡਾਂ ਵਿਚੋਂ ਪਿੰਡਾਂ ਨਾਲ ਸਿਵਿਆਂ ਦੇ ਸੀਰ ਵੀ ਸਦਾ ਲਈ ਮੁਕ ਗਏ ਹਨ।

ਫ਼ਰੀਦਕੋਟ ਜ਼ਿਲ੍ਹੇ ਦੇ ਬਾਜਾਖਾਨਾ ਕਸਬੇ ਤੋਂ ਕੋਈ ਪੰਜ ਕਿਲੋਮੀਟਰ ਦੂਰ ਮੇਨ ਸੜਕ ਤੋਂ ਪਾਸੇ ਪਿੰਡ ਮੱਲਾ ਹੈ। ਪਤਾ ਲੱਗਾ ਸੀ ਇਸ ਸੰਘਰਸ਼ ਦੌਰਾਨ ਇਸ ਪਿੰਡ ਦੇ ਵੀ ਦੋ ਲਾਲ ਸ਼ਹੀਦੀ ਪ੍ਰਾਪਤ ਕਰ ਗਏ। ਸ਼ਹੀਦ ਭਾਈ ਜਸਵੀਰ ਸਿੰਘ ਬੱਬਰ ਅਤੇ ਸ਼ਹੀਦ ਭਾਈ ਬਲਜੀਤ ਸਿੰਘ ਬੱਬਰ ਇਸ ਪਿੰਡ ਦੀਆਂ ਗਲੀਆਂ ਵਿਚ ਹੀ ਤੁਰਨਾ ਸਿਖ ਕੇ ਜਵਾਨ ਹੋਏ ਸਨ ਮਾਵਾਂ ਨੇ ਚੂਰੀਆਂ ਕੁੱਟ ਕੇ ਖਵਾ ਕੇ, ਅੱਧਰਿੜਕਿਆਂ ਦੇ ਛੰਨੇ ਭਰ ਭਰ ਪਿਆ ਕੇ, ਪਾਲ ਕੇ ਕੌਮ ਦੇ ਲੇਖੇ ਲਾ ਦਿੱਤੇ। ਜਦੋਂ ਦੋਹਾਂ ਸ਼ਹੀਦ ਸਿੰਘਾਂ ਦੀਆਂ ਪਿੰਡ ਦੇ ਵਾਸੀਆਂ ਨਾਲ ਗੱਲਾਂ ਕੀਤੀਆਂ ਤਾਂ ਇਕ ਤ੍ਰਾਸਦੀ ਨੇ ਰੌਂਗਟੇ ਖੜੇ ਕਰ ਦਿੱਤੇ। ਸ਼ਹੀਦ ਭਾਈ ਜਸਵੀਰ ਸਿੰਘ ਬੱਬਰ ਦੇ ਪਰਿਵਾਰ ਦੇ ਮੈਂਬਰ ਤਾਂ ਮਿਲੇ ਇਕ ਸਧਾਰਨ ਘਰ ਵੀ ਸੀ ਪਰ ਭਾਈ ਬਲਜੀਤ ਸਿੰਘ ਜੀ ਦੇ ਪਰਿਵਾਰ ਦਾ ਇਸ ਪਿੰਡ ਵਿਚੋਂ ਸੀਰ ਹੀ ਖਤਮ ਸੀ। ਕੋਈ ਵੀ ਨਹੀਂ ਸੀ ਨਾ ਹੀ ਘਰ ਨਾ ਹੀ ਘਰ ਪਰਿਵਾਰ, ਨਾ ਕੋਈ ਨਿਸ਼ਾਨੀ, ਇਕ ਨਾਮ ਤੋਂ ਬਗੈਰ ਕੁਝ ਵੀ ਨਹੀਂ ਸੀ।

ਸ਼ਹੀਦ ਭਾਈ ਬਲਜੀਤ ਸਿੰਘ ਦਾ ਜਨਮ ਇਕ ਸੁਲੱਖਣੀ ਮਾਂ ਦੀ ਕੁੱਖੋਂ ਸਰਦਾਰ ਹਰਨੇਕ ਸਿੰਘ ਜੀ ਦੇ ਘਰ ਪਿੰਡ ਮੱਲਾ ਵਿਖੇ ਹੋਇਆ ਸੀ। ਘਰ ਦੀ ਗਰੀਬੀ ਇਸ ਕਦਰ ਸੀ ਕਿ ਪਰਿਵਾਰ ਦੇ ਮੈਂਬਰ ਇਕ ਆਜੜੀ ਦੇ ਰੂਪ ਵਿਚ ਬੱਕਰੀਆਂ ਭੇਡਾਂ ਦੇ ਇੱਜੜ ਚਾਰ ਕੇ ਗੁਜ਼ਾਰਾ ਕਰਦੇ ਸਨ ਜਿਸ ਤਰ੍ਹਾਂ ਕੇ ਪਿੰਡਾਂ ਵਿਚ ਆਮ ਹੀ ਇਹ ਪ੍ਰਚੱਲਤ ਹੈ

ਕਿ "ਮਾੜੇ ਦੀ ਬਹੂ ਹਰ ਇਕ ਦੀ ਭਰਜਾਈ" ਜਾਂ ਗਰੀਬ ਕੌਮੀ ਦਾ ਪੁੱਠਾ ਨਾਮ ਪਿੰਡ ਦੇ ਧਰ ਦਿੰਦੇ ਹਨ। ਇਸੇ ਤਰ੍ਹਾਂ ਹੀ ਸ਼ਹੀਦ ਭਾਈ ਬਲਜੀਤ ਸਿੰਘ ਨੂੰ ਪਿੰਡ ਦੇ "ਬੱਲੀ ਬੱਕਰੀਆਂ ਵਾਲਾ" ਅਤੇ ਪਿਤਾ ਜੀ ਨੂੰ ਨੱਕੀ ਜਾਂ ਬੰਗਾਲੀ ਆਖ ਕੇ ਬੁਲਾਉਂਦੇ ਸਨ। ਪਿੰਡ ਦੀਆਂ ਕਈ ਬਜ਼ੁਰਗ ਔਰਤਾਂ ਤੋਂ ਸ਼ਹੀਦ ਭਾਈ ਬਲਜੀਤ ਸਿੰਘ ਜੀ ਦੀ ਮਾਤਾ ਦੇ ਨਾਮ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਪਤਾ ਨਹੀਂ ਲੱਗ ਸਕਿਆ।

ਪਤਾ ਲੱਗਾ ਕਿ ਭਾਈ ਬਲਜੀਤ ਸਿੰਘ ਹੋਰੀਂ ਆਪਣੀਆਂ ਬੱਕਰੀਆਂ ਕਲਿਆਣਾਂ ਦੇ ਟਿੱਬਿਆਂ 'ਤੇ ਚਾਰ ਰਹੇ ਸਨ ਤਾਂ ਇਕ ਦਿਨ ਭਾਈ ਬਲਵਿੰਦਰ ਸਿੰਘ ਗੰਗਾ ਆਪਣੇ ਜਥੇ ਦੇ ਸਿੰਘਾਂ ਨਾਲ ਜਦੋਂ ਇਹਨਾਂ ਦੇ ਕੋਲ ਦੀ ਲੰਘ ਰਹੇ ਸਨ ਤਾਂ ਅਚਾਨਕ ਹੋਈ ਇਸ ਮੁਲਾਕਾਤ ਦੀ ਸਾਂਝ ਬੱਬਰਾਂ ਵੱਲੋਂ ਸ਼ੁਰੂ ਕੀਤੀ ਆਜ਼ਾਦੀ ਦੀ ਜੰਗ ਦੀ ਸਾਂਝ ਬੱਕਰੀਆਂ ਵਾਲਿਆਂ ਨਾਲ ਬਣ ਗਈ। ਉਸ ਨੇ ਖਾੜਕੂ ਸਿੰਘਾਂ ਦੀ ਦੁੱਧ ਚਾਹ ਨਾਲ ਪੂਰੀ ਸੇਵਾ ਕੀਤੀ। ਭਾਈ ਬਲਜੀਤ ਸਿੰਘ ਵੱਲੋਂ ਕਈ ਵਾਰ ਬੇਨਤੀ ਕਰਨ 'ਤੇ ਕਿ 'ਬਾਬਾ ਜੀ ਮੈਨੂੰ ਜਥੇ ਦੇ ਨਾਲ ਰਲਾ ਲਵੋ" ਤਾਂ ਕਿਹਾ "ਸਿੰਘਾ ਇਹ ਬਾਣੀ ਹੀ ਤੇਰੇ ਲਈ ਅਸਲੀ ਹਥਿਆਰ ਹੈ, ਪਹਿਲਾਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਖ਼ਾਲਸਾ ਬਣ, ਬਾਣੀ ਪੜ੍ਹਿਆ ਕਰ, ਘੱਟੋ ਘੱਟ ਤਿੰਨ ਘੰਟੇ ਨਾਮ ਅਭਿਆਸ ਕਰਿਆ ਕਰ, ਨਿਤਨੇਮ ਤੋਂ ਇਲਾਵਾ ਵੱਧ ਜਿੰਨੀ ਮਰਜ਼ੀ, ਫਿਰ ਤੈਨੂੰ ਜਥੇ ਵਿਚ ਸ਼ਾਮਲ ਕਰਾਂਗੇ"

ਭਾਈ ਬਲਜੀਤ ਸਿੰਘ ਮੌਲਾ ਦੀ ਖਾੜਕੂ ਸਿੰਘਾਂ ਨਾਲ ਇਹ ਪਹਿਲੀ ਮੁਲਾਕਾਤ ਸੀ। ਇਸ ਪਹਿਲੀ ਮੁਲਾਕਾਤ ਨੇ ਹੀ ਭਾਈ ਮੌਲਾ ਦੀ ਜ਼ਿੰਦਗੀ ਦਾ ਮਾਰਗ ਬਦਲ ਦਿੱਤਾ। ਭਾਈ ਮੌਲਾ ਘਰ ਦੀ ਗਰੀਬੀ ਤੰਗੀ ਤੁਰਸ਼ੀ ਕਾਰਨ ਸਿਰਫ ਬੱਕਰੀਆਂ ਚਾਰ ਕੇ ਹੀ ਗੁਜ਼ਾਰਾ ਕਰਦੇ ਸਨ। ਜਦ ਖਾੜਕੂ ਸਿੰਘਾਂ ਨੇ ਤੱਕਿਆ ਕਿ ਉਹ ਤੱਤੇ ਤੱਪਦੇ ਟਿੱਬਿਆਂ ਉਪਰ ਨੰਗੇ ਪੈਰੀਂ ਹੀ ਬੱਕਰੀਆਂ ਚਾਰਦੇ ਫਿਰਦੇ ਹਨ ਤਾਂ ਖਾੜਕੂ ਸਿੰਘਾਂ ਨੇ ਕੁਝ ਮਾਇਆ ਉਸ ਨੂੰ ਦਿੱਤੀ ਤਾਂ ਕਿ ਉਹ ਪੈਰਾਂ ਵਾਸਤੇ ਜੋੜੇ ਅਤੇ ਕਪੜੇ ਆਦਿ ਲੈ ਲੈਣ

ਸਿੱਖਾਂ ਵਾਲੇ ਪਲ ਉਪਰ ਨਜ਼ਦੀਕੀ ਸਾਥੀ ਪਿੰਡ ਸਿਵੀਆਂ ਦੇ ਉਘੇ ਖਾੜਕੂ ਭਾਈ ਜਸਵਿੰਦਰ ਸਿੰਘ ਹੈਪੀ ਦੀ ਅੱਖੀਂ ਡਿਠੀ ਸ਼ਹਾਦਤ ਨੂੰ ਉਹ ਕਦ ਵੀ ਨਾ ਭੁੱਲ ਸਕੇ,

ਭਾਈ ਬਲਜੀਤ ਸਿੰਘ ਨੇ ਬਠਿੰਡਾ ਵਿਖੇ ਰੈਣ ਸਬਾਈ ਸਮਾਗਮ ਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਤੋਂ ਅੰਮ੍ਰਿਤਪਾਨ ਕੀਤਾ ਤੇ ਗੁਰੂ ਦੇ ਲੜ ਲੱਗ ਕੇ ਬੱਬਰਾਂ ਦੇ ਜਥੇ ਵਿਚ ਗੁਪਤ ਸੇਵਾ ਕਰਨ ਲੱਗ ਪਿਆ। ਉਸ ਦੀ ਜ਼ਿੰਮੇਵਾਰੀ ਇਹ ਹੀ ਸੀ ਕਿ ਉਹ ਸਿੰਘਾਂ ਦਾ ਸਮਾਨ ਜਿਥੇ ਲੋੜ ਹੁੰਦੀ ਸੀ, ਬੱਕਰੀਆਂ ਦੇ ਨਾਲ ਲੈ ਜਾਂਦਾ ਸੀ ਅਤੇ ਪਹੁੰਚਾ ਦਿੰਦਾ ਸੀ। ਖਾੜਕੂ ਸਿੰਘਾਂ ਨਾਲ ਮੇਲ ਜੋਲ ਦੀ ਗੁਪਤ ਕਹਾਣੀ ਮੁਖ਼ਬਰ ਰਾਹੀਂ ਪੁਲਿਸ ਤੱਕ ਪਹੁੰਚ ਗਈ ਅਤੇ ਜੋਤੋਂ ਪੁਲਿਸ ਵੱਲੋਂ ਕਈ ਵਾਰ ਘਰੇ ਛਾਪੇ ਮਾਰ ਗਏ ਪਰ ਘਰੋਂ ਕੋਈ ਨਹੀਂ ਮਿਲ ਸਕਿਆ। ਇਕ ਦਿਨ ਜੈਤੋ ਪੁਲਿਸ ਭਾਈ ਸਾਹਿਬ ਜੀ ਦੇ ਪਿਤਾ ਜੀ ਸ. ਹਰਨੇਕ ਸਿੰਘ ਨੂੰ ਫੜਨ ਵਿਚ ਕਾਮਯਾਬ ਹੋ ਗਈ। ਪੁਲਿਸ ਵੱਲੋਂ ਉਸ ਗਰੀਬ ਬਿਰਧ ਸਿੰਘ ਉਪਰ ਉਹ ਜ਼ੁਲਮ ਕੀਤੇ ਗਏ ਜੋ ਇਕ ਸ਼ੈਤਾਨੀ ਦਿਮਾਗ ਦੀ ਰੂਹ ਵੀ ਦੇਖ ਕੇ ਕੰਬ ਉਠਦੀ ਹੈ। ਪਰ ਉਸ ਬਿਰਧ ਨੂੰ ਆਪਣੇ ਪੁੱਤਰ ਬਲਜੀਤ ਸਿੰਘ ਬਾਰੇ ਕੋਈ ਕੁਝ ਵੀ

ਪਤਾ ਨਹੀਂ ਸੀ ਕਿ ਉਹ ਕਿਥੇ ਹੈ ਇਸ ਜ਼ੁਲਮ ਦਾ ਉਹਨਾਂ ਉਪਰ ਅਜਿਹਾ ਅਸਰ ਹੋਇਆ ਕਿ ਉਹ ਆਪਣਾ ਦਿਮਾਗੀ ਤਵਾਜ਼ਨ ਗੁਆ ਬੈਠੇ ਨੰਗੇ ਪੈਰ, ਸਿਰ ਉਪਰ ਕੋਈ ਕਪੜਾ ਨਹੀਂ, ਤੜ ਕਮੀਜ਼ ਹੱਥਾਂ ਵਿਚ ਲੀਰਾਂ ਇਕੱਠੀਆਂ ਕਰਕੇ ਫੜੀਆਂ ਉਹ ਜੈਤੋ ਦੇ ਪਿੰਡਾਂ ਵਿਚ ਫਿਰਦੇ ਰਹਿੰਦੇ ਸਨ। ਜੇਕਰ ਕਈ ਪੁੱਛਦਾ ਜਾਂ ਗੱਲ ਕਰਨ ਦਾ ਯਤਨ ਕਰਦਾ ਤਾਂ ਕਹਿੰਦੇ "ਮੈਂ ਆਪਣੇ ਬੱਲੀ ਬੱਬਰ ਨੂੰ ਲੱਭ ਰਿਹਾ ਹਾਂ, ਕਦੇ ਕਦ ਏ ਕੇ ਕਹਿੰਦੇ, ਇਹਨਾਂ ਦੀ ਕੁੜੀ ਨੂੰ ਖ ? ਇਹ ਕੰਜਰ ਮੈਨੂੰ ਗਰੀਬ ਬੁੜ੍ਹੇ ਨੂੰ ਕੁੱਟ ਮਾਰ ਕੇ, ਖਾਲਸਤਾਨ ਬਣਨੋਂ ਕਿਵੇਂ ਰੋਕ ਲੈਣਗੇ, ਮੈਂ ਖਾਲਸਤਾਨ ਜ਼ਿੰਦਾਬਾਦ ਕਹਿੰਦਾ ਹਾਂ।" ਬਾਅਦ ਵਿਚ ਪਤਾ ਲੱਗਾ ਇਸ ਗਰੀਬ ਬਜ਼ੁਰਗ ਦੀ ਲਾਸ਼ ਰੋੜੀ ਕਪੂਰਾ ਕੋਲ ਮਿਲੀ ਸੀ। ਜਜ਼ਬਾਤਾਂ ਦੇ ਵਹਿਣਾਂ 'ਚ ਤਸ਼ੱਦਦ ਦੀ ਪੀੜ ਨਾਲ ਆਪਣਾ ਆਪ ਰੋਲਦੇ ਉਹ ਜੈਤੋ ਠਾਣੇ ਦੇ ਗੇਟ ਮੂਹਰੇ ਟਿਕਟਿਕੀ ਲਾਈ ਬਾਂਹ ਕੱਢ ਕੇ ਖਾਲਸਤਾਨ ਜ਼ਿੰਦਾਬਾਦ ਦਾ ਲਲਕਾਰਾ ਮਾਰ ਕੇ ਆਪਣਾ ਪਾਇਆ ਕੁੜਤਾ ਅੱਗੋਂ ਚੁੱਕ ਦਿੰਦੇ ਤੇ ਕਹਿੰਦੇ "ਸਾਲਿਓ-ਮੈਨੂੰ ਮਾਰਨ ਤੋਂ ਬਗੈਰ ਕੀ ਕਰ ਸਕਦੇ ਹੋ"? ਬਜ਼ਾਰਾਂ ਵਿਚ ਲੋਕ, ਰੇਹੜੀਆਂ ਵਾਲੇ ਹਰ ਰੋਜ਼ ਇਹ ਕਹਾਣੀ ਤੱਕਦੇ ਸਨ, ਘੁਸਰ ਮੁਸਰ ਵਿਚ ਸਾਰੇ ਹੀ ਕਹਿੰਦੇ ਸਨ ਕਿ " ਇਸ ਬਿਰਧ ਉਪਰ ਪੁਲਿਸ ਨੇ ਬਹੁਤ ਅਤਿਆਚਾਰ ਕੀਤਾ ਹੈ" ਲੋਕ ਦੱਸਦੇ ਸਨ ਜੈਤੋ ਠਾਣੇ ਵਿਚ ਇਸ ਬਿਰਧ 'ਤੇ ਇਤਨਾ ਤਸ਼ੱਦਦ ਹੋਇਆ ਕਿ ਘੋਟਣਿਆਂ ਨਾਲ ਲੱਤਾਂ ਉਪਰੋਂ ਥੱਪਾ ਥੱਪਾ ਚਮੜੀ ਉਧੇੜ ਸੁੱਟੀ ਲੱਤਾਂ ਦੀਆਂ ਹੱਡੀਆਂ ਦੇ ਟੋਟੇ ਟੋਟੇ ਹੋ ਗਏ ਸਨ

ਭਾਈ ਬਲਜੀਤ ਸਿੰਘ ਜੋ ਪਹਿਲਾਂ ਗੁਪਤ ਸੇਵਾ ਕਰਦੇ ਸਨ, ਘਰ ਛੱਡਣ ਤੋਂ ਬਾਅਦ ਬੱਬਰਾਂ ਦੇ ਦੁਸ਼ਟ ਸੋਧ ਜਥੇ ਵਿਚ ਜਾ ਸ਼ਾਮਲ ਹੋ ਗਏ ਜ਼ਿਲ੍ਹਾ ਬਠਿੰਡਾ ਦੇ ਪਿੰਡ ਰੱਖੜੇ ਵਿਚ ਉਹ ਘੇਰੇ ਵਿਚ ਆ ਗਏ। ਜ਼ਖਮੀ ਹੋਣ ਦੇ ਬਾਵਜੂਦ ਉਹ ਘੇਰੇ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਏ, ਉਹਨਾਂ ਨੂੰ ਸਕੂਟਰ 'ਤੇ ਜਾਂਦਿਆਂ ਗੋਲੀਆਂ ਲੱਗ ਗਈਆਂ ਸਨ ਇਸ ਲਈ ਕਾਫੀ ਅੱਗੇ ਜਾ ਕੇ ਇਕ ਬੱਸ ਵਿਚ ਸਵਾਰ ਹੋ ਗਏ, ਜੋ ਕੁਦਰਤ ਦੀ ਖੇਡ! ਜਿਸ ਦੁਸ਼ਟ ਨੂੰ ਉਹ ਸੋਧਣ ਨਿਕਲੇ ਸਨ, ਉਹ ਬੱਸ ਵਿਚ ਬੈਠਾ ਸੀ। ਉਨ੍ਹਾਂ ਨੇ ਉਸ ਦੁਸ਼ਟ ਨੂੰ ਇਕੱਲਿਆਂ ਹੀ ਲਲਕਾਰ ਲਿਆ। ਬੱਸ ਰੁਕ ਗਈ ਜਦੋਂ ਭਾਈ ਸਾਹਿਬ ਨੂੰ ਜੱਫਾ ਮਾਰ ਲਿਆ ਗਿਆ ਤਾਂ ਦੇਖ ਹੀ ਰੱਖੜੇ ਵਾਲੀ ਕਹਾਣੀ ਫਿਰ ਤੁਰ ਪਈ। ਫਿਰ ਪੁਲਿਸ ਦੇ ਘੇਰੇ ਵਿਚ ਆ ਗਏ। ਇਥੋਂ ਬੱਸ ਵਿਚੋਂ ਨਿਕਲ ਕੇ ਉਹਨਾਂ ਇਕ ਟਰੈਕਟਰ ਲਿਆ, ਗੋਲੀਆਂ ਲੱਗੀਆਂ ਹੋਣ ਕਾਰਨ ਲਹੂ ਵੀ ਕਾਫੀ ਵਹਿ ਰਿਹਾ ਸੀ, ਤਦ ਤੱਕ ਪੁਲਿਸ ਨੇ ਸਾਰੇ ਰਸਤੇ ਸੀਲ ਕਰ ਲਏ ਦੋਹਾਂ ਜ਼ਿਲ੍ਹਿਆਂ ਦੀ ਪੁਲਿਸ ਨੇ ਫੇਰ ਘੇਰ ਲਿਆ ਫਿਰ ਉਹਨਾਂ ਟਰੈਕਟਰ ਛੱਡ ਦਿੱਤਾ ਤੇ ਪੈਦਲ ਹੀ ਖੇਤਾਂ ਨੂੰ ਹੋ ਤੁਰੇ। ਰਸਤੇ ਵਿਚ ਇਕ ਮਾਂ ਤੋਂ ਪਾਣੀ ਮੰਗਿਆ। ਮਾਂ ਨੇ ਕਿਹਾ "ਤੈਂ ਖਾੜਕੂ ਹੋ ਕੇ ਪਾਣੀ ਮੰਗਦਾ ਹੈਂ"। ਭਾਈ ਸਾਹਿਬ ਨੇ ਉੱਤਰ ਦਿੱਤਾ "ਮਾਤਾ ਮੈਨੂੰ ਪਾਣੀ ਦੀ ਪਿਆਸ ਨਹੀਂ, ਮੈਂ ਤਾਂ ਇਹ (ਸਾਇਨਾਈਡ ਦਾ ਕੈਪਸੂਲ, ਖਾਣੀ ਸੀ।" ਭਾਈ ਸਾਹਿਬ ਉਥੋਂ ਖਿਸਕਦੇ ਹੋਏ ਇਕ ਚਰੀ ਦੇ ਖੇਤ ਵਿਚ ਵੜ ਗਏ ਅਤੇ ਬਿਲਕੁਲ ਇਕ ਸਧਾਰਨ ਪਿਸਤੌਲ ਨਾਲ ਦੋ ਜ਼ਿਲ੍ਹਿਆਂ ਦੀ ਪੁਲਿਸ ਨਾਲ ਆਖਰੀ ਗੋਲੀ ਤੱਕ ਲੜਦੇ ਰਹੇ। ਜਦੋਂ ਗੋਲੀਆਂ ਮੁੱਕ ਗਈਆਂ ਤਾਂ ਗੁਰੂ

ਅੱਗੇ ਸ਼ੁਕਰਗੁਜ਼ਾਰੀ ਦੀ ਅਰਦਾਸ ਕਰਕੇ ਸਾਇਨਾਈਡ ਛੱਕ ਲਈ। ਭਾਈ ਬਲਜੀਤ ਸਿੰਘ ਬੱਬਰ ਮੱਲਾ ਗੁਰੂ ਦੀ ਗੋਦ ਵਿਚ ਜਾ ਬੈਠੇ। ਫਰੀਦਕੋਟ, ਬਠਿੰਡਾ ਜ਼ਿਲ੍ਹਿਆਂ ਦੇ ਪੂਰੇ ਕਮਾਂਡੋ ਆਪਣੇ ਖੋਜੀ ਕੁੱਤਿਆਂ, ਬੁਲਟ ਪਰੂਫ ਟਰੈਕਟਰਾਂ ਨਾਲ ਚਰੀ ਦੇ ਖੇਤ ਨੂੰ ਘੇਰੀ ਬੈਠੇ ਰਹੇ। ਕੋਈ ਮਾਈ ਦਾ ਲਾਲ ਚਰੀ ਵਿਚ ਨਹੀਂ ਵੜ੍ਹਿਆ। ਕੋਈ ਦੋ ਘੰਟੇ ਚਾਰ ਕਨਾਲਾਂ ਚਰੀ ਉਪਰ ਮਸ਼ੀਨ ਗੰਨਾਂ ਦੀ ਫਾਇਰਿੰਗ ਕਰਕੇ ਫਿਰ ਕੂਹਣੀਆਂ ਭਾਰ ਰੁੜ ਰੁੜ ਕੇ ਬੁਲਟ ਪਰੂਫ ਟਰੈਕਟਰ ਨਾਲ ਚਰੀ ਵਿਚ ਵੜੇ ਫਿਰ ਵੀ ਡਰਦੇ ਨੇੜੇ ਨਹੀਂ ਗਏ। ਪਹਿਲਾਂ ਕੁੱਤਿਆਂ ਤੋਂ ਖੋਜ ਕਰਵਾਈ ਫਿਰ ਲਾਸ਼ ਦੇ ਨੇੜੇ ਗਏ, ਪੂਰੇ 36 ਘੰਟੇ ਇੱਕਲੇ ਸਿੰਘ ਨੇ ਦੋ ਜ਼ਿਲ੍ਹਿਆਂ ਦੀ ਪੁਲਿਸ ਨੂੰ ਵਖਤ ਪਾਈ ਰੱਖਿਆ। ਸ਼ਹੀਦ ਭਾਈ ਬਲਜੀਤ ਸਿੰਘ ਬੱਬਰ ਅੱਲ੍ਹੜ ਉਮਰੇ ਆਪਣੇ ਸਾਥੀਆਂ, ਆਪਣੇ ਪਿੰਡ ਨੂੰ ਅਲਵਿਦਾ ਕਹਿ ਗਏ

ਜਦ ਪਿੰਡ ਮੱਲਾ ਵਿਚੋਂ ਉਸ ਪਰਿਵਾਰ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ ਤਾਂ ਪਤਾ ਲੱਗਾ ਕਿ ਉਹਨਾਂ ਦਾ ਪਿੰਡ ਵਿਚ ਨਾ ਕੋਈ ਘਰ ਤੇ ਨਾ ਪਰਿਵਾਰ ਦੀ ਨਿਸ਼ਾਨੀ ਬਚੀ ਸੀ। ਜਦੋਂ ਇਕ ਗਰੀਬ ਦਿਹਾੜੀਦਾਰ ਤੋਂ ਪਤਾ ਕੀਤਾ ਕਹਿੰਦਾ "ਬੱਲੀ ਚੰਗਾ ਮੁੰਡਾ ਸੀ, ਅਣਖੀਲਾ ਸੀ, ਬੜੀਆਂ ਹੀ ਗੰਭੀਰ ਗੱਲਾਂ ਕਰਦਾ ਹੁੰਦਾ ਸੀ, ਪਿੰਡ ਦੇ ਸਾਰੇ ਹੀ ਖਾਸ ਕਰ ਗਰੀਬ ਘਰ ਉਸ 'ਤੇ ਬਹੁਤ ਮਾਣ ਕਰਦੇ ਹਨ।"

ਬੱਲੀ ਕਹਿੰਦਾ ਹੁੰਦਾ ਸੀ ਕਿ "ਕਝ ਲੋਕ ਅਜਿਹੇ ਹੁੰਦੇ ਹਨ ਜੋ ਸਿਰ ਝੁਕਾ ਕੇ ਗੁਲਾਮ ਹੋ ਜਾਂਦੇ ਹਨ ਪਰ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਸਿਰ ਉਠਾ ਕੇ ਵਕਤ ਹੀ ਬਦਲ ਦਿੰਦੇ ਹਨ। ਅਸੀਂ ਗਰੀਬੀ ਕਰਕੇ ਚੌਂਕਰੀਆਂ ਤਾਂ ਚਾਰ ਲਈਆਂ ਪਰ ਬੇ ਅਣਖੇ ਹੋ ਕੇ ਸਿਰ ਸੁਟ ਕੇ ਨਹੀਂ ਜੀਵੇ, ਗਰੀਬਾਂ ਲਈ ਖਾਲਸਤਾਨ ਇਕ ਵਰਦਾਨ ਹੋਵੇਗਾ।"

ਸ਼ਹੀਦ ਭਾਈ ਬਲਜੀਤ ਸਿੰਘ ਬੱਬਰ ਦੀ ਲਾਸ਼ ਪਿੰਡ ਨੂੰ ਸੌਂਪ ਦਿੱਤੀ ਸੀ। ਪਿੰਡ ਨੇ ਹੀ ਉਸ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਸਨ ਤੇ ਨਾਂ ਸਾਥੀ ਸਿੰਘਾਂ ਨੇ ਹੀ ਭੋਗ ਪਾਇਆ ਸੀ ਉਸ ਦਿਨ ਤੋਂ ਬਾਅਦ ਸ਼ਹੀਦ ਸਿੰਘ ਦਾ ਨਾਂ ਪਿੰਡ ਮੱਲਾ ਦੀਆਂ ਸੱਥਾਂ ਵਿਚ ਹੀ ਰਹਿ ਗਿਆ, ਬਾਕੀ ਪਿੰਡ ਨਾਲ ਆਖਰੀ ਸਾਂਝ ਬਿਲਕੁਲ ਹੀ ਟੁੱਟ ਗਈ। ਸਿਰਫ ਇਕ ਅੰਦਾਜ਼ਾ ਹੀ ਦੱਸਦੇ ਹਨ ਕਿ "ਬੱਲੀ ਬੱਬਰ" ਜੁਲਾਈ 1989 ਨੂੰ ਸ਼ਹੀਦ ਹੋਇਆ ਸੀ

ਖਾਲਸਾ ਕੌਮ ਦੀਆਂ ਇਹ ਅਣਸੁਲਝੀਆਂ ਜੀਵਨੀਆਂ, ਬਹਾਦਰੀਆਂ ਕੌਮ ਲਈ ਇਕ ਵੰਗਾਰ ਹਨ ਕਾਫੀ ਪੜਤਾਲ ਕਰਨ 'ਤੇ ਵੀ ਭਾਈ ਸਾਹਿਬ ਜੀ ਦੀ ਕੋਈ ਤਸਵੀਰ ਨਹੀਂ ਮਿਲ ਸਕੀ।

# ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ

ਕੀ ਹੋਇਆ ਜੇ ਤੁਸੀਂ ਭੁੱਲ ਗਏ ਹੋ,
ਮੈਂ ਆਪਣਾ ਫਰਜ਼ ਨਿਭਾਅ ਚੱਲਿਆਂ।
ਭਾਰੀ ਥੜ੍ਹੀ ਜੋ ਕੌਮ ਦੇ ਸਿਰ ਉੱਪਰ,
ਮੈਂ ਸਿਰ ਦੇ ਕੇ ਹਾਂ ਲਾਹ ਚੱਲਿਆਂ।

ਭਾਈ ਜਗਰਾਜ ਸਿੰਘ ਦਾ ਸੰਘਰਸ਼ਮਈ ਸਫਰ ਭਾਈ ਸੁਲੱਖਣ ਸਿੰਘ ਬੱਬਰ ਭਾਈ ਗੁਰਪਾਲ ਸਿੰਘ ਬੱਬਰ ਦੀ ਦੇਣ ਸੀ। ਗੁਰੂ ਸਾਹਿਬ ਜੀ ਦੇ ਸਨਮੁਖ ਸਾਥੀ ਸਿੰਘਾਂ ਨਾਲ ਕੀਤੀ ਅਰਦਾਸ ਦੇ ਇਕ ਇਕ ਬਲ ਨੂੰ ਸ਼ਹਾਦਤ ਸਮੇਂ ਤੱਕ ਅੰਗ ਸੰਗ ਨਿਭਾਇਆ।

"ਗੁਰੂ ਸਾਹਿਬ ਜੀਓ, ਸਰਬੱਤ ਦੇ ਭਲੇ ਦੀ ਚੜ੍ਹਦੀਕਲਾ ਲਈ ਤੁਰੇ ਹਾਂ, ਆਜ਼ਾਦੀ ਲਈ ਲੜ ਰਹੇ ਹਾਂ, ਅਜ਼ਾਦ ਹੋਣ ਤੱਕ ਲੜਾਂਗੇ, ਅਜ਼ਾਦ ਹੋ ਕੇ ਘਰਾਂ ਨੂੰ ਪਰਤਾਂਗੇ, ਨਹੀਂ ਤਾਂ ਦਰ ਦਰ ਦੀ ਗੁਲਾਮੀ ਨਾਲੋਂ ਮੌਤ ਦੇ ਦੇਣਾ।"

ਪੰਜਾਬ ਵਿਚ ਕਿਤੇ ਵੀ ਕੋਈ ਵੱਡੀ ਗੁਰੀਲਾ ਕਾਰਵਾਈ ਹੋ ਜਾਂਦੀ ਪੁਲਿਸ ਉਨ੍ਹਾਂ ਦੇ ਘਰ ਸਮਾਲਸਰ ਪਹਿਲਾਂ ਪਹੁੰਚ ਜਾਂਦੀ ਸੀ। ਸਾਰੇ ਪਰਿਵਾਰ ਨੂੰ ਚੁੱਕ ਕੇ ਤਫਤੀਸ਼ੀ ਕੇਂਦਰਾਂ ਵਿਚ ਬੰਦ ਕਰ ਦਿੱਤਾ ਜਾਂਦਾ ਸੀ। ਸਰਕਾਰੀ ਜਬਰ ਜ਼ੁਲਮ ਦੀ ਕਹਾਣੀ ਪੰਜਾਬ ਦੇ ਘਰ ਘਰ ਵਿਚ ਸੁਣੀ ਜਾ ਸਕਦੀ ਸੀ। ਸਿੰਘ ਗੱਭਰੂ ਆਜ਼ਾਦੀ ਦੀ ਤਾਂਘ ਲਈ ਪਰਿਵਾਰ ਛੱਡ ਕੇ ਮੈਦਾਨ ਵਿਚ ਨਿਕਲ ਰਹੇ ਸਨ।

ਉਸ ਸਮੇਂ ਦੇ ਪੰਜਾਬ ਪੁਲਿਸ ਮੁਖੀ ਜੂਲੀਓ ਐੱਫ ਰਿਬੈਰੋ ਨੇ ਜਦੋਂ ਪੰਜਾਬ ਵਿਚ ਇਹ ਐਲਾਨ ਕੀਤਾ ਕਿ ਗੋਲੀ ਹੀ ਪੰਜਾਬ ਸਮੱਸਿਆ ਦਾ ਹੱਲ ਹੈ ਤਾਂ ਸਰਕਾਰ ਦੀਆਂ ਜ਼ਾਲਮ ਧਾੜਾਂ ਨੇ ਬੱਚਿਆਂ, ਬਜ਼ੁਰਗਾਂ, ਬੀਬੀਆਂ ਨੂੰ ਵੀ ਨਹੀਂ ਬਖਸ਼ਿਆ। ਰਿਬੈਰੋ ਪੰਜਾਬ ਵਿਚ 1985 ਤੋਂ 1989 ਤੱਕ ਪੰਜਾਬ ਪੁਲਿਸ ਦਾ ਡਾਇਰੈਕਟਰ ਜਨਰਲ ਰਿਹਾ। ਉਸ ਨੇ ਪੰਜਾਬ ਦੇ ਹਾਲਾਤ ਕਾਫੀ ਖਰਾਬ ਕਰ ਦਿੱਤੇ ਸਨ। ਉਹ ਖ਼ਾਲਸਤਾਨੀ ਖਾੜਕੂਆਂ ਦੀ ਹਿੱਟ ਲਿਸਟ 'ਤੇ ਆ ਗਿਆ ਸੀ। ਸੰਨ 1986 ਵਿਚ ਸਿੰਘਾਂ ਨੇ ਉਸ ਉਪਰ ਉਸ ਦੀ ਸਰਕਾਰੀ ਰਿਹਾਇਸ਼ 'ਤੇ ਜਲੰਧਰ ਵਿਖੇ ਹਮਲਾ ਕਰ ਦਿੱਤਾ। ਜਿਥੋਂ ਉਹ ਲੰਮਾ ਪੈ ਕੇ ਬਚ ਗਿਆ ਸੀ। ਉਸ ਦੀ ਘਰ ਵਾਲੀ ਦੇ ਕੁਝ ਗੋਲੀਆਂ ਵੱਜ ਗਈਆਂ ਸਨ ਅਤੇ ਤਿੰਨ ਸਰਕਾਰੀ ਗੰਨਮੈਨ ਇਸ ਗੋਲਾਬਾਰੀ ਵਿਚ ਮਾਰੇ ਗਏ ਸਨ। ਰਿਬੈਰੋ ਦੀ ਮੇਮ ਦੀਆਂ ਚੀਕਾਂ ਸੁਣੀਆਂ ਨਹੀਂ ਜਾ ਰਹੀਆਂ ਸਨ ਜਦੋਂ ਉਸ ਨੂੰ ਕਮਾਂਡੋ ਚੁੱਕ ਕੇ ਲੈ ਕੇ ਜਾ ਰਹੇ ਸਨ। ਹਿੰਦ ਸਰਕਾਰ ਨੇ ਰਿਬੈਰੋ ਨੂੰ ਪੰਜਾਬ ਵਿਚੋਂ ਹਟਾ ਕੇ ਉਸ ਨੂੰ ਖਾੜਕੂਆਂ ਤੋਂ ਲੁਕਾ ਕੇ ਰੁਮਾਨੀਆ ਭੇਜ ਦਿੱਤਾ ਸੀ।

ਪਰ ਬੱਬਰ ਸ਼ੇਰਾਂ ਨੇ ਵੀ ਉਸ ਨੂੰ ਸਬਕ ਸਿਖਾਉਣ ਦੀ ਠਾਣ ਲਈ ਸੀ। ਰਿਬੈਰੋ ਦੇ ਰੁਮਾਨੀਆ ਜਾਣ ਤੋਂ ਕੁਝ ਮਹੀਨਿਆਂ ਬਾਅਦ ਹੀ ਸਿੰਘ ਉਸ ਦੇ ਮਗਰ ਲੱਗ ਗਏ ਸਨ।

ਇਸ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਬੱਬਰਾਂ ਅਤੇ ਖ਼ਾਲਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੇ ਇਕ ਸਾਂਝੀ ਰਣਨੀਤੀ ਬਣਾਈ। ਜਿਸ ਦੀ ਸਾਰੀ ਕਾਰਜ ਯੋਜਨਾ ਦਾ ਮੁਖੀ ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ ਸੀ, ਜੋ ਜਰਮਨੀ ਦੇ ਰਸਤੇ ਜੂਨ 1991 ਦੇ ਸ਼ੁਰੂ ਵਿਚ ਸਵਿਟਜ਼ਰਲੈਂਡ ਵਿਚ ਪਹੁੰਚਿਆ। ਜਿਥੇ ਉਸ ਨੇ ਸਿਆਸੀ ਪਨਾਹ ਲਈ ਅਰਜ਼ੀ ਦਿੱਤੀ। ਇਥੇ ਹੀ ਉਸ ਨੇ ਭਾਈ ਪ੍ਰਗਟ ਸਿੰਘ ਨਿੱਝਰ ਅਤੇ ਭਾਈ ਜਗਵਿੰਦਰ ਸਿੰਘ ਰਕਬਾ ਨੂੰ ਆਪਣੇ ਕੋਲ ਸੱਦਿਆ। ਇਹਨਾਂ ਦੋਹਾਂ ਸਿੰਘਾਂ ਨੇ ਵੀ ਇਥੇ ਸਿਆਸੀ ਪਨਾਹ ਲਈ ਅਰਜ਼ੀਆਂ ਦਿੱਤੀਆਂ। ਇਥੋਂ ਹੀ ਸਾਰੇ ਸਿੰਘ 15 ਜੂਨ 1991 ਨੂੰ ਗੈਰਕਾਨੂੰਨੀ ਢੰਗ ਨਾਲ ਰੋਮਾਨੀਆ ਵਿਚ ਦਾਖਲ ਹੋਏ। ਜਿਥੇ ਇਹ ਸਿੰਘ 20 ਦਿਨਾਂ ਤੱਕ ਇਕ ਕਮਰੇ ਵਿਚ ਲੁਕ ਕੇ ਰਹੇ। ਨਾਰਟੇ ਰੇਲਵੇ ਸਟੇਸ਼ਨ ਨੇੜੇ ਨੀਗ੍ਰ ਬਨ ਡਨੀਟ੍ਰ ਕੋਲ ਇਕ ਫਲੈਟ ਕਰਾਏ 'ਤੇ ਲੈ ਲਿਆ, ਜਿਥੇ ਇਹ ਸਿੰਘ ਦੂਜੇ ਸਿੰਘਾਂ ਭਾਈ ਗੁਰਪਾਲ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਨੂੰ ਮਿਲਦੇ ਰਹਿੰਦੇ ਸਨ।

ਏਥੇ ਹੀ ਭਾਈ ਜੁਗਰਾਜ ਸਿੰਘ ਨੇ ਤਿੰਨ ਕਾਰਾਂ ਅਤੇ ਹਥਿਆਰਾਂ ਦਾ ਪ੍ਰਬੰਧ ਕੀਤਾ। ਏਥੇ ਹੀ ਸਿੰਘਾਂ ਨੇ ਰਿਬੇਰੋ ਦੇ ਘਰ ਅਤੇ ਦਫਤਰ ਦੇ ਰਸਤਿਆਂ ਦੀ ਪਛਾਣ ਕੀਤੀ ਅਤੇ ਪਤਾ ਕੀਤਾ ਕਿ ਉਹ ਹਰ ਰੋਜ਼ ਸ਼ਾਮ ਨੂੰ ਘਰੋਂ ਸੈਰ ਲਈ ਕਦੋਂ ਨਿਕਲਦਾ ਹੈ

20 ਅਗਸਤ 1991 ਨੂੰ 2.00 ਵਜੇ ਦੇ ਕਰੀਬ ਸਾਰੇ ਸਿੰਘ ਡਨੀਟ੍ਰ ਵਾਲੇ ਫਲੈਟ 'ਤੇ ਇਕੱਠੇ ਹੋਏ ਅਤੇ ਇਸ ਪਲਾਨ ਨੂੰ ਅਮਲੀ ਤੌਰ 'ਤੇ ਸਿਰੇ ਚਾੜ੍ਹਨ ਦਾ ਫੈਸਲਾ ਕੀਤਾ। ਭਾਈ ਜਗਵਿੰਦਰ ਸਿੰਘ, ਭਾਈ ਗੁਰਪਾਲ ਸਿੰਘ ਰਿਬੇਰੋ ਦੇ ਘਰ ਕੋਲ ਪਾਸੇ 'ਤੇ ਆਪਣੀ ਕਾਰ ਨੂੰ ਪਾਰਕ ਕਰਕੇ ਰਿਬੇਰੋ ਦਾ ਘਰੋਂ ਨਿਕਲਣ ਦਾ ਇੰਤਜ਼ਾਰ ਕਰਨ ਲੱਗੇ। ਜਿਉਂ ਹੀ ਰਿਬੇਰੋ ਅਤੇ ਉਸਦੀ ਪਤਨੀ ਮੈਲਬਾ ਪੰਜ ਵਜੇ ਕੇ ਵੀਹ ਮਿੰਟ 'ਤੇ ਘਰੋਂ ਸੈਰ ਲਈ ਆਪਣੀ ਕਾਰ ਵਿਚ ਐਵੀਏਟਰਲਾਰ ਐਵਨੀਓ ਉਤੇ ਪਹੁੰਚੇ ਤਾਂ ਭਾਈ ਜਗਵਿੰਦਰ ਸਿੰਘ ਅਤੇ ਭਾਈ ਗੁਰਪਾਲ ਸਿੰਘ ਨੇ ਵਾਕੀ ਟਾਕੀ ਸੈੱਟ ਰਾਹੀਂ ਭਾਈ ਜੁਗਰਾਜ ਸਿੰਘ ਹੁਰਾਂ ਨੂੰ ਇਸ਼ਾਰਾ ਕਰ ਦਿੱਤਾ ਜਿਥੇ ਸਿੰਘ ਪਹਿਲਾਂ ਹੀ ਰਿਬੇਰੋ ਦਾ ਇੰਤਜ਼ਾਰ ਕਰ ਰਹੇ ਸਨ।

ਸਭ ਤੋਂ ਪਹਿਲਾਂ ਭਾਈ ਜੁਗਰਾਜ ਸਿੰਘ ਸਮਾਲਸਰ ਨੇ ਆਪਣੀ 7.62 ਕੈਲੀਬਰ ਦੀ ਸ਼ਾਟਗੰਨ ਨਾਲ ਰਿਬੇਰੋ 'ਤੇ ਗੋਲੀਆਂ ਦਾਗੀਆਂ ਜੋ ਉਸਦੇ ਪੱਟਾਂ ਦੇ ਸੰਨਾਂ ਤੋਂ ਉਪਰ ਲੱਗ ਚੁੱਕੀਆਂ ਸਨ ਅਤੇ ਉਹ ਭੱਜ ਕੇ ਸਾਹਮਣੇ 31 ਨੰਬਰ ਦੀ ਖੁੱਲ੍ਹੀ ਹਵੇਲੀ ਵਿਚ ਜਾ ਵੜਿਆ ਸੀ। ਰਿਬੇਰੋ ਦੇ ਸਕਿਉਰਿਟੀ ਗਾਰਡਾਂ ਨੇ ਜਦੋਂ ਜਵਾਬੀ ਕਾਰਵਾਈ ਕੀਤੀ ਤਾਂ ਭਾਈ ਜੁਗਰਾਜ ਸਿੰਘ ਦੇ ਕਈ ਗੋਲੀਆਂ ਲੱਗ ਗਈਆਂ ਅਤੇ ਉਹ ਸਖ਼ਤ ਜ਼ਖ਼ਮੀ ਹਾਲਤ ਵਿਚ ਡਿਗ ਪਏ ਅਤੇ ਬਾਅਦ ਵਿਚ ਸ਼ਹੀਦ ਹੋ ਗਏ। ਭਾਈ ਜਗਵਿੰਦਰ ਸਿੰਘ ਰਕਬਾ ਵੀ ਆਪਣੀ ਗੱਡੀ ਵਿਚ ਬੈਠੇ ਹੀ ਸਖ਼ਤ ਜ਼ਖ਼ਮੀ ਹੋ ਗਏ ਸਨ ਤੇ ਆਪਣੀ ਕਾਰ ਵਿਚ ਹੀ ਲੁਕ ਗਏ ਸਨ, ਜੋ ਪੁਲਿਸ ਵਲੋਂ ਫੜ ਲਏ ਗਏ। ਭਾਈ ਪ੍ਰਗਟ ਸਿੰਘ ਨਿੱਝਰ ਨੂੰ ਲਾਰਿਨ ਮਿਲਾਨ ਨਾਮ ਦੇ ਇਕ ਵਿਅਕਤੀ ਨੇ ਫੜ ਲਿਆ। ਭਾਈ ਬਲਵਿੰਦਰ ਸਿੰਘ ਅਤੇ ਭਾਈ ਗੁਰਪਾਲ ਸਿੰਘ ਪੁਲਿਸ ਨੂੰ ਚੱਕਮਾ ਦੇ ਕੇ ਨਿਕਲ ਗਏ ਸਨ।

ਜੇ ਸਿੰਘ ਚਾਹੁੰਦੇ ਤਾਂ ਰਿਬੇਰੋ ਦੀ ਪਤਨੀ ਮੈਲਬਾ ਨੂੰ ਮਾਰ ਸਕਦੇ ਸਨ ਪਰ ਸਿੰਘਾਂ ਨੇ

ਇਹ ਕੰਮ ਨਹੀਂ ਕੀਤਾ। ਸਿੰਘ ਭਾਈ ਜਗਵਿੰਦਰ ਸਿੰਘ ਰਕਬਾ ਨੂੰ ਮਰਿਆ ਹੋਇਆ ਸਮਝ ਰਹੇ ਸਨ ਪਰ ਉਹ ਲੰਮਾਂ ਸਮਾਂ ਹਸਪਤਾਲ ਵਿਚ ਜੇਰੇ ਇਲਾਜ ਰਹੇ। ਸਬੱਬੀਂ ਜਿਥੇ ਰਿਬੈਰੋ ਦਾ ਇਲਾਜ ਹੋ ਰਿਹਾ ਸੀ ਉਥੇ ਹੀ ਜਗਵਿੰਦਰ ਦਾ ਇਲਾਜ ਹੋ ਰਿਹਾ ਸੀ। ਪੰਜ ਮਹੀਨੇ ਬਾਅਦ ਇਸ ਕੇਸ ਦੀ ਸੁਣਵਾਈ ਸ਼ੁਰੂ ਹੋਈ। ਕੇਸ ਮਿਲਟਰੀ ਦੀ ਅਦਾਲਤ ਵਿਚ ਚੱਲਿਆ ਜਿਥੇ ਬੜੇ ਹੀ ਸਖ਼ਤ ਪਹਿਰੇ ਹੇਠ ਦੋਹਾਂ ਸਿੰਘਾਂ ਭਾਈ ਪ੍ਰਗਟ ਸਿੰਘ ਨਿੱਝਰ ਨੂੰ ਦਸ ਸਾਲ ਅਤੇ ਜਗਵਿੰਦਰ ਸਿੰਘ ਰਕਬਾ ਨੂੰ ਸਾਢੇ ਅੱਠ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ਇਹਨਾਂ ਸਿੰਘਾਂ ਨੇ ਜੇਲ੍ਹ ਵਿਚ ਬੜੇ ਹੀ ਦੁਖ ਝੱਲੇ।

ਭਾਈ ਜੁਗਰਾਜ ਸਿੰਘ ਬੱਬਰ ਦੀ ਲਾਸ਼ ਦੀ ਸ਼ਨਾਖ਼ਤ ਨਹੀਂ ਹੋ ਰਹੀ ਸੀ। ਇਸ ਕਰਕੇ ਉਹਨਾਂ ਦੀ ਮ੍ਰਿਤਕ ਦੇਹ ਨੂੰ ਲੰਮਾਂ ਸਮਾਂ ਫਰੀਜ਼ਰ 'ਚ ਰੱਖ ਦਿੱਤਾ ਗਿਆ। ਰੁਮਾਨੀਆ ਦੀ ਪੁਲਿਸ ਉਸ ਦੀ ਲਾਸ਼ ਦੀ ਸ਼ਨਾਖ਼ਤ ਕਰਵਾਉਣਾ ਚਾਹੁੰਦੀ ਸੀ ਜੋ ਕਿ ਹੋ ਨਹੀਂ ਰਹੀ ਸੀ। ਅਖੀਰ ਉਸ ਦੀ ਲਾਸ਼ ਨੂੰ ਕਿਸੇ ਮੁਸਲਮਾਨ ਦੀ ਲਾਸ਼ ਸਮਝ ਕੇ ਬੁਖਾਰੇਸਟ ਦੇ ਕਬਰਸਤਾਨ ਵਿਚ ਦਫਨਾ ਦਿੱਤਾ ਗਿਆ।

ਯੂਰਪ ਦੇ ਸਿੰਘਾਂ ਦੀ ਲੰਮੀ ਜਦੋ-ਜਹਿਦ ਪਿਛੋਂ ਉਹਨਾਂ ਦੀ ਲਾਸ਼ ਨੂੰ ਕਬਰਸਤਾਨ ਵਿਚੋਂ ਕੱਢ ਕੇ ਸਿੱਖ ਧਾਰਮਿਕ ਮਰਯਾਦਾ ਅਨੁਸਾਰ ਸਸਕਾਰ ਕੀਤਾ ਗਿਆ। ਜਿਸ ਵਿਚ ਭਾਈ ਸੁਰਿੰਦਰ ਸਿੰਘ ਨਿੱਝਰ ਜਰਮਨ, ਭਾਈ ਕਰਨੈਲ ਸਿੰਘ ਜਰਮਨ, ਭਾਈ ਸੰਤੋਖ ਸਿੰਘ ਖੇਲਾ ਕੈਨੇਡਾ ਅਤੇ ਦੋ ਸਿੰਘ ਇੰਗਲੈਂਡ ਦੇ ਸਨ। ਰੁਮਾਨੀਆਂ ਦੀ ਲੋਕਲ ਸਕਿਉਰਿਟੀ ਅਥੌਰਟੀ ਨੇ ਜੁਗਰਾਜ ਸਿੰਘ ਬੱਬਰ ਸਮਾਲਸਰ ਦੀ ਲਾਸ਼ ਦੀ ਸ਼ਨਾਖ਼ਤ ਅਤੇ ਅੰਤਿਮ ਰਸਮਾਂ ਪੂਰੀਆਂ ਕਰਨ ਦੀ ਇਜਾਜ਼ਤ ਦੇ ਰੱਖੀ ਸੀ। ਇਹਨਾਂ ਸਿੰਘਾਂ ਨੇ ਭਾਈ ਸਾਹਿਬ ਜੀ ਦੇ ਸਸਕਾਰ ਦੀਆਂ ਰਸਮਾਂ ਪੂਰੀਆਂ ਕੀਤੀਆਂ ਅਤੇ ਰਾਖ ਨੂੰ ਨੇੜੇ ਵਗਦੇ ਦਰਿਆ ਵਿਚ ਪ੍ਰਵਾਹ ਕਰ ਦਿੱਤਾ।

ਜਦੋਂ ਦਿਲੀ ਵਿਚ ਰੁਮਾਨੀਆ ਦੇ ਰਾਜਦੂਤ ਰਾਦੂ ਨੂੰ ਖਾੜਕੂਆਂ ਨੇ ਅਗਵਾ ਕਰ ਲਿਆ ਸੀ ਤਾਂ ਰੁਮਾਨੀਆ ਸਰਕਾਰ ਨੇ ਰਿਬੈਰ ਨੂੰ ਰੁਮਾਨੀਆ ਵਿਚੋਂ ਕੱਢ ਦਿੱਤਾ ਸੀ, ਜੋ ਹੁਣ ਕਿਤੇ ਗੁਪਤਵਾਸ ਅਪਾਹਜ ਦੀ ਹਾਲਤ ਵਿਚ ਰਹਿ ਰਿਹਾ ਹੈ

ਭਾਈ ਜੁਗਰਾਜ ਸਿੰਘ ਨੇ ਰਿਬੈਰ ਮਿਸ਼ਨ 'ਤੇ ਜਾਣ ਤੋਂ ਦੋ ਹਫਤੇ ਪਹਿਲਾਂ ਹੀ ਆਪਣੀ ਭੈਣ ਦੀ ਸ਼ਾਦੀ ਕੀਤੀ ਸੀ। ਆਪਣੇ ਇਸ ਮਿਸ਼ਨ ਨੂੰ ਆਪ ਜੀ ਨੇ ਇਤਨਾ ਗੁਪਤ ਰੱਖਿਆ ਸੀ ਕਿ ਪਰਿਵਾਰ ਨੂੰ ਤਾਂ ਕੀ ਰੁਮਾਨੀਆ ਪਹੁੰਚਣ ਤੱਕ ਆਪਣੇ ਸਾਥੀਆਂ ਨੂੰ ਵੀ ਨਹੀਂ ਪਤਾ ਸੀ। ਆਪ ਜੀ ਨੇ ਆਪਣਾ ਪਾਸਪੋਰਟ ਸੁਰਜੀਤ ਸਿੰਘ ਦੇ ਨਾਮ 'ਤੇ ਬਣਵਾਇਆ ਹੋਇਆ ਸੀ। ਭਾਈ ਸਾਹਿਬ ਜੀ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਵੀ ਪੰਜਾਬ ਪੁਲਿਸ ਉਹਨਾਂ ਨੂੰ ਭਾਲਦੀ ਘਰ ਆ ਜਾਂਦੀ ਸੀ।

ਮਾਤਾ ਰਣਜੀਤ ਕੌਰ ਅਤੇ ਪਿਤਾ ਹਰਮਿੰਦਰ ਸਿੰਘ ਜਿਥੇ ਆਪਣੇ ਪੁੱਤਰ ਦੀ ਕੁਰਬਾਨੀ 'ਤੇ ਮਾਣ ਕਰਦੇ ਹਨ ਉੱਥੇ ਉਹ ਰਵਾਇਤੀ ਅਕਾਲੀਆਂ 'ਤੇ ਵੀ ਗਿਲ੍ਹਾ ਕਰਦੇ ਹਨ। ਮਾਤਾ ਜੀ ਦੀ ਕੁੱਖੋਂ 19 ਸਤੰਬਰ 1964 ਨੂੰ ਜਨਮੇ ਭਾਈ ਜੁਗਰਾਜ ਸਿੰਘ ਦੀ ਸ਼ਹਾਦਤ ਬਾਅਦ ਵੀ ਅੱਖੋਂ ਵੈਰਾਗ ਵਿਚ ਗਲੇਡੂ ਬਣ ਕੇ ਨਹੀਂ ਕਿਰੀ। ਬਿਰਧ ਪਿਤਾ ਸ. ਹਰਮਿੰਦਰ

ਸਿੰਘ ਆਪਣੇ ਪੁੱਤਰ ਦੀ ਕੌਮ ਪਿਛੇ ਦਿੱਤੀ ਬਹਾਦਰੀ ਦਾ ਆਪਣੀ ਮੁੱਛ 'ਤੇ ਹੱਥ ਫੇਰ ਕੇ ਫ਼ੱਖਰ ਮਹਿਸੂਸ ਕਰਦੇ ਹਨ।

"ਮੇਰਾ ਜੁਗਰਾਜ, ਜੁਗਰਾਜ ਹੀ ਸੀ, ਇਹਨਾਂ ਲੀਡਰਾਂ ਦੇ ਪੁਤਰ ਕਿਉਂ ਨਹੀਂ ਮਰਦੇ, ਜੇ ਇਹਨਾਂ ਲੀਡਰਾਂ ਗਦਾਰਾਂ ਦੇ ਸਿਰੋਂ ਗਦਾਰੀ ਲਹਿਜੇ, ਫੇਰ ਸ਼ਾਇਦ ਕੌਮ ਦਾ ਕੁਝ ਬਣ ਜੇ ਮੇਰੇ ਸ਼ੇਰ ਨੇ ਸੱਤ ਸਮੁੰਦਰੋਂ ਪਾਰ ਜਾ ਕੇ ਬਹਾਦਰੀ ਦਿੱਤੀ ਹੈ। ਊਧਮ ਸਿੰਘ ਸੁਨਾਮ ਦਾ ਇਤਿਹਾਸ ਦੁਹਰਾ ਦਿੱਤਾ ਹੈ।"

ਇਕ ਵਾਰ ਪਿੰਡ ਰੋੜੇ ਵਿਖੇ ਮਾਤਾ ਜੀ ਨੂੰ ਸਨਮਾਨਤ ਕਰਨ ਵਾਸਤੇ ਲਿਜਾਇਆ ਗਿਆ। ਉਥੇ ਭਰ ਪੰਡਾਲ ਵਿਚ ਇਕ ਸਿਰਪਾਓ ਅਤੇ ਇਕ ਲਫਾਫਾ ਦਿੱਤਾ ਗਿਆ। ਮਾਤਾ ਜੀ ਨੇ ਜਦ ਲਫਾਫਾ ਖੋਲ੍ਹ ਕੇ ਵੇਖਿਆ ਤਾਂ ਵਿਚ ਗਿਆਰਾਂ ਸੌ ਰੁਪੈ ਸਨ ਮਾਤਾ ਜੀ ਨੇ ਸਿਰਫ ਸਿਰਪਾਓ ਹੀ ਸਵੀਕਾਰ ਕੀਤਾ ਅਤੇ ਗਿਆਰਾਂ ਸੌ ਰੁਪੈ ਵਾਲਾ ਲਿਫਾਫਾ ਵਾਪਸ ਕਰ ਦਿੱਤਾ। ਮਾਂ ਦਾ ਪਿਆਰ ਬੋਲ ਉਠਿਆ, ਮੇਰਾ ਜੁਗਰਾਜ ਇਹਨਾਂ ਰੁਪੈਆਂ ਦਾ ਨਹੀਂ। ਇਹ ਕਿਸੇ ਹੋਰ ਲੋੜਵੰਦ ਨੂੰ ਦੇ ਦਵੋ

ਪਰਿਵਾਰ ਦਾ ਇਕ ਗਿਲਾ ਵਾਜਬ ਵੀ ਹੈ। ਵੋਟਾਂ ਵਾਲੇ ਮੇਲਿਆਂ 'ਤੇ ਸਾਨੂੰ ਦਿਖਾਉਣ ਨੂੰ ਸਾਡੇ ਪੁਤਰ ਜੁਗਰਾਜ ਦੇ ਨਾਮ ਨੂੰ ਵਰਤਣ ਵਾਸਤੇ ਕਈ ਲੀਡਰ ਆ ਜਾਂਦੇ ਹਨ, ਸਾਨੂੰ ਲੈ ਜਾਂਦੇ ਹਨ। ਪਰ ਫਿਰ ਇਹ ਲੋਕ ਮੇਰ ਸ਼ਹੀਦ ਪੁੱਤਰ ਦੀ ਸਾਂਝੀ ਬਰਸੀ ਕਿਉਂ ਨਹੀਂ ਮਨਾਉਂਦੇ।

ਮਾਤਾ ਜੀ ਨੇ ਸ਼ਹੀਦ ਸਿਘ ਦੀ ਇਕ ਪੁਰਾਣੀ ਹੱਥ ਲਿਖਤ ਚਿੱਠੀ ਇਕ ਚਾਹ ਪੱਤੀ ਵਾਲੀ ਡੱਬੀ ਵਿਚ ਲੁਕਾ ਕੇ ਰੱਖੀ ਜਦ ਕੱਢ ਕੇ ਪੜ੍ਹੀ ਤਾਂ ਮਮਤਾ ਦਾ ਦਰਦ ਕੁਰਲਾ ਉਠਿਆ। ਪੰਜ ਪਲਿਸ ਹੁਣ ਵੀ ਆਉਂਦੀ ਹੈ, ਡਰਦੀ ਨੇ ਜੁਗਰਾਜ ਦੀ ਆਖਰੀ ਨਿਸ਼ਾਨੀ ਸਾਂਭੀ ਹੈ ਕਿਤੇ ਇਹ ਵੀ ਚੰਦਰ ਲੈ ਨਾ ਜਾਣ।

ਭਾਈ ਜੁਗਰਾਜ ਸਿੰਘ ਬਿਲਕੁਲ ਹੀ ਸਧਾਰਨ ਪਰਿਵਾਰ ਵਿਚ ਜਨਮੇ ਹੀਰੇ ਸਨ। ਇਕ ਰੀਖ਼ੀਰ ਚਿੰਤਕ ਅਤੇ ਵਿਚਾਰਿਕ ਤੌਰ 'ਤੇ ਪ੍ਰਪੱਕ ਇਲਾਕੇ ਦੇ ਨਾਮਵਰ ਹਕੀਮ ਸਨ ਆਪ ਜੀ ਦੇ ਦਾਦਾ ਜੀ ਵੈਦ ਕਾਕੂ ਸਿੰਘ। ਬੁੱਟਰ ਬੰਧਣੀ ਦੇ ਨਾਨਕਾ ਪਰਿਵਾਰ ਅੰਦਰੋਂ ਬਚਪਨ ਤੋਂ ਹੀ ਧਾਰਮਕ ਜਾਗ ਲੱਗੀ ਹੋਈ ਸੀ ਜੋ ਹਮੇਸ਼ਾ ਕੌਮ ਲਈ ਕੁਝ ਕਰਨ ਲਈ ਪ੍ਰੇਰਦੀ ਰਹਿੰਦੀ ਸੀ। ਸਮਾਲਸਰ ਤੋਂ ਰੁਮਾਨੀਆ ਚੌਂਕ ਦਾ ਸ਼ਹਾਦਤਾਂ ਕੁਰਬਾਨੀਆਂ ਦਾ ਸਫਰ ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਵੰਗਾਰ ਰਿਹਾ ਹੈ

ਗੁਲਾਮ ਸਿਰੋਂ, ਪੈੜਾਂ ਅਣਖਾਂ ਦੀਆਂ ਏਧਰ ਜਾਂਦੀਆਂ ਹਨ।

# ਭਾਈ ਜਗਵਿੰਦਰ ਸਿੰਘ ਰਕਬਾ

"ਮਾਤਾ ਜੀ ਪੰਜਾਬ ਦੇ ਹਾਲਾਤ ਠੀਕ ਨਹੀਂ ਹਨ ਪੁਲਿਸ ਸਿੱਖ ਗੱਭਰੂਆਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਰਹੀ ਹੈ, ਮੈਂ ਵੀ ਕਿਤੇ ਬਾਹਰਲੇ ਮੁਲਕ ਵਿਚ ਚਲਾ ਜਾਵਾਂ ਤਾਂ ਚੰਗਾ ਹੈ, ਨਾਲੇ ਜੇ ਮੈਂ ਬਾਹਰ ਚਲਿਆ ਗਿਆ ਤਾਂ ਸਾਰੇ ਘਰ ਦੇ ਪੌਣੇ ਪੈ ਦਿਆਂਗਾ।" ਕੁਝ ਦਿਨਾਂ ਤੋਂ ਭਾਈ ਜਗਵਿੰਦਰ ਸਿੰਘ ਅਕਸਰ ਇਹ ਗੱਲਾਂ ਕਰਦੇ ਰਹਿੰਦੇ ਸਨ ਪਰਿਵਾਰ ਨੂੰ ਕਦੀ ਪਤਾ ਨਹੀਂ ਸੀ ਕਿ ਜਗਵਿੰਦਰ ਸਿੰਘ ਆਪਣੇ ਅੰਦਰ ਕੀ ਛੁਪਾਈ ਬੈਠੇ ਹਨ। ਇਕ ਦਿਨ ਭਾਈ ਸਾਹਿਬ ਸਾਰੇ ਪਰਿਵਾਰ ਨੂੰ ਬੜੇ ਸਤਿਕਾਰ ਨਾਲ ਘੁੱਟ ਕੇ ਮਿਲੇ। ਮਾਤਾ ਜੀ, ਪਿਤਾ ਜੀ ਦੇ ਚਰਨ ਛੁਹ ਕੇ ਲੋੜੀਂਦਾ ਸਮਾਨ ਲੈ ਕੇ ਪਰਿਵਾਰ ਨੂੰ ਆਖਰੀ ਫਤਹਿ ਬੁਲਾ ਵਿਦੇਸ਼ ਰਵਾਨਾ ਹੋ ਗਏ। ਪਰਿਵਾਰ ਨੇ ਸਮਝਿਆ ਕਾਕਾ ਬਾਹਰ ਪੈਸਾ ਕਮਾਉਣ ਗਿਆ ਹੈ ਪਰ ਉਹਨਾਂ ਨੂੰ ਬਾਅਦ ਵਿਚ ਉਦੋਂ ਪਤਾ ਲੱਗਾ ਜਦੋਂ ਭਾਈ ਜਗਵਿੰਦਰ ਸਿੰਘ ਉਰਫ ਗੁਰਮੇਲ ਸਿੰਘ ਰੋਮਾਨੀਆਂ 'ਚ 'ਰਿਬੈਰੋਂ' 'ਤੇ ਹਮਲਾ ਕਰਨ ਸਮੇਂ ਸਖ਼ਤ ਜ਼ਖ਼ਮੀ ਹਾਲਤ ਵਿਚ ਫੜਿਆ ਗਿਆ। ਉਹਨਾਂ ਦਾ ਪੁੱਤਰ ਤਾਂ ਦੁਸ਼ਟਾਂ ਵਲੋਂ ਕੌਮ ਸਿਰ ਚਾੜ੍ਹੇ ਕਰਜ਼ ਨੂੰ ਉਤਾਰਨ ਗਿਆ ਇਕ ਹੀਰਾ ਸੀ।

18 ਸਾਲ ਪਹਿਲਾਂ ਆਪਣੇ ਹੱਥੀਂ ਤੋਰੇ ਪੁੱਤਰ ਬਿੱਟੂ ਦੀ ਸ਼ਹਾਦਤ ਨੂੰ ਮਾਤਾ ਚਰਨਜੀਤ ਕੌਰ ਜੀ ਅਕਾਲ ਪੁਰਖ ਦਾ ਹੁਕਮ ਮੰਨਦੇ ਹਨ ਪਿਤਾ ਸਰਦਾਰ ਦਲੀਪ ਸਿੰਘ ਜਜ਼ਬਾਤਾਂ ਦੇ ਵਹਿਣਾਂ ਵਿਚ ਆਪਣੇ ਹੱਥੀਂ ਤੋਰੇ ਪੁੱਤਰ ਦੇ ਆਖਰੀ ਦਰਸ਼ਨਾਂ ਦੀ ਲੋਚਾ ਰੱਖਦੇ ਹਨ। ਜਗਵਿੰਦਰ ਸਿੰਘ ਕੋਈ ਆਮ ਇਨਸਾਨ ਨਹੀਂ ਸੀ। ਉਹ ਦੁੱਖਾਂ ਨੂੰ ਹੱਸ ਕੇ ਜਰਦਾ ਸੀ। ਉਹ ਇਕ ਜਾਂਬਾਜ਼ ਯੋਧਾ ਸੀ ਕਥਨੀ ਅਤੇ ਕਰਨੀ ਦਾ ਪੂਰਾ ਸੂਰਾ ਸ਼ਹੀਦਾਂ ਦੇ ਸਿਰਲੱਥ ਕਾਫਲੇ ਦਾ ਸਿਪਾਹੀ ਜਦੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਕਬਾ ਵਿਚ ਇਹ ਖ਼ਬਰ ਪਹੁੰਚੀ ਕਿ ਭਾਈ ਜਗਵਿੰਦਰ ਸਿੰਘ ਬਿੱਟੂ ਨੂੰ ਬੈਲਜ਼ੀਅਮ ਦੇ ਸ਼ਹਿਰ ਸਿੰਤਰੂਦਨ 'ਚ ਸ਼ਾਮ 10 ਵਜੇ ਅਣਪਛਾਤੇ ਨਕਾਬਪੋਸ਼ ਨੇ ਉਹਨਾਂ ਦੀ ਦੁਕਾਨ 'ਤੇ ਹੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਹੈ ਤਾਂ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਸੰਗਤ ਨੇ ਇਸ ਖ਼ਬਰ ਨੂੰ ਸਬਰ ਨਾਲ ਸੁਣਿਆ।

ਹਿੰਦੋਸਤਾਨ ਸਰਕਾਰ ਵਲੋਂ ਉਸ ਸਮੇਂ ਦੇ ਪੰਜਾਬ ਪੁਲਿਸ ਮੁਖੀ ਜੂਲਿਓ ਐਫ ਰਿਬੈਰੋ ਨੂੰ ਜਦ ਸਿੱਖ ਗੱਭਰੂਆਂ ਦੇ ਖ਼ੂਨ ਨਾਲ ਹੋਲੀ ਖੇਡਣ ਦੀ ਖੁੱਲ੍ਹ ਮਿਲੀ ਤਾਂ ਜ਼ਾਲਮ ਧਾੜਾ ਨੇ ਬੱਚਿਆਂ, ਬਜ਼ੁਰਗਾਂ, ਬੀਬੀਆਂ ਨੂੰ ਵੀ ਨਹੀਂ ਬਖਸ਼ਿਆ। ਫਿਰ ਸਿੰਘਾਂ ਨੇ ਵੀ ਰਿਬੈਰੋ ਨੂੰ ਸਬਕ ਸਿਖਾਉਣ ਦੀ ਠਾਣ ਲਈ। ਰਿਬੈਰੋ ਦੇ ਜਲੰਧਰ ਵਿਖੇ ਪੁਲਿਸ ਹੈੱਡਕੁਆਰਟਰ 'ਤੇ ਜਦੋਂ ਸੰਨ 1986 ਵਿਚ ਸਿੰਘਾਂ ਨੇ ਹਮਲਾ ਕੀਤਾ ਤਾਂ ਰਿਬੈਰੋ ਤਾਂ ਬਚ ਗਿਆ ਪਰ ਉਸ ਦੀ ਘਰ ਵਾਲੀ ਆਪਣੇ ਹੀ ਬਾਡੀਗਾਰਡਾਂ ਤੋਂ ਜ਼ਖ਼ਮੀ ਹੋ ਗਈ ਅਤੇ ਗੋਲੀਬਾਰੀ ਵਿਚ ਤਿੰਨ ਅੰਗਰੱਖਿਅਕ ਮਾਰੇ ਗਏ।

ਸਰਕਾਰ ਨੇ ਰਿਬੈਰੋ ਨੂੰ ਪੰਜਾਬ ਵਿਚੋਂ ਸੁਰੱਖਿਅਤ ਕੱਢ ਕੇ ਸੰਨ 1989 ਵਿਚ ਬਤੌਰ ਅੰਬੈਸਡਰ ਰੁਮਾਨੀਆਂ ਭੇਜ ਦਿੱਤਾ। ਬੱਬਰ ਸ਼ੇਰਾਂ ਨੇ ਰਿਬੈਰੋ ਨੂੰ ਰੋਮਾਨੀਆਂ ਵਿਖੇ ਜਾ ਕੇ ਢਾਹੁਣ ਦਾ ਫੈਸਲਾ ਕੀਤਾ. ਇਸ ਕੜੀ ਤਹਿਤ ਖਾੜਕੂ ਸਿੰਘਾਂ ਨੇ ਇਕ ਸਾਂਝੀ ਯੋਜਨਾ ਬਣਾ ਕੇ ਭਾਈ ਜੁਗਰਾਜ ਸਿੰਘ ਉਰਫ਼ ਸਰਜੀਤ ਸਿੰਘ, ਭਾਈ ਪ੍ਰਗਟ ਸਿੰਘ ਉਰਫ਼ ਨਿੱਕਰ ਉਰਫ਼ ਰਮੇਸ਼ ਕੁਮਾਰ ਅਤੇ ਭਾਈ ਜਗਵਿੰਦਰ ਸਿੰਘ ਉਰਫ਼ ਗੁਰਮਲ ਸਿੰਘ ਦੀ ਸੇਵਾ ਰਿਬੈਰੋ ਨੂੰ ਸੋਧਣ ਦੀ ਲਾਈ। ਇਹ ਸਿੰਘ ਆਪਣੇ ਆਪਣੇ ਵਸੀਲਿਆਂ ਨਾਲ ਸਵਿਟਜ਼ਰਲੈਂਡ ਪਹੁੰਚੇ।

ਜੂਨ 1991 ਵਿਚ ਇਹਨਾਂ ਨੇ ਸਿਆਸੀ ਪਨਾਹ ਲਈ ਅਰਜ਼ੀਆਂ ਦਿੱਤੀਆਂ। ਉਥੇ ਇਹਨਾਂ ਕੋਲ ਪੈਸੇ ਦੀ ਘਾਟ ਸੀ. ਫਿਰ ਵੀ ਇਹ ਆਪਣੇ ਮਿਸ਼ਨ ਲਈ ਤੁਰਦੇ ਰਹੇ. 15 ਜੂਨ 1991 ਨੂੰ ਭਾਈ ਜਗਵਿੰਦਰ ਸਿੰਘ ਰਕਬਾ ਅਤੇ ਭਾਈ ਪ੍ਰਗਟ ਸਿੰਘ ਨਿੱਕਰ ਗੈਰਕਾਨੂੰਨੀ ਢੰਗ ਨਾਲ ਰੋਮਾਨੀਆਂ ਵਿਚ ਦਾਖਲ ਹੋਏ. ਜਿਥੇ ਉਹ ਲੁਕਣ ਖਾਤਰ ਇਕ ਕਮਰੇ ਵਿਚ ਲਗਾਤਾਰ 20 ਦਿਨਾਂ ਤੱਕ ਬੰਦ ਰਹੇ. ਇਥੇ ਉਹਨਾਂ ਨੂੰ ਭਾਈ ਜੁਗਰਾਜ ਸਿੰਘ ਸਮਾਲਸਰ ਮਿਲਿਆ। ਉਹਨਾਂ ਨੇ ਇਥੋਂ ਨਿਕਲ ਕੇ ਨੇੜੇ ਰੇਲਵੇ ਸਟੇਸ਼ਨ. ਨੇੜੇ ਨੌਗੂ ਡਨੋਟੂ ਕੋਲ ਇਕ ਫਲੈਟ ਕਿਰਾਏ 'ਤੇ ਲੈ ਲਿਆ. ਇਥੇ ਹੀ ਇਹਨਾਂ ਸਿੰਘਾਂ ਨੇ ਰੋਮਾਨੀਆਂ ਦੀ ਬੋਲੀ ਬੋਲਣੀ ਅਤੇ ਸਿਖਣੀ ਸ਼ੁਰੂ ਕੀਤੀ ਅਤੇ ਆਪਣੇ ਕੇਸਾਂ ਨੂੰ ਭੂਰਾ ਰੰਗ ਕਰਵਾਇਆ. ਕਿਉਂਕਿ ਇਥੋਂ ਦੇ ਲੋਕ ਭੂਰੇ ਰੰਗ ਨੂੰ ਜ਼ਿਆਦਾ ਪਸੰਦ ਕਰਦੇ ਸਨ। ਜੁਲਾਈ 1991 ਨੂੰ ਪ੍ਰਗਟ ਸਿੰਘ ਨੇ ਓਪਲ ਸੀਟਰੋਨ. ਪੀ. ਬੀ. 7398. ਕਾਰ ਖਰੀਦੀ ਅਤੇ ਪ੍ਰਗਟ ਸਿੰਘ ਅਤੇ ਜਗਵਿੰਦਰ ਸਿੰਘ ਇਸ ਹੀ ਕਾਰ ਵਿਚ ਤਿਮਿਸੋਰਾ ਵਿਖੇ ਗਏ. ਤਿੰਨਾਂ ਹੀ ਸਿੰਘਾਂ ਨੇ ਬੁਖਾਰੈਸਟ ਤੋਂ ਦਸ ਮੀਲ ਦੂਰ ਆਪਣੇ ਆਪਣੇ ਹਥਿਆਰ ਚਲਾ ਕੇ ਵੀ ਦੇਖੇ. ਰਿਬੈਰੋ ਕਦੋਂ ਘਰੋਂ ਨਿਕਲਦਾ ਹੈ, ਕਿਥੇ ਕਿਥੇ ਜਾਂਦਾ ਹੈ, ਇਹਨਾਂ ਗੱਲਾਂ ਬਾਰੇ ਸਿੰਘਾਂ ਨੇ ਚੰਗੀ ਤਰ੍ਹਾਂ ਪੜਤਾਲ ਕਰ ਲਈ।

ਰੋਜ਼ ਮਰਾਹ ਦੀ ਤਰ੍ਹਾਂ ਰਿਬੈਰੋ ਆਪਣੀ ਪਤਨੀ ਨਾਲ ਸ਼ਾਮ ਨੂੰ 5.20 'ਤੇ ਜਦੋਂ ਆਪਣੀ ਰਿਹਾਇਸ਼ ਤੋਂ ਸੈਰ ਕਰਨ ਲਈ ਨਿਕਲਿਆ ਤਾਂ ਭਾਈ ਜਗਵਿੰਦਰ ਸਿੰਘ ਨੇ ਆਪਣੀ ਸੀਟਰਨ ਕਾਰ ਉਸ ਦੇ ਮਗਰ ਲਾ ਲਈ। ਭਾਈ ਜਗਵਿੰਦਰ ਸਿੰਘ ਨਾਲ ਮੂਹਰਲੇ ਬੈਠੇ ਸਨ. ਸਿੰਘ ਆਪਣੀ ਕੀਤੀ ਅਰਦਾਸ ਨੂੰ ਪੂਰਾ ਕਰਨ ਜਾ ਰਹੇ ਸਨ। ਜਿਉਂ ਹੀ ਰਿਬੈਰੋ ਅਤੇ ਉਸਦੀ ਪਤਨੀ ਮੈਲਬਾ ਐਵੀਏਟਰਲਾਰ ਐਵੇਨਿਊ ਉਤੇ ਪਹੁੰਚੇ ਤਾਂ ਜਗਵਿੰਦਰ ਸਿੰਘ ਨੇ ਕਾਰ ਕਾਫੀ ਹੌਲੀ ਕਰ ਲਈ। ਸਭ ਤੋਂ ਪਹਿਲਾਂ ਭਾਈ ਜੁਗਰਾਜ ਸਿੰਘ ਆਪਣੀ 7,62 ਐਮ. ਐਮ. ਦੀ ਸ਼ਾਟਗੰਨ ਲੈ ਕੇ ਉੱਤਰੇ। ਉਹਨਾਂ ਉਤਰਦਿਆਂ ਹੀ ਰਿਬੈਰੋ 'ਤੇ ਗੋਲੀਆਂ ਦਾਗ ਦਿੱਤੀਆਂ। ਭਾਈ ਪ੍ਰਗਟ ਸਿੰਘ ਵੀ ਲਲਕਾਰਦੇ ਹੋਏ ਆਪਣੀ ਗੰਨ ਲੈ ਕੇ ਉਤਰ ਆਏ ਸਨ। ਜਦੋਂ ਰਿਬੈਰੋ ਦੇ ਪੱਟਾਂ ਦੇ ਸੰਨ੍ਹਾਂ ਵਿਚ ਗੋਲੀ ਲੱਗੀ ਤਾਂ ਉਹ ਐਵੇਨਿਊ ਤੋਂ ਭੱਜ ਕੇ 31 ਨੰਬਰ ਦੀ ਖੁੱਲ੍ਹੀ ਹਵੇਲੀ ਵਿਚ ਵੜ ਗਿਆ. ਭਾਈ ਪ੍ਰਗਟ ਸਿੰਘ ਨੇ ਪਿੱਛਾ ਕਰਕੇ ਇਕ ਗੋਲੀ ਹੋਰ ਮਾਰੀ. ਜਦੋਂ ਤੱਕ ਰਿਬੈਰੋ ਦੇ ਨਾਲ ਦੇ ਸਕਿਉਰਿਟੀ ਗਾਰਡਾਂ ਨੇ ਪੁਜ਼ੀਸ਼ਨਾਂ ਲੈ ਕੇ ਭਾਈ ਜੁਗਰਾਜ ਸਿੰਘ ਸਮਾਲਸਰ ਦੇ ਦੋ ਗੋਲੀਆਂ ਮਾਰ ਦਿੱਤੀਆਂ. ਅਤੇ

ਭਾਈ ਜੁਗਰਾਜ ਸਿੰਘ ਥਾਂ 'ਤੇ ਹੀ ਸ਼ਹੀਦ ਹੋ ਗਏ। ਨਾਕਾ ਲਾ ਕੇ ਭਾਈ ਜਗਵਿੰਦਰ ਸਿੰਘ ਰਕਬਾ ਵੀ ਕਾਰ ਰੋਕ ਲਈ ਗਈ ਅਤੇ ਗੋਲੀਬਾਰੀ ਵਿਚ ਦੋ ਗੋਲੀਆਂ ਭਾਈ ਸਾਹਿਬ ਦੇ ਵੀ ਲੱਗ ਗਈਆਂ। ਭਾਈ ਸਾਹਿਬ ਸਖ਼ਤ ਜ਼ਖ਼ਮੀ ਹੋਣ ਕਾਰਨ ਕਾਰ ਦੇ ਸਟੇਰਿੰਗ ਉੱਪਰ ਹੀ ਲੁੜਕ ਗਏ।

ਭਾਈ ਪਰਗਟ ਸਿੰਘ ਕਮਾਂਡੋਆਂ ਦੇ ਘੇਰੇ ਵਿਚ ਲਾਰਿਨ ਮਿਲਾਨ ਨਾਮ ਦੇ ਕਿਸ ਵਿਅਕਤੀ ਵਲੋਂ ਕਾਬੂ ਕਰ ਲਏ ਗਏ। ਸਿੰਘ ਚਾਹੁੰਦੇ ਤਾਂ ਰਿਬੇਰੋ ਦੀ ਪਤਨੀ ਮੇਲਬਾ ਨੂੰ ਥਾਂ 'ਤੇ ਹੀ ਮਾਰ ਸਕਦੇ ਸਨ ਕਿਉਂਕਿ ਉਹ ਭੱਜ ਨਹੀਂ ਸਕੀ ਸੀ। ਪਰ ਸਿੰਘਾਂ ਨੇ ਇਕ ਔਰਤ ਹੋਣ ਦੇ ਨਾਤੇ ਉਸ ਉੱਪਰ ਵਾਰ ਨਹੀਂ ਕੀਤਾ। ਸਿੰਘਾਂ ਨੇ ਰਿਬੇਰੋ ਦੀ ਵੀ ਪਿੱਠ ਵਿਚ ਗੋਲੀ ਨਹੀਂ ਮਾਰੀ। ਜਦੋਂ ਕਿ ਉਹ ਸਿੱਧਾ ਮਾਰ ਹੇਠ ਸੀ। ਪਹਿਲਾਂ ਸਿੰਘਾਂ ਨੇ ਜਦੋਂ ਲਲਕਾਰਿਆ ਤਾਂ ਭੱਜਣ ਦੀ ਪਹਿਲੀ ਕੋਸ਼ਿਸ਼ ਵਿਚ ਹੀ ਉਹ ਗੋਲੀ ਲੱਗਣ ਕਰਕੇ ਡਿੱਗ ਪਿਆ ਸੀ। ਪਰ ਫਿਰ ਦੂਜੀ ਕੋਸ਼ਿਸ਼ ਵਿਚ ਉਹ ਬਚ ਗਿਆ। ਜੇਕਰ ਪਿੱਠ ਵਿਚ ਗੋਲੀਆਂ ਮਾਰਨੀਆਂ ਹੁੰਦੀਆਂ ਤਾਂ ਉਹ ਬਚ ਨਹੀਂ ਸਕਦਾ ਸੀ। ਇਸ ਹਮਲੇ ਵਿਚ ਭਾਈ ਜੁਗਰਾਜ ਸਿੰਘ ਸਮਾਲਸਰ ਥਾਂ 'ਤੇ ਹੀ ਸ਼ਹੀਦ ਹੋ ਗਏ। ਭਾਈ ਜਗਵਿੰਦਰ ਸਿੰਘ ਰਕਬਾ (ਬਿੱਟੂ) ਸਖ਼ਤ ਜ਼ਖ਼ਮੀ ਹੋ ਗਏ ਅਤੇ ਭਾਈ ਪਰਗਟ ਸਿੰਘ ਨਿੱਝਰ ਮੌਕੇ 'ਤੇ ਹੀ ਫੜੇ ਗਏ।

ਰੋਮਾਨੀਆਂ ਦੀ ਪੁਲਿਸ ਦੋ ਹੋਰਾਂ ਦੀ ਵੀ ਭਾਲ ਕਰ ਰਹੀ ਸੀ ਜਿਨ੍ਹਾਂ ਬਾਰੇ ਸ਼ੱਕ ਸੀ ਕਿ ਉਹਨਾਂ ਨੇ ਰਿਬੇਰੋ 'ਤੇ ਹਮਲੇ ਸਮੇਂ ਭਾਈ ਜਗਵਿੰਦਰ ਸਿੰਘ ਹੁਰਾਂ ਦੀ ਮਦਦ ਕੀਤੀ ਸੀ। ਮਿਲਟਰੀ ਦੇ ਜਿਸ ਹਸਪਤਾਲ ਵਿਚ ਰਿਬੇਰੋ ਨੂੰ ਜ਼ਖ਼ਮੀ ਹਾਲਤ ਵਿਚ ਦਾਖਲ ਕੀਤਾ ਗਿਆ ਸੀ, ਉਸੇ ਹੀ ਹਸਪਤਾਲ ਵਿਚ ਭਾਈ ਜਗਵਿੰਦਰ ਸਿੰਘ ਨੂੰ ਵੀ ਰੱਖਿਆ ਗਿਆ ਸੀ। ਪਹਿਲਾਂ ਇਹ ਖ਼ਬਰ ਫੈਲ ਚੁੱਕੀ ਸੀ ਕਿ ਦੋਵੇਂ ਹੀ ਅੱਤਵਾਦੀ ਮਾਰੇ ਜਾ ਚੁੱਕੇ ਹਨ ਤੇ ਤੀਸਰੇ ਅੱਤਵਾਦੀ ਕੋਲੋਂ ਮਿਲਟਰੀ ਦੇ ਕਬਰਾ ਪੁੱਛ-ਗਿੱਛ ਕੇਂਦਰ ਵਿਚ ਪੁੱਛ ਪੜਤਾਲ ਹੋ ਰਹੀ ਹੈ। ਰੋਮਾਨੀਆ ਦੀ ਸਰਕਾਰ ਵਲੋਂ ਇਸ ਸਾਰੇ ਕੇਸ ਦੀ ਪੈਰਵਾਈ ਲਈ ਇਕ ਸਾਂਝਾ ਐਕਸ਼ਨ ਪਲਾਨ ਬਣਾਇਆ ਗਿਆ। ਜਿਸ ਦੀ ਅਗਵਾਈ ਇਕ ਮਿਲਟਰੀ ਜਰਨਲ ਪਾਟੇ ਨੂੰ ਸੌਂਪੀ ਗਈ।

ਭਾਈ ਜਗਵਿੰਦਰ ਸਿੰਘ 20 ਅਗਸਤ 91 ਤੋਂ ਲੈ ਕੇ ਜਨਵਰੀ 1992 ਤੱਕ ਮਿਲਟਰੀ ਹਸਪਤਾਲ ਵਿਚ ਰਹੇ। ਸਰੀਰ ਇਤਨਾ ਕਮਜ਼ੋਰ ਹੋ ਚੁੱਕਾ ਸੀ ਕਿ ਉਹ ਤੁਰ ਵੀ ਨਹੀਂ ਸਕਦੇ ਸਨ। ਵੀਲ੍ਹ ਚੇਅਰ ਉੱਪਰ ਹੀ ਰਹਿੰਦੇ ਸਨ। ਜਿਸ ਮੋਢੇ ਉੱਪਰ ਗੋਲੀਆਂ ਲੱਗੀਆਂ ਸਨ, ਉਸ ਦਾ ਉਪ੍ਰੇਸ਼ਨ ਕਰ ਕੇ ਗੋਲੀਆਂ ਕੱਢ ਦਿੱਤੀਆਂ ਗਈਆਂ ਸਨ। ਪੰਜ ਮਹੀਨਿਆਂ ਬਾਅਦ ਵੀ ਚੰਗੀ ਤਰ੍ਹਾਂ ਅਰਾਮ ਨਹੀਂ ਆਇਆ ਸੀ। ਕੇਸ ਦੀ ਸੁਣਵਾਈ ਤੋਂ ਪਹਿਲਾਂ ਭਾਈ ਪਰਗਟ ਸਿੰਘ ਅਤੇ ਭਾਈ ਜਗਵਿੰਦਰ ਸਿੰਘ ਨੂੰ ਮਿਲਟਰੀ ਦੀ ਟਰਾਂਜ਼ਿਟ ਜੇਲ੍ਹ ਵਿਚ ਰੱਖਿਆ ਗਿਆ ਸੀ। ਪਰਗਟ ਸਿੰਘ ਕਾਫੀ ਬਿਮਾਰ ਰਹਿੰਦਾ ਸੀ। ਜਿਸ ਬੈਰਕ ਵਿਚ ਇਹ ਸਿੰਘ ਬੰਦ ਸਨ, ਉੱਥੇ ਪੰਜਾਹ ਹੋਰ ਮੁਜਰਿਮਾਨਾ ਕੇਸਾਂ ਵਾਲੇ ਅਪਰਾਧੀ ਬੰਦ ਸਨ।

ਇਹ ਬੈਰਕ ਸਾਰੀ ਹੀ 35 35 ਮੀਟਰ ਦੀ ਲੰਬਾਈ ਚੌੜਾਈ ਵਾਲੀ ਸੀ। ਜੇਲ੍ਹ ਦੀ

ਜ਼ਿੰਦਗੀ ਬਦਤਰ ਸੀ ਜੇਲ੍ਹ ਵਿਚ ਮੀਟ ਅਤੇ ਸੁੱਕੇ ਬਰੈਡ ਹੀ ਮਿਲਦੇ ਸਨ। ਦੋਵੇਂ ਹੀ ਸਿੰਘ ਮੀਟ ਨਹੀਂ ਖਾਂਦੇ ਸਨ। ਉਹ ਮੀਟ ਕਿਸੇ ਹੋਰ ਕੈਦੀ ਨੂੰ ਦੇ ਕੇ ਬਰੈਡ ਲੈ ਲੈਂਦੇ ਸਨ। ਬਰੈਡਾਂ ਨੂੰ ਉਹ ਪਾਣੀ ਵਿਚ ਡੁਬੋ ਕੇ ਖਾ ਲੈਂਦੇ ਸਨ। ਦੋਵੇਂ ਹੀ ਸਿੰਘ ਇਹ ਵੀ ਮਹਿਸੂਸ ਕਰਦੇ ਸਨ ਕਿ ਉਹਨਾਂ ਨੂੰ ਜੇਲ੍ਹ ਹਸਪਤਾਲ ਵੱਲੋਂ ਦਿੱਤੀ ਜਾ ਰਹੀ ਦਵਾਈ ਵਿਚ ਕੋਈ ਘਾਤਕ ਚੀਜ਼ ਦਿੱਤੀ ਜਾਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਕਦੇ ਕਦੇ ਖੂਨ ਦੀਆਂ ਉਲਟੀਆਂ ਵੀ ਲੱਗ ਜਾਂਦੀਆਂ ਸਨ। ਉਹਨਾਂ ਕੋਲ ਕੋਈ ਵੀ ਗਰਮ ਕੱਪੜਾ ਨਹੀਂ ਸੀ ਕਾਫੀ ਸਮੇਂ ਬਾਅਦ ਸਾਊਥਹਾਲ ਦੇ ਇਕ ਕੱਪੜਾ ਦੁਕਾਨਦਾਰ ਨੇ ਪੱਗਾਂ ਅਤੇ ਗਰਮ ਕੱਪੜੇ ਭੇਜੇ ਸਨ।

ਅਚਾਨਕ ਇਕ ਦਿਨ ਜੇਲ੍ਹ ਦੇ ਸਾਲਾਨਾ ਡਾਕਟਰੀ ਚੈਕਅੱਪ ਲਈ ਇਕ ਇਮਾਨਦਾਰ ਔਰਤ ਡਾ. ਟੋਰਾ ਟਰਾਂਜਿਟ ਜੇਲ੍ਹ ਵਿਚ ਆਈ। ਉਸਨੂੰ ਇਹਨਾਂ ਸਰਦਾਰ ਕੈਦੀਆਂ ਦੀ ਹਾਲਤ 'ਤੇ ਕਾਫੀ ਤਰਸ ਆਇਆ। ਉਸ ਨੇ ਜੇਲ੍ਹ ਅਧਿਕਾਰੀਆਂ ਨਾਲ ਗੱਲ ਕੀਤੀ ਕਿ ਇਹ ਜੇਲ੍ਹ ਵਿਚ ਹੀ ਮਰ ਜਾਣਗੇ, ਕਿਉਂ ਨਾ ਇਹਨਾਂ ਦੀ ਜੇਲ੍ਹ ਤਬਦੀਲ ਕਰ ਦਿੱਤੀ ਜਾਵੇ, ਮੈਂ ਇਹਨਾਂ ਨੂੰ ਦਾਖਲ ਕਰ ਲੈਂਦੀ ਹਾਂ ਜੇਕਰ ਡਾ. ਟੋਰਾ ਇਹਨਾਂ ਨੂੰ ਜੇਲ੍ਹ ਵਿਚੋਂ ਦੂਜੀ ਜੇਲ੍ਹ ਵਿਚ ਲਿਜਾ ਕੇ ਦਾਖਲ ਨਾ ਕਰਦੀ ਤਾਂ ਇਹਨਾਂ ਦੋਹਾਂ ਹੀ ਸਿੰਘਾਂ ਨੇ ਜੇਲ੍ਹ ਵਿਚ ਹੀ ਮਰ ਜਾਣਾ ਸੀ। ਬਿਮਾਰੀ ਕਾਰਨ ਭਾਈ ਪ੍ਰਗਟ ਸਿੰਘ ਦਾ ਭਾਰ 90 ਕਿਲੋ ਦਾ ਹੋ ਗਿਆ ਸੀ ਅਤੇ ਭਾਈ ਜਗਵਿੰਦਰ ਸਿੰਘ ਕਮਜ਼ੋਰ ਹੋ ਕੇ 50 ਕਿਲੋ ਦੇ ਕਰੀਬ ਵਜ਼ਨ ਦਾ ਹੋ ਗਿਆ ਸੀ। ਏਜੰਸੀਆਂ ਵਲੋਂ ਦੋਹਾਂ ਹੀ ਸਿੰਘਾਂ ਨੂੰ ਖਤਮ ਕਰਨ ਲਈ ਲੱਖਾਂ ਡਾਲਰ ਖਰਚ ਕੀਤੇ ਜਾ ਰਹੇ ਸਨ।

ਜਦੋਂ ਭਾਈ ਜਗਵਿੰਦਰ ਸਿੰਘ ਨੂੰ ਜ਼ਖਮਾਂ ਤੋਂ ਕੁਝ ਅਰਾਮ ਆਇਆ ਤਾਂ ਮਿਲਟਰੀ ਦੀ ਅਦਾਲਤ ਨੇ 9 ਫਰਵਰੀ 1992 ਨੂੰ ਇਹਨਾਂ 'ਤੇ ਮੁਕੱਦਮਾ ਸ਼ੁਰੂ ਕੀਤਾ। ਅਦਾਲਤ ਦੇ ਦੁਆਲੇ ਕਾਫੀ ਉਚੀ ਉਚੀ ਕੰਧ ਕੀਤੀ ਹੋਈ ਸੀ। ਕੰਧ ਉਪਰ ਕੰਡਦਾਰ ਤਾਰਾਂ ਵਿਛਾਈਆਂ ਗਈਆਂ ਸਨ। ਅਦਾਲਤ ਦੀ ਛੱਤ ਉੱਤੇ ਹਥਿਆਰਬੰਦ ਫੌਜੀ ਪਹਿਰਾ ਦੇ ਰਹੇ ਸਨ। ਚਾਰਦਿਵਾਰੀ ਦੁਆਲੇ ਹਰ ਵੀਹ ਵੀਹ ਫੁੱਟ 'ਤੇ ਫੌਜੀ ਤਾਇਨਾਤ ਸਨ। ਦੋ ਬੰਬਰੋਕ ਗੱਡੀਆਂ ਅਦਾਲਤ ਦੇ ਵੱਡੇ ਗੇਟ ਮੂਹਰੇ ਖੜਤੀਆਂ ਸਨ। ਹਰ ਅੰਦਰ ਜਾਣ ਵਾਲੇ ਵਿਅਕਤੀ ਦੀ ਤਲਾਸ਼ੀ ਲਈ ਜਾਂਦੀ ਸੀ ਜਦੋਂ ਦੋਹਾਂ ਸਿੰਘਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਹਨਾਂ ਦੀ ਹਾਲਤ ਕਾਫੀ ਨਾਜ਼ੁਕ ਸੀ। ਪ੍ਰਗਟ ਸਿੰਘ ਨੰਗੇ ਪੈਰੀ ਸਨ। ਮਿਲਟਰੀ ਪ੍ਰਾਸੀਕਿਊਟਰ ਮੇਜਰ ਬਾਂਸਲ ਨੇ ਜੱਜ ਨਿਸਟਰ ਦੀ ਅਦਾਲਤ ਵਿਚ ਕੇਸ ਪੇਸ਼ ਕੀਤਾ ਪਹਿਲਾਂ ਕੇਸ ਭਾਈ ਜਗਵਿੰਦਰ ਸਿੰਘ 'ਤੇ ਚਲਾਇਆ ਗਿਆ ਪ੍ਰਗਟ ਸਿੰਘ 'ਤੇ ਕੇਸ 12 ਫਰਵਰੀ 1992 ਨੂੰ ਚਲਾਇਆ ਗਿਆ ਜਿਥੇ ਸਿੰਘਾਂ ਨੇ ਲਲਕਾਰ ਕੇ ਕਿਹਾ ਕਿ ਰਿਬੈਰੋ ਇਕ ਅਪਰਾਧੀ ਹੈ, ਇਸ ਨੇ ਹਜ਼ਾਰਾਂ ਬੇ-ਗੁਨਾਹਾਂ ਦਾ ਕਤਲ ਕੀਤਾ ਹੈ, ਇਹ ਖਾਲਸਾ ਕੌਮ ਦਾ ਭਗੌੜਾ ਹੈ, ਇਸ ਕਾਰਨ ਇਸ ਨੂੰ ਮਾਰਨਾ ਚਾਹੁੰਦੇ ਹਾਂ, ਅਸੀਂ ਕੋਈ ਗਲਤ ਪੰਥ ਨਹੀਂ ਕੀਤਾ, ਨਾ ਹੀ ਆਪਣੇ ਕੀਤੇ ਕੰਮ ਲਈ ਮਾਫੀ ਮੰਗਦੇ ਹਾਂ ਭਾਈ ਜੁਗਰਾਜ ਸਿੰਘ ਕੌਮ ਲਈ ਸ਼ਹੀਦ ਹੋਇਆ ਹੈ, ਉਸ ਨੂੰ ਅਸੀਂ ਪ੍ਰਣਾਮ ਕਰਦੇ ਹਾਂ।

ਭਾਈ ਜਗਵਿੰਦਰ ਸਿੰਘ ਦਾ ਵਕੀਲ ਮਿ ਮਲੈਗਜਾਂਡਰੂ ਸੀ ਪ੍ਰਗਟ ਸਿੰਘ ਦਾ ਵਕੀਲ ਮਿ ਪਟਰਿਸਕੂ ਏਡਰੀਅਨ ਸੀ । ਇਹਨਾਂ ਦੋਹਾਂ ਹੀ ਵਕੀਲਾਂ ਦੀ ਸਹਾਇਤਾ ਬੈਰਿਸਟਰ ਹਰਜੀਤ ਸਿੰਘ, ਬੈਰਿਸਟਰ ਮਨਜੀਤ ਸਿੰਘ, ਬੈਰਿਸਟਰ ਮਲੂਕ ਸਿੰਘ ਚੌਹਾਨ ਕਰ ਰਹੇ ਸਨ. ਲੰਡਨ ਦੀ ਸੰਗਤ ਵਲੋਂ ਇਹਨਾਂ ਵਕੀਲਾਂ ਦੀ ਸੇਵਾ ਕਸ ਦੀ ਪੈਰਵਾਈ ਲਈ ਲਾਈ ਗਈ ਸੀ। ਪੰਜਾਬ ਦਾ ਮਨੁੱਖੀ ਅਧਿਕਾਰ ਸੰਗਠਨ ਵੀ ਇਸ ਕੇਸ ਵਿਚ ਪੂਰੀ ਮਦਦ ਕਰ ਰਿਹਾ ਸੀ ਅਦਾਲਤ ਨੂੰ ਭਾਰਤੀ ਅੰਬੈਸੀ ਵਲੋਂ ਜੋ ਦੁਭਾਸ਼ੀਆ ਦਿੱਤਾ ਗਿਆ ਸੀ, ਉਹ ਹੀ ਪੰਜਾਬੀ ਤੋਂ ਅੰਗ੍ਰੇਜ਼ੀ ਵਿਚ ਅਨੁਵਾਦ ਕਰਕੇ ਸਿੰਘਾਂ ਦੇ ਬਿਆਨ ਜੱਜ ਮਿ ਨਿਸਟਰ ਨੂੰ ਦੱਸ ਰਿਹਾ ਸੀ। ਸਿੰਘਾਂ ਨੇ ਅਦਾਲਤ ਤੇ ਜੇਲ੍ਹ ਵਿਚ ਗੁਟਕੇ ਅਤੇ ਪੰਜਾਬੀ ਮੈਗਜ਼ੀਨ (ਦੇਸ ਪ੍ਰਦੇਸ) ਅਤੇ ਰੁਮਾਨੀਆਂ ਦਾ ਰੋਜ਼ਾਨਾ ਛਪਦਾ ਅਖਬਾਰ ਮੁ-ਆ ਆਪਣੇ ਕੋਲ ਰੱਖਣ ਅਤੇ ਪੜ੍ਹਣ ਦੀ ਮੰਗ ਕੀਤੀ ਪਰ ਅਦਾਲਤ ਨੇ ਸਿੰਘਾਂ ਦੀ ਇਹ ਮੰਗ ਸਵੀਕਾਰ ਨਹੀਂ ਕੀਤੀ। ਕਿਉਂਕਿ ਰੁਮਾਨੀਆਂ ਦੀ ਪ੍ਰੈਸ ਅੰਦਰ ਰਿਬੈਰੋ ਖਿਲਾਫ ਬਹੁਤ ਕੁਝ ਛੱਪ ਚੁੱਕਾ ਸੀ ਅਤੇ ਖਾੜਕੂਆਂ ਵੱਲੋਂ ਰਿਬੇਰੋ ਦੇ ਮਾਰਨ ਦੇ ਯਤਨ ਨੂੰ ਠੀਕ ਕਿਹਾ ਜਾ ਰਿਹਾ ਸੀ। ਅਖ਼ਬਾਰਾਂ ਵਿਚ ਲਿਖਿਆ ਜਾ ਰਿਹਾ ਸੀ ਕਿ ਮਿ ਰਿਬੇਰ ਇਕ ਵਰਦੀਧਾਰੀ ਅੱਤਵਾਦੀ ਹੈ, ਇਸ ਦੇ ਹੱਥ ਇਨਸਾਨੀਅਤ ਅਤੇ ਕਾਨੂੰਨੀ ਕਤਲਾਂ ਨਾਲ ਰੰਗੇ ਹਏ ਹਨ, ਮਿ ਰਿਬੇਰੋ ਨੂੰ ਵਾਪਸ ਭੇਜ ਆਦਿ।

ਭਾਈ ਜਗਵਿੰਦਰ ਸਿੰਘ ਦੀ ਇਹ ਮੰਗ ਵੀ ਅਦਾਲਤ ਨੇ ਨਹੀਂ ਮੰਨੀ ਕਿ ਸਾਨੂੰ ਸਾਡੇ ਸਾਥੀ ਭਾਈ ਜੁਗਰਾਜ ਸਿੰਘ ਉਰਫ ਸਰਜੀਤ ਸਿੰਘ ਦੀ ਲਾਸ਼ ਵਿਖਾਈ ਜਾਵੇ ਅਤੇ ਉਸ ਦਾ ਸਸਕਾਰ ਅਤੇ ਅੰਤਿਮ ਰਸਮਾਂ ਪੂਰੀਆਂ ਕਰਨ ਦਿੱਤੀਆਂ ਜਾਣ। ਭਾਈ ਜੁਗਰਾਜ ਸਿੰਘ ਦੀ ਲਾਸ਼ ਨੂੰ ਕਈ ਮਹੀਨੇ ਫਰਿੱਜ ਵਿਚ ਰੱਖ ਦਿੱਤਾ ਗਿਆ ਸੀ। ਕਿਉਂਕਿ ਰੁਮਾਨੀਆਂ ਦੀ ਪੁਲਿਸ ਨੂੰ ਉਹਨਾਂ ਦੀ ਪਹਿਚਾਣ ਵਿਚ ਦਿੱਕਤ ਆ ਰਹੀ ਸੀ। ਪੰਜਾਬ ਤੋਂ ਇਕ ਸਪੈਸ਼ਲ ਪੜਤਾਲੀਆ ਪੁਲਿਸ ਟੀਮ ਇਕ ਡੀ ਐੱਸ ਪੀ ਦੀ ਅਗਵਾਈ ਵਿਚ ਰੁਮਾਨੀਆ ਗਈ ਹਈ ਸੀ, ਜਿਸ ਨੇ ਆਪ ਤਸ਼ੱਦਦ ਕਰਕੇ ਭਾਈ ਪ੍ਰਗਟ ਸਿੰਘ ਅਤੇ ਜ਼ਖਮੀ ਹਾਲਤ ਵਿਚ ਭਾਈ ਜਗਵਿੰਦਰ ਸਿੰਘ ਤੋਂ ਵੀ ਪੁੱਛਗਿੱਛ ਕੀਤੀ ਸੀ ਕਈ ਮਹੀਨਿਆਂ ਬਾਅਦ ਭਾਈ ਜੁਗਰਾਜ ਸਿੰਘ ਦੀ ਲਾਸ਼ ਨੂੰ ਬੁਖਾਰੈਸਟ ਦੇ ਕਬਰਸਤਾਨ ਵਿਚ ਦਫਨਾ ਦਿੱਤਾ ਗਿਆ। ਯੂਰਪ ਦੇ ਸਿੰਘਾਂ ਦੀ ਲੰਮੀ ਜਦੋਜਹਿਦ ਪਿਛੋਂ ਉਹਨਾਂ ਦੀ ਲਾਸ਼ ਨੂੰ ਪੰਜ ਸਿੰਘਾਂ, ਜਿਨ੍ਹਾਂ ਵਿਚ ਸੁਰਿੰਦਰ ਸਿੰਘ ਭਿੰਡਰ ਜਰਮਨ, ਭਾਈ ਕਰਨੈਲ ਸਿੰਘ ਜਰਮਨ, ਭਾਈ ਸੰਤੋਖ ਸਿੰਘ ਖੇਲਾ ਕੈਨੇਡਾ ਅਤੇ ਦੋ ਹੋਰ ਸਿੰਘਾਂ ਦੇ ਉੱਦਮ ਨਾਲ ਕਬਰਸਤਾਨ ਵਿਚੋਂ ਕੱਢ ਕੇ ਸਿੱਖ ਧਾਰਮਕ ਮਰਿਆਦਾ ਅਨੁਸਾਰ ਸਸਕਾਰ ਕੀਤਾ ਗਿਆ ਅਤੇ ਅੰਤਿਮ ਰਾਖ ਨੂੰ ਉੱਥੇ ਨੇੜੇ ਵਗਦੇ ਦਰਿਆ ਵਿਚ ਜਲਪ੍ਰਵਾਹ ਕੀਤਾ ਗਿਆ।

ਹਿੰਦੁਸਤਾਨ ਦੀ ਸਰਕਾਰ ਭਾਈ ਪ੍ਰਗਟ ਸਿੰਘ ਅਤੇ ਭਾਈ ਜਗਵਿੰਦਰ ਸਿੰਘ ਨੂੰ ਵਾਪਸ ਮੰਗ ਰਹੀ ਸੀ ਪਰ ਰੋਮਾਨੀਆਂ ਦੀ ਫੌਜੀ ਅਦਾਲਤ ਨੇ ਉਨ੍ਹਾਂ ਨੂੰ ਵਾਪਸ ਘੱਲਣ ਤੋਂ ਇਨਕਾਰ ਕਰ ਦਿੱਤਾ ਸੀ। ਫੌਜੀ ਅਦਾਲਤ ਨੇ ਇਹਨਾਂ ਉਪਰ ਜਾਅਲੀ ਦਸਤਾਵੇਜ਼ਾਂ ਰਾਹੀਂ ਰੋਮਾਨੀਆਂ ਵਿਚ ਦਾਖਲ ਹੋਣ, ਬਿਨ੍ਹਾਂ ਲਾਇਸੈਂਸ ਤੋਂ ਹਥਿਆਰ ਰੱਖਣ, ਆਪਣੀਆਂ

ਕਾਰਾਂ ਉੱਪਰ ਡਿਪਲੋਮੈਟਿਕ ਨੰਬਰ ਲਾਉਣ, (ਜਿਸ ਤੋਂ ਪੁਲਿਸ ਇਹੀ ਸਮਝਦੀ ਰਹੀ ਕਿ ਇਹ ਇੰਡੀਅਨ ਅੰਬੈਸੀ ਦੇ ਬੰਦੇ ਹਨ) ਧੋਖਾ ਦੇਣ ਅਤੇ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਸੰਗੀਨ ਜੁਰਮ ਲਾਏ. ਜਦੋਂ ਸਿੰਘਾਂ ਨੇ ਰੁਮਾਨੀਆਈ ਭਾਸ਼ਾ ਵਿਚ ਜੱਜ ਮਿ. ਨਿਸਟਰ ਨੂੰ ਕਿਹਾ, "ਸਿਖ ਧਰਮ ਇਹ ਆਗਿਆ ਨਹੀਂ ਦਿੰਦਾ ਕਿ ਔਰਤ ਉੱਤੇ ਹੱਥ ਚੁੱਕਿਆ ਜਾਵੇ ਅਤੇ ਦੁਸ਼ਮਣ ਦੀ ਪਿੱਠ ਉਪਰ ਵਾਰ ਕੀਤਾ ਜਾਵੇ, ਅਜਿਹਾ ਕਰਨਾ ਬੁਜ਼ਦਿਲੀ ਹੈ, ਰਿਬੈਰ ਸਿਖ ਨੌਜਵਾਨਾਂ ਦੀਆਂ ਪਿੱਠਾਂ ਵਿਚ ਗੋਲੀਆਂ ਮਾਰਨ ਵਾਲਾ ਕਾਤਲ ਹੈ," ਤਾਂ ਜੱਜ ਮਿ. ਨਿਸਟਰ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ। ਉਹ ਅਦਾਲਤੀ ਕਾਰਵਾਈ ਵਿਚੇ ਛੱਡ ਕੇ ਆਪਣੇ ਬਾਰ ਰੂਮ ਵਿਚ ਚਲਿਆ ਗਿਆ ਸੀ।

ਅਪਾਹਜ ਹੋਏ ਰਿਬੈਰ, ਉਸ ਦੀ ਪਤਨੀ ਮੇਲਬਾ ਤੇ ਇਕ ਹੋਰ ਗਵਾਹ ਰੋਨੀਆ ਅਲੈਗਜ਼ਾਂਡਰੂ ਮਰਨੀਆ ਅਤੇ ਸੱਤ ਹੋਰ ਗਵਾਹਾਂ ਦੀਆਂ ਗਵਾਹੀਆਂ ਦੇ ਅਧਾਰ 'ਤੇ ਸਿਰਫ 14 ਦਿਨਾਂ ਵਿਚ 19 ਫਰਵਰੀ ਸੰਨ 1992 ਦਿਨ ਬੁੱਧਵਾਰ ਨੂੰ ਫੈਸਲਾ ਸੁਣਾ ਦਿੱਤਾ ਗਿਆ. ਜੱਜ ਨੇ ਭਾਈ ਪ੍ਰਤਾਪ ਸਿੰਘ ਨਿੱਝਰ ਉਰਫ ਰਾਜੇਸ਼ ਕੁਮਾਰ ਅਤੇ ਭਾਈ ਜਗਵਿੰਦਰ ਸਿੰਘ ਰੋਕਬਾ ਉਰਫ ਹਰਮਲ ਸਿੰਘ ਨੂੰ ਕ੍ਰਮਵਾਰ 10 ਸਾਲ ਅਤੇ ਸਾਢੇ ਅੱਠ ਸਾਲ ਸਖ਼ਤ ਸਜ਼ਾ ਸੁਣਾ ਕੇ ਮਿਲਟਰੀ ਦੀ ਕੈਂਪ ਜੇਲ੍ਹ ਵਿਚ ਭੇਜ ਦਿੱਤਾ. ਸਜ਼ਾ ਦੇ ਖਿਲਾਫ ਕੋਈ ਅਪੀਲ ਨਹੀਂ ਸੀ। ਦੋਹਾਂ ਸਿੰਘਾਂ ਦੇ ਜਿੰਦਾ ਬਚ ਜਾਣ ਨੂੰ ਹਿੰਦੁਸਤਾਨ ਦੀਆਂ ਗੁਪਤਚਰ ਏਜੰਸੀਆਂ ਆਪਣੇ ਵੱਕਾਰ ਦਾ ਸਵਾਲ ਬਣਾਈ ਬੈਠੀਆਂ ਸਨ. ਪਹਿਲਾਂ ਜੇਲ੍ਹ ਵਿਚ ਮਾਰਨ ਦੀ ਕੋਸ਼ਿਸ਼ ਸੀ, ਰਿਹਾਈ ਤੋਂ ਬਾਅਦ ਏਜੰਟਾਂ ਨੇ ਪੈਰਵਾਈ ਕਰਨ ਵਾਲੇ ਵਕੀਲ ਨੂੰ ਅਗਵਾ ਕਰ ਕੇ ਹੋਸਟਲ ਵਿਚੋਂ ਫੜਵਾਉਣ ਦਾ ਢੰਗ ਰਚਿਆ ਤਾਂ ਕਿ ਉੱਥੇ ਸੌਂਦੇ ਹੀ ਖ਼ਤਮ ਕੀਤਾ ਜਾ ਸਕੇ। ਫਿਰ ਕਿਸੇ ਏਜੰਟ ਰਾਹੀਂ ਕੈਨੇਡਾ ਘੱਲਣ ਲਈ ਰਾਤ ਨੂੰ ਗੱਡੀ ਵਿਚ ਸੱਦਣ ਦੀ ਕੋਸ਼ਿਸ਼ ਕੀਤੀ ਤਾਂ ਕਿ ਇਹਨਾਂ ਨੂੰ ਰੋਮਾਨੀਆਂ ਵਿਚ ਹੀ ਖ਼ਤਮ ਕਰ ਦਿੱਤਾ ਜਾਵੇ. ਪਰ ਭਾਈ ਜਗਵਿੰਦਰ ਸਿੰਘ ਕਿਸੇ ਜ਼ਰੀਏ ਬੈਲਜੀਅਮ ਵਿਚ ਸੈੱਟ ਹੋ ਗਏ। ਉੱਥੇ ਉਹ ਆਪਣੀ ਪਤਨੀ, ਇਕ ਛੋਟੀ ਬੇਟੀ ਅਤੇ ਇਕ ਬੇਟੇ ਨਾਲ ਰਹਿ ਰਹੇ ਸਨ।

ਬੈਲਜੀਅਮ ਦੇ ਸ਼ਹਿਰ ਸਿੰਤਰੂਦਨ ਵਿਚ ਉਹ ਆਪਣੀ ਇਕ ਐਸ. ਟੀ. ਡੀ. ਪੀ. ਸੀ. ਓ. ਦੀ ਦੁਕਾਨ ਚਲਾ ਰਹੇ ਸਨ। ਲੰਮੇ ਦੁੱਖਾਂ ਸੰਤਾਪਾਂ ਤੋਂ ਬਾਅਦ ਉਹਨਾਂ ਨੇ ਆਪਣਾ ਇਕ ਆਲ੍ਹਣਾ ਜਿਹਾ ਬਣਾਇਆ ਸੀ. ਮਾਤਾ ਪਿਤਾ ਤੋਂ ਦੂਰ ਵਰ੍ਹਿਆਂ ਦੇ ਵਿਛੋੜੇ ਦੀ ਚੀਸ ਝੱਲੀ, ਕੌਮੀ ਘਰ ਦੀ ਉਸਾਰੀ ਦੀ ਰੀਝ ਆਪਣੇ ਮਨ ਵਿਚ ਧਾਰੀ ਹਮੇਸ਼ਾ ਗੰਭੀਰ ਰਹਿਣਾ ਹੀ ਉਸ ਦੀ ਪਹਿਚਾਣ ਬਣ ਗਿਆ ਸੀ। ਕਦੇ ਕੋਈ ਹਉਮੈ ਜਾਂ ਲਾਲਚ ਮਨ ਵਿਚ ਨਹੀਂ ਲਿਆਂਦਾ ਸੀ। ਸਿੰਤਰੂਦਨ ਸ਼ਹਿਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਵੀ ਨਿਰਸੁਆਰਥ ਕੀਤੀ।

ਉਹ ਹਮੇਸ਼ਾ ਕਹਿੰਦੇ ਰਹਿੰਦੇ ਸਨ ਗੋਰਾ ਸੱਪ. ਰਿਬੈਰ. ਜ਼ਖਮੀ ਹੋ ਗਿਆ, ਇਹ ਜ਼ਖਮੀ ਸੱਪ ਬਚਿਆ ਮਾੜਾ ਹੀ ਮਾੜਾ ਹੈ। ਮੇਰੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ, ਦੁਸ਼ਮਣੀ ਤਾਂ ਹਿੰਦੁਸਤਾਨ ਦੀਆਂ ਜ਼ਾਲਮ ਸਰਕਾਰਾਂ ਨਾਲ ਹੈ, ਜਿਨ੍ਹਾਂ ਨੇ ਸਾਡਾ ਅਕਾਲ ਤਖ਼ਤ ਢਾਹਿਆ ਹੈ, ਸਿੱਖਾਂ ਨੂੰ ਸੜਕਾਂ 'ਤੇ ਸਾੜ ਸਾੜ ਮਾਰਿਆ ਹੈ। ਸਾਡੀਆਂ ਇੱਜ਼ਤਾਂ ਨੂੰ

ਬੇਪੱਤ ਕੀਤਾ ਹੈ ਹੁਣ ਵੀ ਖ਼ਤਰਾ ਹੀ ਹੈ, ਪਹਿਲਾਂ ਕਿੰਨੀ ਵਾਰੀ ਇਹਨਾਂ ਨੇ ਸਾਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਦੁਸ਼ਮਣ ਬਾਤ ਕਰੇ ਅਣਹੋਣੀ

ਆਖ਼ਰ ਉਹ ਘੜੀ ਆਣ ਪੁੱਜੀ 17 ਅਪ੍ਰੈਲ ਨੂੰ ਸ਼ਾਮ ਦੇ ਦਸ ਵਜੇ ਜਦੋਂ ਉਹ ਆਪਣੀ ਐੱਸ ਟੀ ਡੀ ਦੀ ਦੁਕਾਨ ਉੱਤੇ ਬੈਠੇ ਇਕ ਗਾਹਕ ਨਾਲ ਗੱਲ ਕਰ ਰਹੇ ਸਨ ਤਾਂ ਇਕ ਨਕਾਬਪੋਸ਼ ਨੇ ਫੁਰਤੀ ਨਾਲ ਆ ਕੇ ਭਾਈ ਸਾਹਿਬ ਦੇ ਸਿਰ ਵਿਚ ਦੋ ਗੋਲੀਆਂ ਮਾਰ ਦਿੱਤੀਆਂ ਭਾਈ ਸਾਹਿਬ ਮੌਕੇ 'ਤੇ ਹੀ ਸ਼ਹੀਦ ਹੋ ਗਏ ਜ਼ਾਲਮ ਸਰਕਾਰ ਦੇ ਗੁਪਤਚਰ ਕੈਟਾਂ ਨੇ ਆਖ਼ਰ ਕਿਵੇਂ ਨਾ ਕਿਵੇਂ ਉਸ ਬੱਬਰ ਯੋਧੇ ਦਾ ਅੰਤ ਕਰ ਦਿੱਤਾ ਜੋ ਕੌਮ ਦੀ ਆਜ਼ਾਦੀ ਲਈ ਜੀਵਿਆ ਅਤੇ ਅੰਤ ਆਪਣੇ ਸ਼ਹੀਦ ਸਾਥੀਆਂ ਦੇ ਕਾਫ਼ਲੇ ਵਿਚ ਜਾ ਰਲਿਆ

# ਭਾਈ ਇਕਬਾਲ ਸਿੰਘ ਬੱਬਰ

ਭਾਈ ਇਕਬਾਲ ਸਿੰਘ ਬੱਬਰ ਦੀ ਗ੍ਰਿਫਤਾਰੀ ਇਕ ਬੁਝਾਰਤ ਹੀ ਬਣੀ ਰਹਿਣੀ ਸੀ। ਕਿਉਂਕਿ ਉਹ ਕੁਝ ਦਿਨਾਂ ਤੋਂ ਜਥੇਬੰਦੀ ਲਈ ਸਮਾਨ ਦਾ ਪ੍ਰਬੰਧ ਕਰਨ ਲਈ ਭਾਈ ਬਲਵਿੰਦਰ ਸਿੰਘ ਬੱਬਰ ਕਾਲਿਆਂਵਾਲੀ ਉਰਫ ਟੇਲਰ ਮਾਸਟਰ ਨਾਲ ਆਪਣੇ ਦੂਸਰੇ ਟਿਕਾਣਿਆਂ 'ਤੇ ਗਏ ਸਨ, ਜਿਥ ਉਹ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਬਾਰਡਰ ਦੇ ਇਲਾਕੇ ਵਿਚੋਂ, ਫਤਿਆਬਾਦ ਸੀ ਆਰ ਪੀ ਦੀ ਇਕ ਕੰਪਨੀ ਵੱਲੋਂ ਮੁਖਬਰੀ ਕਾਰਨ ਇਕ ਛਾਪੇ ਦੌਰਾਨ ਆਪਣੇ ਸਾਥੀ ਟੇਲਰ ਮਾਸਟਰ ਨਾਲ ਫੜੇ ਗਏ ਸਨ। ਇਹ ਸੱਚ ਉਸ ਸਮੇਂ ਸਾਹਮਣੇ ਆਇਆ ਜਦੋਂ ਸੀ ਆਰ ਪੀ ਨੇ ਉਨ੍ਹਾਂ ਦੋਹਾਂ ਸਿੰਘਾਂ ਨੂੰ ਨਾਲ ਲੈ ਕੇ ਸੈਂਕੜਿਆਂ ਦੀ ਗਿਣਤੀ ਵਿਚ ਫਰੀਦਕੋਟ ਸ਼ਹਿਰ ਅਤੇ ਨਾਲ ਦੇ ਪਿੰਡਾਂ ਵਿਚ ਛਾਪੇ ਮਾਰੇ। ਬੀ ਐਸ ਐਫ ਅਤੇ ਸੀ ਆਰ ਪੀ ਵੱਲੋਂ ਬੱਬਰਾਂ ਦੇ ਇਸ ਗੁੱਟ ਖਿਲਾਫ ਬੜੇ ਹੀ ਯੋਜਨਾਬੱਧ ਢੰਗ ਨਾਲ ਜਾਲ ਬੁਣੇ ਜਾ ਰਹੇ ਸਨ। ਫਰੀਦਕੋਟ ਸ਼ਹਿਰ ਵਿਚ ਭਾਈ ਤੀਰਥ ਸਿੰਘ ਖਾਲਸਾ ਸਾਬਕਾ ਫੌਜੀ ਅਤੇ ਭਾਈ ਮੰਦਰ ਸਿੰਘ ਖਾਲਸਾ ਛੱਤੇਗੁਮਾਣਾ ਨੂੰ ਸੀ ਆਰ ਪੀ ਨੇ ਚੁਕਾ ਲਿਆ ਸੀ। ਭਾਈ ਇਕਬਾਲ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਦੇ ਪੈਰਾਂ ਨੂੰ ਹੱਥਕੜੀਆਂ ਲਾਈਆਂ ਹੋਈਆਂ ਸਨ। ਕੇਂਦਰੀ ਗੁਪਤਚਰ ਏਜੰਸੀਆਂ ਅਤੇ ਕੇਂਦਰ ਸਰਕਾਰ ਦੇ ਸਪੈਸ਼ਲ ਟੈਰਰਿਸਟ ਸੈਲ ਲੋਧੀ ਕਾਲੋਨੀ ਦਿੱਲੀ ਵੱਲੋਂ ਇਨ੍ਹਾਂ ਬੱਬਰ ਸਿੰਘਾਂ ਨੂੰ ਪੰਜਾਬ ਪੁਲਿਸ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਸ ਹੀ ਤਰ੍ਹਾਂ ਜਦੋਂ ਭਾਈ ਸਲੱਖਣ ਸਿੰਘ ਬੱਬਰ ਵੇਰੋਵਾਲ ਜਦੋਂ ਫਿਰੋਜ਼ਪੁਰ ਜ਼ਿਲ੍ਹੇ ਦੇ ਜ਼ੀਰਾ ਕਸਬੇ ਤੋਂ ਇਕ ਟਰੈਕਟਰ ਟਰਾਲੀ ਵਿਚ ਜਾਂਦੇ ਪੁਲਿਸ ਵੱਲੋਂ ਫੜ ਗਏ ਸਨ, ਉਨ੍ਹਾਂ ਨੂੰ ਵੀ ਫਿਰੋਜ਼ਪੁਰ ਦੀ ਚੌਕੀ ਨੰਬਰ ਦੇ ਸੀ ਆਈ ਏ ਸਟਾਫ ਵਿਚੋਂ ਹਰਬੰਸ ਲਾਲ ਉਸਤਾਦ ਨਾਮ ਦੇ ਇਕ ਪੁਲਿਸ ਅਫਸਰ ਕੋਲੋਂ ਸੀ ਆਰ ਪੀ ਲੈ ਗਈ ਸੀ। ਬਾਅਦ ਵਿਚ ਇਨ੍ਹਾਂ ਸਿੰਘਾਂ ਦੀ ਅੱਜ ਤੱਕ ਕੋਈ ਉੱਘ ਸੁੱਘ ਨਹੀਂ ਮਿਲੀ।

ਭਾਈ ਇਕਬਾਲ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਟੇਲਰ ਮਾਸਟਰ ਬੱਬਰਾਂ ਦੀ ਹਾਈਕਮਾਂਡ ਦੇ ਪਹਿਲੇ ਮਰਜੀਵੜੇ ਸਿੰਘਾਂ ਵਿਚੋਂ ਸਨ। ਭਾਈ ਇਕਬਾਲ ਸਿੰਘ ਮਾਲਵੇ ਵਿਚ ਆਪਣੇ ਛੋਟੇ ਨਾਮ ਬਾਲਾ, ਮੋਹਨੀ, ਲੱਖਾ ਆਦਿ ਕਈ ਨਾਮਾਂ ਨਾਲ ਅੱਜ ਵੀ ਸੰਗਤ ਵੱਲੋਂ ਯਾਦ ਕੀਤੇ ਜਾਂਦੇ ਹਨ ਆਪ ਜੀ ਦਾ ਜਨਮ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਮਾਤਾ ਜੋਗਿੰਦਰ ਕੌਰ ਜੀ ਦੀ ਕੁਖੋਂ 7 ਅਗਸਤ 1964 ਨੂੰ ਹੋਇਆ। ਆਪ ਜੀ ਦਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਜੰਡਿਆਲਾ ਗੁਰੂ ਪੁਲਿਸ ਸਟੇਸ਼ਨ ਅੰਦਰ ਮਹਿਤਾ ਸੜਕ ਉਪਰ ਰਾਏਪੁਰ ਛੱਜੂਆਣਾ) ਹੈ। ਆਪ ਜੀ ਚਾਰ ਭੈਣ ਭਰਾ ਸਨ। ਭੈਣ ਗੋਬਿੰਦਰ

ਕੌਰ ਅਤੇ ਮਲਕੀਤ ਕੌਰ ਅਤੇ ਛੋਟਾ ਭਰਾ ਕਿਰਪਾਲ ਸਿੰਘ ਹਨ। ਸਾਰਾ ਹੀ ਪਰਿਵਾਰ ਗੁਰੂ ਪ੍ਰੀਤ ਅੰਦਰ ਮਹ ਭਿੱਜਿਆ ਹੈ। ਜਿਨ੍ਹਾਂ ਹਮੇਸ਼ਾ ਆਪਣੇ ਭਰਾ 'ਤੇ ਮਾਣ ਹੀ ਕੀਤਾ ਹੈ। ਭਾਈ ਸਾਹਿਬ ਜੀ ਨੇ ਬਿਜਲੀ ਟਰੇਡ ਅੰਦਰ ਆਈ ਟੀ ਆਈ ਦਾ ਇਕ ਸਾਲ ਦਾ ਕੋਰਸ ਕੀਤਾ ਹੋਇਆ ਸੀ ਦੂਸਰੇ ਸਾਲ ਦਾ ਕੋਰਸ ਵਿਚਕਾਰ ਹੀ ਛੱਡ ਦਿੱਤਾ ਸੀ। ਹਿੰਦੁਸਤਾਨੀ ਫੌਜ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕੀਤੇ ਹਮਲੇ ਨੇ ਆਪ ਜੀ ਨੂੰ ਧੁਰ ਅੰਦਰ ਤੱਕ ਜ਼ਖਮੀ ਕਰ ਦਿੱਤਾ ਸੀ। ਇਸ ਜ਼ਾਬਰ ਹਕੂਮਤ ਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਆਪ ਜੀ ਨੇ ਬੱਬਰਾਂ ਦੇ ਦੁਸ਼ਟ ਸੋਧ ਜਥੇ ਵਿਚ ਦਾਖਲਾ ਲੈ ਲਿਆ

ਭਾਈ ਸਾਹਿਬ ਜੀ ਨੇ ਜਦੋਂ ਕਦੇ ਇਕਾਂਤ ਵਿਚ ਹੋਣਾ ਤਾਂ ਕਲਮ ਨਾਲ ਕਾਗਜ਼ ਛੋਹ ਲੈਣੇ। ਕਦੇ ਕਦੇ ਘੜੋ ਵੰਨਗੀ ਵਿਚ ਲਿਖਦੇ ਸਨ।

ਤੁਰ ਨੇ ਜਿਹੜੇ ਹਿੱਕਾਂ 'ਚ ਮਘਦੀਆਂ ਚਿੰਗਿਆੜੀਆਂ ਲੈ ਕੇ,
ਉਹ ਪਰਤਣਗੇ ਅਵੱਸ਼ ਚਾਨਣ ਦੀਆਂ ਅਸਵਾਰੀਆਂ ਲੈ ਕੇ,
ਪਈ ਜੇ ਲੋੜ ਤਾਂ ਸਿਰ ਦੇਣ ਤੋਂ ਪਿੱਛੇ ਹਟਦੇ ਨਹੀਂ,
ਐਵੇਂ ਤੁਰੇ ਫਿਰਦੇ ਨਹੀਂਅਸੀਂ ਸਰਦਾਰੀਆਂ ਲੈ ਕੇ,
ਅਸੀਂ ਤਾਂ ਖੇਡਦੇ ਹਾਂ ਖੂਨ ਦੀਆਂ ਹੋਲੀਆਂ,
ਪਰ ਤੁਸੀਂ ਸਾਨੂੰ ਡਰਾਉਂਦੇ ਹੋ,
ਰੰਗਾਂ ਦੀਆਂ ਪਿਚਕਾਰੀਆਂ ਲੈ ਕੇ।

ਭਾਈ ਇਕਬਾਲ ਸਿੰਘ ਨੂੰ ਕਿਸੇ ਨੇ ਗੱਲਾਂ ਕਰਦੇ ਨਹੀਂ ਦੇਖਿਆ ਹੋਵਗਾ। ਹਮੇਸ਼ਾ ਗੁਰੂ ਲਿਵ ਅੰਦਰ ਬੰਦ ਹਨੇਰਿਆਂ ਵਿਚ ਆਰਾਮ ਜਾਂ ਦੁਸ਼ਟਾਂ ਨੂੰ ਸੋਧਣ ਦੇ ਤਰੀਕਿਆਂ ਦੇ ਫਿਕਰ 'ਚ ਉਨ੍ਹਾਂ ਨੇ ਰਹਿਣਾ। ਜੂਨ 1984 ਤੋਂ ਬਾਅਦ ਆਪ ਜੀ ਨੇ ਭਾਈ ਸੁਖਦੇਵ ਸਿੰਘ, ਭਾਈ ਸੁਲੱਖਣ ਸਿੰਘ, ਭਾਈ ਗੁਰਪਾਲ ਸਿੰਘ ਬੁੱਚੇ ਮੰਡੀ, ਭਾਈ ਮਨਮੋਹਣ ਸਿੰਘ ਬਜਾਜ, ਭਾਈ ਅਨੋਖ ਸਿੰਘ ਅਤੇ ਦੂਸਰੇ ਸੰਗੀਆਂ ਸਾਥੀਆਂ ਨਾਲ ਮਿਲ ਕੇ ਬੜੇ ਹੀ ਬਿਖੜੇ ਪੈਂਡੇ ਤੰਗੀਆਂ ਤਰੁੱਟੀਆਂ ਭੁੱਖਾਂ ਵਿਚ ਰਹਿ ਕੇ ਜਥੇਬੰਦੀ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ। ਪਹਿਲਾਂ ਆਪ ਬਟਾਲਾ ਗੁਰਦਾਸਪੁਰ ਇਲਾਕੇ ਵਿਚ ਸਰਗਰਮ ਸਨ ਪਰ ਜਦੋਂ ਬੱਬਰਾਂ ਨੇ ਮਈ 1985 ਵਿਚ ਦਿੱਲੀ, ਕਾਨਪੁਰ, ਹਿਸਾਰ ਅੰਦਰ ਟਰਾਂਜ਼ਿਸਟਰ ਅਤੇ ਬੋਤਲ ਬੰਬਾਂ ਰਾਹੀਂ ਇਕੋ ਹੀ ਸਵੇਰ ਨੂੰ ਹਿੰਦੁਸਤਾਨੀ ਹਾਕਮਾਂ ਨੂੰ ਹਿਲਾ ਦਿੱਤਾ ਤਾਂ ਆਪ ਜੀ ਕਿਸੇ ਮੁਖਬਰ ਦੀ ਸੂਹ 'ਤੇ ਫੜੇ ਗਏ ਅਤੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਭੇਜ ਦਿੱਤੇ ਗਏ। ਜਿੱਥੋਂ ਆਪ ਜੀ ਨੂੰ ਬੋਸਟਲ ਜੇਲ੍ਹ ਬਟਾਲਾ ਭੇਜ ਦਿੱਤਾ ਗਿਆ। ਆਪ ਜੀ ਦੇ ਸਾਥੀਆਂ ਨੇ ਬੜੇ ਹੀ ਯੋਜਨਾਬੱਧ ਢੰਗ ਨਾਲ ਆਪ ਜੀ ਨੂੰ ਜੇਲ੍ਹ ਹਿਰਾਸਤ ਵਿਚੋਂ ਕੱਢ ਲਿਆ। ਆਪ ਜੀ ਨੂੰ ਜਥੇਬੰਦੀ ਨੇ ਮਾਲਵੇ ਅੰਦਰ ਸੇਵਾ ਕਰਨ ਦਾ ਹੁਕਮ ਦੇ ਦਿੱਤਾ

ਭਾਈ ਇਕਬਾਲ ਸਿੰਘ ਦਾ ਮਾਲਵੇ ਵਿਚ ਪ੍ਰਵੇਸ਼ ਹੋਣ ਬਾਰੇ ਉਦੋਂ ਪਤਾ ਲੱਗਾ ਜਦੋਂ ਸਿੰਘਾਂ ਨੇ ਥਾਣੇਦਾਰ ਗੁਰਤੇਜ ਸਿੰਘ ਅਕੋਂਵਾਲੀ ਜੋ ਫਰੀਦਕੋਟ ਸੀ ਆਈ ਏ ਵਿਚ

ਲੱਗਾ ਹੋਇਆ ਸੀ ਅਤੇ ਹੱਦ ਦਰਜੇ ਦਾ ਬਚਤ ਸੀ ਬਠਿੰਡੇ ਆਪਣੇ ਪਿਤਾ ਦੇ ਫੁੱਲ ਚੁੱਕ ਕੇ ਜਲ ਪ੍ਰਵਾਹ ਕਰਨ ਵਾਸਤ ਸਿੰਘਿਆਂ ਵਿਚ ਆਇਆ ਸਵੇਰੇ ਚਾਰ ਵਜੇ ਬੱਬਰਾਂ ਦੀਆ ਗੋਲੀਆਂ ਦਾ ਸ਼ਿਕਾਰ ਬਣ ਗਿਆ ਇਸ ਕਤਲ ਦੇ ਸੰਬੰਧ ਵਿਚ ਪੁਲਿਸ ਨੇ ਬਹੁਤ ਪਰਿਵਾਰਾਂ 'ਤੇ ਤਸ਼ੱਦਦ ਕੀਤਾ ਤਸ਼ੱਦਦ ਦੀ ਇਸ ਕੜੀ 'ਚੋਂ ਹੀ ਦੀਨਾ ਕਾਂਗੜ ਦਾ ਸੁਖਦੇਵ ਸਿੰਘ ਫੌਜੀ ਅਕਾਲੀ ਮੰਤਰੀ ਬਲਦੇਵ ਸਿੰਘ ਖਿਆਲਾ ਰਾਹੀਂ ਫੁਲ ਪਲਿਸ ਕੋਲ ਪੇਸ਼ ਹੋ ਗਿਆ ਜਿਸ ਰਾਹੀਂ ਪਹਿਲੀ ਵਾਰ ਪੁਲਿਸ ਕੋਲ ਭਾਈ ਇਕਬਾਲ ਸਿੰਘ, ਭਾਈ ਗੁਰਪਾਲ ਸਿੰਘ, ਭਾਈ ਉਮਰਪਾਲ ਸਿੰਘ, ਭਾਈ ਗੁਰਮੀਤ ਸਿੰਘ, ਸੁਲੱਖਣ ਸਿੰਘ ਅਤੇ ਇਸ ਜੀਵਨੀ ਦੇ ਲੇਖਕ ਕਰਮਜੀਤ ਸਿੰਘ ਸਿੱਖਾਂ ਵਾਲਾ ਦਾ ਨਾਮ ਸਾਹਮਣੇ ਆਇਆ। ਇਸ ਜੀਵਨੀ ਦੇ ਲੇਖਕ ਦਾ ਸਾਰਾ ਪਰਿਵਾਰ ਸਮੇਤ ਸੋਰੀਆਂ ਦੇ ਚੁੱਕ ਕੇ ਬਠਿੰਡ ਕਰਮਲ ਰੈਸਟ ਹਾਊਸ ਦੇ ਟਾਰਚਰ ਸੈੱਲ ਵਿਚ ਬੰਦ ਕੀਤਾ ਹੋਇਆ ਸੀ। 17 ਜੁਲਾਈ 1986 ਨੂੰ ਪਹਿਲੀ ਵਾਰ ਬਠਿੰਡਾ ਪੁਲਿਸ ਦੇ ਹੱਥ ਥਾਮਸਨ ਮਸ਼ੀਨ ਗੰਨ 45 ਬਰ ਅਤੇ 100 ਕਾਰਤੂਸਾਂ ਦੀ ਆਈ ਸੀ ਜਿਸ ਨੂੰ ਪਲਿਸ ਵਾਲੇ ਬੰਦੇ ਕਤਰਣ ਵਾਲੀ ਮਸ਼ੀਨ ਕਹਿੰਦੇ ਸਨ ਅਤੇ ਮਜ਼ ਉਪਰ ਪਈ ਦੇ ਨੇੜੇ ਜਾ ਕੇ ਹੱਥ ਨਹੀਂ ਲਾਉਂਦੇ ਸਨ ਨਾ ਹੀ ਉਨ੍ਹਾਂ ਨੂੰ ਇਹ ਪਤਾ ਸੀ ਇਹ ਕਿਵੇਂ ਚਲਦੀ ਹੈ ਡਰ ਅਤੇ ਸਹਿਮ ਇਤਨਾ ਸੀ। ਇਸ ਤੋਂ ਬਾਅਦ ਇਕਬਾਲ ਸਿੰਘ ਅਤੇ ਗੁਰਪਾਲ ਸਿੰਘ ਦੀਆਂ ਤਸਵੀਰਾਂ (Most Wanted) ਅਤੀ ਜ਼ਰੂਰੀ ਲੋੜੀਂਦੇ ਖਾੜਕੂਆਂ ਦੀ ਸੂਚੀ ਨਾਲ ਥਾਣਿਆਂ ਵਿਚ ਸੁਸ਼ੋਭਿਤ ਕਰ ਦਿੱਤੀਆਂ ਗਈਆਂ ਸਨ। ਇਹ ਸਾਰੀ ਕਾਰਵਾਈ ਡੀ ਐਸ ਪੀ ਝੰਡਾ ਸਿੰਘ, ਇੰਸਪੈਕਟਰ ਬਲਜਿੰਦਰ ਸਿੰਘ ਗਰਵਾਲ ਅਤੇ ਐਸ ਆਈ ਨਿਰੰਜਨ ਸਿੰਘ ਲੌਂਗੋਵਾਲੀਆ ਦੀ ਨਿਗਰਾਨੀ ਹੇਠ ਹੋਈ ਸੀ। ਭਾਈ ਇਕਬਾਲ ਸਿੰਘ ਦਾ ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਪਹਿਲਾਂ ਹੀ ਜੰਡਿਆਲਾ ਗੁਰੂ ਥਾਣੇ ਵਿਚ ਬੰਦ ਕੀਤੇ ਹੋਏ ਸਨ ਭਾਈ ਗੁਰਪਾਲ ਸਿੰਘ ਭੁੱਚੋ ਮੰਡੀ ਦੇ ਪਿਤਾ ਜੀ ਜਥੇਦਾਰ ਜਗਜੀਤ ਸਿੰਘ ਅਤੇ ਭਰਾ ਬਠਿੰਡਾ ਸਟਾਫ਼ ਵਿਚ ਬੰਦ ਕੀਤੇ ਹੋਏ ਸਨ।

ਇਸ ਤੋਂ ਬਾਅਦ ਇਕਬਾਲ ਸਿੰਘ ਉਰਫ਼ ਬਾਲਾ, ਮੋਹਨੀ, ਲੱਖਾ ਬੱਬਰ ਮਾਲਵੇ ਦੀ ਧਰਤੀ 'ਤੇ ਇਉਂ ਘੁੰਮਿਆ ਕਿ ਜਾਬਰ ਦੁਸ਼ਟਾਂ ਨਰਕਧਾਰੀਆਂ, ਮੁਖਬਰਾਂ ਦੇ ਘਰਾਂ ਨੂੰ ਜੰਦਰੇ ਲੱਗ ਗਏ। ਪੁਲਿਸ ਥਾਣਿਆਂ ਦੇ ਗੇਟ ਬੰਦ ਰਹਿਣ ਲੱਗ ਪਏ। ਸੜਕਾਂ ਤੇ ਪਿੰਡਾਂ 'ਚ ਆਮ ਗਸ਼ਤ ਬੰਦ ਹੋ ਗਈ। ਜਦ ਨੂੰ ਸਿੰਘਾਂ ਨੇ ਬਾਘੇਪੁਰਾਣੇ ਦੇ ਥਾਣੇਦਾਰ ਮਿੱਤ ਸਿੰਘ ਦਾ ਦਿਨ ਦਿਹਾੜੇ ਭਰੇ ਬਾਜ਼ਾਰ ਭੋਗ ਪਾ ਦਿੱਤਾ। ਇਸ ਥਾਣੇਦਾਰ ਨੂੰ ਕਝ ਦਿਨ ਪਹਿਲਾਂ ਹੀ ਪੰਜਾਬ ਦੇ ਡੀ ਜੀ ਪੀ ਰਿਬੇਰੋ ਨੇ ਸਮਾਲਸਰ ਵਿਚ ਇਕ ਇਕੱਠ ਵਿਚ ਇਸ ਕਰਕੇ ਸਨਮਾਨਿਤ ਕੀਤਾ ਸੀ ਅਤੇ ਬਹਾਦਰੀ ਦਾ ਪੁਰਸਕਾਰ ਦਿੱਤਾ ਸੀ, ਕਿਉਂਕਿ ਇਸ ਨੇ ਭਾਈ ਗੁਰਜੰਟ ਸਿੰਘ ਬੁਧ ਸਿੰਘ ਵਾਲੇ ਦੇ ਸੁੰਨੇ ਘਰ ਦਾ ਲੋਹੇ ਦਾ ਗੇਟ ਚੋਰੀ ਲਾਹ ਕੇ ਬਾਘੇ ਪੁਰਾਣੇ ਥਾਣੇ ਵਿਚ ਲੈ ਆਂਦਾ ਸੀ। ਇਸ ਥਾਣੇਦਾਰ ਨੂੰ ਸਿੰਘ ਭਰੇ ਬਜ਼ਾਰ ਭੁੰਨ ਕੇ ਗਲੇ

ਰਿਵਾਲਵਰ ਲਾਹ ਕੇ ਸੀ ਆਰ ਪੀ ਅਤੇ ਪੰਜਾਬ ਪੁਲਿਸ ਨੂੰ ਹੱਥ ਹਿਲਾਉਂਦੇ ਬਾਏ ਬਾਏ ਕਹਿ ਗਏ ਸਨ। ਬਾਅਦ ਵਿਚ ਸੀ ਆਰ ਪੀ ਦੀਆਂ ਗੋਲੀਆਂ ਨਾਲ ਕਈ ਸਕੂਲੀ ਬੱਚੇ, ਇਕ ਰਿਕਸ਼ਾ ਚਾਲਕ ਅਤੇ ਹੋਰ ਲੋਕ ਮਾਰੇ ਗਏ ਸਨ।

ਬੱਬਰ ਇਕਬਾਲ ਸਿੰਘ ਦੇ ਕੰਮਾਂ ਦਾ ਮੁੱਲਅੰਕਣ ਕਰਨਾ ਬਹੁਤ ਔਖਾ ਹੈ। ਦਿੱਲੀ ਟਰਾਂਜਿਸਟਰ ਬੰਬ, ਪਿੰਡ ਰੰਡੇ ਸਾਦਿਕ ਦੇ ਮੁਖਬਰ, ਨਰਕਧਾਰੀਏ ਜ਼ਾਬਰ ਪੁਲਿਸ ਅਫਸਰ, ਜੈਤੋ ਦਾ ਭਗਵਾਨ ਦਾਸ, ਪਤਰਗਾ, ਸ਼ਿਵ ਸੈਨਾ ਵਾਲਿਆਂ ਕੋਲ ਬੱਬਰਾਂ ਦਾ ਨਾਮ ਇਸ ਤਰ੍ਹਾਂ ਸੀ ਜਿਵੇਂ ਪਠਾਣੀਆਂ ਆਪਣੇ ਬੱਚਿਆਂ ਨੂੰ ਸਰਦਾਰ ਹਰੀ ਸਿੰਘ ਨਲੂਏ ਦੀਆਂ ਗਾਥਾਵਾਂ ਸੁਣਾਉਂਦੀਆਂ ਕਹਿੰਦੀਆਂ ਹਨ "ਹਊ ਹਰੀਆ ਰਾਂਵਲ"।

ਜਦੋਂ ਆਪ ਜੀ ਨੇ ਆਪਣੇ ਸਾਥੀਆਂ ਸਮੇਤ ਭਾਈ ਅਨਖ ਸਿੰਘ ਬੱਬਰ ਨੂੰ ਲੁਧਿਆਣਾ ਕਚਹਿਰੀ ਵਿਚੋਂ ਛੁਡਾਇਆ ਸੀ ਤਾਂ ਇਸ ਐਕਸ਼ਨ ਵਿਚ ਆਪ ਜੀ ਦਾ ਨੇੜਲਾ ਜੰਗਜੂ ਸਾਥੀ ਭਾਈ ਸਤਨਾਮ ਸਿੰਘ ਬੱਬਰ ਮੌਤ ਸ਼ਹੀਦ ਹੋ ਗਏ ਸਨ ਜਿਸ ਕਾਰਨ ਆਪ ਜੀ ਨੂੰ ਕਾਫੀ ਢਾਹ ਲੱਗੀ ਇਹ ਵਿਛੋੜਾ ਅਜੇ ਭੁੱਲਿਆ ਹੀ ਨਹੀਂ ਸੀ ਕਿ ਆਪ ਜੀ ਦਾ ਇਕ ਹੋਰ ਨਜ਼ਦੀਕੀ ਸਾਥੀ ਬੰਤ ਸਿੰਘ ਮੁਕਤਸਰ ਯੂ ਪੀ ਵਿਚ ਇਕ ਕੰਬਾਈਨ ਹਾਦਸੇ ਵਿਚ ਮਾਰਿਆ ਗਿਆ। ਇਨ੍ਹਾਂ ਸਭ ਕਹਾਣੀਆਂ ਨੂੰ ਆਪ ਜੀ ਗੁਰੂ ਹੁਕਮ ਦੀ ਖੇਡ ਹੀ ਮੰਨਦੇ ਰਹੇ ਅਤੇ ਲਗਾਤਾਰ ਜਥੇਬੰਦੀ ਨੂੰ ਲਾਮਬੰਦ ਕਰਦੇ ਰਹੇ ਆਪ ਜੀ ਜਦੋਂ ਇਕ ਅਹਿਮ ਮੀਟਿੰਗ ਲਈ ਸੰਗਰੂਰ ਦੀ ਹਰੀ ਪੁਰਾ ਬਸਤੀ ਦੇ ਇਕ ਮਕਾਨ ਵਿਚ ਭਾਈ ਜਰਨੈਲ ਸਿੰਘ ਹਵਾਰਾ (ਲੌਂਗੋਵਾਲ ਹਰਚੰਦ ਸਿੰਘ ਕਤਲ ਕੇਸ) ਨਾਲ ਆਪਣੇ ਨਜ਼ਦੀਕੀ ਸਾਥੀ ਭਾਈ ਗੁਰਪਾਲ ਸਿੰਘ ਕੂਚੇ ਮੰਡੀ ਅਤੇ ਹੋਰ ਜੁਝਾਰੂ ਸਿੰਘਾਂ ਨਾਲ ਇਕੱਠੇ ਹੋਏ ਤਾਂ, ਖੰਨਾ ਪੁਲੀਸ ਵੱਲੋਂ 10 ਮਈ 1987 ਨੂੰ ਸੁਬ੍ਹਾ 3 ਵਜੇ ਦੇ ਕਰੀਬ ਕੈਟ ਗੁਰਮੀਤ ਪਿੰਕੀ ਦੀ ਸੂਹ 'ਤੇ (ਉਸ ਸਮੇਂ ਪਿੰਕੀ ਨੇ ਦਾੜ੍ਹੀ ਕੇਸ ਰੱਖੇ ਹੋਏ ਸਨ ਅਤੇ ਗੋਲ ਕੇਸਕੀ ਬੰਨਦਾ ਸੀ) ਬੱਬਰਾਂ ਦੀ ਇਸ ਅਹਿਮ ਮਿਲਣੀ 'ਤੇ ਛਾਪਾ ਮਾਰਿਆ ਸੀ। ਇਥੇ ਹੋਏ ਮੁਕਾਬਲੇ ਵਿਚ ਭਾਈ ਗੁਰਪਾਲ ਸਿੰਘ ਬੱਬਰ ਕੂੱਚੇ ਮੰਡੀ ਅਤੇ ਭਾਈ ਜਰਨੈਲ ਸਿੰਘ ਹਵਾਰਾ ਸ਼ਹੀਦ ਹੋ ਗਏ ਸਨ। ਪੁਲਿਸ ਦੇ ਇਸ ਛਾਪੇ ਨੂੰ ਦੋਹਾਂ ਸ਼ਹੀਦਾਂ ਸਿੰਘਾਂ ਨੇ ਬੜੀ ਬਹਾਦਰੀ ਨਾਲ ਖਿਲਾਰ ਦਿੱਤਾ ਸੀ ਅਤੇ ਇਸ ਗੋਲਾਬਾਰੀ ਵਿਚ ਖੰਨਾ ਪੁਲਿਸ ਦਾ ਕਾਫੀ ਨੁਕਸਾਨ ਹੋ ਗਿਆ ਸੀ ਭਾਈ ਇਕਬਾਲ ਸਿੰਘ ਅਤੇ ਭਾਈ ਜਸਮਿੰਦਰ ਸਿੰਘ ਬੱਬਰ (ਜੋਸ਼ੀ) ਲੁਧਿਆਣਾ ਇਥੋਂ ਨਿਕਲ ਗਏ ਸਨ।

ਬੱਬਰਾਂ ਬਾਰੇ ਬੜਾ ਕੁਝ ਲਿਖਿਆ ਜਾ ਰਿਹਾ ਹੈ ਕਿ ਬੱਬਰਾਂ ਦੀ ਤੇ ਹਰਚੰਦ ਸਿੰਘ ਲੌਂਗੋਵਾਲ ਦੀ ਇਕ ਗੱਲ ਸੀ, ਕਈ ਲਿੱਖ ਦਿੰਦਾ ਹੈ ਬੱਬਰ ਲੌਂਗੋਵਾਲ ਦੀ ਸਲਾਹ ਨਾਲ ਵਿਚਕਾਰੋਂ ਮੈਦਾਨ ਛੱਡ ਕੇ ਭੱਜ ਗਏ ਸਨ। ਕਈ ਲਿਖ ਦਿੰਦਾ ਹੈ, ਭਾਈ ਸੁਖਦੇਵ ਸਿੰਘ ਬੱਬਰ ਨੂੰ ਲੌਂਗੋਵਾਲ ਨੇ 4 ਜੂਨ ਨੂੰ ਹੀ ਕਿਸੇ ਹਿੰਦੂ ਪਰਿਵਾਰ ਦੇ ਚੁਬਾਰੇ ਵਿਚ ਲੁਕਾ ਦਿੱਤਾ ਸੀ ਪਰ ਇਹ ਸਾਰੇ ਲਿਖਾਰੀ ਆਪ ਡਰਦੇ ਸਾਲਾਂ ਬੱਧੀ ਦਰਬਾਰ ਸਾਹਿਬ ਜੀ 'ਤੇ ਹੋਏ ਹਮਲੇ ਤੋਂ ਬਾਅਦ ਵੀ ਅੰਮ੍ਰਿਤਸਰ ਦੀ ਜੂਹ ਵਿਚ ਨਹੀਂ ਵੜੇ ਸਨ। ਪਰ ਭਾਈ ਜਰਨੈਲ

ਸਿੰਘ ਹਵਾਰਾ ਅਤੇ ਭਾਈ ਗੁਰਪਾਲ ਸਿੰਘ ਬੱਬਰ ਭੂਰੇ ਮੰਡੀ ਦੀ ਸਾਂਝੀ ਸ਼ਹਾਦਤ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਲੌਂਗੋਵਾਲ ਨੂੰ ਉਸ ਦੀ ਗਦਾਰੀ ਦੀ ਸਜ਼ਾ ਦੇਣ ਵਿਚ ਬੱਬਰਾਂ ਦਾ ਅਹਿਮ ਰੋਲ ਸੀ।

ਭਾਈ ਇਕਬਾਲ ਸਿੰਘ ਨੂੰ ਪੈਰ ਦਰ ਪੈਰ ਸਾਥੀ ਸਿੰਘਾਂ ਦੇ ਵਿਛੋੜਿਆਂ ਦੇ ਵਿਯੋਗ ਨੇ ਕਾਫ਼ੀ ਪ੍ਰੇਸ਼ਾਨ ਕੀਤਾ ਹੋਇਆ ਸੀ ਕਿ ਇਕ ਹੋਰ ਦੁਖਦਾਈ ਘਟਨਾ ਵਾਪਰ ਗਈ।

ਆਪ ਜੀ ਦਾ ਸਾਥੀ ਸਰਬਜੀਤ ਸਿੰਘ ਫਾਜ਼ਿਲਕਾ ਜੋ ਕਿ ਫਿਰੋਜ਼ਪੁਰ ਹਲਕੇ ਦੇ ਪਹਿਲ ਦਰੋਂਆ ਕਮਾਂਡਰ ਸਨ, ਇਕ ਦਿਨ ਮੋਗਾ ਤੋਂ ਫਿਰੋਜ਼ਪੁਰ ਨੂੰ ਬੱਸ ਰਾਹੀਂ ਜਾ ਰਹੇ ਸਨ ਤਾਂ ਬੱਸ ਡਰਾਈਵਰ ਨੇ ਬੱਸ ਅੰਦਰ ਟੇਪ ਰਿਕਾਰਡਰ ਨਾਲ ਅਸ਼ਲੀਲ ਗੀਤ ਲਾਏ ਹੋਏ ਸਨ ਜੋ ਕਿ ਸੁਣੇ ਨਹੀਂ ਜਾ ਸਕਦੇ ਸਨ। ਭਾਈ ਸਰਬਜੀਤ ਸਿੰਘ ਨੇ ਘੱਲ ਕਲਾਂ ਕੋਲ ਡਰਾਈਵਰ ਨੂੰ ਇਹ ਗੰਦੇ ਗੀਤ ਬੰਦ ਕਰਨ ਲਈ ਕਿਹਾ ਤਾਂ ਬੱਸ ਵਾਲਿਆਂ ਨਾਲ ਤੂੰ ਤੂੰ ਮੈਂ ਮੈਂ ਤੋਂ ਝਗੜਾ ਕਾਫ਼ੀ ਵੱਧ ਗਿਆ। ਡਰਾਈਵਰ ਨੇ ਗੀਤ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਬੱਸ ਨੂੰ ਘੱਲ ਕਲਾਂ ਥਾਣੇ ਵਿਚ ਲੈ ਗਿਆ ਜਿਥੇ ਪੁਲਿਸ ਨੇ ਸਰਬਜੀਤ ਸਿੰਘ ਨੂੰ ਫੜ ਕੇ ਥਾਣੇ ਬਿਠਾ ਲਿਆ ਸਵਾਰੀਆਂ ਨੇ ਸਰਬਜੀਤ ਸਿੰਘ ਦੇ ਹੱਕ ਵਿਚ ਕਾਫ਼ੀ ਰੌਲਾ ਪਾਇਆ ਪਰ ਕੋਈ ਪੇਸ਼ ਨਾ ਗਈ। ਕਿਉਂਕਿ ਬੱਸ ਕਿਸੇ ਪੁਲਿਸ ਅਫਸਰ ਦੀ ਸੀ। ਉਸ ਸਮੇਂ ਪੁਲਿਸ ਨੇ ਸਰਬਜੀਤ ਸਿੰਘ ਨੂੰ ਸਧਾਰਨ ਕੇਸ 7/51 ਵਿਚ ਫਿਰੋਜ਼ਪੁਰ ਜੇਲ੍ਹ 'ਚ ਭੇਜ ਦਿੱਤਾ। ਉਸ ਸਮੇਂ ਪੁਲਿਸ ਨੂੰ ਕੋਈ ਪਤਾ ਨਹੀਂ ਸੀ ਕਿ ਇਹ ਇਨਾਮੀ ਇਸ਼ਤਿਹਾਰੀ ਖਾੜਕੂ ਹੈ ਫਿਰੋਜ਼ਪੁਰ ਜੇਲ੍ਹ ਵਿਚੋਂ ਮੁਖਬਰੀ ਹੋ ਕੇ ਪੁਲਿਸ ਕੋਲ ਸਰਬਜੀਤ ਸਿੰਘ ਦੀ ਅਸਲੀਅਤ ਜਾ ਪਹੁੰਚੀ ਤਾਂ ਪੁਲੀਸ ਦੇ ਚਿਹਰਿਆਂ ਦੇ ਰੰਗ ਬਦਲ ਗਏ। ਫਿਰੋਜ਼ਪੁਰ ਦੇ ਸੀ ਆਈ ਏ ਸਟਾਫ ਨੇ ਉਸ ਹੀ ਸਮੇਂ ਫਰਜ਼ੀ ਕੇਸਾਂ ਵਿਚ ਸਰਬਜੀਤ ਸਿੰਘ ਨੂੰ ਜੇਲ੍ਹ ਵਿਚੋਂ ਪ੍ਰੋਡਕਸ਼ਨ ਵਾਰੰਟਾਂ 'ਤੇ ਲੈ ਆਂਦਾ। ਜਿਥੋਂ ਸਰਬਜੀਤ ਸਿੰਘ ਦਾ ਦੁਖਦਾਈ ਸਫਰ ਸ਼ੁਰੂ ਹੋ ਗਿਆ ਮੁੜ ਸਰਬਜੀਤ ਨੂੰ ਲੋਕਾਂ ਨੇ ਕਾਲੇ ਰੰਗ ਦੇ ਸ਼ੀਸ਼ਿਆਂ ਵਾਲੀ ਫੀਐਟ ਕਾਰ ਵਿਚ ਦੇਖਿਆ। ਭਾਈ ਸਰਬਜੀਤ ਸਿੰਘ ਦੀ ਕਾਰ ਦੇ ਅੱਗੇ ਪਿੱਛੇ ਹੋਰ ਕਾਰਾਂ ਹੁੰਦੀਆਂ ਸਨ, ਜਿਨ੍ਹਾਂ ਦੇ ਸ਼ੀਸ਼ੇ ਵੀ ਕਾਲੇ ਰੰਗ ਦੇ ਹੁੰਦੇ ਸਨ ਇਨ੍ਹਾਂ ਵਿਚ ਸੀ ਆਰ ਪੀ ਅਤੇ ਕੇਂਦਰੀ ਏਜੰਸੀਆਂ ਦੇ ਕੈਟ ਹੁੰਦੇ ਸਨ। ਇਸ ਸਮੇਂ ਸਰਬਜੀਤ ਦੀ ਕੀ ਹਾਲਤ ਸੀ, ਉਹ ਓਹੀ ਜਾਣਦਾ ਸੀ ਜਾਂ ਉਹ ਡਾਕਟਰ ਹੀ ਦੇਖਦਾ ਸੀ ਜੋ ਉਸ ਦੀ ਪੱਟੀ ਕਰਨ ਜਾਂਦਾ ਹੁੰਦਾ ਸੀ ਕਿਉਂਕਿ ਬੁੱਚੜਗਰਦੀ ਦੇ ਕਹਿਰ ਇਤਨੇ ਦਰਦਨਾਇਕ ਸਨ ਕਿ ਭਾਈ ਸਰਬਜੀਤ ਸਿੰਘ ਦੀ ਸੱਜੀ ਲੱਤ ਦੀ ਪਿੰਜਣੀ ਵਿਚ ਦੀ ਇਕ ਗਲ ਲੋਹੇ ਦਾ ਕੜਾ ਬਣਾ ਕੇ ਕੀਤਿਆ ਹੋਇਆ ਸੀ, ਅਤੇ ਕੜੇ ਨੂੰ ਸੰਗਲ ਪਾਇਆ ਹੋਈ ਸੀ। ਖਾਕੀ ਪੈਂਟ ਸ਼ਰਟ ਅਤੇ ਸਿਰ 'ਤੇ ਲਾਲ ਰੰਗ ਦਾ ਪਟਕਾ ਬੰਨਿਆ ਹੁੰਦਾ ਸੀ। ਜਦੋਂ ਲੱਤ ਰਿਸਦੀ ਸੀ ਜਾਂ ਕਿਸੇ ਹੋਰ ਤਕਲੀਫ ਲਈ ਡਾਕਟਰ ਨੂੰ ਪੁਲਿਸ ਵਾਲੇ ਆਪ ਲੈ ਕੇ ਆਉਂਦੇ ਹੁੰਦੇ ਸਨ, ਸਰਬਜੀਤ ਸਿੰਘ ਦੇ ਇਲਾਜ ਲਈ।

ਫਿਰੋਜ਼ਪੁਰ ਜ਼ਿਲ੍ਹੇ ਦੇ ਉਸ ਸਮੇਂ ਦੇ ਐਸ.ਐਸ.ਪੀ. ਸੁਮੇਧ ਸੈਣੀ ਨੇ ਸਰਬਜੀਤ ਨੂੰ ਨਾਲ ਲੈ ਕੇ ਸੱਭ ਤੋਂ ਪਹਿਲਾ ਛਾਪਾ ਫੇਰੋਕੇ ਪਿੰਡ ਅੰਦਰ ਦਰਸ਼ਨ ਸਿੰਘ ਦੀ ਢਾਣੀ ਉਪਰ ਮਾਰਿਆ, ਜਿੱਥੇ ਇਸ ਇਲਾਕੇ ਨੂੰ ਘੇਰਨ ਲਈ ਸੀ.ਆਰ.ਪੀ., ਬੀ.ਐਸ.ਐਫ. ਦੀ ਵੀ ਮੱਦਦ ਲਈ ਗਈ। ਫਿਰੋਜ਼ਪੁਰ ਪਲਿਸ ਦਾ ਕੋਈ ਮੁਖਬਰ ਜੋ ਮੱਲਾਂ ਨਾੜਾ ਦਾ ਸੀ ਜੋ ਬਾਡਰ ਕਰਾਸਿੰਗ ਦਾ ਕੰਮ ਕਰਦਾ ਸੀ, ਉਹ ਸੀ.ਆਰ.ਪੀ. ਕੋਲ ਸੀ ਇਹ ਮੁਖਬਰ ਬੱਬਰਾਂ ਦੇ ਇਹਨਾਂ ਸਿੰਘਾਂ ਨੂੰ ਪਹਿਚਾਨਦਾ ਸੀ, ਜਿਸਦੀ ਨਿਸ਼ਾਨਦੇਹੀ ਵੀ ਪੁਲਿਸ ਬੱਬਰਾਂ ਦੇ ਉਲਟ ਵਰਤ ਰਹੀ ਸੀ।

ਬੱਬਰਾਂ ਦੇ ਇਸ ਹੱਥਿਆਰਾਂ ਦੇ ਜ਼ਖੀਰ ਵਿਚੋਂ ਪੁਲੀਸ ਨੂੰ 45 ਏ.ਕੇ ਸੰਤਾਲੀ ਰਾਈਫਲਾਂ, 22 ਹਜ਼ਾਰ ਕਾਰਤੂਸ, 30 ਪਿਸਟਲ 45 ਬੋਰ ਅਤੇ 1500 ਦੇ ਕਰੀਬ ਰੌਂਦ ਮਿਲੇ ਜੋ ਇਕ ਖੂਹ ਵਿਚ ਦੱਬੇ ਹਏ ਸਨ। ਬੱਬਰਾਂ ਦਾ ਇਹ ਹਥਿਆਰਾਂ ਦਾ ਡਿਪੂ ਭਾਈ ਸੁਲੱਖਣ ਸਿੰਘ ਬੱਬਰ ਵੈਰੋਵਾਲ, ਭਾਈ ਇਕਬਾਲ ਸਿੰਘ ਬੱਬਰ ਅਤੇ ਸਰਬਜੀਤ ਸਿੰਘ ਫਾਜ਼ਿਲਕਾ ਦੀ ਦੇਖ ਰੇਖ ਹਠ ਰੱਖਿਆ ਹੋਇਆ ਸੀ।

ਪੰਜਾਬ ਪੁਲਿਸ ਬੱਬਰਾਂ ਦੇ ਇਹ ਹਥਿਆਰ ਦੇਖ ਕੇ ਇਸ ਕਦਰ ਹਰਫਲ ਗਈ ਉਹ ਹਵਾ ਵਿਚ ਗੋਲੀਆਂ ਚਲਾਉਣ ਲੱਗ ਪਈ। ਐਸ.ਐਸ.ਪੀ. ਸੁਮੇਧ ਸੈਣੀ ਨੇ ਭਾਈ ਦਰਸ਼ਨ ਸਿੰਘ ਫਰਕੇ ਦੇ ਸਿਰ 'ਤੇ ਅਸਾਲਟ ਰੱਖ ਕੇ ਗੋਲੀਆਂ ਹਵਾ ਵਿਚ ਦਾਗ ਕੇ, ਪੰਜਾਬ ਪੁਲਿਸ ਜ਼ਿੰਦਾਬਾਦ ਦੇ ਨਾਹਰੇ ਲਾਏ।

ਫਿਰ ਦੂਸਰਾ ਛਾਪਾ ਸੁਮੇਧ ਸੈਣੀ ਵੱਲੋਂ ਤਲਵੰਡੀ ਭਾਈ ਵਿਖੇ ਭਾਈ ਬਲਦੇਵ ਸਿੰਘ ਖਾਲਸਾ ਦੇ ਘਰ ਮਾਰਿਆ ਗਿਆ ਜਿਥੇ ਪੁਲਿਸ ਨੂੰ ਤੇਰਾਂ ਏ.ਕੇ. ਸੰਤਾਲੀ ਰਾਈਫਲਾਂ, 26 ਮੈਗਜ਼ੀਨ, ਨੌਂ 455 ਬਰ ਦੇ ਰਿਵਾਲਵਰ ਅਤੇ 1700 ਦੇ ਕਰੀਬ ਕਾਰਤੂਸ ਇਕ ਕਰੰਮ ਵਿਚ ਦੱਬੇ ਹਏ ਹੱਥ ਲੱਗੇ। ਫਿਰੋਜ਼ਪਰ ਪੁਲਿਸ ਵੱਲੋਂ ਇਸ ਵੱਡੀ ਕਾਰਵਾਈ ਕਾਰਨ ਭਾਈ ਇਕਬਾਲ ਸਿੰਘ ਅਤੇ ਭਾਈ ਸਲੱਖਣ ਸਿੰਘ ਦਾ ਲੱਕ ਟੁੱਟ ਗਿਆ ਭਾਈ ਸਲੱਖਣ ਸਿੰਘ ਤਾਂ ਪਹਿਲਾਂ ਹੀ ਪਿੰਡ ਕਰਮੂਵਾਲਾ, ਸੱਢੀ ਵਾਲਾ, ਕਰੀਮਾਂ ਦੇ ਹਮਦਰਦ ਸਰਕਾਰੀਆਂ ਤੋਂ ਕੰਨੀ ਕਤਰਾਉਂਦੇ ਸਨ ਪਰ ਇਹ ਕਹਾਣੀ ਹੋਰ ਹੀ ਬਣ ਗਈ ਸੀ ਭਾਈ ਇਕਬਾਲ ਸਿੰਘ ਨੇ ਪੰਜਾਬ ਪੁਲਿਸ ਦੀ ਇਸ ਪ੍ਰਾਪਤੀ ਨੂੰ ਬੱਬਰਾਂ ਦੀ ਬਹੁਤ ਵੱਡੀ ਹਾਰ ਮੰਨਿਆ

ਭਾਈ ਸਰਬਜੀਤ ਸਿੰਘ ਫਾਜ਼ਿਲਕਾ ਦਾ ਹਰ ਪਲ ਅੰਤਾਂ ਦੀ ਤੜਫਦਾ ਸੀ ਉਨ੍ਹਾਂ ਨੇ ਇਕ ਦਿਨ ਪਿਸ਼ਾਬ ਦੇ ਬਹਾਨੇ ਬਿਜਲੀ ਦੀਆਂ ਤਾਰਾਂ ਨੂੰ ਵੀ ਮੂੰਹ ਨਾਲ ਖਿੱਚ ਲਿਆ ਸੀ ਪਰ ਪੁਲਿਸ ਨੇ ਬਚਾ ਲਿਆ ਸੀ. ਇਸੇ ਹੀ ਤਰ੍ਹਾਂ ਇਕ ਦਿਨ ਉਨ੍ਹਾਂ ਨੇ ਸੰਤਰੀ ਕੋਲ ਇਕ ਨਾਕ 'ਤੇ ਭਰੀ ਨਟ ਭਰੀ ਰਾਈਫਲ ਖੋਹ ਕੇ ਆਪਣੇ ਆਪ ਨੂੰ ਗੋਲੀ ਮਾਰਨ ਦਾ ਯਤਨ ਕੀਤਾ ਪਰ ਸਫਲਤਾ ਨਹੀਂ ਮਿਲੀ ਇਨ੍ਹਾਂ ਕਾਰਵਾਈਆਂ ਨਾਲ ਸਰਬਜੀਤ ਸਿੰਘ 'ਤੇ ਤਸ਼ੱਦਦ ਅਤੇ ਸਖਤੀ ਹੋਰ ਵੀ ਵੱਧ ਗਈ। ਪੁਲਿਸ ਉਸ ਦਾ ਖਹਿੜਾ ਹਥਿਆਰਾਂ ਦੀ ਪ੍ਰਾਪਤੀ ਨਾਲ ਹੀ ਨਹੀਂ ਛੱਡਣਾ ਚਾਹੁੰਦੀ ਸੀ। ਉਹ ਤਾਂ ਭਾਈ ਇਕਬਾਲ ਸਿੰਘ, ਭਾਈ

ਸੁਲੱਖਣ ਸਿੰਘ, ਭਾਈ ਸੁਖਦੇਵ ਸਿੰਘ ਸਮੇਤ ਬੱਬਰਾਂ ਦੇ ਕਈ ਜਾਂਬਾਜ਼ਾਂ ਨੂੰ ਹੱਥ ਪਾਉਣਾ ਚਾਹੁੰਦੀ ਸੀ। ਸਰਬਜੀਤ ਸਿੰਘ ਫਾਜ਼ਿਲਕਾ ਨੂੰ ਮੁੜ ਕਿਥੇ ਰੱਖਿਆ, ਕਿਥੇ ਲੈ ਕੇ ਗਏ ਜਾਂ ਕਿਥੇ ਖਪਾ, ਮਾਰ ਦਿੱਤਾ ਕਿਸੇ ਨੂੰ ਵੀ ਪਤਾ ਨਹੀਂ। ਫਿਰੋਜ਼ਪੁਰ ਪੁਲਿਸ ਤੋਂ ਬਗੈਰ ਕਿਸੇ ਨੂੰ ਕਝ ਨਹੀਂ ਪਤਾ ਕਿ ਸਰਬਜੀਤ ਕਿੱਥੇ ਹੈ।

ਬੱਬਰ ਇਕਬਾਲ ਸਿੰਘ ਨੇ ਇਸ ਦੁਖਾਂਤ ਤੇ ਇਸ ਨੁਕਸਾਨ ਨੂੰ ਵੀ ਜਰ ਲਿਆ ਅਤੇ ਉਹ ਨਿਰੰਤਰ ਆਜ਼ਾਦੀ ਦੀ ਮੰਜ਼ਿਲ ਵੱਲ ਤੁਰਦਾ ਰਿਹਾ। ਬਠਿੰਡਾ ਸ਼ਹਿਰ ਦੇ ਨੇੜੇ ਥਰਮਲ ਪਲਾਂਟ ਕੋਲ ਜਦੋਂ ਬੱਬਰਾਂ ਨੇ ਇਕ ਡੀ ਐਸ ਪੀ ਨੂੰ ਸਿਖਰ ਦੁਪਹਿਰ ਸੋਧ ਦਿੱਤਾ ਤਾਂ ਇਥੋਂ ਥਰਮਲ ਕਾਲੋਨੀ ਵਿਚੋਂ ਮਿਲੇ ਇਕ ਸੁਰਾਗ ਨੇ ਭਾਈ ਕੇਹਰ ਸਿੰਘ ਬੱਬਰ ਬਬਾਲ ਦਾ ਨਾਂਅ ਸਾਹਮਣੇ ਲਿਆਂਦਾ। ਇਸ ਸਿੰਘ ਨੂੰ ਵੀ ਭਾਈ ਇਕਬਾਲ ਸਿੰਘ ਨੇ ਮਾਝੇ ਵਿਚੋਂ ਮਾਲਵੇ ਅੰਦਰ ਸੇਵਾ ਕਰਨ ਲਈ ਲਿਆਂਦਾ ਸੀ। ਭਾਈ ਕੇਹਰ ਸਿੰਘ ਇਕ ਦਿਨ ਜੈਤੋ ਪੁਲਿਸ ਨੂੰ ਚਕਮਾ ਦੇ ਕੇ ਨਿਕਲ ਗਏ ਸਨ ਪਰ ਪੁਲਿਸ ਨੇ ਉਨ੍ਹਾਂ ਦਾ ਖੁਰਾ ਨੱਪ ਲਿਆ ਸੀ। ਉਹ ਰਾਮੇਆਣੇ ਕੋਲ ਸੂਏ ਦੀ ਪੱਟੜੀ 'ਤੇ ਪੁਲਿਸ ਦੇ ਵਿਛਾਏ ਜਾਲ ਵਿਚ ਫਸ ਗਏ ਸਨ ਅਤੇ ਜੈਤੋ ਪੁਲਿਸ ਨੇ ਇਸ ਸਿੰਘ ਨੂੰ ਫਰਜ਼ੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਸੀ।

ਭਾਈ ਇਕਬਾਲ ਸਿੰਘ ਬੱਬਰ ਇਕ ਨਾ ਰੁਕਣ ਵਾਲਾ, ਨਾ ਝੁਕਣ ਵਾਲਾ ਵਹਿਣ ਸੀ, ਜਿਸ ਨੇ ਕਦੇ ਵੀ ਭੁੱਖ, ਪਿਆਸ ਨਹੀਂ ਦੇਖੀ। ਸਾਦਗੀ ਵਾਲਾ ਜੀਵਨ ਸੀ। ਬਿਲਕੁਲ ਸਾਦੇ ਕਪੜੇ ਨਾ ਕਦੇ ਅਕੇਵਾਂ ਨਾ ਹੀ ਥਕੇਵਾਂ ਸੀ ਉਸ ਕੋਲ। ਜਥੇਬੰਦੀ ਦੇ ਵੱਡੇ ਤੋਂ ਵੱਡੇ ਨੁਕਸਾਨ ਨੂੰ ਹੱਸ ਕੇ ਜਰਦਿਆਂ ਫਿਰ ਤੁਰ ਪੈਣਾ।

ਇਸ ਸੰਘਰਸ਼ ਨੂੰ ਲਾਮਬੰਦ ਕਰਨ ਦੇ ਯਤਨਾਂ ਵਿਚ ਹੀ ਉਹ 1988 ਵਿਚ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਲੱਖੋ ਕੇ ਵਿਚ ਸੀ ਆਰ ਪੀ ਦੀ ਗ੍ਰਿਫਤ ਵਿਚ ਆ ਗਏ। ਆਪ ਜੀ ਦੇ ਨਾਲ ਬੱਬਰਾਂ ਦੀ ਪਹਿਲੀ ਹਾਈਕਮਾਂਡ ਦਾ ਸਿੰਘ ਭਾਈ ਬਲਵਿੰਦਰ ਸਿੰਘ ਬੱਬਰ ਕਾਲਿਆਂ ਵਾਲੀ ਉਰਫ ਟੇਲਰ ਮਾਸਟਰ ਵੀ ਫੜਿਆ ਗਿਆ ਸੀ। ਭਾਈ ਸੁਲੱਖਣ ਸਿੰਘ ਬੱਬਰ ਜੋ ਜੀਰੇ ਤੋਂ ਇਕ ਨਾਕੇ ਤੋਂ ਫੜੇ ਗਏ ਸਨ ਸਮੇਤ ਸਾਰੇ ਹੀ ਬੱਬਰ ਖਾਲਸਾ ਦੇ ਇਨ੍ਹਾਂ ਸਿੰਘਾਂ ਨੂੰ ਸੀ ਆਰ ਪੀ ਨੇ ਆਪਣੇ ਕਬਜ਼ੇ ਵਿਚ ਰੱਖਿਆ ਹੋਇਆ ਸੀ। ਦਿੱਲੀ ਦੇ ਸਪੈਸ਼ਲ ਐਂਟੀ ਟੈਰੋਰਿਸਟ ਸੈਲ ਲੋਧੀ ਕਾਲੋਨੀ ਦੇ ਉੱਚ ਅਧਿਕਾਰੀ ਹੀ ਇਨ੍ਹਾਂ ਸਿੰਘਾਂ ਦੀ ਬਰੀਕੀ ਨਾਲ ਪੁਛਗਿੱਛ ਕਰ ਰਹੇ ਸਨ। ਬਾਅਦ ਵਿਚ ਪਤਾ ਲੱਗਾ ਕਿ ਇਨ੍ਹਾਂ ਸਾਰੇ ਹੀ ਸਿੰਘ ਨੂੰ ਹਰ ਜਾਂਚ ਪੜਤਾਲ ਲਈ ਲੰਮਾ ਸਮਾਂ ਫੌਜ ਦੇ ਪਹਿਰੇ ਹੇਠ ਲਾਲ ਕਿਲੇ ਦਿੱਲੀ ਵਿਚ ਰੱਖੀ ਰੱਖਿਆ। ਨਾ ਤਾਂ ਪੁਲਿਸ ਵੱਲੋਂ ਇਨ੍ਹਾਂ ਸਿੰਘਾਂ ਦੀ ਗ੍ਰਿਫਤਾਰੀ ਦਿਖਾਈ ਗਈ ਹੈ। ਨਾ ਹੀ ਇਨ੍ਹਾਂ ਸਿੰਘਾਂ ਨੂੰ ਕਿਸੇ ਨੇ ਦੇਖਿਆ ਹੈ। ਨਾ ਹੀ ਸਰਕਾਰ ਨੇ ਇਨ੍ਹਾਂ ਬਾਰੇ ਕੋਈ ਬਿਆਨ ਜਾਰੀ ਕੀਤਾ ਹੈ। ਸਿਰਫ ਕੇ ਪੀ ਐਸ ਗਿੱਲ ਨੇ ਇਕ ਦਫਾ ਇਹ ਕਿਹਾ ਸੀ ਅਸੀਂ ਬੱਬਰਾਂ ਦੀ ਸਾਰੀ ਹਾਈਕਮਾਂਡ ਖਤਮ ਕਰ ਦਿੱਤੀ ਹੈ।

ਚਾਹੇ ਇਨ੍ਹਾਂ ਬੱਬਰ ਯੋਧਿਆਂ ਦੀਆਂ ਜੀਵਨੀਆਂ, ਕਹਾਣੀਆਂ ਇਕ ਬੁਝਾਰਤ ਬਣੀਆਂ

ਪਈਆਂ ਹਨ, ਪਰ ਇਹਨਾਂ ਦੇ ਪਰਿਵਾਰ ਸਬਰ ਦੀਆਂ ਘੁੱਟਾਂ ਭਰੀ ਇਨ੍ਹਾਂ ਯੋਧਿਆਂ ਨੂੰ ਸ਼ਹੀਦ ਮੰਨੀ ਬੈਠੇ ਹਨ।

ਬੱਬਰ ਇਕਬਾਲ ਸਿੰਘ, ਬੱਬਰ ਬਲਵਿੰਦਰ ਸਿੰਘ ਫੌਲਰ ਮਾਸਟਰ ਨੂੰ ਇਕ ਵਾਰ ਫਰੀਦਕੋਟ ਸੀ.ਆਰ.ਪੀ. ਦੀ ਗ੍ਰਿਫਤ ਵਿਚ ਵੇਖਿਆ ਗਿਆ, ਜਦੋਂ ਉਨ੍ਹਾਂ ਨੂੰ ਲੈ ਕੇ ਉਹ ਛਾਪਾ ਮਾਰ ਰਹੀ ਸੀ। ਬੱਬਰ ਸੁਲੱਖਣ ਸਿੰਘ ਭੈਰਵਾਲ ਦਾ 21 ਮਾਰਚ, 1988 ਨੂੰ ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਮਾਚਸ ਦੀ ਡੱਬੀ ਦੇ ਮੱਗਰ, ਸੜੀ ਮਾਚਸ ਦੀ ਤੀਲੀ ਨਾਲ ਆਪਣੀ ਭੂਆ ਦੇ ਘਰ ਇਹ ਸੁਨੇਹਾ ਲਿਖ ਘੱਲਿਆ "ਮੈਂ ਪੁਲਿਸ ਦੀ ਹਿਰਾਸਤ ਵਿਚ ਹਾਂ"। ਇਨ੍ਹਾਂ ਇਤਿਹਾਸਿਕ ਪਲਾਂ ਤੋਂ ਬਗੈਰ ਬੱਬਰਾਂ ਦੇ ਇਨ੍ਹਾਂ ਯੋਧਿਆਂ ਬਾਰੇ ਕੁਝ ਪਤਾ ਨਹੀਂ ਚੱਲ ਸਕਿਆ।

ਕਾਸ਼ ਇਹ ਬੱਬਰ ਯੋਧੇ ਅੱਜ ਕੌਮ ਨੂੰ ਮੁਤਾਰੂ ਅਗਵਾਈ ਦੇਣ ਲਈ ਹਣ। ਕੌਮ ਇਨ੍ਹਾਂ ਦੀ ਮਹਾਨ ਕੁਰਬਾਨੀਆਂ ਅੱਗੇ ਸੀਸ ਝੁਕਾਉਂਦੀ ਹੈ। ਨਤਮਸਤਕ ਹੁੰਦੀ ਹੈ। ਬੱਬਰਾਂ ਨੇ ਹਿੰਦ ਸਰਕਾਰ ਨਾਲ ਫਸਵੀਂ ਜੰਗ ਲੜੀ ਹੈ ਪਰ ਕਿਸੇ ਵੀ ਪੰਥਕ ਧਿਰ ਨੇ, ਕਿਸੇ ਵੀ ਜਥੇਦਾਰ ਨੇ, ਕਿਸੇ ਵੀ ਪੰਥਕ ਸਰਕਾਰ ਨੇ, ਨਾ ਹੀ ਕਿਸੇ ਮਨੁੱਖੀ ਅਧਿਕਾਰ ਸੰਗਠਨ ਨੇ ਇਹਨਾਂ ਬੱਬਰਾਂ ਬਾਰੇ ਕੋਈ ਖੋਜ ਪੜਤਾਲ ਨਹੀਂ ਕੀਤੀ ਹੈ ਕਿ ਇਹ ਬੱਬਰ ਯੋਧੇ ਕਿਥੇ ਖਪਾ ਦਿੱਤੇ ਗਏ ਹਨ ਜਾਂ ਕੇਹੜੀ ਧਰਤੀ ਇਨ੍ਹਾਂ ਨੂੰ ਨਿਗਲ ਗਈ ਹੈ।

# ਭਾਈ ਹਰਮਿੰਦਰ ਸਿੰਘ ਬੱਬਰ ਗਰੇਵਾਲ ਮੁਕਤਸਰ

ਇੱਕ ਚਾਹ ਹੈ ਜ਼ਿੰਦਾ ਰਹਿਣ ਦੀ,
ਜਿਹੜੀ ਮਰਨ ਨਹੀਂ ਦਿੰਦੀ।
ਇਕ ਚਾਹ ਹੈ ਜਿੱਤ ਜਾਣ ਦੀ,
ਜਿਹੜੀ ਹਰਨ ਨਹੀਂ ਦਿੰਦੀ।
ਫ਼ਾਤਿਹਾ ਜਦ ਪੜ੍ਹ ਹੋਣਾ,
ਉਦਣ ਹੀ ਫ਼ਤਹਿ ਪਾਵਾਂਗੇ।
ਕੰਡਿਆਂ ਤੇ ਵੀ ਨੱਚਾਂਗੇ,
ਸੂਲੀ 'ਤੇ ਗੀਤ ਗਾਵਾਂਗੇ
ਹੱਸ ਕੇ ਗਲੀ ਯਾਰ ਦੀ ਵੜਦੇ ਰਹਾਂਗੇ।
ਨਾਗਾ ਬਣ ਕੇ ਵੈਰੀ ਦੇ ਲੜਦੇ ਰਹਾਂਗੇ।
ਕੌਮ ਦੀ ਅਜ਼ਾਦੀ ਦੀ ਅੱਗ ਵਿਚ,
ਲੱਕੜਾਂ ਦੀ ਥਾਵੇਂ ਸੜਦੇ ਰਹਾਂਗੇ॥

ਗਰੇਵਾਲਾਂ ਦਾ ਪਰਿਵਾਰ ਮੁਕਤਸਰ ਸ਼ਹਿਰ ਦਾ ਇਕ ਮੰਨਿਆ ਪਰਮੰਨਿਆਂ ਪਰਿਵਾਰ ਹੈ ਸਾਰੇ ਹੀ ਘਰ ਬੜੇ ਹੀ ਸਰਦੇ ਪੁਜਦੇ ਹਨ। ਇਹਨਾਂ ਘਰਾਂ ਵਿਚੋਂ ਇਕ ਘਰ ਭਾਈ ਰਾਮ ਸਿੰਘ ਜੀ ਦਾ ਹੈ। ਭਾਈ ਹਰਿਮੰਦਰ ਸਿੰਘ ਜੀ ਨੇ ਭਾਈ ਰਾਮ ਸਿੰਘ ਜੀ ਦੇ ਘਰ ਮਾਤਾ ਗੁਰਦੇਵ ਕੌਰ ਦੀ ਸੁਲੱਖਣੀ ਕੁੱਖੋਂ 28 ਮਈ 1963 ਨੂੰ ਜਨਮ ਲਿਆ। ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ ਵਾਲੀ ਕਹਾਵਤ ਪੂਰਨ ਤੌਰ 'ਤੇ ਭਾਈ ਹਰਿਮੰਦਰ ਸਿੰਘ ਉਪਰ ਢੁਕਦੀ ਸੀ। ਆਪ ਜੀ ਬਚਪਨ ਤੋਂ ਹੀ ਗੰਭੀਰ ਚਿੰਤਕ ਸਾਧੂ ਸੁਭਾ ਸਨ। ਦਾਨ ਦੇਣ ਲੱਗਿਆਂ ਇਕ ਮਿੰਟ ਵੀ ਨਹੀਂ ਲਾਉਂਦੇ ਸਨ ਘੰਟਿਆਂ ਬੱਧੀ ਦਰਬਾਰ ਸਾਹਿਬ ਮੁਕਤਸਰ ਜਾ ਕੇ ਸੇਵਾ ਕਰਦੇ ਰਹਿੰਦੇ ਸਨ ਸੰਨ 1978 ਦੀ ਵਿਸਾਖੀ 'ਤੇ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਸਿੰਘਾਂ ਦਾ ਆਪ ਜੀ ਉਪਰ ਅਜਿਹਾ ਪ੍ਰਭਾਵ ਪਿਆ ਕੇ ਆਪ ਜੀ ਦੀ ਜ਼ਿੰਦਗੀ ਦੀ ਸੋਚ ਹੀ ਬਦਲ ਗਈ। ਆਪਜੀ ਨੇ ਸੰਨ 1982 ਵਿਚ ਮੁਕਤਸਰ ਕਾਲਜ ਤੋਂ ਬੀ ਏ ਪਾਸ ਕੀਤੀ ਅਗਾਂਹ ਨੂੰ ਇੰਜੀਨੀਅਰਿੰਗ ਵਿਚ ਦਾਖਲ ਹੋ ਕੇ ਇੰਜੀਨੀਅਰ ਬਣਨਾ ਚਾਹੁੰਦੇ ਸਨ। ਨਿਰੰਕਾਰੀ ਕਾਂਡ ਤੋਂ ਬਾਅਦ ਆਪ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਬੱਬਰਾਂ ਦੇ ਜਥੇ ਨਾਲ ਸੰਪਰਕ ਰੱਖਣ ਲੱਗ ਪਏ ਸਨ। ਕਈ ਕਈ ਦਿਨ ਗੁਰੂ ਨਾਨਕ ਨਿਵਾਸ ਵਿੱਚ ਖਾੜਕੂ ਸਿੰਘਾਂ ਨਾਲ ਠਹਿਰ ਆਉਂਦੇ ਸਨ। ਜਦੋਂ ਸੰਨ 1984 ਵਿਚ ਜੂਨ ਮਹੀਨੇ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਉਪਰ ਹਮਲਾ ਕੀਤਾ ਅਤੇ 40 ਹੋਰ ਇਤਿਹਾਸਕ ਗੁਰੂ ਘਰ ਫੌਜ ਵੱਲੋਂ ਹਮਲੇ ਦਾ ਨਿਸ਼ਾਨਾ ਬਣਾਏ ਤਾਂ ਭਾਈ ਹਰਿਮੰਦਰ ਸਿੰਘ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ

ਵਿਚ ਸਨ। ਆਪਜੀ ਹੋਰ ਸਿੰਘਾਂ ਨਾਲ ਦਰਬਾਰ ਸਾਹਿਬ ਮੁਕਤਸਰ ਤੋਂ ਫੜੇ ਗਏ। ਲੰਮੀਆਂ ਯਾਤਨਾਵਾਂ ਦਾ ਦੌਰ ਸ਼ੁਰੂ ਹੋਇਆ।

ਭਾਈ ਬਲਬੀਰ ਸਿੰਘ ਬੱਬਰ ਲੰਡੇਆਣਾ ਨਾਲ ਖਾੜਕੂ ਵਿਚਾਰਧਾਰਾ ਦੀ ਸਾਂਝ ਰਿਸ਼ਤਿਆਂ ਵਿਚ ਬਦਲ ਗਈ। ਭਾਈ ਬਲਵੀਰ ਸਿੰਘ ਲੰਡਿਆਣਾ ਵੀ ਸੰਨ 1992 ਦੇ ਸਤੰਬਰ ਮਹੀਨੇ ਵਿਚ ਪਿੰਡ ਸੰਗਤਪੁਰੇ ਵਿਚ ਸ਼ਹੀਦ ਹੋ ਗਏ ਸਨ। ਆਪਜੀ ਦੀ ਭੈਣ ਸਵਰਨਜੀਤ ਕੌਰ ਦੀ ਸ਼ਾਦੀ ਭਾਈ ਹਰਮਿੰਦਰ ਸਿੰਘ ਬੱਬਰ ਨਾਲ ਕਰ ਦਿੱਤੀ ਗਈ ਸੀ। ਦੋ ਖਾੜਕੂ ਬੱਬਰ ਪਰਿਵਾਰ ਰਿਸ਼ਤਿਆਂ ਦੀ ਸਾਂਝ ਵਿਚ ਬੱਝ ਗਏ ਸਨ। ਇਲਾਕੇ ਵਿਚ ਇਹਨਾਂ ਪਰਿਵਾਰਾਂ ਨੂੰ ਬੱਬਰ ਸ਼ਹੀਦਾਂ ਦੇ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ। ਭਾਈ ਹਰਮਿੰਦਰ ਸਿੰਘ ਬੱਬਰ ਦੇ ਦੋ ਬੱਚੀਆਂ ਹਨ। ਜੋ ਕੇਸਰੀ ਦੁਮਾਲਿਆਂ ਦੀ ਗੁਰਸਿੱਖੀ ਮਾਣ ਮਰਯਾਦਾ ਨੂੰ ਤੇ ਆਪਣੇ ਪਿਤਾ ਦੀ ਕੌਮ ਪਿੱਛੇ ਦਿੱਤੀ ਸ਼ਹਾਦਤ ਨੂੰ ਬੜੇ ਹੀ ਸਤਿਕਾਰ ਨਾਲ ਕਾਇਮ ਦਾਇਮ ਰੱਖਦੀਆਂ ਆ ਰਹੀਆਂ ਹਨ।

ਰੂਪੋਸ਼ੀ ਦੀ ਜ਼ਿੰਦਗੀ ਦੌਰਾਨ ਜੇਕਰ ਕੋਈ ਕਹਿ ਦਿੰਦਾ "ਯਾਰ ਗਰੇਵਾਲਾ ਇਹ ਤੂੰ ਕਿਹੜੇ ਪਾਸੇ ਤੁਰ ਪਿਆ ਹੈਂ, ਤੈਨੂੰ ਪ੍ਰਮਾਤਮਾ ਨੇ ਸਭ ਕੁਝ ਦਿੱਤਾ ਹੈ," ਤਾਂ ਭਾਈ ਸਾਹਿਬ ਹੱਸ ਕੇ ਕਹਿ ਦਿੰਦੇ "ਇਹ ਸਭ ਕੁਝ ਨਾਸ਼ਵਾਨ ਹੈ, ਦੋਸਤਾ ਕੌਮ ਨੂੰ ਵੈਰੀਆਂ ਨੇ ਵੰਗਾਰਿਆ ਹੈ, ਇਹਨਾਂ ਉੱਚੀਆਂ ਕੋਠੀਆਂ ਵਿਚ ਮੇਰਾ ਦਿਲ ਨਹੀ ਲੱਗਦਾ"। ਭਾਈ ਸਾਹਿਬ ਯਾਰ ਮਿੱਤਰ ਨੂੰ ਝੰਜੋੜ ਕੇ ਕਹਿ ਦਿੰਦੇ "ਤੇਰੇ ਗੁਰੂ ਘਰ ਢਾਹ ਹੋਣ, ਗੁਰੂ ਸਾਹਿਬ ਜੀ ਦੇ ਸਰੂਪ ਸਾੜੇ ਹੋਣ, ਭੈਣਾਂ ਬੇਪੱਤ ਕੀਤੀਆਂ ਹੋਣ, ਫਿਰ ਤੇਰਾ ਘਰ ਕਿਵੇਂ ਜੀਅ ਲਗਦਾ ਹੈ?"

ਜੇਕਰ ਭਾਈ ਸਾਹਿਬ ਜੀ ਨੇ ਸਿੰਘਣੀ ਬੀਬੀ ਸਵਰਨਜੀਤ ਕੌਰ ਨੂੰ ਰੂਪੋਸ਼ੀ ਦੀ ਜ਼ਿੰਦਗੀ ਦੌਰਾਨ ਕਦੇ ਮਿਲਣਾ ਤਾਂ ਭਾਈ ਸਾਹਿਬ ਕਹਿ ਦਿੰਦੇ, "ਭਾਗਾਂ ਵਾਲੀਏ ਤੂੰ ਘਰ ਦੀ ਸੇਵਾ ਕਰ, ਮੈਂ ਕੌਮ ਦੀ ਸੇਵਾ ਕਰਨੀ ਹੈ" ਬੱਚੀਆਂ ਨੇ ਪਿਤਾ ਭਾਈ ਹਰਮਿੰਦਰ ਸਿੰਘ ਦੀ ਤਸਵੀਰ ਹੀ ਦੇਖੀ ਹੈ ਜਾਂ ਆਪਣੀ ਮੰਮੀ ਤੋਂ ਸੁਣੀਆਂ ਕਹਾਣੀਆਂ ਹੀ ਪਿਤਾ ਦੀਆਂ ਯਾਦਾਂ ਹਨ। ਜਦੋਂ ਬੱਚੀਆਂ ਨੂੰ ਕੋਈ ਪੁੱਛੇ ਤੁਹਾਡੇ ਪਿਤਾ ਜੀ ਕਿਹੋ ਜਿਹੇ ਸਨ, ਤੁਸੀ ਉਹਨਾਂ ਦੀ ਕੌਮ ਪਿੱਛੇ ਦਿੱਤੀ ਕੁਰਬਾਨੀ ਨੂੰ ਕਿਵੇਂ ਮਹਿਸੂਸ ਕਰਦੇ ਹੋ? ਤਾਂ ਵੱਡੀ ਲੜਕੀ ਗਾਤਰੇ ਪਾਈ ਸ੍ਰੀ ਸਾਹਿਬ 'ਤੇ ਹੱਥ ਧਰ ਕੇ ਬੜੇ ਹੀ ਫਖਰ ਨਾਲ ਕਹਿੰਦੀ ਹੈ "ਮੇਰਾ ਪਿਤਾ ਬੱਬਰ ਗਰੇਵਾਲ ਇੱਕ ਯੋਧਾ ਸੀ, ਜਿਹਨ ਕੌਮ ਦੀ ਅਜ਼ਾਦੀ ਲਈ ਸ਼ਹਾਦਤ ਦਿੱਤੀ ਹੈ।" ਭਾਵੁਕਤਾ ਵਿੱਚ ਬੇਟੀ ਬੋਲਦੀ ਹੈ "ਪਿਤਾ ਜੀ ਦੇ ਪਿਆਰ ਨੂੰ ਤਾਂ ਸਿਰ ਤਰਸਦਾ ਹੈ ਪਰ ਉਹ ਕਿਹੜਾ ਐਵੇਂ ਹੀ ਮਰੇ       " ਗੱਲ ਵਿਚਕਾਰ ਹੀ ਰੁੱਕ ਜਾਂਦੀ ਹੈ,

ਭਾਈ ਹਰਮਿੰਦਰ ਸਿੰਘ ਬੱਬਰ ਆਪਣੇ ਸਭ ਤੋਂ ਨਜ਼ਦੀਕੀ ਸਾਥੀ ਭਾਈ ਜਸਕਰਨ ਸਿੰਘ ਬੱਬਰ ਰੁਪਾਣਾ ਨਾਲ ਇੱਕਠੇ ਹੀ ਰੂਪੋਸ਼ੀ ਦੀ ਜ਼ਿੰਦਗੀ ਵਿਚ ਰਹੇ ਸਨ, ਆਪ ਜੀ ਆਪਣੇ ਦੂਸਰੇ ਸਾਥੀਆਂ ਸ਼ਹੀਦ ਭਾਈ ਅਲੇਖ ਸਿੰਘ ਬੱਬਰ, ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਮੰਡ ਫਲੌਰੀ ਅਤੇ ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਨਾਲ ਵੀ ਮਿਲ ਕੇ ਜੰਗ ਦੇ ਮੈਦਾਨ ਵਿਚ ਵਿਚਰਦੇ ਰਹੇ ਸਨ। ਰੂਪੋਸ਼ੀ ਦੌਰਾਨ ਘਰ ਪਰਿਵਾਰ ਨੇ

ਲੰਮੀਆਂ ਯਾਤਨਾਵਾਂ ਅਤੇ ਦੁੱਖ ਝੱਲੇ ਅਤੇ ਸਭ ਨੂੰ ਘਰੋਂ ਬਾਹਰ ਬੇਘਰੇ ਹੋ ਕੇ ਸਮਾਂ ਗੁਜ਼ਾਰਨਾ ਪਿਆ।

ਸੰਨ 1993 ਦੇ ਸ਼ੁਰੂ ਵਿਚ ਇਕ ਕੈਟ ਆਪਣੇ ਆਪ ਨੂੰ ਭੰਗਾ ਬੱਬਰ ਦੱਸ ਕੇ ਮਾਲਵੇ ਦੇ ਬੱਬਰ ਜਥੇ ਵਿਚ ਸ਼ਾਮਲ ਹੋ ਗਿਆ ਕਿਉਂਕਿ ਮਾਲਵੇ ਦੇ ਇਸ ਸਭ ਤੋਂ ਖਤਰਨਾਕ ਜਾਂਬਾਜ਼ ਬੱਬਰ ਰੰਗੇ ਦੇ ਜਥੇ ਉਪਰ ਸਖਤੀ ਵੱਧਣ ਕਾਰਨ ਸਭ ਬੱਬਰਾਂ ਨੇ ਟਿਕਾਣੇ ਬਦਲਣੇ ਸ਼ੁਰੂ ਕਰ ਦਿੱਤੇ ਸਨ ਇਸ ਸਿਲਸਿਲੇ ਅਧੀਨ ਹੀ ਭਾਈ ਲੱਛਮਣ ਸਿਘ ਬੱਬਰ ਉਰਫ ਭਾਈ ਬਸ਼ੀਰ ਮਹੰਮਦ ਬੱਬਰ ਭੰਗੇ ਕਲਾਂ ਆਪਣੀ ਪਤਨੀ ਬੀਬੀ ਰਾਣੀ ਕੌਰ ਨਾਲ ਇਹ ਇਲਾਕਾ ਛੱਡ ਕੇ ਕਲਕੱਤੇ ਚਲ ਗਏ ਸਨ ਜਿਸ ਕਾਰਨ ਪੁਲਿਸ ਕੈਟਾਂ ਨੂੰ ਜਥੇ ਵਿਚ ਸ਼ਾਮਲ ਹੋਣ ਲਈ ਰਸਤਾ ਮਿਲ ਗਿਆ। ਭੰਗਾ ਬੱਬਰ ਅਸਲ ਵਿਚ ਪੁਲਿਸ ਕੈਟ ਡਾਕਟਰ ਰਾਜਾ ਸੀ ਜੋ ਬਠਿੰਡਾ, ਫਰੀਦਕੋਟ ਅਤੇ ਮੁਕਤਸਰ ਆਦਿ ਇਲਾਕਿਆਂ ਵਿਚ ਸਰਗਰਮ ਸੀ 17 ਮਈ 1993 ਨੂੰ ਪੰਜਾਬ ਪੁਲਿਸ ਦੇ ਕਮਾਂਡੋ ਦਸਤੇ ਨੇ ਕਲਕੱਤਾ ਜਾ ਕੇ ਭਾਈ ਬਸ਼ੀਰ ਮਹੰਮਦ ਬੱਬਰ ਅਤੇ ਉਹਨਾਂ ਦੀ ਪਤਨੀ ਬੀਬੀ ਰਾਣੀ ਕੌਰ, ਜੋ ਅੱਠ ਮਹੀਨਿਆਂ ਦੀ ਗਰਭਵਤੀ ਸੀ, ਨੂੰ ਤਿਲਜਲਾ ਇਲਾਕੇ ਵਿਚ ਜਾ ਕੇ ਇਕ ਘਰ ਸ਼ਹੀਦ ਕਰ ਦਿੱਤਾ ਸੀ। ਪੁਲਿਸ ਨੂੰ ਇਹ ਪਤਾ ਸੀ ਕਿ ਬਸ਼ੀਰ ਮਹੰਮਦ ਇਲਾਕਾ ਛੱਡ ਚੁੱਕਾ ਹੈ, ਇਸ ਕਰਕੇ ਉਹਨਾਂ ਨੇ ਉਸ ਦੇ ਰੂਪ ਵਿਚ ਪੁਲਿਸ ਕੈਟ ਰਾਜੇ ਨੂੰ ਜਥੇ ਵਿਚ ਸ਼ਾਮਲ ਕਰ ਦਿੱਤਾ। ਮੂੰਹ ਮੁਹਾਂਦਰੇ ਦਾ ਆਪਸ ਵਿਚ ਮਿਲਣਾ ਪੁਲਿਸ ਦੇ ਕੰਮ ਆ ਗਿਆ।

ਭਾਈ ਹਰਿਮੰਦਰ ਸਿੰਘ ਬੱਬਰ ਨੂੰ ਇਸ ਤੇ ਸ਼ੱਕ ਵੀ ਹੋ ਗਿਆ ਸੀ ਅਤੇ ਉਹ ਇਸ ਨੂੰ ਸੋਧ ਦੇਣਾ ਚਾਹੁੰਦੇ ਸਨ ਪਰ ਭਾਈ ਜਸਕਰਨ ਸਿੰਘ ਬੱਬਰ ਰੁਪਾਣਾ ਨੇ ਰੋਕ ਦਿੱਤਾ ਸੀ ਕਿ ਇਸਦੀ ਚੰਗੀ ਤਰ੍ਹਾਂ ਪੜਤਾਲ ਕਰ ਲਈਏ

ਮਿਤੀ 7 ਫਰਵਰੀ 1993 ਨੂੰ ਬੱਬਰ ਜਥੇ ਦਾ ਇਕ ਹੋਰ ਸਿੰਘ ਭਾਈ ਮੇਹਰਬਾਨ ਸਿੰਘ ਬੱਬਰ ਬੁਟਰ ਸ਼ਰੀਂਹ ਜ਼ਿਲ੍ਹਾ ਮੁਕਤਸਰ ਇਸ ਕੈਟ ਦੀ ਸੂਹ ਉਪਰ ਹੀ ਪਿੰਡ ਅੰਦਰ ਹੀ ਘਰ ਵਿਚ ਆ ਗਿਆ ਸੀ। ਉਸਨੇ ਘਰ ਵਿਚ ਆਉਣ ਤੇ ਸਾਇਨਾਈਡ ਛੱਕ ਲਈ ਸੀ। ਗੁਰੂ ਪਿਆਰਾ ਹੋ ਗਿਆ ਸੀ ਸਾਰੇ ਹੀ ਇਲਾਕੇ ਵਿਚ ਸਖਤੀ ਹੋਣ ਕਾਰਨ ਪੁਲਿਸ ਦੇ ਡਰ ਕਾਰਨ ਕੋਈ ਵੀ ਪਰਿਵਾਰ ਆਪਣੇ ਮਾਰਿਆਂ ਪੁੱਤਰਾਂ ਦੀਆਂ ਆਖਰੀ ਰਸਮਾਂ ਪੂਰੀਆਂ ਕਰਨੀਆਂ ਤਾਂ ਦੂਰ ਦੀ ਗੱਲ, ਆਪਣੇ ਘਰ ਕੋਈ ਭੋਗ ਨਹੀਂ ਪਾਉਂਦਾ ਸੀ। ਨਾਲ ਦੇ ਹੀ ਸੰਗੀ ਸਿੰਘ ਦੇਰ ਸਵੇਰ ਕਿਤੇ ਨਾ ਕਿਤੇ ਗੁਪਤ ਰੂਪ ਵਿਚ ਆਪਣੇ ਵਿਛੜੇ ਯਾਰ ਸਿੰਘ ਦਾ ਭੋਗ ਪਾਉਂਦੇ ਸਨ।

ਸ਼ਹੀਦ ਭਾਈ ਮਹਿਰਬਾਨ ਸਿੰਘ ਬੱਬਰ ਬੁਟਰ ਸ਼ਰੀਂਹ ਦਾ ਭੋਗ ਪਾਉਣ ਲਈ ਬੱਬਰ ਜਥੇਬੰਦੀ ਨੇ ਭਾਈ ਹਰਿਮੰਦਰ ਸਿੰਘ ਬੱਬਰ ਗਰਵਾਲ ਅਤੇ ਭਾਈ ਜਸਕਰਨ ਸਿੰਘ ਬੱਬਰ ਰੁਪਾਣੇ ਦੀ ਸੇਵਾ ਲਾਈ ਕਿ ਤੁਸੀਂ ਗੁਪਤ ਰੂਪ ਵਿੱਚ ਸ਼ਹੀਦ ਸਿੰਘ ਦਾ ਭੋਗ ਪਿੰਡ ਕਾਉਣੀ ਵਿਖੇ ਪਾਉਣਾ ਹੈ ਪੁਲਿਸ ਕੈਟ ਨੇ ਆਪਣਾ ਰੰਗ ਦਿਖਾ ਦਿੱਤਾ। ਜਦੋਂ ਕੈਟ ਬਹਾਨਾ ਬਣਾ ਕੇ ਉਥੋਂ ਗਿਆ ਅਤੇ ਬੱਸ ਚੜਿਆ ਤਾਂ ਭਾਈ ਗਰਵਾਲ ਨੂੰ ਵੀ ਸ਼ੱਕ ਹੋ ਗਿਆ। ਹੋਣੀ ਨੇ ਆਪਣਾ ਵਰਤਾਰਾ ਵਰਤਾਉਣਾ ਸੀ। ਕੁਝ ਪਲਾਂ ਬਾਅਦ ਹੀ ਪੁਲਿਸ

ਦੀਆਂ ਗੱਡੀਆਂ ਨੇ ਪਿੰਡ ਕਾਉਣੀ ਦੇ ਚਾਰ ਚੁਫੇਰੇ ਘੇਰਾ ਘੱਤ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਕਮਾਂਡੋ ਛੱਤਾਂ ਉਪਰ ਚੜ੍ਹ ਕੇ ਘੇਰਾ ਤੰਗ ਕਰਨ ਲੱਗ ਪਏ ਸਨ। ਦੋਹਾਂ ਬੱਬਰ ਯੋਧਿਆਂ ਨੇ ਚੱਲ ਰਹੇ ਅਖੰਡ ਪਾਠ ਵਿਚ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ "ਜਿਉਂਦੇ ਜੀਅ ਹੱਥ ਨਹੀਂ ਆਵਾਂਗੇ, ਆਖਰੀ ਦਮ ਤੱਕ ਲੜਾਂਗੇ, ਕਿਸੇ ਵੀ ਬੇ ਗੁਨਾਹ ਜਾਂ ਮਜ਼ਲੂਮ ਦਾ ਕੋਈ ਨੁਕਸਾਨ ਨਹੀਂ ਕਰਾਂਗੇ"। ਜਿਥੇ ਅਖੰਡ ਪਾਠ ਸਾਹਿਬ ਚੱਲ ਰਿਹਾ ਸੀ, ਉਸ ਘਰ ਨੂੰ ਛੱਡ ਕੇ ਬਾਹਰ ਆ ਗਏ। ਆਪਣੇ ਹਥਿਆਰ ਸੰਭਾਲ ਕੇ ਮੋਰਚੇ ਮੱਲੀ ਆਖਰੀ ਗਲੀ ਰੋਕ ਲਈ। ਭਾਈ ਕੁਪਾਲਾ ਨੇ ਗੁਰਦਵਾਲ ਨੂੰ ਕਿਹਾ 'ਵੀਰ ਗੁਰਦਵਾਲ ਹੁਣ ਕੋਈ ਚਾਰਾ ਨਹੀਂ, ਜਿਉਂਦੇ ਹੱਥ ਨਹੀਂ ਆਉਣਾ, ਇਹ ਛੱਕਣੀ ਹੈ ਇਕ ਹੱਥ ਤੇ ਸਾਇਨਾਈਡ ਰੱਖ ਕੇ ਕਹਿੰਦਾ। ਜਾਂ ਜੇ ਆਖਰੀ ਇਕ ਇਕ ਗੋਲੀ ਬਚੀ ਹੈ, ਇਹ ਖਾਣੀ ਹੈ।" ਦੋਹਾਂ ਬੱਬਰਾਂ ਯੋਧਿਆਂ ਨੇ ਇਕ ਦੂਜੇ ਨੂੰ ਘੁੱਟ ਕੇ ਜੱਫੀ ਪਾਈ, "ਆਪਾਂ ਹਥਿਆਰਬੰਦ ਜੰਗ ਲੜੀ ਹੈ ਇਹ ਨਹੀਂ ਛਕਣੀ ਆਖ ਕੇ ਸਾਇਨਾਈਡ ਵਗਾਹ ਮਾਰੀ।" ਦੋਹਾਂ ਬੱਬਰਾਂ ਨੇ ਜੋ ਆਖਰੀ ਇਕ ਇਕ ਗੋਲੀ ਬਚੀ ਸੀ, ਇਕ ਦੂਜੇ ਦੀਆਂ ਪੁੜਪੁੜੀਆਂ ਵਿਚ ਸੰਭਾਲ ਦਿੱਤੀ ਤੇ ਆਖਰੀ ਫਤਹਿ ਗਜਾਉਂਦੇ ਸ਼ਹੀਦਾਂ ਦੇ ਜਥੇ ਵਿਚ ਜਾ ਬੈਠੇ। ਪਈਆਂ ਲਾਸ਼ਾਂ ਦੇ ਕੋਲ ਵੀ ਪੁਲਿਸ ਦੇ ਕਮਾਂਡੋ ਦੋ ਘੰਟੇ ਨੇੜੇ ਨਹੀਂ ਆਏ। ਸਾਰੇ ਪਿੰਡ ਨੂੰ ਵਲ ਕੇ, ਢਾਲ ਵਜੋਂ ਮੂਹਰੇ ਲਾ ਕੇ ਫਿਰ ਉਹਨਾਂ ਕੋਲ ਆਏ ਲਾਸ਼ਾਂ ਉਪਰ ਹੀ ਮਸ਼ੀਨਗੰਨਾਂ ਦੇ ਬੱਰਸਟ ਕੱਢ ਕੱਢ ਆਪਣੀ ਬਹਾਦਰੀ ਦੀ ਪਰੰਪਰਾ ਦਿਖਾਉਣ ਲੱਗੇ। ਜਿਸ ਘਰੇ ਅਖੰਡ ਪਾਠ ਖੁਲਿਆ ਸੀ, ਉਸ ਸਾਰੇ ਪਰਿਵਾਰ ਨੂੰ ਧੂਹ ਕੇ ਮੁਕਤਸਰ ਸਟਾਫ ਵਿਚ ਬੰਦ ਕਰ ਦਿੱਤਾ। ਸਾਰੇ ਪਾਠੀ ਸਿੰਘ, ਗ੍ਰੰਥੀ ਸਿੰਘ ਸੇਵਾਦਾਰ ਪਿੰਡ ਦੀਆਂ ਗਲੀਆਂ ਵਿਚ ਰੋਲ ਦਿੱਤੇ। ਅਖੰਡ ਪਾਠ ਸਾਹਿਬ ਜੀ ਦਾ ਖੰਡਨ ਕਰ ਦਿੱਤਾ। ਦੋਹਾਂ ਸਿੰਘਾਂ ਦੀਆਂ ਲਾਸ਼ਾਂ ਨੂੰ ਧੂਹ ਕੇ ਮੁਕਤਸਰ ਦੇ ਮੁਰਦਾਘਰ ਵਿਚ ਸੁੱਟ ਦਿੱਤਾ ਗਿਆ।

ਸ਼ਹੀਦ ਬੱਬਰਾਂ ਦੇ ਹੱਸੂ ਹੱਸੂ ਕਰਦੇ ਗੰਭੀਰ ਚਿਹਰੇ ਵਾਲੀ ਸੰਸਾਰ ਨੂੰ ਅਲਵਿਦਾ ਕਹਿ ਗਏ।

# ਭਾਈ ਜਸਕਰਨ ਸਿੰਘ ਬੱਬਰ ਰੁਪਾਣਾ

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਪੜ੍ਹਾ ਰਹੇ ਤਿੰਨ ਪ੍ਰਸਿੱਧ ਵਿਦਵਾਨਾਂ ਅਤੇ ਖੋਜ ਕਾਰਜਾਂ ਵਿਚ ਨਿਪੁੰਨ ਬੁੱਧੀਜੀਵੀਆਂ ਨੇ ਪੰਜਾਬ ਦੇ ਖਾੜਕੂ ਵਰਤਾਰੇ ਬਾਰੇ ਅੰਗਰੇਜ਼ੀ ਵਿਚ ਇਕ ਪੁਸਤਕ ਲਿਖ ਕੇ ਛਪਵਾਈ ਹੈ, ਟੈਰਰਿਜ਼ਮ ਇਨ ਪੰਜਾਬ, ਜ਼ਮੀਨੀ ਹਕੀਕਤਾਂ ਸਮਝਣ ਦਾ ਯਤਨ ਤਿੰਨ ਪ੍ਰਸਿੱਧ ਵਿਦਵਾਨ ਡਾ. ਹਰੀਸ਼ ਕੇ ਪੁਰੀ, ਡਾ. ਪਰਮਜੀਤ ਸਿੰਘ ਜੱਜ ਅਤੇ ਸ੍ਰੀ ਜਗਰੂਪ ਸਿੰਘ ਸੇਖੋਂ ਨੇ ਮਾਝੇ ਇਲਾਕੇ ਦੇ ਕੁਝ ਪਿੰਡਾਂ ਅੰਦਰ ਜਾ ਕੇ ਉਨ੍ਹਾਂ ਨੌਜਵਾਨਾਂ ਬਾਰੇ ਇਹ ਕਿਤਾਬ ਲਿਖੀ ਹੈ, ਜੋ ਸ਼ਸਤਰ ਚੁੱਕ ਕੇ ਹਿੰਸਕ ਕੰਮਾਂ ਵਿਚ ਰੁੱਝੇ ਹੋਏ ਸਨ, ਇਸ ਪੁਸਤਕ ਦੀ ਸਧਾਰਨ ਜਿਹੀ ਪੜਚੋਲ ਪਿਆਰਾ ਸਿੰਘ ਭੋਗਲ ਹੁਰਾਂ ਨੇ ਅਜੀਤ ਅਖ਼ਬਾਰ ਅੰਦਰ ਕੀਤੀ ਸੀ

ਬੁਧੀਜੀਵੀ ਲੇਖਕਾਂ ਨੇ ਪਤਾ ਨਹੀਂ ਕੀ ਖੋਜ ਕੀਤੀ ਕਿ ਇਹ ਨੌਜਵਾਨ ਪਿੰਡਾਂ ਦੇ ਘਰੇਲੂ ਝਗੜਿਆਂ ਕਰਕੇ, ਇਕ ਦਮ ਅਮੀਰ ਬਣਨ ਦੀ ਲਾਲਸਾ ਕਰਕੇ, ਬਦਲੇ ਖੋਰੀਆਂ ਕਰਕੇ, ਹਥਿਆਰਾਂ ਨਾਲ ਆਪਣਾ ਰੋਹਬ ਦਬਦਬਾ ਬਣਾਉਣ ਕਰਕੇ ਹਿੰਸਕ ਹੋਏ ਸਨ। ਇਹ ਨੌਜਵਾਨ ਧਾਰਮਕ ਨਹੀਂ ਸਨ, ਨਾ ਹੀ ਇਨ੍ਹਾਂ ਦਾ ਖ਼ਾਲਿਸਤਾਨ ਨਾਲ ਕੋਈ ਸੰਬੰਧ ਸੀ, ਆਦਿ ਆਦਿ। ਇਹ ਕਿਤਾਬ ਇਕ ਵੱਖਰੀ ਪੜਚੋਲ ਮੰਗਦੀ ਹੈ।

ਪਰ ਸ਼ਹੀਦ ਭਾਈ ਜਸਕਰਨ ਸਿੰਘ ਬੱਬਰ ਰੁਪਾਣਾ ਦੀ ਸ਼ਹਾਦਤ ਨੇ ਸਰਕਾਰੀ ਪ੍ਰਚਾਰ ਤੰਤਰ ਤੇ ਖੋਜੀ ਲੇਖਕਾਂ ਦਾ ਸਭ ਕੁਝ ਸਮੇਟ ਕੇ ਰੱਖ ਦਿੱਤਾ। ਇਕ ਲੈਂਡ ਲਾਰਡ ਪਰਿਵਾਰ ਦਾ ਇਕਲੌਤਾ ਬੇਟਾ, ਜਿਸ ਦੇ ਮੂੰਹੋਂ ਨਿਕਲੀ, ਮੂੰਹੋਂ ਮੰਗੀ ਹਰ ਗੱਲ ਪਲਾਂ ਵਿਚ ਪੂਰੀ ਹੁੰਦੀ ਹੋਵੇ ਤੇ ਜਿਸ ਨੇ ਕੋਠੀਆਂ, ਐਸ਼ਪ੍ਰਸਤੀਆਂ ਛੱਡ ਕੇ ਸਮੇਂ ਨਾਲਿਆਂ, ਚਰੀਆਂ, ਕਮਾਦਾਂ ਵਿਚ ਸੱਪਾਂ ਦੀਆਂ ਸਿਰੀਆਂ ਸਿਰਹਾਣੇ ਕੌਮ ਦੀ ਅਜ਼ਾਦੀ ਲਈ ਰਹਿਣਾ ਪਸੰਦ ਕੀਤਾ ਹੋਵੇ, ਇਨ੍ਹਾਂ ਮਰਜੀਵੜਿਆਂ ਦੇ ਜਥੇ ਨੂੰ ਕਿਵੇਂ ਮਾੜਾ ਆਖ ਦੇਈਏ, ਕਿਵੇਂ ਅਜ਼ਾਦੀ ਦੀ ਜੰਗ ਨੂੰ ਵਿਗੜੀ ਮੁੰਡੀਰ ਦੀ ਸ਼ਰ੍ਹ ਆਖ ਦੇਈਏ। ਭਾਈ ਜਸਕਰਨ ਸਿੰਘ ਨੂੰ ਬਚਪਨ ਤੋਂ ਸਾਰੇ ਗੱਭਰ ਆਖਿਆ ਕਰਦੇ ਸਨ, ਕਿਉਂਕਿ ਆਪ ਸਿਹਤ ਪੱਖੋਂ ਪੂਰੇ ਹੁੰਦੜਹੇਲ ਸਨ। ਪਿੰਡ ਦਾ ਯਾਰ ਬੇਲੀ ਜੇਕਰ ਕਦੀ ਹੱਸ ਕੇ ਕਹਿ ਦਿੰਦਾ "ਯਾਰ ਗੱਭਰਾ ਤੂੰ ਸਰਦਾਰਾਂ ਦਾ ਮੁੰਡਾ ਸੀ, ਸਭ ਕੁਝ ਪਰਮਾਤਮਾਂ ਨੇ ਤੈਨੂੰ ਘਰ ਦਿੱਤਾ ਸੀ, ਇਹ ਕਿਹੜੇ ਰਾਹ ਤੂੰ ਤੁਰ ਪਿਆ ਹੈ, ਤਾਂ ਉਨ੍ਹਾਂ ਸਪੱਸ਼ਟ ਉੱਤਰ ਦੇਣਾ "ਬਾਕੀ ਤਾਂ ਸਾਰਾ ਕੁਝ ਘਰ ਸੀ ਪਰ ਸਿੱਖੀ, ਇਹ ਅੰਮ੍ਰਿਤ ਦੀ ਦਾਤ ਹੁਣ ਮਿਲੀ ਹੈ, ਮਿਲੀ ਵੀ ਬਹੁਤ ਮਹਿੰਗੀ ਹੈ - ਗੁਰੂ ਨੂੰ ਸਿਰ ਦੇ ਕੇ"।

"ਜੋ ਰਹਿਣ ਦਾ ਸਵਾਦ ਰੱਕੜਾਂ, ਸਰਕੜਿਆਂ ਵਿਚ ਗੋਡੇ ਦਾ ਸਿਰ ਭੇਨ ਕੇ ਆਉਂਦਾ ਹੈ, ਉਹ ਥਾਲੀ ਵਿਚ ਪਰੋਸੇ ਪਰਾਉਂਠਿਆਂ ਨਾਲ ਕੋਠੀਆਂ ਵਿਚ ਨਹੀਂ ਆਉਂਦਾ।" ਸਿਰ ਤੇ ਹੱਥ ਰੱਖ ਕੇ ਕਹਿਣਾ, "ਇਹ ਗੁਰੂ ਦੀ ਅਮਾਨਤ ਹੈ"।

ਭਾਈ ਸਾਹਿਬ ਬੱਬਰ ਰੁਪਾਣਾ, ਬੱਬਰ ਰੱਬਰ ਕਰਕੇ ਮਸ਼ਹੂਰ ਸਨ, ਜਿਨ੍ਹਾਂ ਵਿਚ ਗੁਰਮਤਿ ਦੀ ਸੋਝੀ ਸੀ। ਉਹ ਹਰ ਸਮੇਂ ਕੁਰਬਾਨੀ ਲਈ ਤਿਆਰ ਸਨ। ਪੂਰਨ ਬਿਬੇਕੀ ਨਿਤਨੇਮੀ ਅਤੇ ਕੌਮੀ ਅਜ਼ਾਦੀ ਲਈ ਪ੍ਰਪੱਕ ਸਨ। ਹਮੇਸ਼ਾ ਉਨ੍ਹਾਂ ਦੀ ਇਹ ਦਲੀਲ ਹੁੰਦੀ ਸੀ, ਇਸ ਸੰਘਰਸ਼ ਨੂੰ ਇਕ ਲਹਿਰ ਬਣਾਇਆ ਜਾਵੇ ਜੋ ਲੋਕਾਂ ਲਈ, ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ, ਇਕ ਸੇਵਾ ਹਿੱਤ, ਨਿਰਸਵਾਰਥ ਹੋਵੇ। ਉਹ ਇਹ ਸਖ਼ਤ ਲਫ਼ਜ਼ਾਂ ਵਿਚ ਕਹਿੰਦੇ ਸਨ, "ਪਿੰਡਾਂ ਵਿਚ ਇਕ ਹੀ ਗੁਰਦੁਆਰਾ ਸਾਹਿਬ ਹੋਵੇ, ਜੋ ਕਿਸੇ ਜਾਤ ਬਰਾਦਰੀ ਨਾਲ ਸਬੰਧਤ ਨਾ ਹੋਵੇ। ਸਮਾਜ ਸੁਧਾਰ ਲਹਿਰ ਨੂੰ ਉਹ ਸੰਘਰਸ਼ ਦੀ ਲੋੜ ਸਮਝਦੇ ਸਨ। ਧੜੇਬੰਦੀਆਂ ਨੂੰ ਉਹ ਨਫ਼ਰਤ ਕਰਦੇ ਸਨ, "ਇਹ ਲੋਕ ਹਉਮੈ ਮਾਰੇ ਲੋਕ ਹਨ, ਜੋ ਰੱਬੀ ਮਾਰ ਦਾ ਸ਼ਿਕਾਰ ਹੋਣਗੇ"

ਦਰਅਸਲ ਬੱਬਰ ਰੁਪਾਣਾ ਸੰਘਰਸ਼ ਲਈ ਜੋਗਜੂ ਹੀ ਨਹੀਂ ਸੀ ਇਕ ਵਿਚਾਰਵਾਨ, ਸਿਧਾਂਤਕ ਗੰਭੀਰ ਚਿੰਤਕ ਸੀ। ਕਿਸੇ ਵੀ ਘਾਟ ਲਈ ਜਿਸ ਨਾਲ ਕੌਮ ਦਾ ਨੁਕਸਾਨ ਹੁੰਦਾ ਹੋਵੇ, ਉਥੇ ਉਹ ਬਰਿਸਣ ਲੱਗ ਪੈਂਦੇ ਸਨ

ਮਾਲਵੇ ਦੇ ਮੁਕਤਸਰ ਇਲਾਕੇ ਵਿਚ ਜੋਗਜੂ ਸਿੰਘਾਂ ਦਾ ਵਿਸ਼ਾਲ ਜਥਾ ਸੀ, ਜਿਨ੍ਹਾਂ 'ਚ ਭਾਈ ਹਰਿਮੰਦਰ ਸਿੰਘ ਬੱਬਰ ਗਰੇਵਾਲ, ਭਾਈ ਹਰਭਜਨ ਸਿੰਘ ਬੱਬਰ ਝੋਲਿਆਂਵਾਲੀ, ਭਾਈ ਬਲਵਿੰਦਰ ਸਿੰਘ ਬੱਬਰ ਰੋਗਾ, ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ, ਭਾਈ ਕਿਸ਼ਨ ਸਿੰਘ ਬੱਬਰ ਤਾਮਕੋਟ, ਭਾਈ ਮੇਹਰਬਾਨ ਸਿੰਘ ਬੱਬਰ ਬਟਰ ਸਰੀਂਹ, ਭਾਈ ਬਲਦੇਵ ਸਿੰਘ ਬੱਬਰ ਲੁਹਾਰਾ ਆਦਿ।

ਆਪ ਜੀ ਦੀ ਸ਼ਾਦੀ ਸ਼ਹੀਦ ਭਾਈ ਦਰਸ਼ਨ ਸਿੰਘ ਰਣਜੀਤਗੜ੍ਹ ਅਟਾਰੀ, ਮੁਕਤਸਰ) ਦੀ ਭੈਣ ਬੀਬੀ ਪਰਮਜੀਤ ਕੌਰ ਨਾਲ ਹੋਈ ਸੀ। ਆਪਜੀ ਦੀ ਇਕ ਬੇਟੀ ਗਗਨਜੋਤ ਕੌਰ ਹੈ। ਬੀਬੀ ਪਰਮਜੀਤ ਕੌਰ ਪੂਰਨ ਗੁਰਮਤਿ ਅਨੁਕੂਲ ਕੰਸਕੀਪਾਰੀ ਬਾਣੀ ਦੀ ਲਿਵ ਅੰਦਰ ਆਪਣੀ ਬੇਟੀ ਨਾਲ ਪਿੰਡ ਵਿਚ ਹੀ ਰਹਿੰਦੇ ਹਨ। ਭਾਈ ਸਾਹਿਬ ਜੀ ਦੇ ਸੰਘਰਸ਼ੀ ਜੀਵਨ ਬਾਰੇ ਇਕ ਗੱਲ ਹੀ ਕਹਿੰਦੇ ਹਨ "ਜੋ ਅਕਾਲ ਪੁਰਖ ਨੂੰ ਮਨਜ਼ੂਰ ਹੈ, ਉਹ ਹੋਇਆ ਹੈ, ਉਹ ਹੋ ਰਿਹਾ ਹੈ"।

ਵੈਰਾਗ ਅੰਦਰ ਬੀਤੇ ਸਮੇਂ ਨੂੰ ਯਾਦ ਕਰਦਿਆਂ ਕਹਿੰਦੇ ਹਨ, "ਜੀਵਨ ਸਾਥੀ ਦੀਆਂ ਯਾਦਾਂ ਤਾਂ ਮਨ ਵਿਚ ਰਹਿੰਦੀਆਂ ਹੀ ਹਨ, ਬੇਟੀ ਜ਼ਿਆਦਾ ਮਹਿਸੂਸ ਕਰਦੀ ਹੈ, ਜ਼ਿੰਦਗੀ ਦਾ ਲੰਮਾ ਸਫ਼ਰ ਬਾਕੀ ਹੈ, ਜੇ ਪਰਮਾਤਮਾਂ ਨਾਲ ਹੈ, ਫਿਰ ਕੋਈ ਡਰ ਨਹੀਂ"।

ਉਹ ਬੜੇ ਵਿਸ਼ਵਾਸ਼ ਨਾਲ ਕਹਿੰਦੇ ਹਨ, "ਗੁਰੂ ਹੈ, ਵਾਹਿਗੁਰੂ ਹੈ, ਉਹ ਮੇਰੇ ਅੰਗ ਸੰਗ ਹੈ, ਸਿੰਘ ਸਾਹਿਬ (ਭਾਈ ਜਸਕਰਨ ਸਿੰਘ) ਨੇ ਕਿਸੇ ਕਾਰਜ ਲਈ ਸ਼ਹਾਦਤ ਦਿੱਤੀ ਹੈ, ਮੈਂ ਮਾਣ ਕਰਦੀ ਹਾਂ।"

ਪਿੰਡ ਰੁਪਾਣਾ ਮੁਕਤਸਰ ਤੋਂ ਮਲੋਟ ਨੂੰ ਜਾਂਦਿਆਂ ਦੋ ਜੁੜਵੀਆਂ ਨਹਿਰਾਂ ਦੇ ਨਾਲ ਹੈ ਪਿੰਡ ਵਿਚੋਂ ਭਾਈ ਸਾਹਿਬ ਬਾਰੇ ਜਿਥੋਂ ਮਰਜ਼ੀ ਪੁਛ ਲਵੋ, ਉਹ ਸਤਿਕਾਰ ਨਾਲ ਭਾਈ ਸਾਹਿਬ ਜੀ ਦੀ ਕੋਠੀ ਤੱਕ ਛੱਡਣ ਜਾਣਗੇ। ਪਿੰਡ ਅੰਦਰ ਭਾਈ ਸਾਹਿਬ ਜੀ ਦਾ ਪੂਰਨ ਭੈ-ਭਾਵਨੀ ਵਿਚ ਮਾਨ ਹੈ।

ਭਾਈ ਸਾਹਿਬ ਵਿਚ ਇਕ ਗੱਲ ਵਿਲੱਖਣ ਸੀ ਅਖੰਡ ਕੀਰਤਨੀ ਜਥੇ ਵਲੋਂ ਹਰ ਮਹੀਨੇ ਇਕ ਧਾਰਮਕ ਰਸਾਲਾ 'ਸੂਰਾ' ਪ੍ਰਕਾਸ਼ਤ ਕੀਤਾ ਜਾਂਦਾ ਸੀ। ਆਪ ਜੀ ਨੇ ਪੰਦਰਾਂ ਵੀਹ ਰਸਾਲੇ ਖਰੀਦ ਕੇ ਜ਼ਰੂਰ ਵੰਡਣੇ ਹੁੰਦੇ ਸਨ ਰਸਾਲੇ ਦੇ ਪਹਿਲੇ ਪੰਨੇ 'ਤੇ ਗੁਰਬਾਣੀ ਦੀ ਇਕ ਪੰਕਤੀ ਲਿਖੀ ਹੁੰਦੀ ਸੀ

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

(ਧਨਾਸਰੀ ਮਹਲਾ ੫)

ਉਹ ਗੁਰਬਾਣੀ ਦੀ ਇਸ ਤੁਕ ਨੂੰ ਆਪਣਾ, ਜਥੇਬੰਦੀ ਦਾ ਅਤੇ ਸੰਘਰਸ਼ ਦਾ ਮੁਢਲਾ ਅਸੂਲ ਸਮਝਦੇ ਸਨ। ਆਪ ਜੀ ਆਪਣੇ ਸੰਗੀ ਭਾਈ ਗਰੇਵਾਲ ਮੁਕਤਸਰ ਵਾਲਿਆਂ ਤੋਂ ਅੰਗਰੇਜ਼ੀ ਆਦਿ ਦੀਆਂ ਕਈ ਗੱਲਾਂ ਨੂੰ ਪੁੱਛ ਕੇ ਸਮਝ ਲੈਂਦੇ ਸਨ

ਬੱਬਰਾਂ ਨੇ ਆਪਣੇ ਸੰਘਰਸ਼ੀ ਗੁਰੀਲਾ ਯੁੱਧ ਨੂੰ ਨਵਾਂ ਮੋੜ ਦੇਣਾ ਸ਼ੁਰੂ ਕਰ ਲਿਆ ਸੀ ਕਿਉਂਕਿ ਜੰਗ ਨੂੰ ਪੰਜਾਬ 'ਚੋਂ ਬਾਹਰ ਲਿਜਾਇਆ ਜਾਵੇ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਪਰਦਾ ਫਾਸ਼ ਕੀਤਾ ਜਾਵੇ ਊਰਜਾ, ਪੈਦਾਵਾਰੀ ਸੋਮਿਆਂ ਅਤੇ ਕੇਂਦਰੀ ਥਲਾਂ ਦਾ ਵੱਧ ਤੋਂ ਵੱਧ ਨੁਕਸਾਨ ਕਰਕੇ, ਉਸ ਦੀ ਰਾਜ ਸ਼ਕਤੀ ਦੇ ਨੱਕ ਵਿਚ ਦਮ ਲਿਆਂਦਾ ਜਾਵੇ ਆਪਣੇ ਕਾਡਰ ਨੂੰ ਬਚਾਉਣ ਅਤੇ ਆਪਣੀ ਜੰਗਜੂ ਸ਼ਕਤੀ ਨੂੰ ਲੰਮਾ ਸਮਾਂ ਲਾਮਬੰਦ ਕਰਨ ਲਈ ਆਪਣੇ ਸਾਥੀਆਂ ਨੂੰ ਘੱਟ ਤੋਂ ਘੱਟ ਰੂਪੋਸ਼ ਹੋਣ ਦਿੱਤਾ ਜਾਵੇ। ਕਿਉਂਕਿ ਪੰਜਾਬ ਵਿਚ ਕੁਦਰਤੀ ਰੱਖ ਦੀ ਵੱਡੀ ਘਾਟ ਸੀ ਪਹਾੜ ਜੰਗਲ ਥਲ ਆਦਿ ਨਹੀਂ ਸਨ ਪੱਧਰੇ ਮੈਦਾਨੀ ਇਲਾਕੇ ਵਿਚ ਲੋਕ ਜੰਗਲ ਹੀ ਇਕ ਇਕ ਲੁਕਣ ਲਈ ਸਹਾਈ ਸਨ। ਪਰ ਪੰਜਾਬ ਦੇ ਲੋਕ ਐਸ਼ਪ੍ਰਸਤੀ ਅੰਦਰ ਪਦਾਰਥਵਾਦੀ ਹੋ ਗਏ ਸਨ। ਆਪਣੀ ਪੁਰਾਤਨ ਬਹਾਦਰੀ ਵਾਲੀ ਪਵਿੱਤਰ ਦਿੱਖ ਤੋਂ ਕਾਫੀ ਮੂੰਹ ਮੋੜੀ ਬੈਠੇ ਸਨ। ਜਿਸ ਕਾਰਨ ਅਜ਼ਾਦੀ ਦੀ ਗੁਰੀਲਾ ਜੰਗ ਨੂੰ ਨੁਕਸਾਨ ਪਹੁੰਚਾਉਣ ਲਈ ਲੋਕ ਜੰਗਲ ਵਿਚ ਸਰਕਾਰੀ ਖਾੜਕੂ (ਕੈਟ) ਅਸਾਨੀ ਨਾਲ ਵੜ ਗਏ ਸਨ। ਜਿਸ ਕਾਰਨ ਹਥਿਆਰਬੰਦ ਯੋਧਿਆਂ ਨੇ ਸ਼ਨਾਖਤਾਂ ਵਿਚ ਆ ਕੇ ਬੁੱਚੜ ਤਫਤੀਸ਼ੀ ਸੈਂਟਰਾਂ ਵਿਚ ਸ਼ਹਾਦਤਾਂ ਦੇ ਦਿੱਤੀਆਂ ਸਨ।

ਮਾਲਵੇ ਦੇ ਇਸ ਜਾਂਬਾਜ਼ ਬੱਬਰ ਜਥੇ ਵਿਚ ਵੀ ਕੈਟ ਘੁਸਪੈਠ ਕਰ ਚੁਕੇ ਸਨ ਜਿਸ ਕਾਰਨ ਕੈਟ ਰਾਜੇ ਨਾਮ ਦੇ ਇਕ ਗੁਪਤਚਰ ਵਲੋਂ ਬੱਬਰਾਂ ਦਾ ਕਾਫੀ ਨੁਕਸਾਨ ਹੋਇਆ ਸੀ

ਭਾਈ ਜਸਕਰਨ ਸਿੰਘ ਰੁਪਾਣਾ ਆਪਣੇ ਸਾਥੀ ਭਾਈ ਹਰਿਮੰਦਰ ਸਿੰਘ ਗਰੇਵਾਲ ਨਾਲ ਜ਼ਿਲ੍ਹਾ ਮੁਕਤਸਰ ਦੇ ਪਿੰਡ ਕਾਉਣੀ ਵਿਖੇ ਆਪਣੇ ਸ਼ਹੀਦ ਸਾਥੀ ਭਾਈ ਮੇਹਰਬਾਨ ਸਿੰਘ ਬੱਬਰ ਬੁਟਰ ਸ਼ਰੀਂਹ ਦੀ ਬਰਸੀ ਦੇ ਸਬੰਧ ਵਿਚ ਅਖੰਡ ਪਾਠ ਦਾ ਭੋਗ ਪਵਾਉਣ ਲਈ ਆਏ ਹੋਏ ਸਨ, ਜਿਥੇ ਉਹ ਉਸ ਕੈਟ ਦੀ ਨਿਸ਼ਾਨਦੇਹੀ 'ਤੇ ਪੁਲਿਸ, ਸੀ ਆਰ ਪੀ ਦੇ ਇਕ ਵੱਡੇ ਘੇਰੇ ਵਿਚ ਆ ਜਾਣ ਕਾਰਨ ਦੋਵੇਂ ਜੰਗਜੂ ਸਾਥੀ ਸ਼ਹੀਦ ਹੋ ਗਏ ਸਨ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਪਹਿਲਾਂ ਤਾਂ ਸਾਡੇ ਲੀਡਰਾਂ ਜਥੇਦਾਰਾਂ ਨੇ ਨੌਜਵਾਨਾਂ ਦੇ ਹਥਿਆਰਬੰਦ ਜੰਗ 'ਚ ਹਾਂ ਵਿਚ ਹਾਂ ਮਿਲਾਈ ਪਰ ਫਿਰ ਵਕਤ ਦੀ ਚੌਧਰ ਨਾਲ

ਕੁਰਸੀਆਂ ਦੀ ਲੜਾਈ ਵਿਚ ਲੀਨ ਹੋ ਕੇ ਹਉਮੈ ਦੀ ਭੁੱਖ ਪੂਰੀ ਕਰਨ ਤੁਰ ਪਏ।

ਤਾਕਤ ਨੂੰ ਸਲਾਮਾਂ ਹੁੰਦੀਆਂ ਹਨ, ਜਦੋਂ ਨੌਜਵਾਨਾਂ ਦੇ ਮੱਥਿਆਂ 'ਤੇ ਅਸਾਲਟਾਂ ਸਨ ਤਾਂ ਇਹ ਲੀਡਰ ਉਨ੍ਹਾਂ ਨੂੰ ਮਿਲਣ ਲਈ ਲੇਲੜੀਆਂ ਕੱਢਦੇ ਸਨ। ਅੱਜ ਇਹ ਨੌਜਵਾਨ ਕੌਮ ਪਿੱਛੇ ਸ਼ਹੀਦ ਹੋ ਗਏ ਹਨ ਤਾਂ ਇਨ੍ਹਾਂ ਦੇ ਘਰਾਂ ਵਿਚ ਕਦੀ ਵੜਿਆਂ ਨਹੀਂ, ਸ਼ਹੀਦ ਭਾਈ ਜਸਕਰਨ ਸਿੰਘ ਖੱਖਰ ਅਤੇ ਸ਼ਹੀਦ ਭਾਈ ਹਰਿਮੰਦਰ ਸਿੰਘ ਖੱਖਰ ਗੜੇਵਾਲ ਦੇ ਉਹ ਬੋਲ ਕਿ

'ਜੇ ਜੰਗ ਜਿੱਤਣੀ ਹੈ ਤਾਂ ਗੁਰਮਤਿ ਹੀਣੇ ਸਵਾਰਥੀਆਂ ਤੋਂ ਬਚੋ ਤੇ
ਸੱਪਾਂ ਨੂੰ ਬੁੱਕਲ ਵਿਚ ਵੜਨ ਤੋਂ ਪਹਿਲਾਂ ਕੁਚਲ ਦੇਵੋ'

ਅੱਜ ਬਹੁਤ ਯਾਦ ਆਉਂਦੇ ਹਨ।

# ਭਾਈ ਸ਼ਮਸ਼ੇਰ ਸਿੰਘ ਬੱਬਰ ਭੁੱਲਰ

ਮੁਕਤਸਰ ਤੋਂ ਬਠਿੰਡੇ ਨੂੰ ਜਾਂਦਿਆਂ ਮੁਕਤਸਰ ਤੋਂ ਸੱਤ ਕਿਲੋਮੀਟਰ ਦੂਰ ਦੋ ਜੁੜਵੀਆਂ ਨਹਿਰਾਂ ਦੇ ਨਾਲ ਪਿੰਡ ਭੁੱਲਰ ਹੈ। ਨਹਿਰਾਂ ਤੋਂ ਡੇਢ ਕੁ ਕਿਲੋਮੀਟਰ ਪਿਛੇ ਖੱਬੇ ਹੱਥ ਇਕ ਸੜਕ ਮੁੜਦੀ ਹੈ ਜੋ ਵੱਡੀਆਂ-ਵੱਡੀਆਂ ਆਲੀਸ਼ਾਨ ਕੋਠੀਆਂ 'ਤੇ ਜਾ ਕੇ ਮੁਕਦੀ ਹੈ। ਉਥੋਂ ਇਕ ਕੱਚੀ ਪਹੀ ਨਿਕਲਦੀ ਹੈ ਜੋ ਖੇਤਾਂ ਵਿਚ ਦੀ ਦੋ-ਤਿੰਨ ਵੱਲ ਖਾ ਕੇ ਸਰਦਾਰ ਗੁਰਦੇਵ ਸਿੰਘ ਦੇ ਘਰ ਚਲੀ ਜਾਂਦੀ ਹੈ। ਜਦ ਮਰਜ਼ੀ ਇਸ ਸਧਾਰਨ ਘਰ ਚਲੇ ਜਾਵੋ ਅੱਗੇ ਸਰਦਾਰ ਗੁਰਦੇਵ ਸਿੰਘ ਇਕ ਮੰਜੇ ਉੱਪਰ ਗੁੰਮ ਸੁੰਮ ਦੀ ਹਾਲਤ ਵਿਚ ਬੈਠੇ ਮਿਲ ਜਾਣਗੇ, ਜਿਨ੍ਹਾਂ ਨੂੰ ਆਪਣੇ ਵੱਡੇ ਛੋਟੇ ਪੁੱਤਰ ਸ਼ਹੀਦ ਭਾਈ ਸ਼ਮਸ਼ੇਰ ਸਿੰਘ ਨੂੰ ਵੇਖਿਆਂ ਮਿਲਿਆਂ 20 ਸਾਲ ਹੋ ਚੁੱਕੇ ਹਨ

ਜ਼ਿਲ੍ਹਾ ਬਠਿੰਡੇ ਅੰਦਰ ਭਾਈ ਸ਼ਮਸ਼ੇਰ ਸਿੰਘ ਦਾ ਨਾਮ ਹਰ ਇਕ ਦੀ ਜ਼ੁਬਾਨ 'ਤੇ ਬਾਬਾ ਸ਼ੇਰਾ ਕਰਕੇ ਮਸ਼ਹੂਰ ਸੀ। ਆਪ ਜੀ ਨੇ ਆਪਣੀ ਸਾਰੀ ਪੜ੍ਹਾਈ ਆਪਣੇ ਨਾਨਕੇ ਪਿੰਡ ਲਧਾਈ ਕੇ ਜ਼ਿਲ੍ਹਾ ਮੋਗਾ ਤੋਂ ਕੀਤੀ ਆਪ ਜੀ ਬਚਪਨ ਤੋਂ ਹੀ ਧਾਰਮਿਕ ਬਿਰਤੀ ਦੇ ਮਾਲਕ ਸਨ ਪੜ੍ਹਾਈ ਖਤਮ ਕਰਨ ਤੋਂ ਬਾਅਦ ਆਪ ਜੀ ਨੇ ਬਠਿੰਡੇ ਥਰਮਲ ਪਲਾਂਟ ਵਿਚ ਨੌਕਰੀ ਕਰ ਲਈ ਬਠਿੰਡੇ ਹੀ ਕਿਰਾਏ 'ਤੇ ਮਕਾਨ ਲੈ ਕੇ ਰਹਿਣ ਲੱਗ ਪਏ, ਜਿਥੇ ਆਪ ਜੀ ਦਾ ਮੇਲ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨਾਲ ਹੋਇਆ ਅਤੇ ਆਪ ਜੀ ਹਰ ਸ਼ਨਿਚਰਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਜੋ ਇਕ ਪੁਰਾਤਨ ਕਿਲ੍ਹੇ ਵਿਚ ਸੁਸ਼ੋਭਿਤ ਹੈ ਵਿਖੇ ਕੀਰਤਨ ਸਮਾਗਮ ਅੰਦਰ ਹਾਜ਼ਰੀ ਭਰ ਕੇ ਸੁਣਦੇ ਸਨ ਬੀਰਰਸੀ ਗੁਰਬਾਣੀ ਦੀਆਂ ਤੁਕਾਂ ਹਮੇਸ਼ਾ ਹੀ ਮੁੱਖੋਂ ਉਚਰਦੀਆਂ ਰਹਿੰਦੀਆਂ। ਆਪ ਜੀ ਦੋ ਸਾਲ ਦੇ ਕਰੀਬ ਧਾਰਮਿਕ ਕਾਰਜਾਂ ਅੰਦਰ ਜਾਂਦੇ ਰਹੇ ਪਰ ਅਜੇ ਅੰਮ੍ਰਿਤਪਾਨ ਨਹੀਂ ਕੀਤਾ ਸੀ। ਆਪ ਜੀ ਦੋ ਦਫਾ ਅੰਮ੍ਰਿਤ ਛਕਣ ਲਈ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤ ਸੰਚਾਰ ਪ੍ਰੋਗਰਾਮਾਂ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਪੰਜਾਂ ਪਿਆਰਿਆਂ ਦੇ ਪੇਸ਼ ਹੋਏ ਪਰ ਜਥੇ ਦੀ ਕਰੜੀ ਮਰਯਾਦਾ ਕੇਸਕੀ ਰਹਿਤ ਅਤੇ ਸਰਬ ਲੋਹ ਬਿਬੇਕ, ਖਾਣ ਪਾਣ ਦੀ ਗੁਰਮਤਿ ਰਹਿਣ ਰਹਿਣੀ ਦੀ ਘਾਲ ਕਮਾਈ ਦੀ ਸਖ਼ਤ ਮਰਯਾਦਾ ਕਾਰਨ ਆਪ ਜੀ ਨੇ ਕੁਝ ਘਰੇਲੂ ਮਜਬੂਰੀਆਂ ਕਾਰਨ ਗੁਰੂ ਸਾਹਿਬ ਜੀ ਦੇ ਸਨਮੁਖ ਬਚਨ ਨਹੀਂ ਕੀਤਾ।

ਪੰਜਾਬ ਅੰਦਰ ਕੌਮੀ ਸੰਘਰਸ਼ ਅਜ਼ਾਦੀ ਲਈ ਪੈਰੋ ਪੈਰ ਤੇਜ਼ ਹੋ ਰਿਹਾ ਸੀ। ਭਾਈ ਸ਼ਮਸ਼ੇਰ ਸਿੰਘ ਵਰਗੇ ਧਰਮੀ ਯੋਧੇ ਕਿਵੇਂ ਚੁੱਪ ਕਰਕੇ ਘਰਾਂ ਵਿਚ ਬੈਠ ਸਕਦੇ ਸਨ। ਜਦੋਂ ਆਪ ਜੀ ਭਾਈ ਬਲਵਿੰਦਰ ਸਿੰਘ ਬੱਬਰ ਰੋਗਾ, ਭਾਈ ਅਵਤਾਰ ਸਿੰਘ ਬੱਬਰ ਲੱਡੂ ਰਾਜੇਆਣਾ ਦੇ ਸੰਗ ਵਿਚ ਆਏ ਤਾਂ ਆਪ ਜੀ ਬੱਬਰਾਂ ਲਈ ਤੁਰਨ ਦਾ ਹੀਆ ਕਰਕੇ ਫਿਰ ਅਖੰਡ ਕੀਰਤਨੀ ਜਥੇ ਵਿਚ ਅੰਮ੍ਰਿਤ ਛੱਕਣ ਲਈ ਪੇਸ਼ ਹੋਏ ਜਿਥੇ ਆਪ ਜੀ ਨੂੰ ਗੁਰੂ

ਪਿਆਰ ਦਾ ਗੂੜ੍ਹਾ ਲਾਲ ਰੰਗ ਇਤਨਾ ਚੜ੍ਹਿਆ ਕਿ ਆਪ ਜੀ ਅਕਾਲ ਪੁਰਖ ਦੀ ਰਜ਼ਾ 'ਚ ਗੁਰੂ ਗੁਰੂ ਗੁ-ਰੂ-ਰੂ-ਵਾਹਿਗੁਰੂ ਰਮਜ਼ਾਂ 'ਚ ਲੱਟ ਪਟ ਰਹਿਣ ਲੱਗ ਪਏ।

ਆਪ ਜੀ ਨੂੰ ਸਭ ਤੋਂ ਪਹਿਲਾਂ ਬੱਬਰਾਂ ਨੇ ਇਕ ਸੰਦੇਸ਼ ਵਾਹਕ ਭਾਵ ਜਥੇਬੰਦੀ ਦੇ ਕੰਮਾਂ ਧੰਦਿਆਂ ਦੇ ਸੁਨੇਹੇ ਇਕ ਦੂਜੀ ਥਾਂ ਉਪਰ ਪਹੁੰਚਾਉਣ ਦੀ ਸੇਵਾ ਦਿੱਤੀ। ਸੰਗੀ ਸਾਥੀ ਹੱਸ ਕੇ ਆਖ ਦਿੰਦੇ 'ਡਾਕੀਆ ਆਇਆ ਹੈ।' ਫਿਰ ਆਪ ਜੀ ਨੂੰ ਰਾਜਸਥਾਨ ਵਿਚ ਸੇਵਾ ਲਈ ਭੇਜ ਦਿੱਤਾ। ਸੰਨ 1985 ਵਿਚ ਆਪ ਜੀ ਨੇ ਸ਼ਹੀਦ ਭਾਈ ਬਖਤੌਰ ਸਿੰਘ ਉਰਫ ਬਕਤਰ ਸਿੰਘ ਵਕੀਲ ਬਠਿੰਡਾ ਅਤੇ ਭਾਈ ਸੰਗਾਰਾਮ ਸਿੰਘ ਬੱਬਰ ਮੁਕਤਸਰ ਨਾਲ ਬੱਬਰਾਂ ਦੇ ਦੁਸ਼ਟ ਸੋਧ ਜਥੇ ਵਿਚ ਵੀ ਕਈ ਅਹਿਮ ਗੁਰੀਲਾ ਕੰਮਾਂ ਵਿਚ ਹਿੱਸਾ ਲਿਆ।

ਜਦੋਂ ਬਠਿੰਡਾ ਸ਼ਹਿਰ ਵਿਚ ਇਕ ਡਾਕਟਰ ਦੇ ਗੋਲੀਆਂ ਵੱਜੀਆਂ ਤਾਂ ਇਸ ਕੇਸ ਦੀ ਤਫਤੀਸ਼ ਦੇ ਲੰਮੇ ਸਮੇਂ ਬਾਅਦ ਆਪ ਸੰਨ 1988 ਦੇ ਸ਼ੁਰੂ ਵਿਚ ਪੁਲਿਸ ਦੀਆਂ ਨਜ਼ਰਾਂ ਵਿਚ ਆਏ ਅਤੇ ਕਾਫੀ ਲੰਮੇ ਤਸ਼ੱਦਦ ਤੋਂ ਬਾਅਦ ਆਪ ਜੀ ਨੂੰ ਕਈ ਫ਼ਰਜ਼ੀ ਕੇਸਾਂ ਵਿਚ ਉਲਝਾ ਕੇ ਜੇਲ੍ਹ ਭੇਜ ਦਿੱਤਾ ਗਿਆ। ਜਦੋਂ ਆਪ ਜੀ ਜ਼ਮਾਨਤ 'ਤੇ ਆਏ ਤਾਂ ਅਦਾਲਤ ਨੇ ਆਪ ਜੀ ਨੂੰ ਸਵੇਰ ਸ਼ਾਮ ਹਲਕੇ ਦੇ ਥਾਣੇ ਵਿਚ ਹਾਜ਼ਰੀ ਲਵਾਉਣ ਦਾ ਹੁਕਮ ਦੇ ਦਿੱਤਾ ਫਿਰ ਵੀ ਆਪ ਜੀ ਆਪਣੇ ਮਾਰਗ ਤੋਂ ਨਹੀਂ ਥਿੜਕੇ

ਆਪ ਜੀ ਇਕ ਸਿਰੜੀ ਇਨਸਾਨ ਸਨ। ਆਪ ਨੇ ਬਠਿੰਡਾ ਸ਼ਹਿਰ ਦੀ ਜੋਗੀ ਨਗਰ ਬਸਤੀ ਵਿਚ ਕਰਜ਼ਾ ਚੁੱਕ ਕੇ ਇਕ ਮਕਾਨ ਬਣਾ ਲਿਆ ਸੀ ਜਿਥੇ ਆਪ ਜੀ ਫਰਜ਼ੀ ਨਾਮ ਨਾਲ ਸੱਚਾ ਸਿੰਘ ਦੀ ਪਹਿਚਾਨ ਬਣਾ ਕੇ ਰਹਿਣ ਲੱਗ ਪਏ ਸਨ ਇਥੇ ਹੀ ਆਪ ਜੀ ਦੀ ਸ਼ਾਦੀ ਸਮਾਧ ਭਾਈ ਪਿੰਡ ਦੀ ਬੀਬੀ ਮਹਿੰਦਰ ਕੌਰ ਨਾਲ ਹੋਈ। ਕਥੇ ਇਕ ਸਾਥੀਆਂ ਤੋਂ ਬਗੈਰ ਆਪ ਜੀ ਬਾਰੇ ਕਿਸ ਨੂੰ ਵੀ ਨਹੀਂ ਪਤਾ ਸੀ ਕਿ ਇਹ ਵੀਰ ਪਿੰਡ ਭੁੱਲਰ ਦਾ ਰਹਿਣ ਵਾਲਾ ਹੈ। ਆਪ ਜੀ ਦੀ ਕੋਈ ਸੰਤਾਨ ਨਹੀਂ ਹੈ। ਆਪ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਜੀ ਦੀ ਧਰਮ ਪਤਨੀ ਬੀਬੀ ਮਹਿੰਦਰ ਕੌਰ ਆਪਣੇ ਮਾਪੇ ਪਿੰਡ ਚਲੇ ਗਏ ਸਨ ਦੁੱਖਾਂ ਸੁੱਖਾਂ ਦੀਆਂ ਨਾਜ਼ੁਕ ਘੜੀਆਂ ਅੰਦਰ ਬੀਬੀ ਜੀ ਭਾਈ ਸਾਹਿਬ ਜੀ ਦੀ ਮਾਤਾ ਮੁਖਤਿਆਰ ਕੌਰ (ਆਪਣੀ ਸੱਸ) ਅਤੇ ਦੂਸਰੇ ਪਰਿਵਾਰ ਨੂੰ ਜ਼ਰੂਰ ਕਦੇ ਨਾ ਕਦੇ ਮਿਲ ਜਾਂਦੇ ਹਨ। ਭਾਈ ਸਾਹਿਬ ਜੀ ਦਾ ਜੋਗੀ ਨਗਰ ਵਾਲਾ ਮਕਾਨ ਸਰਕਾਰੀ ਜ਼ੋਰ 'ਤੇ ਕੁਝ ਸੱਜਣ ਨੱਪੀ ਬੈਠੇ ਹਨ।

ਜਥੇਬੰਦੀ ਦੇ ਕਿਸੇ ਖਾਸ ਕੰਮ ਲਈ ਆਪ ਜੀ ਆਪਣੇ ਸਾਥੀਆਂ ਭਾਈ ਅਵਤਾਰ ਸਿੰਘ ਬੱਬਰ ਲੱਡੂ ਰਾਜੇਆਣਾ ਅਤੇ ਭਾਈ ਬਲਦੇਵ ਸਿੰਘ ਢਨੀਰ ਨਾਲ ਰਾਜਸਥਾਨ ਵਿਚ ਗਏ ਸਨ। ਜਦੋਂ ਆਪ ਜੀ ਗੰਗਾ ਨਗਰ ਦੀ ਦਾਣਾ ਮੰਡੀ ਵਿਚ ਕਿਸੇ ਇੰਤਜ਼ਾਰ ਵਿਚ ਬੈਠੇ ਸਨ ਤਾਂ ਕਿਸੇ ਮੁਖਬਰ ਦੀ ਸੂਹ 'ਤੇ ਆਪ ਜੀ ਭਾਈ ਅਵਤਾਰ ਸਿੰਘ ਲੱਡੂ ਨਾਲ ਰਾਜਸਥਾਨ ਪੁਲਿਸ ਵਲੋਂ ਫੜ ਲਏ ਗਏ ਸਨ। ਭਾਈ ਬਲਦੇਵ ਸਿੰਘ ਢਨੀਰ ਥੋੜ੍ਹਾ ਪਾਸੇ ਹੋਣ ਕਾਰਨ ਬਚ ਗਿਆ ਸੀ ਇਨ੍ਹਾਂ ਸਿੰਘਾਂ ਦੀ ਗ੍ਰਿਫਤਾਰੀ ਬਾਰੇ ਭਾਈ ਬਲਦੇਵ ਸਿੰਘ ਨੇ ਆਪਣੇ ਸਭ ਸਿੰਘਾਂ ਨੂੰ ਸੂਚਿਤ ਕੀਤਾ ਤਾਂ ਕਿ ਕੋਈ ਉਪਰਾਲਾ ਕੀਤਾ ਜਾ ਸਕੇ।

ਭਾਈ ਅਵਤਾਰ ਸਿੰਘ ਲੱਡੂ ਰਾਜੋਆਣਾ ਅਤੇ ਭਾਈ ਸ਼ਮਸ਼ੇਰ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਬਾਰੇ ਰਾਜਸਥਾਨ ਪੁਲਿਸ ਨੇ ਪੰਜਾਬ ਪੁਲਿਸ ਨੂੰ ਸੂਚਿਤ ਕਰ ਦਿੱਤਾ ਸੀ ਅਤੇ ਦੋਹਾਂ ਹੀ ਸਿੰਘਾਂ 'ਤੇ ਫਰਜ਼ੀ ਕੇਸ ਪਾ ਕੇ ਗੰਗਾਨਗਰ ਜੇਲ੍ਹ ਵਿਚ ਭੇਜ ਦਿੱਤਾ ਸੀ, ਸੰਗਰੂਰ ਦੀ ਪੁਲਿਸ ਨੇ ਭਾਈ ਅਵਤਾਰ ਸਿੰਘ ਨੂੰ ਅਤੇ ਫਰੀਦਕੋਟ ਦੀ ਪੁਲਿਸ ਨੇ ਭਾਈ ਸ਼ਮਸ਼ੇਰ ਸਿੰਘ ਨੂੰ ਗੰਗਾ ਨਗਰ ਜੇਲ੍ਹ ਵਿਚੋਂ ਪ੍ਰੋਡਕਸ਼ਨ ਵਰੰਟਾਂ 'ਤੇ ਅਦਾਲਤ ਦੀ ਮਾਰਫਤ ਰਿਮਾਂਡ 'ਤੇ ਲੈ ਆਂਦਾ। ਅਵਤਾਰ ਸਿੰਘ ਲੱਡੂ ਬਾਰੇ ਸੰਗਰੂਰ ਜ਼ਿਲ੍ਹੇ ਦੇ ਐਸ ਐਸ ਪੀ ਸਤੀਸ਼ ਕੁਮਾਰ ਸ਼ਰਮਾ ਨੇ ਪ੍ਰੈਸ ਕਾਨਫਰੰਸ ਕਰਕੇ ਇਹ ਸਨਸਨੀਖੇਜ਼ ਪ੍ਰਗਟਾਵਾ ਕਰ ਦਿੱਤਾ ਕਿ "ਇਕ ਇਨਾਮੀ ਅੱਤਵਾਦੀ ਅਵਤਾਰ ਸਿੰਘ ਬੱਬਰ ਉਰਫ ਲੱਡੂ ਪੁੱਤਰ ਬਲਦੇਵ ਸਿੰਘ ਪਿੰਡ ਰਾਜੋਆਣਾ ਜ਼ਿਲ੍ਹਾ ਲੁਧਿਆਣਾ ਜਿਸ ਨੂੰ ਰਾਜਸਥਾਨ ਵਿਚੋਂ ਰਿਮਾਂਡ 'ਤੇ ਲਿਆਂਦਾ ਗਿਆ ਸੀ, ਉਹ ਚਲਦੀ ਜਿਪਸੀ ਵਿਚੋਂ ਛਾਲ ਮਾਰ ਗਿਆ ਤੇ ਜਿਸ ਨੇ ਬਾਅਦ ਵਿਚ ਨਹਿਰ ਵਿਚ ਛਾਲ ਮਾਰ ਦਿੱਤੀ ਸੀ। ਉਸ ਨੂੰ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ"

ਇਸ ਤਰ੍ਹਾਂ ਹੀ ਫਰੀਦਕੋਟ ਪੁਲਿਸ ਦੇ ਐਸ ਐਸ ਪੀ ਸਵਰਨ ਸਿੰਘ ਘੋਟਨੇ ਨੇ ਪ੍ਰੈਸ ਬਿਆਨ ਦੇ ਦਿੱਤਾ ਕਿ "ਇਨਾਮੀ ਅੱਤਵਾਦੀ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਪੁੱਤਰ ਗੁਰਦੇਵ ਸਿੰਘ ਵਾਸੀ ਭੁੱਲਰ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਗੰਗਾ ਨਗਰ ਜੇਲ੍ਹ ਤੋਂ ਰਿਮਾਂਡ 'ਤੇ ਲਿਆਂਦਾ ਸੀ, ਜਦੋਂ ਉਸ ਨੂੰ ਘੁਗਿਆਣੇ ਬੀੜ ਕੋਲ ਹਥਿਆਰ ਬਰਾਮਦ ਕਰਵਾਉਣ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੇ ਸਾਥੀਆਂ ਵਲੋਂ ਕੀਤੇ ਹਮਲੇ ਵਿਚ ਉਹ ਬਚ ਨਿਕਲਿਆ ਹੈ, ਅੱਤਵਾਦੀਆਂ ਦੀ ਭਾਲ ਜਾਰੀ ਹੈ"।

ਵਾਹ! ਹਿੰਦੁਸਤਾਨ ਦੇ ਲੋਕਤੰਤਰ, ਵਾਹ ਤੇਰੀ ਬਹਾਦਰ ਪੁਲਿਸ, ਵਾਹ! ਤੇਰੇ ਕਾਨੂੰਨ ਤੇ ਅਦਾਲਤਾਂ

ਪੁਲਿਸ ਦੇ ਦੋ ਨਿੱਕੇ ਜਿਹੇ ਪ੍ਰੈਸ ਨੋਟਾਂ ਅੰਦਰ, ਸਰਕਾਰੀ ਵਕੀਲਾਂ ਵਲੋਂ ਲਿਆ ਅਦਾਲਤਾਂ ਵਿਚੋਂ ਪ੍ਰੋਡਕਸ਼ਨ ਵਰੰਟ, ਜੇਲ੍ਹਾਂ ਵਿਚੋਂ ਲਿਆਂਦੇ ਦੋ ਨੌਜਵਾਨ, ਜੇਲ੍ਹ ਵਿਚੋਂ ਸਰਕਾਰੀ ਰਿਕਾਰਡ ਵਿਚ ਗਈਆਂ ਪੁਲਿਸਗਾਰਦਾਂ ਦੇ ਵੇਰਵੇ, ਸਾਰੀ ਪੜਤਾਲ ਸਾਰੀ ਕਾਨੂੰਨੀ ਪ੍ਰਕਿਰਿਆ ਬੰਦ ਹੋ ਗਈ, ਪੁਲਿਸ ਦੇ ਪ੍ਰੈਸ ਨੋਟ ਨੇ ਸਾਰੀ ਫਾਈਲ ਬੰਦ ਕਰ ਦਿੱਤੀ।

ਕਾਨੂੰਨ ਭਾਲ ਲਵੇ ਨਹਿਰ 'ਚ ਲੱਡੂ ਨੂੰ ਜਾਂ ਬੀੜ ਦੇ ਜੰਗਲ 'ਚੋਂ ਸ਼ੇਰੇ ਨੂੰ। ਪਰ ਇਹ ਨੌਜਵਾਨ ਭਾਈ ਸੰਗਰਾਮ ਸਿੰਘ ਬੱਬਰ ਚੱਕਮਦਰੱਸਾ ਦੇ ਨਾਲ ਸੀ ਆਈ ਏ ਸਟਾਫ ਫਰੀਦਕੋਟ ਵਿਚ ਬਚਨ ਸਿੰਘ ਚੱਚੜ ਨਾਮ ਦੇ ਪੁਲਿਸ ਅਫ਼ਸਰ ਨੇ ਪੁੱਠੇ ਟੰਗੇ ਹੋਏ ਸਨ।

ਪੁਲਿਸ ਫਰਜ਼ੀ ਮੁਕਾਬਲਿਆਂ ਦੀਆਂ ਕਹਾਣੀਆਂ ਘੜਨ ਵਿਚ ਇਤਨੀ ਮਾਹਰ ਹੋ ਚੁੱਕੀ ਹੈ ਕਿ ਇਹ ਹੀ ਐਸ ਐਸ ਪੀ ਸਤੀਸ਼ ਕੁਮਾਰ ਸ਼ਰਮਾ ਜਦੋਂ ਮੁਕਤਸਰ ਵਿਖੇ ਤਾਇਨਾਤ ਸੀ ਤਾਂ ਭਾਈ ਗੁਰਮੀਤ ਸਿੰਘ ਮਦਾਕੀ ਨੂੰ ਬੰਬਈ ਤੋਂ ਰਿਮਾਂਡ 'ਤੇ ਲਿਆ ਕੇ ਮੁਕਤਸਰ ਸੀ.ਆਈ.ਏ ਸਟਾਫ ਦੀ ਹਵਾਲਾਤ ਵਿਚ ਸੱਪ ਲੜਾ ਕੇ ਮਾਰ ਦਿੱਤਾ ਸੀ, ਪਰ ਸੱਪ ਅਜੇ ਤੱਕ ਸਟਾਫ ਵਿਚ ਕਿਸੇ ਪੁਲਿਸ ਮੁਲਾਜ਼ਮ ਦੇ ਨਹੀਂ ਲੜਿਆ ਸੀ, ਸਿਰਫ ਗੁਰਮੀਤ ਦੇ ਹੀ ਹਵਾਲਾਤ ਵਿਚ ਜਾ ਕੇ ਲੜਿਆ ਸੀ। ਹਿੰਦੁਸਤਾਨੀ ਕਾਨੂੰਨ ਵਾਲਿਓ, ਦਰਜ ਕਰੋ ਸੱਪ

'ਤੇ ਕਤਲ ਦਾ ਕੇਸ?

ਪਹਿਲਾਂ ਭਾਈ ਗੁਰਮੀਤ ਸਿੰਘ ਮਚਾਕੀ ਨੂੰ ਕੋਹ ਕੋਹ ਕੇ ਪਿੰਜਿਆ, ਜਦ ਉਸਦੀ ਬੁਰੀ ਹਾਲਤ ਹੋ ਗਈ ਤਾਂ ਉਸ ਨੂੰ ਕਹਿੰਦੇ "ਆਹ ਦਰਦ ਦੇ ਕੈਪਸੂਲ ਲੈ ਲੈ, ਦਰਦ ਠੀਕ, ਲੱਤਾਂ, ਬਾਹਾਂ ਨੂੰ ਆਰਾਮ ਆ ਜਾਵੇਗਾ" ਜਦ ਕਿ ਇਸ ਕੈਪਸੂਲ ਵਿਚ ਸਾਇਨਾਇਡ ਪਾਈ ਹੋਈ ਸੀ। ਗੁਰਮੀਤ ਹਵਾਲਾਤ ਵਿਚ ਹੀ ਪੂਰਾ ਹੋ ਗਿਆ, ਬਾਅਦ ਵਿਚ ਐਸ ਐਸ ਪੀ ਸ਼ਰਮਾ ਨੇ ਪ੍ਰੈਸ ਨੂੰ ਆਖ ਦਿੱਤਾ ਇਹ ਸੱਪ ਲੜ ਕੇ ਮਰ ਗਿਆ ਹੈ.

ਅੱਜ ਹਿੰਦੁਸਤਾਨੀ ਅਦਾਲਤਾਂ ਅੰਦਰ ਇਨਸਾਫ਼ ਖਾਮੋਸ਼ ਹੈ। ਜਦੋਂ ਪੁਲਿਸ ਵਿਭਾਗ ਵਿਚ ਕਦ ਕਿਸੇ ਦੀ ਜ਼ਮੀਰ ਜਾਗਦੀ ਹੈ ਤਾਂ ਉਹ ਬਹੁਤ ਕਬ ਸੱਚ ਕਹਿ ਦਿੰਦੀ ਹੈ ਏਸ ਹੀ ਐਸ ਐਸ ਪੀ ਸਤੀਸ਼ ਕੁਮਾਰ ਸ਼ਰਮਾ ਦੀ ਬਹਾਦਰੀ ਦਾ ਸੱਚ ਪੰਜਾਬ ਪੁਲਿਸ ਦੇ ਹੀ ਇਕ ਸੇਵਾ ਮੁਕਤ ਡੀ ਐਸ ਪੀ ਸਰਦਾਰ ਹਰਪਾਲ ਸਿੰਘ ਚੰਦੀ ਨੇ ਇਕ ਬਿਆਨ ਵਿਚ ਦੱਸ ਦਿੱਤਾ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਕਨਿਸ਼ਕ ਹਵਾਈ ਕਾਂਡ ਵਿਚ ਦੋਸ਼ੀ ਸਮਝੇ ਜਾਂਦੇ ਭਾਈ ਤਲਵਿੰਦਰ ਸਿੰਘ ਪਰਮਾਰ ਕਿਸੇ ਪੁਲਿਸ ਮੁਕਾਬਲੇ ਵਿਚ ਨਹੀਂ ਮਾਰੇ ਗਏ ਸਨ। ਸਗੋਂ 15 ਅਕਤੂਬਰ 1992 ਨੂੰ ਉਚ ਪੁਲਿਸ ਅਧਿਕਾਰੀਆਂ ਦੀ ਹਦਾਇਤ ਅਨੁਸਾਰ ਪੁਲਿਸ ਹਿਰਾਸਤ ਵਿਚ ਉਨ੍ਹਾਂ ਦਾ ਕਤਲ ਕੀਤਾ ਗਿਆ ਸੀ ਚੇਤੇ ਰਹੇ ਕਿ ਇਸ ਹੀ ਡੀ ਐਸ ਪੀ ਚੰਦੀ ਨੇ ਭਾਈ ਤਲਵਿੰਦਰ ਸਿੰਘ ਬੱਬਰ ਨੂੰ ਪੰਜ ਦਿਨ ਪਹਿਲਾਂ ਜੰਮੂ ਤੋਂ ਗ੍ਰਿਫ਼ਤਾਰ ਕੀਤਾ ਸੀ। ਸਰਦਾਰ ਚੰਦੀ ਨੇ ਦੱਸਿਆ ਕਿ ਉਪਰੋਂ ਹੁਕਮ ਆ ਗਏ ਸਨ ਕਿ ਕਨੇਡੀਅਨ ਨਾਗਰਿਕ ਤਲਵਿੰਦਰ ਸਿੰਘ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਪੁੱਛਗਿੱਛ ਦੇ ਸਾਰੇ ਸਬੂਤ ਨਸ਼ਟ ਕਰ ਦਿੱਤੇ ਜਾਣ। ਪਰ ਚੰਦੀ ਨੇ ਭਾਈ ਤਲਵਿੰਦਰ ਸਿੰਘ ਦੀ ਪੁੱਛਗਿੱਛ ਦੇ ਸਬੂਤ ਕੈਸਟਾਂ ਆਦਿ ਲੁਕੋ ਲਏ ਸਨ। ਸਰਦਾਰ ਚੰਦੀ ਨੇ ਐਫ ਆਈ ਆਰ ਵਿਚ ਲਿਖਿਆ ਕਿ ਐਸ ਐਸ ਪੀ ਸਤੀਸ਼ ਕੁਮਾਰ ਸ਼ਰਮਾ ਨੇ ਇਕ ਛੱਤ ਉਪਰ ਖੜੋ ਕੇ ਭਾਈ ਤਲਵਿੰਦਰ ਸਿੰਘ ਉਪਰ ਏ ਕੇ ਸੰਤਾਲੀ ਦੀਆਂ ਗੋਲੀਆਂ ਦਾਗੀਆਂ ਅਤੇ ਉਸ ਨੂੰ ਵਿਹੜੇ ਵਿਚ ਮਾਰ ਦਿੱਤਾ ਸੀ।

ਭਾਈ ਤਲਵਿੰਦਰ ਸਿੰਘ ਬੱਬਰ ਨੇ ਇਹ ਭੇਦ ਖੋਹਲ ਦਿੱਤੇ ਸਨ ਕਿ ਕਨਿਸ਼ਕ ਹਵਾਈ ਜਹਾਜ਼ ਨੂੰ ਹਿੰਦੁਸਤਾਨ ਦੀਆਂ ਗੁਪਤਚਰ ਏਜੰਸੀਆਂ ਨੇ ਹੀ ਅਸਮਾਨ ਵਿਚ ਬੰਬ ਰਾਹੀਂ ਉਡਾਇਆ ਸੀ ਨਾ ਕਿ ਬੱਬਰ ਖ਼ਾਲਸਾ ਇੰਟਰਨੈਸ਼ਨਲ ਜਥੇਬੰਦੀ ਨੇ।

ਇਸ ਸਮੇਂ ਸ੍ਰੀ ਸਤੀਸ਼ ਕੁਮਾਰ ਸ਼ਰਮਾ ਹਿੰਦੁਸਤਾਨੀ ਕਾਨੂੰਨ ਅਨੁਸਾਰ ਕੀਤੇ ਅਪਰਾਧਾਂ ਕਾਰਨ ਆਈ ਜੀ ਪੀ ਹਨ। ਸੇਵਾ ਮੁਕਤ ਡੀ ਐਸ ਪੀ ਸਰਦਾਰ ਹਰਪਾਲ ਸਿੰਘ ਚੰਦੀ ਨੇ ਪੀ ਐਚ ਆਰ ਓ ਦੇ ਅਧਿਕਾਰੀਆਂ ਨਾਲ ਭਾਈ ਤਲਵਿੰਦਰ ਸਿੰਘ ਦੇ ਕਤਲ ਬਾਰੇ ਸਾਰੇ ਸਬੂਤ ਜਸਟਿਸ ਜੈਨ ਮੇਜਰ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਰੱਖੇ ਹਨ।

ਪਰ ਪੰਜਾਬ ਪੁਲਿਸ ਕਹਿੰਦੀ ਰਹੀ ਕਿ "ਬੱਬਰ ਖ਼ਾਲਸਾ ਚੀਫ਼ ਆਪਣੇ ਪੰਜ ਸਾਥੀਆਂ ਸਮੇਤ 15 ਅਕਤੂਬਰ 1992 ਨੂੰ ਸਵੇਰ 5 ਵਜੇ ਫਿਲੌਰ ਸਬ-ਡਵੀਜ਼ਨ ਦੇ ਪਿੰਡ ਕੰਗ ਅਰਾਈਆਂ ਨੇੜੇ ਮਾਰਿਆ ਗਿਆ ਹੈ ਪੁਲਿਸ ਪਾਰਟੀ ਦੀ ਅਗਵਾਈ ਵਿਚ ਇੰਸਪੈਕਟਰ

ਕੰਵਰਜੀਤ ਸਿੰਘ ਵਿਲੋਂ ਵੀ ਸ਼ਾਮਲ ਸਨ''।

ਇਹ ਤਾਂ ਇਕ ਪੁਲਿਸ ਅਧਿਕਾਰੀ ਦੀ ਸਾਧਾਰਨ ਕਾਰਵਾਈ ਹੈ। ਪੁਲਿਸ ਦਰਿੰਦਗੀ ਦੇ ਨੰਗੇ ਨਾਚ ਹਰ ਪੁਲਿਸ ਅਧਿਕਾਰੀ ਦੇ ਸਟਾਰਾਂ ਅਤੇ ਫ਼ੀਤੀਆਂ-ਮੁਰਤੀਆਂ ਨਾਲ ਜੁੜ ਹੋਏ ਤੇ ਹਨ ਜਾਂ ਫਿਰ ਸਰਦਾਰ ਹਰਪਾਲ ਸਿੰਘ ਚੰਦੀ ਵਰਗੇ ਅਫ਼ਸਰ ਜ਼ੁਲਮ ਤਸ਼ੱਦਦ ਕਤਲੋ ਗਾਰਤ ਦੀਆਂ ਕਹਾਣੀਆਂ ਲੋਕ ਕਚਹਿਰੀ ਵਿਚ ਰੱਖਣੀਆਂ ਸ਼ੁਰੂ ਕਰ ਦੇਣ?

ਭਾਈ ਅਵਤਾਰ ਸਿੰਘ ਬੱਬਰ ਲੱਡੂ ਨੂੰ ਸੰਗਰੂਰ ਤੋਂ ਫਰੀਦਕੋਟ ਸੀ ਆਈ ਏ ਸਟਾਫ਼ ਨੇ ਲੈ ਆਂਦਾ ਸੀ। ਭਾਈ ਸ਼ਮਸ਼ੇਰ ਸਿੰਘ ਬੱਬਰ ਅਤੇ ਭਾਈ ਸੰਗਾਰਾਮ ਸਿੰਘ ਬੱਬਰ ਪਹਿਲਾਂ ਹੀ ਫਰੀਦਕੋਟ ਪੁਲਿਸ ਕੋਲ ਫੜੇ ਹੋਏ ਸਨ, ਇਸ ਤੋਂ ਇਲਾਵਾ ਦੋ ਹੋਰ ਬੀਬੀਆਂ ਵੀ ਫੜੀਆਂ ਹੋਈਆਂ ਸਨ। ਅਕਸਰ ਹਨੇਰ ਹਏ ਇਨ੍ਹਾਂ ਬੀਬੀਆਂ ਦੀ ਹੋਂਦ ਬਾਰ ਉਦੋਂ ਪਤਾ ਲੱਗਦਾ ਸੀ ਜਦੋਂ ਸ਼ਰਾਬੀ ਹਾਲਤ ਵਿਚ ਸਰਕਾਰ ਇਨ੍ਹਾਂ ਬੀਬੀਆਂ ਨੂੰ ਕਮਰਿਆਂ 'ਚੋਂ ਬਾਹਰ ਕੱਢਦੀ ਸੀ। ਇਹ ਸਾਰਾ ਘਟਨਾਕ੍ਰਮ 11 ਨਵੰਬਰ 1991 ਤੋਂ 24 ਨਵੰਬਰ 1991 ਦੀ ਸਵੇਰ ਤੱਕ ਫਰੀਦਕੋਟ ਸਟਾਫ਼ ਵਿਚ ਐਸ ਐਸ ਪੀ ਸਵਰਨ ਸਿੰਘ ਘੋਟਨਾ ਦੀ ਦੇਖ ਰੇਖ ਹੇਠ ਚਲਦਾ ਰਿਹਾ। 23 ਨਵੰਬਰ ਦੀ ਰਾਤ ਨੂੰ ਇਨ੍ਹਾਂ ਤਿੰਨਾਂ ਬੱਬਰ ਯੋਧਿਆਂ ਨੂੰ ਪੁਲਿਸ ਸਟਾਫ਼ ਵਿਚ ਲੈ ਗਈ। ਦੰਦਬੜੀਖਾਨਾ ਅਤੇ ਮੱਲਣ ਦੇ ਪੁਲਾਂ ਉਪਰ ਇਨ੍ਹਾਂ ਬੱਬਰਾਂ ਦਾ ਅੰਤ ਕਰ ਦਿੱਤਾ ਗਿਆ। ਬੀਬੀਆਂ ਬਾਰ ਕੁਝ ਪਤਾ ਨਹੀਂ ਚੱਲ ਸਕਿਆ ਕਿ ਉਹ ਅਭਾਗੀਆਂ ਕੌਣ ਸਨ ਤੇ ਕਿਥੇ ਚਲੀਆਂ ਗਈਆਂ।

ਫਰੀਦਕੋਟ ਦੇ ਸਿਵਿਆਂ (ਰਾਮਬਾਗ) ਵਿਚ ਸਿਰਫ਼ ਦੋ ਸਿੰਘਾਂ ਦਾ ਹੀ ਅੰਤਿਮ ਸਸਕਾਰ ਕੀਤਾ ਗਿਆ ਸੀ। ਤੀਸਰ ਸਿੰਘ ਭਾਈ ਅਵਤਾਰ ਸਿੰਘ ਬੱਬਰ ਲੱਡੂ ਨੂੰ ਨਹਿਰਾਂ ਦੇ ਸਪੁਰਦ ਕਰ ਦਿੱਤਾ ਗਿਆ ਸੀ। ਐਸ ਐਸ ਪੀ ਸਤੀਸ਼ ਕੁਮਾਰ ਸ਼ਰਮਾ ਦ ਬਿਆਨ 'ਤੇ ਫੁੱਲ ਚੜ੍ਹਾ ਦਿੱਤੇ ਗਏ ਕਿ ਲੱਡੂ ਨਹਿਰ ਵਿਚ ਛਾਲ ਮਾਰ ਗਿਆ ਹੈ

ਭਾਈ ਸ਼ਮਸ਼ੇਰ ਸਿੰਘ ਭੁੱਲਰ ਦ ਪਰਿਵਾਰ ਨੂੰ ਅੱਜ ਤੱਕ ਭਾਈ ਸ਼ੇਰ ਬਾਰ ਕੁਝ ਵੀ ਪਤਾ ਨਹੀਂ ਨਾ ਹੀ ਕਿਸੇ ਨੇ ਅੰਤਿਮ ਰਸਮ ਪੂਰੀ ਕੀਤੀ ਹੈ ਨਾ ਹੀ ਕਦੀ ਪਾਠ ਦਾ ਭੋਗ ਪਾਇਆ ਗਿਆ ਹੈ।

ਜਦੋਂ ਬਾਪੂ ਗੁਰਦੇਵ ਸਿੰਘ ਨੂੰ ਭਾਈ ਸ਼ਮਸ਼ੇਰ ਸਿੰਘ ਬਾਰੇ ਪੁੱਛਿਆ ਤਾਂ ਉਨ੍ਹਾਂ ਮਾਤਾ ਜੀ ਵੱਲ ਹੱਥ ਕਰ ਦਿੱਤਾ। ਬਿਲਕੁਲ ਸਧਾਰਨ ਘਰ ਇਕ ਵੈਰਾਗਮਈ ਹਾਲਾਤ ਸਨ। ਸਭ ਦੀਆਂ ਅੱਖਾਂ ਭਰੀਆਂ ਪਈਆਂ ਸਨ, "ਸਾਨੂੰ ਸ਼ੇਰੇ ਨੂੰ ਮਿਲਿਆਂ ਕਈ ਵੀਹ ਸਾਲ ਹੋ ਗਏ ਹਨ, ਆਖਰੀ ਵਾਰ ਜਦੋਂ ਸ਼ੇਰਾ ਮਿਲਿਆ, ਕਹਿੰਦਾ ਸੀ ਬੀਬੀ ਜੀ ਤੁਸੀਂ ਰੰਗਾ ਵਾਲੀ ਕੁੜੀ ਕੋਲ ਜ਼ਰੂਰ ਜਾ ਆਇਓ। ਕਦ ਸਮਾਂ ਮਿਲਿਆ ਰੋਣ ਨੂੰ ਜ਼ਰੂਰ ਮਿਲਾਂਗਾ। ਪਰ ਸ਼ੇਰਾ ਕਿਸ ਨੂੰ ਵੀ ਨਹੀਂ ਮਿਲਿਆ"।

ਰੰਗਾ ਨਗਰ ਤੋਂ ਭਾਈ ਸ਼ੇਰੇ ਅਤੇ ਭਾਈ ਲੱਡੂ ਹੋਰਾਂ ਕੋਲੋਂ ਪਾਸੇ ਹੋਏ ਭਾਈ ਬਲਦੇਵ ਸਿੰਘ ਭਨੋਰ ਨੂੰ ਪੁਲਿਸ ਕੈਟਾਂ, ਜੋ ਆਪਣੇ ਆਪ ਨੂੰ ਖਾੜਕੂ ਦੱਸਦੇ ਸਨ, ਨੇ ਚੁੱਕ ਕੇ ਬੜੀ ਹੀ ਬੇਦਰਦੀ ਨਾਲ ਕੋਹ ਕੋਹ ਕੇ ਮਾਰ ਦਿੱਤਾ ਸੀ।

ਸੱਚ ਪਤਾ ਹੋਣ ਦੇ ਬਾਵਜੂਦ ਜ਼ਮੀਰਾਂ ਮਰ ਚੁੱਕੀਆਂ ਹਨ। ਏਹ ਹੀ ਚੁੱਪ ਰਹੀ ਤਾਂ ਆ

ਰਹੀ ਸਿੱਖ ਨਸਲ ਨੂੰ ਗੁਲਾਮ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਪਿੰਡ ਭੁੱਲਰ ਦੇ ਇਕ ਭਾਈ ਸ਼ਮਸ਼ੇਰ ਸਿੰਘ ਬੱਬਰ ਦੀ ਗੱਲ ਨਹੀਂ ਹੈ, ਪੰਜਾਬ ਦੇ ਹਰ ਪਿੰਡ ਵਿਚ ਸ਼ਹਾਦਤਾਂ ਦੇ ਸੰਕਲਪ ਜਿੰਦਾ ਹਨ। ਇਹ ਲੋਕ ਉਹ ਬਹਾਦਰ ਹਨ, ਜਿਨ੍ਹਾਂ ਮਨੁੱਖਤਾ ਦੇ ਸਿਧਾਂਤਾਂ ਨੂੰ ਅੰਗ ਸੰਗ ਰੱਖ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਹਨ। ਇਹ ਤਾਂ ਸਾਡਾ ਫਰਜ਼ ਹੈ, ਇਨ੍ਹਾਂ ਪਰਿਵਾਰਾਂ ਦੀ ਸਾਰ ਲੈਣ ਦਾ। ਪਤਾ ਨਹੀਂ ਕਿਉਂ ਪੰਥਕ ਕਹਾਉਣ ਵਾਲਿਆਂ ਦੀ, ਜਥੇਦਾਰਾਂ ਲੀਡਰਾਂ ਦੀ ਗੈਰਤ, ਬੇ-ਗੈਰਤ ਹੋ ਗਈ ਹੈ? ਉਹ ਗੁਲਾਮੀ ਦਾ ਅਹਿਸਾਸ ਹੀ ਮਹਿਸੂਸ ਨਹੀਂ ਕਰ ਰਹੇ। ਕਾਰ ਸੇਵਾ ਵਾਲਾ ਬਾਬਾ, ਦਾਨੀ ਪੁਰਸ਼, ਪੰਥਕ ਸੇਵਾਦਾਰ, ਸਭ ਅੱਜ ਕਿਤੇ ਹੜ੍ਹ ਆ ਜਾਵੇ, ਅੱਜ ਗੁਜਰਾਤ ਵਿਚ ਭੁਚਾਲ ਆ ਜਾਵੇ, ਸਭ ਉਪਰ ਛੱਜ ਭੁਰਨਗੇ, ਗੁਰਦੁਆਰਿਆਂ ਵਿਚ ਅਰਬਾਂ ਦੇ ਸੰਗਮਰਮਰ ਜੜ੍ਹ ਦੇਣਗੇ। ਪਰ ਇਹ ਲੋਕ ਕੌਮ ਲਈ ਸ਼ਹੀਦ ਹੋਇਆਂ ਦੀ ਸੂਹ ਨਹੀਂ ਫੜਨਗੇ। ਕੌਮ ਦੇ ਪੋਰ ਪੋਰ ਗੁਲਾਮੀ ਦੀ ਦਲਦਲ ਵਿਚ ਧਸ ਜਾਣ ਦਾ ਦੁਖ ਹੀ ਦੁਖ ਹੈ।

ਸਾਨੂੰ ਸ਼ਹਾਦਤਾਂ 'ਚੋਂ ਬਹੁਤ ਕੁਝ ਸਿੱਖਣਾ ਚਾਹੀਦਾ ਹੈ। ਹਮੇਸ਼ਾ ਮੌਤ ਨੂੰ ਆਪਣੀ ਸਮਝਣਾ ਰਾਜਸੱਤਾ ਨੂੰ ਹਾਸਲ ਕਰਨ ਦਾ ਗੁਰ ਨਹੀਂ ਹੈ। ਦੁਸ਼ਮਣ ਸਾਨੂੰ ਮੌਤ ਦਿੰਦਾ ਹੈ, ਅਸੀਂ ਹੱਸ ਕੇ ਕਬੂਲ ਕਰਦੇ ਹਾਂ, ਫਿਰ ਮੌਤ ਦੇ ਸੋਹਲੇ ਗਾਉਂਦੇ ਹਾਂ, ਅਸੀਂ ਦੁਸ਼ਮਣ ਨੂੰ ਪਹਿਲਾਂ ਮੌਤ ਕਿਉਂ ਨਹੀਂ ਦੇ ਦਿੰਦੇ। ਜਦ ਕਿ ਸਾਨੂੰ ਪਤਾ ਹੈ ਅਸੀਂ ਭਲੀ ਭਾਂਤ ਜਾਣਦੇ ਹਾਂ, ਸਾਡਾ ਦੁਸ਼ਮਣ ਬਹੁਤ ਚਾਤਰ ਹੈ, ਉਹ ਸਾਡੇ ਵਿਚ ਵੜ ਕੇ ਸਾਡਿਆਂ ਹੱਥੋਂ ਸਾਨੂੰ ਖਤਮ ਕਰਵਾ ਰਿਹਾ ਹੈ। ਜੇਕਰ ਅਸੀਂ ਰਾਜਸੱਤਾ ਹਾਸਲ ਕਰਨੀ ਹੈ, ਸ਼ੁੱਧ ਰਾਜ ਲਈ, ਖ਼ਾਲਸ ਰਾਜਨੀਤੀ ਲਈ, ਫਿਰ ਸਾਨੂੰ ਦੁਸ਼ਮਣਾਂ ਨੂੰ ਖਤਮ ਕਰਨ ਦੇ ਢੰਗ ਸਿੱਖਣੇ ਚਾਹੀਦੇ ਹਨ। ਬੰਦੂਕਾਂ ਮੌਤ ਹੀ ਨਹੀਂ ਦਿੰਦੀਆਂ, ਜ਼ਿੰਦਗੀ ਜੀਉਣ ਅਤੇ ਰਾਜ ਕਰਨ ਦਾ ਸਬੱਬ ਵੀ ਬਣਦੀਆਂ ਹਨ।

ਮੈਂ ਯੋਧਿਆਂ ਦੇ ਸੰਕਲਪਾਂ ਦੀ ਹੀ ਗੱਲ ਲਿਖ ਰਿਹਾ ਹਾਂ, ਇਨ੍ਹਾਂ ਜਾਂਬਾਜ਼ ਸ਼ਹਾਦਤਾਂ ਲਈ ਮੇਰੇ ਵਰਗੀ ਨਾਚੀਜ਼ ਕੀ ਸ਼ਰਧਾ ਦੇ ਫੁੱਲ ਭੇਟ ਕਰੇਗੀ। ਸ਼ਹੀਦ ਭਾਈ ਸ਼ਮਸ਼ੇਰ ਸਿੰਘ ਬੱਬਰ ਅਤੇ ਸਾਥੀ ਸ਼ਹੀਦੋ,

ਪ੍ਰਣਾਮ ਸ਼ਹੀਦੋ, ਪ੍ਰਣਾਮ ਸ਼ਹੀਦੋ, ਪ੍ਰਣਾਮ ਸ਼ਹੀਦੋ।

# ਭਾਈ ਬਲਵੀਰ ਸਿੰਘ ਬੱਬਰ 'ਲੁੱਧਰ' (ਲੰਡੇਆਣਾ)

ਸ਼ਹੀਦ ਭਾਈ ਬਲਵੀਰ ਸਿੰਘ, ਜਿਨ੍ਹਾਂ ਨੇ ਕਲਮ ਅਤੇ ਹਥਿਆਰ ਇੱਕਠੇ ਚੁੱਕੇ। ਕੋਈ ਵੀ ਇਹ ਨਹੀਂ ਮੰਨਦਾ ਸੀ ਕਿ ਗਰੀਬਾਂ ਦੀ ਹੱਸ ਹੱਸ ਸੇਵਾ ਕਰਨ ਵਾਲਾ ਬਾਬਾ ਲੁੱਧਰ, ਕੌਮ ਦੀ ਅਜ਼ਾਦੀ ਵਿਚ ਏ ਕੇ ਸੈਂਤਾਲੀ ਸੰਭਾਲ ਕੇ ਕੁੱਦ ਪਵੇਗਾ? ਧਰਮ ਯੁੱਧ ਮੋਰਚੇ ਦੌਰਾਨ ਜਥੇਦਾਰ ਪਿਆਰਾ ਸਿੰਘ। ਜਥੇਦਾਰ ਪਿਆਰਾ ਸਿੰਘ ਪਿੰਡ ਲੰਡੇਆਣਾ ਦੇ ਹੀ ਸਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਅਤਿ ਨਜ਼ਦੀਕੀ ਸਨ। ਜਥੇਦਾਰ ਜੀ ਜੂਨ 1984 ਵਿਚ ਸ੍ਰੀ ਦਰਬਾਰ ਸਿੰਘ ਜੀ ਦੀ ਰਾਖੀ ਕਰਦੇ ਸ਼ਹੀਦ ਹੋ ਗਏ ਸਨ। ਦੇ ਜਥੇ ਨਾਲ ਆਪ ਅੰਮ੍ਰਿਤਸਰ ਸਾਹਿਬ ਗਏ। ਜਿਥੇ ਆਪ ਜੀ ਦਾ ਮੇਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਅਤੇ ਭਾਈ ਸੁਖਦੇਵ ਸਿੰਘ ਨਾਲ ਹੋਇਆ। ਉਸ ਸਮੇਂ ਆਪ ਜੀ ਦੇ ਕੇਸ ਕੱਟੇ ਹੋਏ ਸਨ। ਆਪ ਜੀ ਜਦੋਂ ਅਜਾਇਬ ਘਰ ਵਿਚ ਸ਼ਹੀਦਾਂ ਦੀਆਂ ਫੋਟੋਆਂ ਵੇਖ ਰਹੇ ਸਨ ਤਾਂ ਇਕ ਬਿਰਧ ਮਾਈ ਨੇ ਆਪ ਜੀ ਦੇ ਮੱਥੇ ਉਪਰ ਹੱਥ ਰੱਖ ਕੇ ਕਿਹਾ "ਕਿੰਨਾ ਸੋਹਣਾ ਜਵਾਨ ਹੈ, ਜੇ ਪੁੱਤ ਕੇਸ ਰੱਖੇ ਹੋਣ ਤਾਂ ਹੋਰ ਵੀ ਸੋਹਣਾ ਲੱਗੇ"।

ਉਸ ਬਿਰਧ ਮਾਈ ਦੀ ਮਿੱਠੀ ਬੋਲੀ ਨੇ ਆਪ ਜੀ ਦਾ ਜੀਵਨ ਬਦਲ ਦਿੱਤਾ। ਉਸ ਦਿਨ ਤੋਂ ਰੱਖੇ ਕੇਸ ਤੇ ਸਿੱਖੀ ਸਿਦਕ ਅੰਤਮ ਸੁਆਸਾਂ ਤੱਕ ਨਾਲ ਨਿਭਾਏ। ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜੇ ਹੋਏ ਬਾਬੇ ਲੁੱਧਰ ਦੀ ਜ਼ਿੰਦਗੀ ਵਿਚ ਆਈ ਤਬਦੀਲੀ, ਉਨ੍ਹਾਂ ਦੇ ਮੂੰਹੋਂ ਆਮ ਹੀ ਸੁਣੀ ਜਾਣ ਲੱਗੀ, ਜਦੋਂ ਉਹ ਇਹ ਗੁਣਗੁਣਾਉਂਦੇ,

ਸਾਧੂ ਸੰਤ ਬੈਰਾਗੀ ਹੋਣਾ ਇਹ ਵੀ ਕਠਿਨ ਕਹਾਣੀ ਹੈ।
**ਲੋਕ ਹੱਕਾਂ ਲਈ ਬਾਗੀ ਹੋਣਾ, ਸਭ ਤੋਂ ਗੱਲ ਸਰਦਾਣੀ ਹੈ**

ਆਪ ਜੀ ਸੰਤ ਤੋਂ ਸਿਪਾਹੀ ਬਣ ਲੋਕ ਹੱਕਾਂ ਲਈ ਬਾਗੀ ਹੋ ਗਏ। ਆਪ ਜੀ ਹੱਸ ਕੇ ਕਹਿੰਦੇ "ਸਿੰਘ ਇਕ ਫਕੀਰ ਵੀ ਹੈ, ਸੇਵਾਦਾਰ ਦਰਵੇਸ਼ ਵੀ ਹੈ। ਜ਼ੁਲਮ ਵਿਰੁੱਧ ਬਾਗੀ ਵੀ ਹੈ ਅਤੇ ਰਾਜ ਕਰਨ ਲਈ ਬਾਦਸ਼ਾਹ ਵੀ ਹੈ। ਖਾਲਸਾ ਬਾਗੀ ਹੈ ਜਾਂ ਬਾਦਸ਼ਾਹ" ਆਪ ਜੀ ਪੰਥਕ ਸੇਵਾ ਵਿਚ ਪੂਰੇ ਸਰਗਰਮ ਹੋ ਗਏ ਸਨ। ਮਈ 1984 ਵਿਚ ਆਪ ਹੋਰ ਸਿੰਘਾਂ ਨਾਲ ਮੋਗਾ ਵਿਖੇ ਬੀਬੀ ਕਾਹਨ ਕੌਰ ਦੇ ਗੁਰਦੁਆਰਾ ਵਿਚ ਕਿਸੇ ਸੰਘਰਸ਼ੀ ਵਿਚਾਰ ਵਟਾਂਦਰੇ ਲਈ ਇੱਕਠੇ ਹੋਏ ਸਨ। ਪੁਲਿਸ ਵੱਲੋਂ ਗੁਰਦੁਆਰੇ ਸਾਹਿਬ ਨੂੰ ਘੇਰਾ ਪਾ ਲਿਆ ਗਿਆ। ਇਹ ਘੇਰਾ ਲਗਾਤਾਰ ਅੱਠ ਦਿਨ ਤੱਕ ਰਿਹਾ। ਸਿੰਘਾਂ ਨੂੰ ਗੁਰਦੁਆਰਾ ਸਾਹਿਬ ਵਿਚੋਂ ਕੱਢਣ ਲਈ ਪੁਲਿਸ ਨੇ ਗੁਰੂ-ਘਰ 'ਤੇ ਹਮਲਾ ਕਰਕੇ ਬਹੁਤ ਭਾਰੀ ਗੋਲਾਬਾਰੀ ਕੀਤੀ। ਇਸ ਗੋਲਾਬਾਰੀ ਵਿਚ ਕਈ ਸਿੰਘ ਸ਼ਹੀਦ ਹੋ ਗਏ। ਆਪ ਜੀ ਨਾਲ ਲੱਗਦੀਆਂ ਇਮਾਰਤਾਂ ਤੋਂ ਹੁੰਦੇ ਹੋਏ ਘੇਰੇ ਵਿਚੋਂ ਨਿਕਲ ਗਏ। ਸਤੰਬਰ ਦੇ ਮਹੀਨੇ ਆਪ ਫਿਰ ਫੜੇ ਗਏ। ਅੱਠ ਦਿਨਾਂ ਦੇ ਤਸ਼ੱਦਦ ਤੋਂ ਬਾਅਦ ਆਪ ਜੀ 'ਤੇ ਫਰਜ਼ੀ ਕੇਸ ਪਾ ਕੇ ਆਪ ਜੀ ਨੂੰ ਫਰੀਦਕੋਟ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜਿੱਥੇ ਆਪ ਜੀ ਲਗਾਤਾਰ ਤਿੰਨ ਸਾਲ

ਰਹੇ।ਸੰਨ 1987 ਵਿਚ ਰਿਹਾ ਹੋਣ ਤੋਂ ਬਾਅਦ ਆਪ ਜੀ ਕੁਝ ਸਮਾਂ ਪਰਿਵਾਰ ਵਿਚ ਰਹੇ। ਆਪ ਨੂੰ ਮੱਲੋਆਂ ਪਿੰਡ ਤੋਂ ਫਿਰ ਗ੍ਰਿਫਤਾਰ ਕਰ ਲਿਆ ਗਿਆ। ਇਸ ਵਾਰ ਆਪ ਜੀ ਉਪਰ ਬੇਪਨਾਹ ਤਸ਼ੱਦਦ ਕੀਤਾ ਗਿਆ। ਵੱਖ ਵੱਖ ਤਫਤੀਸ਼ੀ ਸੈਂਟਰਾਂ ਅੰਦਰ 45 ਦਿਨਾਂ ਤੱਕ ਥੱਰਡਗਰਦੀ ਦਾ ਸ਼ਿਕਾਰ ਹੁੰਦਿਆਂ ਹੋਇਆਂ ਵੀ ਆਪ ਨੇ ਪੁਲਿਸ ਨੂੰ ਕੋਈ ਭੇਦ ਨਹੀਂ ਦਿੱਤਾ। ਫਿਰ ਕੇਸ ਪਾ ਕੇ ਫਰੀਦਕੋਟ ਜੇਲ੍ਹ ਭੇਜ ਦਿੱਤਾ ਗਿਆ। ਮਾਰਚ 1990 ਨੂੰ ਰਿਹਾ ਹੋ ਕੇ ਜੇਲ੍ਹ ਵਿਚੋਂ ਬਾਹਰ ਆਏ।

ਜੇਲ ਵਿਚੋਂ ਬਾਹਰ ਆ ਕੇ ਆਪ ਪੰਥ ਦੀ ਸੇਵਾ ਪਹਿਲਾਂ ਵਾਂਗ ਹੀ ਕਰਦੇ ਰਹੇ। ਆਪ ਜੀ ਬਾਰੇ ਇਹ ਗੱਲ ਬਹੁਤ ਮਸ਼ਹੂਰ ਸੀ ਕਿ ਪੁਲਿਸ ਤਸ਼ੱਦਦ ਕਰਕੇ ਲੁੱਧਰ ਤੋਂ ਕੁਝ ਵੀ ਨਹੀਂ ਕਢਵਾ ਸਕਦੀ। ਬਚਪਨ ਤੋਂ ਹੀ ਹੁੰਦੜਹੇਲ ਹੋਣ ਕਾਰਨ ਆਪ ਜੀ ਨੂੰ ਸਾਰੇ 'ਲੁੱਧਰ' ਕਹਿੰਦੇ ਸਨ ਇਹ ਹੀ ਨਾਮ ਪੱਕਾ ਹੋ ਗਿਆ ਜੋ ਬਾਅਦ ਵਿਚ ਬਾਬਾ ਲੁੱਧਰ ਬੱਬਰ ਕਰਕੇ ਸੰਗਤ ਵਿਚ ਜਾਣਿਆ ਜਾਣ ਲੱਗਾ। ਭਾਈ ਸਾਹਿਬ ਜੀ ਭੇਸ ਬਦਲਣ ਵਿਚ ਇਸ ਕਦਰ ਮਾਹਰ ਸਨ ਕਿ ਘਰ ਪਰਿਵਾਰ ਵਾਲੇ ਵੀ ਧੋਖਾ ਖਾ ਜਾਂਦੇ ਸਨ। ਇਸ ਕਾਰਨ ਹੀ ਜਥੇਬੰਦੀ ਨੇ ਆਪ ਜੀ ਨੂੰ ਗਊਆਂ ਦਾ ਵਪਾਰੀ ਬਣਾ ਕੇ ਭਾਈ ਸ਼ੰਗਾਰਾ ਸਿੰਘ ਕਰਵਾਲਾ ਨਾਲ ਸੰਨ 1991 ਦੇ ਸ਼ੁਰੂ ਵਿਚ ਰਾਏ ਸਿੰਘ ਨਗਰ (ਰਾਜਸਥਾਨ) ਘੱਲਿਆ। ਰਾਏ ਸਿੰਘ ਨਗਰ ਵਿਖੇ ਕਿਸੇ ਪੁਲਿਸ ਕੈਟ ਨੇ ਭਾਈ ਸ਼ੰਗਾਰਾ ਸਿੰਘ ਨੂੰ ਪਹਿਚਾਣ ਲਿਆ। ਦੋਹਾਂ ਹੀ ਸਿੰਘਾਂ ਨੂੰ ਰਾਜਸਥਾਨ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ ਪੰਜਾਬ ਪੁਲਿਸ ਨੂੰ ਸੂਚਿਤ ਕਰ ਦਿੱਤਾ। ਰਾਏ ਸਿੰਘ ਨਗਰ ਦੇ ਤਫਤੀਸ਼ੀ ਸੈਂਟਰ ਵਿਚ ਦੋਹਾਂ ਸਿੰਘਾਂ ਉਪਰ ਇਤਨਾ ਤਸ਼ੱਦਦ ਕੀਤਾ ਗਿਆ ਕਿ ਉਹ ਕੋਈ ਜ਼ੁਬਾਨ ਖੋਹਲਣ ਕਿ ਪੰਜਾਬ ਵਿਚੋਂ ਕਿਵੇਂ ਆਏ ਹਨ? ਪਰ ਗੁਰੂ ਕੇ ਲਾਲਾਂ ਨੇ ਇਕ ਦੂਸਰੇ ਦਾ ਨਾਮ ਤੱਕ ਨਹੀਂ ਲਿਆ. ਭਾਈ ਸਾਹਿਬ ਤਾਂ ਮੱਖਲੀਆਂ ਜਹੀਆਂ ਮਾਰ ਮਾਰ ਕੇ ਆਪਣਾ ਆਪ ਸਿੱਧਾ ਸਧਾਰਣ ਜਿਹਾ ਰੋਲ ਅਦਾ ਕਰਦੇ ਰਹੇ। ਭਾਈ ਸ਼ੰਗਾਰਾ ਸਿੰਘ ਨੇ ਸਿਮਰਨ ਤੋਂ ਬਗੈਰ ਕੋਈ ਗੱਲ ਨਾ ਕੀਤੀ। ਪੰਜਾਬ ਦੀ ਬਾਘਾ ਪੁਰਾਣਾ ਪੁਲਿਸ ਦੋਹਾਂ ਸਿੰਘਾਂ ਨੂੰ ਰਾਜਸਥਾਨ ਤੋਂ ਲੈ ਕੇ ਤੁਰ ਪਈ ਰਸਤੇ ਵਿਚ ਛੁਰੀ ਨਾਲ ਪਾੜ ਕੇ ਵਿਚ ਮਿਰਚਾਂ ਪਾ ਦਿੱਤੀਆਂ ਸਨ ਭਾਈ ਸਾਹਿਬ ਲੁੱਧਰ ਨੂੰ ਜਿਪਸੀ ਮਗਰ ਕੇਸਾਂ ਤੋਂ ਬੰਨ ਕੇ ਕਿੰਨੀ ਦੂਰ ਧੂਹ ਕੇ ਲੈ ਗਏ ਜਿਸ ਕਾਰਨ ਉਨ੍ਹਾਂ ਦਾ ਸਰੀਰ ਵਲੂੰਧਰਿਆ ਗਿਆ ਕਾਫੀ ਕੇਸ ਟੁੱਟ ਗਏ। ਕਿਸੇ ਵੀ ਸਿੰਘ ਨੇ ਇਕ ਦੂਸਰੇ ਬਾਰੇ ਜਾਂ ਜਥੇਬੰਦੀ ਦੇ ਕਿਸੇ ਭੇਦ ਬਾਰੇ ਕੋਈ ਜ਼ੁਬਾਨ ਨਹੀ ਖੋਹਲੀ। ਭਾਈ ਸ਼ੰਗਾਰਾ ਸਿੰਘ ਕਰਵਾਲਾ ਖੂਨ ਨਿਕਲਣ ਕਾਰਨ ਤੇ ਜ਼ਖਮਾਂ ਦੇ ਡੂੰਘਾ ਹੋਣ ਕਾਰਨ ਰਸਤੇ ਵਿਚ ਹੀ ਛੰਬਵਾਲੀ ਕੋਲ ਸ਼ਹੀਦ ਹੋ ਗਏ। ਜਿਨ੍ਹਾਂ ਨੂੰ ਬਾਅਦ ਵਿਚ ਗੋਲੀਆਂ ਮਾਰ ਕੇ ਮੁਕਾਬਲੇ ਵਿਚ ਮਰਿਆ ਵਿਖਾ ਦਿੱਤਾ ਗਿਆ. ਭਾਈ ਬਲਵੀਰ ਸਿੰਘ ਲੁੱਧਰ ਨੂੰ ਛੱਡ ਦਿੱਤਾ ਗਿਆ।

ਇਸ ਤੋਂ ਬਾਅਦ ਆਪ ਜੀ ਪੂਰਨ ਰੂਪ ਵਿਚ ਰੂਪੋਸ਼ ਹੋ ਗਏ ਜਦੋਂ ਮਾਤਾ, ਪਿਤਾ ਜੀ ਨੇ ਭਾਈ ਸਾਹਿਬ ਜੀ ਨੂੰ ਕਿਹਾ "ਵੇ, ਲੁੱਧਰਾ ਇਹ ਜ਼ਮੀਨਾਂ ਜਾਇਦਾਦਾਂ, ਇਹ ਘਰ ਦੇਖ ਤੂੰ ਆਪਣੇ ਟੱਬਰ ਬਾਰੇ ਸੋਚ" ਉਹ ਅੱਗੋਂ ਕਹਿ ਦਿੰਦੇ "ਹੁਣ ਤੁਸੀਂ ਵੇਖ ਸਾਰਾ ਕੁਝ, ਮੈਨੂੰ

ਦੁਸ਼ਟਾਂ ਨੂੰ ਵੇਖ ਲੈਣ ਦੇਵੇ ਮੇਰੇ ਲਈ ਤਾਂ ਕਪਾਹ, ਨਰਮੇ, ਕਮਾਦ, ਚਰੀਆਂ ਹੀ ਘਰ ਹਨ"। ਜਥੇਬੰਦੀ ਵਲੋਂ ਆਪ ਜੀ ਦਾ ਗੁਪਤ ਨਾਮ ਜਲਜੰਤ ਸਿੰਘ ਰੱਖ ਦਿੱਤਾ ਗਿਆ ਸੀ। ਜਦੋਂ ਆਪ ਜੀ ਉੱਪਰ ਤਸ਼ੱਦਦ ਕੀਤਾ ਗਿਆ ਸੀ ਆਪ ਜੀ ਦੇ ਕੇਸ ਕਾਫ਼ੀ ਲੰਮੇ ਅਤੇ ਭਾਰੇ ਸਨ। ਪੁਲਿਸ ਵਾਲੇ ਕੇਸਾਂ ਤੋਂ ਫੜ ਕੇ ਹੀ ਖਿੱਚਦੇ ਸਨ। ਜਦੋਂ ਕੇਸ ਖਿੱਚਣ ਕਰਕੇ ਰੁਗਾਂ ਦੇ ਰੁਗ ਟੁੱਟਦੇ, ਆਪ ਜੀ ਸਾਰੇ ਕੇਸਾਂ ਨੂੰ ਬਾਅਦ ਵਿਚ ਇੱਕਠਾ ਕਰਕੇ ਜੇਬ ਵਿਚ ਪਾ ਲੈਂਦੇ ਸਨ। ਉਨ੍ਹਾਂ ਕੇਸਾਂ ਨੂੰ ਸੰਭਾਲ ਕੇ ਬਾਅਦ ਵਿਚ ਘਰੇ ਭੇਜ ਦਿਤਾ ਸੀ।

ਖ਼ਾਲਸਾਈ ਗੁਰਮਤਿ ਭਾਵਨਾ ਅਨੁਸਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਿਲਣ ਦੀ ਕੜੀ ਤਹਿਤ ਸ਼ਹੀਦ ਭਾਈ ਬਲਵੀਰ ਸਿੰਘ ਦੇ ਘਰ ਪਹੁੰਚੇ ਤਾਂ ਪਰਿਵਾਰ ਦੇ ਚਿਹਰਿਆਂ 'ਤੇ ਅੱਥਰੂਆਂ ਨਾਲ ਭਿੱਜੀ ਖੁਸ਼ੀ ਸੀ। ਪਰਿਵਾਰ ਦੇ ਸਾਰੇ ਹੀ ਜੀਅ ਬਲ ਉੱਠੇ ਸ਼ੁਕਰ ਹੈ ਕੋਈ ਸਾਡੇ ਘਰੇ ਆਇਆ ਹੈ। ਸਾਡੇ ਘਰੀ ਤਾਂ ਕੋਈ ਡਰਦਾ ਵੜਦਾ ਹੀ ਨਹੀਂ ਸੀ, ਤੁਸੀਂ ਕਿਵੇਂ ਆਏ? ਸਾਰਾ ਪਰਿਵਾਰ ਮੰਜੇ ਉਪਰ ਬੈਠਾ ਭਿੱਜੀਆਂ ਅੱਖਾਂ ਨਾਲ ਸਾਨੂੰ ਵੇਖ ਰਿਹਾ ਸੀ, ਕੁਝ ਜਾਣ ਪਹਿਚਾਣ ਦੀਆਂ ਗੱਲਾਂ ਤੋਂ ਬਾਅਦ ਭਾਈ ਸਾਹਿਬ ਜੀ ਦੀ ਮਾਤਾ ਨੇ ਸਾਡਾ ਸਿਰ ਪਲੋਸਿਆ "ਪੁੱਤ ਮੇਰੇ ਲਈ ਤਾਂ ਸਾਰੇ ਪੱਗਾਂ ਵਾਲੇ ਮੇਰੇ ਲੁਧਰ ਵਰਗੇ ਹੀ ਹਨ"। ਇਤਨਾ ਆਖ ਕੇ ਮਾਤਾ ਜੀ ਆਪਣੀਆਂ ਭਰੀਆਂ ਅੱਖਾਂ ਪੂੰਝਣ ਲੱਗ ਪਏ ਟੀਮ ਦੇ ਸਾਹਮਣੇ ਬੈਠੀ ਭਾਈ ਸਾਹਿਬ ਜੀ ਦੀ ਸਿੰਘਣੀ ਬੀਬੀ ਜਸਪਾਲ ਕੌਰ ਜੀ ਦੇ ਚਿਹਰੇ ਤੋਂ ਬੀਤੇ ਦੁੱਖ ਸਾਫ਼ ਪੜ੍ਹੀਦੇ ਸਨ। ਉਨ੍ਹਾਂ ਨੇ ਦੱਸਿਆ,"ਇਥੇ ਨੇੜੇ ਹੀ ਪੀਰ ਨਗਾਹਿਆਂ ਵਾਲੇ ਦੇ ਡੇਰ ਕੁਝ ਸਿੰਘਾਂ ਨੇ ਹਮਲਾ ਕਰਕੇ ਕਈਆਂ ਨੂੰ ਸੋਧ ਦਿੱਤਾ ਸੀ ਅਤੇ ਚੇਲਕੀਆਂ, ਫੈਣ ਖਿਲਾਰ ਦਿੱਤੇ, ਜਿਸ ਕਾਰਨ ਸਾਡੇ ਘਰ ਉੱਪਰ ਪੁਲਿਸ ਦਾ ਕਹਿਰ ਬਹੁਤ ਵਧ ਗਿਆ ਸੀ। ਉਨ੍ਹਾਂ ਨੇ ਕੋਲ ਹੀ ਬੈਠੇ ਲੜਕੇ ਸਤਨਾਮ ਸਿੰਘ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, ਉਦੋਂ ਸਤਨਾਮ ਸਿਰਫ਼ ਚਾਰ ਮਹੀਨਿਆਂ ਦਾ ਹੀ ਸੀ, ਜਦੋਂ ਪੁਲਿਸ ਆਈ। ਉਹ ਦੁੱਧ ਚੁੰਘੀ ਜਾਂਦਾ ਸੀ, ਪੁਲਿਸ ਦੇ ਕਈ ਬਚਨ ਖ਼ੁੱਚਰ ਨਾਂ ਦੇ ਪੁਲਿਸ ਅਫ਼ਸਰ ਨੇ ਸਤਨਾਮ ਨੂੰ ਮੇਰ ਕੋਲੋਂ ਖੋਹ ਕੇ ਪਰ੍ਹਾਂ ਵਗਾਹ ਮਾਰਿਆ ਸਾਰੇ ਪਰਿਵਾਰ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਅਤੇ ਮੈਨੂੰ ਧੂਹਦੀ ਹੋਈ ਪੁਲਿਸ ਜਿਪਸੀ ਵਿਚ ਸੁੱਟ ਕੇ ਲੈ ਗਈ"। ਵੱਖ ਵੱਖ ਠਾਣਿਆਂ ਵਿਚ ਤਸ਼ੱਦਦ ਕਰਕੇ ਮੈਨੂੰ ਉਨ੍ਹਾਂ (ਭਾਈ ਬਲਬੀਰ ਸਿੰਘ) ਬਾਰੇ ਪੁੱਛਦੇ ਰਹਿੰਦੇ ਸਨ। ਅਖ਼ੀਰ ਮੈਨੂ ਸੀ ਆਈ ਏ ਸਟਾਫ਼ ਫ਼ਰੀਦਕੋਟ ਬੰਦ ਕਰ ਦਿੱਤਾ ਗਿਆ।

ਭਾਈ ਸਾਹਿਬ ਜੀ ਦੀ ਸਿੰਘਣੀ ਦੀਆਂ ਅੱਖਾਂ ਵਿਚ ਇੱਕ ਰੋਹ ਸੀ। ਖ਼ਿਨ੍ਹਾਂ ਛੱਪਰਿਆਂ ਗਲੇਡੂ ਤ੍ਰਿਪ-ਤ੍ਰਿਪ ਕਰਕੇ ਪੱਲੂ ਵਿਚ ਲਪੇਟੇ ਭਾਈ ਸਾਹਿਬ ਜੀ ਦੇ ਕੇਸਾਂ ਉੱਪਰ ਡਿੱਗੀ ਜਾ ਰਹੇ ਸਨ। ਕਹਿੰਦੀ "ਕੀ ਦੱਸਾਂ ਵੀਰੇ, ਸੀ ਆਈ ਏ ਸਟਾਫ਼ ਫ਼ਰੀਦਕੋਟ ਦੇ ਬਰਾਂਡੇ ਵਿਚ ਲਮਕਦੀ ਰੱਸੀ ਅਤੇ ਲਾਸ਼ ਮੈਨੂੰ ਅੱਜ ਵੀ ਨਹੀਂ ਭੁਲੀ, ਉੱਪਰ ਟੰਗ ਕੇ ਦਰਿੰਦੇ ਤਾੜੀਆਂ ਮਾਰ ਮਾਰ ਹੱਸਦੇ ਸਨ"। ਤਸ਼ੱਦਦ ਦੁਆਰਾ ਪੁੱਟੇ ਗਏ ਕੇਸਾਂ ਨੂੰ ਉਹ ਭਾਈ ਸਾਹਿਬ ਜੀ ਦੇ ਕੇਸਾਂ ਸੰਗ ਇੱਕਠਾ ਕਰੀ ਬੈਠੇ ਹਨ ਜਦ ਕੋਈ ਛੇੜ ਲੈਂਦਾ ਹੈ ਕਹਾਣੀ ਦਰਦਾਂ ਦੀ, ਫ਼ੱਖਰ ਨਾਲ ਸਿਰ ਉੱਚਾ ਕਰਦੇ ਹੋਏ ਆਪਣੇ ਬੱਚਿਆਂ, ਬੇਟੀ ਗੁਰਪ੍ਰੀਤ ਕੌਰ,

ਬੇਟੇ ਸਤਰੰਜੀਤ ਸਿੰਘ, ਸਤਨਾਮ ਸਿੰਘ ਨੂੰ ਆਪਣੇ ਕੋਲ ਬੁਲਾ ਲੈਂਦੇ ਹਨ। ਕਈ 27 ਦਿਨ ਸੀ ਆਈ ਏ ਸਟਾਫ ਫਰੀਦਕੋਟ ਵਿਚ ਉਹ ਬੰਦ ਰਹੇ। ਉਨ੍ਹਾਂ ਨੇ ਕਿਹਾ "ਮੈ ਇਕ ਦਿਨ ਇਨ੍ਹਾਂ ਨੂੰ ਕਿਹਾ,"ਕੋਈ ਕਦਰ ਕੂਦਰ ਨਹੀਂ ਹੁੰਦੀ ਜੀ ਕੁਰਬਾਨੀਆਂ ਦੀ, ਆਪਾਂ ਨੂੰ ਪ੍ਰਮਾਤਮਾ ਨੇ ਸਭ ਕੁਝ ਦਿੱਤਾ ਹੈ।" ਭਾਈ ਸਾਹਿਬ ਜੀ ਨੇ ਵੀ ਇਕ ਜਵਾਬ ਦਿੱਤਾ

ਜਿਊਂਦਿਆਂ ਦੀ ਐਥੇ ਕਦਰ ਨਾ ਹੁੰਦੀ,
ਜੋ ਪੜ੍ਹਦੇ ਇਤਿਹਾਸ ਨੇ ਲੁੱਧਰ,
ਮਰਿਆ ਪਿਛੋਂ ਸਭ ਨੇ ਕਹਿਣਾ,
ਮੇਰਾ ਬੰਦਾ ਖਾਸ ਸੀ ਲੁੱਧਰ।

ਭਾਈ ਬਲਬੀਰ ਸਿੰਘ ਉਰਫ ਭਾਈ ਬਲਜੀਤ ਸਿੰਘ ਉਰਫ਼ ਲੁੱਧਰ ਦਾ ਜਨਮ ਸੰਨ 1962 ਵਿਚ ਪਿਤਾ ਸ. ਬੰਤਾ ਸਿੰਘ ਜੀ ਦੇ ਘਰ ਮਾਤਾ ਗੁਰਦਿਆਲ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਲਿੱਧੜਆਣਾ ਵਿਖੇ ਹੋਇਆ. ਆਪ ਜੀ ਦੀਆਂ ਚਾਰ ਭੈਣਾਂ ਅਤੇ ਤਿੰਨ ਭਰਾ ਹਨ। ਆਪ ਜੀ ਨੇ ਮੁਢਲੀ ਵਿੱਦਿਆ ਪਿੰਡ ਲਿੱਧੜਆਣਾ ਅਤੇ ਪਿੰਡ ਆਲਮਵਾਲਾ ਤੋਂ ਪ੍ਰਾਪਤ ਕੀਤੀ ਸੀ। ਆਪ ਜੀ ਦੀ ਸ਼ਾਦੀ ਬੀਬੀ ਜਸਪਾਲ ਕੌਰ ਜੀ ਨਾਲ ਹੋਈ ਸੀ। ਆਪ ਜੀ ਦੀ ਇੱਕ ਬੇਟੀ ਅਤੇ ਦੋ ਬੇਟੇ ਹਨ। ਪੂਰਾ ਪਰਿਵਾਰ ਗੁਰਸਿੱਖ, ਭੈ ਭਾਵਨੀ ਵਿਚ ਰਹਿਣ ਵਾਲਾ ਹੈ।

ਆਪ ਜੀ ਨੇ ਇਕ ਕਵਿਤਾ "ਖਾਲਸਤਾਨ" ਸ਼ਹੀਦ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਲਿਖੀ ਸੀ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਲਿਖ ਗਏ ਹਨ ਜੋ ਸਾਂਭਣ ਵਾਲਾ ਅਤੇ ਇੱਕਠਾ ਕਰਨ ਵਾਲਾ ਹੈ. ਸਿਪਾਹੀ ਦਾ ਅੰਤ ਸ਼ਹਾਦਤਾਂ ਦੇ ਰੂਪ ਵਿਚ ਹੀ ਲੇਖ ਲੱਗਦਾ ਹੈ। ਹਰ ਮੌਤ ਨੂੰ ਸ਼ਹਾਦਤ ਨਹੀਂ ਕਿਹਾ ਜਾ ਸਕਦਾ. ਇਸ ਪਰਿਵਾਰ ਦੇ ਲੇਖ ਸ਼ਹਾਦਤਾਂ ਹੀ ਆਈਆਂ ਹਨ। ਭਾਈ ਸਾਹਿਬ ਜੀ ਦੀ ਭੈਣ ਬੀਬੀ ਸਵਰਨਜੀਤ ਕੌਰ, ਸ਼ਹੀਦ ਭਾਈ ਹਰਿਮੰਦਰ ਸਿੰਘ ਗਰਦਵਾਲ ਜੀ ਦੀ ਧਰਮ ਪਤਨੀ ਹਨ। ਇਸ ਕਰਕੇ ਇਨ੍ਹਾਂ ਨੂੰ ਸ਼ਹੀਦਾਂ ਦੇ ਪਰਿਵਾਰ ਕਰਕੇ ਹੀ ਜਾਣਿਆਂ ਜਾਂਦਾ ਹੈ। ਆਪ ਜੀ ਦੇ ਅਤੀ ਨਜ਼ਦੀਕੀ ਸਾਥੀ ਸ਼ਹੀਦ ਭਾਈ ਬਲਵਿੰਦਰ ਸਿੰਘ ਰੰਗਾ, ਸ਼ਹੀਦ ਭਾਈ ਸੁਲੱਖਣ ਸਿੰਘ ਵੈਰੋਂਵਾਲ, ਸ਼ਹੀਦ ਭਾਈ ਹਰਮਿੰਦਰ ਸਿੰਘ ਗਰਦਵਾਲ ਅਤੇ ਸ਼ਹੀਦ ਭਾਈ ਧੰਨਾ ਸਿੰਘ ਸਨ. ਆਪ ਜੀ ਆਪਣੇ ਅਤੀ ਨਜ਼ਦੀਕੀ ਸਾਥੀ ਭਾਈ ਬੰਗਾਰਾ ਸਿੰਘ ਕੰਗਵਾਲ ਦੀ ਸ਼ਹਾਦਤ ਨੂੰ ਕਦੇ ਵੀ ਨਾ ਭੁੱਲ ਸਕੇ. ਆਪਣੀ ਅੱਖੀਂ ਡਿੱਠੀ ਇਸ ਸ਼ਹਾਦਤ ਨੂੰ ਗੁਰੂ ਦਾ ਭਾਣਾ ਮੰਨਦੇ ਹੋਏ ਜਦੋਂ ਸੁਖਮਨੀ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਦੇ ਤਾਂ ਇਕ ਪਾਠ ਪਹਿਲਾਂ ਸ਼ਹੀਦ ਭਾਈ ਬੰਗਾਰਾ ਸਿੰਘ ਜੀ ਦੇ ਨਾਮ ਦਾ ਜ਼ਰੂਰ ਕਰਦੇ ਅਤੇ ਆਪਣੇ ਸਾਥੀ ਸਿੰਘਾਂ ਨੂੰ ਵੀ ਇਕ ਇਕ ਪਾਠ ਸ਼ਹੀਦ ਸਿੰਘਾਂ ਦੇ ਨਾਮ ਦਾ ਕਰਨ ਲਈ ਬੇਨਤੀ ਕਰਦੇ। ਹਮੇਸ਼ਾ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਸਿਰ ਮੱਥੇ 'ਤੇ ਮੰਨਦੇ ਸਨ.

ਅਖੀਰ, ਸੰਘਰਸ਼ੀ ਜਥੇ ਕਿਸੇ ਕੰਮ ਲਈ 5 ਸਤੰਬਰ 1991 ਨੂੰ ਪਿੰਡ ਸੈਦਪੁਰੇ ਵਿਚ ਦੀ ਜਾ ਰਹੇ ਸਨ ਅਤੇ ਭਾਈ ਸਾਹਿਬ ਆਪਣੇ ਗੁਰੀਲਾ ਸਾਥੀਆਂ ਦੀ ਕਮਾਂਡ ਕਰਦੇ ਹੋਏ ਅੱਗੇ ਅੱਗੇ ਜਾ ਰਹੇ ਸਨ ਕਿ ਪੁਲਿਸ ਦੇ ਬਲੈਕ ਕਮਾਂਡੋਆਂ ਦੇ ਲਾਏ ਇਕ ਐਂਬੁਸ਼ ਹਮਲੇ

ਵਿਚ ਬਰੋਸਟ ਲੱਗਣ ਕਾਰਨ ਸ਼ਹੀਦ ਹੋ ਗਏ।

ਬਾਬਾ ਲੁੱਧਰ ਕੌਮ ਦੀ ਅਜ਼ਾਦੀ ਦੇ ਇਤਿਹਾਸ ਵਿਚ ਇਕ ਮਿੱਥ ਛੱਡ ਗਿਆ ਹੈ, ਆ ਰਹੀ ਨੌਜੁਆਨੀ ਲਈ ਇਸ ਮਾਰਗ ਉੱਤੇ ਤੁਰਨ ਹਿਤ, ਉਨ੍ਹਾਂ ਨੂੰ ਸੰਧਤ ਕਰਨ ਲਈ ਲੱਕ ਧੌਕਾਂ ਲਈ ਬਾਗੀ ਹੋਣਾ,

ਸਭ ਤੋਂ ਗੱਲ ਜਰਵਾਣੀ ਹੈ।

ਕੌਮ ਇਸ ਮਹਾਨ ਯੋਧ ਨੂੰ ਸਿਰ ਝੁਕਾਉਂਦੀ ਹੋਈ ਸ਼ਰਧਾਂਜਲੀ ਭੇਟ ਕਰਦੀ ਹੈ

## 'ਖ਼ਾਲਸਤਾਨ'

ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖਾਲਸੇ ਰਹਿਗੇ,
ਕਿਹੜੇ ਰਸਤੇ ਤੁਰੇ ਸੀ, ਕਿਹੜੇ ਰਾਹ ਪੈਗੇ।
ਲੱਖਾਂ ਜਲਗੇ ਸ਼ਮਾਂ ਤੇ ਕੌਮੀ ਪ੍ਰਵਾਨੇ,
ਪਾ ਗਏ ਹੱਸ ਸ਼ਹਾਦਤਾਂ ਜੋ ਸਿਦਕੀ ਦੀਵਾਨੇ।
ਅਸੀਂ ਮੰਗਦੇ ਖਾਲਸਤਾਨ ਹਾਂ, ਨਾ ਖ਼ਾਲਸੇ ਰਹਿਗੇ।
ਸ਼ਾਤਰ ਦੁਸ਼ਮਣਾਂ ਚੱਲ ਕੇ ਇਹ ਚਾਲ ਨਿਆਰੀ,
ਖੇਰੂੰ-ਖੇਰੂੰ ਕਰ ਦਿੱਤੀ ਕੌਮ ਅਣਖੀ ਸਾਰੀ,
ਬਣ ਕੇ ਪਾਂਧੀ ਸੱਚ ਦੇ ਗੱਲ ਝੂਠੀ ਕਹਿਗੇ,
ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖ਼ਾਲਸੇ ਰਹਿਗੇ।
ਅੰਦਰ ਮਾਰ ਘਾਤੀਆਂ ਛੱਡ ਝਗੜੇ ਛੇੜੇ,
ਕਈ ਲਾ ਕੇ ਲੇਬਲ ਖ਼ਾਲਸਾ, ਬਣ ਗਏ ਲੁਟੇਰੇ,
ਪਰਖ ਕਰੀ ਨਾ ਤੁਸਾਂ ਨੇ ਵਿਚ ਦੁਸ਼ਮਣ ਬਹਿਗੇ।
ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖ਼ਾਲਸੇ ਰਹਿਗੇ
ਜੇਕਰ ਪਰਜਾ ਮਾਰਤੀ, ਰਾਜ ਕਿਸ ਤੇ ਕਰਨਾ,
ਪਰਖ ਕਰੋ ਇਨਾਂ ਸੱਚ ਦੀ ਨਾ ਔਖਾ ਸਰਨਾ,
ਦੁਸ਼ਮਣ ਨੂੰ ਭੋਲਾ ਸਮਝ ਕੇ, ਸੱਚ ਜਾਣ ਕੇ ਰਹਿਗੇ,
ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖਾਲਸੇ ਰਹਿਗੇ।
ਅਸਲੀ ਦੁਸ਼ਮਣ ਕੌਣ ਹੈ ਨਾ ਤੁਸੀਂ ਵਿਚਾਰੋ,
ਸਮਾਂ ਵਿਚਾਰੋ ਸੋਹਣਿਓ ਹੈ ਕੌਮ 'ਤੇ ਭਾਰੀ,
ਰੱਖੋ ਨੀਂਹ ਸੱਚ ਤੇ, 'ਲੁੱਧਰ' ਪਾਪੀ ਮਹਿਲ ਢਹਿਗੇ।
ਅਸੀਂ ਮੰਗਦੇ ਖ਼ਾਲਸਤਾਨ ਹਾਂ, ਨਾ ਖਾਲਸੇ ਰਹਿਗੇ,
ਕਿਹੜੇ ਰਸਤੇ ਤੁਰੇ ਸੀ, ਕਿਹੜੇ ਰਾਹ ਪੈਗੇ।

ਸ਼ਹੀਦ ਭਾਈ ਬਲਬੀਰ ਸਿੰਘ ਬੱਬਰ "ਲੁੱਧਰ"

# ਭਾਈ ਬਸ਼ੀਰ ਮੁਹੰਮਦ ਉਰਫ ਭਾਈ ਲੱਛਮਨ ਸਿੰਘ ਬੱਬਰ

ਸ਼ਹੀਦ ਭਾਈ ਬਸ਼ੀਰ ਮੁਹੰਮਦ ਬੱਬਰ ਦੇ ਰਿਸ਼ਤੇਦਾਰਾਂ, ਪਰਿਵਾਰਕ ਮੈਂਬਰਾਂ ਉੱਪਰ ਸਰਕਾਰੀ ਦਹਿਸ਼ਤਗਰਦੀ ਅਜੇ ਖਤਮ ਹੁੰਦੀ ਨਹੀਂ ਦਿਸ ਰਹੀ। ਅਹਿਮਦੀਆ ਮੁਸਲਿਮ ਪਰਿਵਾਰ ਵਿਚ ਮਾਤਾ ਨੂਰਾਂ ਜੀ ਦੀ ਕੁੱਖ ਪਿਤਾ ਅਲੀ ਮੁਹੰਮਦ ਦੇ ਘਰ ਪਿੰਡ ਭੰਮੇ ਕਲਾਂ ਜ਼ਿਲ੍ਹਾ ਮਾਨਸਾ ਵਿਚ ਅਗਸਤ 1970 ਨੂੰ ਜਨਮਿਆ ਬਸ਼ੀਰਾ, ਪਿੰਡ ਵਿਚ ਆਪਣੀ ਜਵਾਨੀ ਦੀ ਝੰਡੀ ਹੀ ਨਹੀਂ ਗੱਡ ਕੇ ਗਿਆ ਸਗੋਂ ਇਲਾਕੇ ਵਿਚ ਧੁੰਮਾਂ ਪਾ ਕੇ ਵੀ ਗਿਆ ਹੈ।

ਜਦੋਂ ਸੰਨ 1947 ਵਿਚ ਸਿੱਖਾਂ ਨੇ ਆਪਣੀ ਕਿਸਮਤ ਨਵੇਂ ਅਜ਼ਾਦ ਹੋਏ ਹਿੰਦੁਸਤਾਨ ਨਾਲ ਜੋੜੀ, ਬਟਵਾਰੇ ਦੇ ਫਸਾਦਾਂ ਵਿਚ ਟੁਕੜੇ ਟੁਕੜੇ ਹੋਏ ਲਾਵਾਰਸ ਬਚਪਨ ਦੇ ਸਹਿਮ ਅੰਦਰ ਇਕ ਬੇਟੀ ਨੂਰਾਂ ਨੇ ਵੀ ਆਪਣੀ ਕਿਸਮਤ ਹਿੰਦੁਸਤਾਨ ਨਾਲ ਜੋੜ ਲਈ। ਜਦ ਫਸਾਦੀਆਂ ਨੇ ਨਿੱਕੀ ਨੂਰਾਂ ਦੇ ਮਾਂ ਬਾਪ ਉਸਦੀਆਂ ਅੱਖਾਂ ਦੇ ਸਾਹਮਣੇ ਮਾਰ ਦਿੱਤੇ ਤਾਂ ਇਸ ਲਾਵਾਰਸ ਬੱਚੀ ਨੂੰ ਪਿੰਡ ਜਗਾ ਰਾਮ ਤੀਰਥ ਦੇ ਇਕ ਗੁਰਸਿੱਖ ਪਰਿਵਾਰ ਦੇ ਸਰਦਾਰ ਹਰਫੂਲ ਸਿੰਘ ਨੇ ਆਪਣੇ ਕੋਲ ਰੱਖ ਕੇ ਪਾਲ ਪੋਸ ਕੇ ਸੰਭਾਲਿਆ। ਭਰ ਜਵਾਨੀ 'ਚ ਬੀਬੀ ਨੂਰਾਂ ਦਾ ਗੁਰਮੁਖ ਪਰਿਵਾਰ ਵਲੋਂ ਪੂਰਨ ਅਹਿਮਦੀਆ ਮੁਸਲਿਮ ਮਰਯਾਦਾ ਅਨੁਸਾਰ ਪਿੰਡ ਭੰਮੇ ਕਲਾਂ ਦੇ ਅਲੀ ਮੁਹੰਮਦ ਨਾਲ ਨਿਕਾਹ (ਵਿਆਹ) ਕਰ ਦਿੱਤਾ ਗਿਆ। ਹਿੰਦੁਸਤਾਨ ਦੇ ਸਰਕਾਰੀ ਦਹਿਸ਼ਤਗਰਦਾਂ ਨੇ ਮਾਤਾ ਨੂਰਾਂ ਦੇ ਪੁੱਤ ਬਸ਼ੀਰ ਮਹੁੰਮਦ, ਉਸਦੀ ਨੂੰਹ ਸ਼ਕੀਨਾ ਬੇਗਮ ਤੇ ਉਸਦੇ ਪੇਟ ਵਿਚ ਪਲ ਰਹੇ ਅੱਠ ਮਹੀਨੇ ਦੇ ਬਸ਼ੀਰ ਦੇ ਬੱਚੇ ਸਮੇਤ ਕਲਕੱਤਾ ਦੇ ਤਿਲਜਲਾ ਇਲਾਕੇ ਵਿਚ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਲਾਸ਼ਾਂ ਨੂੰ ਸਰਦੂਲਗੜ੍ਹ ਦੇ ਠਾਣੇ ਵਿਚ ਲਿਆ ਕੇ ਲਾਵਾਰਸ ਆਖ ਕੇ ਸਾੜ ਦਿੱਤਾ ਇਸ ਖੌਫਨਾਕ ਦ੍ਰਿਸ਼ ਦੇ ਅੱਥਰੂ ਅਜੇ ਸੁੱਕੇ ਨਹੀਂ ਸਨ, ਜਦੋਂ ਫਿਰ ਬਸ਼ੀਰ ਦੀ ਭਾਣਜੀ ਪ੍ਰਵੀਨ ਕੌਰ ਨੂੰ ਇਕ ਸਾਜ਼ਿਸ਼ੀ ਢੰਗ ਨਾਲ ਫੜ ਕੇ ਮਨੁੱਖੀ ਬੰਬ ਆਖ ਕੇ ਜੇਲ੍ਹ ਭੇਜ ਦਿੱਤਾ ਗਿਆ।

ਬੇਟੀ ਪ੍ਰਵੀਨ ਕੌਰ ਆਪਣੇ ਸ਼ਹੀਦ ਹੋਏ ਮਾਮੇ, ਮਾਮੀ ਅਤੇ ਪੁਲਿਸ ਵਲੋਂ ਘਰੋਂ ਚੁੱਕ ਕੇ ਲਾਪਤਾ ਕੀਤੇ ਗਏ ਆਪਣੇ ਪਿਤਾ ਸਾਦਿਕ ਮੁਹੰਮਦ ਦੇ ਦਰਦ ਨੂੰ ਲੱਖ ਭੁਲਾਉਣ ਦਾ ਯਤਨ ਕਰਦੀ ਤਾਂ ਵੀ ਭੁਲਦਾ ਨਾ, ਜਦੋਂ ਉਹ ਆਪਣੀ ਮਾਂ ਦੇ ਸਰੀਰ 'ਤੇ ਪੁਲਿਸ ਖੁੱਚੜਗਰਦੀ ਦੇ ਨਿਸ਼ਾਨ ਦੇਖਦੀ। ਉਹ ਆਪਣੇ ਭਰਾ ਸਿਰਤਾਜ ਨੂੰ ਨਾਲ ਲੈ ਕੇ ਕਲਰ ਭੈਣੀ ਦੇ ਟਰੱਸਟ ਅੰਦਰ ਪੜ੍ਹ ਕੇ ਕੁਝ ਬਣਨਾ ਚਾਹੁੰਦੀ ਸੀ ਪਰ ਪੁਚਕਾਰੀਆਂ ਸਰਕਾਰੀ ਸਾਜ਼ਿਸ਼ਾਂ ਨੇ ਉਸ ਨੂੰ ਇਕ ਮਨੁੱਖੀ ਬੰਬ ਦਾ ਨਾਮ ਦੇ ਕੇ ਜੇਲ੍ਹ ਭੇਜ ਦਿੱਤਾ।

ਸਰਕਾਰ ਮਨੁੱਖੀ ਬੰਬ ਦੀ ਪਰਿਭਾਸ਼ਾ ਬੇਅੰਤ ਸਿੰਘ ਦੀ ਲੋਥ ਦੇ ਚੀਥੜਿਆਂ ਤੋਂ ਵੀ ਨਹੀਂ ਸਿੱਖੀ ਕਿ ਕਿਸ ਤਰ੍ਹਾਂ ਭਾਈ ਦਿਲਾਵਰ ਸਿੰਘ ਬੱਬਰ ਇਕ ਮਨੁੱਖੀ ਬੰਬ ਦੇ ਰੂਪ ਵਿਚ

ਵੱਟਦਾ ਹੈ? ਅੱਜ ਅਨੇਕਾਂ ਨੌਜਵਾਨਾਂ ਨੂੰ ਫਰਜ਼ੀ ਕੇਸਾਂ ਦਾ ਨਾਮ ਦੇ ਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਬੇਟੀ ਪ੍ਰਵੀਨ ਕੌਰ ਨੂੰ ਵੀ ਇਕ ਸ਼ਹੀਦ ਪਰਿਵਾਰ ਨਾਲ ਸੰਬੰਧਤ ਹੋਣ, ਇਕ ਅੰਮ੍ਰਿਤਧਾਰੀ ਲੜਕੀ ਹੋਣ ਦੀ ਸਜ਼ਾ ਫਰਜ਼ੀ ਕੇਸ ਬਣਾ ਕੇ ਦਿੱਤੀ ਗਈ ਹੈ। ਮਾਤਾ ਨੂਰਾਂ ਦੀਆਂ ਅੱਖਾਂ ਵਿਚੋਂ ਅੱਜ ਵੀ ਅਣਖਾਂ ਦਾ ਨੂਰ ਝਲਕਦਾ ਹੈ।

"ਇਹ ਸਰਕਾਰ ਤਾਂ ਸਾਡੇ ਪਿਛੇ ਹੱਥ ਧੋ ਕੇ ਪਈ ਏ, ਪੁਲਿਸ ਤਾਂ ਸਾਡੀ ਦੁਸ਼ਮਣ ਹੈ ਦੁਸ਼ਮਣ ਮਾਤਾ ਦੀ ਖੜਕਾ ਮਲਵਈ ਬੋਲੀ , ਆਖਦੀ ਮਾਂ ,ਗਾਲ੍ਹ, ? ਜਿਉਂਦੇ ਬੱਬਰ ਸ਼ੇਰ ਦੇ ਸਾਹਮਣੇ ਨਹੀਂ ਹੁੰਦੇ ਸੀ, ਕੰਜਰਾਂ ਨੇ ਸੁੱਤੇ ਨੂੰ ਧੋਖੇ ਨਾਲ ਮਾਰ ਦਿੱਤਾ, ਕੰਜਰਾਂ! ਹੁਣ ਤਾਂ ਸਾਡਾ ਖਹਿੜਾ ਛੱਡੋ।"

ਭਾਈ ਬਸ਼ੀਰ ਮੁਹੰਮਦ ਜਦੋਂ ਸਕੂਲ ਵਿਚ ਪੜ੍ਹਦੇ ਸਨ, ਸਰਦੂਲਗੜ੍ਹ ਦੇ ਸਕੂਲ ਵਿਚ ਪਿੰਡ ਭੰਮੇ ਕਲਾਂ ਦੀਆਂ ਲੜਕੀਆਂ ਵੀ ਪੜ੍ਹਦੀਆਂ ਸਨ। ਸਰਦੂਲਗੜ੍ਹ ਦੀ ਵਿਗੜੀ ਮੰਡੀਰ ਲੜਕੀਆਂ ਨੂੰ ਪ੍ਰੇਸ਼ਾਨ ਕਰਿਆ ਕਰਦੀ ਸੀ ਜਦੋਂ ਕੁਝ ਦਿਨ ਮੁੰਡੀਰ ਨਾ ਸੁਧਰੀ ਤਾਂ ਇਕ ਦਿਨ ਬਸ਼ੀਰ ਨੇ ਹਾਕੀ ਨਾਲ ਸਕੂਲ ਦੇ ਗੇਟ ਮੂਹਰੇ ਲਕੀਰ ਖਿੱਚ ਦਿੱਤੀ ਜਦੋਂ ਲੜਕੀਆਂ ਗੇਟ ਲੰਘ ਗਈਆਂ ਤਾਂ ਲਲਕਾਰ ਕੇ ਆਖ ਦਿੱਤਾ ਕਈ ਲਕੀਰ ਲੰਘ ਕੇ ਦਿਖਾਵੇ। ਜਿਸ ਨੇ ਕੁੜੀਆਂ ਨੂੰ ਭੈਣ ਆਖ ਕੇ ਲੰਘਣਾ ਹੈ, ਲੰਘ ਜਾਵੇ, ਦੂਸਰ ਸੁਧਰਣ ਨੂੰ ਤਿਆਰ ਹੋ ਜਾਵੇ। ਸਾਰੀ ਵਿਗੜੀ ਮੰਡੀਰ ਕੰਨਾਂ ਨੂੰ ਹੱਥ ਲਾ ਕੇ 'ਸਾਡੀਆਂ ਭੈਣਾਂ, ਸਾਡੀਆਂ ਭੈਣਾਂ' ਆਖ ਕੇ ਲਾਈਨ ਬਣਾ ਕੇ ਲੰਘ ਗਈ।

ਮਾਤਾ ਜੀ ਨੇ ਦਸਿਆ "ਮੈਂ ਤਾਂ ਕਦੇ ਬਸ਼ੀਰ ਨੂੰ ਦੁੱਧ ਘਿਉ ਤੇ, ਖਾਣ ਤੋਂ ਕਦੇ ਵੀ ਰੋਕਿਆ ਨਹੀਂ ਸੀ ਇਕ ਦਿਨ ਮੈਂ ਬਸ਼ੀਰ ਨੂੰ ਕਾਹੜਨੀ ਵਿਚੋਂ ਨਾੜ ਦੀ ਨਾਲੀ ਨਾਲ ਦੁੱਧ ਪੀਂਦੇ ਨੂੰ ਉਤੋਂ ਫੜ ਲਿਆ, "ਹੱਸ ਕੇ ਕਹਿੰਦਾ', ਬੇਬੇ, ਉਈਂ ਉਈਂ ਸਿਆਣੇ ਕਹਿੰਦੇ ਹਨ ਚਰੀ ਦਾ ਦੁੱਧ ਸਰੀਰ ਨੂੰ ਬਹੁਤਾ ਲੱਗਦਾ ਹੈ, ਤਾਂ ਮੈਂ ਅੱਜ ਪੀ ਕੇ ਵੇਖਦਾ ਸੀ, ਸਰੀਰ ਕਿੰਨਾ ਕੁ ਫੁਲਦਾ ਹੈ?"

ਮਾਂ ਦੇ ਲਾਡ ਪਿਆਰਾਂ ਨਾਲ ਗੱਭਰੂ ਹੋਇਆ ਬਸ਼ੀਰ ਚਟੀ ਦਾ ਕਬੱਡੀ ਦਾ ਖਿਡਾਰੀ ਸੀ। ਆਪਣੀ ਸੁਹਣੀ ਦਿਖ ਕਾਰਨ ਉਹ ਪੰਜਾਬ ਪੁਲਿਸ ਵਿਚ ਬਤੌਰ ਸਿਪਾਹੀ ਭਰਤੀ ਹੋ ਗਿਆ।

ਜਦੋਂ ਪੰਜਾਬ ਵਿਚ ਅਜ਼ਾਦੀ ਦਾ ਸੰਘਰਸ਼ ਜੋਬਨ ਰੁਤ ਸੀ, ਉਸ ਸਮੇਂ ਅਖੌਤੀ ਸਾਧਾਂ ਸੰਤਾਂ ਦੀ ਵੀ ਭਾਅ ਦੀ ਬਣੀ ਰਹਿੰਦੀ ਸੀ। ਰੂਮ ਡੇਰੇ ਦੇ ਮੁਖੀ ਨਰਾਇਣ ਪ੍ਰਕਾਸ਼ ਮਨੀ ਨੇ ਡਰਦਿਆਂ ਆਪਣੇ ਵਾਸਤੇ ਪੰਜਾਬ ਪੁਲਿਸ ਤੋਂ ਸੁਰੱਖਿਆ ਟੁਕੜੀ ਲਈ ਹੋਈ ਸੀ। ਭਾਈ ਬਸ਼ੀਰ ਮੁਹੰਮਦ ਸਿਪਾਹੀ ਵੀ ਬਤੌਰ ਗੰਨਮੈਨ ਉਸ ਡੇਰੇ ਵਿਚ ਤਾਇਨਾਤ ਸੀ। ਸੰਗਰੂਰ ਜ਼ਿਲ੍ਹੇ ਦੇ ਪਿੰਡ ਬਾਦਲ ਕਲਾਂ ਦਾ ਰੂਪੋਸ਼ ਖਾੜਕੂ ਭਾਈ ਖੇਮ ਸਿੰਘ ਬੱਬਰ ਫੌਜੀ ਮਨੀ ਦੇ ਡੇਰੇ 'ਚ ਭਾਈ ਬਸ਼ੀਰ ਮੁਹੰਮਦ ਨੂੰ ਦੋ ਚਾਰ ਵਾਰ ਮਿਲਿਆ। ਡੇਰੇ ਦੇ ਮੁਖੀ ਨੂੰ ਭਾਈ ਬਸ਼ੀਰ ਮੁਹੰਮਦ 'ਤੇ ਸ਼ੱਕ ਹੋ ਗਿਆ ਉਸ ਨੇ ਡੀ.ਐਸ.ਪੀ. ਚਾਹਲ ਨੂੰ ਇਸ ਸੰਬੰਧ ਵਿਚ ਦੱਸ ਦਿੱਤਾ ਪੁਲਿਸ ਵਲੋਂ ਬਸ਼ੀਰ ਮੁਹੰਮਦ 'ਤੇ ਦਬਾਅ ਬਣਾਇਆ ਗਿਆ ਕਿ ਉਹ ਬੱਬਰਾਂ ਨੂੰ ਫੜਾਏ। ਮਾਨਸਾ, ਸੰਗਰੂਰ, ਬਠਿੰਡਾ ਅਤੇ ਫਰੀਦਕੋਟ ਦੇ ਇਲਾਕਿਆਂ ਵਿਚ ਭਾਈ

ਹਰਭਜਨ ਸਿੰਘ ਬੱਬਰ ਛੋਲਿਆਂ ਵਾਲੀ, ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਗਰੁੱਪ ਦੇ ਸਿਰਲੱਥ ਸੂਰਮੇ ਕਾਫੀ ਸਰਗਰਮ ਸਨ। ਬਸ਼ੀਰ ਨੇ ਪੁਲਿਸ ਵਲੋਂ ਪਾਏ ਜਾ ਰਹੇ ਦਬਾਅ ਬਾਰੇ ਸਿੰਘਾਂ ਨੂੰ ਦੱਸ ਦਿੱਤਾ ਇਸ ਯੋਜਨਾ ਤਹਿਤ ਹੀ ਭਾਈ ਪ੍ਰੇਮ ਸਿੰਘ ਬੱਬਰ ਨੇ ਬਸ਼ੀਰ ਦੀ ਇਕ ਮਿਲਣੀ ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਅਤੇ ਭਾਈ ਗੁਰਮੇਲ ਸਿੰਘ ਬੱਬਰ ਰਾਏਪੁਰ ਅਤੇ ਭਾਈ ਬਲਦੀਪ ਸਿੰਘ ਬੱਬਰ ਫੂਲ ਨਾਲ ਕਰਵਾਈ। ਇਸ ਪਹਿਲੀ ਮਿਲਣੀ ਵਿਚ ਹੀ ਬਸ਼ੀਰ ਬੱਬਰਾਂ ਨੂੰ ਫੜਾਉਂਦਾ ਫੜਾਉਂਦਾ ਆਪ ਬੱਬਰ ਬਣ ਗਿਆ। ਇਕ ਰਾਤ ਬਸ਼ੀਰ ਡਰ ਮਨੀ 'ਚੋਂ ਨਾਲ ਦੇ ਗੰਨਮੈਨਾਂ ਸਿਪਾਹੀਆਂ ਦੀਆਂ ਐਸ ਐਲ ਆਰਾਂ, ਕਾਰਬਾਈਨਾਂ ਚੁੱਕ ਕੇ ਪੱਕੇ ਤੌਰ 'ਤੇ ਬੱਬਰਾਂ ਦੇ ਜਥੇ ਵਿਚ ਸ਼ਾਮਲ ਹੋ ਗਿਆ

'ਮਿਤਰੋ ਖ਼ਾਲਸਾ ਪੰਥ ਦਾ ਮੇਰੀ ਮਾਂ ਦੇ ਸਿਰ ਕਰਜ਼ ਸੀ, ਮੈਂ ਪੰਥ ਦੀ ਸੇਵਾ ਕਰਕੇ ਇਹ ਕਰਜ਼ ਲਾਹੁਣ ਜਾ ਰਿਹਾ ਹਾਂ।'

ਜੇ ਕੋਈ ਪੁੱਛਦਾ ਇਹ ਉਸ ਦਾ ਸਾਦਾ ਜਿਹਾ ਉੱਤਰ ਹੁੰਦਾ ਸੀ

ਬਸ਼ੀਰ ਮੁਹੰਮਦ ਦਾ ਘਰ ਪਿੰਡ ਦੇ ਵਾਟਰ ਵਰਕਸ ਵਾਲੇ ਪਾਸਿਓਂ ਵੜਦਿਆਂ ਕਾਫੀ ਅਗੇ ਜਾ ਕੇ ਇਕ ਗਲੀ ਦੇ ਸੱਜੇ ਹੱਥ ਹੈ। ਪੁਰਾਤਨ ਇੱਟਾਂ ਤੇ ਚੂਨੇ ਨਾਲ ਬਣਾਈ ਡਾਟ ਦਾ ਵੱਡਾ ਦਰਵਾਜ਼ਾ, ਘਰ ਵਿਚ ਵੜਦਿਆਂ ਖੱਬੇ ਹੱਥ ਖੁਲ੍ਹਾ ਚੌਂਤਰਾ, ਨਾਲ ਹੀ ਵੱਡੇ ਵੱਡੇ ਕਮਰੇ, ਕਮਰੇ ਦੀਆਂ ਛੱਤਾਂ ਪੁਰਾਤਨ ਬੱਤਿਆਂ ਉਪਰ ਫੱਟੀਆਂ ਦੀਆਂ ਹਨ, ਜੋ ਆਪਣੇ ਆਪ ਵਿਚ ਲੰਘੀ ਸਦੀ ਦੀ ਪਹਿਚਾਣ ਛੱਡਦੀਆਂ ਹਨ। ਵੱਡੇ ਕਮਰੇ ਦੀ ਅੰਗੀਠੀ 'ਤੇ ਭਾਈ ਬਸ਼ੀਰ ਮੁਹੰਮਦ ਬੱਬਰ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਸ਼ਕੀਨਾ ਬੇਗਮ ਦੀਆਂ ਤਸਵੀਰਾਂ ਪਈਆਂ ਹਨ।

ਜਦੋਂ ਬਸ਼ੀਰ ਪੰਜਾਬ ਪੁਲਿਸ ਵਿਚੋਂ ਹਥਿਆਰਾਂ ਸਮੇਤ ਭਗੌੜਾ ਹੋਇਆ ਤਾਂ ਉਸ ਨੇ ਸਭ ਤੋਂ ਪਹਿਲਾਂ ਦਮਦਮਾ ਸਾਹਿਬ ਵਿਖੇ ਬੱਬਰਾਂ ਦੇ ਜਥੇ ਤੋਂ ਅੰਮ੍ਰਿਤ ਛਕਿਆ ਅਤੇ ਉਸ ਦਾ ਨਾਮ ਲੱਛਮਣ ਸਿੰਘ ਬੱਬਰ ਰੱਖਿਆ ਗਿਆ ਬਸ਼ੀਰ ਦਾ ਬੱਬਰਾਂ ਦੇ ਜਥੇ ਵਿਚ ਸ਼ਾਮਲ ਹੋਣਾ ਪੁਲਿਸ ਲਈ ਇਕ ਵੱਡੀ ਚੁਣੌਤੀ ਬਣ ਗਿਆ। ਹੁਣ ਕਈ ਦਿਨ ਹੀ ਲੰਘਦਾ ਸੀ ਜਦੋਂ ਪੁਲਿਸ 'ਤੇ ਘਾਤ ਲਾ ਕੇ ਹਮਲੇ ਨਹੀਂ ਹੁੰਦੇ ਸਨ। ਗਹਿਗੱਚ ਮੁਕਾਬਲਿਆਂ ਦੀਆਂ ਕਹਾਣੀਆਂ ਆਏ ਦਿਨ ਹੀ ਨਵੀਆਂ ਹੁੰਦੀਆਂ ਸਨ ਪੰਧੇਰ, ਚੋਖੜਾ, ਮੌਜੀਆ, ਜਗ੍ਹਾ ਰਾਮ ਤੀਰਥ, ਮਾਨਸਾ ਜਿਥੇ ਸੁਰੱਖਿਆ ਦਲਾਂ ਦਾ ਭਾਰੀ ਨੁਕਸਾਨ ਕਰਕੇ ਬਸ਼ੀਰ ਨਿਕਲਦਾ ਰਿਹਾ। ਜ਼ੁੰਮੇਵਾਰੀਆਂ, ਫਰਮਾਂ ਦੇ ਇਸ਼ਤਿਹਾਰ ਅਖ਼ਬਾਰਾਂ, ਰਸਾਲਿਆਂ ਵਿਚ ਆਮ ਛਪਣ ਲੱਗ ਪਏ।

ਪੁਲਿਸ ਨੇ ਬਸ਼ੀਰ ਦੇ ਸਾਰੇ ਰਿਸ਼ਤੇਦਾਰ ਚੁੱਕ ਲਏ। ਭੈਣਾਂ ਭਣੋਈਆਂ 'ਤੇ ਅੰਤਾਂ ਦਾ ਜ਼ੁਲਮ ਢਾਹਿਆ ਗਿਆ ਵੱਡੇ ਭਣੋਈਏ ਸਾਦਿਕ ਮੁਹੰਮਦ (ਪਿਤਾ ਬੱਟੀ ਪ੍ਰਵੀਨ ਕੌਰ, 'ਤੇ ਐਨਾ ਤਸ਼ੱਦਦ ਕੀਤਾ ਗਿਆ ਕਿ ਉਹ ਜੇਤਕੀਆ ਠਾਣੇ ਵਿਚ ਹੀ ਮਰ ਗਿਆ, ਜਿਸ ਨੂੰ ਬਾਅਦ ਵਿਚ ਲਾਵਾਰਸ ਕਰਾਰ ਦੇ ਕੇ ਸਾੜ ਦਿੱਤਾ ਗਿਆ, ਜ਼ੁਲਮ ਦੀ ਹੱਦ ਇਸ ਕਦਰ ਹੋਈ ਕਿ ਇਕ ਮੁਸਲਮਾਨ ਪ੍ਰਾਣੀ ਨੂੰ ਜ਼ਮੀਨਦੋਜ਼ ਕਰਨ ਦੀ ਬਜਾਏ ਸਾੜ ਦਿੱਤਾ ਗਿਆ। ਬਸ਼ੀਰ ਦੀ ਭੈਣ (ਮਾਤਾ ਪ੍ਰਵੀਨ ਕੌਰ) ਹਸਨ ਬੀਬੀ ,ਹੁਣ ਅੰਮ੍ਰਿਤ ਛਕ ਕੇ ਅਮਰਜੀਤ

ਕੌਰ 'ਤੇ ਹੋਏ ਜਬਰ ਜ਼ੁਲਮ ਦੀ ਦਰਦ ਕਹਾਣੀ ਮਨੁੱਖਤਾ ਲਈ ਇਕ ਕਲੰਕ ਹੈ।

'ਹਾਂ, ਹਾਂ ਬਸ਼ੀਰ ਮੇਰਾ ਭਰਾ ਹੈ ... ਤੁਸੀਂ ... ਹਰਾਮੀ ... ਕੁੱਤੇ ਹੋ ... ਕਾਇਰ ਹੋ ਇਕ ਅਬਲਾ ਔਰਤ 'ਤੇ ਗਿਆਰਾਂ ਗਿਆਰਾਂ ਜਣੇ ਜ਼ੁਲਮ ਢਾਹ ਰਹੇ ਹੋ, ਉਸ ਪਰਮਿੰਦਰ ਦੇ ਮੂੰਹੋਂ ਲਗੀ, ਫਿਰ ਹੈ।'

ਇਕ ਰਾਤ ਜਦੋਂ ਬੱਬਰਾਂ ਨੇ ਵਿਸਾਖੀ ਤੋਂ ਕੁਝ ਦਿਨ ਪਹਿਲਾਂ ਬੰਹ ਕੱਲ ਨਾਕਾ ਲਾਇਆ ਤਾਂ ਇਸ ਮੁੱਠਭੇੜ ਵਿਚ ਪੁਲਿਸ ਦਾ ਕਾਫੀ ਨੁਕਸਾਨ ਹੋ ਗਿਆ, ਅਗਲੇ ਦਿਨ ਸਰਦੂਲਗੜ੍ਹ ਠਾਣੇ ਦਾ ਠਾਣੇਦਾਰ ਮੱਲ ਸਿੰਘ ਬਸ਼ੀਰ ਦੀ ਮਾਤਾ ਨੂਰਾਂ ਨੂੰ ਕੇਸਾਂ ਤੋਂ ਫੜ ਕੇ ਘਸੀਟਦਾ ਜਦੋਂ ਪਿੰਡ ਵਿਚ ਦੀ ਲੈ ਕੇ ਗਿਆ ਤਾਂ ਬਸ਼ੀਰ ਦੀ ਇਕ ਬੜਕ ਨੇ, ਮਾਲਵੇ ਵਿਚ ਜੰਗ ਹੋਰ ਤੱਤੀ ਕਰ ਦਿੱਤੀ।

"ਮੇਰੀ ਮਾਂ ਨੂੰ ਨੰਗੇ ਸਿਰ ਲਿਆਂਦਾ ਹੈ, ਬੱਬਰ ਠਾਣਿਆਂ ਦੀ ਇੱਟ ਨਾਲ ਇੱਟ ਖੜਕਾ ਦੇਣਗੇ।" ਬੱਬਰਾਂ ਦੀ ਆਪਣੇ ਸਿੰਘਾਂ ਨੂੰ ਸਖ਼ਤ ਹਦਾਇਤ ਸੀ, ਪੁਲਿਸ ਚਾਹੇ ਖਾੜਕੂਆਂ ਦੇ ਪਰਿਵਾਰਾਂ ਰਿਸ਼ਤੇਦਾਰਾਂ ਨੂੰ ਜ਼ਲੀਲ-ਤੰਗ ਕਰ ਰਹੀ ਹੈ ਅਤੇ ਉਨ੍ਹਾਂ 'ਤੇ ਜ਼ੁਲਮ ਕਰ ਰਹੀ ਹੈ ਪਰ ਖਾੜਕੂ ਕਿਸੇ ਪੁਲਿਸ ਮੁਲਾਜ਼ਮ ਦੇ ਪਰਿਵਾਰ ਦਾ ਨੁਕਸਾਨ ਨਹੀਂ ਕਰਨਗੇ। ਮਾਲਵੇ ਵਿਚ ਉਹ ਸਮਾਂ ਵੀ ਆ ਗਿਆ ਸੀ ਜਦੋਂ ਪੁਲਿਸ ਮੁਲਾਜ਼ਮਾਂ ਦੇ ਪਰਿਵਾਰ ਹਿਜਰਤ ਕਰਕੇ ਪੁਲਿਸ ਲਾਈਨਾਂ ਵਿਚ ਆ ਗਏ ਸਨ। ਪੰਜਾਬ ਪੁਲਿਸ ਦੇ ਠਾਣਿਆਂ ਮੂਹਰੇ ਫੌਜ, ਸੀ ਆਰ ਪੀ, ਬੀ ਐਸ ਐਫ ਨੇ ਪੁਜ਼ੀਸ਼ਨਾਂ ਸੰਭਾਲ ਲਈਆਂ ਸਨ। ਜਿਸ ਦਿਨ ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਨੂੰ ਤਿਹਾੜ ਜੇਲ੍ਹ ਦਿੱਲੀ ਵਿਚ ਫਾਂਸੀ ਦਿੱਤੀ ਗਈ ਸੀ, ਉਸੇ ਹੀ ਰਾਤ ਮਾਲਵੇ ਵਿਚ ਇਕੱਤੀ ਦੇ ਕਰੀਬ ਪੁਲਿਸ ਮੁਲਾਜ਼ਮਾਂ, ਕੈਟਾਂ, ਮੁਖ਼ਬਰਾਂ, ਪੰਥ ਦੋਖੀਆਂ ਨੂੰ ਖਾੜਕੂਆਂ ਨੇ ਦਰੱਖ਼ਤਾਂ ਨਾਲ ਫਾਹੇ ਟੰਗ ਦਿੱਤਾ ਸੀ।

ਰਾਜ ਕਰ ਰਹੀਆਂ ਸਰਕਾਰਾਂ, ਵਿਰੋਧੀ ਪਾਰਟੀਆਂ, ਅਖ਼ਬਾਰਾਂ ਅੰਦਰ ਪੱਤਰਕਾਰ, ਮੀਡੀਆ ਅੱਜ ਚਾਹੇ ਕੌਮੀ ਅਜ਼ਾਦੀ ਦੀ ਮੰਗ ਨੂੰ ਜੋ ਮਰਜ਼ੀ ਲਿਖ ਦੇਣ ਸੱਚ ਤਾਂ ਇਹ ਹੈ

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

ਅਤੇ ਗੱਲ ਏਥੇ ਮੁਕਦੀ ਹੈ ਤੇ ਫਿਰ ਪੰਥਕ ਲੀਡਰਾਂ 'ਤੇ ਜਾ ਢੁਕਦੀ ਹੈ

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਜਦੋਂ ਬਸ਼ੀਰ ਦੀ ਪਤਨੀ ਨੂੰ ਬੱਚਾ ਹੋਣ ਵਾਲਾ ਸੀ ਤਾਂ ਸਾਰੇ ਹੀ ਸਿੰਘਾਂ ਨੇ ਸਲਾਹ ਦਿੱਤੀ ਕਿ ਬੀਬੀ ਨੂੰ ਕਿਸੇ ਸੁਰੱਖਿਅਤ ਟਿਕਾਣੇ 'ਤੇ ਪਹੁੰਚਾ ਦਿੱਤਾ ਜਾਵੇ ਜਦੋਂ ਭਗਵਾਨਪੁਰੇ ਦਾ ਇਕ ਨੌਜਵਾਨ ਇੰਦਰਜੀਤ ਸਿੰਘ ਉਰਫ ਮਿੰਟੂ ਬਸ਼ੀਰ ਮੁਹੰਮਦ ਅਤੇ ਉਸਦੀ ਪਤਨੀ ਨੂੰ ਪੱਛਮੀ ਬੰਗਾਲ ਅੰਦਰ ਕਲਕੱਤੇ ਦੇ ਤਿਲਜਲਾ ਇਲਾਕੇ ਵਿਚ ਇਕ ਕਿਰਾਏ ਦੇ ਮਕਾਨ ਵਿਚ ਛੱਡ ਕੇ ਵਾਪਸ ਆਇਆ ਤਾਂ ਸੀ ਆਈ ਡੀ ਦੇ ਡੀ ਐਸ ਪੀ ਜਗਜੀਤ

ਸਿੰਘ ਨੂੰ ਤਲਵੰਡੀ ਸਾਬੋ ਤੋਂ ਇਹ ਖੁਫੀਆ ਜਾਣਕਾਰੀ ਮਿਲ ਗਈ ਕਿ ਮਿੰਠੂ ਬਸ਼ੀਰ ਨੂੰ ਕਿਸੇ ਟਿਕਾਣੇ 'ਤੇ ਛੱਡ ਕੇ ਆਇਆ ਹੈ।

ਬਠਿੰਡਾ ਸਟਾਫ਼ ਨੇ ਇੰਦਰਜੀਤ ਸਿੰਘ ਮਿੰਠੂ ਨੂੰ ਚੁਕ ਲਿਆ, ਜੋ ਪੁਲਿਸ ਦਾ ਜਬਰ ਨਾ ਸਹਾਰ ਸਕਿਆ ਤੇ ਸਾਰੀ ਜਾਣਕਾਰੀ ਉਸ ਨੇ ਪੁਲਿਸ ਨੂੰ ਦੇ ਦਿੱਤੀ। ਬੱਸ ਫਿਰ ਕੀ ਸੀ। ਪੰਜਾਬ ਪੁਲਿਸ ਦੀ ਇਕ ਟੀਮ ਸਪੈਸ਼ਲ ਸ਼ੂਟਰਾਂ ਨਾਲ, ਜਿਸ ਵਿਚ ਪੰਜਾਬ ਤੋਂ ਬਾਹਰ ਦੇ ਗੈਂਗ ਕਿਲਰ ਵੀ ਸ਼ਾਮਲ ਸਨ, ਜਿਪਸੀਆਂ ਨਾਲ ਅਤੇ ਦੂਸਰੀ ਟੀਮ ਡੀ ਐਸ ਪੀ ਸੁਖਦੇਵ ਸਿੰਘ ਚਾਹਲ ਨਾਲ ਹਵਾਈ ਜਹਾਜ਼ ਰਾਹੀਂ ਕਲਕੱਤੇ ਨੂੰ ਰਵਾਨਾ ਹੋ ਗਈ।

17 ਮਈ ਸੰਨ 1993 ਦਿਨ ਸੋਮਵਾਰ ਨੂੰ ਸਵੇਰੇ ਚਾਰ ਵਜੇ ਦੇ ਕਰੀਬ ਪੰਜਾਬ ਪੁਲਿਸ ਦੇ ਮਿਜ਼ਾਈਲ ਦਸਤੇ ਨੇ ਮਿੰਠੂ ਨੂੰ ਨਾਲ ਲੈ ਕੇ ਤਿਲਜਲਾ ਇਲਾਕੇ 'ਚ ਭਾਈ ਬਸ਼ੀਰ ਦੇ ਟਿਕਾਣੇ 'ਤੇ ਹੱਲਾ ਬੋਲ ਦਿੱਤਾ। ਭਾਈ ਬਸ਼ੀਰ ਨੂੰ ਸੰਭਲਣ ਦਾ ਕੋਈ ਮੌਕਾ ਨਹੀਂ ਦਿੱਤਾ ਗਿਆ। ਪਹਿਲੇ ਹੀ ਬਰਸਟ ਵਿਚ ਉਹ ਢੇਰੀ ਹੋ ਗਏ ਤੇ ਉਨ੍ਹਾਂ ਦੀ ਪਤਨੀ ਸਖ਼ਤ ਜ਼ਖ਼ਮੀ ਹੋ ਗਈ। ਕੁਝ ਮਿੰਟਾਂ ਵਿਚ ਹੀ ਲਾਸ਼ ਨੂੰ ਵੈਨ ਵਿਚ ਅਤੇ ਪਤਨੀ ਨੂੰ ਘੜੀਸ ਕੇ ਜਿਪਸੀ ਵਿਚ ਸੁੱਟ ਲਿਆ ਗਿਆ। ਇਸ ਕਹਿਰ ਦੀ ਤ੍ਰਾਸਦੀ ਇਤਨੀ ਕਰੁਣਾਮਈ ਸੀ ਕਿ ਬਾਦ ਵਿਚ ਸੁਣਨ ਵਾਲੇ ਵੀ ਸੁੰਨ ਹੋ ਗਏ। ਬੀਬੀ ਦੇ ਪੇਟ ਵਿਚ ਅੱਠ ਮਹੀਨਿਆਂ ਦਾ ਬੱਚਾ ਸੀ ਅਤੇ ਉਹ ਸਖ਼ਤ ਜ਼ਖ਼ਮੀ ਹਾਲਤ ਵਿਚ ਜਿਪਸੀ ਵਿਚ ਸੁੱਟੀ ਹੋਈ ਸੀ। ਕਹਿਰਾਂ ਦੀਆਂ ਘੜੀਆਂ ਹੋਰ ਵੀ ਵਿਆਕੁਲ ਹੋ ਗਈਆਂ ਜਦੋਂ ਬੀਬੀ ਨੂੰ ਬੱਚੇ ਸਮੇਤ ਜਿਪਸੀ ਵਿਚ ਹੀ ਗੋਲੀਆਂ ਮਾਰ ਕੇ ਖਤਮ ਕਰ ਦਿੱਤਾ ਗਿਆ। ਇਸ ਸਾਰੀ ਕਾਰਵਾਈ ਨੂੰ ਪੰਦਰਾਂ ਮਿੰਟ ਦਾ ਸਮਾਂ ਵੀ ਨਹੀਂ ਲੱਗਾ। ਬੰਗਾਲ ਦੀ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਜਿਪਸੀਆਂ ਪੱਛਮੀ ਬੰਗਾਲ ਦਾ ਬਾਰਡਰ ਟੱਪ ਗਈਆਂ। ਬਾਰਡਰ ਸੀਲ ਕਰਨ ਅਤੇ ਗੋਲੀਬਾਰੀ ਦੀ ਕਾਰਵਾਈ ਦੇ ਪੰਚਨਾਮੇ ਬਾਅਦ ਵਿਚ ਬਣਦੇ ਰਹੇ।

ਇਸ ਦਰਦਨਾਕ ਕਾਂਡ ਦਾ ਪਤਾ ਉਦੋਂ ਲੱਗਾ ਜਦੋਂ ਬਸ਼ੀਰ ਦਾ ਦੂਜਾ ਸਾਥੀ ਸਵਰਨ ਸਿੰਘ ਇਸ ਵਾਰਦਾਤ ਤੋਂ ਅਗਲੇ ਦਿਨ ਉਥੇ ਪੁੱਜਾ। ਇਲਾਕੇ ਦੇ ਲੋਕ ਉਸ ਨੂੰ ਪਹਿਚਾਣਦੇ ਸਨ। ਕਿਉਂਕਿ ਉਹ ਉਥੇ ਪਹਿਲਾਂ ਵੀ ਕਈ ਵਾਰ ਆਇਆ ਸੀ। ਲੋਕਾਂ ਨੇ ਸਵਰਨ ਸਿੰਘ ਨੂੰ ਘੇਰ ਕੇ ਸਥਾਨਕ ਪੁਲਿਸ ਨੂੰ ਫੜਾ ਦਿੱਤਾ, ਬੰਗਾਲ ਪੁਲਿਸ ਦੇ ਪੈਰਾਂ ਹੇਠੋਂ ਮਿੱਟੀ ਕਿਰਨ ਲੱਗੀ ਜਦੋਂ ਉਸ ਨੂੰ ਸਵਰਨ ਸਿੰਘ ਤੋਂ ਪਤਾ ਲੱਗਾ ਕਿ ਪੰਜਾਬ ਪੁਲਿਸ ਵਾਲੇ ਹਮਲਾ ਕਰਕੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਲੈਫਟੀਨੈਂਟ ਜਨਰਲ ਲੱਛਮਣ ਸਿੰਘ ਬੱਬਰ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਰਾਣੀ ਕੌਰ ਬੱਬਰ ਨੂੰ ਮਾਰ ਕੇ ਲਾਸ਼ਾਂ ਚੁੱਕ ਕੇ ਨਾਲ ਲੈ ਗਏ ਹਨ। ਅਸਲ ਵਿਚ ਸਵਰਨ ਸਿੰਘ ਨੂੰ ਇੰਦਰਜੀਤ ਮਿੰਠੂ ਬਾਰੇ ਪਤਾ ਲੱਗ ਗਿਆ ਸੀ ਕਿ ਉਸ ਨੂੰ ਪੁਲਿਸ ਨੇ ਚੁਕ ਲਿਆ ਹੈ ਤੇ ਉਹ ਹੁਣ ਬਸ਼ੀਰ ਨੂੰ ਫੜਾਏਗਾ। ਸਵਰਨ ਸਿੰਘ ਚਾਹੁੰਦਾ ਸੀ ਉਹ ਕਲਕੱਤੇ ਜਾ ਕੇ ਬਸ਼ੀਰ ਹੋਰਾਂ ਨੂੰ ਸੂਚਿਤ ਕਰੇ ਪਰ ਉਸ ਦੇ ਕਲਕੱਤੇ ਪਹੁੰਚਣ ਤੋਂ ਪਹਿਲਾਂ ਹੀ ਇਹ ਦਰਦਨਾਕ ਕਹਾਣੀ ਵਾਪਰ ਚੁੱਕੀ ਸੀ। ਸਵਰਨ ਸਿੰਘ ਆਪ ਵੀ ਕਲਕੱਤੇ ਫੜਿਆ ਗਿਆ ਸੀ।

ਬਠਿੰਡਾ ਪੁਲਿਸ ਨੇ ਬਸ਼ੀਰ ਨੂੰ ਮਾਰਨ ਤੋਂ ਬਾਅਦ ਇੰਦਰਜੀਤ ਸਿੰਘ ਮਿੰਠੂ ਵਾਸੀ

ਭਗਵਾਨਪੁਰਾ ਨੂੰ ਵੀ ਲਾਪਤਾ ਕਰ ਦਿੱਤਾ। ਬੰਗਾਲ ਪੁਲਿਸ ਨੇ ਪੰਜਾਬ ਪੁਲਿਸ ਦੇ ਸੂਹਰ ਦਸਤੇ ਤੇ ਇਸ ਦੇ ਮੁਖੀ ਡੀ ਐਸ ਪੀ ਸੁਖਦੇਵ ਸਿੰਘ ਚਾਹਲ ਉਪਰ ਕਤਲ ਕਰਨ, ਲਾਸ਼ਾਂ ਨੂੰ ਖੁਰਦ ਬੁਰਦ ਕਰਨ ਦਾ ਕੇਸ ਦਰਜ ਕਰ ਲਿਆ ਸੀ ਜਿਸ ਵਿਚ ਹੇਠਲੀ ਸੈਸ਼ਨ ਕੋਰਟ ਤੋਂ ਬਾਦ ਸੁਪਰੀਮ ਕੋਰਟ ਨੇ ਇਨ੍ਹਾਂ ਕਾਤਲ ਦਸਤਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ ਕਮਾਲ ਦੀ ਗੱਲ ਇਹ ਹੈ ਕਿ ਇਸ ਤੋਂ ਪਿਛੋਂ ਬਣੀ ਬਾਦਲ ਸਰਕਾਰ ਨੇ ਡੀ ਐਸ ਪੀ ਚਾਹਲ ਅਤੇ ਇਸ ਦੇ ਕਾਤਲ ਦਸਤੇ ਨੂੰ ਸਜ਼ਾ ਤੋਂ ਬਚਾਉਣ ਲਈ ਸਾਰੀ ਕਾਨੂੰਨੀ ਕਾਰਵਾਈ ਦਾ ਲੱਖਾਂ ਰੁਪਇਆ ਸਰਕਾਰੀ ਖਰਚੇ 'ਚ ਕੀਤਾ ਪੱਛਮੀ ਬੰਗਾਲ ਹਾਈਕੋਰਟ ਤੇ ਸੁਪਰੀਮ ਕੋਰਟ ਦਿੱਲੀ ਵਲੋਂ ਬਰਕਰਾਰ ਰੱਖੀ ਉਮਰ ਕੈਦ ਦੀ ਸਜ਼ਾ ਨੂੰ ਦੇਸ਼ ਦੇ ਰਾਸ਼ਟਰਪਤੀ ਨੇ ਤਰਸ ਦੀ ਭਾਵਨਾ ਤਹਿਤ ਮਾਫ਼ ਕਰ ਦਿੱਤਾ। ਇਹ ਪੁਲਿਸ ਅਫ਼ਸਰ ਅੱਜ ਤਰੱਕੀਆਂ ਦਾ ਸਰਕਾਰੀ ਆਨੰਦ ਮਾਣ ਰਹੇ ਹਨ। ਬਸ਼ੀਰ ਮੁਹੰਮਦ ਦਾ ਪਰਿਵਾਰ, ਰਿਸ਼ਤੇਦਾਰ ਅੱਜ ਫਿਰ ਸਰਕਾਰੀ ਜ਼ਬਰ ਦਾ ਨਿਸ਼ਾਨਾ ਬਣ ਗਏ ਹਨ ਮੀਡੀਏ ਅੰਦਰ ਇਕ ਹੋਰ ਕਹਾਣੀ ਵੀ ਉਭਰੀ ਹੈ ਕਿ ਡੀ ਐਸ ਪੀ ਚਾਹਲ, ਜੋ ਹੁਣ ਐਸ ਐਸ ਪੀ ਹੈ ਅਤੇ ਬਾਦਲ ਸਰਕਾਰ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ, ਜੋ ਅਖੰਡ ਕੀਰਤਨੀ ਜਥੇ ਦੇ ਇਕ ਧੜੇ ਦੇ ਮੁਖੀ ਹਨ, ਆਪਸ ਵਿਚ ਦੋਵੇਂ ਅਤਿ ਨਜ਼ਦੀਕੀ ਰਿਸ਼ਤੇਦਾਰ ਵੀ ਹਨ।

ਹਿੰਦੁਸਤਾਨ ਦੇ ਰਾਸ਼ਟਰਪਤੀ ਕੋਲ ਜਾਬਰ ਪੁਲਿਸ ਵਾਲਿਆਂ ਨੂੰ ਮਾਫ਼ ਕਰਨ ਦਾ ਸਮਾਂ ਹੈ, ਜਿਨ੍ਹਾਂ ਨੇ ਦੇਸ਼ ਦੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ ਪਰ ਸਿੰਘ ਗੱਭਰੂਆਂ ਵਾਸਤੇ ਵੱਖਰਾ ਸੰਵਿਧਾਨ ਵੱਖਰਾ ਕਾਨੂੰਨ ਹੈ ਜੋ ਵਰ੍ਹਿਆਂ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ, ਫਾਂਸੀਆਂ ਉਡੀਕ ਰਹੇ ਹਨ ਪ੍ਰੋ. ਦਵਿੰਦਰਪਾਲ ਸਿੰਘ ਦਾ ਕੇਸ ਛੇ ਸਾਲ ਤੋਂ ਰਾਸ਼ਟਰਪਤੀ ਭਵਨ ਵਿਚ ਮੇਜ਼ 'ਤੇ ਪਿਆ ਹੈ। ਹਰ ਵੀ ਦੇਖੋ ਪੁਲਿਸ ਨੇ ਬਸ਼ੀਰ ਮੁਹੰਮਦ ਸਿਪਾਹੀ ਉਰਫ ਲੱਛਮਨ ਸਿੰਘ ਬੱਬਰ ਨੂੰ ਭਗੌੜਾ ਬਣਾ ਕੇ ਉਸ ਦੀ ਤਸਵੀਰ ਜ਼ਰੂਰੀ ਲੜੀਂਦੇ ਅਪਰਾਧੀ (Most Wanted) ਵਿਅਕਤੀਆਂ ਦੀ ਸੂਚੀ ਵਿਚ ਲਾਈ ਹੋਈ ਹੈ। ਬੜੀ ਹੀ ਸਾਜ਼ਿਸ਼ੀ ਯੋਜਨਾ ਤਹਿਤ ਪੰਜਾਬ ਪੁਲਿਸ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਦਿੱਲੀ ਹਰਿਆਣਾ ਦੇ ਸਪੈਸ਼ਲ ਟਾਰਚਰ ਸੈੱਲ ਪੰਜਾਬ ਵਿਚੋਂ ਅੰਮ੍ਰਿਤਧਾਰੀ ਨੌਜਵਾਨ ਬੱਚੇ ਬੱਚੀਆਂ ਨੂੰ ਚੁੱਕ ਰਹੇ ਹਨ। ਕੀ ਝੂਠੇ ਪੁਲਿਸ ਮੁਕਾਬਲਿਆਂ ਦੀ ਮਾਹਿਰ ਪੰਜਾਬ ਪੁਲਿਸ ਵਲੋਂ ਹੁਣ ਪੰਜਾਬ ਵਿਚੋਂ ਬੱਬਰ ਨਹੀਂ ਫੜ ਹੁੰਦੇ? ਜੋ ਫਿਰ ਦਿੱਲੀ, ਹਰਿਆਣੇ ਵਾਲੇ ਚੁਪ ਚੁਪੀਤੇ ਬਿਨਾਂ ਨੰਬਰ ਪਲੇਟਾਂ ਵਾਲੀਆਂ ਗੱਡੀਆਂ ਵਿਚ ਆ ਕੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਨੂੰ ਚੁੱਕ ਕੇ ਲੈ ਜਾਂਦੇ ਹਨ। ਕੀ ਇਹ ਮਨੁੱਖੀ ਬੰਬ ਫਟਦੇ ਨਹੀਂ?

ਅੱਜ ਸਾਡੇ ਸਾਹਮਣੇ ਬਸ਼ੀਰ ਮੁਹੰਮਦ ਬੱਬਰ ਦੀ ਕੁਰਬਾਨੀ, ਪਰਿਵਾਰ ਤੇ ਰਿਸ਼ਤੇਦਾਰਾਂ ਦੀ ਕੁਰਬਾਨੀ ਬਹੁਤ ਸਵਾਲ ਖੜ੍ਹੇ ਕਰ ਰਹੀ ਹੈ। ਇਕ ਪਾਸੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਅਤੇ ਸਿੱਖ ਜਥੇਬੰਦੀਆਂ ਸਰਸੇ ਵਾਲੇ ਸਾਧ ਨੂੰ ਮਾਰਨ ਵਾਲੇ ਨੂੰ ਸੋਨੇ ਨਾਲ ਤੋਲਣ ਦੀ ਦੁਹਾਈ ਪਾ ਕੇ ਨੌਜਵਾਨਾਂ ਨੂੰ ਭੜਕਾ ਰਹੀਆਂ ਹਨ, ਦੂਜੇ ਪਾਸੇ ਬੀਤੇ ਵਰ੍ਹਿਆਂ ਦੇ ਅੱਲ੍ਹੇ ਜ਼ਖ਼ਮ ਅਜੇ ਵੀ ਰਿਸ ਰਹੇ ਹਨ। ਵਰ੍ਹਿਆਂ ਬਾਅਦ ਮਾਤਾ ਨੂਰਾਂ ਫਿਰ ਸਿੱਖ ਜਥੇਬੰਦੀਆਂ ਨੂੰ ਯਾਦ ਆ ਗਈ ਹੈ ਵਰ੍ਹਿਆਂ ਤੋਂ ਬਣੀ ਪ੍ਰਵੀਨ ਉਸਦਾ ਭਰਾ

ਉਸਦੀ ਮਾਤਾ ਟਰੱਸਟਾਂ ਵਿਚ ਰੁਲਦੀ ਕਿਸੇ ਨੂੰ ਨਹੀਂ ਦਿਸੀ। ਕਿਸੇ ਨੇ ਵੀ ਬਸ਼ੀਰ ਦੀ ਬੇਕਸੂਰ ਪਤਨੀ ਰਾਣੀ ਕੌਰ ਅਤੇ ਉਸ ਪੇਟ ਵਿਚ ਪਲ ਰਹੇ ਅੱਠ ਮਹੀਨਿਆਂ ਦੇ ਬੱਚੇ ਦੇ ਵਿਚ ਦੀ ਲੰਘੀਆਂ ਸਰਕਾਰੀ ਏ ਕੇ ਸੰਤਾਲੀ ਦੀਆਂ ਗੋਲੀਆਂ ਦਾ ਹਿਸਾਬ ਸਰਕਾਰ ਤੋਂ ਨਹੀਂ ਮੰਗਿਆ।

ਅਜ਼ਾਦੀ ਸੰਘਰਸ਼ ਦੌਰਾਨ ਪਿੰਡ ਭੰਮੇ ਕਲਾਂ ਦੀਆਂ ਗਲੀਆਂ 'ਚੋਂ, ਉਠੇ ਬੱਬਰ ਯੋਧਿਆਂ ਦੇ ਪਰਿਵਾਰ ਅੱਜ ਸਾਨੂੰ ਬਹੁਤ ਕੁਝ ਕਹਿੰਦੇ ਹਨ, ਜੇ ਕਿਸੇ ਨੇ ਕਿਸ ਇਕ ਪਰਿਵਾਰ ਦੀ ਚਾਰ ਛਿੱਲੜਾਂ ਦੀ ਮਦਦ ਕਰ ਦਿੱਤੀ ਤਾਂ ਸਿਆਸਤ ਨੇ ਇਨ੍ਹਾਂ ਪਰਿਵਾਰਾਂ ਨੂੰ ਮੁੱਲ ਲੈਣ ਦਾ ਯਤਨ ਕੀਤਾ।

ਜ਼ਮੀਨ ਜਾਇਦਾਦ ਦੀ ਸਰਦਾਰੀ ਵਾਲਾ ਬੱਬਰ ਗੁਰਬਖ਼ਸ਼ ਸਿੰਘ ਦਾ ਘਰ। ਬਸ਼ੀਰ ਮੁਹੰਮਦ ਬੱਬਰ ਅਤੇ ਗੁਰਬਖ਼ਸ਼ ਇਕੱਠੇ ਹੀ ਸੰਘਰਸ਼ ਵਿਚ ਕੁਦੇ ਸਨ। ਭਾਈ ਗੁਰਬਖਸ਼ ਸਿੰਘ ਬੱਬਰ ਰੂਪ ਬੱਸ ਸਟੈਂਡ 'ਤੇ ਘਰੇ ਵਿਚ ਆ ਗਿਆ ਤਾਂ ਉਸ ਨੇ ਸਾਇਨਾਈਡ ਖਾ ਲਈ ਪਰ ਜਿਉਂਦਾ ਪੁਲਿਸ ਦੇ ਹੱਥ ਨਹੀਂ ਆਇਆ ਭਾਈ ਗੁਰਬਖ਼ਸ਼ ਸਿੰਘ ਦੀ ਲਾਸ਼ 'ਤੇ ਪੰਜਾਬ ਪੁਲਿਸ ਦੇ ਬਹਾਦਰ ਸਿਪਾਹੀ ਘੰਟਿਆਂ ਬੱਧੀ ਪੁਜ਼ੀਸ਼ਨਾਂ ਲੈ ਕੇ ਗੋਲੀਆਂ ਮਾਰਦੇ ਰਹੇ। ਗੁਰਬਖਸ਼ ਦੀ ਸ਼ਹਾਦਤ ਤੋਂ ਤਿੰਨ ਸਾਲ ਬਾਅਦ ਉਸ ਦੇ ਗੁਰਸਿੱਖ ਭਰਾ ਭਾਈ ਜਰਨੈਲ ਸਿੰਘ ਨੂੰ ਜਦੋਂ ਪੰਚਾਇਤ ਨੇ ਇੰਸਪੈਕਟਰ ਗੁਰਜੀਤ ਸਿੰਘ ਕੋਲ ਮਾਨਸਾ ਥਾਣੇ ਪੇਸ਼ ਕਰਵਾਇਆ ਤਾਂ ਮੁੜ ਜਰਨੈਲ ਸਿੰਘ ਘਰੇ ਨਹੀਂ ਆਇਆ। ਪਤਾ ਨਹੀਂ ਪੁਲਿਸ ਨੇ ਕਿਥੇ ਲਾਵਾਰਸ ਬਣਾ ਕੇ ਖਪਾ ਦਿੱਤਾ। ਤੀਜੇ ਭਰਾ ਰੂਪ ਸਿੰਘ ਦਾ ਸਰੀਰ ਕੱਟ ਦਾ ਝੰਬਿਆ ਪਿਆ ਹੈ। ਉਹ ਤੁਰ ਕੇ ਪਿੰਡ ਭੰਮੇ ਦੀ ਸੱਥ ਤੱਕ ਜਾਣ ਜੋਗਾ ਨਹੀਂ ਇਕ ਹੋਰ ਨੌਜਵਾਨ ਭਾਈ ਕਸ਼ਮੀਰ ਸਿੰਘ ਬੱਬਰ ਜਿਸ ਦਾ ਲੂੰਆਂ ਲੂੰਆਂ ਮੂੰਹ ਅੱਜ ਵੀ ਉਸ ਦੇ ਪਰਿਵਾਰ ਨੂੰ, ਰੋਸ਼ ਪਾ ਰਿਹਾ ਹੈ, ਪਰਿਵਾਰ ਡਰਦਾ ਅੱਜ ਵੀ ਉਸ ਦੀ ਤਸਵੀਰ ਲੁਕ ਲੈਂਦਾ ਹੈ।

ਪਿੰਡ ਭੰਮੇ ਕਲਾਂ ਦੇ ਭਾਈ ਬਸ਼ੀਰ ਮਹੁੰਮਦ ਬੱਬਰ ਉਰਫ ਭਾਈ ਲਛਮਨ ਸਿੰਘ ਬੱਬਰ, ਭਾਈ ਗੁਰਬਖਸ਼ ਸਿੰਘ ਬੱਬਰ, ਭਾਈ ਕਸ਼ਮੀਰ ਸਿੰਘ ਬੱਬਰ, ਬੀਬੀ ਸ਼ਕੀਨਾ ਬੇਗਮ ਉਰਫ ਰਾਣੀ ਕੌਰ ਬੱਬਰ ਅਤੇ ਇਸ ਦੇ ਪੇਟ ਵਿਚ ਪਲ ਰਿਹਾ ਅੱਠ ਮਹੀਨਿਆਂ ਦਾ ਬੱਚਾ ਸ਼ਹੀਦ ਹੋਏ ਹਨ।

ਅੱਜ ਸਾਡਾ ਪੰਥਕ ਫਰਜ਼ ਹੈ, ਇਨ੍ਹਾਂ ਅਤੇ ਅਜ਼ਾਦੀ ਲਈ ਸ਼ਹੀਦ ਹੋਏ ਹੋਰਨਾਂ ਪਰਿਵਾਰਾਂ ਦੀ ਸਾਰ ਲੈਣ ਦਾ ਜੋ ਨਿਰਸੁਆਰਥ ਹੋਵੇ। ਸਾਨੂੰ ਇਨ੍ਹਾਂ ਦੀਆਂ ਕੁਰਬਾਨੀਆਂ ਦਾ ਲਾਹਾ ਨਹੀਂ ਖੱਟਣਾ ਚਾਹੀਦਾ। ਸ਼ਹਾਦਤਾਂ ਨੂੰ ਪ੍ਰਣਾ ਸਰੋਤ ਮੰਨ ਅਗਾਂਹ ਕੂ ਤ੍ਰਾਂਘ, ਸਿਖਣੀ ਚਾਹੀਦੀ ਹੈ।

ਬਸ਼ੀਰ ਮਹੁੰਮਦ ਭਾਵੇਂ ਇਕ ਅਹਿਮਦੀਆ ਮੁਸਲਿਮ ਪਰਿਵਾਰ ਵਿਚ ਪੈਦਾ ਹੋਇਆ ਪਰ ਸ਼ਹੀਦ ਭਾਈ ਫੌਜਾ ਸਿੰਘ ਦੇ ਸੰਗੀਆਂ ਸਾਥੀਆਂ ਦਾ ਗੂੜ੍ਹਾ ਪਿਆਰ ਅਤੇ ਉਨ੍ਹਾਂ ਦੀ ਜੀਵਨ ਸ਼ੈਲੀ ਤੋਂ ਉਹ ਇਤਨਾ ਪ੍ਰਭਾਵਤ ਸੀ ਕਿ ਉਹ ਉਨ੍ਹਾਂ ਦਾ ਹੀ ਹੋ ਗਿਆ ਤੇ ਖ਼ਾਲਸਾ ਪੰਥ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ।

ਜਗਦੀਸ਼ ਬੱਬਰ ਖ਼ਾਲਸਾ

# ਭਾਈ ਗੁਰਮੇਲ ਸਿੰਘ ਬੱਬਰ ਰਾਏਪੁਰ

ਭਾਈ ਗੁਰਮੇਲ ਸਿੰਘ ਦਾ ਜਨਮ ਸਤੰਬਰ 1957 ਵਿੱਚ ਪਿਤਾ ਸ: ਜੋਰਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਅਜਮੇਰ ਕੌਰ ਜੀ ਦੀ ਪਵਿੱਤਰ ਕੁੱਖੋਂ ਹੋਇਆ। ਆਪ ਜੀ ਦੇ ਦੋ ਭਰਾ ਅਤੇ ਦੋ ਭੈਣਾਂ ਹਨ ਮੁੱਢਲੀ ਪੜ੍ਹਾਈ ਪਿੰਡੋਂ ਹੀ ਪ੍ਰਾਪਤ ਕੀਤੀ ਅਤੇ ਮੈਟ੍ਰਿਕ ਵਿੱਚੋਂ ਚੰਗੇ ਨੰਬਰ ਹੋਣ ਕਾਰਨ ਆਪ ਜੀ ਨੂੰ ਪਿੰਡ ਦੀ ਸੁਸਾਇਟੀ ਵਿੱਚ ਬਤੌਰ ਸੈਕਟਰੀ ਨੌਕਰੀ ਮਿਲ ਗਈ। ਬਚਪਨ ਤੋਂ ਹੀ ਧਾਰਮਿਕ ਵਿਚਾਰ ਹੋਣ ਕਾਰਨ ਹਮੇਸ਼ਾਂ ਹੀ ਗੁਰੂ ਘਰਾਂ ਅੰਦਰ ਸੇਵਾ ਨੂੰ ਪਹਿਲ ਦਿੰਦੇ ਸਨ। ਖ਼ਾਸ ਕਰਕੇ ਕੀਰਤਨੀ ਸਮਾਗਮਾਂ ਵਿੱਚ ਬੜੇ ਚਾਅ ਨਾਲ ਆਪ ਜਾਣਾ ਅਤੇ ਸੰਗਤਾਂ ਨੂੰ ਵੀ ਪ੍ਰੇਰ ਕੇ ਲਿਜਾਂਦੇ ਸਨ। ਸੰਨ 1978 ਦੀ ਵਿਸਾਖੀ ਤੇ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਸਿੰਘਾਂ ਦੀਆਂ ਸ਼ਹਾਦਤਾਂ ਨੇ ਆਪ ਜੀ ਨੂੰ ਇਤਨਾ ਕੁ ਗੰਭੀਰ ਕਰ ਦਿੱਤਾ ਸੀ ਕਿ ਆਪ ਦਾ ਮਨ ਘਰੋਂ ਉਚਾਟ ਰਹਿਣ ਲੱਗ ਪਿਆ। ਆਪ ਜੀ ਸੰਨ 1982 ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਵਿਖੇ ਖਾੜਕੂ ਸਿੰਘਾਂ ਨਾਲ ਮੇਲਮਿਲਾਪ ਬਣਾ ਜ਼ਿਆਦਾ ਸਮਾਂ ਉਥੇ ਰਹਿਣ ਲੱਗ ਪਏ ਸਨ ਜਦੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਜੀ ਉੱਪਰ ਹਮਲਾ ਹੋਇਆ ਤਾਂ ਆਪ ਜੀ ਪੂਰਨ ਰੂਪ ਵਿੱਚ ਬੱਬਰਾਂ ਵਿੱਚ ਸ਼ਾਮਿਲ ਹੋ ਗਏ ਅਤੇ ਜੁਝਾਰੂਆਂ ਦੇ ਦੁਸ਼ਟ ਸੋਧ ਮੁੱਖੀ ਵਿੱਚ ਸੇਵਾ ਕਰਨ ਲੱਗ ਪਏ ਸਨ

ਜਦੋਂ ਗੁਰਸਿੱਖ ਸੰਸਥਾ ਦੀ ਟੀਮ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਮਿਲਣ ਦੀ ਕੜੀ ਤਹਿਤ ਸ਼ਹੀਦ ਭਾਈ ਗੁਰਮੇਲ ਸਿੰਘ ਦੇ ਪਿੰਡ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਪਹੁੰਚੀ ਤਾਂ ਪਿੰਡ ਦੀ ਜੂਹ ਤੋਂ ਹੀ ਉਸ ਯੋਧੇ ਦੀਆਂ ਕਹਾਣੀਆਂ ਸੁਣਨ ਨੂੰ ਮਿਲ ਗਈਆਂ। ਮੋੜ 'ਤੇ ਖੜੀ ਇਕ ਬੀਬੀ ਤੋਂ ਭਾਈ ਸਾਹਿਬ ਜੀ ਦੀ ਜ਼ਿੰਦਗੀ ਬਾਰੇ ਪੁੱਛਿਆ ਤਾਂ ਉਸ ਭੈਣ ਨੇ ਅੱਖਾਂ ਭਰਦਿਆਂ ਕਿਹਾ "ਵੀਰ ਸੈਕਟਰੀ ਇਕੱਲੇ ਰਾਏਪੁਰ ਦੀਆਂ ਭੈਣਾਂ ਦਾ ਹੀ ਭਰਾ ਨਹੀਂ ਸੀ, ਇਲਾਕੇ ਦੇ ਪੰਜਾਹ ਪਿੰਡਾਂ ਦੀਆਂ ਭੈਣਾਂ ਦੇ ਸਿਰੋਂ ਭਰਾ ਉਠ ਗਿਆ।" ਭਾਈ ਸਾਹਿਬ ਜੀ ਨੂੰ ਸ਼ਹੀਦ ਹੋਇਆਂ ਭਾਵੇਂ 14 ਸਾਲ ਹੋ ਗਏ ਹਨ ਪਰ ਉਸ ਯੋਧੇ ਦੀ ਕੁਰਬਾਨੀ ਨੂੰ ਇਲਾਕਾ ਬੜੇ ਫ਼ਖ਼ਰ ਨਾਲ ਯਾਦ ਕਰਦਾ ਹੋਇਆ ਅਖੌਤੀ ਪੰਥਕ ਲੀਡਰਾਂ ਨੂੰ ਲਾਹਨਤਾਂ ਵੀ ਪਾਉਂਦਾ ਹੈ। ਕੋਈ ਸਮਾਂ ਸੀ ਬੂੰਦੜ ਵਰਗੇ ਕਹਿੰਦੇ ਕਹਾਉਂਦੇ ਬਾਦਲੀਏ ਲੀਡਰ ਭਾਈ ਗੁਰਮੇਲ ਸਿੰਘ ਨੂੰ ਮਿਲਣ ਲਈ ਲਲਕੜੀਆਂ ਕੱਢਦੇ ਫਿਰਦੇ ਸਨ। ਅੱਜ ਉਸ ਘਰ ਦੀ ਤ੍ਰਾਸਦੀ ਭਰੀ ਹਾਲਤ ਉੱਪਰ ਕਿਸ ਨੇ ਹਾਅ ਨਹੀਂ ਮਾਰੀ।

ਪਿੰਡ ਰਾਏਪੁਰ ਦੀਆਂ ਸੱਥਾਂ ਵਿੱਚ ਆਮ ਹੀ ਗੱਲ ਚਲਦੀ ਹੈ, ਜੇ ਇਹ ਲੀਡਰ ਕੁਝ ਵੀ ਨਹੀਂ ਕਰ ਸਕਦੇ ਤਾਂ ਐਂਖ-ਸੌਖ ਜੋ ਲਹੂ ਇਹਨਾਂ ਸ਼ਹੀਦਾਂ ਦਾ ਡੁਲ ਚੁੱਕਾ ਹੈ, ਇਸ ਨੂੰ ਹੀ ਸੰਭਾਲ ਲੈਂਦੇ, ਫਿਰ ਇਹ ਪੰਥਕ ਕਹਾਉਣ ਜੋਗੇ ਤਾਂ ਰਹਿੰਦੇ। ਪਰ ਇਹ ਲੀਡਰ ਤਾਂ ਹੁਣ ਤੱਕ ਇਹ ਹੀ ਸਿੱਧ ਕਰਨ ਦੀ ਵਾਹ ਲਾਉਂਦੇ ਆ ਰਹੇ ਹਨ ਕਿ ਇਹ ਲੁਟੇਰੇ ਸਨ

ਕੋਈ ਧਰਮੀ ਬੰਦੇ ਨਹੀਂ ਸਨ। "ਪਰ ਸਾਡੇ ਪਿੰਡ ਦੇ ਭਾਈ ਗੁਰਮੇਲ ਸਿੰਘ ਦਾ ਘਰ ਹੀ ਦੇਖ ਲਵੋ, ਪਰਿਵਾਰ ਹੀ ਦੇਖ ਲਵੋ। ਇਲਾਕੇ ਵਿਚੋਂ ਕੋਈ ਬਾਂਹ ਕੱਢ ਕੇ ਕਹਿ ਦੇਵੇ, ਕੋਈ ਧੀ ਕਹਿ ਦੇਵੇ, ਕੋਈ ਦੁਕਾਨ ਵਾਲਾ ਕਹਿ ਦੇਵੇ ਭਾਈ ਗੁਰਮੇਲ ਸਿੰਘ ਚੰਗਾ ਨਹੀਂ ਸੀ, ਮੈਂ ਹੁਣੇ ਸਿਰ ਵਢਾਉਣ ਨੂੰ ਤਿਆਰ ਹਾਂ।" ਛੱਪੜ ਦੇ ਕੰਢੇ ਉੱਪਰ ਇਕ ਬਿਰਧ ਤਾਰਾ ਸਿੰਘ ਨੇ ਛੱਪੜ ਵਿੱਚੋਂ ਮੱਝਾਂ ਨੂੰ ਪਾਣੀ ਪਿਆਉਂਦੇ ਨੇ ਧਾਂਹੀ ਰੋਂਦੇ ਨੇ ਸਾਡੀ ਟੀਮ ਨੂੰ ਕਿਹਾ।

ਭਾਈ ਗੁਰਮੇਲ ਸਿੰਘ ਜੀ ਨੇ ਕੌਮ ਦੀ ਆਜ਼ਾਦੀ ਲਈ ਘਰ ਪਰਿਵਾਰ ਛੱਡ ਦਿੱਤਾ। ਜਬਰ ਜ਼ੁਲਮ ਦੀ ਹਨੇਰੀ ਇਸ ਪਰਿਵਾਰ ਉੱਪਰ ਝੁੱਲਣ ਲੱਗ ਪਈ। ਸਾਰੇ ਰਿਸ਼ਤੇਦਾਰ, ਪਰਿਵਾਰ ਪੁਲਿਸ ਨੇ ਸਟਾਫ਼ਾਂ ਵਿਚ ਬੰਦ ਕਰ ਦਿੱਤੇ। ਭਾਈ ਸਾਹਿਬ ਜੀ ਦੇ ਭਰਾ ਗੁਰਜੰਟ ਸਿੰਘ ਨੂੰ ਲੱਧਾ ਕੋਠੀ ਵਿੱਚ ਪੁੱਠਾ ਟੰਗੀ ਰੱਖਿਆ। ਤਸ਼ੱਦਦ ਨਾਲ ਸਰੀਰ ਬੇਕਾਰ ਹੋਇਆ ਪਿਆ ਹੈ ਉਹ ਕੋਈ ਕੰਮ ਨਹੀਂ ਕਰ ਸਕਦਾ। ਉਸ ਦੇ ਟੁੱਟੇ ਭੱਜੇ ਸਰੀਰ ਵਿੱਚੋਂ ਅੱਜ ਵੀ ਮਾਣ ਸਵੈਮਾਣ ਦੀ ਝਲਕ ਮਿਲਦੀ ਹੈ, ਉਹ ਬੜੇ ਮਾਣ ਨਾਲ ਕਹਿੰਦਾ ਹੈ "ਭਰਾ ਦੀ ਸ਼ਹੀਦੀ 'ਤੇ ਜਿੰਨਾ ਮਾਣ ਕਰ ਲਵਾਂ ਥੋੜ੍ਹਾ ਹੈ, ਉਸ ਪਿੱਛੇ ਜੋ ਜ਼ੁਲਮ ਅਸੀਂ ਝੱਲ ਲਏ ਕੋਈ ਦੁੱਖ ਨਹੀਂ, ਸਰਕਾਰ ਨੇ ਤਾਂ ਜ਼ੁਲਮ ਕਰਨਾ ਹੀ ਸੀ ਪਰ ਪਿੰਡਾਂ ਵਿੱਚ ਬੈਠੀਆਂ ਕਾਲੀਆਂ ਭੇਡਾਂ ਨੇ ਵੀ ਪਰਿਵਾਰਾਂ ਨਾਲ ਘੱਟ ਨਹੀਂ ਗੁਜ਼ਾਰੀ। ਸਾਡੇ ਘਰ ਪੁਲਿਸ ਚੌਕੀ ਬਣੀ ਰਹੀ, ਫਿਰ ਵੀ ਇਲਾਕੇ ਨੇ ਰੱਜਵਾਂ ਸਤਿਕਾਰ ਦਿੱਤਾ। ਹਰ ਖੇਤਰ ਵਿੱਚ ਥੋੜ੍ਹੀ ਘਣੀ ਗੱਦਾਰੀ ਤਾਂ ਹੁੰਦੀ ਹੀ ਹੈ ਜੋ ਆਪਣੀ ਕਮੀਨਗੀ ਕਰ ਜਾਂਦੀ ਹੈ, ਸਾਡੀ ਤਾਂ ਗੁਰੂ ਉੱਪਰ ਟੇਕ ਹੈ ਜਾਂ ਗੁਰੂ ਵਾਲਿਆਂ ਉੱਪਰ। ਭਾਈ ਗੁਰਮੇਲ ਲੋਕਾਂ ਦੇ ਹੱਕਾਂ ਖ਼ਾਤਰ ਲੜਿਆ ਸੀ, ਉਸ ਕੋਈ ਮਾੜਾ ਕੰਮ ਨਹੀਂ ਕੀਤਾ।"

ਭਾਈ ਸਾਹਿਬ ਜੀ ਦੇ ਭਰਾ ਗੁਰਜੰਟ ਸਿੰਘ ਦੇ ਬੋਲਾਂ ਵਿੱਚ ਇਕ ਦਰਦ ਸੀ, ਇਕ ਵੰਗਾਰ ਸੀ। ਘਰ ਦੀ ਮੰਦੀ ਹਾਲਤ, ਗੁਰਬਤ ਘਰ ਦੇ ਬੂਹੇ ਨਾਲ ਖੜੀ ਹੈ ਭਰਾ ਗੁਰਜੰਟ ਸਿੰਘ ਪਾਣੀ ਦੀ ਵਾਰੀ 'ਤੇ ਹੁਣ ਗੇੜਾ ਮਾਰਨ ਤੋਂ ਵੀ ਅਸਮਰੱਥ ਹੈ। ਭਾਈ ਸਾਹਿਬ ਜੀ ਦੇ ਮਾਤਾ ਜੀ ਦਾ ਗੁਰਮੇਲ ਪ੍ਰਤੀ ਪਿਆਰ ਇਸ ਕਦਰ ਉਮੜਦਾ ਹੈ ਕਿ ਉਹ ਉਹਨਾਂ ਦੀ ਬੇਟੀ ਵੀਰਪਾਲ ਅਤੇ ਬੇਟੇ ਸੁਖਮਿਲਾਪ ਨੂੰ ਆਪਣੀ ਹਿੱਕ ਨਾਲ ਹੀ ਲਾਈ ਰੱਖਦੇ ਹਨ। ਹੁਣ ਤਾਂ ਇਹ ਹੀ ਮੇਰੇ ਲਈ ਗੁਰਮੇਲ ਹਨ। ਮਾਤਾ ਜੀ ਨੇ ਦੱਸਿਆ, 'ਇਕ ਰਾਤ ਗੁਰਮੇਲ ਸਿੰਘ ਘਰੇ ਮਿਲਣ ਆਏ ਤਾਂ ਬੇਟੀ ਵੀਰਪਾਲ ਜੋ ਉਸ ਸਮੇਂ ਸਿਰਫ਼ 4 ਸਾਲ ਦੀ ਸੀ ਨੂੰ ਜਦੋਂ ਗੁਰਮੇਲ ਸਿੰਘ ਨੇ ਗੋਦੀ ਚੁੱਕਿਆ ਤੇ ਬੇਟੀ ਨੇ ਬੱਚਿਆਂ ਦੀ ਆਦਤ ਮੁਤਾਬਕ ਭਾਈ ਸਾਹਿਬ ਜੀ ਦੀ ਜੇਬ ਨੂੰ ਹੱਥ ਪਾਇਆ ਤਾਂ ਭਾਈ ਗੁਰਮੇਲ ਸਿੰਘ ਨੇ ਹੱਸਦਿਆਂ ਕਿਹਾ, "ਪੁੱਤ ਹੁਣ ਇਹ ਜੇਬ ਖ਼ਾਲਸਾ ਪੰਥ ਦੀ ਅਮਾਨਤ ਹੈ, ਇਸ ਜੇਬ ਵਿੱਚ ਤੇਰੇ ਲਈ ਕੁਝ ਵੀ ਨਹੀਂ ਹੈ।" ਅੱਜ ਬੇਟੀ 17 ਸਾਲ ਦੀ ਹੈ ਜੋ ਆਪਣੀਆਂ ਸਹੇਲੀਆਂ ਨੂੰ ਪੜ੍ਹਨ ਜਾਂਦਿਆਂ ਵੇਖ ਕੇ ਘਰ ਵੜ ਕੇ ਆਪਣੀ ਦਾਦੀ ਦੀ ਬੁੱਕਲ ਵਿੱਚ ਹਟਕੋਰੇ ਲੈਣ ਲੱਗ ਪੈਂਦੀ ਹੈ, ਜੇਕਰ ਕਿਵੇਂ ਨਾ ਕਿਵੇਂ ਦਾਖਲਾ ਭਰਿਆ ਜਾਵੇ, ਮੈਂ ਘਰੇ ਹੀ ਪੜ੍ਹ ਲਵਾਂਗੀ। ਇਕ ਵਾਰ ਜਦੋਂ ਮਾਤਾ ਜੀ ਨੇ ਭਾਈ ਸਾਹਿਬ ਨੂੰ ਕਿਹਾ, "ਵੇ ਗੁਰਮੇਲ, ਤੇਰੇ ਬੱਚੇ ਹਰਵਾਂ

ਕਰਦੇ ਹਨ, ਤੂੰ ਘਰ ਆ ਜਾ।" ਅੱਗੋਂ ਭਾਈ ਸਾਹਿਬ ਨੇ ਉੱਤਰ ਦਿੱਤਾ, "ਬੇਬੇ ਮੈਂ 27 ਸਾਲ ਤੇਰੇ ਕੋਲ ਹੀ ਰਿਹਾ ਹਾਂ, ਹੁਣ ਤੂੰ ਇਹਨਾਂ ਨੂੰ ਪਾਲ, ਮੈਨੂੰ ਕੌਮ ਦੀ ਸੇਵਾ ਕਰਨ ਦੇ।" ਭਾਈ ਸਾਹਿਬ ਗੁਰਮੇਲ ਸਿੰਘ ਜੀ ਦੀ ਸ਼ਾਦੀ ਪਿੰਡ 'ਬਾਲਿਆਂ ਵਾਲੀ' ਦੇ ਸ. ਰਾਮ ਸਿੰਘ ਜੀ ਦੀ ਹੋਣਹਾਰ ਸਪੁੱਤਰੀ ਬੀਬੀ ਮਨਜੀਤ ਕੌਰ ਨਾਲ ਹੋਈ ਸੀ। ਗ੍ਰਹਿਸਥੀ ਜੀਵਨ ਦੀ ਸਾਂਝ ਨੂੰ ਉਹ ਬੜੇ ਭਾਵੁਕ ਬੋਲਾਂ ਵਿੱਚ ਨਿਖੜ ਕੇ ਆਪਣੀ ਸਿੰਘਣੀ ਨੂੰ ਕਹਿੰਦੇ, "ਭਾਗਾਂ ਵਾਲੀਏ, ਇਹ ਗੁਰੂ ਦੀ ਖੇਡ ਹੈ, ਹੁਣ ਤੂੰ ਆਪਣੀ ਨਿਭਾ, ਮੈਂ ਆਪਣੀ ਨਿਭੇੜਾਂਗਾ, ਮੇਰੀ ਖ਼ਾਤਰ ਤੂੰ ਜੋ ਕਸ਼ਟ ਝੱਲ ਰਹੀ ਹੈਂ, ਇਨ੍ਹਾਂ ਲਈ ਮੈਂ ਤੇਰੇ ਤੋਂ ਖਿਮਾ ਦੀ ਜਾਚਨਾ ਕਰਦਾ ਹਾਂ ਪਰ ਤੂੰ ਕਦੇ ਡੋਲੀ ਨਾ, ਤੁਹਾਡਾ ਸਾਰਿਆਂ ਦਾ ਫ਼ਿਕਰ ਉਸ (ਵਾਹਿਗੁਰੂ) ਨੂੰ ਹੀ ਹੈ।"

ਸ਼ਹੀਦ ਭਾਈ ਗੁਰਮੇਲ ਸਿੰਘ ਦਾ ਪਰਿਵਾਰ 17 ਲੱਖ ਦਾ ਕਰਜ਼ਾਈ ਹੈ। ਸਧਾਰਨ ਰੋਟੀ ਲਈ ਚਾਰ ਕਿਆਰੇ ਜੋ ਪੈਲੀ ਹੈ, ਉਸ ਨੂੰ ਵਾਹ ਕੇ ਗੁਜ਼ਾਰਾ ਹੈ। ਸ਼ਹੀਦ ਭਾਈ ਗੁਰਮੇਲ ਸਿੰਘ ਮਾਲਵਾ ਜ਼ੋਨ ਦੇ ਉਨ੍ਹਾਂ ਜੁਝਾਰੂਆਂ ਦਾ ਥੰਮ ਸੀ, ਜਿਨ੍ਹਾਂ ਨੇ ਹਥਿਆਰਾਂ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਵਿਚਾਰਾਂ ਅਤੇ ਗੁਰਮਤਿ ਸਿਧਾਂਤਾਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਜਦੋਂ ਵੀ ਮਾਲਵੇ ਅੰਦਰ ਜਥੇਬੰਦੀ ਦਾ ਕੋਈ ਕੰਮ ਅੜ ਜਾਂਦਾ ਤਾਂ ਜਥੇਬੰਦੀ ਭਾਈ ਗੁਰਮੇਲ ਸਿੰਘ ਹਰਾਂ ਦੇ ਜਥੇ ਤੋਂ ਸਹਿਯੋਗ ਮੰਗਦੀ ਸੀ। ਬੜੇ ਹੀ ਖ਼ੂਨ ਡੋਲਵਿਆਂ ਮੁਕਾਬਲਿਆਂ ਵਿੱਚ ਉਹ ਮੋਹਰੀ ਰਹੇ। ਆਪ ਜੀ ਨੂੰ ਆਪਣੇ ਪੁਰਾਣੇ ਸਾਥੀਆਂ ਸ਼ਹੀਦ ਭਾਈ ਮੇਜਰ ਸਿੰਘ ਨਰੂਆਣਾ ਅਤੇ ਸ਼ਹੀਦ ਭਾਈ ਬਲਦੇਵ ਸਿੰਘ ਨਰੂਆਣਾ ਦੀ ਯਾਦ ਹਮੇਸ਼ਾ ਖੱਟਕਦੀ ਰਹਿੰਦੀ ਸੀ। ਇਹ ਦੋਵੇਂ ਸਿੰਘ ਰਾਜਸਥਾਨ ਵਿੱਚ ਇਕ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ। ਆਪ ਜੀ ਦੇ ਨਜ਼ਦੀਕੀ ਸਾਥੀ ਸ਼ਹੀਦ ਭਾਈ ਗੁਰਬੋਧ ਸਿੰਘ ਭੋਮਕਲਾਂ, ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ, ਸ਼ਹੀਦ ਭਾਈ ਮਾਧਾ ਸਿੰਘ, ਸ਼ਹੀਦ ਭਾਈ ਹਰਭਜਨ ਸਿੰਘ ਮੰਡ ਫਲੌਰੀ ਸਨ। ਆਪ ਜੀ ਹਰ ਜਥੇਬੰਦੀ ਦਾ ਸਤਿਕਾਰ ਕਰਦੇ ਸਨ।

ਆਪ ਜੀ ਆਪਣੇ ਕਮਾਂਡੋ ਸਾਥੀਆਂ ਸ਼ਹੀਦ ਭਾਈ ਖੇਮ ਸਿੰਘ ਫੌਜੀ ਬਾਲਦ ਕਲਾਂ, ਸ਼ਹੀਦ ਭਾਈ ਪਰਮਜੀਤ ਸਿੰਘ ਫੂਲੇਵਾਲਾ, ਸ਼ਹੀਦ ਭਾਈ ਜੁਗਰਾਜ ਸਿੰਘ ਰਫ਼ੀਨ, ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਹੋਰਾਂ ਨਾਲ ਮਾਨਸਾ ਜ਼ਿਲ੍ਹੇ ਦੇ ਪਿੰਡ ਮੌਜੀਆਂ ਵਿਖੇ ਠਹਿਰ ਹੋਏ ਸਨ। 7 ਸਤੰਬਰ 1991 ਨੂੰ ਦਿਨ ਢਲਦੇ ਸਾਰ ਹੀ ਪਿੰਡ ਮੌਜੀਆਂ ਨੂੰ ਪੰਜਾਬ ਪੁਲਿਸ ਨੇ ਘੇਰ ਕੇ ਹਰ ਫੋਰਸ ਸੱਦ ਲਈ। ਇਕ ਘੰਟੇ ਅੰਦਰ ਹੀ ਬੀ ਐਸ ਐਫ਼ ਅਤੇ ਸੀ ਆਰ ਪੀ ਨੇ ਪਿੰਡ ਨੂੰ ਘੇਰਾ ਪਾ ਲਿਆ। ਪਿੰਡ ਅੰਦਰ ਚਿੜੀ ਵੀ ਫੱੜਕਣ ਨਹੀਂ ਦਿੱਤੀ ਜਾ ਰਹੀ ਸੀ। ਪੁਲਿਸ ਨੇ ਬਾਹਰੋਂ ਲਾਊਡ ਸਪੀਕਰ 'ਤੇ ਸਿੰਘਾਂ ਨੂੰ ਚੇਤਾਵਨੀ ਦੇ ਕੇ ਆਤਮ ਸਮਰਪਣ ਕਰਨ ਲਈ ਕਿਹਾ। ਅੱਗੋਂ ਯੋਧਿਆਂ ਨੇ ਵੀ ਲਲਕਾਰ ਦਿੱਤਾ ਕਿ ਅਸੀਂ ਘਰਾਂ ਵਿੱਚ ਨਹੀਂ ਲੜਾਂਗੇ ਸਗੋਂ ਰਣ ਖੇਤ ਵਿੱਚ ਖੁੱਲ੍ਹੇ ਮੈਦਾਨ ਤੁਹਾਡੇ ਨਾਲ ਦੋ ਹੱਥ ਕਰਾਂਗੇ। ਸਿੰਘਾਂ ਨੂੰ ਘੇਰੇ ਜਾਣ ਦੀ ਖ਼ਬਰ ਬਾਹਰਲੇ ਪਿੰਡਾਂ ਵਿੱਚ ਜਿਵੇਂ ਫੈਲੀ ਲੋਕ ਪਿੰਡ ਮੌਜੀਆਂ ਨੂੰ ਵਹੀਰਾਂ ਘੱਤ ਤੁਰੇ। ਟਰੱਕਾਂ, ਟਰਾਲੀਆਂ ਜਿਸ ਤਰ੍ਹਾਂ ਵੀ ਕਿਸੇ ਦੇ ਹੱਥ

ਕੁਝ ਆਇਆ ਲੋਕ ਤੁਰ ਪਏ। ਲੋਕਾਂ ਨੇ ਰਸਤੇ ਬੰਦ ਕਰ ਦਿੱਤੇ, ਬਾਹਰਲੇ ਪਿੰਡਾਂ ਵਿੱਚ ਗੁਰਦੁਆਰਾ ਸਾਹਿਬ ਜੀ ਦੇ ਸਪੀਕਰਾਂ ਤੋਂ ਸ਼ਰੇਆਮ ਸਰਕਾਰ ਨੂੰ ਲਲਕਾਰਿਆ ਜਾਣ ਲੱਗਾ। ਲੋਕਾਂ ਨੇ ਪਾਣੀ ਵਾਲੀ ਕੱਸੀ ਵੱਢ ਕੇ ਪੁਲਿਸ ਦੀਆਂ ਗੱਡੀਆਂ ਰੋਕ ਦਿੱਤੀਆਂ। ਦੋਹਾਂ ਕੰਧਾਰਾਂ ਮਾਰੂ ਧਸਾ ਖੜਕ ਪਿਆ ਸੀ। ਪੁਲਿਸ ਦੇ ਬੁਲਟ ਪਰੂਫ ਟਰੈਕਟਰ ਸਿੰਘਾਂ ਦੀਆਂ ਮਸ਼ੀਨਗੰਨਾਂ ਅਤੇ ਲਾਂਚਰਾਂ ਮੂਹਰੇ ਢਹਿ ਢੇਰੀ ਹੋ ਗਏ ਸਨ। ਸੀ.ਆਰ.ਪੀ. ਵਾਲੇ ਆਪਣੇ ਸਾਥੀਆਂ ਦੀਆਂ ਲਾਸ਼ਾਂ ਛੱਡ ਕੇ ਭੱਜ ਤੁਰੇ। ਅਖੀਰ ਫ਼ੌਜੀ ਪੈਰਾ ਕਮਾਂਡੋ ਸੱਦ ਲਏ। ਯੋਧਿਆਂ ਮੂਹਰੇ ਸਰਕਾਰੀ ਧਾੜ ਮੂੰਹ ਦੀ ਖਾਈ ਬੈਠੀ ਸੀ। ਭਾਈ ਗੁਰਮਲ ਸਿੰਘ ਹੁਰਾਂ ਨੇ ਆਪਣੇ ਸਾਥੀਆਂ ਨੂੰ ਘੇਰਾ ਤੋੜ ਕੇ ਨਿਕਲ ਜਾਣ ਦਾ ਹੁਕਮ ਦਿੱਤਾ। ਭਾਈ ਖੇਮ ਸਿੰਘ ਫ਼ੌਜੀ ਬਾਲਦ ਕਲਾਂ ਦੀਆਂ ਗੁਰੀਲਾ ਕਾਰਵਾਈਆਂ ਨੇ ਦੁਸ਼ਮਣ ਦੇ ਸਿਪਾਹੀਆਂ ਦੇ ਢੇਰ ਲਾ ਦਿੱਤੇ ਸਨ। ਅਖੀਰ ਘੇਰਾ ਤੋੜ ਕੇ ਭਾਈ ਬਲਵਿੰਦਰ ਸਿੰਘ ਗੰਗਾ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਨਿਕਲ ਗਏ। ਘੇਰੇ ਨੂੰ ਅਗਾਂਹ ਵੱਧਣ ਤੋਂ ਰੋਕਦੇ ਹੋਏ ਭਾਈ ਪਰਮਜੀਤ ਸਿੰਘ ਫੂਲਵਾਲਾ, ਭਾਈ ਗੁਰਮਲ ਸਿੰਘ ਸੈਕਟਰੀ ਰਾਏਪੁਰ ਅਤੇ ਭਾਈ ਖੇਮ ਸਿੰਘ ਫ਼ੌਜੀ ਬਾਲਦ ਕਲਾਂ 28 ਘੰਟੇ ਮੁਕਾਬਲਾ ਕਰਨ ਤੋਂ ਬਾਅਦ 8 ਸਤੰਬਰ 1991 ਨੂੰ ਰਾਤ 10 ਵਜੇ ਘੇਰੇ ਵਿੱਚ ਸ਼ਹੀਦ ਹੋ ਗਏ। ਸਾਰਾ ਹੀ ਇਲਾਕਾ ਫ਼ੌਜੀ ਛਾਉਣੀ ਵਿੱਚ ਤਬਦੀਲ ਹੋ ਗਿਆ ਸੀ। ਇਸ ਗਹਿਗੱਚ ਮੁਕਾਬਲੇ ਵਿਚ ਲੋਕਾਂ ਵੱਲੋਂ ਦਿੱਤੇ ਸਹਿਯੋਗ ਕਾਰਨ ਫ਼ੌਜ ਵੱਲੋਂ ਪੁਲਿਸ ਦੇ ਹੁਕਮਾਂ ਨਾਲ ਇਸ ਹਲਕੇ ਦੇ ਕਰੀਬ 10,000 ਪਰਿਵਾਰਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ।

ਬੱਬਰਾਂ ਵੱਲੋਂ ਆਪਣੇ ਜਥੇ ਦੇ ਹਰ ਸ਼ਹੀਦ ਸਿੰਘ ਲਈ ਸ਼ਹੀਦੀ ਉਪਰੰਤ ਪਰਿਵਾਰ ਨੂੰ ਇਕ ਸੋਨੇ ਦਾ ਮੈਡਲ ਅਤੇ ਇਕ ਸ੍ਰੀ ਸਾਹਿਬ ਭੇਟ ਕੀਤਾ ਜਾਂਦਾ ਸੀ। ਮੈਡਲ ਦੋ ਤੋਲੇ ਦੇ ਕਰੀਬ ਹੁੰਦਾ ਸੀ ਤੇ ਸ੍ਰੀ ਸਾਹਿਬ (ਤੇਗਾ) ਅਤੇ ਮੈਡਲ ਉੱਪਰ ਬੱਬਰ ਖਾਲਸਾ ਇੰਟਰਨੈਸ਼ਨਲ ਦੀ ਆਪਣੀ ਮੋਹਰ ਲੱਗੀ ਹੁੰਦੀ ਸੀ, ਜਿਸ ਉੱਪਰ ਜਥੇਬੰਦੀ ਦੇ ਨਾਮ ਤੋਂ ਬਗੈਰ "ਗੋਲੀ ਚਲਦੀ ਰਹੇਗੀ ਦੁਸ਼ਟ ਸੋਧੇ ਜਾਣਗੇ" ਲਿਖਿਆ ਹੁੰਦਾ ਸੀ।

ਜਦੋਂ ਭਾਈ ਗੁਰਮੇਲ ਸਿੰਘ ਸ਼ਹੀਦ ਹੋ ਗਏ ਤਾਂ ਜਥੇਬੰਦੀ ਵੱਲੋਂ ਭਾਈ ਸਾਹਿਬ ਜੀ ਦੇ ਭਰਾ ਨੂੰ ਜਥੇਬੰਦੀ ਦਾ ਇਕ ਮੈਡਲ ਅਤੇ ਸ੍ਰੀ ਸਾਹਿਬ ਭੇਟ ਕੀਤਾ ਗਿਆ। ਪਰਿਵਾਰ ਨੂੰ ਦਿੱਤੇ ਇਸ ਸਨਮਾਨ ਬਾਰੇ ਪੁਲਿਸ ਕੋਲ ਮੁਖਬਰੀ ਹੋ ਗਈ। ਭਾਈ ਸਾਹਿਬ ਜੀ ਦਾ ਭਰਾ ਪੁਲਿਸ ਦੀ ਸਖ਼ਤੀ ਕਾਰਨ ਘਰੋਂ ਬਾਹਰ ਸੀ। ਇਕ ਦਿਨ ਉਹ ਬੱਸ ਰਾਹੀਂ ਤਲਵੰਡੀ ਸਾਬੋ ਤੋਂ ਕਿਤੇ ਜਾ ਰਹੇ ਸਨ ਤਾਂ ਕੁਝ ਕੈਟਾਂ ਨੇ ਉਹਨਾਂ ਨੂੰ ਬੱਸ ਵਿੱਚ ਪਹਿਚਾਣ ਲਿਆ। ਉਹਨਾਂ ਨੂੰ ਬੱਸ ਵਿਚੋਂ ਗ੍ਰਿਫ਼ਤਾਰ ਕਰਕੇ ਤਲਵੰਡੀ ਸਾਬੋ ਦੇ ਤਫ਼ਤੀਸ਼ੀ ਸੈਂਟਰ ਵਿੱਚ ਰੱਖਿਆ ਗਿਆ। ਪੁਲਿਸ ਵੱਲੋਂ ਲਗਾਤਾਰ ਤੇਰਾਂ ਦਿਨ ਤਸ਼ੱਦਦ ਕੀਤਾ ਗਿਆ। ਜੋ ਸਨਮਾਨ ਮੈਡਲ ਬੱਬਰਾਂ ਨੇ ਉਹਨਾਂ ਨੂੰ ਦਿੱਤਾ ਸੀ, ਉਹ ਪੁਲਿਸ ਵੱਲੋਂ ਵਾਪਸ ਮੰਗਵਾਇਆ ਗਿਆ। ਪੁਲਿਸ ਪਿੰਡ ਰਾਏਪੁਰ ਦੇ ਪੱਤੇ ਪੱਤੇ ਦੀ ਵੈਰੀ ਬਣ ਗਈ ਸੀ। ਭਾਈ ਗੁਰਮਲ ਸਿੰਘ ਦਾ ਇਕ ਭਾਈ ਲੱਖਾ ਸਿੰਘ ਜੋ ਪਿੰਡ ਰਾਏਪੁਰ ਦਾ ਹੀ ਸੀ, ਉਸ ਨੂੰ ਜੋੜਕੀਆਂ ਥਾਣੇ ਵਾਲਿਆਂ ਨੇ ਆ ਕੇ ਹਿਸਾਰ ਜੇਲ੍ਹ ਵਿਚੋਂ ਰੀਮਾਂਡ 'ਤੇ ਲਿਆ ਕੇ

ਅੱਠ ਦਿਨ ਤਸ਼ੱਦਦ ਕਰਕੇ ਇਕ ਫਰਜ਼ੀ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਬੱਬਰਾਂ ਨੇ ਇਨ੍ਹਾਂ ਜਾਬਰਾਂ ਨੂੰ ਸਬਕ ਸਿਖਾਉਣ ਲਈ 13 ਅਪ੍ਰੈਲ 1992 ਨੂੰ ਪਿੰਡ ਬਾਜੇਵਾਲ ਕੋਲ ਇਕ ਬੰਬ ਧਮਾਕਾ ਕਰਕੇ ਹਿੰਦੁਸਤਾਨੀ ਸੁਰੱਖਿਆ ਬਲਾਂ ਨੂੰ ਜਵਾਬ ਦੇ ਦਿੱਤਾ। ਏਥੇ ਹੀ ਇੱਕ ਜ਼ਬਰਦਸਤ ਮੁਕਾਬਲੇ ਵਿੱਚ ਪਿੰਡ ਰਾਏਪੁਰ ਦੇ ਹੀ ਭਾਈ ਸੌਦਾਗਰ ਸਿੰਘ ਬੱਬਰ ਸ਼ਹੀਦ ਹੋ ਗਏ ਸਨ। ਭਾਈ ਸੌਦਾਗਰ ਸਿੰਘ ਨੇ ਭਰੀ ਸੱਥ ਵਿੱਚ ਹਿੱਕ ਥਾਪੜ ਕੇ ਕਿਹਾ ਸੀ, ਕੀ ਹੋ ਗਿਆ ਜਥੇਦਾਰ ਗੁਰਮੇਲ ਸਿੰਘ ਸ਼ਹੀਦ ਹੋ ਗਿਆ ਹੈ ਬੱਬਰ ਪੈਦਾ ਹੁੰਦੇ ਰਹਿਣਗੇ, ਦੁਸ਼ਮਣ ਸੋਧੇ ਜਾਣਗੇ। ਕੁਝ ਦਿਨਾਂ ਬਾਅਦ ਹੀ ਉਹਨਾਂ ਸਰਕਾਰੀ ਬਲਾਂ ਨੂੰ ਇਕ ਬੰਬ ਧਮਾਕੇ ਵਿੱਚ ਜਵਾਬ ਦੇ ਦਿੱਤਾ ਸੀ

ਪੁਲਿਸ ਵੱਲੋਂ ਯੋਧਿਆਂ ਦੀਆਂ ਲਾਸ਼ਾਂ ਨੂੰ ਵਾਰਸਾਂ ਹਵਾਲੇ ਨਾ ਕਰਨ ਤੇ ਇਲਾਕੇ ਦੀ ਸੰਗਤ ਵਿੱਚ ਰੋਹ ਭਰ ਗਿਆ ਅਤੇ ਉਨ੍ਹਾਂ ਨੇ ਟਰੈਕਟਰਾਂ ਟਰਾਲੀਆਂ ਰਾਹੀਂ ਵੱਡੀ ਮਾਤਰਾ ਵਿੱਚ ਥਾਣੇ ਮੂਹਰੇ ਇਕੱਠ ਕਰਕੇ ਪੁਲਿਸ ਨੂੰ ਮਜ਼ਬੂਰ ਕਰ ਦਿੱਤਾ। ਆਪਣੇ ਸੂਰਬੀਰ ਯੋਧਿਆਂ ਦੀਆਂ ਲਾਸ਼ਾਂ ਪੁਲਿਸ ਤੋਂ ਲੋਕ ਸ਼ਕਤੀ ਦੇ ਰੂਪ ਵਿੱਚ ਖੋਹ ਲਈਆਂ ਅਤੇ ਪਿੰਡ ਲਿਆ ਕੇ ਸਸਕਾਰ ਕੀਤਾ। ਇਲਾਕੇ ਦੀ ਸੰਗਤ ਨੂੰ ਆਪਣੇ ਸ਼ਹੀਦ ਸਿੰਘਾਂ ਪਿੱਛੋਂ ਝੱਲੇ ਤਸ਼ੱਦਦ ਪ੍ਰਤੀ ਕੋਈ ਗਿਲਾ ਨਹੀਂ। ਸਾਰੇ ਹੀ ਲੀਡਰਾਂ ਉੱਪਰ ਕਿੜੂ ਕਰਦੇ ਹਨ ਅੱਜ ਸ਼ਹੀਦ ਭਾਈ ਪਰਮਜੀਤ ਸਿੰਘ ਫੂਲੇਵਾਲਾ, ਸ਼ਹੀਦ ਭਾਈ ਖੇਮ ਸਿੰਘ ਫੌਜੀ ਬਾਲਦ ਕਲਾਂ ਅਤੇ ਸ਼ਹੀਦ ਭਾਈ ਗੁਰਮੇਲ ਸਿੰਘ ਸੈਕਟਰੀ ਰਾਏਪੁਰ ਦੇ ਘਰਾਂ ਦੀ ਗੁਰਬਤ ਸ਼ਹਾਦਤਾਂ ਦੇ ਖੂਨ ਵਿੱਚ ਸ਼ਿੰਗਾਰੀ ਉੱਚੀ ਅਤੇ ਸੱਚੀ ਤਾਂ ਬਹੁਤ ਹੈ ਪਰ ਖ਼ਾਲਸਾ ਪੰਥ ਨੂੰ ਇਕ ਵੰਗਾਰ ਵੀ ਹੈ ਕੌਮ ਇਹਨਾਂ ਯੋਧਿਆਂ ਦੀਆਂ ਸ਼ਹਾਦਤਾਂ ਅੱਗੇ ਸਿਰ ਝੁਕਾਉਂਦੀ, ਸ਼ਰਧਾਂਜਲੀ ਭੇਂਟ ਕਰਦੀ ਹੈ

# ਭਾਈ ਉਮਰਪਾਲ ਸਿੰਘ ਬੀਹਲਾ (ਸੰਗਰੂਰ)

ਖਿੱਲੀਆਂ ਅੱਖਾਂ ਪਤਲਾ ਛਾਂਟਵਾਂ ਸਰੀਰ ਹਮੇਸ਼ਾ ਹਾਸੇ ਠੱਠੇ ਨਾਲ ਗੱਲਾਂ ਕਰਨ ਵਾਲੇ ਪਾਲਾ, ਪਹਿਲੀ ਵਾਰ 29 ਜੁਲਾਈ1986 ਨੂੰ ਸੀ ਆਈ ਏ ਸਟਾਫ ਬਠਿੰਡਾ ਵਿਖੇ ਅਲਫ ਨੰਗੀ ਹਾਲਤ ਵਿਚ ਤਸ਼ੱਦਦ ਸਹਾਰਦਾ ਵੇਖਿਆ। ਉਸ ਨੂੰ ਸੀ.ਆਈ.ਏ ਸਟਾਫ ਬਠਿੰਡਾ ਦੀ ਪੁਲਿਸ ਡੀ.ਐਸ.ਪੀ ਝੰਡਾ ਸਿੰਘ, ਇੰਸਪੈਕਟਰ ਬਲਜਿੰਦਰ ਸਿੰਘ ਗਰੇਵਾਲ, ਐਸ ਆਈ ਨਿਰੰਜਨ ਸਿੰਘ ਦੀ ਅਗਵਾਈ ਹੇਠ ਬਾਘਾ ਪੁਰਾਣਾ ਤੋਂ ਇਕ ਥਾਣੇਦਾਰ ਗੁਰਵੰਸ਼ ਸਿੰਘ ਦੇ ਕਤਲ ਦੇ ਸਬੰਧ ਵਿਚ ਚੁੱਕ ਕੇ ਲਿਆਈ ਸੀ. ਭਾਈ ਪਾਲਾ ਬਾਘਾ ਪੁਰਾਣਾ ਵਿਖੇ ਬਿਜਲੀ ਦੀ ਦੁਕਾਨ ਕਰਦੇ ਸਨ।

ਇਸ ਜੀਵਨੀ ਦੇ ਲੇਖਕ (ਕਮਰਜੀਤ ਸਿੰਘ ਸਿੱਖਾਂਵਾਲਾ) ਨੂੰ ਵੀ ਉਸ ਦੇ ਪਿਤਾ ਜੀ ਅਤੇ ਸੀਰੀ ਪ੍ਰਕਾਸ਼ ਸਮੇਤ ਭਾਈ ਪਾਲੇ ਦੇ ਨਾਲ ਹੀ ਬਠਿੰਡਾ ਸਟਾਫ ਨੇ ਚੁਕਿਆ ਹੋਇਆ ਸੀ। ਸਾਨੂੰ ਸਾਰਿਆਂ ਨੂੰ ਸਟਾਫ ਦੇ ਵੱਖਰੇ ਵੱਖਰੇ ਕਮਰਿਆਂ ਵਿੱਚ ਬੰਦ ਕੀਤਾ ਹੋਇਆ ਸੀ ਜਦੋਂ ਵੀ ਕਿਸੇ ਨੂੰ ਕਮਰੇ ਵਿਚੋਂ ਬਾਹਰ ਕੱਢਦੇ, ਉਸ ਸਮੇਂ ਸਭ ਦੇ ਸੀਨੇ ਧੜਕਣ ਲੱਗ ਪੈਂਦੇ ਸਨ। ਤਸ਼ੱਦਦ ਕਾਰਨ ਉਸ ਦਾ ਚੀਕ ਚਿਹਾੜਾ, ਪੁਲਿਸ ਵਾਲਿਆਂ ਦੀਆਂ ਗਾਹਲਾਂ ਧਮਕੀਆਂ ਕਮਰਿਆਂ ਵਿਚ ਸੁਣਾਈ ਦਿੰਦੀਆਂ ਸਨ

ਭਾਈ ਪਾਲਾ ਤਸ਼ੱਦਦ ਕਾਰਨ ਬੇਹੋਸ਼ ਹੋ ਗਏ ਸਨ, ਫਿਰ ਪੁਲਿਸ ਵਾਲਿਆਂ ਦਾ ਸ਼ੋਰ ਸੁਣਾਈ ਦਿੱਤਾ, ਆਪਸ ਵਿਚ ਹੀ ਗਾਹਲਾਂ ਕੱਢਣ ਲੱਗ ਪਏ, "ਭੈਣ ਚੋ ਮਰ ਨਾ ਜਾਵੇ, ਓਏ ਰਣਜੀਤ ਡਾਕਟਰ ਸੱਦ ਕੇ ਲਿਆ, ਕੰਜਰ ਦੇਓ, ਰਣਜੀਤ ਪ੍ਰਾਉਣੇ 'ਤੇ ਕੋਈ ਚਾਦਰ ਚੁਦਰ ਦੇਦੇ।" ਪੁਲਿਸ ਦੀਆਂ ਇਹਨਾਂ ਗੱਲਾਂ ਤੋਂ ਅੰਦਾਜਾ ਲੱਗ ਰਿਹਾ ਸੀ ਕਿ ਪੁਲਿਸ ਨੇ ਕਿਸੇ ਸਿੰਘ 'ਤੇ ਇਤਨਾ ਤਸ਼ੱਦਦ ਕੀਤਾ ਹੈ ਕਿ ਉਹ ਮਰਨ ਕਿਨਾਰੇ ਹੈ ਬੇਹੋਸ਼ ਹੋਇਆ ਪਿਆ ਹੈ। ਸਾਰਿਆਂ ਨੂੰ 16 ਜੁਲਾਈ ਦੀ ਰਾਤ ਨੂੰ ਫੜ ਕੇ ਲਿਆਂਦਾ ਗਿਆ ਸੀ। ਲੇਖਕ (ਕਮਰਜੀਤ ਸਿੰਘ ਸਿਖਾਂਵਾਲਾ) ਨੂੰ 22 ਜੁਲਾਈ ਨੂੰ ਜਦੋਂ ਕਮਰੇ ਵਿਚੋਂ ਬਾਹਰ ਕੱਢ ਕੇ ਹੱਥਕੜੀ ਲਾ ਕੇ ਹਾਜ਼ਰ ਕਰਨ ਲਈ ਲਿਜਾ ਰਹੇ ਸਨ ਤਾਂ ਵੇਖਿਆ ਕਿ ਸਟਾਫ ਦੇ ਸਾਹਮਣੇ ਬਰਾਂਡੇ ਹੇਠ ਇਕ ਪਤਲੇ ਜਿਹੇ ਸਿੰਘ ਨੂੰ ਅਲਫ ਨੰਗੀ ਹਾਲਤ ਵਿਚ ਇਕ ਕੁਰਸੀ 'ਤੇ ਬਿਠਾਇਆ ਗਿਆ ਸੀ। ਇਕ ਸਪਾਹੀ ਨੇ ਉਸ ਸਿੰਘ ਨੂੰ ਕੇਸਾਂ ਤੋਂ ਵੱਟ ਮਾਰ ਕੇ ਫੜਿਆ ਹੋਇਆ ਸੀ ਅਤੇ ਇਕ ਹੋਰ ਸਿਪਾਹੀ ਉਸ ਸਿੰਘ ਦੀਆਂ ਲੱਤਾਂ ਨੂੰ ਥੱਲੇ ਕੇ ਇਕ ਡੰਡੇ ਨਾਲ ਕੁੱਟ ਦੇ ਰਿਹਾ ਸੀ ਕੁਰਸੀ ਦੇ ਸਾਹਮਣੇ ਇਕ ਅਫਸਰ ਜਿਸ ਦੇ ਹੱਥ ਵਿਚ ਬਿਜਲੀ ਦੀਆਂ ਤਾਰਾਂ ਸਨ, ਖੜਾ ਸੀ। "ਪਤਾ ਨਹੀਂ ਮਾਂ ਚੋ ਕਾਹਦੇ ਬਣੇ ਹਨ, ਕੰਜਰ ਮੂੰਹ ਵੀ ਨਹੀਂ ਖੋਲਦਾ ਦੱਸਦੇ ਖੁਸ਼ਕੀ ਵਾਲਾ ਪਸਤੌਲ ਕਿਥੇ ਹੈ।"

ਉਪਰ ਥਾਣੇਦਾਰ ਖੁਸ਼ਕੀ ਦੇ ਕਤਲ ਤੋਂ ਇਲਾਵਾ ਇਕ ਥਾਮਸਨ ਮਸ਼ੀਨ ਗੰਨ 45 ਬੋਰ ਅਤੇ 100 ਕਾਰਤੂਸ ਫਰੀਦਕੋਟ ਅਤੇ ਬਠਿੰਡਾ ਪੁਲਿਸ ਨੇ ਹੋਰ ਕੇਸ ਪਾ ਦਿੱਤਾ ਸੀ

ਅਤੇ ਦੂਸਰੇ ਸਿੰਘ ਭਾਈ ਉਮਰਪਾਲ ਸਿੰਘ ਉੱਪਰ ਵੀ ਥਾਣੇਦਾਰ ਦੇ ਕਤਲ ਅਤੇ ਪਨਾਹ ਦਾ ਕੇਸ ਪਾ ਕੇ ਬਠਿੰਡਾ ਜੇਲ੍ਹ ਭੇਜ ਦਿੱਤਾ ਸੀ। ਜੇਲ ਵਿਚ ਪਤਾ ਲੱਗਾ ਬਠਿੰਡੇ ਸਟਾਫ ਦਾ ਜ਼ੁਲਮ ਸਹਾਰਨ ਵਾਲਾ ਸਿੰਘ, ਭਾਈ ਉਮਰਪਾਲ ਸਿੰਘ ਬੱਬਰ ਬੀਹਲਾ ਜ਼ਿਲ੍ਹਾ ਸੰਗਰੂਰ ਦਾ ਹੈ।

ਭਾਈ ਉਮਰਪਾਲ ਸਿੰਘ ਦਾ ਜਨਮ ਮਾਤਾ ਜਗੀਰ ਕੌਰ ਜੀ ਦੀ ਸੁਲੱਖਣੀ ਕੁੱਖ ਪਿਤਾ ਸ. ਗੁਰਦੇਵ ਸਿੰਘ ਜੀ ਦੇ ਘਰ ੧ ਅਗਸਤ 1958 ਨੂੰ ਹੋਇਆ। ਆਪ ਜੀ ਨੇ ਮੈਟ੍ਰਿਕ ਪਿੰਡ ਦੇ ਸਕੂਲ ਤੋਂ ਹੀ ਪਾਸ ਕੀਤੀ। ਅਗਾਂਹ ਪੜ੍ਹਨ ਦੀ ਚਾਹਣਾ ਬਹੁਤ ਸੀ। ਪਰ ਪ੍ਰਵਾਰ ਨੇ ਉਨ੍ਹਾਂ ਨੂੰ ਬਿਜਲੀ ਦਾ ਕੰਮ ਸਿਖਾਉਣ ਲਈ ਇਕ ਵਰਕਸ਼ਾਪ ਵਿਚ ਲਾ ਦਿੱਤਾ. ਬਿਜਲੀ ਦਾ ਕੰਮ ਸਿਖ ਕੇ ਆਪ ਜੀ ਨੇ ਬਾਘਾਪੁਰਾਣੇ ਬਿਜਲੀ ਦੀ ਦੁਕਾਨ ਕਰ ਲਈ। ਆਪ ਜੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵਿਚਾਰਾਂ ਤੋਂ ਕਾਫੀ ਪ੍ਰਭਾਵਤ ਸਨ. ਆਪ ਜੀ ਦੀਆਂ ਦੋ ਭੈਣਾਂ ਹਨ। ਆਪ ਜੀ ਨੂੰ ਘਰਦਿਆਂ ਨੇ ਇੱਕਲਾ ਲੜਕਾ ਹੋਣ ਕਾਰਨ ਕਾਫੀ ਚਾਵਾਂ ਨਾਲ ਪਾਲਿਆ ਪੋਸਿਆ ਸੀ. ਜੂਨ ਸੰਨ 1984 ਨੂੰ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਕਾਰਨ ਆਪ ਜੀ ਦੀ ਸੋਚ ਵਿਚ ਇਕ ਵੱਡੀ ਤਬਦੀਲੀ ਆਈ। ਹਮੇਸ਼ਾਂ ਕੌਮ ਲਈ ਕੁਝ ਕਰਨ ਗੁਜ਼ਰਨ ਦੀ ਚਾਹਤ ਮਨ ਵਿਚ ਪੈਦਾ ਹੋ ਗਈ। ਪਹਿਲੀ ਵਾਰ ਆਪ ਜੀ ਦਾ ਮੇਲ ਸ਼ਹੀਦ ਭਾਈ ਗੁਰਪਾਲ ਸਿੰਘ ਬੱਬਰ ਬੁਰਜ ਮੜੀ ਨਾਲ ਹੋਇਆ। ਕੌਮ ਦੇ ਸੰਘਰਸ਼ ਪ੍ਰਤੀ ਬਹੁਤ ਹੀ ਖੁੱਲ ਕੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਆਪ ਜੀ ਬੱਬਰ ਖਾਲਸਾ ਇੰਟਰਨੈਸ਼ਨਲ ਜੱਥੇਬੰਦੀ ਵਿਚ ਸ਼ਾਮਲ ਹੋ ਗਏ। ਆਪ ਜੀ ਦੀ ਸੇਵਾ ਜੱਥੇਬੰਦੀ ਲਈ ਗੁਪਤਚਰ ਦੇ ਤੌਰ 'ਤੇ ਲਾ ਦਿੱਤੀ ਗਈ. ਪਿੰਡਾਂ ਵਿਚੋਂ ਰਿਪੋਰਟ ਇੱਕਠੀ ਕਰਨੀ ਜੋ ਜੱਥੇਬੰਦੀ ਨੂੰ ਲੋੜੀਂਦੀ ਹੁੰਦੀ ਸੀ

ਜਥੇਬੰਦੀ ਨੇ ਇਕ ਥਾਣੇਦਾਰ ਗੁਰਤੇਜ ਸਿੰਘ ਖਸ਼ਕੀ ਨੂੰ ਸੋਧਣ ਦਾ ਫੈਸਲਾ ਕੀਤਾ ਜੋ ਸੀ ਆਈ ਏ ਸਟਾਫ ਫਰੀਦਕੋਟ ਨੌਕਰੀ ਕਰਦਾ ਸੀ ਅਤੇ ਬਠਿੰਡੇ ਰਹਿੰਦਾ ਸੀ। ਖਾੜਕੂ ਸਿੰਘ ਥਾਣੇਦਾਰ ਖਸ਼ਕੀ ਨੂੰ ਇਸ ਲਈ ਮਾਰਨਾ ਚਾਹੁੰਦੇ ਸਨ ਕਿਉਂਕਿ ਉਸ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਰਾ ਭਾਈ ਵੀਰ ਸਿੰਘ 'ਤੇ ਫਰੀਦਕੋਟ ਦੇ ਪੁਲਿਸ ਸਟਾਫ ਵਿਚ ਅਥਾਹ ਤਸ਼ੱਦਦ ਕੀਤਾ ਸੀ। ਇਸ ਤੋਂ ਇਲਾਵਾ ਕਈ ਗ੍ਰੰਥੀ, ਖਾੜਕੂ ਸਿੰਘਾਂ ਦੇ ਪਰਿਵਾਰਾਂ ਨੂੰ ਵੀ ਇਸ ਨੇ ਬੁਰੀ ਤਰ੍ਹਾਂ ਜ਼ਲੀਲ ਅਤੇ ਕੁਟਮਾਰ ਕੀਤੀ ਸੀ। ਭਾਈ ਉਮਰਪਾਲ ਸਿੰਘ ਦੀ ਸੇਵਾ ਇਸ ਬਾਰੇ ਜਾਣਕਾਰੀ ਇੱਕਠੀ ਕਰਨ ਲਈ ਲਾ ਦਿੱਤੀ ਗਈ. ਉਹਨਾਂ ਨੇ ਬਠਿੰਡਾ ਵਿਖੇ ਇਕ ਆਰਜ਼ੀ ਦੁਕਾਨ ਕਿਰਾਏ 'ਤੇ ਥਾਣੇਦਾਰ ਦੇ ਘਰ ਦੇ ਨਜ਼ਦੀਕ ਹੀ ਲੈ ਲਈ. ਸਬੱਬ ਨਾਲ ਉਨ੍ਹਾਂ ਦਿਨਾਂ ਵਿਚ ਹੀ ਥਾਣੇਦਾਰ ਦੇ ਪਿਓ ਦੀ ਮੌਤ ਹੋ ਗਈ। ਬੱਬਰਾਂ ਨੇ ਉਸ ਨੂੰ ਸੋਧਣ ਦੀ ਆਖਰੀ ਰਣਨੀਤੀ ਤਿਆਰ ਕਰ ਲਈ. ਇਕ ਦਿਨ ਜਦੋਂ ਥਾਣੇਦਾਰ ਆਪਣੇ ਪਿਓ ਦਾ ਭੋਗ ਪਾਉਣ ਲਈ ਗੁਰਦੁਆਰਾ ਸਾਹਿਬ ਤੋਂ ਗੁਰੂ ਸਾਹਿਬ ਜੀ ਦਾ ਸਰੂਪ ਲੈਣ ਗਿਆ ਤਾਂ ਸਿੰਘਾਂ ਨੇ ਉਸ ਨੂੰ ਵਾਪਸੀ ਤੇ ਸੋਧਣ ਦਾ ਫੈਸਲਾ ਕਰ ਲਿਆ. ਪਰ ਜੋ ਕੁਦਰਤ ਨੂੰ ਮਨਜ਼ੂਰ ਸੀ, ਗੁਰੂ ਸਾਹਿਬ ਦਾ ਸਰੂਪ ਥਾਣੇਦਾਰ ਨੇ ਆਪਣੇ ਸਿਰ 'ਤੇ ਚੁੱਕਿਆ ਹੋਇਆ ਸੀ। ਸਿੰਘਾਂ ਨੇ ਫੈਸਲਾ ਬਦਲ

ਦਿੱਤਾ, ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਆਪਣੇ ਟਿਕਾਣੇ ਛੱਡ ਦਿੱਤੇ। ਫਿਰ ਦੁਬਾਰਾ ਭਾਈ ਉਮਰਪਾਲ ਸਿੰਘ ਨੇ ਜੱਥੇ ਨੂੰ ਰਿਪੋਰਟ ਦਿੱਤੀ ਕਿ ਅੱਜ ਸੁਬ੍ਹਾ 7 ਵਜੇ ਥਾਣੇਦਾਰ ਆਪਣੇ ਪਿਤਾ ਦੇ ਫੁੱਲ, ਜੋ ਸਿਵਿਆਂ ਵਿਚ ਰੱਖੇ ਸਨ, ਉਥੋਂ ਚੁਕ ਕੇ ਕੀਰਤਪੁਰ ਸਾਹਿਬ ਪਾਉਣ ਲਈ ਰਵਾਨਾ ਹੋਵੇਗਾ। ਭਾਈ ਉਮਰਪਾਲ ਸਿੰਘ ਦੀ ਰਿਪੋਰਟ 'ਤੇ ਸਿੰਘਾਂ ਨੇ ਦੁਬਾਰਾ ਰਣਨੀਤੀ ਤਿਆਰ ਕੀਤੀ ਕਿ ਥਾਣੇਦਾਰ ਖੁਸ਼ਕੀ ਨੂੰ ਸਿਵਿਆਂ ਵਿਚ ਹੀ ਸੋਧ ਦਿੱਤਾ ਜਾਵੇ। ਭਾਈ ਉਮਰਪਾਲ ਸਿੰਘ ਥਾਣੇਦਾਰ ਦੇ ਘਰ ਅਫਸੋਸ ਕਰਨ ਜਾ ਕੇ ਬੈਠ ਜਾਂਦੇ ਸਨ ਜਿਸ ਕਾਰਨ ਸਾਰੀ ਰਿਪੋਰਟ ਜਥੇਬੰਦੀ ਨੂੰ ਪਹੁੰਚਦੀ ਰਹਿੰਦੀ ਸੀ। ਅਖੀਰ ਸਿੰਘਾਂ ਨੇ ਥਾਣੇਦਾਰ ਖੁਸ਼ਕੀ ਨੂੰ ਆਪਣੇ ਪਿਤਾ ਦੇ ਫੁਲ ਚੁਕਣ ਗਏ ਨੂੰ ਸਿਵਿਆਂ ਵਿੱਚ ਹੀ ਸੋਧ ਦਿੱਤਾ ਅਤੇ ਉਮਰਪਾਲ ਸਿੰਘ ਨੇ ਆਪਣੀ ਆਰਜ਼ੀ ਬਠਿੰਡੇ ਵਾਲੀ ਦੁਕਾਨ ਛੱਡ ਦਿੱਤੀ।

ਸ਼ਹੀਦ ਭਾਈ ਇਕਬਾਲ ਸਿੰਘ ਬੱਬਰ ਬਾਲਾ ਮਹਿਨੀ ਜੰਡਿਆਲਾ ਗੁਰੂ ਨਾਲ ਇਕ ਸਿੰਘ ਦਾ ਮੇਲ ਹੋਇਆ ਜੋ ਸਿੰਘ ਸਾਹਿਬ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਹੋਰਾਂ ਨਾਲ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਰਿਹਾ ਸੀ। ਇਹ ਸੁਖਦੇਵ ਸਿੰਘ ਫੌਜੀ ਵਾਸੀ ਕਾਗੜ ਨਵਾਂ ਨਵਾਂ ਬੱਬਰਾਂ ਨਾਲ ਰਲਿਆ ਸੀ ਜੋ ਨਵਾਂ ਨਵਾਂ ਵਿਆਹਿਆ ਹੋਣ ਕਾਰਨ ਘਰ ਦੇ ਮੋਹ ਪ੍ਰਤੀ ਡੋਲ ਗਿਆ ਅਤੇ ਬੱਬਰਾਂ ਨੂੰ ਛੱਡ ਕੇ ਆਪਣੀ ਘਰਵਾਲੀ ਦੇ ਦੂਰ ਦੇ ਰਿਸ਼ਤੇਦਾਰ ਬਲਦੇਵ ਸਿੰਘ ਖਿਆਲਾ ਨੂੰ ਨਾਲ ਲੈ ਕੇ ਫੂਲ ਥਾਣੇ ਪੇਸ਼ ਹੋ ਗਿਆ। ਸੁਖਦੇਵ ਸਿੰਘ ਫੌਜੀ ਦੇ ਦੱਸਣ 'ਤੇ ਬਠਿੰਡਾ ਪੁਲਿਸ ਨੇ ਭਾਈ ਉਮਰਪਾਲ ਸਿੰਘ ਅਤੇ ਲੇਖਕ (ਕਮਰਜੀਤ ਸਿੰਘ ਸਿੱਖਾਂਵਾਲਾ) ਨੂੰ ਫੜ ਲਿਆ ਅਤੇ ਬਠਿੰਡਾ ਸਟਾਫ ਦਾ ਜ਼ੁਲਮ ਸਹਾਰਦਾ ਹੋਇਆ ਭਾਈ ਪਾਲ ਬਠਿੰਡਾ ਜੇਲ ਭੇਜ ਦਿੱਤਾ ਗਿਆ।

ਜੇਲ ਵਿਚ ਭਾਈ ਪਾਲੇ ਦੀਆਂ ਗੱਲਾਂ ਵਿਚ ਤਵਾਰੀਖੀ ਕਹਾਣੀਆਂ ਹੀ ਸਨ। ਉਸ ਕੋਲ ਪੜ੍ਹਨ ਲਈ ਕੋਈ ਗੁਟਕਾ ਨਹੀਂ ਸੀ। ਜਦੋਂ ਸਾਰੇ ਪਾਠ ਕਰ ਹਟਦੇ ਉਸ ਤੋਂ ਬਾਅਦ ਉਹ ਪਾਠ ਕਰ ਲਿਆ ਕਰਦਾ ਸੀ। ਤਕਰੀਬਨ ਕਾਫੀ ਬਾਣੀਆਂ ਉਸ ਦੇ ਕੰਠ ਸਨ ਸਿਰਫ ਆਨੰਦ ਸਾਹਿਬ ਭੁਲਦਾ ਸੀ। ਇਕ ਦਿਨ ਕਹਿੰਦਾ 'ਹੁਣ ਗੁਟਕਾ ਸਾਹਿਬ ਨਹੀਂ ਮੰਗਣਾ ਅੱਜ ਆਨੰਦ ਸਾਹਿਬ ਯਾਦ ਕਰ ਲੈਣਾ ਹੈ।' ਤਕਰੀਬਨ ਦੋ ਘੰਟਿਆਂ ਵਿਚ ਉਸਨੇ ਆਨੰਦ ਸਾਹਿਬ ਜੀ ਦਾ ਪਾਠ ਜ਼ੁਬਾਨੀ ਕੰਠ ਕਰ ਲਿਆ। ਜਿਸ ਸਿੰਘ ਤੋਂ ਉਹ ਗੁਟਕਾ ਮੰਗ ਕੇ ਪਾਠ ਕਰਦੇ ਸਨ, ਉਹ ਹਉਮੈਂਵਸ ਵਿਚ ਗੁਟਕੇ ਦਾ ਮਾਣ ਕਰੀ ਬੈਠਾ ਸੀ। ਜੇਲ੍ਹਾਂ ਅੰਦਰ ਹਰ ਨਿੱਕੀ ਨਿੱਕੀ ਚੀਜ਼ ਦੁਰਲੱਭ ਹੁੰਦੀ ਹੈ ਅਤੇ ਕਈ ਵਾਰ ਮੰਗ ਕੇ ਵੀ ਨਹੀਂ ਮਿਲਦੀ ਸੀ। ਦੂਸਰਾ ਭਾਈ ਸਾਹਿਬ ਜੀ ਦੀ ਬਠਿੰਡਾ ਜੇਲ੍ਹ ਵਿੱਚ ਘਰੋਂ ਕੋਈ ਮੁਲਾਕਾਤ ਵੀ ਨਹੀਂ ਆਉਂਦੀ ਸੀ।

ਪਾਲਾ ਇਕ ਗੱਲ ਜ਼ਰੂਰ ਕਹਿੰਦਾ ਸੀ ਕਿ "ਬਾਣੀ ਦੇ ਆਸਰੇ ਹੀ ਜ਼ੁਲਮ ਸਹਾਰ ਹੁੰਦੇ ਹਨ। "ਬਾਬਾ" ਇਹ ਕੀ ਖਾੜਕੂ ਹਨ, ਇਕ ਚੱਪੜ ਵੱਜਿਆ ਨਹੀਂ ਹੁੰਦਾ ਪਹਿਲਾਂ ਹੀ ਸਾਰੇ ਬੱਕ ਦਿੰਦੇ ਹਨ।"

ਇਕ ਦਿਨ ਜਦੋਂ ਸੁਬ੍ਹਾ ਦੀ ਬੰਦੀ ਖੁੱਲੀ ਤਾਂ ਨ੍ਹਾ ਕੇ ਤਾਂ ਚੱਕੀ ਵਿਚੋਂ ਬਾਹਰ

ਆਇਆ ਫਿਰ ਚੌਂਕੀ ਵਿਚ ਵੜ ਗਿਆ। ਉੱਚੀ ਸਾਰੀ ਕਹਿੰਦਾ "ਬਾਹਰ ਸੱਪਾਂ ਦੀਆਂ ਪੈੜਾਂ ਹਨ, ਮੈਂ ਤਾਂ ਨਹੀਂ ਬਾਹਰ ਜਾਂਦਾ।" ਜਦੋਂ ਸਾਰਿਆਂ ਨੇ ਬਾਹਰ ਜਾ ਕੇ ਦੇਖਿਆ ਤਾਂ ਬਾਹਰ ਗੰਡਿਇਆ ਦੀਆਂ ਲਕੀਰਾਂ ਸਨ ਕਿਉਂਕਿ ਰਾਤ ਨੂੰ ਮੀਂਹ ਪੈਣ ਕਰਕੇ ਬਹੁਤ ਸਾਰੇ ਗੰਡਏ ਨਿਕਲ ਕੇ ਫਿਰ ਰਹੇ ਸਨ ਸਾਰਿਆਂ ਨੇ ਪਾਲੇ ਨੂੰ ਸਮਝਾਇਆ ਕਿ ਇਹ ਸੱਪ ਨਹੀਂ ਗੰਡੋਏ ਹਨ, ਇਹ ਕੁਝ ਨਹੀਂ ਕਹਿੰਦੇ। ਨਾਲੇ ਸੱਪਾਂ ਦੀਆਂ ਪੈੜਾਂ ਨਹੀਂ ਹੁੰਦੀਆਂ ਲਕੀਰਾਂ ਹੁੰਦੀਆਂ ਹਨ। ਸਾਰ ਹੀ ਉਸ ਨੂੰ ਹਾਸੇ ਨਾਲ ਸੱਪ ਦੀ ਪੈੜ ਵਾਲਾ ਭਾਈ ਪਾਲਾ ਕਹਿਣ ਲੱਗ ਪਏ।

ਇਕ ਦਿਨ ਭਾਈ ਪਾਲੇ ਨੇ ਗੱਲ ਸੁਣਾਈ ਕਹਿੰਦਾ " ਮੈਨੂੰ ਘਰ ਦੇ ਧੱਕੇ ਨਾਲ ਹੀ ਬਾਬੇ ਸਰਸੇ ਵਾਲੇ ਦਾ ਨਾਮ ਦਵਾਉਣ ਲੈ ਗਏ ਬਾਬੇ ਨੇ ਮੈਨੂੰ ਕੰਨ ਵਿਚ ਪੰਜ ਅੱਖਰ ਦੱਸੇ, ਕਹਿੰਦਾ ਇਸ ਸ਼ਬਦ ਦੇ ਅੱਖਰ ਕਿਸੇ ਨੂੰ ਨਹੀਂ ਦੱਸਣੇ ਪਾਪ ਲੱਗੇਗਾ।" ਭਾਈ ਪਾਲਾ ਕਹਿੰਦਾ "ਮੈਂ ਦਿਨ ਚੜ੍ਹੇ ਚਾਅ ਨਾਲ ਅਤੇ ਲੱਕੜ 'ਤੇ ਕੋਲਿਆਂ ਨਾਲ ਬਾਬੇ ਸਰਸੇ ਵਾਲੇ ਦਾ ਦਿੱਤਾ ਨਾਮ ਮੋਟਾ ਕਰ ਕਰ ਕੇ ਕੰਧਾਂ ਉੱਪਰ ਲਿਖ ਦਿੱਤਾ। ਮੈਂ ਮੂਹਰੇ ਲਿਖ ਰਿਹਾ ਸੀ ਮੇਰੇ ਮਗਰ ਮੇਰਾ ਬਾਪੂ ਮੈਨੂੰ ਗਾਹਲਾਂ ਦੇ ਦੇ ਕੇ ਢਾਹੁੰਦਾ ਜਾਵੇ। ਅਖੀਰ ਮੈਂ ਪੂਕਾਰ ਨਾਲ ਸਫੈਦਿਆਂ ਉੱਪਰ ਵੀ ਲਿਖ ਦਿੱਤਾ ਸ਼ਾਮ ਨੂੰ ਮੈਨੂੰ ਬਾਪੂ ਨੇ ਘਰੋਂ ਬਾਹਰ ਕੱਢ ਦਿੱਤਾ। ਕੁਝ ਦਿਨਾਂ ਬਾਅਦ ਮਾਹੌਲ ਠੰਢਾ ਹੋਇਆ। ਤਾਂ ਬਾਪੂ ਨੇ ਘਰ ਵੜਨ ਦਿੱਤਾ।"

ਘਰ ਗ੍ਰਿਹਸਥੀ ਬਾਰੇ ਬੜੇ ਹੀ ਸੱਪਸ਼ਟ ਸਨ। ਭਾਈ ਸਾਹਿਬ ਕਹਿੰਦੇ ਪਹਿਲਾਂ ਤਾਂ ਸਿੰਘਣੀ ਅੰਮ੍ਰਿਤ ਛੱਕਣ ਲਈ ਤਿਆਰ ਨਹੀਂ ਸੀ ਫਿਰ ਵੀ ਉਹਨਾਂ ਨੂੰ ਪ੍ਰੇਰ ਕੇ ਅੰਮ੍ਰਿਤ ਛਕਾ ਲਿਆ। ਪਰ ਉਹ ਕੇਸਰੀ ਸਜਾਉਣ ਲਈ ਨਹੀਂ ਮੰਨੀ ਸਧਾਰਨ ਹੀ ਅੰਮ੍ਰਿਤ ਛੱਕਣ ਲਈ ਤਿਆਰ ਹਈ। ਹਰ ਔਰਤ ਦੇ ਸ਼ੌਕ ਸ਼ਿੰਗਾਰ ਹੁੰਦੇ ਹਨ। ਇਕ ਦਿਨ ਭਾਈ ਪਾਲੇ ਦੇ ਰਿਸ਼ਤੇਦਾਰ ਵਿਆਹ ਸੀ ਉਹਨਾਂ ਦੀ ਸਿੰਘਣੀ ਨੇ ਵਿਆਹ 'ਤੇ ਜਾਣ ਲਈ ਭਾਈ ਸਾਹਿਬ ਤੋਂ ਇਜਾਜ਼ਤ ਮੰਗੀ। ਇਜਾਜ਼ਤ ਮਿਲਣ 'ਤੇ ਸਿੰਘਣੀ ਤਿਆਰ ਹੋਣ ਲੱਗ ਪਈ। ਭਾਈ ਪਾਲਾ ਖੇਤ ਪੱਠੇ ਲੈਣ ਚਲੇ ਗਏ ਭਾਈ ਸਾਹਿਬ ਗੱਲਾਂ ਬੜੀਆਂ ਹਾਸੇ ਵਾਲੀਆਂ ਸੁਣਾ ਦਿੰਦੇ ਸਨ।

ਜਦੋਂ ਸਿੰਘਣੀ ਵਿਆਹ ਤੋਂ ਵਾਪਸ ਆਈ ਤਾਂ ਸਿੰਘਣੀ ਮੂੰਹ ਸਿਰ ਜਿਹਾ ਲਪੇਟ ਕੇ ਕਮਰੇ ਵਿਚ ਵੜ ਗਈ। ਭਾਈ ਸਾਹਿਬ ਕਹਿੰਦੇ ਮੇਰੇ ਦਿਮਾਗ ਵਿਚ ਉਸ ਸਮੇਂ ਹੀ ਤਾਰ ਖੜਕ ਪਈ। ਜਦੋਂ ਸਿੰਘਣੀ ਛੇਤੀ ਨਾਲ ਕਮਰੇ ਵਿਚ ਗਈ,'ਗੱਲ ਕੋਈ ਖਾਸ ਨਹੀਂ ਸੀ।' ਸਿਰਫ ਸਿੰਘਣੀ ਨੇ ਵਿਆਹ 'ਤੇ ਜਾਣ ਲੱਗੀ ਨੇ ਕੰਨਾਂ ਵਿੱਚ ਰਿੰਗ ਪਾ ਲਏ ਸਨ ਅਤੇ ਹਲਕੀ ਜਿਹੀ ਮੇਕਅੱਪ ਕਰ ਲਈ ਸੀ। ਭਾਈ ਸਾਹਿਬ ਕਹਿੰਦੇ ਮੈਂ ਇਹ ਗੱਲ ਦੇਖੀ ਗਿਆ। ਜਦੋਂ ਸਿੰਘਣੀ ਨੇ ਵਿਆਹ ਤੋਂ ਵਾਪਸ ਆ ਕੇ ਰਿੰਗ ਲਾਹ ਕੇ ਅਲਮਾਰੀ ਵਿਚ ਰੱਖ ਦਿੱਤੇ ਤੇ ਮੇਕਅੱਪ ਪੂੰਝ ਕੇ ਉਹ ਬਾਹਰ ਆ ਕੇ ਕੰਮੀਂ ਲੱਗ ਗਈ ਤਾਂ ਭਾਈ ਸਾਹਿਬ ਨੇ ਅਲਮਾਰੀ ਵਿਚੋਂ ਰਿੰਗ ਅਤੇ ਮੇਕਅੱਪ ਦਾ ਸਮਾਨ ਕੱਢ ਕੇ ਘਰੇ ਬਣੀ ਟੱਟੀ ਦੇ ਟੋਏ ਵਿਚ ਸੁੱਟ ਦਿੱਤਾ।

ਸਿੰਘਣੀ ਨੂੰ ਜਦੋਂ ਪਤਾ ਲੱਗਾ ਤਾਂ ਉਸਨੇ ਕਾਫੀ ਮਹਿਸੂਸ ਕੀਤਾ ਕਿਉਂਕਿ ਉਸ ਦੇ ਸੋਨੇ ਦਾ ਕਾਫੀ ਨੁਕਸਾਨ ਹੋਇਆ ਸੀ ਭਾਈ ਸਾਹਿਬ ਨੇ ਇਕ ਗੱਲ ਕਹੀ ਕਿ "ਜੇ ਤੈਨੂੰ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਨੇ ਹੁਕਮ ਕੀਤਾ ਸੀ ਨੱਕ ਕੰਨਾਂ ਵਿਚ ਕੁਝ ਨਹੀਂ ਪਾਉਣਾ ਫਿਰ ਤੂੰ ਇਹ ਗਲਤੀ ਕਿਉਂ ਕੀਤੀ ਬਸ ਤੇਨੂੰ ਇਹੀ ਸਜਾ ਹੈ।"

ਭਾਈ ਸਾਹਿਬ ਬਠਿੰਡਾ ਜੇਲ ਵਿਚ ਅੱਠ ਮਹੀਨੇ ਦੇ ਕਰੀਬ ਰਹੇ। ਉਹਨਾਂ ਦੇ ਦੋ ਬੱਚੇ ਹਨ ਭਾਈ ਸਾਹਿਬ ਕਹਿ ਦਿੰਦੇ ਸਨ, ਜਿਸ ਦਿਨ ਮੇਰੇ ਘਰੇ (ਭੁਜੰਗੀ) ਸ਼ੇਰ ਨੇ ਜਨਮ ਲੈ ਲਿਆ, ਉਸ ਦਿਨ ਘਰ ਪਰਿਵਾਰ ਛੱਡ ਦੇਣਾ ਹੈ। ਅਖੀਰ ਗੁਰੂ ਸਾਹਿਬ ਨੇ ਬਖਸ਼ਿਸ਼ ਕੀਤੀ ਆਪ ਦੇ ਘਰ ਇਕ ਭੁਜੰਗੀ ਦੀ ਦਾਤ ਬਖਸ਼ੀ ਅਤੇ ਆਪ ਘਰ ਪਰਿਵਾਰ ਛੱਡ ਕੇ ਪੱਕੇ ਤੌਰ 'ਤੇ ਕੌਮੀ ਸੰਘਰਸ਼ ਵਿਚ ਸ਼ਾਮਲ ਹੋ ਗਏ ਭਾਈ ਗੁਰਪਾਲ ਸਿੰਘ ਬੱਬਰ ਭੁੱਚੋ ਮੰਡੀ ਅਤੇ ਭਾਈ ਕੇਹਰ ਸਿੰਘ ਬੱਬਰ ਬੁਢਾਲ, ਸ਼ਹੀਦ ਭਾਈ ਸਲੱਖਣ ਸਿੰਘ ਬੱਬਰ ਉਰਫ ਗੁਰਮੀਤ ਸਿੰਘ ਪਿੰਡ ਵੈਰੋਵਾਲ ਦੇ ਸ਼ਹੀਦ ਹੋਣ ਕਾਰਨ ਆਪ ਜੀ ਦੇ ਬੱਬਰਾਂ ਦੇ ਜਥੇ ਨਾਲੋਂ ਲਿੰਕ ਟੁੱਟ ਗਏ ਸਨ। ਇਸ ਕਾਰਨ ਆਪ ਜੀ ਇਕ ਗ੍ਰੰਥੀ ਸਿੰਘ ਦੇ ਰੂਪ ਵਿਚ ਡਰੋਲੀ ਭਾਈ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਲੱਗ ਪਏ। ਡਰੋਲੀ ਭਾਈ ਵਿਖੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ, ਜਿਥੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਯਾਦ ਵਿਚ ਹਮੇਸ਼ਾ ਅਖੰਡ ਪਾਠ ਸਾਹਿਬ ਆਰੰਭ ਰਹਿੰਦੇ ਹਨ। ਭਾਈ ਪਾਲਾ ਡਰੋਲੀ ਭਾਈ ਢਾਈ ਸਾਲ ਦੇ ਕਰੀਬ ਰਹੇ। ਡਰੋਲੀ ਭਾਈ ਦੇ ਨਾਲ ਹੀ ਪਿੰਡ ਦੱਧਾਹੂਰ ਹੈ।

ਇਕ ਦਿਨ ਭਾਈ ਪਾਲਾ ਦਧਾਹੂਰ ਵਿਖੇ ਇਕ ਘਰੇ ਲੜਕੀ ਦੇ ਵਿਆਹ ਵਿਚ ਸ਼ਾਮਲ ਹੋਣ ਗਏ ਸਨ। ਉਸ ਘਰ ਨੂੰ ਕਿਸੇ ਨੇ ਧਮਕੀ ਦਿੱਤੀ ਸੀ ਕਿ ਤੁਹਾਡਾ ਸਾਰਾ ਹੀ ਪਰਿਵਾਰ ਮਾਰ ਦਿੱਤਾ ਜਾਵੇਗਾ। ਘਰ ਵਾਲਿਆਂ ਨੇ ਡਰੋਲੀ ਭਾਈ ਵਿਖੇ ਭਾਈ ਸਾਹਿਬ ਪਾਲੇ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ ਤਾਂ ਭਾਈ ਸਾਹਿਬ ਨੇ ਉਹਨਾਂ ਨੂੰ ਵਿਸ਼ਵਾਸ ਦੁਆਇਆ ਕਿ ਇਸ ਤਰ੍ਹਾਂ ਦੇ ਕੰਮ ਸਿੰਘ ਨਹੀਂ ਕਰਦੇ। ਮੈਂ ਖੁਦ ਵਿਆਹ ਆਵਾਂਗਾ ਕੋਈ ਡਰਨ ਦੀ ਲੋੜ ਨਹੀਂ। ਜਦੋਂ ਭਾਈ ਸਾਹਿਬ ਵਿਆਹ ਗਏ ਤਾਂ ਵਿਆਹ ਵਿਚ ਇਕ ਪੁਲਿਸ ਕੈਟ ਸੁਰਿੰਦਰ ਸਿੰਘ ਛਿੰਦਾ ਵਾਸੀ ਮਹੂਰਤ ਵੀ ਆਇਆ ਹੋਇਆ ਸੀ। ਜਿਸ ਨੇ ਕੋਟਕਪੂਰਾ ਸਿੱਖਾਂਵਾਲਾ ਸੜਕ 'ਤੇ ਇਕ ਸੂਏ ਦੇ ਪੁਲ ਉੱਤੇ ਪੁਲਿਸ ਮੁਖਬਰਾਂ ਨਾਲ ਮਿਲ ਕੇ ਇਕ ਸਿੰਘ ਭਾਈ ਜਸਵਿੰਦਰ ਸਿੰਘ ਹੈਪੀ ਪਿੰਡ ਸਿਵੀਆਂ ਨੂੰ ਕੁਹਾੜੀਆਂ ਨਾਲ ਵੱਢ ਕੇ ਸ਼ਹੀਦ ਕੀਤਾ ਸੀ ਅਤੇ ਬਾਅਦ ਵਿਚ ਗੋਲੀਆਂ ਵੀ ਮਾਰ ਦਿੱਤੀਆਂ ਸਨ। ਉਸ ਪੁਲਿਸ ਕੈਟ ਨੇ ਭਾਈ ਸਾਹਿਬ ਬਾਰੇ ਸੂਹ ਕੱਢ ਕੇ ਫਰੀਦਕੋਟ ਪੁਲਿਸ ਨੂੰ ਦੱਸ ਦਿੱਤਾ। ਕੋਟਕਪੂਰੇ ਦੀ ਪੁਲਿਸ ਨੇ ਭਾਈ ਸਾਹਿਬ ਪਾਲੇ ਨੂੰ ਡਰੋਲੀ ਭਾਈ ਤੋਂ ਚੁੱਕ ਲਿਆਂਦਾ। ਭਾਈ ਪਾਲੇ ਉਪਰ ਕੋਟਕਪੂਰਾ ਵਿਖੇ ਪੂਰੇ 18 ਦਿਨ ਤਸ਼ੱਦਦ ਹੁੰਦਾ ਰਿਹਾ। ਡਰੋਲੀ ਭਾਈ ਹਲਕੇ ਦੀਆਂ ਪੰਚਾਇਤਾਂ ਨੇ ਭੱਜ ਨੱਠ ਕਰਕੇ ਉਹਨਾਂ ਨੂੰ ਛੁਡਵਾ ਲਿਆ। ਪੁਲਿਸ ਦੀਆਂ ਨਿਤ ਦੀਆਂ ਜ਼ਿਆਦਤੀਆਂ ਤੋਂ ਤੰਗ ਆ ਕੇ ਆਪ ਨੇ ਡਰੋਲੀ ਭਾਈ ਨੂੰ ਛੱਡ ਦਿੱਤਾ ਅਤੇ ਬੱਬਰਾਂ ਨਾਲੋਂ ਲਿੰਕ ਟੁੱਟਣ ਤੋਂ ਬਾਅਦ ਆਪ ਜੀ ਖਾੜਕੂ ਜਥੇਬੰਦੀ ਕਮਾਂਡੋ

ਫਰਸ ਵਿਚ ਸ਼ਾਮਲ ਹੋ ਗਏ। ਖੇਤਾਂ ਬੰਨਿਆਂ ਨੂੰ ਆਪਣੀ ਛੁਪਣਗਾਹ ਬਣਾ ਕੇ ਰਹਿਣ ਲੱਗ ਪਏ। ਘਰ ਪਰਿਵਾਰ ਨੂੰ ਬਹੁਤ ਦੁੱਖਾਂ- ਸੰਤਾਪਾਂ ਦਾ ਸਾਹਮਣਾ ਕਰਨਾ ਪਿਆ। ਪਿਤਾ ਜੀ ਇਹ ਸੰਤਾਪ ਨਾ ਝੱਲਦੇ ਹੋਏ ਘਰੋਂ ਚੜਾਈ ਕਰ ਗਏ। ਸਾਰੇ ਹੀ ਰਿਸ਼ਤੇਦਾਰ ਦੂਰ ਹੋ ਗਏ ਭਾਈ ਸਾਹਿਬ ਕਹਿ ਦਿੰਦੇ ਸਨ "ਘਰ ਪਰਿਵਾਰ ਰਿਸ਼ਤੇਦਾਰ ਦੂਰ ਹੁੰਦੇ ਹਨ ਹੋ ਜਾਣ ਪਰ ਮੇਰਾ ਸਤਿਗੁਰੂ ਸੂਰਾ ਨਾ ਮੇਰ ਤੋਂ ਦੂਰ ਹੋਵੇ"

ਆਪ ਜੀ ਦੀ ਸ਼ਾਦੀ ਬੀਬੀ ਸੁਰਿੰਦਰ ਕੌਰ ਨਾਲ ਹੋਈ ਸੀ। ਆਪ ਜੀ ਦੀਆਂ ਦੋ ਬੱਚੀਆਂ ਬਹੁਤ ਹੀ ਹੁਸ਼ਿਆਰ ਅਤੇ ਪੜਾਈ ਵਿਚ ਐਮ ਏ ਕਰ ਚੁੱਕੀਆਂ ਹਨ। ਵੱਡੀ ਬੱਚੀ ਦੀ ਸ਼ਾਦੀ ਹੋ ਚੁੱਕੀ ਹੈ,ਲੜਕਾ ਅਜੇ ਪੜ ਰਿਹਾ ਹੈ। ਘਰ ਪਰਿਵਾਰ ਦੀ ਹਾਲਤ ਸਧਾਰਨ ਹੈ।

ਜੰਗ ਦੇ ਮੈਦਾਨ ਵਿਚ ਲੜ ਕੇ ਸਿਪਾਹੀ ਲਈ ਸ਼ਹਾਦਤ ਹੀ ਸਭ ਤੋਂ ਉੱਤਮ ਹੁੰਦੀ ਹੈ। ਹਰ ਮੌਤ ਨੂੰ ਸ਼ਹਾਦਤ ਨਹੀਂ ਕਿਹਾ ਜਾ ਸਕਦਾ। ਭਾਈ ਸਾਹਿਬ ਹਮੇਸ਼ਾ ਕਮੀਜ਼ ਦੇ ਕਾਲਰ ਵਿਚ ਸਾਇਨਾਈਡ ਛੁਪਾ ਕੇ ਰੱਖਦੇ ਸਨ ਹੁਣ ਜਿਉਂਦੇ ਜੀਅ ਹੱਥ ਨਹੀਂ ਆਉਣਾ ਉਹਨਾਂ ਦਾ ਇਹ ਪ੍ਰਣ ਸੀ। 2 ਅਗਸਤ 1990 ਵਾਲੇ ਦਿਨ ਸ਼ਾਮ ਦੇ ਢਲਦੇ ਪਰਛਾਵਿਆਂ ਵਿਚ ਆਪ ਜੀ ਮੋਟਰ ਤੇ ਆਪਣੇ ਸਾਥੀਆਂ ਨਾਲ ਜਾ ਰਹੇ ਸਨ ਕਿ ਕਿਸੇ ਬਾਹਲੇ ਨਾਮ ਦੇ ਕੈਟ ਨੇ ਆਪ ਜੀ ਨੂੰ ਪਹਿਚਾਨ ਲਿਆ ਅਤੇ ਪੁਲਿਸ ਪਾਰਟੀਆਂ ਮਗਰ ਲੱਗ ਤੁਰੀਆਂ ਉਥੋਂ ਪੁਲਿਸ ਪਾਰਟੀਆਂ ਨਾਲ ਮੁਕਾਬਲਾ ਕਰਦੇ ਹੋਏ ਆਪ ਜੀ ਮਨਸੂਰਵਾਲ ਦੇ ਕੋਲ ਇਕ ਮੋਟਰ 'ਤੇ ਪਹੁੰਚ ਗਏ, ਜਿਥੇ ਆਪ ਜੀ ਆਪਣੇ ਸਾਥੀਆਂ ਸਮੇਤ ਅੱਠ ਘੰਟੇ ਪੁਲਿਸ ਨਾਲ ਲੜਦੇ ਰਹੇ। ਮਸ਼ੀਨਗੰਨਾਂ ਦੀਆਂ ਬਾਛੜਾਂ ਨਾਲ ਸ਼ਹੀਦ ਹੋ ਗਏ।

3 ਅਗਸਤ 1990 ਨੂੰ ਫਰੀਦਕੋਟ, ਫਿਰੋਜ਼ਪੁਰ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਨੇ ਜੀਰੇ ਵਿਖੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਪ੍ਰੈਸ ਨੂੰ ਦੱਸਿਆ ਕਿ ਉਮਰਪਾਲ ਸਿੰਘ, ਉਰਫ ਪਾਲਾ ਬੱਬਰ ਪਿੰਡ ਬੀਹਲਾ ਜ਼ਿਲਾ ਸੰਗਰੂਰ ਜੋ ਖਾੜਕੂ ਸਫਾਂ ਅੰਦਰ ਸੰਨ 1984 ਤੋਂ ਸਰਗਰਮ ਸੀ ਅਤੇ ਕਈ ਵਾਰਦਾਤਾਂ ਵਿਚ ਲੜੀਂਦਾ ਸੀ, ਉਹ ਅਤੇ ਉਸਦਾ ਸਾਥੀ ਨਾਇਬ ਸਿੰਘ ਬੂੰਈਆਂ ਵਾਲਾ ਪੰਜਾਬ ਪੁਲਿਸ ਦੇ ਵੱਡੇ ਉਦਮ ਨਾਲ ਮਾਰ ਗਏ ਹਨ, ਜਦੋਂ ਉਹਨਾਂ ਨੇ ਘੇਰੇ ਵਿਚ ਆਉਣ 'ਤੇ ਸਾਇਨਾਈਡ ਖਾਣ ਦੀ ਕੋਸ਼ਿਸ਼ ਕੀਤੀ, ਇਹਨਾਂ ਦੇ ਦੋ ਸਾਥੀ ਮਲਕੀਤ ਸਿੰਘ ਬੱਬਰ ਦਾਨ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਅਤੇ ਦਰਸ਼ਨ ਸਿੰਘ ਬੱਬਰ ਆਕਲੀਆ ਘੇਰੇ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਏ ਹਨ, ਜਿਨ੍ਹਾਂ ਦੀ ਪੁਲਿਸ ਵੱਡੇ ਪੱਧਰ ਤੇ ਭਾਲ ਕਰ ਰਹੀ ਹੈ। ਅੱਤਵਾਦੀਆਂ ਕੋਲੋਂ ਵੱਡੀ ਮਾਤਰਾ ਵਿਚ ਹਥਿਆਰ ਮਿਲੇ ਹਨ। ਤਕਰੀਬਨ ਡੇਢ ਸਾਲ ਬਾਅਦ ਭਾਈ ਮਲਕੀਤ ਸਿੰਘ ਬੱਬਰ ਦਾਨ ਸਿੰਘ ਵਾਲਾ ਆਪਣੇ ਸਾਥੀਆਂ ਨਾਲ ਰਾਏ ਸਿੰਘ ਨਗਰ ਤੋਂ ਫੜੇ ਗਏ ਸਨ, ਜਿਥੋਂ ਠਾਣਾ ਕੋਟ ਭਾਈ ਜ਼ਿਲ੍ਹਾ ਫਰੀਦਕੋਟ ਦੀ ਪੁਲਿਸ ਨੇ ਰਾਜਸਥਾਨ ਵਿਚੋਂ ਲਿਆ ਕੇ ਬੜੀ ਹੀ ਦਰਿੰਦਗੀ ਨਾਲ ਲੱਤਾਂ ਤੋੜ ਕੇ ਟੱਟੀ ਦੀ ਗੰਦਗੀ ਵਾਲੇ ਟੋਏ ਵਿਚ ਡੋਬ ਡੋਬ ਕੇ 1 ਜਨਵਰੀ 1992 ਨੂੰ ਨਵੇਂ ਸਾਲ ਦੀ ਚੜ੍ਹਦੀ ਰਾਤ ਨੂੰ ਸ਼ਹੀਦ ਕਰ ਦਿੱਤਾ। ਮਾਤਾ ਜਗੀਰ ਕੌਰ ਦਾ ਇਕਲੌਤਾ ਬੇਟਾ ਸ਼ਹਾਦਤ ਪ੍ਰਾਪਤ ਕਰ ਗਿਆ। ਭੈਣ

ਸੁਰਿੰਦਰ ਕੌਰ ਦੇ ਸਿੰਗਾਰ ਖੋਹ ਕੇ ਸੁਣਦਾ ਹੋਇਆ ਸਦਾ ਲਈ ਉਸ ਨੂੰ ਚਿੱਟੇ ਸਾਲੂਆਂ ਵਿਚ ਲਪੇਟ ਗਿਆ। ਬੱਚੇ ਕਹਿ ਦਿੰਦੇ ਹਨ ਸਾਨੂੰ ਥੋੜੀ ਮਾੜਾ ਮਾੜਾ ਯਾਦ ਹਨ। ਅੱਜ ਤੱਕ ਕੋਈ ਨਹੀਂ ਬਹੁੜਿਆ, ਇਸ ਘਰ ਇਹਨਾਂ ਬੱਚਿਆਂ ਦੇ ਸਿਰ 'ਤੇ ਹੱਥ ਧਰਨ ਲਈ। ਸੱਪ ਦੀ ਪੈੜ ਵਾਲਾ ਬੀਹਲਾ ਦਾ ਪਾਲਾ ਬੱਬਰ ਅਜ਼ਾਦੀ ਲਈ ਗੁਲਾਮ ਧਰਤੀ 'ਤੇ ਸ਼ਹਾਦਤਾਂ ਦੀਆਂ ਪੈੜਾਂ ਛੱਡ ਗਿਆ। ਬੜੀ ਕੋਸ਼ਿਸ਼ ਕਰਨ 'ਤੇ ਉਹਨਾਂ ਦੀ ਇੱਕ ਪੁਰਾਣੀ ਤਸਵੀਰ ਮਿਲ ਸਕੀ ਹੈ।

ਇਕ ਵਾਰ ਭਾਈ ਸਾਹਿਬ ਜੀ ਨੂੰ ਸੰਗਰੂਰ ਪੁਲਿਸ ਚੁੱਕ ਕੇ ਬਹਾਦਰਗੜ੍ਹ ਦੇ ਇੰਟਰਰੋਗੇਸ਼ਨ ਸੈਂਟਰ ਲੈ ਗਈ, ਜਦੋਂ ਉਨ੍ਹਾਂ 'ਤੇ ਤਸ਼ੱਦਦ ਕਰਨ ਲੱਗੇ ਤਾਂ ਪੁਲਿਸ ਵਾਲੇ ਕਹਿੰਦੇ ਕੱਪੜੇ ਉਤਾਰ ਦੇ। ਉਨ੍ਹਾਂ ਨੇ ਕਛਹਿਰਾ ਉਤਾਰਨ ਤੋਂ ਇਨਕਾਰ ਕਰ ਦਿੱਤਾ ਤਾਂ ਪੁਲਿਸ ਵਾਲਿਆਂ ਨੇ ਕਛਹਿਰੇ ਨੂੰ ਖਿੱਚ ਖਿੱਚ ਕੇ ਪਾੜ ਦਿੱਤਾ ਅਤੇ ਇਤਨਾ ਤਸ਼ੱਦਦ ਕੀਤਾ ਕੇ ਮਰਨ ਵਾਲੀ ਹਾਲਤ ਵਿਚ ਕਰਕੇ ਬਾਹਰ ਸੁੱਟ ਆਏ। ਪਰ ਜੋ ਕੁਦਰਤ ਨੂੰ ਮਨਜ਼ੂਰ ਸੀ, ਉਹੋ ਭਾਈ ਸਾਹਿਬ ਕਿਸ ਤਰੀਕੇ ਖਿਸਕ ਕੇ ਬਚ ਨਿਕਲੇ ਸਨ,

# ਭਾਈ ਹਰਬੰਸ ਸਿੰਘ ਬੱਬਰ ਭੁੱਲਰ

ਗਰੀਬ ਸਿੱਖਾਂ ਦੀ ਪਾਤਸ਼ਾਹੀ ਨੂੰ ਕਾਇਮ ਦਾਇਮ ਰੱਖਣ ਲਈ ਜ਼ਿਲ੍ਹਾ ਮੁਕਤਸਰ ਦੇ ਪਿੰਡ ਭੁੱਲਰ ਵਿਖੇ ਇਕ ਗਰੀਬ ਪਿਤਾ ਸ. ਕਰਤਾਰ ਸਿੰਘ ਜੀ ਦੇ ਘਰੇ ਮਾਤਾ ਗੁਰਦੇਵ ਕੌਰ ਜੀ ਦੀ ਸੁਲੱਖਣੀ ਕੁੱਖੋਂ ਚੜ੍ਹਦੇ ਵਿਸਾਖ ਸੰਨ 1962 ਈਸਵੀ ਨੂੰ ਇਕ ਬੱਚੇ ਨੇ ਜਨਮ ਲਿਆ। ਗੁਰੂ ਸਾਹਿਬ ਜੀ ਦੇ ਹੁਕਮ 'ਤੇ "ਹ" ਅੱਖਰ 'ਤੇ ਆਪ ਜੀ ਦਾ ਨਾਮ ਹਰਬੰਸ ਸਿੰਘ ਰੱਖਿਆ ਗਿਆ।

ਆਪਜੀ ਦੇ ਨਾਨਕੇ ਪਿੰਡ ਰਾਮਆਣੇ ਸਨ ਅਤੇ ਨਾਨਕਾ ਪਰਿਵਾਰ ਬੜੀ ਹੀ ਭੈ ਭਾਵਨੀ ਵਾਲਾ ਗੁਰਮਤਿ ਨੂੰ ਪ੍ਰਨਾਇਆ ਹੋਇਆ ਸੀ। ਪਰ ਆਪ ਜੀ ਦਾ ਕੋਈ ਮਾਮਾ ਨਹੀਂ ਸੀ। ਇਸ ਥੁੜ੍ਹ ਨੂੰ ਸਮਝਦਿਆਂ ਨਾਨਕਿਆਂ ਨੇ ਹਰਬੰਸ ਸਿੰਘ ਨੂੰ ਆਪਣੇ ਕੋਲ ਹੀ ਬਚਪਨ ਤੋਂ ਰੱਖ ਲਿਆ ਸੀ। ਜਿਥੇ ਉਹਨਾਂ ਪਹਿਲੀ ਤੋਂ ਅੱਠਵੀਂ ਤੱਕ ਦੀ ਵਿਦਿਆ ਪ੍ਰਾਪਤ ਕੀਤੀ। ਨੌਵੀਂ ਅਤੇ ਦਸਵੀਂ ਜਮਾਤਾਂ ਉਹਨਾਂ ਨੇ ਆਪਣੇ ਪਿੰਡ ਭੁੱਲਰ ਤੋਂ ਪਾਸ ਕੀਤੀਆਂ।

ਸੰਨ 1979 ਈ. ਵਿਚ ਆਪ ਜੀ ਨੂੰ ਬਤੌਰ ਇਲੈਕਟ੍ਰੀਸ਼ਨ ਗੁਰੂ ਨਾਨਕ ਥਰਮਲ ਪਲਾਂਟ ਵਿਚ ਨੌਕਰੀ ਮਿਲ ਗਈ, ਜਿਥੇ ਆਪ ਜੀ ਨੇ ਦੋ ਸਾਲ ਦੇ ਕਰੀਬ ਕੰਮ ਕੀਤਾ। ਸੰਨ 1980 ਵਿਚ ਆਪ ਜੀ ਦੀ ਸ਼ਾਦੀ ਪਿੰਡ ਬਹਿਬਲਕਲਾਂ ਦੇ ਸ. ਇੰਦਰ ਸਿੰਘ ਦੀ ਲੜਕੀ ਬੀਬੀ ਜਸਵਿੰਦਰ ਕੌਰ ਨਾਲ ਹੋਈ। ਆਪ ਜੀ ਦੇ ਘਰ ਸੰਨ 1984 ਵਿਚ ਇਕ ਲੜਕੀ ਨੇ ਜਨਮ ਲਿਆ ਅਤੇ ਸੰਨ 1986 ਵਿਚ ਇਕ ਲੜਕੇ ਨੇ ਜਨਮ ਲਿਆ

ਥਰਮਲ ਪਲਾਂਟ ਦੀ ਨੌਕਰੀ ਤੋਂ ਬਾਅਦ ਆਪ ਜੀ ਨੇ ਪਿੰਡ ਕੁਝ ਸਮਾਂ ਖੇਤੀਬਾੜੀ ਦਾ ਕੰਮ ਵੀ ਕੀਤਾ। ਆਪ ਜੀ ਦਾ ਮੇਲ ਭਾਈ ਹਰਭਜਨ ਸਿੰਘ ਬੱਬਰ ਡੱਲਿਆਂਵਾਲੀ ਨਾਲ ਪਿੰਡ ਰਾਮਆਣੇ ਦੇ ਗੁਰਦੁਆਰਾ ਸਾਹਿਬ ਵਿਖੇ ਹੋਇਆ। ਪੰਥ ਦੀ ਤ੍ਰਾਸਦੀ ਦੇ ਹਾਲਾਤ ਸੁਣ ਕੇ ਆਪ ਜੀ ਗੰਭੀਰ ਰਹਿਣ ਲੱਗ ਪਏ. ਆਪ ਜੀ ਅਖੰਡ ਕੀਰਤਨੀ ਜਥੇ ਦੇ ਰੈਣ ਸੁਬਾਈ ਕੀਰਤਨੀ ਸਮਾਗਮਾਂ 'ਤੇ ਜਾਣ ਲੱਗ ਪਏ। ਆਪ ਜੀ ਨੇ ਕਈ ਦਫਾ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਗੁਰੂ ਸਾਹਿਬ ਜੀ ਦੇ ਸਨਮੁਖ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਛੱਕਣ ਦੀ ਜਾਚਨਾ ਕੀਤੀ। ਪਰ ਆਪ ਜੀ ਵਾਪਸ ਮੁੜਦੇ ਰਹੇ. ਕਿਉਂਕਿ ਅੰਮ੍ਰਿਤ ਦੀ ਇਹ ਮਰਯਾਦਾ ਹੈ ਕਿ ਗ੍ਰਿਹਸਥੀ ਜੀਵਨ ਸਾਂਝ ਅੰਦਰ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ, ਪਤੀ ਪਤਨੀ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

ਭਾਈ ਸਾਹਿਬ ਜੀ ਲੰਮੀ ਸੋਚ ਰਹੇ ਸਨ। ਉਹ ਕਿਉਂਕਿ ਬੱਬਰਾਂ ਦੇ ਜੁਝਾਰੂ ਸੰਘ ਜਥੇ ਵਿਚ ਸ਼ਾਮਲ ਹੋ ਗਏ ਸਨ, ਇਸ ਕਰਕੇ. ਉਹ ਆਪਣੀ ਧਰਮ ਪਤਨੀ ਨੂੰ ਮਜਬੂਰ ਨਹੀਂ ਕਰ ਸਕਦੇ ਸਨ। ਬਾਅਦ ਵਿਚ ਪੰਜਾਂ ਪਿਆਰਿਆਂ ਨੇ ਉਹਨਾਂ ਤੋਂ ਗੁਰੂ ਸਾਹਿਬ ਜੀ ਦੇ ਸਨਮੁਖ ਕਈ ਬਚਨ ਲਏ ਅਤੇ ਅੰਮ੍ਰਿਤ ਦੀ ਮਹਾਨ ਦਾਤ ਦਿੱਤੀ. ਆਪ ਜੀ ਬੱਬਰਾਂ ਦੇ

ਗੁਪਤਚਰ ਦੇ ਤੌਰ 'ਤੇ ਵੇਰਵੇ ਇਕੱਠੇ ਕਰਨ ਲਈ ਪਿੰਡਾਂ ਵਿਚ ਵਿਚਰਨ ਲੱਗੇ। ਇਸ ਦੌਰਾਨ ਸੰਨ 1989 ਵਿਚ ਗੁਰੂ ਦੀ ਢਾਬ ਮਲੇ 'ਤੇ ਆਪ ਜੀ ਬਾਰੇ ਮੁਖਬਰੀ ਹੋ ਗਈ ਅਤੇ ਆਪ ਜੀ ਫੜੇ ਗਏ। ਆਪ ਜੀ 'ਤੇ ਸਧਾਰਨ ਕੇਸ ਪਾ ਦਿੱਤਾ ਗਿਆ, ਜਿਥੋਂ ਆਪ ਜੀ ਦੀ ਥੋੜ੍ਹੇ ਦਿਨਾਂ ਬਾਅਦ ਜ਼ਮਾਨਤ ਹੋਈ। ਬੱਬਰਾਂ ਨੇ ਆਪ ਜੀ ਨੂੰ ਗੁਪਤ ਨਾਮ ਕਰਮ ਸਿੰਘ ਹੌਂਡੀ ਦਿੱਤਾ। ਲੋਕਾਂ ਤੇ ਆਪ ਜੀ ਨੂੰ ਕਰਮ ਸਿੰਘ ਹੌਂਡੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਆਪ ਜੀ ਨੇ ਪਿੰਡਾਂ ਵਿਚ ਸਰਕਾਰੀ ਮੁਖਬਰਾਂ, ਪੰਥ ਵਿਰੋਧੀ ਤਾਕਤਾਂ ਬਾਰੇ ਭੇਦ ਇਕੱਠੇ ਕਰਨ ਦੇ ਕੰਮ ਨੂੰ ਤਨਦੇਹੀ ਨਾਲ ਨਿਭਾਇਆ। ਪਰ ਆਪ ਜੀ ਦੀ ਇੱਛਾ ਸੀ ਕਿ ਉਹ ਜੰਗਜੂ ਐਕਸ਼ਨਾਂ ਵਿਚ ਵੀ ਜਾਇਆ ਕਰਨ

ਜਿਸ ਕਾਰਨ ਆਪ ਜੀ ਦੀ ਸੇਵਾ ਹਰੀ ਸਿੰਘ ਬੱਬਰ ਲੈਹਰਾਂ ਅਤੇ ਮਿਹਰਬਾਨ ਸਿੰਘ ਬੱਬਰ ਬੁੱਟਰ ਸੁਹਰੀਂ ਨਾਲ ਲੱਗ ਗਈ। ਵਿਸਾਖੀ ਦੇ ਪ੍ਰੋਗਰਾਮ ਦੇ ਸਬੰਧ ਵਿਚ ਆਪ ਜੀ ਬਠਿੰਡੇ ਜ਼ਿਲ੍ਹੇ ਦੇ ਪਿੰਡ ਚੌਧਰੇ ਆਪਣੇ ਇਕ ਰਿਸ਼ਤੇਦਾਰ ਕੋਲ ਰੁਕੇ ਹੋਏ ਸਨ ਜਿਥੋਂ ਆਪ ਜੀ ਨੇ ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਨੂੰ ਨਾਲ ਲੈ ਕੇ ਦਮਦਮਾ ਸਾਹਿਬ ਤਲਵੰਡੀ ਸਾਬੋ ਜਾਣਾ ਸੀ। ਪਰ ਆਪ ਜੀ ਜਿਸ ਘਰ ਰੁਕੇ ਸਨ, ਉਸ ਘਰ ਦੀ ਪਿੰਡ ਵਿਚਲੇ ਦੂਜੇ ਘਰਾਂ ਨਾਲ ਕੋਈ ਬਹੁਤ ਚੰਗੀ ਨਹੀਂ ਸੀ, ਏਥੋਂ ਹੀ ਪੁਲਿਸ ਕੋਲ ਮੁਖਬਰੀ ਹੋ ਗਈ। 5 ਅਪ੍ਰੈਲ 1992 ਦਿਨ ਐਤਵਾਰ ਨੂੰ ਸਵਾ ਦੋ ਵਜੇ ਦੇ ਕਰੀਬ ਪੁਲਿਸ ਦੇ ਕਮਾਂਡੋਆਂ ਨੇ ਪਿੰਡ ਨੂੰ ਘੇਰ ਲਿਆ। ਜਦੋਂ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਆਪ ਜੀ ਸੇਵਾ ਕਰਨ ਜਾ ਰਹੇ ਸਨ ਤਾਂ ਕਮਾਂਡੋਆਂ ਨੇ ਘੇਰ ਕੇ ਆਪ ਜੀ ਨੂੰ ਜਿਉਂਦਾ ਫੜਨ ਦਾ ਯਤਨ ਕੀਤਾ। ਪਰ ਆਪ ਨੇ ਹੌਲਦਾਰ ਹਰੀ ਪ੍ਰਸ਼ਾਦ ਨਾਮ ਦੇ ਕਮਾਂਡੋ ਨੂੰ ਜੱਫਾ ਮਾਰ ਲਿਆ ਅਤੇ ਉਸਦੀ ਧੌਣ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਆਪ ਜੀ ਨੇ ਉਸ ਹੌਲਦਾਰ ਦੀ ਸਟੇਨਗੰਨ ਖੋਹਣ ਦੀ ਕੋਸ਼ਿਸ਼ ਕੀਤੀ। ਸਟੇਨਗੰਨ ਤਾਂ ਖੋਹੀ ਨਹੀਂ ਗਈ ਪਰ ਆਪ ਨੇ ਹੌਲਦਾਰ ਦੀ ਗਿੱਚੀ ਨਹੀਂ ਛੱਡੀ ਜਦ ਤੱਕ ਹੌਲਦਾਰ ਮਰ ਨਹੀਂ ਗਿਆ। ਦੂਜੇ ਕਮਾਂਡੋਆਂ ਨੇ ਭਾਈ ਸਾਹਿਬ ਜੀ ਦੇ 30 ਗੋਲੀਆਂ ਮਾਰੀਆਂ। ਦਿਨ ਚੜ੍ਹਨ ਤੋਂ ਪਹਿਲਾਂ ਹੀ ਪੁਲਿਸ ਵਾਲੇ ਆਪਣੇ ਕਮਾਂਡੋ ਹੌਲਦਾਰ ਅਤੇ ਭਾਈ ਸਾਹਿਬ ਜੀ ਦੀ ਲਾਸ਼ ਨੂੰ ਚੁੱਕ ਕੇ ਬਠਿੰਡੇ ਲੈ ਗਏ।

ਆਪ ਜੀ ਦੀ ਸ਼ਹਾਦਤ ਕੌਮ ਦੇ ਨੌਜਵਾਨਾਂ ਲਈ ਰਾਹ-ਦਸੇਰਾ ਬਣ ਕੇ ਖੜੀ ਹੈ। ਜਿਹੜੇ ਨੌਜਵਾਨ ਕੌਮੀ ਮਾਰਗ ਤੋਂ ਥਿੜਕ ਕੇ ਕੁਰਾਹੇ ਪੈ ਗਏ ਹਨ, ਉਨ੍ਹਾਂ ਲਈ ਆਪ ਜੀ ਦਾ ਜੀਵਨ ਆਪ ਜੀ ਦੀ ਕੁਰਬਾਨੀ ਇਕ ਰਾਹ ਦਸੇਰਾ ਹੈ।

'ਰਾਹੀਓ ਰਾਹ ਇਧਰ ਨੂੰ ਜਾਂਦੇ ਹਨ', ਪਰਿਵਾਰ ਦੀ ਗੁਰਬੱਤ, ਮਾਤਾ ਜੀ ਦਾ ਝੱਲਾਪਣ ਅਤੇ ਕੀਤੇ ਜਬਰ ਜ਼ੁਲਮ ਦਾ ਦਰਦ ਆਪਮੁਹਾਰੇ ਪਿੰਡ ਲੁਲਰ ਤੋਂ ਰਾਮੇਆਣੇ ਤੱਕ ਬੋਲ ਉੱਠਦਾ ਹੈ।

# ਭਾਈ ਅਮਰੀਕ ਸਿੰਘ ਬੀਰੂ ਬੱਬਰ ਖਾਰਾ

1984 ਵਿੱਚ ਜਦੋਂ ਸਾਡੇ ਜਾਨ ਤੋਂ ਪਿਆਰੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਿੰਦੋਸਤਾਨ ਦੀਆਂ ਫ਼ੌਜਾਂ ਨੇ ਢਹਿਢੇਰੀ ਕੀਤਾ ਤਾਂ ਮੌਜੂਦਾ ਸੰਘਰਸ਼ ਵਿਚ ਸਿੱਖ ਨੌਜਵਾਨਾਂ ਨੇ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਪੰਜਾਬ ਦੀ ਗੁਰੂਆਂ ਪੀਰਾਂ ਦੀ ਧਰਤੀ ਸਰਕਾਰੀ ਬਲਾਂ ਵੱਲੋਂ ਲਿਤਾੜੀ ਜਾ ਰਹੀ ਸੀ ਤੇ ਅਣਖੀ ਸੂਰਮੇ ਆਪਣੇ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਮੈਦਾਨ ਜੰਗ ਵਿੱਚ ਨਿੱਤਰੇ ਹੋਏ ਸਨ, ਜਿਨ੍ਹਾਂ ਵਿੱਚ ਭਾਈ ਅਮਰੀਕ ਸਿੰਘ ਬੀਰੂ ਬੱਬਰ ਇਕ ਹੈ. ਭਾਈ ਅਮਰੀਕ ਸਿੰਘ ਦਾ ਜਨਮ 1976 ਵਿਚ ਮਾਤਾ ਜਗਮਲ ਕੌਰ ਦੀ ਕੁੱਖੋਂ ਪਿਤਾ ਸ. ਵਜ਼ੀਰ ਸਿੰਘ ਦੇ ਘਰ ਪਿੰਡ ਖਾਰਾ ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਆਪ ਜੀ ਦੇ ਤਿੰਨ ਭਰਾ ਸਨ। ਆਪ ਸਾਰਿਆਂ ਨਾਲੋਂ ਛੋਟੇ ਸਨ। ਆਪ ਜੀ ਦੇ ਵੱਡੇ ਭਰਾ ਦਰਸ਼ਨ ਸਿੰਘ ਸਿੱਖ ਸਟੂਡੈਂਟ ਫੈਡਰੇਸ਼ਨ ਵਿੱਚ ਸੇਵਾ ਕਰਦੇ ਹੋਣ ਕਰਕੇ ਆਪ ਜੀ ਦੇ ਘਰ ਖਾੜਕੂ ਸਿੰਘਾਂ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ। ਭਾਈ ਸਾਹਿਬ ਛੋਟੀ ਉਮਰੇ ਹੀ ਖਾੜਕੂ ਸਿੰਘਾਂ ਤੋਂ ਬਹੁਤ ਪ੍ਰਭਾਵਿਤ ਹੋਏ। ਆਪ ਸਤਵੀਂ ਕਲਾਸ ਵਿੱਚ ਪੜ੍ਹਦੇ ਸਮੇਂ ਸਿੱਖ ਖਾੜਕੂ ਸੰਘਰਸ਼ਾਂ ਵਿੱਚ ਸੇਵਾ ਕਰਨ ਲੱਗ ਪਏ। ਆਪ ਤਿੰਨੇ ਭਰਾਵਾਂ ਤੋਂ ਛੋਟੇ ਹੋਣ ਕਾਰਨ ਸਾਰੇ ਆਪ ਨੂੰ ਬਹੁਤ ਪਿਆਰ ਕਰਦੇ ਸਨ. ਇਸ ਲਈ ਪਰਿਵਾਰ ਨੇ ਬਹੁਤ ਕੋਸ਼ਿਸ਼ ਕੀਤੀ ਕਿ ਭਾਈ ਸਾਹਿਬ ਅਜੇ ਬਹੁਤ ਛੋਟੀ ਉਮਰ ਦੇ ਹਨ, ਸੰਘਰਸ਼ ਲੜਨ ਦੀ ਅਜੇ ਉਮਰ ਨਹੀਂ ਹੋਈ ਅਤੇ ਘਰ ਵਾਪਿਸ ਆ ਜਾਣ. ਪਰ ਜਿਸ ਨੂੰ ਸਿੱਖ ਕੌਮ ਦੀ ਸੇਵਾ ਕਰਨ ਦਾ ਬਲ ਆ ਜਾਵੇ, ਉਹ ਘਰ ਵਾਪਿਸ ਕਦੋਂ ਮੁੜਦਾ ਹੈ. ਪਰਿਵਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਅਰਥ ਗਈਆਂ। ਭਾਈ ਸਾਹਿਬ ਬਹੁਤ ਨਿਡਰ ਸੁਭਾਅ ਦੇ ਸਨ. ਫਿਰ ਆਪ ਨੇ ਸੰਘਰਸ਼ ਵਿੱਚ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਕਈ ਵਾਰੀ ਪੁਲਿਸ ਘੇਰਿਆਂ ਵਿੱਚੋਂ ਵੀ ਬਚ ਨਿਕਲੇ। ਆਪ ਹਮੇਸ਼ਾ ਗੁਰਬਾਣੀ ਦਾ ਜਾਪ ਕਰਦੇ, ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿੰਦੇ, ਦੂਜੇ ਪਾਸੇ ਪੁਲਿਸ ਆਪ ਦੇ ਘਰ ਛਾਪੇ ਮਾਰ ਰਹੀ ਸੀ। ਹੋਰ ਤਾਂ ਬਚ ਕੇ ਨਿਕਲ ਗਏ ਪਰ ਭਾਈ ਸਾਹਿਬ ਦੀ ਮਾਤਾ ਨੂੰ ਪੁਲਿਸ ਫੜ ਕੇ ਮਾਨਸਾ ਸਦਰ ਥਾਣੇ ਲੈ ਗਈ। ਬਾਕੀ ਸਾਰੇ ਮੈਂਬਰ ਰੂਪੋਸ਼ ਹੋ ਗਏ. ਘਰ ਵਿੱਚ ਪੁਲਿਸ ਹਰ ਰੋਜ਼ ਆਉਂਦੀ ਜਾਂਦੀ ਸੀ. ਭਾਈ ਸਾਹਿਬ ਨੂੰ ਪੇਸ਼ ਕਰਵਾਉਣ ਲਈ ਦਬਾਅ ਪਾ ਰਹੀ ਸੀ। ਪਿੱਛੋਂ ਭਾਈ ਸਾਹਿਬ ਦੇ ਪਿਤਾ ਨੂੰ ਵੀ ਪੁਲਿਸ ਫੜ ਕੇ ਲੈ ਗਈ। ਕਈ ਦਿਨ ਤਸੀਹੇ ਕੇਂਦਰ ਵਿੱਚ ਸਖ਼ਤ ਤਸੀਹੇ ਦਿੱਤੇ ਅਤੇ ਇਲਾਕੇ ਦੇ ਲੋਕਾਂ ਨੇ ਆਪ ਦੇ ਮਾਤਾ-ਪਿਤਾ ਨੂੰ ਜ਼ੋਰ ਪਾ ਕੇ ਛੁਡਾ ਲਿਆ.

ਭਾਈ ਸਾਹਿਬ ਚੌੜਲੇ ਵਾਲੇ ਐਕਸ਼ਨ ਵਿੱਚ ਪੁਲਿਸ ਦੇ ਹਥਿਆਰ ਖੋਹਣ ਵਿੱਚ ਸ਼ਾਮਿਲ ਸਨ। ਇਸ ਤੋਂ ਬਾਅਦ ਆਪ ਦੇ ਪਰਿਵਾਰ 'ਤੇ ਪੁਲਿਸ ਦਾ ਕਹਿਰ ਹੋਰ ਤੇਜ਼ ਵਾਪਰਨ ਲੱਗਾ। ਹਿੰਦੋਸਤਾਨੀ ਦਹਿਸ਼ਤਗਰਦੀ ਦੀ ਭੂਸਰੀ ਹੋਈ ਪੁਲਿਸ, ਜੋ ਨਿਹੱਥਿਆਂ

ਅਤੇ ਬੇਕਸੂਰਾਂ 'ਤੇ ਜ਼ੁਲਮ ਕਰਨ ਦੀ ਮਾਹਿਰ ਹੈ, ਨੇ ਭਾਈ ਸਾਹਿਬ ਦੇ ਪਿਤਾ ਨੂੰ ਅਖ਼ੀਰ 22 ਮਈ 1991 ਨੂੰ ਪੁਲਿਸ ਇੰਸਪੈਕਟਰ ਧਰਮ ਸਿੰਘ ਨੇ ਚੁੱਕ ਕੇ ਮਾਨਸਾ ਸੀ ਆਈ ਏ ਸਟਾਫ ਲੈ ਆਂਦਾ। ਧਰਮਾ ਆਪ ਜੀ ਦੇ ਪਿਤਾ 'ਤੇ ਵਹਿਸ਼ੀ ਤਸ਼ੱਦਦ ਕਰ ਰਿਹਾ ਸੀ, ਜਿਸ ਨੂੰ ਭਾਈ ਸਾਹਿਬ ਦੇ ਪਿਤਾ ਖਿੜੇ ਮੱਥੇ ਸਹਾਰ ਰਹੇ ਸਨ। ਸਿੰਘਾਂ ਹੱਥੋਂ ਮਾਰੇ ਗਏ ਆਪਣੇ ਪਰਿਵਾਰ ਦੇ ਮੈਂਬਰਾਂ ਦਾ ਬਦਲਾ ਜਿਵੇਂ ਬਾਪੂ ਬਖ਼ੀਰ ਸਿੰਘ ਦੇ ਸਰੀਰ ਤੋਂ ਲੈ ਰਿਹਾ ਹੋਵੇ। ਕਰੰਟ ਲਾ ਲਾ ਕੇ ਸਾਰਾ ਸਰੀਰ ਸਾੜ ਦਿੱਤਾ। ਲੱਤਾਂ ਨਪੀੜ ਦਿੱਤੀਆਂ ਗਈਆਂ। ਤਸੀਹੇ ਨਾ ਝੱਲਦੇ ਹੋਏ ਆਪ ਜੀ ਦੇ ਪਿਤਾ ਸ਼ਹੀਦ ਹੋ ਗਏ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਪੁਲਿਸ ਨੇ ਲਾਪਤਾ ਲਾਸ਼ ਕਹਿ ਕੇ ਸਾੜ ਦਿੱਤਾ। ਪਰ ਆਪ ਚੜ੍ਹਦੀਕਲਾ ਵਿੱਚ ਕੌਮੀ ਸੰਘਰਸ਼ ਦੀ ਸੇਵਾ ਕਰਦੇ ਰਹੇ। ਆਪ ਨੇ ਕਿਹਾ ਜੋ ਵਾਹਿਗੁਰੂ ਨੂੰ ਮਨਜ਼ੂਰ ਹੈ, ਉਹੀ ਹੋਣਾ ਹੈ, ਆਪਾਂ ਨੂੰ ਕੀ ਫ਼ਿਕਰ ਹੈ। ਫ਼ਿਕਰ ਤਾਂ ਉਸ ਮਾਲਕ ਨੂੰ ਹੈ, ਜਿਸਨੇ ਸਾਨੂੰ ਸਿੱਖਾਂ ਦੇ ਘਰ ਜਨਮ ਦਿੱਤਾ ਹੈ। ਸਿੱਖ ਤਾਂ ਮੁੱਢ ਤੋਂ ਹੀ ਸ਼ਹੀਦੀਆਂ ਦੇ ਰਹੇ ਹਨ। ਥੋੜ੍ਹੇ ਦਿਨਾਂ ਬਾਅਦ ਇਕ ਹੋਰ ਮੁਕਾਬਲੇ ਵਿੱਚ ਆਪ ਦਾ ਸਾਥੀ ਘੱਕਰ ਸਿੰਘ ਸ਼ਹੀਦ ਹੋ ਗਿਆ ਆਪ ਬਚ ਨਿਕਲੇ।

ਪੁਲਿਸ ਸਿੰਘਾਂ ਦੀ ਬੜੀ ਸਰਗਰਮੀ ਨਾਲ ਭਾਲ ਕਰਨ ਲੱਗੀ। ਕਈ ਟਿਕਾਣਿਆਂ 'ਤੇ ਪੁਲਿਸ ਨੇ ਛਾਪੇ ਮਾਰੇ। ਪਰ ਕਦੀ ਵੀ ਸਿੰਘ ਪੁਲਿਸ ਦੇ ਹੱਥ ਨਾ ਆਇਆ। ਭਾਈ ਸਾਹਿਬ ਸਾਥੀਆਂ ਸਮੇਤ ਪਿੰਡ ਟਾਹਲੀਆਂ ਵਿਖੇ ਠਹਿਰੇ ਹੋਏ ਸਨ। ਕਿਸੇ ਮੁਖ਼ਬਰੀ ਦੇ ਆਧਾਰ 'ਤੇ ਪੁਲਿਸ ਨੇ ਆ ਕੇ ਘੇਰਾ ਪਾ ਲਿਆ। ਜਦੋਂ ਆਪ ਦੇ ਭਰਾ ਦਰਸ਼ਨ ਸਿੰਘ ਨੂੰ ਪਤਾ ਲੱਗਿਆ ਤਾਂ ਉਹ ਆਪ ਸਿੰਘਾਂ ਦਾ ਪਤਾ ਕਰਨ ਚਲੇ ਗਏ। ਖਾੜਕੂ ਸਿੰਘ ਤਾਂ ਪੁਲਿਸ ਦਾ ਘੇਰਾ ਤੋੜਨ ਵਿੱਚ ਕਾਮਯਾਬ ਹੋ ਗਏ ਪਰ ਆਪ ਦਾ ਭਰਾ ਦਰਸ਼ਨ ਸਿੰਘ ਪੁਲਿਸ ਦੇ ਹੱਥ ਆ ਗਿਆ। ਪੁਲਿਸ ਨੇ ਬਹੁਤ ਅੱਤਿਆਚਾਰ ਕਰਨਾ ਸ਼ੁਰੂ ਕਰ ਦਿੱਤਾ। ਭਾਈ ਦਰਸ਼ਨ ਸਿੰਘ ਉੱਪਰ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਅਤੇ ਕਈ ਕਈ ਘੰਟੇ ਛੱਤ ਨਾਲ ਰੱਸੇ ਨਾਲ ਬੰਨ੍ਹ ਕੇ ਲਟਕਾਇਆ ਗਿਆ। ਪੁਲਿਸ ਕਹਿੰਦੀ ਸੀ, ਤੈਨੂੰ ਸਾਰੇ ਖਾੜਕੂਆਂ ਬਾਰੇ ਪਤਾ ਹੈ, ਤੂੰ ਦੱਸ ਇਥੇ ਕਿਵੇਂ ਆਇਆ ਸੀ। ਜਾਂ ਤਾਂ ਤੂੰ ਉਹਨਾਂ ਨੂੰ ਫੜਾ, ਨਹੀਂ ਤਾਂ ਤੇਰਾ ਪਿਤਾ ਵਾਲਾ ਹਾਲ ਹੀ ਕਰਾਂਗੇ। ਪਰ ਖਾੜਕੂ ਸਿੰਘਾਂ ਦੇ ਕਿਸੇ ਵੀ ਟਿਕਾਣੇ ਬਾਰੇ ਆਪ ਨੇ ਜ਼ੁਬਾਨ ਨਾ ਖੋਲੀ। ਲੱਤਾਂ ਵਿਚਦੀ ਗਜ਼ਾਮ ਫੇਰਕੇ ਸਰੀਏ ਲੰਘਾਏ ਗਏ। ਪੁਲਿਸ ਨੇ ਇਨੇ ਘੋਰ ਤਸੀਹੇ ਦੇ ਕੇ ਦਰਸ਼ਨ ਸਿੰਘ ਨੂੰ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ। ਪਰ ਆਪ ਨੇ ਕਿਸੇ ਵੀ ਜਥੇਬੰਦੀ ਜਾਂ ਖਾੜਕੂ ਦਾ ਨੁਕਸਾਨ ਨਹੀਂ ਕਰਵਾਇਆ।

ਪਿਤਾ ਅਤੇ ਭਰਾ ਦੇ ਸ਼ਹੀਦ ਹੋਣ 'ਤੇ ਵੀ ਭਾਈ ਸਾਹਿਬ ਚੜ੍ਹਦੀਕਲਾ ਵਿੱਚ ਰਹੇ। ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਕੇ ਪਤਾ ਨਹੀਂ ਕਿਵੇਂ ਬਤੀਤ ਕਰ ਰਿਹਾ ਸੀ। ਘਰ ਦਾ ਸਾਰਾ ਸਮਾਨ ਪੁਲਿਸ ਲੁੱਟ ਕੇ ਲੈ ਗਈ। ਸਾਰੀ ਫਸਲ ਤਬਾਹ ਕਰ ਦਿੱਤੀ ਗਈ। ਪੰਜਾਬ ਛੱਡ ਬੱਬਰਾਂ ਦਾ ਜੱਥਾ ਹਰਿਆਣੇ ਵੱਲ ਕੂਚ ਕਰ ਗਿਆ। ਕੁਝ ਸਮਾਂ ਉਧਰ ਬਤੀਤ ਕੀਤਾ। ਅਚਾਨਕ ਸ਼ੇਰਾ ਸਿੰਘ ਦੇ ਘਰ ਪਿੰਡ ਘਾਸਵਾ ਦੇ ਖੇਤਾਂ ਵਿੱਚ ਸਿੰਘ ਠਹਿਰੇ ਹੋਏ ਸਨ। ਸ਼ੇਰੇ ਨੇ ਬੇਈਮਾਨ ਹੋ ਕੇ ਸਿੰਘਾਂ ਨੂੰ ਪੁਲਿਸ ਦਾ ਘੇਰਾ ਪਵਾ ਦਿੱਤਾ। ਬਹੁਤ ਲੰਬਾ ਸਮਾਂ ਚੱਲੇ

ਮੁਕਾਬਲੇ ਅਤੇ 2 ਕਿਲਮੀਟਰ ਸਫ਼ਰ ਨੂੰ ਤਹਿ ਕਰਦੇ ਅਤੇ ਜੂਝਦੇ ਹੋਏ ਸਿੰਘ ਲਾਬਾਂ ਢਾਣੀ ਦੇ ਖੇਤਾਂ ਵਿੱਚ ਆ ਪਹੁੰਚੇ ਜਿਥੇ ਸਿੱਖ ਕੌਮ ਦੇ ਜਰਨੈਲ ਭਾਈ ਬਲਵਿੰਦਰ ਸਿੰਘ ਬੁਲਟ (ਆਕਲੀਆ ਤਲਵੰਡੀ) ਤਰਸੇਮ ਸਿੰਘ ਬਬੀ ਕਰੰਡੀ, ਸੁਖਦੀਪ ਸਿੰਘ ਫਿਡੀਆਂ (ਖਿਆਲਾ ਤਿੰਨੋ ਸੂਰਮੇ 28 ਮਾਰਚ 1993 ਨੂੰ ਸ਼ਹੀਦ ਹੋ ਗਏ। ਭਾਈ ਸਾਹਿਬ ਅਤੇ ਨਿਹਾਲ ਸਿੰਘ ਬਰਨਾਲਾ ਦੋਵੇਂ ਬਚ ਨਿਕਲੇ ਅਤੇ ਪੰਜਾਬ ਆ ਪਹੁੰਚੇ।

ਖਾੜਕੂ ਲਹਿਰ ਨਿਵਾਣ ਵੱਲ ਜਾ ਰਹੀ ਸੀ ਆਪ ਨਿਹਾਲ ਸਿੰਘ ਤੋਂ ਵਿਛੜ ਕੇ ਇਕੱਲੇ ਰਹਿ ਗਏ। ਪਰ ਦਿਲ ਨਹੀਂ ਛੱਡਿਆ ਅਤੇ ਚੜ੍ਹਦੀਕਲਾ ਵਿੱਚ ਰਹੇ। ਭਾਈ ਸਾਹਿਬ ਪਿੰਡ ਮਾਖਾ ਮਾਨਸਾ ਕਿਸੇ ਦੇ ਘਰ ਠਹਿਰੇ ਹੋਏ ਸਨ। ਗੁਪਤ ਸੂਚਨਾ 'ਤੇ ਪੁਲਿਸ ਨੇ ਉਸ ਘਰ ਨੂੰ ਆ ਕੇ ਘੇਰਾ ਪਾ ਲਿਆ ਆਪ ਅੰਦਰ ਕਮਰੇ ਵਿੱਚ ਸਨ। ਚਾਰੇ ਪਾਸਿਓਂ ਘੇਰ ਕੇ ਭਾਈ ਸਾਹਿਬ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਗਿਆ। ਅੱਗੋਂ ਭਾਈ ਅਮਰੀਕ ਸਿੰਘ ਨੇ ਕੜਕਵੀਂ ਅਵਾਜ਼ ਵਿੱਚ ਕਿਹਾ ਆਤਮ ਸਮਰਪਣ ਤਾਂ ਸਿੰਘ ਕੇਵਲ ਆਪਣੇ ਗੁਰੂ ਅੱਗੇ ਹੀ ਕਰ ਸਕਦਾ ਹੈ। ਇਹ ਸੁਣ ਕੇ ਹਕੂਮਤੀ ਧਾੜਾਂ ਨੇ ਅੰਨੇ ਵਾਹ ਫਾਇਰ ਖੋਲ ਦਿੱਤੇ। ਅੱਗੋਂ ਸਿੰਘ ਨੇ ਜਵਾਬੀ ਕਾਰਵਾਈ ਕੀਤੀ। ਕਮਰੇ ਦੇ ਗੇਟ ਅੰਦਰ ਕਮਾਂਡੋਆਂ ਨੇ ਵੜਨ ਦੀ ਕੋਸ਼ਿਸ਼ ਕੀਤੀ ਤਾਂ ਭਾਈ ਸਾਹਿਬ ਨੇ ਬਰਸਟ ਮਾਰ ਕੇ ਇਕ ਥਾਣੇਦਾਰ ਅਤੇ ਦੋ ਕਮਾਂਡੋ ਰੋੜ੍ਹ ਦਿੱਤੇ, ਜਦੋਂ ਸਿੱਧੇ ਫਾਇਰਾਂ ਨਾਲ ਪੁਲਿਸ ਦੀ ਵਾਹ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਮਕਾਨ ਦੀ ਛੱਤ ਪਾੜ ਕੇ ਗਰਨੇਡ ਸੁੱਟੇ। ਭਾਈ ਸਾਹਿਬ ਨੇ ਛੱਤ ਉੱਪਰ ਚੜ੍ਹਨ ਦੀ ਕੋਸ਼ਿਸ਼ ਕੀਤੀ ਪਰ ਫਾਇਰ ਦੀ ਸਿੱਧੀ ਮਾਰ ਹੋਣ ਕਰਕੇ ਆਪ ਕਾਮਯਾਬ ਨਾ ਹੋ ਸਕੇ, ਸਖ਼ਤ ਮੁਕਾਬਲੇ ਪਿੱਛੋਂ ਗੁਰੂ ਦਾ ਸਿੱਖ ਸ਼ਹੀਦ ਤਾਂ ਹੋ ਗਿਆ ਪਰ ਪੁਲਸੀਏ ਸ਼ਹੀਦ ਹੋਣ 'ਤੇ ਵੀ ਛੇਤੀ ਨੇੜੇ ਨਹੀਂ ਲੱਗੇ ਦੂਰੋਂ ਹੀ ਗੋਲੀਆਂ ਮਾਰਦੇ ਰਹੇ ਫਿਰ ਵੀ ਪਹਿਲਾਂ ਘਰ ਵਾਲੇ ਅੰਦਰ ਵਾੜੇ ਕਿ ਕਿਤੇ ਅੰਦਰੋਂ ਫਾਇਰ ਨਾ ਮਾਰ ਦੇਣ। ਪੁਲਿਸ ਬੱਬਰਾਂ ਦਾ ਇੰਨਾ ਭੈ ਖਾਂਦੀ ਸੀ। ਆਪ ਪੁਲਿਸ ਨਾਲ ਹੋਏ ਮੁਕਾਬਲੇ ਵਿੱਚ 13 ਅਪ੍ਰੈਲ 1993 ਵਿਸਾਖੀ ਵਾਲੇ ਦਿਨ ਸ਼ਹੀਦੀ ਜਾਮ ਪੀ ਗਏ। ਪਰਿਵਾਰ ਨੂੰ ਭਾਈ ਸਾਹਿਬ ਦੀ ਸ਼ਹੀਦੀ ਦਾ ਕੋਈ ਰੰਜ ਨਹੀਂ ਪਰ ਜਿਹੜੇ ਸਿੰਘ ਘਰੋਂ ਚੁੱਕ ਕੇ ਸ਼ਹੀਦ ਕਰ ਦਿੱਤੇ ਗਏ ਉਨ੍ਹਾਂ ਦਾ ਰਾਹ ਜ਼ਰੂਰ ਤੱਕਦੇ ਹਨ। ਅੱਜ ਵੀ ਪਰਿਵਾਰ ਚੜ੍ਹਦੀਕਲਾ ਵਿੱਚ ਹੈ। ਸ਼ਹੀਦ ਪਰਿਵਾਰਾਂ ਨਾਲ ਮੇਲ ਜੋਲ ਰੱਖਦਾ ਹੈ। 13 ਅਪ੍ਰੈਲ ਨੂੰ ਪਰਿਵਾਰ ਆਪਣੇ ਘਰ ਹੀ ਬਰਸੀ ਮਨਾਉਂਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਕਿਸੇ ਵੀ ਪੰਥਕ ਪਾਰਟੀ ਨੇ ਅੱਜ ਤੱਕ ਕੋਈ ਵੀ ਸਾਰ ਨਹੀਂ ਲਈ ਸਿਰਫ਼ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਕਈ ਲੀਡਰ ਸ਼ਹੀਦਾਂ ਦੇ ਵਾਰਿਸ ਕਹਾਉਂਦੇ ਹਨ, ਪਰ ਸ਼ਹੀਦ ਪਰਿਵਾਰਾਂ ਬਾਰੇ ਇਨ੍ਹਾਂ ਨੂੰ ਪਤਾ ਵੀ ਨਹੀਂ ਕਿ ਉਹ ਕਿਸ ਤਰ੍ਹਾਂ ਜ਼ਿੰਦਗੀ ਗੁਜ਼ਾਰਦੇ ਨੇ ਤੇ ਕਿੱਥੇ ਵੱਸਦੇ ਨੇ।

# ਭਾਈ ਅੰਗਰੇਜ਼ ਸਿੰਘ ਗੋਜਾ ਬੱਬਰ ਬਰਨਾਲਾ

ਸਿੱਖਾਂ ਦੀ ਅਜ਼ਾਦੀ ਲਈ ਲੜੀ ਗਈ ਜੁਝਾਰੂ ਲਹਿਰ ਉਪਰ ਅਕਸਰ ਇਹੀ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਸ ਵਿੱਚ ਅਨਪੜ੍ਹ ਲੋਕਾਂ ਦੀ ਬਹੁਗਿਣਤੀ ਸੀ। ਪਰ ਮੌਜੂਦਾ ਸਿੱਖ ਸੰਘਰਸ਼ ਦੀ ਗਾਥਾ ਦੇ ਪੰਨੇ ਆਪਣੇ ਲਹੂ ਨਾਲ ਲਿਖਣ ਵਾਲੇ ਸੱਚੇ ਜੁਝਾਰੂ ਗੁਰਮਤਿ ਵਿਚਾਰਧਾਰਾ ਨੂੰ ਦਿਲਾਂ ਦੀਆਂ ਡੂੰਘਾਈਆਂ ਤੋਂ ਸਮਰਪਤ ਸਨ ਅਤੇ ਉਨ੍ਹਾਂ ਨੂੰ ਅਨਪੜ੍ਹ ਕਹਿਣਾ ਹੀ ਅਸਲ ਵਿੱਚ ਸਭ ਤੋਂ ਵੱਡੀ ਅਨਪੜ੍ਹਤਾ ਹੈ। ਅਸੀਂ ਇਸ ਅਨਪੜ੍ਹਤਾ ਵਿਚੋਂ ਇਨ੍ਹਾਂ ਲੋਕਾਂ ਨੂੰ ਬਾਹਰ ਕੱਢਣ ਲਈ ਹੀ ਸਿੱਖ ਸੰਘਰਸ਼ਾਂ ਦੇ ਅਜਿਹੇ ਮਹਾਨ ਸ਼ਹੀਦਾਂ ਦੇ ਜੀਵਨ ਲਗਾਤਾਰ ਪੇਸ਼ ਕਰ ਰਹੇ ਹਾਂ ਕਿ ਵੱਡੇ ਵੱਡੇ ਵਿਦਵਾਨ ਵੀ ਹੈਰਾਨ ਰਹਿ ਜਾਂਦੇ ਹਨ। ਦੂਜਾ ਉਨ੍ਹਾਂ ਸੂਰਮਿਆਂ ਨੇ ਜੋ ਕਿਹਾ ਉਹ ਕਰ ਕੇ ਵਿਖਾਇਆ। ਸ਼ਹੀਦ ਭਾਈ ਅੰਗਰੇਜ਼ ਸਿੰਘ ਗੋਜਾ ਦੀ ਗਿਣਤੀ ਇਨ੍ਹਾਂ ਹੀ ਰੌਸ਼ਨ ਦਿਮਾਗ ਜੁਝਾਰੂ ਸਿੰਘਾਂ ਵਿੱਚ ਹੁੰਦੀ ਹੈ

ਭਾਈ ਅੰਗਰੇਜ਼ ਸਿੰਘ ਦਾ ਜਨਮ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਸ. ਗੰਡਾ ਸਿੰਘ ਦੇ ਘਰ ਪਿੰਡ ਬਰਨਾਲਾ (ਮਾਨਸਾ) ਵਿਖੇ ਹੋਇਆ। ਆਪ ਦੇ ਪੰਜ ਭਰਾ ਦੋ ਭੈਣਾਂ ਸਨ। ਭਾਈ ਅੰਗਰੇਜ਼ ਸਿੰਘ ਬਚਪਨ ਤੋਂ ਹੀ ਕੰਮ ਤੋਂ ਜੀਆਂ ਚੁਰਾ ਕੇ ਖੇਡਣ ਦਾ ਸਮਾਂ ਭਾਲਦਾ ਹੁੰਦਾ ਸੀ ਉਸ ਉਮਰ ਵਿੱਚ ਭਾਈ ਸਾਹਿਬ ਆਪਣੇ ਘਰ ਦੇ ਕੰਮ ਹੀ ਨਹੀਂ ਸਗੋਂ ਆਂਢ-ਗੁਆਂਢ ਦੇ ਕੰਮ ਵੀ ਹੱਸ-ਹੱਸ ਕੇ ਕਰਦੇ ਸਨ। ਆਪ ਬਹੁਤ ਮਿਹਨਤੀ ਅਤੇ ਖੁਰਾਕ ਖਾਣ ਵਿੱਚ ਸਭ ਤੋਂ ਅੱਗੇ ਸਨ ਪਰ ਉਸ ਨੂੰ ਪਚਾਉਣ ਦੇ ਗੁਣ ਵੀ ਭਾਈ ਗੋਜੇ ਕੋਲ ਸਨ। ਭਾਈ ਗੋਜੇ ਨੇ ਛੋਟੀ ਉਮਰ ਵਿੱਚ ਹੀ ਅੰਮ੍ਰਿਤ ਪਾਨ ਕਰ ਲਿਆ ਸੀ। ਮਾਤਾ ਪਿਤਾ ਗੁਰਸਿੱਖ ਸਨ। ਸਿੱਖੀ ਵਿਰਸੇ ਵਿੱਚੋਂ ਹੀ ਮਿਲੀ ਸੀ। ਭਾਈ ਸਾਹਿਬ ਹਸਮੁੱਖ ਸੁਭਾਅ ਦੇ ਹੋਣ ਕਾਰਨ ਪਿੰਡ ਵਿੱਚ ਬਹੁਤ ਹਰਮਨ ਪਿਆਰੇ ਸਨ। ਆਪ ਛੋਟੀ ਉਮਰੇ ਗੁਰਦੁਆਰਾ ਸਾਹਿਬ ਨਰਿੰਦਰਪੁਰਾ ਵਿਖੇ ਗ੍ਰੰਥੀ ਸਿੰਘ ਕੋਲ ਕਾਫ਼ੀ ਸਮਾਂ ਰਹੇ। ਗੁਰੂ ਘਰ ਦਰਬਾਰ ਸਾਹਿਬ ਦੀ ਨੀਂਹ ਪਿੰਡ ਵਾਲਿਆਂ ਨੇ ਆਪ ਜੀ ਦੇ ਹੱਥੀਂ ਹੀ ਰਖਵਾਈ ਸੀ। ਪਿੰਡ ਵਾਸੀ ਛੋਟੀ ਉਮਰ ਵਿੱਚ ਹੀ ਆਪ ਜੀ ਨੂੰ ਬੱਗਾ ਮਰੇਡ ਕਹਿ ਕੇ ਪੁਕਾਰਦੇ ਸਨ। ਭਾਈ ਸਾਹਿਬ ਟਿਕ ਕੇ ਇਕ ਥਾਂ ਨਹੀਂ ਬਹਿੰਦੇ ਸਨ ਥੋੜ੍ਹੇ ਸਮੇਂ ਬਾਅਦ ਪਿੰਡ ਧਰਮਪੁਰਾ ਵਿਖੇ ਆਪਣੀ ਭੈਣ ਕੋਲ ਚਲੇ ਗਏ। ਪਰ ਉਥੇ ਵੀ ਨਾ ਰਹੇ ਅਤੇ ਫਿਰ ਪਿੰਡ ਕਰੰਡੀ ਵਿਖੇ ਜਾ ਕੇ ਖੇਤੀਬਾੜੀ ਦਾ ਕੰਮ ਕਰਨ ਲੱਗੇ।

ਕਰੰਡੀ ਪਿੰਡ ਵਿੱਚ ਬੱਬਰਾਂ ਦੇ ਸਿੰਘਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਸੀ। ਭਾਈ ਸਾਹਿਬ ਸ਼ੁਰੂ ਤੋਂ ਹੀ ਕਹਿੰਦੇ ਹੁੰਦੇ ਸਨ ਕਿ ਜੇ ਸਿੰਘਾਂ ਨਾਲ ਮੇਲ ਹੋ ਜਾਵੇ ਤਾਂ ਸਿੱਖ ਕੌਮ ਦੀ ਸੇਵਾ ਕਰ ਲਈਏ। ਭਾਈ ਸਾਹਿਬ ਦਲੇਰ ਵੀ ਬਹੁਤ ਜ਼ਿਆਦਾ ਸਨ। ਆਪ ਨੂੰ ਬੱਬਰ ਖ਼ਾਲਸਾ ਦੇ ਚੀਫ਼ ਬਲਵਿੰਦਰ ਸਿੰਘ ਸਾਥੀਆਂ ਸਮੇਤ ਮਿਲੇ ਤਾਂ ਆਪ ਬੱਬਰਾਂ ਦੇ ਹੋ

ਕੇ ਰਹਿ ਗਏ। ਪਿੰਡ ਵਿੱਚ ਕਿਸੇ ਨੂੰ ਵੀ ਪਤਾ ਨਹੀਂ ਸੀ। ਆਪ ਗੁਪਤ ਤੌਰ 'ਤੇ ਸੇਵਾ ਕਰਦੇ ਰਹੇ। ਗੋਲੀਆਂ ਵਾਲੇ ਮੁਕਾਬਲੇ ਤੋਂ ਬਾਅਦ ਪੁਲਿਸ ਨੂੰ ਆਪ ਜੀ ਦੀ ਸੂਹ ਮਿਲੀ। ਤਾਂ ਪੁਲਿਸ ਨੇ ਆਪ ਦੇ ਘਰ ਛਾਪਾ ਮਾਰਿਆ ਅਤੇ ਆਪ ਜੀ ਦੇ ਪਿਤਾ ਨੂੰ ਪੁਲਿਸ ਚੁੱਕ ਕੇ ਲੈ ਗਈ। ਕਾਫ਼ੀ ਸਮਾਂ ਹਿਰਾਸਤ ਵਿੱਚ ਰੱਖ ਕੇ ਤਸੀਹੇ ਦਿੰਦੇ ਰਹੇ ਅਤੇ ਬਾਕੀ ਪਰਿਵਾਰ ਵਾਲੇ ਘਰ ਬਾਰ ਛੱਡ ਕੇ ਲੁਕ ਛਿਪ ਕੇ ਸਮਾਂ ਕੱਟਣ ਲੱਗੇ। ਪੁਲਿਸ ਦੀਆਂ ਧਾੜਾਂ ਰਿਸ਼ਤੇਦਾਰਾਂ 'ਤੇ ਹਰ ਰੋਜ਼ ਟੁੱਟਣ ਲੱਗੀਆਂ। ਆਪ ਬੇਪਰਵਾਹ ਹੋ ਕੇ ਸੇਵਾ ਵਿੱਚ ਲੱਗੇ ਰਹੇ ਭਾਈ ਸਾਹਿਬ ਦੇ ਰੂਪੋਸ਼ ਹੋਣ ਕਾਰਨ ਆਪ ਦੀ ਮਾਤਾ ਨੂੰ ਡੂੰਘੀ ਮਾਨਸਿਕ ਪੀੜਾ ਵਿੱਚੋਂ ਗੁਜ਼ਰਨਾ ਪਿਆ। ਮਾਤਾ ਜੀ ਦੇ ਬਿਮਾਰ ਹੋਣ ਕਾਰਨ ਬਹੁਤ ਔਖਾ ਸੀ।

ਫਿਰ ਥੋੜ੍ਹੇ ਸਮੇਂ ਬਾਅਦ ਸ਼ਾਹਪੁਰ (ਮਾਨਸਾ) ਵਿਖੇ ਸ਼ਹੀਦ ਹੋਏ ਸਾਥੀ ਸਿੰਘਾਂ ਦਾ ਬਦਲਾ ਲੈਣ ਲਈ ਦੁੱਲੇਵਾਲ ਸੜਕ 'ਤੇ ਪੁਲਿਸ ਬਲਾਂ ਨੂੰ ਸੋਧਣ ਦੀ ਭਾਵਨਾ ਨਾਲ ਥੋੜ੍ਹੀ ਦੂਰ ਹੋ ਕੇ ਬੈਠ ਗਏ। ਜਦੋਂ ਪੁਲਿਸ ਦੀ ਗੱਡੀ ਸਿੰਘਾਂ ਦੇ ਨਿਸ਼ਾਨੇ 'ਤੇ ਆ ਗਈ ਤਾਂ ਸਿੰਘਾਂ ਨੇ ਬਾਰੂਦੀ ਸੁਰੰਗ ਦਾ ਧਮਾਕਾ ਕਰ ਕੇ ਉਡਾ ਦਿੱਤੀ। ਅਤੇ ਸਾਥੀ ਸਿੰਘਾਂ ਨੂੰ ਸ਼ਹੀਦ ਕਰਨ ਦਾ ਬਦਲਾ ਲਿਆ। ਉਸ ਤੋਂ ਬਾਅਦ ਪੁਲਿਸ ਆਪ ਅਤੇ ਸਾਥੀਆਂ ਦੇ ਪਿੱਛੇ ਹੱਥ ਧੋ ਕੇ ਪੈ ਗਈ ਪਰਿਵਾਰ ਨੂੰ ਨਿਸ਼ਾਨਾ ਬਣਾ ਲਿਆ। ਦਿਨ ਰਾਤ ਛਾਪੇਮਾਰੀ ਕਰਦੇ ਰਹਿੰਦੇ। ਕਈ ਵਾਰ ਪੁਲਿਸ ਅਫ਼ਸਰਾਂ ਨੇ ਮਾਤਾ ਜੀ ਕੋਲ ਘਰ ਜਾ ਕੇ ਪੁੱਛਣਾ ਕਿ ਮਾਤਾ ਜੀ ਰਾਤੀਂ ਰੋਜਾ ਘਰ ਆਇਆ ਸੀ ਤਾਂ ਮਾਤਾ ਨੇ ਕਹਿਣਾ ਕਿ "ਜੇ ਤੁਹਾਨੂੰ ਪਤਾ ਸੀ ਤਾਂ ਤੁਸੀਂ ਰਾਤ ਹੀ ਕਿਉਂ ਨਾ ਆਏ।" ਪੁਲਿਸ ਵਾਲੇ ਸੁਣ ਕੇ ਚੁੱਪ ਕਰਕੇ ਨੀਵੀਆਂ ਪਾ ਕੇ ਚਲੇ ਜਾਂਦੇ।

ਹੋੜਲਾ ਪਿੰਡ ਵਾਲੇ ਐਕਸ਼ਨ ਵਿਚ ਵੀ ਆਪ ਭਾਈ ਸਾਹਿਬ ਹੁਰਾਂ ਦੇ ਨਾਲ ਸਨ। ਜਦੋਂ ਬਾਜੇਵਾਲ ਵਿਖੇ ਧਰਮ ਸਿੰਘ ਇੰਸਪੈਕਟਰ ਨੂੰ ਸੋਧਣ ਲਈ ਬਾਰੂਦੀ ਸੁਰੰਗ ਨਾਲ ਧਮਾਕਾ ਕੀਤਾ, ਆਪ ਨਾਲ ਸਨ। ਉਸ ਤੋਂ ਬਾਅਦ ਪੁਲਿਸ ਦੇ ਹੱਥ ਆਪਦਾ ਭਰਾ ਕਰਨੈਲ ਸਿੰਘ ਰੌਲੀ ਆ ਗਿਆ ਜੋ ਪੁਲਿਸ ਨੇ ਦਿਨ ਰਾਤ ਅੰਨਾ ਤਸ਼ੱਦਦ ਕਰ ਕੇ ਅਧਮੋਇਆ ਕਰ ਦਿੱਤਾ ਪਰ ਗਾਗੋਵਾਲ ਦੇ ਕਹਿਣ 'ਤੇ ਪੰਚਾਇਤ ਦੀ ਜ਼ਿੰਮੇਵਾਰੀ 'ਤੇ ਛੱਡ ਦਿੱਤਾ। ਉਸ ਤੋਂ ਬਾਅਦ ਪਿੰਡ ਰਾਏਪੁਰ ਵਿਖੇ ਘੇਰਾ ਪੈ ਗਿਆ। ਜਿਥੇ ਮੁਕਾਬਲੇ ਵਿਚ ਆਪ ਦਾ ਇਕ ਸਾਥੀ ਭਾਈ ਘੁੱਕਰ ਸਿੰਘ ਸ਼ਹੀਦ ਹੋ ਗਿਆ ਅਤੇ ਆਪ ਸਾਥੀਆਂ ਸਮੇਤ ਬਚ ਕੇ ਨਿਕਲ ਗਏ। ਜਦੋਂ ਬੋਹਾ ਤੋਂ ਅੱਕਾਂਵਾਲੀ ਸੜਕ 'ਤੇ ਨਾਕਾ ਲਾਇਆ ਤੇ ਪੁਲਿਸ ਦੇ ਹਥਿਆਰ ਖੋਹੇ ਤਾਂ ਇਸ ਕਾਂਡ ਵਿਚ ਵੀ ਆਪ ਸ਼ਾਮਿਲ ਸਨ। ਪੰਜਾਬ ਦੀ ਧਰਤੀ ਦਾ ਅੰਨ ਖਾਣ ਵਾਲੇ ਕੁਝ ਸਿੱਖ ਵਿਰੋਧੀ ਲੋਕ ਵੀ ਅਕ੍ਰਿਤਘਣ ਬਣ ਗਏ। ਪੰਜਾਬ ਦੀ ਸੰਘਰਸ਼ਸ਼ੀਲ ਲਹਿਰ ਨੂੰ ਖ਼ਤਮ ਕਰਨ ਵਾਲਿਆਂ ਵਿਚ ਕੋਣਕੇ ਦੁਸ਼ਟ ਸ਼ਾਮਿਲ ਸਨ, ਪੰਜਾਬ ਦੀ ਧਰਤੀ ਤੋਂ ਅਕ੍ਰਿਤਘਣਾਂ ਦੀ ਗੰਦਗੀ ਹੂੰਝਣ ਲਈ ਆਪ ਹੰਭਲਾ ਮਾਰਦੇ ਰਹਿੰਦੇ। ਆਪ ਜੀ ਦੀ ਤਿਆਰ ਕੀਤੀ ਯੋਜਨਾ ਕਦੇ ਫੇਲ੍ਹ ਨਹੀਂ ਸੀ ਹੁੰਦੀ। ਸਗੋਂ ਭਾਈ ਰੋਜਾ ਦੁਸ਼ਟਾਂ ਨੂੰ ਸੋਧ ਕੇ ਵਾਪਸ ਖੱਬੜਾਂ ਦੇ ਜਥੇ ਵਿਚ ਆਉਂਦਾ ਤਾਂ ਸਿੱਖ ਕੌਮ ਦੇ ਜਰਨੈਲ ਬਲਵਿੰਦਰ ਸਿੰਘ ਬੁਲਟ ਗਲਵਕੜੀ ਵਿਚ ਲੈ ਕੇ ਅਕਸਰ ਕਿਹਾ ਕਰਦੇ ਸਨ,

ਗੌਂਜਿਆ ਜੇਕਰ ਤੇਰੇ ਕਾਰਨਾਮੇ ਲੱਖੀਏ ਤਾਂ ਤੂੰ ਤਾਂ ਨਿਰੀ ਅੱਗ ਏ

ਇਕ ਵਾਰੀ ਭਾਈ ਸਾਹਿਬ ਨੇ ਅੰਗਰੇਜ਼ ਹੁਰੀਂ ਹਰਿਆਣੇ ਵਿਚ ਕਿਸੇ ਕੰਮ ਲਈ ਭੇਜੇ ਸੀ। ਕਾਫੀ ਸਮਾਂ ਹਰਿਆਣੇ ਵਿਚ ਹੀ ਗੁਜ਼ਾਰਿਆ ਪਿੰਡ ਘਾਸਵਾਂ ਵਿਖੇ। ਜਥੇਬੰਦੀ ਵੱਲੋਂ ਸੌਂਪ ਗਏ ਕੰਮ ਲਈ ਆਪ ਮਟਰ 'ਤੇ ਬੈਠੇ ਕਿਸੇ ਦੀ ਉਡੀਕ ਕਰਨ ਲੱਗੇ। ਜਦੋਂ ਉਹ ਕਾਫੀ ਸਮਾਂ ਨਾ ਆਏ ਤਾਂ ਆਪ ਸਾਥੀਆਂ ਸਮੇਤ ਥੋੜ੍ਹਾ ਹਟ ਕੇ ਦੂਜੇ ਖੇਤਾਂ ਵੱਲ ਚਲੇ ਗਏ। ਉਧਰੋਂ ਉਸ ਸ਼ਖ਼ਸ ਨੇ ਪੁਲਿਸ ਨੂੰ ਨਾਲ ਲੈ ਕੇ ਘੇਰਾ ਪਵਾ ਦਿੱਤਾ। ਉਸ ਵਿਸ਼ਵਾਸਘਾਤੀ ਦਾ ਨਾਮ ਕੂੜਾ ਸਿੰਘ ਪ੍ਰਮੀ ਸੀ। ਘੇਰੇ ਵਿਚ ਆਪ ਦੇ ਨਾਲ ਭਾਈ ਨਿਹਾਲ ਸਿੰਘ ਬਰਨਾਲਾ, ਭਾਈ ਤਰਸੇਮ ਸਿੰਘ ਕਰੰਡੀ, ਭਾਈ ਰਾਮ ਸਿੰਘ ਕਰੰਡੀ ਸਨ। ਚਾਰੇ ਗਲੀਆਂ ਦੇ ਵਿਚਕਾਰ ਘਿਰੇ ਹਏ ਬਹੁਤ ਲੰਬਾ ਸਫਰ ਤੈਅ ਕਰ ਕੇ ਸਨ। ਜਦੋਂ ਪੁਲਿਸ ਗੈਸ ਦੇ ਗੋਲੇ ਉਤੇ ਸਿੱਟਦੀ ਸੀ ਤਾਂ ਧਰਤੀ 'ਤੇ ਕੀੜੀ ਤੁਰਦੀ ਵੀ ਨਜ਼ਰ ਆਉਂਦੀ ਸੀ। ਸਿੰਘ ਚਾਨਣ ਹੋਣ ਤੋਂ ਪਹਿਲਾਂ ਹੀ ਧਰਤੀ 'ਤੇ ਲੰਮੇ ਪੈ ਜਾਂਦੇ ਸਨ। ਮੁਕਾਬਲਾ ਬਹੁਤ ਲੰਬਾ ਸਮਾਂ ਚਲਿਆ ਪਰ ਰਾਤ ਦਾ ਸਮਾਂ ਹੋਣ ਕਰਕੇ ਆਪ ਸਾਰੇ ਦੁਸ਼ਮਣ ਦੀਆਂ ਸਫਾਂ ਚੀਰ ਕੇ ਬਚ ਨਿਕਲੇ। ਪੁਲਿਸ ਸਾਰੀ ਰਾਤ ਘੇਰਾ ਪਾ ਕੇ ਖੜ੍ਹੀ ਰਹੀ ਪਰ ਆਪ ਘੱਗਰ ਦਰਿਆ ਅਤੇ ਭਾਖੜਾ ਨਹਿਰ ਪਾਰ ਕਰਕੇ ਪੰਜਾਬ ਆ ਪਹੁੰਚੇ। ਆਪ ਦੇ ਨਾਲ ਕਰੰਡੀ ਦੇ ਸਿੰਘ ਹੋਣ ਕਰਕੇ ਪਿੰਡ ਕਰੰਡੀ ਦੇ ਲੋਕਾਂ 'ਤੇ ਪੁਲਿਸ ਨੇ ਬਹੁਤ ਅੱਤਿਆਚਾਰ ਕੀਤਾ। ਜਿਸ ਪਿੰਡ ਦੀ ਧਰਤੀ 'ਤੇ ਆਪ ਨੇ ਜਨਮ ਲਿਆ, ਇਸ ਪਿੰਡ ਵਿਚ ਹਰ ਵੀ ਕਈ ਜੁਝਾਰੂ ਪੈਦਾ ਹਏ, ਜਿਵੇਂ ਕਿ ਆਪ ਦੇ ਚਾਚਾ ਜੀ ਦਾ ਲੜਕਾ ਭਾਈ ਬਲਦੇਵ ਸਿੰਘ ਬੱਬਰ ਅਤੇ ਭਾਈ ਨਿਹਾਲ ਸਿੰਘ ਬੱਬਰ। ਆਪ ਵਾਹਿਗੁਰੂ ਦਾ ਜਾਪ ਕਰਦੇ ਰਹਿੰਦੇ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਹਮੇਸ਼ਾ ਚੜ੍ਹਦੀਕਲਾ ਵਿਚ ਰਹਿੰਦੇ।

ਪੰਜਾਬ ਅੰਦਰ ਸਿੱਖ ਹਥਿਆਰਬੰਦ ਸੰਘਰਸ਼ ਨੂੰ ਫੇਲ੍ਹ ਕਰਨ ਲਈ ਹਿੰਦੋਸਤਾਨ ਦੀ ਸਮੁੱਚੀ ਸਰਕਾਰੀ ਮਸ਼ੀਨਰੀ ਨੇ ਹਰ ਤਰ੍ਹਾਂ ਦਾ ਤਰੀਕਾ ਵਰਤਿਆ। ਜਿਥੋਂ ਤੱਕ ਸਿੱਖ ਜੁਝਾਰੂਆਂ ਨੂੰ ਲੋਕਾਂ ਵਿਚ ਬਦਨਾਮ ਕਰਨ ਦੀ ਨੀਤੀ ਸੀ, ਇਸ ਵਿਚ ਬਹੁਤੇ ਜੁਝਾਰੂਆਂ ਦੇ ਹੋਸ਼ ਤੋਂ ਸੱਖਣੇ ਜੋਸ਼ ਕਾਰਨ ਭਾਰਤ ਸਰਕਾਰ ਕਾਫੀ ਹੱਦ ਤੱਕ ਸਫਲ ਹੋਈ। ਆਪਣੇ ਪੁਲਿਸ ਕੈਟ ਭਰਤੀ ਕਰਕੇ ਕਾਫੀ ਜੁਝਾਰੂਆਂ ਨੂੰ ਸ਼ਹੀਦ ਕੀਤਾ। ਅਖੀਰ ਉਹ ਵਕਤ ਆ ਗਿਆ ਜਦੋਂ ਸਾਥੀਆਂ ਤੋਂ ਵਿਛੜ ਕੇ ਗੁਰੂ ਜੀ ਦੇ ਚਰਨਾਂ ਵਿਚ ਜਾਣਾ ਸੀ। ਸਿੱਖ ਕੌਮ ਦੇ ਜਰਨੈਲ ਬਲਵਿੰਦਰ ਸਿੰਘ ਬੁਲਟ ਨੇ ਆਪ ਨੂੰ ਕਿਸੇ ਕੰਮ ਲਈ ਪਿੰਡ ਬਰਨਾਲਾ (ਮਾਨਸਾ) ਵਿਖੇ ਭੇਜਿਆ ਸੀ। ਆਪ ਕੋਲ ਇਕੱਲਾ ਰਿਵਾਲਵਰ ਸੀ। ਆਪ ਨੇ ਕੁੜਤਾ ਚਾਦਰਾ ਪਾ ਕੇ ਮੋਢੇ 'ਤੇ ਕਸੀਆ ਚੁੱਕਿਆ ਹੋਇਆ ਸੀ। ਆਪ ਦੇ ਪਿੱਛੇ ਖਾਰਾ ਪਿੰਡ ਦੇ ਇੱਕ ਪੁਲਿਸ ਕੈਟ ਤੇ ਦੋ ਬਰਨਾਲਾ ਪਿੰਡ ਦੇ ਕੈਟਾਂ ਨੇ ਪਿੱਛਾ ਕੀਤਾ ਅਤੇ ਪੁਲਿਸ ਨੂੰ ਇਤਲਾਹ ਦੇ ਦਿੱਤੀ ਕਿ ਅੰਗਰੇਜ਼ ਸਿੰਘ ਅੱਜ ਇਕੱਲਾ ਹੀ ਖਾਲੀ ਹੱਥ ਘੁੰਮ ਰਿਹਾ ਹੈ। ਜਦੋਂ ਪੁਲਿਸ ਪਿੰਡ ਪਹੁੰਚੀ ਤਾਂ ਆਪ ਪਿੰਡ ਤੋਂ ਖੇਤਾਂ ਵਿਚ ਦੀ ਪੈਦਲ ਹੀ ਨਰਿੰਦਰਪੁਰਾ (ਬਗਲਿਆਂਵਾਲੀ ਵੀ ਕਹਿੰਦੇ ਨੇ), ਪਹੁੰਚ ਗਏ। ਪੁਲਿਸ ਕੈਟਾਂ ਸਮੇਤ ਆਪ ਦੀ ਪੈੜ ਨਪਦੀ-ਨਪਦੀ ਨਰਿੰਦਰਪੁਰੇ ਪਹੁੰਚ ਗਈ। ਆਪ ਭੱਜ ਕੇ ਇੱਕ ਸੁੰਨੀ ਪਈ ਕੋਠੀ ਵਿਚ

ਜਾ ਵੜੇ।

ਪੁਲਿਸ ਬਲਾਂ ਨੇ ਘੇਰਾ ਪਾ ਲਿਆ। ਆਪ ਨੂੰ ਬਾਹਰ ਆਉਣ ਲਈ ਕਿਹਾ ਗਿਆ। ਇਕ ਅਫਸਰ ਕਹਿੰਦਾ ਗੋਲੀ ਨਹੀਂ ਚਲਾਉਣੀ, ਅੰਗਰੇਜ਼ ਸਿੰਘ ਨੂੰ ਜਿਉਂਦਾ ਫੜਨਾ ਹੈ। ਖ਼ੁਦ ਨੂੰ ਚਾਰ-ਚੁਫੇਰਿਓਂ ਘਿਰਿਆ ਦੇਖ ਕੇ ਭਾਈ ਸਾਹਿਬ ਬਾਰੀ ਦੇ ਨੇੜੇ ਹੋ ਕੇ ਖੜ ਗਏ। ਜਦੋਂ ਇਕ ਹੌਲਦਾਰ ਆਪ ਦੇ ਨੇੜੇ ਹੋ ਕੇ ਬਾਰੀ ਵਿਚਦੀ ਦੇਖਣ ਲੱਗਾ ਤਾਂ ਆਪ ਨੇ ਅੰਦਰੋਂ ਫਾਇਰ ਖੋਲ ਦਿੱਤਾ ਤੇ ਉਹ ਹੌਲਦਾਰ ਸਖਤ ਫੱਟੜ ਹੋ ਗਿਆ। ਆਪ ਪੁਲਿਸ ਦੇ ਹੱਥ ਜਿਉਂਦੇ ਜੀਅ ਨਹੀਂ ਸੀ ਆਉਣਾ ਚਾਹੁੰਦੇ। ਸਾਈਨਾਈਡ ਕੈਪਸੂਲ ਖਾ ਕੇ ਆਪ ਗੁਰੂ ਜੀ ਦੀ ਗੋਦ ਵਿਚ ਜਾ ਬੈਠੇ 26 ਜੁਲਾਈ 1992 ਨੂੰ ਜੁਝਾਰੂ ਯੋਧਾ ਸਦਾ ਲਈ ਅਮਰ ਹੋ ਗਿਆ। ਪੁਲਿਸ ਵਾਲਿਆਂ ਨੇ ਅੰਨੇਵਾਹ ਫਾਇਰਿੰਗ ਕੀਤੀ ਤਾਂ ਜਦੋਂ ਅੱਗੋਂ ਕੋਈ ਜਵਾਬ ਨਾ ਆਇਆ ਤਾਂ ਪੁਲਿਸ ਨੇ ਕੈਟਾਂ ਨੂੰ ਅੰਦਰ ਜਾ ਕੇ ਦੇਖਣ ਲਈ ਕਿਹਾ ਉਦੋਂ ਤੱਕ ਸੂਰਮਾ ਸ਼ਹੀਦ ਹੋ ਚੁਕਿਆ ਸੀ ਆਪ ਨੂੰ ਰਜਵਾਹੇ ਲਾਈਨ 'ਤੇ ਲਿਜਾ ਕੇ ਗੋਲੀਆਂ ਮਾਰੀਆਂ ਗਈਆਂ ਪਰ ਪੁਲਿਸ ਨੇ ਅਖਬਾਰ ਵਿਚ ਕਿਹਾ ਕਿ ਬੱਬਰ ਖਾਲਸਾ ਦਾ ਖ਼ਤਰੀ ਦਾ ਖਾੜਕੂ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਆਪ ਦਾ ਸਸਕਾਰ ਮਾਨਸਾ ਪੁਲਿਸ ਨੇ ਕੀਤਾ ਅਤੇ ਪਿੰਡ ਦੇ ਸਮੁੱਚੇ ਲੋਕਾਂ ਨੇ ਮੁਰਦਾਘਾਟ ਵਿਚੋਂ ਆਪ ਦੀ ਸਮੁੱਚੀ ਰਾਖ ਚੁੱਕ ਕੇ ਪਿੰਡ ਗੁਰਦੁਆਰਾ ਸਾਹਿਬ ਵਿਚ ਲਿਆ ਕੇ ਰੱਖ ਦਿੱਤੀ ਸੀ। ਅੱਜ ਵੀ ਓਹੀ ਕੋਠੀ ਸ਼ਹੀਦ ਭਾਈ ਅੰਗਰੇਜ਼ ਸਿੰਘ ਦੀ ਨਿਸ਼ਾਨੀ ਨੂੰ ਦਰਸਾਉਂਦੀ ਹੈ। ਜਦੋਂ ਆਪ ਦੀ ਸ਼ਹੀਦੀ ਬਾਰ ਸਾਥੀਆਂ ਨੂੰ ਪਤਾ ਲੱਗਾ ਤਾਂ ਆਪ ਦੇ ਭੋਗ ਵਾਲੇ ਦਿਨ ਚਾਰ ਕੈਟ ਦਿਨ ਦਿਹਾੜੇ ਸੋਧ ਕੇ ਬਦਲਾ ਲਿਆ ਅਤੇ ਆਪ ਦੇ ਚਾਰੇ ਸਾਥੀ ਬਲਵਿੰਦਰ ਸਿੰਘ ਬੁਲਟ, ਤਰਸੇਮ ਸਿੰਘ ਕਰੰਡੀ, ਨਿਹਾਲ ਸਿੰਘ ਬਰਨਾਲਾ, ਅਮਰੀਕ ਸਿੰਘ ਖਾਰਾ ਪੁਲਿਸ ਕੈਟਾਂ ਨੂੰ ਸੋਧ ਕੇ ਜੈਕਾਰੇ ਲਾਉਂਦੇ ਹਏ ਨਿਕਲ ਗਏ। 26 ਜਲਾਈ ਨੂੰ ਪਰਿਵਾਰ ਦੇ ਕੁਝ ਮੈਂਬਰ ਆਪਦੇ ਘਰ ਬਰਸੀ ਮਨਾਉਂਦੇ ਨੇ, ਜਿਥੇ ਆਪ ਨੇ ਬਚਪਨ ਗੁਜ਼ਾਰਿਆ। ਅੱਜ ਢੱਠਾ ਪਿਆ ਘਰ ਅਤੇ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਚੁੱਕਾ ਹੈ ਸਾਨੂੰ ਸ਼ਹੀਦਾਂ ਦਾ ਇਤਿਹਾਸ ਸਾਂਭਣਾ ਚਾਹੀਦਾ ਹੈ, ਪਰ ਲੋਕਾਂ ਦੇ ਮਨਾਂ ਅੰਦਰ ਵਸ ਚੁੱਕੇ ਸ਼ਹੀਦ ਸਿੰਘਾਂ ਨੂੰ ਖਤਮ ਕਰਨਾ ਹਾਕਮਾਂ ਦੇ ਵੱਸ ਦੀ ਗੱਲ ਨਹੀਂ। ਸਿੱਖੀ ਵਿਚ ਸਭ ਤੋਂ ਉੱਚਾ ਰੁਤਬਾ ਪ੍ਰਵਾਨ ਚੜ੍ਹੀ ਸ਼ਹਾਦਤ ਹੈ।

# ਭਾਈ ਬਲਵਿੰਦਰ ਸਿੰਘ ਬੱਬਰ ਬੁਲਟ

ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਨੂੰ ਸਮਰਪਤ ਸ਼ਹੀਦਾਂ ਦੀ ਕਤਾਰ ਤਾਂ ਬੇਸ਼ੱਕ ਬੜੀ ਲੰਬੀ ਹੈ ਪਰ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੇ ਅਕਾਸ਼ ਵਿਚ ਸ਼ਹੀਦ ਭਾਈ ਬਲਵਿੰਦਰ ਸਿੰਘ ਬੁਲਟ ਦਾ ਨਾਮ ਧਰੂ ਤਾਰੇ ਵਾਂਗੂ ਅਮਰ ਹੋ ਚੁੱਕਾ ਹੈ। ਭਾਈ ਬਲਵਿੰਦਰ ਸਿੰਘ ਦਾ ਜਨਮ ਮਾਤਾ ਜਗਦੇਵ ਕੌਰ ਦੀ ਕੁੱਖੋਂ ਸੰਨ ੧੯੬੭ ਵਿਚ ਪਿਤਾ ਸਰਦਾਰ ਜਿਊਣ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਪਿੰਡ ਤਲਵੰਡੀ ਆਕਲੀਆਂ ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਬਚਪਨ ਦਾ ਨਾਮ ਮਿੰਨ੍ਹੂ ਅਤੇ ਗੁਰਬਾਣੀ ਸ਼ਬਦ ਅਨੁਸਾਰ ਨਾਮਕਰਨ ਬਲਵਿੰਦਰ ਸਿੰਘ ਰੱਖਿਆ ਗਿਆ। ਆਪ ਦੇ ਤਿੰਨ ਭਰਾ ਅਤੇ ਦੋ ਭੈਣਾਂ ਸਨ। ਆਪ ਜੀ ਦਾ ਪਰਿਵਾਰ ਸਿੱਖੀ ਨਾਲ ਜੁੜਿਆ ਹੋਇਆ ਸੀ। ਘਰ ਦੀ ਫਿਜ਼ਾ ਵਿਚ ਸਿੱਖੀ ਦੀ ਮਹਿਕ ਸੀ ਪੂਰਾ ਪਰਿਵਾਰ ਅੰਮ੍ਰਿਤਧਾਰੀ ਨਿਤਨੇਮ ਵਿਚ ਪਰਪੱਕ ਅਤੇ ਸੇਵਾ ਸਿਮਰਨ ਵਾਲਾ ਸੀ। ਇਸ ਲਈ ਭਾਈ ਸਾਹਿਬ ਨੂੰ ਗੁਰਮਤਿ ਦੀ ਜਾਗ ਬਚਪਨ ਤੋਂ ਹੀ ਲੱਗ ਗਈ ਸੀ। ਸ਼ੁਰੂ ਤੋਂ ਹੀ ਬਹੁਤ ਹੀ ਸਿੰਘ ਨਿਤਨੇਮੀ ਅਤੇ ਸਿੱਖੀ ਅਸੂਲਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਸੁਭਾਅ ਦੇ ਮਾਲਕ ਬਣ ਗਏ ਪਰਿਵਾਰ ਨਾਲ ਖੇਤੀ ਦੇ ਕੰਮ ਵਿਚ ਰੁੱਝੇ ਹੋਏ ਵੀ ਹਮੇਸ਼ਾ ਸਿੱਖ ਯੋਧਿਆਂ ਵਾਂਗ ਗੁਰਬਾਣੀ ਦੇ ਸ਼ਬਦ ਬੋਲਦੇ ਰਹਿੰਦੇ।

ਮੱਧ ਵਰਗੀ ਪਰਿਵਾਰ ਵਿਚ ਕਿਸਾਨੀ ਕਿੱਤਾ ਕਰਨ ਕਰਕੇ ਦਸਵੀਂ ਤੱਕ ਪੜ੍ਹਾਈ ਕੀਤੀ ਉਸ ਵਕਤ ਪੰਜਾਬ ਵਿਚ ਸਿੱਖਾਂ 'ਤੇ ਕਹਿਰ ਝੁੱਲ ਰਿਹਾ ਸੀ ਦਰਬਾਰ ਸਾਹਿਬ ਦਾ ਸਾਕਾ ਅਤੇ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ। ਹਰ ਇਕ ਸਿੱਖ ਹਿਰਦਾ ਵਲੂੰਧਰਿਆ ਪਿਆ ਸੀ। ਭਾਈ ਬਲਵਿੰਦਰ ਸਿੰਘ ਬੁਲਟ ਹਾਲਾਤ ਨੂੰ ਦੇਖ ਕੇ ਕੌਮ ਦੀ ਸੇਵਾ ਵਿਚ ਜੁੱਟ ਗਿਆ। ਪੁਲਿਸ ਨੇ ਫੜ ਕੇ ਭਾਈ ਸਾਹਿਬ 'ਤੇ ਬਹੁਤ ਤਸ਼ੱਦਦ ਕੀਤਾ। ਪਰ ਆਪ ਆਪਣੇ ਨਿਸ਼ਾਨੇ ਤੋਂ ਪਰ੍ਹਾਂ ਨਾ ਹਟੇ। ਜਲਦੀ ਹੀ ਰਿਹਾਅ ਹੋ ਕੇ ਸਾਥੀਆਂ ਨਾਲ ਮਿਲ ਕੇ ਕੌਮ ਦੀ ਸੇਵਾ ਕਰਨ ਲੱਗੇ। ਆਪ ਸਕੂਲ ਵਕਤ ਵੀ ਪੜ੍ਹਾਈ ਦੇ ਸਮੇਂ ਰਿਵਾਲਵਰ ਆਪਣੇ ਕੋਲ ਰੱਖਦੇ ਸਨ। ਬਹੁਤ ਹੀ ਖੁੱਲ੍ਹੇ ਸੁਭਾਅ ਅਤੇ ਦਲੇਰ ਜਜ਼ਬੇ ਵਾਲੇ ਸਨ। ਗੁਰਸਿੱਖ ਪਰਿਵਾਰ ਵਿੱਚੋਂ ਗੁਰਸਿੱਖੀ ਦੀ ਮਿਲੀ ਗੁੜ੍ਹਤੀ ਤੇ ਨਾਨਕਾ ਪਰਿਵਾਰ ਪਿੰਡ ਟਾਹਲਾ ਸਾਹਿਬ ਜੋ ਕਿ ਸਿੰਘਾਂ ਦਾ ਪਿੰਡ ਜਾਣਿਆ ਜਾਂਦਾ ਸੀ, ਸੋਨੇ 'ਤੇ ਸੁਹਾਗੇ ਦਾ ਕੰਮ ਹੋਇਆ। ਆਪ ਦੇ ਪਿੰਡ ਵਿੱਚ ਲੋਕ ਆਪ ਦੇ ਘਰ ਨੂੰ ਖਾਲਸਿਆਂ ਦਾ ਘਰ ਕਰਕੇ ਪੁਕਾਰਦੇ ਸਨ। ਆਪ ਜੀ ਦੇ ਪਿਤਾ ਨੂੰ ਨਾਮ ਲੈਣ ਦੀ ਥਾਂ ਖਾਲਸਾ ਕਹਿ ਕੇ ਪੁਕਾਰਦੇ ਸਨ।

ਸਭ ਤੋਂ ਪਹਿਲਾਂ ਆਪ ਨੇ ਭਿੰਡਰਾਂਵਾਲਾ ਟਾਈਗਰ ਫ਼ੋਰਸ ਨਾਂ ਦੀ ਜਥੇਬੰਦੀ ਵਿੱਚ ਸ਼ਾਮਿਲ ਹੋ ਕੇ ਸਰਗਰਮੀਆਂ ਸ਼ੁਰੂ ਕੀਤੀਆਂ। ਜਿਨ੍ਹਾਂ ਵਿਚ ਆਪ ਦੇ ਸਾਥੀ ਭਾਈ ਮੱਖਣ

ਸਿੰਘ ਬੀਰਕਲਾਂ, ਬਲਵੀਰ ਸਿੰਘ ਭੂਰਾ, ਗੁਰਜੰਟ ਸਿੰਘ ਨੰਦਗੜ੍ਹ, ਬਲਦੇਵ ਸਿੰਘ ਚਕੇਰੀਆਂ ਆਦਿ ਸਿੰਘ ਸ਼ਾਮਲ ਸਨ। ਕੌਮ ਦੀ ਸੇਵਾ ਕਰਦੇ ਹੋਏ ਆਪ ਦੇ ਸਬੰਧ ਭਾਈ ਸੁਖਦੇਵ ਸਿੰਘ ਬੱਬਰ ਨਾਲ ਹੋਏ। ਫਿਰ ਆਪ ਜੀ ਬੱਬਰ ਖਾਲਸਾ ਜਥੇਬੰਦੀ ਵਿੱਚ ਸ਼ਾਮਲ ਹੋ ਕੇ ਸੇਵਾ ਕਰਨ ਲੱਗੇ। ਆਪ ਨੂੰ ਬੱਬਰਾਂ ਦਾ ਚੀਫ ਥਾਪ ਦਿੱਤਾ ਗਿਆ। ਆਪ ਦੇ ਸਾਥੀ ਭਾਈ ਬਲਵਿੰਦਰ ਸਿੰਘ ਟੰਗਾ, ਗੁਰਮੇਲ ਸਿੰਘ ਰਾਏਪੁਰ, ਖੇਮ ਸਿੰਘ ਫੌਜੀ, ਬਸ਼ੀਰ ਮੁਹੰਮਦ, ਘੁੱਕਰ ਸਿੰਘ ਹੀਰੋਂ ਵਾਲਾ, ਅੰਗਰੇਜ਼ ਸਿੰਘ ਰਾਜਾ ਬਰਨਾਲਾ, ਨਿਹਾਲ ਸਿੰਘ ਬਰਨਾਲਾ, ਅਮਰੀਕ ਸਿੰਘ ਖਾਰਾ, ਤਰਸੇਮ ਸਿੰਘ ਕਰੰਡੀ, ਅਮਰੀਕ ਸਿੰਘ ਅਣਖੀ, ਭੋਲੀ ਬਾਘਾ, ਰਲ ਕੇ ਕੌਮ ਦੀ ਸੇਵਾ ਵਿੱਚ ਲੀਨ ਹੋ ਗਏ। ਕਈ ਵਾਰੀ ਪੁਲਿਸ ਬਲਾਂ ਨਾਲ ਮੁਕਾਬਲੇ ਹੋਏ ਪਰ ਆਪ ਬਚ ਨਿਕਲਦੇ ਰਹੇ। ਇਕ ਵਾਰ ਆਪ ਨੇ ਵੱਡੀ ਦਲੇਰੀ ਨਾਲ ਸਰਕਾਰੀ ਬਲਾਂ ਤੋਂ ਅਸਲਾ ਅਤੇ ਬੁਲਟ ਮੋਟਰ ਸਾਈਕਲ ਖੋਹ ਲਿਆ ਅਤੇ ਫਰਾਰ ਹੋ ਗਏ। ਇਸ ਕਰਕੇ ਸਿੰਘ ਆਪ ਨੂੰ ਬਲਵਿੰਦਰ ਸਿੰਘ ਬੁਲਟ ਪੁਕਾਰਨ ਲੱਗੇ, ਇਥੋਂ ਤੱਕ ਆਪ ਦੇ ਪਿੰਡ ਤਲਵੰਡੀ ਨੂੰ ਕੋਈ ਜਾਣਦਾ ਨਹੀਂ ਸੀ।

ਇਕ ਵਾਰ ਭਾਈ ਬਲਵਿੰਦਰ ਸਿੰਘ ਬੁਲਟ, ਭਾਈ ਘੁੱਕਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਅੰਗਰੇਜ਼ ਸਿੰਘ, ਭਾਈ ਅਮਰੀਕ ਸਿੰਘ, ਭਾਈ ਅਮਰੀਕ ਸਿੰਘ ਅਣਖੀ ਦਾ ਮੁਕਾਬਲਾ ਪਿੰਡ ਹਡਿਆਲ ਵਿਖੇ ਹੋਇਆ। ਉਸ ਮੁਕਾਬਲੇ ਵਿੱਚ 6-7 ਸਰਕਾਰੀ ਬਲਾਂ ਦੇ ਬੰਦੇ ਮਾਰੇ ਗਏ। ਸਿੰਘ ਉਹਨਾਂ ਦਾ ਸਾਰਾ ਅਸਲਾ ਚੁੱਕ ਕੇ ਤੁਰ ਪਏ। ਅੱਗੇ ਜਾ ਕੇ ਮਿੰਨੀ ਬੱਸ ਵਿੱਚੋਂ ਸਵਾਰੀਆਂ ਉਤਾਰ ਕੇ ਸਾਰੇ ਸਿੰਘ ਬੱਸ ਵਿਚ ਸਵਾਰ ਹੋ ਗਏ। ਅਮਰੀਕ ਸਿੰਘ ਅਣਖੀ ਡਰਾਈਵਿੰਗ ਕਰਨ ਲੱਗ ਪਏ, ਬਾਕੀ ਸਿੰਘ ਸ਼ਸਤਰ ਸੰਭਾਲ ਕੇ ਬੈਠ ਗਏ ਅਤੇ ਨਿਕਲਣ ਵਿੱਚ ਕਾਮਯਾਬ ਹੋ ਗਏ। ਇਸ ਦਲੇਰੀ ਭਰੇ ਹੌਂਸਲਾ ਪੁਲਿਸ ਐਕਸ਼ਨ ਤੋਂ ਬਾਅਦ ਆਪ ਦਾ ਪੂਰਾ ਨਾਮ ਹਿੰਦੋਸਤਾਨ ਵਿੱਚ ਚਮਕਣ ਲੱਗਾ। ਜਿਸ ਪਿੰਡ ਨੂੰ ਜ਼ਿਆਦਾਤਰ ਛੋਟੀ ਤਲਵੰਡੀ ਜਾਂ ਟਿੱਬਿਆਂ ਵਾਲੀ ਤਲਵੰਡੀ ਕਹਿੰਦੇ ਸਨ ਪਰ ਬਾਅਦ ਵਿਚ ਬੁਲਟ ਵਾਲੀ ਤਲਵੰਡੀ ਇਤਿਹਾਸ ਦੇ ਨਕਸ਼ੇ 'ਤੇ ਉਭਰੀ। ਫਿਰ ਇਸ ਤੋਂ ਬਾਅਦ ਭਾਈ ਸਾਹਿਬ ਦੇ ਸਿਰ ਦਾ ਇਨਾਮ ਰੱਖ ਦਿੱਤਾ ਗਿਆ।

ਇਕ ਵਾਰ ਪਿੰਡ ਘੇਰਾ ਪੈਣ 'ਤੇ ਆਪ ਵਗਾਰੀ ਦੇ ਰੂਪ ਵਿੱਚ ਮਰਿਆ ਕਟੜੂ ਮੋਢੇ 'ਤੇ ਰੱਖ ਕੇ ਘਰ 'ਚੋਂ ਨਿਕਲੇ। ਆਪ ਬਹੁਤ ਦਲੇਰ ਹੋਣ ਦੇ ਨਾਤੇ ਕਈ ਵਾਰ ਪੁਲਿਸ ਘੇਰੇ ਵਿਚਕਾਰ ਵੀ ਆ ਗਏ ਪਰ ਕਦੇ ਘਬਰਾਏ ਨਹੀਂ, ਆਪ ਦੇ ਪਿੰਡ ਸੀ.ਆਰ.ਪੀ. ਵਾਲਿਆਂ ਨੇ ਆਪ ਤੋਂ ਹੀ ਆਪਣੇ ਘਰ ਬਾਰੇ ਪੁੱਛਿਆ ਤਾਂ ਆਪ ਨੇ ਅੱਗੇ ਇਸ਼ਾਰਾ ਕਰਕੇ ਦੱਸਿਆ ਕਿ ਉਹ ਘਰ ਹੈ। ਆਪ ਦੇ ਚਿਹਰੇ ਦੀ ਪਛਾਣ ਨਾ ਹੋਣ ਕਰਕੇ ਬੇਧੜਕ ਹੋ ਜੁਆਬ ਦਿੱਤਾ। ਕਿਸ ਤਰ੍ਹਾਂ ਪਿੰਡ ਨੂੰ ਵਿੰਗੇ ਟੇਢੇ ਰਸਤੇ ਨਿਕਲ ਗਏ। ਇਕ ਵਾਰੀ ਪਿੰਡ ਮੌਜੀਆਂ ਵਿਖੇ ਬੱਬਰਾਂ ਦੀ ਮੀਟਿੰਗ ਸੀ। ਇਸ ਮੀਟਿੰਗ ਵਿੱਚ ਸਿਰਲੱਥ ਬੱਬਰ ਸ਼ਾਮਲ ਸਨ। ਭਾਈ ਬਲਵਿੰਦਰ ਸਿੰਘ ਟੰਗਾ, ਗੁਰਮੇਲ ਸਿੰਘ ਰਾਏਪੁਰ, ਖੇਮ ਸਿੰਘ ਫੌਜੀ ਬਾਲਦ ਕਲਾਂ, ਪਰਮਜੀਤ ਸਿੰਘ ਫੂਲਵਾਲ ਅਤੇ ਹੋਰ 15-20 ਸਿੰਘ ਸਨ। ਕਿਸੇ ਦੀ ਮੁਖਬਰੀ ਕਰਨ 'ਤੇ ਸਿੰਘਾਂ ਨੂੰ ਘੇਰਾ ਪੈ ਗਿਆ। ਆਪ ਦਲੇਰੀ ਨਾਲ ਘੇਰੇ ਵਿਚੋਂ ਬਚ ਨਿਕਲੇ।

ਆਪ ਨੇ ਪਿੰਡ ਰਾਏਪੁਰ ਮਾਖਾ ਦੇ ਗੁਰਦੁਆਰਾ ਸਾਹਿਬ ਜਾ ਕੇ ਅਨਾਊਂਸਮੈਂਟ ਕਰਵਾ ਦਿੱਤੀ। ਪਿੰਡ ਦੇ ਲੋਕਾਂ ਨੇ ਵਹੀਰਾਂ ਘੱਤ ਕੇ ਘੇਰਾ ਪਾਇਆ ਤੇ ਲੋਕਾਂ ਨੇ ਅੰਤਾਂ ਦਾ ਤਸ਼ੱਦਦ ਝੱਲਿਆ। ਬਹੁਤੇ ਸਿੰਘ ਸੰਗਤਾਂ ਨਾਲ ਘੇਰੇ ਵਿੱਚੋਂ ਨਿਕਲ ਗਏ ਇਸ ਲੰਬੇ ਚੱਲੇ ਮੁਕਾਬਲੇ ਵਿੱਚ ਆਪ ਦੇ ਸਾਥੀ ਭਾਈ ਗੁਰਮੇਲ ਸਿੰਘ ਰਾਏਪੁਰ, ਖੇਮ ਸਿੰਘ ਫ਼ੌਜੀ ਬਾਲਦ ਕਲਾਂ, ਪਰਮਜੀਤ ਸਿੰਘ ਫੂਲੇਵਾਲਾ ਮਸਾ) ਸ਼ਹੀਦ ਹੋ ਗਏ ਅਤੇ ਕਾਫ਼ੀ ਗਿਣਤੀ ਵਿੱਚ ਦੁਸ਼ਮਣ ਵੀ ਮਾਰ ਗਏ ਕੁਝ ਦਿਨਾਂ ਬਾਅਦ ਆਪ ਨੇ ਇਸ ਮੁਕਾਬਲੇ ਵਿੱਚ ਸ਼ਹੀਦ ਹੋਏ ਸਾਥੀਆਂ ਦਾ ਬਦਲਾ ਲੈਣ ਲਈ ਪਿੰਡ ਦੂਲੇਵਾਲ ਮੌਜੀਆਂ ਸੜਕ 'ਤੇ ਬਾਰੂਦ ਲਾ ਦਿੱਤਾ। ਆਪ ਅੱਗੇ ਸੜਕ 'ਤੇ ਘਾਤ ਲਾ ਕੇ ਬੈਠ ਗਏ। ਪੁਲਿਸ ਦੀ ਗੱਡੀ ਦੂਜੀ ਸਾਈਡ ਤੋਂ ਆ ਰਹੀ ਸੀ ਤਾਂ ਸਿੰਘਾਂ ਨੇ ਆਪਣੇ ਫ਼ਾਇਰ ਖੋਲ੍ਹ ਕੇ ਕਾਫ਼ੀ ਗਿਣਤੀ ਵਿਚ ਪੁਲਸੀਆਂ ਨੂੰ ਸੋਧਿਆ ਇਸ ਮੁਕਾਬਲੇ ਦੀ ਗੱਲ ਸੁਣ ਕੇ ਫ਼ੌਜ ਦੀਆਂ ਗੱਡੀਆਂ ਸਿੰਘਾਂ ਵੱਲ ਚੱਲ ਪਈਆਂ। ਅੱਗੋਂ ਗੁਰੂ ਦੇ ਸਿੰਘਾਂ ਨੇ ਫ਼ੌਜੀਆਂ ਦੇ ਸਵਾਗਤ ਵਾਸਤੇ ਇੰਤਜ਼ਾਮ ਕੀਤਾ ਹੋਇਆ ਸੀ। ਜਦ ਫ਼ੌਜ ਦੀ ਗੱਡੀ ਬਾਰੂਦੀ ਸੁਰੰਗ ਵਾਲੀ ਥਾਂ ਪਹੁੰਚੀ ਤਾਂ ਸਿੰਘਾਂ ਨੇ ਫ਼ੌਜੀਆਂ ਸਮੇਤ ਗੱਡੀ ਦੇ ਵੀ ਚੀਥੜੇ ਉਡਾ ਦਿੱਤੇ। ਆਪਣੇ ਸਾਥੀਆਂ ਦਾ ਬਦਲਾ ਲੈ ਕੇ ਉੱਚੀ ਆਵਾਜ਼ ਵਿੱਚ ਜੈਕਾਰੇ ਛੱਡਦੇ ਹੋਏ ਬਚ ਨਿਕਲੇ। ਅੱਗੇ ਆਉਣ ਦੀ ਫ਼ੌਜ ਦੀ ਹਿੰਮਤ ਨਾ ਪਈ। ਬੱਬਰਾਂ ਦੇ ਨਾਮ ਤੋਂ ਹਿੰਦੋਸਤਾਨ ਦੀ ਸਰਕਾਰ ਥਰ ਥਰ ਕੰਬਣ ਲੱਗ ਪਈ।

ਇਸ ਤੋਂ ਬਾਅਦ ਤਲਵੰਡੀ ਆਕਲੀਆਂ ਸੜਕ 'ਤੇ ਪੁਲਿਸ ਵਾਲੇ ਗਸ਼ਤ ਕਰਨ ਤੋਂ ਹਟ ਗਏ। ਇਹ ਭਾਈ ਬੁਲਟ ਦੀ ਦਹਿਸ਼ਤ ਕਾਰਨ ਹੀ ਹੋਇਆ ਸੀ ਮਾਲਵੇ ਦੀ ਧਰਤੀ 'ਤੇ ਬਲਵਿੰਦਰ ਸਿੰਘ ਗੰਗਾ ਅਤੇ ਬਲਵਿੰਦਰ ਸਿੰਘ ਬੁਲਟ ਗਰੁੱਪ ਦਾ ਨਾਮ ਦਿੱਲੀ ਦੀਆਂ ਕੰਧਾਂ ਨਾਲ ਟਕਰਾਉਣ ਲੱਗ ਪਿਆ। ਬੱਬਰਾਂ ਦੇ ਨਾਮ ਤੋਂ ਪੁਲਿਸ ਅਤੇ ਫ਼ੌਜ ਭੈਅ ਖਾਣ ਲੱਗ ਪਈ। ਆਪ ਦੇ ਜੱਥੇ ਵਿੱਚ ਭਾਈ ਘੋਕਰ ਸਿੰਘ, ਭਾਈ ਅੰਗਰੇਜ਼ ਸਿੰਘ, ਭਾਈ ਨਿਹਾਲ ਸਿੰਘ, ਭਾਈ ਅਮਰੀਕ ਸਿੰਘ, ਭਾਈ ਮੱਖਣ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਤਰਸੇਮ ਸਿੰਘ ਬਚੀ, ਕਰੰਡੀ, ਭਾਈ ਸੁਖਪਾਲ ਸਿੰਘ ਪਾਲਾ ਜਗ੍ਹਾ ਰਾਮਤੀਰਥ ਵੀ ਸ਼ਾਮਲ ਸਨ। ਬਸ਼ੀਰ ਅਹਿਮਦ ਵੀ ਕਾਫ਼ੀ ਸਮਾਂ ਆਪ ਜੀ ਨਾਲ ਸੇਵਾ ਕਰਦਾ ਰਿਹਾ ਪਰ ਬਾਅਦ ਵਿੱਚ ਪੰਜਾਬ ਤੋਂ ਬਾਹਰ ਚਲਿਆ ਗਿਆ। ਇਕ ਵਾਰੀ ਆਪ ਜੀ ਦੀ ਭੈਣ ਮੁਨਿਆਈਸਰ ਗੁਰਦੁਆਰਾ ਸਾਹਿਬ ਮੌਸਮਾ 'ਤੇ ਜਾ ਰਹੀ ਸੀ ਤਾਂ ਰਸਤੇ ਵਿੱਚ ਪੁਲਿਸ ਨੇ ਪੁੱਛ ਪੜਤਾਲ ਲਈ ਗੱਡੀ ਵਿੱਚ ਬਿਠਾ ਲਿਆ ਲੋਕਾਂ ਦੇ ਸਹਿਯੋਗ ਸਦਕਾ ਉਸ ਨੂੰ ਤਾਂ ਛੱਡ ਦਿੱਤਾ ਗਿਆ ਪਰ ਆਪ ਨੂੰ ਪਤਾ ਲੱਗਣ 'ਤੇ ਆਪ ਦੇ ਸਾਥੀ ਸਿੰਘਾਂ ਨੇ ਬਦਲਾ ਲੈਣ ਲਈ ਨਿਸ਼ਾਨਦੇਹੀ ਕਰਕੇ ਜਿਸ ਗੱਡੀ ਵਿੱਚ ਚਾਰ ਪੰਜ ਪੁਲਿਸ ਵਾਲੇ ਬੈਠੇ ਸਨ, ਨਿਸ਼ਾਨਾ ਸੇਧ ਕੇ ਇਕੱਲੇ ਦੋਸ਼ੀ ਹੌਲਦਾਰ ਨੂੰ ਸੋਧ ਕੇ ਰੱਖ ਦਿੱਤਾ।

ਬੁਲਟ ਚਾਹੁੰਦਾ ਤਾਂ ਸਾਰੇ ਪੁਲਸੀਆਂ ਨੂੰ ਸੋਧ ਸਕਦਾ ਸੀ ਪਰ ਉਸ ਨੇ ਅਸੂਲਾਂ ਮੁਤਾਬਿਕ ਉਕਤ ਦੋਸ਼ੀਆਂ ਨੂੰ ਸਜ਼ਾ ਦਿੱਤੀ। ਇਸ ਤੋਂ ਬਾਅਦ ਪੁਲਿਸ ਵਿੱਚ ਸਹਿਮ ਬੈਠ ਗਿਆ। ਆਪ ਦਾ ਨਾਮ ਸੁਣ ਕੇ ਪੁਲਿਸ ਦੂਜੇ ਪਾਸੇ ਮੂੰਹ ਮੋੜ ਲੈਂਦੀ ਸੀ। ਆਪ ਦੇ ਵੱਲ

ਮੂੰਹ ਨਹੀਂ ਸੀ ਕਰਦੀ। ਭਾਈ ਸਾਹਿਬ ਸਿੱਖ ਕੌਮ ਦਾ ਸੰਘਰਸ਼ਸ਼ੀਲ ਯੋਧਾ ਸੀ। ਦਿਲ ਅੰਦਰ ਇਤਨੀ ਫਰਾਖਦਿਲੀ ਸੀ ਕਿ ਕਿਸੇ ਦੁਸ਼ਟ ਨੂੰ ਸੋਧਣ ਤੋਂ ਪਹਿਲਾਂ ਹਜ਼ਾਰ ਵਾਰੀ ਸੋਚਦਾ ਤੇ ਫਿਰ ਸਮਝਾਉਣ ਦੀ ਕਰਦਾ ਕਿ ਉਹ ਸੁਧਰ ਜਾਵੇ ਤਾਂ ਚੰਗੀ ਗੱਲ ਹੈ। ਆਪ ਦਾ ਨਿਸ਼ਾਨਾ ਪੰਜਾਬ ਦੇ ਦੁਸ਼ਮਣ ਅਤੇ ਸਰਕਾਰ ਸੀ, ਨਾ ਕਿ ਆਮ ਲੋਕ। ਆਪ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ 'ਤੇ ਪੁਲਿਸ ਦਾ ਕਹਿਰ ਜਾਰੀ ਸੀ। ਘਰ ਮਾਲ ਡੰਗਰ (ਪਸ਼ੂ) ਖੋਲ੍ਹ ਛੱਡ ਦਿੱਤੇ ਗਏ। ਜਬਰ ਦਾ ਕਹਿਰ ਸਖ਼ਤੀ ਨਾਲ ਚੱਲਣ ਲੱਗਿਆ। ਅਕਸਰ ਹੀ ਪੁਲਿਸ ਭਾਈ ਸਾਹਿਬ ਦੇ ਪਿਤਾ ਨੂੰ ਚੁੱਕ ਕੇ ਲੈ ਜਾਂਦੀ ਸੀ ਅਤੇ ਉਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ। ਆਪ ਦੀਆਂ ਭੈਣਾਂ ਅਤੇ ਨਾਨਕਿਆਂ 'ਤੇ ਬਹੁਤ ਅੱਤਿਆਚਾਰ ਹੋਇਆ। ਸਾਰੇ ਰਿਸ਼ਤੇਦਾਰਾਂ ਨੂੰ ਪੁਲਿਸ ਨੇ ਲੰਬਾ ਸਮਾਂ ਥਾਣਿਆਂ ਅੰਦਰ ਹਵਾਲਾਤਾਂ ਵਿੱਚ ਰੱਖਿਆ। ਪੂਰੇ 6-7 ਸਾਲ ਪਰਿਵਾਰ ਨੂੰ ਘਰ ਬਾਰ ਛੱਡ ਕੇ ਗੁਜ਼ਾਰਨੇ ਪਏ। ਘਰ ਦਾ ਸਮਾਨ ਪੁਲਿਸ ਜਬਰੀ ਲੁੱਟ ਕੇ ਲੈ ਗਈ।

ਕਾਫੀ ਸਮਾਂ ਬਾਅਦ ਭਾਈ ਸਾਹਿਬ ਸਾਥੀ ਸਿੰਘਾਂ ਨਾਲ ਰਾਤ ਸਮੇਂ ਪਿੰਡ ਕਿਸੇ ਘਰ ਆਏ। ਵਾਪਿਸ ਜਾਣ ਲੱਗਿਆਂ ਪਰਿਵਾਰ ਵਾਲੇ ਕਹਿੰਦੇ ਤੁਸੀਂ ਚੁੱਪ ਕਰਕੇ ਜਾ ਕੇ ਬੈਠ ਜਾਵੋ ਸਾਨੂੰ ਪੁਲਿਸ ਤੰਗ ਪ੍ਰੇਸ਼ਾਨ ਕਰਨ ਤੋਂ ਹਟ ਜਾਵੇਗੀ। ਭਾਈ ਸਾਹਿਬ ਦਾ ਜੁਆਬ ਸੀ ਕਿ ਮੈਂ ਮੈਦਾਨ ਛੱਡ ਕੇ ਨਹੀਂ ਭੱਜਣਾ। ਇਹ ਸਾਰਾ ਕੁਝ ਨਾ ਤੁਸੀਂ ਨਾਲ ਲੈ ਕੇ ਆਏ ਸੀ ਤੇ ਨਾ ਹੀ ਮੈਂ ਜਾਂ ਕਿਸੇ ਨੇ ਹੋਰ ਨਾਲ ਲੈ ਕੇ ਜਾਣਾ ਹੈ। ਇਹ ਸਾਰਾ ਕੁਝ ਇਥੇ ਹੀ ਬਣਿਆ ਸੀ ਇਥੇ ਹੀ ਰਹਿ ਜਾਣਾ ਹੈ। ਮੇਰੀ ਡਿਊਟੀ ਹੁਣ ਗੁਰੂ ਸਾਹਿਬ ਨੇ ਸਿੱਖ ਕੌਮ ਦੀ ਸੇਵਾ ਕਰਨ ਵਿੱਚ ਲਾਈ ਹੋਈ ਹੈ। ਹੁਣ ਮੈਂ ਪਿਛਾਂਹ ਮੁੜ ਕੇ ਨਹੀਂ ਦੇਖਣਾ। ਤੁਸੀਂ ਅਰਦਾਸ ਕਰੋ ਕਿ "ਹੇ ਅਕਾਲ ਪੁਰਖ ਮੈਨੂੰ ਬਜ਼ੁਰਦਿਲਾਂ ਨਾਲ ਜੂਝਦਿਆਂ ਹੀ ਸ਼ਹਾਦਤ ਬਖਸ਼ੇ।" ਭਾਈ ਹੁਰਾਂ ਨੇ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਵਾਲਾ ਇਤਿਹਾਸ ਰਚ ਦਿੱਤਾ। ਬਹਾਦਰ ਅਕਾਂਵਾਲੀ ਸੜਕ 'ਤੇ ਨਾਕਾ ਲਾ ਕੇ ਪਿੰਡ ਜੋਈਆਂ ਵਿਖੇ ਖੜ ਗਏ। ਹਰ ਇੱਕ ਗੱਡੀ ਨੂੰ ਰੋਕ ਕੇ ਬੱਬਰਾਂ ਦੀ ਜੱਥੇਬੰਦੀ ਦੀ ਪਰਚੀ ਦੇ ਉੱਤੇ ਲਿਖ ਦਿੰਦੇ ਸੀ ਕਿ ਭਾਈ ਹੁਣ ਖਾਲਸੇ ਦਾ ਰਾਜ ਹੋ ਗਿਆ ਹੈ। ਤੁਸੀਂ ਪੁਲਿਸ ਨੂੰ ਜਾ ਕੇ ਦੱਸ ਦਿਉ ਤਾਂ ਪੁਲਿਸ ਵਾਲੇ ਵੇਖਣ ਆਏ ਕਿ ਇਹ ਜਿਹੜੇ ਕਿਹੜੇ ਸਿੰਘ ਨੇ। ਸਿੰਘਾਂ ਨੇ ਪੁਲਿਸ ਦੀ ਗੱਡੀ ਰੋਕ ਕੇ ਪੁਲਿਸ ਵਾਲਿਆਂ ਦੇ ਹਥਿਆਰ ਆਪਣੇ ਕਬਜ਼ੇ ਵਿੱਚ ਕਰ ਲਏ। ਮਗਰੋਂ ਕੁਝ ਪੁਲਿਸ ਵਾਲਿਆਂ ਨੇ ਗੋਲੀ ਚਲਾ ਦਿੱਤੀ। ਅੱਗੋਂ ਸਿੰਘਾਂ ਨੇ ਗੋਲੀ ਦਾ ਜਵਾਬ ਗੋਲੀ ਰਾਹੀਂ ਦੇ ਕੇ 3-4 ਪੁਲਸੀਏ ਗੱਡੀ ਖਾੜ੍ਹ ਦਿੱਤੇ ਅਤੇ ਉਨ੍ਹਾਂ ਦੇ ਹਥਿਆਰ ਵੀ ਆਪਣੇ ਕਬਜ਼ੇ ਵਿੱਚ ਕਰ ਲਏ ਅਤੇ ਆਪ ਬਚ ਨਿਕਲੇ।

ਆਪ ਦੇ ਇਸ ਦਲੇਰੀ ਭਰੇ ਕਾਰਨਾਮੇ ਦੀ ਜੱਥੇਬੰਦੀ ਵਿੱਚ ਬੜੀ ਖੁਸ਼ੀ ਹੋਈ। ਆਪ ਦੀ ਇੱਕ ਜਰਨੈਲ ਵਜੋਂ ਸਾਰੇ ਸਿੰਘ ਇੱਜ਼ਤ ਕਰਦੇ ਸਨ। ਕੁਝ ਦਿਨਾਂ ਬਾਅਦ ਰਾਏਪੁਰ (ਮਾਨਸਾ) ਵਿੱਚ ਮੁਕਾਬਲਾ ਹੋਇਆ। ਜਿੱਥੇ ਆਪ ਦਾ ਇੱਕ ਸਾਥੀ ਭਾਈ ਧੂੰਕਰ ਸਿੰਘ ਹੀਰੇਵਾਲਾ ਸ਼ਹੀਦ ਹੋ ਗਿਆ, ਆਪ ਆਪਣੇ ਚਾਰ ਸਾਥੀਆਂ ਸਮੇਤ ਪੁਲਿਸ ਅਤੇ ਫੌਜ ਦਾ ਘੇਰਾ ਤੋੜ ਕੇ ਨਿਕਲ ਗਏ। ਭਾਈ ਸਾਹਿਬ ਨੇ ਜ਼ਿੰਦਗੀ ਦਾ ਜ਼ਿਆਦਾ ਸਮਾਂ

ਨਾਮਵਰ ਯੋਧਿਆਂ ਨਾਲ ਰਹਿ ਕੇ ਮਾਲਵਾ ਖੇਤਰ ਵਿੱਚ ਗੁਜ਼ਾਰਿਆ। ਜਥੇਬੰਦੀ ਵਿੱਚ ਰਹਿ ਕੇ ਭਾਈ ਸਾਹਿਬ ਨੇ ਪੰਥਕ ਅਤੇ ਜਥੇਬੰਦਕ ਜਾਬਤੇ ਨੂੰ ਬੜੀ ਬਾਖੂਬੀ ਨਿਭਾਇਆ। ਆਪ ਨੇ ਸੰਘਰਸ਼ਮਈ ਜੀਵਨ ਵਿੱਚ ਸਿੱਖ ਕੌਮ ਦੇ ਕਈ ਦੁਸ਼ਮਣਾਂ, ਗ਼ਦਾਰਾਂ ਅਤੇ ਪੁਲਿਸ ਟਾਊਟਾਂ ਨੂੰ ਧੂਰ ਦੀਆਂ ਟਿਕਟਾਂ ਦਿੱਤੀਆਂ। ਆਪ ਦਾ ਇਲਾਕੇ ਵਿੱਚ ਬਹੁਤ ਸਤਿਕਾਰ ਸੀ। ਇਸ ਦਾ ਕਾਰਨ ਇਹ ਸੀ ਕਿ ਆਪ ਨੇ ਇਲਾਕੇ ਵਿਚ ਛੱਡੀਆਂ ਹੋਈਆਂ ਧੀਆਂ ਭੈਣਾਂ ਨੂੰ ਘਰੇ ਘਰੀ ਬਿਠਾਇਆ, ਧਾਰਮਕ ਵਿਚਾਰਾਂ ਵਾਲੇ ਹੋਣ ਕਾਰਨ ਬੇਕਸੂਰ ਲੋਕਾਂ ਦੇ ਕਤਲ ਅਤੇ ਬੱਚੇ ਬੱਚੀਆਂ ਅਤੇ ਔਰਤਾਂ ਦੇ ਕਤਲਾਂ ਦੇ ਖ਼ਿਲਾਫ਼ ਵਿਰੋਧੀ ਸਨ ਦੋਖੀ ਲੀਡਰਾਂ ਅਤੇ ਮੁਖਬਰਾਂ ਦੇ ਖ਼ਾਤਮੇ ਦੇ ਹਮਾਇਤੀ ਸਨ

ਇਸ ਇਲਾਕੇ ਵਿੱਚ ਧਰਮ ਸਿੰਘ ਇਨਸਪੈਕਟਰ ਨੇ ਅੱਤ ਚੁੱਕੀ ਹੋਈ ਸੀ। ਭਾਈ ਪੱਕਰ ਸਿੰਘ ਦੇ ਪਰਿਵਾਰ ਦੇ ਦੋ ਮੈਂਬਰ, ਅਮਰੀਕ ਸਿੰਘ ਖਾਰਾ ਦੇ ਪਰਿਵਾਰ ਦੇ ਦੋ ਮੈਂਬਰ ਅਤੇ ਹੋਰ ਅਨੇਕਾਂ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਲਾਪਤਾ ਕਰ ਚੁੱਕਿਆ ਸੀ। ਭਾਈ ਸਾਹਿਬ ਨੇ ਇਸ ਨੂੰ ਸੋਧਣ ਲਈ ਪਿੰਡ ਬਾਜਵਾਲਾ ਦੀ ਸੜਕ 'ਤੇ ਬਾਰੂਦੀ ਸੁਰੰਗ ਵਿਛਾ ਦਿੱਤੀ। ਜਦੋਂ ਪੁਲਿਸ ਦੀ ਗੱਡੀ ਆਈ ਤਾਂ ਪੁਲਸੀਆਂ ਸਮੇਤ ਗੱਡੀ ਦੇ ਚੀਥੜੇ ਉਡਾ ਦਿੱਤੇ, ਇਸ ਐਕਸ਼ਨ ਵਿੱਚ ਆਪ ਦਾ ਇੱਕ ਸਾਥੀ ਸਿੰਘ ਜ਼ਖ਼ਮੀ ਹੋ ਗਿਆ। ਜਿਸ ਦਾ ਨਾਮ ਰਾਜਪਾਲ ਸਿੰਘ ਸੀ ਤੇ ਜਿਹੜਾ ਲੱਡੂ ਰਾਮਸਰਾ ਪਿੰਡ ਦਾ ਰਹਿਣ ਵਾਲਾ ਸੀ ਬਾਅਦ ਵਿੱਚ ਪਤਾ ਲੱਗਾ ਕਿ ਧਰਮ ਸਿੰਘ ਬਚ ਗਿਆ ਹੈ ਤਾਂ ਭਾਈ ਸਾਹਿਬ ਬਹੁਤ ਦੁਖੀ ਹੋਏ, ਇਕ ਦੋ ਵਾਰੀ ਫਿਰ ਵੀ ਇਸ 'ਤੇ ਬਾਰੂਦ ਲਾਇਆ ਪਰ ਇਹ ਮੌਕੇ 'ਤੇ ਨਾ ਪਹੁੰਚਿਆ, ਉਸ ਤੋਂ ਬਾਅਦ ਬੱਬਰਾਂ ਤੋਂ ਡਰਦਾ ਇਲਾਕਾ ਛੱਡ ਕੇ ਭੱਜ ਗਿਆ।

ਲਹਿਰ ਵਿੱਚ ਮੁਖਬਰੀ ਬਹੁਤ ਜ਼ਿਆਦਾ ਵਧ ਗਈ ਸੀ। ਕੁਝ ਪਿੰਡਾਂ ਵਿੱਚ ਵੀ ਫਿਰਦੇ ਰਹਿੰਦੇ, ਮੁਖਬਰੀ ਦੇ ਅਧਾਰ 'ਤੇ ਆਪ ਦੇ ਜਥੇ ਦੇ ਸਿੰਘ ਭਾਈ ਅੰਗਰੇਜ਼ ਸਿੰਘ ਰੋਜ਼ਾ ਨੂੰ ਘੇਰਾ ਪਾ ਕੇ 26 ਜੁਲਾਈ 1992 ਨੂੰ ਪਿੰਡ ਨਰਿੰਦਰ ਪੁਰਾ ਵਿਖੇ ਸ਼ਹੀਦ ਕਰ ਦਿੱਤਾ ਗਿਆ, ਭਾਈ ਅੰਗਰੇਜ਼ ਸਿੰਘ ਦਾ ਭੋਗ ਵਾਲੇ ਦਿਨ ਹੀ ਭਾਈ ਸਾਹਿਬ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਚਾਰ ਪੁਲਿਸ ਮੁਖਬਰਾਂ ਨੂੰ ਸੋਧ ਕੇ ਇਕ ਮਿਸਾਲ ਕਾਇਮ ਕੀਤੀ। ਤੇ ਤਾੜਨਾ ਵੀ ਕੀਤੀ ਕਿ ਅੱਗੇ ਤੋਂ ਜੋ ਕਿਸੇ ਸਿੰਘ ਨੂੰ ਸ਼ਹੀਦ ਕਰਵਾਏਗਾ, ਉਸ ਦਾ ਵੀ ਇਹੋ ਹਸ਼ਰ ਹੋਵੇਗਾ। ਜਦੋਂ ਪੁਲਿਸ ਦਾ ਦਬਾਅ ਬਹੁਤ ਜ਼ਿਆਦਾ ਵਧ ਗਿਆ ਤੇ ਭਾਈ ਸਾਹਿਬ ਦੇ ਨਾਲ ਰਹੇ ਕਈ ਜਰਨੈਲ ਸ਼ਹੀਦੀਆਂ ਪ੍ਰਾਪਤ ਕਰ ਗਏ ਤਾਂ ਸਿੱਖ ਕੌਮ ਦੇ ਜਰਨੈਲ ਭਾਈ ਬਲਵਿੰਦਰ ਸਿੰਘ ਰੰਗਾ ਦੀ ਸ਼ਹੀਦੀ 'ਤੇ ਆਪ ਬਹੁਤ ਭਾਵੁਕ ਹੋ ਕੇ ਰੋਏ। ਜਿਵੇਂ ਕਿ ਆਪ ਦਾ ਸਭ ਕੁਝ ਹੀ ਲੁੱਟਿਆ ਗਿਆ ਹੋਵੇ। ਦੂਜੇ ਪਾਸੇ ਭਾਈ ਸਾਹਿਬ ਦੇ ਮਾਮਾ ਜੀ ਦਾ ਲੜਕਾ ਹਰਵਿੰਦਰ ਸਿੰਘ ਟਾਹਲਾ ਸਾਹਿਬ ਨੂੰ 15 ਸਾਲ ਦੀ ਉਮਰ ਵਿੱਚ ਘਰੋਂ ਰਾਤੀ ਪੁਲਿਸ ਨੇ ਚੁੱਕਿਆ। ਬਹੁਤ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਤੇ ਤਸੀਹੇ ਦੇ ਕੇ ਕਿਤੇ ਅਣਦੱਸੀ ਜਗ੍ਹਾ ਲਿਜਾ ਕੇ ਸ਼ਹੀਦ ਕਰ ਦਿੱਤਾ, ਜਿਸ ਦਾ ਅੱਜ ਤੱਕ ਕਈ ਪਤਾ ਨਹੀਂ ਲੱਗਾ, ਪਰ ਫਿਰ ਵੀ ਆਪ ਚੜ੍ਹਦੀਕਲਾ ਵਿੱਚ ਅਡੋਲ ਰਹੇ। ਭਾਈ ਸਾਹਿਬ ਪੰਜਾਬ ਤੋਂ ਸੀਮਾ ਪਾਰ ਕਰਕੇ ਹਰਿਆਣਾ ਸਟੇਟ ਵਿੱਚ ਦਾਖ਼ਲ ਹੋ

ਗਏ। ਕਿਉਂਕਿ ਪੁਲਿਸ ਚੱਪੇ-ਚੱਪੇ 'ਤੇ ਛਾਪੇ ਮਾਰ ਰਹੀ ਸੀ। ਉਸ ਵਕਤ ਭਾਈ ਤਰਸੇਮ ਸਿੰਘ ਕਰੰਡੀ, ਨਿਹਾਲ ਸਿੰਘ ਬਰਨਾਲਾ, ਅਮਰੀਕ ਸਿੰਘ ਖਾਰਾ, ਸੁਖਦੀਪ ਸਿੰਘ ਚਿੜੀਆਂ ਖਿਆਲਾ ਜੋ ਪੰਡਤਾਂ ਦਾ ਮੁੰਡਾ ਸੀ ਤੇ ਅੰਮ੍ਰਿਤਧਾਰੀ ਗੁਰਸਿਖ ਬਣ ਕੇ ਆਪਦੇ ਜਥੇ ਵਿਚ ਭਰਤੀ ਹੋਇਆ ਸੀ, ਆਪ ਦੇ ਨਾਲ ਸਨ। ਆਪ ਹਰਿਆਣਾ ਦੇ ਹਿਸਾਰ ਫਤਿਹਾਬਾਦ ਜ਼ਿਲ੍ਹਿਆਂ ਵਿਚ ਪਿੰਡ ਘਾਸਣਾ ਢਾਣੀ ਰਤੀਆ ਵਿਖੇ ਠਹਿਰ ਅਤੇ ਇਕ ਦੋ ਦਿਨ ਇਥੇ ਰਹਿਣ ਤੋਂ ਬਾਅਦ ਪਿੰਡ ਕਰੰਡੀ ਵਿਖੇ ਰਹੇ। ਕਰੰਡੀ ਪੁਲਿਸ ਨੇ ਘੇਰਾ ਪਾ ਲਿਆ। ਪਿੰਡ ਦੇ ਲੋਕਾਂ ਸਦਕਾ ਬਚ ਕੇ ਨਿਕਲ ਗਏ। ਟੋਹਾਣਾ ਤਹਿਸੀਲ ਦੇ ਪਿੰਡ ਫਤਹਪੁਰੀ ਚੰਦੜ ਵਿਖੇ ਕਾਫੀ ਸਮਾਂ ਗੁਜ਼ਾਰਿਆ। ਹਰਿਆਣਾ ਪੁਲਿਸ ਫੜਦੀ ਆਪਦੇ ਜਥੇ ਨੂੰ ਹੱਥ ਨਹੀਂ ਸੀ ਪਾਉਂਦੀ। ਭਾਈ ਸਾਹਿਬ ਦੇ ਨਾਲ ਦੇ ਸਿੰਘ ਨਾਲ ਲਾਗਲੇ ਪਿੰਡ ਧਾਰਸੂਲ ਤੋਂ ਸੀਸਪਾਲ ਸਰਪੰਚ ਦਾ ਰਿਵਾਲਵਰ ਖੋਹ ਕੇ ਲੈ ਆਏ ਤਾਂ ਪੁਲਿਸ ਹਰਕਤ ਵਿਚ ਆ ਗਈ ਕਿ ਸਿੰਘ ਹਰਿਆਣੇ ਵਿਚ ਆਜ਼ਾਦ ਘੁੰਮ ਰਹੇ ਨੇ। ਪੰਜਾਬ ਪੁਲਿਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਪਰ ਪੰਜਾਬ ਪੁਲਿਸ ਨੂੰ ਯਕੀਨ ਨਹੀਂ ਆ ਰਿਹਾ ਸੀ। ਕਿਉਂਕਿ ਸਿੰਘ ਪੰਜਾਬ ਵਿਚ ਵਾਰਦਾਤ ਕਰ ਕੇ ਹਰਿਆਣੇ ਜਾ ਵੜਦੇ ਸਨ।

ਪਿੰਡ ਕਰੰਡੀ, ਲਾਂਬਾ ਢਾਣੀ ਤੇ ਘਾਸਣਾ ਵਿਚਕਾਰ ਤਿੰਨਾਂ ਪਿੰਡਾਂ ਦੀ ਹੱਦ 'ਤੇ ਸ਼ੇਰਾ ਸਿੰਘ ਅਤੇ ਉਸ ਦੇ ਭਾਣਜੇ ਗੁੱਡੂ ਸਿੰਘ ਦੀ ਖੇਤਾਂ ਵਿਚ ਬਹਿਕ ਸੀ। ਸਿੰਘ ਪਹਿਲਾਂ ਵੀ ਉਥੇ ਆਉਂਦੇ ਜਾਂਦੇ ਸਨ। ਭਾਈ ਸਾਹਿਬ ਆਪਣੇ ਸਾਥੀਆਂ ਨਾਲ ਸ਼ੇਰੇ ਦੀ ਬਹਿਕ 'ਤੇ ਠਹਿਰੇ ਹੋਏ ਸਨ। ਕੁਝ ਦਿਨ ਪਹਿਲਾਂ ਸਿੰਘਾਂ ਨੇ ਸ਼ੇਰਾ ਸਿੰਘ ਨੂੰ ਪੰਜ ਲੱਖ ਰੁਪਇਆ ਫੜਾ ਦਿੱਤਾ ਸੀ ਕਿ ਸਾਡੇ ਪਿੱਛੇ ਪੁਲਿਸ ਬਹੁਤ ਜ਼ਿਆਦਾ ਹੈ, ਜ਼ਰੂਰਤ ਪਈ ਤਾਂ ਲੈ ਜਾਵਾਂਗੇ। ਪਰ ਪੈਸਾ ਵੇਖ ਕੇ ਸ਼ੇਰਾ ਸਿੰਘ ਤੇ ਉਸ ਦੇ ਭਾਣਜੇ ਗੁੱਡੂ ਦੀ ਨੀਅਤ ਬਦਲ ਗਈ। ਘਾਸਣਾ ਪਿੰਡ ਦਾ ਸਰਪੰਚ ਭੂਰਾ ਸਿੰਘ ਪ੍ਰੇਮੀ ਕੋਲ ਸਿੰਘਾਂ ਬਾਰੇ ਗੱਲ ਕੀਤੀ ਤਾਂ ਸਰਪੰਚ ਨੇ ਸ਼ੇਰੇ ਨੂੰ ਕਿਹਾ ਕਿ ਤੁਹਾਨੂੰ ਇਹਨਾਂ ਦੇ ਸਿਰਾਂ ਦਾ ਬਹੁਤ ਇਨਾਮ ਮਿਲ ਜਾਵੇਗਾ। ਕਿਉਂਕਿ ਪੰਜੇ ਇਨਾਮੀ ਖਾੜਕੂ ਨੇ। ਛੇ-ਸੱਤ ਦਿਨਾਂ ਬਾਅਦ ਸਿੰਘ ਸ਼ੇਰੇ ਦੇ ਘਰ ਪਹੁੰਚੇ। ਮਾਰਚ ਦਾ ਮਹੀਨਾ ਸੀ। ਸਿੰਘ ਕਹਿੰਦੇ ਦਿਨ ਇਥੇ ਕੱਟ ਲਵੀਏ, ਰਾਤ ਨੂੰ ਚਾਲੇ ਪਾ ਦੇਵਾਂਗੇ। ਭਾਈ ਸਾਹਿਬ ਨੇ ਘਰ ਦੇ ਮਾਲਕ ਸ਼ੇਰਾ ਸਿੰਘ ਨੂੰ ਕਿਹਾ ਕਿ ਰਤੀਆ ਸ਼ਹਿਰ ਤੋਂ ਅਖ਼ਬਾਰ ਫੜ ਕੇ ਲੈ ਆਵੀਂ, ਨਾਲ ਪਰਿਵਾਰ ਵਾਸਤੇ ਰਾਸ਼ਨ ਲੈ ਆਉਣਾ। ਸਿੰਘ ਇਕ ਕਮਰੇ ਵਿਚ ਅਰਾਮ ਕਰਨ ਲੱਗ ਪਏ। ਸ਼ੇਰੇ ਦੇ ਦੱਸੇ ਮੁਤਾਬਕ ਸਾਰਾ ਪਰਿਵਾਰ ਘਰੋਂ ਹੌਲੀ-ਹੌਲੀ ਖਿਸਕ ਗਿਆ। ਜਦੋਂ ਦਿਨ ਦਾ ਇਕ ਵੱਜ ਗਿਆ, ਸਿੰਘਾਂ ਨੇ ਬਾਹਰ ਨਿਕਲ ਕੇ ਦੇਖਿਆ ਤਾਂ ਚਾਰੇ ਪਾਸਿਓਂ ਪੁਲਿਸ ਨੇ ਘੇਰਾ ਪਾ ਰੱਖਿਆ ਸੀ। ਹਰਿਆਣਾ ਪੰਜਾਬ ਦੋਵੇਂ ਸੂਬਿਆਂ ਦੀ ਪੁਲਿਸ ਬਾਰ-ਬਾਰਡਰ ਬੜੀ ਗਿਣਤੀ ਵਿਚ ਸੀ।

ਭਾਈ ਸਾਹਿਬ ਨੇ ਨਾਲ ਦੇ ਸਿੰਘਾਂ ਨੂੰ ਕਿਹਾ ਘਬਰਾਉਣਾ ਨਹੀਂ, ਅਰਦਾਸ ਕਰੋ। ਅਰਦਾਸ ਕਰਕੇ ਸਿੰਘਾਂ ਸ਼ਸਤਰ ਸੰਭਾਲੇ। ਸ਼ਸਤਰਾਂ ਨੂੰ ਉਛਾਲ ਕੇ ਸਿੰਘਾਂ ਨੇ ਬੜੀ ਖ਼ੁਸ਼ੀ ਵਿਚ ਦੁਸ਼ਮਣ ਨੂੰ ਸੋਧਣ ਲਈ ਜੈਕਾਰਾ ਛੱਡ ਕੇ ਪਹਿਲਾ ਫਾਇਰ ਖੋਲ੍ਹ ਕੇ ਦੁਸ਼ਮਣ ਨੂੰ ਲਲਕਾਰ ਕੇ ਕਿਹਾ ਨੇੜੇ ਆ ਜਾਵੋ, ਦੂਰ ਘੇਰਾ ਪਾਉਣ ਦਾ ਕੀ ਫਾਇਦਾ, ਪੰਜਾਬ ਦੀ

ਪੁਲਿਸ ਸਮੇਤ ਬੁਲਟ ਪਰੂਫ਼ ਟਰੈਕਟਰਾਂ ਅਤੇ ਗੱਡੀਆਂ ਨਾਲ ਹਰਿਆਣਾ ਪੁਲਿਸ ਦੀ ਹਮਾਇਤ ਵਿਚ ਆ ਪਹੁੰਚੀ। ਆਪ ਨੂੰ ਅਤੇ ਸਾਥੀ ਸਿੰਘਾਂ ਨੂੰ ਹਥਿਆਰ ਸੁੱਟ ਕੇ ਪੇਸ਼ ਹੋਣ ਲਈ ਅਨਾਊਂਸਮੈਂਟ ਕਰਵਾਈ। ਪਰ ਆਪ ਨੇ ਗੋਲੀ ਚਲਾ ਕੇ ਆਪਣੇ ਇਰਾਦੇ ਤੋਂ ਜਾਣੂ ਕਰਵਾ ਦਿੱਤਾ। ਨਿਹਾਲ ਸਿੰਘ ਅਤੇ ਅਮਰੀਕ ਸਿੰਘ ਨੇ ਘਰ 'ਚੋਂ ਨਿਕਲਣ ਲਈ ਕਿਹਾ ਪਰ ਆਪ ਨੇ ਕਿਹਾ ਮੈਂ ਤਾਂ ਅਰਦਾਸ ਸੋਧ ਕੇ ਬੈਠਾ ਹਾਂ, ਤੁਸੀਂ ਨਿਕਲਣਾ ਹੈ ਤਾਂ ਨਿਕਲ ਜਾਵੋ। ਕਰੌਂਦੀ ਵਾਲੇ ਪਾਸੇ ਘਰਾ ਘੱਟ ਹੈ, ਅਸੀਂ ਇਧਰ ਗੋਲੀ ਚਲਾ ਦਿੰਦੇ ਹਾਂ, ਤੁਸੀਂ ਉਧਰ ਦੀ ਨਿਕਲ ਜਾਵੋ। ਭਾਈ ਨਿਹਾਲ ਸਿੰਘ ਤੇ ਅਮਰੀਕ ਸਿੰਘ ਘੇਰੇ ਵਿਚੋਂ ਬਚ ਨਿਕਲੇ। ਭਾਈ ਸਾਹਿਬ ਦੇ ਨਾਲ ਤਰਸੇਮ ਸਿੰਘ ਕਰੌਂਦੀ, ਸੁਖਦੀਪ ਸਿੰਘ ਚਿੜੀਆਂ ਖ਼ਿਆਲਾ ਤਿੰਨਾਂ ਨੇ ਗੋਲੀ ਚਲਾ ਕੇ ਪੁਲਿਸ ਦਾ ਸੁਆਗਤ ਕੀਤਾ। ਭਾਈ ਸਾਹਿਬ ਹੁਣੀ ਸ਼ੇਰ ਦੀ ਢਾਣੀ ਤੋਂ ਗੋਲੀ ਚਲਾਉਂਦੇ ਹੋਏ, ਦੋ ਕਿਲੋਮੀਟਰ ਲੰਬਾ ਮੁਕਾਬਲਾ ਕਰਦੇ ਹੋਏ ਲੰਬਾ ਢਾਣੀ ਦੇ ਖੇਤਾਂ ਵਿਚ ਜਾ ਪਹੁੰਚੇ।

ਛੇ ਵਜੇ ਮੁਕਾਬਲਾ ਸ਼ੁਰੂ ਹੋਇਆ ਸਾਢੇ ਚਾਰ ਵਜੇ ਭਾਈ ਸੁਖਦੀਪ ਸਿੰਘ ਚਿੜੀਆਂ ਦੁਸ਼ਮਣਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋ ਗਏ। ਫਿਰ ਭਾਈ ਸਾਹਿਬ ਅਤੇ ਤਰਸੇਮ ਸਿੰਘ ਲਗਾਤਾਰ ਮੁਕਾਬਲਾ ਕਰਦੇ ਰਹੇ। ਦੁਸ਼ਮਣਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ। ਦੋ ਬੁਲਟ ਪਰੂਫ਼ ਟਰੈਕਟਰ ਭੰਨ ਦਿੱਤੇ। ਲੰਮੇ ਚਲੇ ਮੁਕਾਬਲੇ ਦੌਰਾਨ ਦੁਸ਼ਮਣਾਂ ਦੇ ਸੱਥਰ ਵਿਛ ਰਹੇ ਸਨ। ਭਾਈ ਸਾਹਿਬ ਦੇ ਬੁਲਟ ਪਰੂਫ਼ ਜਾਕਟ ਪਾਈ ਹੋਈ ਸੀ। ਖੜ ਖੜ ਲਲਕਾਰ ਕੇ ਗੋਲੀਆਂ ਚਲ ਰਹੇ ਸਨ। ਏਨੀ ਖੁਸ਼ੀ ਤੇ ਜੋਸ਼ ਵਿਚ ਜਿਵੇਂ ਕੋਈ ਵਿਆਹ ਦੀ ਖੁਸ਼ੀ ਹੁੰਦੀ ਹੈ। ਜਦੋਂ ਪਹਿਲਾ ਟਰੈਕਟਰ ਨਕਾਰਾ ਕੀਤਾ, ਤਰਸੇਮ ਸਿੰਘ ਨੂੰ ਇਕ ਪਰਾਣੇ ਰੁੱਖ 'ਤੇ ਚੜ੍ਹ ਕੇ ਗੋਲੀ ਚਲਾਉਣ ਲਈ ਕਿਹਾ, ਜੋ ਰੁੱਖ ਤੂਤ ਦਾ ਸੀ। ਜਦੋਂ ਬਾਬੀ ਨੇ ਉੱਤੋਂ ਫਾਇਰ ਕੀਤੇ ਤਾਂ ਭਾਈ ਸਾਹਿਬ ਖਾਲ ਵਿਚ ਲੰਮੇ ਪੈ ਗਏ। ਜਦੋਂ ਬੁਲਟ ਪਰੂਫ਼ ਟਰੈਕਟਰ ਨੇੜੇ ਪਹੁੰਚਿਆ ਤਾਂ ਏ ਕੇ ਸੰਤਾਲੀ ਦੀਆਂ ਗੋਲੀਆਂ ਟਾਇਰ ਵਿਚ ਵੱਜੀਆਂ, ਲੀਰ ਲੀਰ ਕਰਕੇ ਵੱਡੇ ਟਾਇਰ ਪਾੜ ਦਿੱਤੇ। ਪੁਲਿਸ ਵਾਲੇ ਸਹਿਮ ਨਾਲ ਚੁੱਪ ਕਰਕੇ ਵਿੱਚ ਹੀ ਬੈਠੇ ਰਹੇ, ਕੁਝ ਮਾਰੇ ਗਏ। ਜਦੋਂ ਦੂਜਾ ਟਰੈਕਟਰ ਅੱਗੇ ਗਿਆ ਤਾਂ ਭਾਈ ਸਾਹਿਬ ਨੇ ਥੱਲੇ ਲੰਬਾ ਪੈ ਕੇ ਕਲੱਚ ਕੋਲ ਦੀ ਬਰਸਟ ਮਾਰਿਆ ਅਤੇ ਚਾਰਾਂ ਨੂੰ ਸਦਾ ਦੀ ਨੀਂਦ ਸਵਾ ਦਿੱਤਾ। ਦੋਵੇਂ ਸਿੰਘ ਖਾਲਿਸਤਾਨ ਦੇ ਜੈਕਾਰੇ ਛੱਡਦੇ ਹੋਏ ਦੁਸ਼ਮਣ 'ਤੇ ਟੁੱਟ ਕੇ ਪੈ ਗਏ। ਸਿੰਘ ਸਫ਼ਾਇਆ ਕਰਦੇ ਜਾ ਰਹੇ ਸਨ ਪੁਲਿਸ ਦੀਆਂ ਟੁਕੜੀਆਂ ਪਿਛੇ ਨੂੰ ਹਟ ਰਹੀਆਂ ਸਨ, ਸਿੰਘਾਂ ਨੂੰ ਰਸਤਾ ਛੱਡ ਰਹੀਆਂ ਸਨ ਕਿ ਨਿਕਲ ਜਾਣ। ਅੱਗੇ ਆਉਣ ਦੀ ਕੋਈ ਹਿੰਮਤ ਨਹੀਂ ਸੀ ਕਰ ਰਿਹਾ ਜਦੋਂ ਦੋ ਟਰੈਕਟਰ ਭੰਨ ਦਿੱਤੇ ਪੁਲਸੀਆਂ ਦੇ ਹੌਸਲੇ ਟੁੱਟ ਗਏ। ਸਿੰਘਾਂ ਕੋਲ ਕਿਉਂਕਿ ਲੰਬੀ ਰੇਂਜ ਦੇ ਹਥਿਆਰ ਸਨ। ਭਾਈ ਸਾਹਿਬ ਲੱਤਾਂ ਤੋਂ ਕਾਫ਼ੀ ਜ਼ਖ਼ਮੀ ਹੋ ਗਿਆ ਸੀ, ਕਿਸੇ ਦੀ ਅੱਗੇ ਆਉਣ ਦੀ ਹਿੰਮਤ ਨਾ ਪਈ ਤਾਂ ਸ਼ਰਾਬ ਪੀ ਕੇ ਹਰਿਆਣਾ ਪੁਲਿਸ ਦਾ ਇੰਸਪੈਕਟਰ ਸੂਬਾ ਸਿੰਘ ਚਾਰ ਪੰਜ ਸ਼ਰਾਬੀ ਮੁਲਾਜ਼ਮਾਂ ਨਾਲ ਬੁਲਟ ਪਰੂਫ਼ ਗੱਡੀ ਲੈ ਕੇ ਸ਼ਰਾਬ ਦੇ ਨਸ਼ੇ ਵਿਚ ਜਦ ਗੱਡੀ ਸਿੰਘਾਂ ਦੇ ਉਤੇ ਚੜ੍ਹਾਉਣ ਲਈ ਅੱਗੇ ਵਧੇ ਤਾਂ ਭਾਈ ਸਾਹਿਬ ਨੇ ਥੱਲੇ ਦੀ ਬਰਸਟ ਮਾਰਿਆ। ਸੂਬਾ ਸਿੰਘ ਤੇ ਤਿੰਨ ਮੁਲਾਜ਼ਮ ਮੌਕੇ 'ਤੇ

ਮਾਰੇ ਗਏ, ਡਰਾਈਵਰ ਸਤਵੀਰ ਸਿੰਘ ਜ਼ਖਮੀ ਹੋ ਗਿਆ।

ਆਪ ਤੇ ਸਾਥੀ ਸਿੰਘਾਂ ਨੇ ਮਰਜੀਵੜਿਆਂ ਦੀ ਅਰਦਾਸ ਨਿਭਾਈ ਤੇ ਪੰਜ ਘੰਟੇ ਚੱਲੇ ਮੁਕਾਬਲੇ ਦੌਰਾਨ ਦੁਸ਼ਮਣਾਂ ਨਾਲ ਲੜਦੇ ਹੋਇਆਂ ਨੇ ਸ਼ਹੀਦੀ ਪ੍ਰਾਪਤ ਕੀਤੀ।

ਇਸ ਗਹਿਗੱਚ ਮੁਕਾਬਲੇ ਵਿਚ ਤਿੰਨ ਗੁਰੂ ਕੇ ਸਿੰਘ ਸ਼ਹੀਦ ਤਾਂ ਹੋ ਗਏ ਪਰ ਸ਼ੇਰਾਂ ਦੇ ਸ਼ਿਕਾਰ 'ਤੇ ਆਏ ਵਰਦੀਧਾਰੀ ਸ਼ਿਕਾਰੀਆਂ ਵਿਚ ਬਹੁਤੀ ਭੀੜ ਵੀ ਲਾਸ਼ਾਂ ਵਿਚ ਤਬਦੀਲ ਹੋ ਗਈ ਅਤੇ ਸਰਕਾਰੀ ਗੱਡੀਆਂ ਦਾ ਥੱਬਾ ਬਣ ਕੇ ਵਾਪਸ ਚਲੀ ਗਈ। ਤਿੰਨ ਸਿੰਘਾਂ ਦੀ ਸ਼ਹਾਦਤ ਪਿਛੋਂ ਲਾਸ਼ਾਂ ਪੁਲਿਸ ਨੇ ਕਬਜ਼ੇ ਵਿਚ ਲੈ ਲਈਆਂ। ਪਰਿਵਾਰ ਅਤੇ ਇਲਾਕੇ ਦੀ ਮੰਗ 'ਤੇ ਵੀ ਪੁਲਿਸ ਨੇ ਲਾਸ਼ਾਂ ਪਰਿਵਾਰ ਨੂੰ ਨਾ ਦਿੱਤੀਆਂ। ਦੋ ਬੁਲਟ ਪਰੂਫ ਟਰੈਕਟਰ ਤੇ ਇਕ ਬੁਲਟ ਪਰੂਫ ਗੱਡੀ ਛੱਲਣੀ, ਜੋ ਅੱਜ ਵੀ ਰਤੀਆ ਥਾਣੇ ਵਿਚ ਖੜੀਆਂ ਆਪ ਦੀ ਸੂਰਮਗਤੀ ਦਾ ਸਬੂਤ ਦਿੰਦੀਆਂ ਨੇ। ਫਿਰ ਤਰਸੇਮ ਸਿੰਘ ਦੀ ਮਾਤਾ ਅਤੇ ਹੋਰ ਪਰਿਵਾਰ ਦੇ ਮੈਂਬਰਾਂ ਨੂੰ ਥਾਣੇ ਲੈ ਆਂਦਾ। ਪੁਲਿਸ ਤਰਸੇਮ ਸਿੰਘ ਦੀ ਥਾਂ ਅਖਬਾਰ ਵਿਚ ਅਮਰੀਕ ਸਿੰਘ ਦਾ ਨਾਂ ਦੇ ਰਹੀ ਸੀ। ਭਾਈ ਬਲਵਿੰਦਰ ਸਿੰਘ ਬੁਲਟ ਅਤੇ ਸੁਖਦੀਪ ਸਿੰਘ ਚਿੜੀਆਂ ਅਤੇ ਅਮਰੀਕ ਸਿੰਘ ਨੂੰ ਵੱਡੇ ਪੁਲਿਸ ਮੁਕਾਬਲੇ ਵਿਚ ਮਾਰਨ ਦਾ ਦਾਅਵਾ ਕਰ ਰਹੀ ਸੀ। ਤਰਸੇਮ ਸਿੰਘ ਅਤੇ ਨਿਹਾਲ ਸਿੰਘ ਦੇਵ ਬਚ ਨਿਕਲਣ ਵਿਚ ਕਾਮਯਾਬ ਦੱਸ ਰਹੀ ਸੀ, ਪਰ ਤਰਸੇਮ ਸਿੰਘ ਦਾ ਪਰਿਵਾਰ ਇਹ ਕਹਿ ਰਿਹਾ ਸੀ ਕਿ ਇਹ ਸਾਡੇ ਮੁੰਡੇ ਦੀ ਹੀ ਲਾਸ਼ ਹੈ। ਜਦੋਂ ਪੁਲਿਸ ਨੂੰ ਯਕੀਨ ਨਾ ਆਇਆ ਤਾਂ ਕੇਂਦਰੀ ਜੇਲ੍ਹ ਹਿਸਾਰ ਵਿਚੋਂ ਸ਼ਨਾਖਤ ਕਰਵਾਉਣ ਲਈ ਸੁਪਰਡੈਂਟ ਤੋਂ ਮੰਜ਼ੂਰੀ ਲੈ ਕੇ ਰਾਮ ਸਿੰਘ ਕਰੰਡੀ ਨੂੰ ਵਰੰਟਾਂ 'ਤੇ ਪੁਲਿਸ ਲਾਈਨ ਫਤਿਆਬਾਦ ਲੈ ਕੇ ਗਏ। ਰਸਤੇ ਵਿਚ ਤਰਸੇਮ ਸਿੰਘ ਦੇ ਸ਼ਰੀਰ ਦੀਆਂ ਨਿਸ਼ਾਨੀਆਂ ਪੁੱਛਦੇ ਰਹੇ। ਜਦੋਂ ਜਾ ਕੇ ਦੇਖਿਆ ਤਿੰਨਾਂ ਸਿੰਘਾਂ ਦੀ ਮਿਰਤਕ ਦੇਹ ਨੂੰ ਥਾਣੇ ਵਿਚ ਬੇ-ਰਹਿਮੀ ਨਾਲ ਸੁੱਟਿਆ ਪਿਆ ਸੀ। ਰਾਮ ਸਿੰਘ ਨੇ ਦੱਸਿਆ ਕਿ ਭਾਈ ਤਰਸੇਮ ਸਿੰਘ ਕਰੰਡੀ ਦੇ ਅੱਖ ਵਾਲੇ ਪਾਸੇ ਗੋਲੀ ਨਾਲ ਮੂੰਹ 'ਤੇ ਬਹੁਤ ਵੱਡਾ ਜ਼ਖਮ ਸੀ ਕੁਝ ਸਰੀਰ 'ਤੇ ਬਾਅਦ ਵਿਚ ਗੋਲੀਆਂ ਮਾਰੀਆਂ ਗਈਆਂ ਸਨ। ਭਾਈ ਬਲਵਿੰਦਰ ਸਿੰਘ ਬੁਲਟ ਦੇ ਲੱਤਾਂ 'ਤੇ ਗੋਲੀਆਂ ਨਾਲ ਜ਼ਖਮ ਪਏ ਸਨ। ਇਕ ਗੋਲੀ ਗਰਦਨ ਵਿਚ ਵੱਜੀ ਹੋਈ ਸੀ। ਬਾਅਦ ਵਿਚ ਹਾਰ ਹੁਏ ਪੁਲਿਸ ਵਾਲਿਆਂ ਨੇ ਇਕ ਗੋਲੀ ਭਾਈ ਸਾਹਿਬ ਦੇ ਸਿਰ 'ਤੇ ਮਾਰੀ ਸੀ। ਭਾਈ ਸੁਖਦੀਪ ਸਿੰਘ ਚਿੜੀਆਂ ਦਾ ਸਾਰਾ ਸਰੀਰ ਛਲਣੀ ਕੀਤਾ ਹੋਇਆ ਸੀ। ਭਾਈ ਸਾਹਿਬ ਦੀ ਦੇਹ ਨੂੰ ਰਾਮ ਸਿੰਘ ਤੋਂ ਠੁੱਡ ਮਰਵਾਉਣ ਨੂੰ ਕਹਿ ਰਹੇ ਸਨ ਅਤੇ ਗਾਲ੍ਹਾਂ ਕੱਢ ਰਹੇ ਸੀ ਕਿ ਇਸ ਨੇ ਸਾਡੇ ਤੋਂ ਸਾਡੇ 35-40 ਬੰਦਿਆਂ ਨੂੰ ਸਦਾ ਲਈ ਖੋਹ ਲਿਆ ਹੈ। ਜਦੋਂ ਠੁੱਡਾ ਮਾਰਨ ਵਾਲੇ ਦੀ ਬਾਂਹ ਫੜ ਕੇ ਇੰਦਰ ਸਿੰਘ ਸੰਧੂ ਥਾਣੇਦਾਰ ਨੇ ਕਿਹਾ ਤੁਸੀਂ ਆਪਣੀ ਬੁਜ਼ਦਿਲੀ ਦਾ ਸਬੂਤ ਦੇ ਰਹੇ ਹੋ। ਉਸ ਸਮੇਂ ਤਾਂ ਕੋਈ ਅੱਗੇ ਨਹੀਂ ਜਾ ਰਿਹਾ ਸੀ। ਇਸ ਗੱਲ ਦਾ ਰਾਮ ਸਿੰਘ ਨੂੰ ਅਹਿਸਾਸ ਹੋਇਆ ਕਿ ਕੋਈ ਅਫਸਰ ਤਾਂ ਅੱਜ ਇਨ੍ਹਾਂ ਦੀ ਬਹਾਦਰੀ 'ਤੇ ਮਾਣ ਕਰ ਰਿਹਾ ਹੈ। 28 ਮਾਰਚ 1993 ਨੂੰ ਤਿੰਨੇ ਸਿੰਘਾਂ ਨੇ ਲਾਬਾਂਵਾਲੀ ਦੇ ਖੇਤਾਂ ਵਿਚਕਾਰ ਸ਼ਹੀਦੀ ਪ੍ਰਾਪਤ ਕੀਤੀ। 29 ਮਾਰਚ 1993 ਨੂੰ ਸ਼ਨਾਖਤ ਕਰਾਈ ਅਤੇ ਹਿਸਾਰ ਲਿਜਾ ਕੇ ਸੰਸਕਾਰ ਕੀਤਾ। ਜਿਸ ਦਿਨ ਭਾਈ

ਸਾਹਿਬ ਸ਼ਹੀਦ ਹੋਣ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ ਕਿਸੇ ਘਰ ਰੋਟੀ ਨਹੀ ਸੀ ਪੱਕੀ, ਜਿਵੇਂ ਇਲਾਕੇ ਵਿਚੋਂ ਸਿਰ ਦਾ ਸਾਇਆ ਉਠ ਗਿਆ ਹੋਵੇ। ਅੱਜ ਵੀ ਇਸ ਜਰਨੈਲ ਦੇ ਘਰ ਕੱਚੇ ਕੋਠੇ ਹਨ ਉਹੀ ਪੁਰਾਣਾ ਮਕਾਨ ਬਾਹਰਲੇ ਗੇਟ 'ਤੇ ਕੋਈ ਦਰਵਾਜ਼ਾ ਵੀ ਨਹੀਂ, ਇੱਕ ਖੂੰਜੇ ਵਾਲੇ ਪਾਸੇ ਪੁਰਾਣਾ ਕਮਰਾ, ਜਿਥੇ ਭਾਈ ਸਾਹਿਬ ਨੇ ਬਚਪਨ ਦਾ ਸਮਾਂ ਬਤੀਤ ਕੀਤਾ ਸੀ, ਅੱਜ ਵੀ ਭਾਈ ਸਾਹਿਬ ਦਾ ਭੁਲੇਖਾ ਪਾ ਰਿਹਾ ਹੈ। ਘਰ ਦੀ ਸਾਰ ਕਿਸੇ ਵੀ ਜਥੇਬੰਦੀ ਜਾਂ ਸ਼੍ਰੋਮਣੀ ਕਮੇਟੀ ਨੇ ਨਹੀਂ ਲਈ ਨਾ ਹੀ ਅੱਜ ਤੱਕ ਕਿਸੇ ਜਥੇਬੰਦੀ ਨੇ ਇਨ੍ਹਾਂ ਦੀ ਬਰਸੀ ਮਨਾਉਣ ਬਾਰੇ ਸੋਚਿਆ ਹੈ। ਪਰ ਪਰਿਵਾਰ ਵੱਲੋਂ ਹੀ ਆਪਣੇ ਘਰ ਵਿਖੇ ਬਰਸੀ ਮਨਾਈ ਜਾਂਦੀ ਹੈ। ਸਾਡਾ ਪੰਥਕ ਜਥੇਬੰਦੀਆਂ ਦਾ ਫਰਜ਼ ਬਣਦਾ ਹੈ ਕਿ ਸਮੂਹ ਸ਼ਹੀਦ ਸਿੰਘਾਂ ਦੀਆਂ ਬਰਸੀਆਂ ਮਨਾਈਏ ਅਤੇ ਪਰਿਵਾਰਾਂ ਦੀ ਸਾਰ ਲਈ ਜਾਵੇ ਪਰਿਵਾਰ ਅੰਦਰ ਅਜੇ ਵੀ ਪੁਲਿਸ ਦਾ ਏਨਾ ਭੈਅ ਹੈ ਕਿ ਉਹ ਕਿਸ ਕੋਲ ਵੀ ਕੋਈ ਗੱਲਬਾਤ ਖੁੱਲ੍ਹ ਕੇ ਨਹੀਂ ਕਰਦੇ ਇਹ ਸਾਡੇ ਲੀਡਰਾਂ ਦੀ ਕਮਜ਼ੋਰੀ ਹੈ। ਅੱਜ ਵੀ ਪਰਿਵਾਰ ਵਿਚ ਸਿੱਖੀ ਜਜ਼ਬਾ ਅਤੇ ਸਮੂਹ ਸ਼ਹੀਦਾਂ ਪ੍ਰਤੀ ਅਥਾਹ ਸਤਿਕਾਰ ਬਰਕਰਾਰ ਹੈ।

ਜਿਨ੍ਹਾਂ ਮਰਜੀਵੜੇ ਤਿਆਰ ਕੀਤੇ, ਉਹ ਅੱਜ ਆ ਕੇ ਸਿੱਖ ਕੌਮ ਪ੍ਰਤੀ ਸ਼ਹੀਦ ਹੋਏ ਸਿੰਘਾਂ ਦੇ ਘਰ-ਬਾਰ ਵੇਖਣ, ਜਿਨਾ ਦੀ ਬਦੌਲਤ ਆਨ ਸ਼ਾਨ ਨੂੰ ਕਾਇਮ ਰੱਖਿਆ, ਪਰ ਕੁਝ ਵਿਕਾਊ ਜ਼ਮੀਰਾਂ ਨੇ ਵਿੱਕ ਕੇ ਇਨ੍ਹਾਂ ਸ਼ਹੀਦਾਂ ਦੀਆਂ ਸ਼ਹਾਦਤਾਂ ਦਾ ਅਪਮਾਨ ਕੀਤਾ ਲੋੜ ਤਾਂ ਇਹ ਸੀ ਕਿ ਸ਼ਹੀਦਾਂ ਦੇ ਪਰਿਵਾਰਾਂ ਨੂੰ ਸੰਭਾਲਿਆ ਜਾਂਦਾ ਅਤੇ ਉਨ੍ਹਾਂ ਦੀਆਂ ਸਿੱਖ ਕੌਮ ਪ੍ਰਤੀ ਦਿਤੀਆਂ ਸ਼ਹਾਦਤਾਂ ਨੂੰ ਯਾਦ ਕੀਤਾ ਜਾਂਦਾ ਪਰ ਗਦਾਰ ਲੀਡਰ ਕੁਰਸੀਆਂ 'ਤੇ ਬੈਠ ਕੇ ਸਭ ਕੁਝ ਭੁੱਲ ਗਿਆ ਇਹ ਸ਼ਹੀਦ ਸਿੱਖ ਸੰਘਰਸ਼ ਦੇ ਰੋਸ਼ਨਮਈ ਚਾਨਣਮੁਨਾਰੇ ਹਨ। ਸਿੱਖ ਇਤਿਹਾਸ ਵਿਚ ਇਨ੍ਹਾਂ ਦੀ ਸ਼ਹਾਦਤ ਲਾਸਾਨੀ ਹੈ। ਸਮੂਹ ਪੰਥਕ ਜਥੇਬੰਦੀਆਂ ਨੂੰ ਇਕ ਮੁੱਠ ਹੋ ਕੇ ਸ਼ਹੀਦ ਪਰਿਵਾਰਾਂ ਨਾਲ ਸਾਂਝ ਰੱਖਣੀ ਚਾਹੀਦੀ ਹੈ। ਕੌਮੀ ਸੰਘਰਸ਼ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਲਈ ਸਾਂਭਣ ਦੀ ਲੋੜ ਹੈ। ਯਾਦ ਰੱਖੋ, ਜੋ ਕੌਮ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀ ਹੈ, ਉਹ ਸਦਾ ਲਈ ਖਤਮ ਹੋ ਜਾਂਦੀ ਹੈ।

# ਭਾਈ ਤਰਸੇਮ ਸਿੰਘ ਬੱਬਰ ਕਰੌਂਡੀ

ਇਸ ਦੇਸ਼ ਦੇ ਚੱਪੇ ਚੱਪੇ ਲਈ ਜਾਨਾਂ ਵਾਰਨ ਵਾਲੇ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਤੋਂ ਹੁਣ ਤੱਕ ਲਾਮਿਸਾਲ, ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ। ਉਨ੍ਹਾਂ ਅੰਦਰ ਇਹ ਵਫ਼ਾਦਾਰੀ ਦਾ ਜਜ਼ਬਾ ਉਨ੍ਹਾਂ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਅਤੇ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਨੇ ਭਰਿਆ। ਪਰ ਜਦ ਉਸੇ ਇਸ਼ਟ ਅਤੇ ਪੰਥ ਖਾਲਸਾ ਦੀ ਅਜ਼ਮਤ ਦਾ ਸਵਾਲ ਖੜਾ ਹੋਵੇ ਅਤੇ ਖਿਲਵਾੜ ਕਰਨ ਵਾਲੀ ਹਕੂਮਤ ਦੁਨੀਆਂ ਦੀ ਮਹਾਨ ਤਾਕਤ ਹੋਵੇ ਜਾਂ ਕੋਈ ਦੇਸ਼ ਹੋਵੇ, ਉਸ ਵਿਰੁੱਧ ਖਾਲਸਾ ਜ਼ਰੂਰ ਹਥਿਆਰ ਚੁੱਕਦਾ ਹੈ। ਪੰਥ ਦੀ ਅਜ਼ਮਤ ਰੁਲਦੀ ਵੇਖ ਕੇ ਅਣਖੀ ਖੂਨ ਰਗਾਂ ਵਿਚ ਦੌੜਨ ਲੱਗਦਾ ਹੈ। ਇਸੇ ਲਈ ਜਿਨ੍ਹਾਂ ਦੀਆਂ ਰਗਾਂ ਵਿੱਚ ਅਣਖ ਦਾ ਲਹੂ ਦੌੜਦਾ ਹੈ, ਉਹ ਅੱਖਾਂ ਰਾਹੀਂ ਟਪਕਦਾ ਬਾਗ਼ੀ ਰੂਪ ਧਾਰਨ ਕਰ ਜਾਂਦਾ ਹੈ। ਇਸੇ ਅਣਖ ਗੈਰਤ ਵਾਲਾ ਭਾਈ ਤਰਸੇਮ ਸਿੰਘ ਬੱਬਰ ਵੀ ਹਕੂਮਤ ਦਾ ਬਾਗੀ ਹੋ ਗਿਆ।

ਭਾਈ ਤਰਸੇਮ ਸਿੰਘ ਦਾ ਜਨਮ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਸ੍ਰ. ਕਰਤਾਰ ਸਿੰਘ ਦੇ ਘਰ ਪਿੰਡ ਕਰੌਂਡੀ ਜ਼ਿਲ੍ਹਾ ਫਤਿਆਬਾਦ (ਹਰਿਆਣਾ) ਵਿਖੇ ਹੋਇਆ। ਆਪ ਜੀ ਦੀਆਂ ਤਿੰਨ ਭੈਣਾਂ ਅਤੇ ਦੋ ਭਰਾ ਸਨ। ਆਪ ਸਭ ਤੋਂ ਵੱਡੀ ਭੈਣ ਤੋਂ ਛੋਟੇ ਸਨ। ਬਚਪਨ ਤੋਂ ਹੀ ਆਪ ਧਾਰਮਕ ਰੁਚੀਆਂ ਦੇ ਧਾਰਨੀ ਸਨ। ਆਪ ਦਾ ਰੰਗ ਗੋਰਾ ਅਤੇ ਸੁਭਾਅ ਮਿੱਠਬੋਲੜਾ ਅਤੇ ਸ਼ਾਂਤ ਸੀ, ਆਪ ਬਹੁਤ ਘੱਟ ਬੋਲਦੇ ਸਨ। ਆਪ ਨੇ ਛੋਟੀ ਉਮਰ ਵਿੱਚ ਹੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਲਿਆ ਸੀ। ਆਪ ਨੇ ਪੰਜਵੀਂ ਤੱਕ ਪੜ੍ਹਾਈ ਪਿੰਡ ਕਰੌਂਡੀ ਤੋਂ ਕੀਤੀ ਅਤੇ ਫਿਰ ਰਤੀਆ ਵਿਖੇ ਪ੍ਰਾਈਵੇਟ ਸਕੂਲ ਵਿਚ ਪੜ੍ਹੇ ਅਤੇ ਅੱਠਵੀਂ ਦੀ ਪੜ੍ਹਾਈ ਵਿਚੇ ਛੱਡ ਕੇ ਸਿੱਖ ਕੌਮ ਲਈ ਚੱਲ ਰਹੇ ਸੰਘਰਸ਼ਾਂ ਵਿੱਚ ਹਿੱਸਾ ਪਾਉਣ ਲੱਗੇ। ਉਸ ਤੋਂ ਬਾਅਦ ਆਪ ਨੇ ਪਿਛਾਂਹ ਮੁੜ ਕੇ ਨਹੀਂ ਵੇਖਿਆ। ਆਪ ਜੀ ਆਪਣੇ ਭਰਾ ਮਾਸੀ ਦੇ ਲੜਕੇ ਰਾਮ ਸਿੰਘ ਨਾਲ ਹੀ ਵਿਚਰਦੇ ਸਨ ਤੇ ਰਾਮ ਸਿੰਘ ਕੋਲ ਹੋਰ ਖਾੜਕੂ ਸਿੰਘਾਂ ਦਾ ਆਉਣਾ ਜਾਣਾ ਸੀ। ਆਪ ਨੇ ਕਈ ਵਾਰੀ ਕਿਹਾ ਵੀਰ ਰਾਮ ਸਿੰਘ ਮੈਨੂੰ ਸਿੰਘਾਂ ਨਾਲ ਮਿਲਾ ਦੇ, ਆਪ ਜੀ ਦੇ ਜ਼ਿਆਦਾ ਖਹਿੜੇ ਪੈਣ ਕਰਕੇ ਉਸ ਨੇ ਕਿਹਾ ਅੱਜ ਤੂੰ ਚਾਰ ਪੰਜ ਸਿੰਘਾਂ ਲਈ ਪਰਸ਼ਾਦਾ ਲੈ ਕੇ ਆਪਣੇ ਖੇਤ ਆ ਜਾਵੀਂ, ਤੈਨੂੰ ਸਿੰਘਾਂ ਦੇ ਦਰਸ਼ਨ ਕਰਵਾ ਦਿਆਂਗੇ।

ਆਪ ਜੀ 10 ਵਜੇ ਰੋਟੀ ਲੈ ਕੇ ਖੇਤ ਆ ਪਹੁੰਚੇ। ਉਧਰੋਂ ਸਿੰਘ ਸੂਰਮੇ ਉਥੇ ਖੇਤ ਵਿਚ ਆਪ ਜੀ ਨੂੰ ਮਿਲੇ। ਰਾਮ ਸਿੰਘ ਨੇ ਸਿੰਘਾਂ ਨੂੰ ਕਿਹਾ, "ਜਥੇਦਾਰ ਜੀ, ਇਹ ਸਿੰਘ ਸੇਵਾ ਕਰਨੀ ਚਾਹੁੰਦਾ ਹੈ, ਆਪਣੀ ਮਾਸੀ ਦਾ ਲੜਕਾ ਹੈ।" ਸਿੰਘਾਂ ਨੇ ਕਿਹਾ ਇਹਦੀ ਉਮਰ ਤਾਂ ਬਹੁਤ ਛੋਟੀ ਹੈ, ਚਲੋ ਰੋਟੀ ਪਾਣੀ ਦੀ ਸੇਵਾ ਕਰਦਾ ਰਹੇ। ਇਹੀ ਇਹਦੀ ਸਭ ਤੋਂ ਵੱਡੀ ਸੇਵਾ ਹੈ। ਅੱਗੋਂ ਤਰਸੇਮ ਸਿੰਘ ਨੇ ਗੁੱਸੇ ਵਿੱਚ ਕਿਹਾ 'ਸਾਹਿਬਜ਼ਾਦਿਆਂ ਦੀ ਉਮਰ

ਕਿਹੜੀ ਵੱਡੀ ਸੀ। ਉਹ ਵੀ ਬਹੁਤ ਛੋਟੀ ਉਮਰ ਵਿੱਚ ਬਹੁਤ ਵੱਡੀਆਂ ਕੁਰਬਾਨੀਆਂ ਕਰ ਗਏ।' ਇਸ ਤੋਂ ਬਾਅਦ ਭਾਈ ਤਰਸੇਮ ਸਿੰਘ ਨੇ ਬੱਬਰ ਖਾਲਸਾ ਜਥੇਬੰਦੀ ਵਿਚ ਭਾਈ ਬਲਵਿੰਦਰ ਸਿੰਘ ਬੁਲਟ ਦੀ ਅਗਵਾਈ ਵਿੱਚ ਸਿੱਖੀ ਰਵਾਇਤਾਂ ਅਨੁਸਾਰ ਕਾਰਵਾਈ ਆਰੰਭ ਕਰਕੇ ਪੰਥ ਦੋਖੀਆਂ ਦਾ ਸੋਧਾਇਆ ਕਰਨਾ ਸ਼ੁਰੂ ਕਰ ਦਿੱਤਾ। ਕਾਫ਼ੀ ਸਮਾਂ ਗੁਪਤ ਸੇਵਾ ਕੀਤੀ, ਇਕ ਐਕਸ਼ਨ ਵਿਚ ਜਾਣਾ ਸੀ। ਐਕਸ਼ਨ 'ਤੇ ਜਾਣ ਤੋਂ ਪਹਿਲਾਂ ਹੀ ਘੇਰਾ ਪੈ ਗਿਆ। ਬੜਾ ਚਿਰ ਚੱਲੇ ਮੁਕਾਬਲੇ ਵਿੱਚ ਸਾਰੇ ਸਿੰਘ ਚੜ੍ਹਦੀਕਲਾ ਵਿੱਚ ਬਚ ਨਿਕਲੇ, ਠਹਿਰ ਵਾਲਾ ਸਿੰਘ ਪੁਲਿਸ ਦੇ ਹੱਥ ਆ ਗਿਆ। ਉਸ ਤੋਂ ਕੁੱਟ ਨਾ ਖਾਧੀ ਗਈ ਤੇ ਮਜਬੂਰੀ ਵਿੱਚ ਉਸਨੇ ਭਾਈ ਰਾਮ ਸਿੰਘ ਅਤੇ ਭਾਈ ਤਰਸੇਮ ਸਿੰਘ ਕਰੰਡੀ ਦਾ ਨਾਮ ਲੈ ਦਿੱਤਾ, ਫਿਰ ਕਈ ਪੁਲਿਸ ਦੀਆਂ ਗੱਡੀਆਂ ਨੇ ਪਿੰਡ ਕਰੰਡੀ ਆ ਕੇ ਸਿੰਘਾਂ ਦੇ ਘਰ ਕਹਿਰ ਵਰਤਾ ਦਿੱਤਾ।

ਪਰਿਵਾਰਾਂ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਕਾਫ਼ੀ ਸਖ਼ਤ ਤਸੀਹੇ ਦਿੱਤੇ ਗਏ ਅਤੇ ਸਿੰਘਾਂ ਨੂੰ ਫੜਾਉਣ ਲਈ ਦਬਕਾਇਆ ਗਿਆ। ਘਰ ਪਰਿਵਾਰ ਦਾ ਪਿੱਛੋਂ ਬੁਰਾ ਹਾਲ ਹੋਇਆ, ਫਸਲਾਂ ਰੁਲ ਗਈਆਂ, ਆਪ ਰੂਪੋਸ਼ ਹੋ ਕੇ ਸਿੱਖ ਕੌਮ ਦੀ ਸੇਵਾ ਕਰਦੇ ਰਹੇ। ਬੇਦੋਸ਼ਿਆਂ 'ਤੇ ਜ਼ੁਲਮ ਢਾਹ ਰਹੀ ਜ਼ਾਲਮ ਸਰਕਾਰ ਨਾਲ ਮੱਥਾ ਲਾ ਕੇ ਦੁਸ਼ਮਣਾਂ ਨੂੰ ਨੱਥ ਪਾਉਣ ਲਈ ਸੋਧਣਾ ਸ਼ੁਰੂ ਕਰ ਦਿੱਤਾ। ਉਸ ਵਕਤ ਪਿੰਡ ਕਰੰਡੀ ਨੂੰ ਬੱਬਰਾਂ ਦੀ ਰਾਜਧਾਨੀ ਕਹਿੰਦੇ ਸਨ, ਸਾਰੇ ਮਾਲਵੇ ਵਿਚ ਕਰੰਡੀ ਬੱਬਰਾਂ ਦਾ ਚਰਨਛੋਹ ਪ੍ਰਾਪਤ ਪਿੰਡ ਹੈ। ਭਾਈ ਤਰਸੇਮ ਸਿੰਘ ਦਾ ਨਾਮ ਪੰਜਾਬ ਹਰਿਆਣਾ ਪੁਲਿਸ ਦੀ ਹਿਟ ਲਿਸਟ ਵਿੱਚ ਦਰਜ ਹੋ ਗਿਆ। ਉਹ ਜਥੇਦਾਰ ਬਲਵਿੰਦਰ ਸਿੰਘ ਬੁਲਟ ਬੱਬਰ ਨਾਲ ਤਕਰੀਬਨ ਸਾਰੇ ਪੁਲਿਸ ਐਕਸ਼ਨਾਂ ਵਿੱਚ ਸ਼ਾਮਿਲ ਰਿਹਾ। ਪਿੱਛੇ ਪਰਿਵਾਰ ਦੁਸ਼ਮਣਾਂ ਦੇ ਕਹਿਰ ਦਾ ਸਤਾਇਆ ਹੋਇਆ ਲੁਕ ਛਿਪ ਕੇ ਦਿਨ ਕੱਟ ਰਿਹਾ ਸੀ ਪਰ ਆਪ ਚੜ੍ਹਦੀਕਲਾ ਵਿੱਚ ਸਿੱਖ ਕੌਮ ਦੀ ਸੇਵਾ ਕਰਦੇ ਰਹੇ। ਆਪ ਨੇ ਅਨੇਕਾਂ ਪੁਲਿਸ ਟਾਊਟਾਂ ਨੂੰ ਸੋਧਿਆ। ਇਕ ਵਾਰੀ ਸਾਥੀ ਸਿੰਘਾਂ ਨਾਲ ਰਲ ਕੇ ਪਿੰਡ ਜੋਈਆਂ ਵਿਖੇ ਪੁਲਿਸ ਤੋਂ ਹਥਿਆਰ ਖੋਹੇ।

ਕਈ ਵਰਦੀਧਾਰੀ ਵੀ ਮਾਰੇ। ਆਪ ਨੇ ਸਫਲਤਾ ਪ੍ਰਾਪਤ ਕੀਤੀ, ਉਸਤੋਂ ਥੋੜੇ ਦਿਨਾਂ ਬਾਅਦ ਆਪਣੇ ਸਿੰਘਾਂ ਨਾਲ ਹਰਿਆਣਾ ਵਿਖੇ ਪਹੁੰਚੇ। ਪਰ ਪੁਲਿਸ ਵੀ ਬੜੀ ਤੇਜ਼ੀ ਨਾਲ ਆਪ ਦੀ ਭਾਲ ਕਰ ਰਹੀ ਸੀ, ਥਾਂ ਥਾਂ 'ਤੇ ਛਾਪੇ ਮਾਰ ਰਹੀ ਸੀ। ਆਪ ਅਤੇ ਆਪ ਦੇ ਸਾਥੀ ਅੰਗਰੇਜ਼ ਸਿੰਘ ਰੋਜ਼ਾ, ਨਿਹਾਲ ਸਿੰਘ, ਰਾਮ ਸਿੰਘ ਇਕ ਪੁਲਿਸ ਘੇਰੇ ਵਿੱਚ ਆ ਗਏ। ਦੋਹਾਂ ਪਾਸਿਆਂ ਤੋਂ ਗੋਲੀ ਚਲਦੀ ਰਹੀ। ਆਪ ਕਈ ਘੰਟੇ ਚੱਲੇ ਮੁਕਾਬਲੇ ਚੋਂ ਹਨੇਰੇ ਦਾ ਲਾਭ ਉਠਾ ਕੇ ਬਚ ਨਿਕਲੇ। ਇਹ ਘੇਰਾ ਠਹਿਰ ਵਾਲੇ ਵੀਰ ਗੁਰਜੰਟ ਸਿੰਘ ਨੇ ਪਵਾਇਆ ਸੀ। ਪੁਲਿਸ ਨੂੰ ਯਕੀਨ ਹੋ ਗਿਆ ਕਿ ਬੱਬਰਾਂ ਦੇ ਸਿੰਘ ਹਰਿਆਣਾ ਵਿੱਚ ਚਲੇ ਗਏ। ਆਪ ਉਸੇ ਹੀ ਰਾਤ ਵਾਪਸ ਪੰਜਾਬ ਆ ਪਹੁੰਚੇ। ਆਪ ਥੋੜ੍ਹਾ ਸਮਾਂ ਲੁਕ-ਛਿਪ ਕੇ ਕੱਢਦੇ ਅਤੇ ਜਦੋਂ ਵੀ ਦਾਅ ਲੱਗਦਾ ਤਾਂ ਝੱਟ ਪਟਾਕਾ ਪਾ ਦਿੰਦੇ। 26 ਜੁਲਾਈ 1992 ਨੂੰ ਆਪ ਦੇ ਸਾਥੀ ਅੰਗਰੇਜ਼ ਸਿੰਘ ਰੋਜ਼ਾ ਨੂੰ ਪੁਲਿਸ ਟਾਊਟਾਂ ਨੇ ਪੁਲਿਸ ਦਾ ਘੇਰਾ ਪਵਾ ਕੇ ਸ਼ਹੀਦ ਕਰਵਾ ਦਿੱਤਾ। ਭਾਈ ਅੰਗਰੇਜ਼ ਸਿੰਘ ਬੱਬਰ ਦੇ ਭੋਗ ਵਾਲੇ ਦਿਨ

ਹੀ ਚਾਰੇ ਦੋਸ਼ੀ ਪੁਲਿਸ ਟਾਊਟਾਂ ਨੂੰ ਸਿੰਘਾਂ ਨੇ ਗੱਡੀ ਚਾੜ੍ਹ ਕੇ ਅੰਗਰੇਜ਼ ਸਿੰਘ ਦੀ ਸ਼ਹੀਦੀ ਦਾ ਬਦਲਾ ਲਿਆ। ਬੱਬਰਾਂ ਦੀ ਮਿਸਾਲ ਸੀ ਕਿ ਜਦੋਂ ਤੱਕ ਦੁਸ਼ਮਣ ਦੀ ਭਾਜੀ ਨਾ ਮੋੜਦੇ, ਉਹ ਟਿਕ ਕੇ ਨਹੀਂ ਬਹਿੰਦੇ ਸਨ। ਆਪ ਨੇ ਜੁਝਾਰੂ ਲਹਿਰ ਦੇ ਵਿੱਚ ਭਾਈ ਬਲਵਿੰਦਰ ਸਿੰਘ ਬੁਲਟ ਬੱਬਰ, ਭਾਈ ਬਲਵਿੰਦਰ ਸਿੰਘ ਗੰਗਾ, ਭਾਈ ਬਸ਼ੀਰ ਮੁਹੰਮਦ, ਭਾਈ ਧੂਕਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਸੁਖਦੀਪ ਸਿੰਘ, ਭਾਈ ਨਿਹਾਲ ਸਿੰਘ, ਭਾਈ ਮੱਖਣ ਸਿੰਘ ਖਿਆਲਾ ਤੇ ਹੋਰ ਅਨੇਕਾਂ ਸਾਥੀਆਂ ਨਾਲ ਮਿਲ ਕੇ ਸੰਘਰਸ਼ ਵਿੱਚ ਸਿੱਖ ਕੌਮ ਦੀ ਸੇਵਾ ਕੀਤੀ  ਲਗਾਤਾਰ ਜੁਝਾਰੂ ਸਿੰਘ ਸ਼ਹੀਦ ਹੋ ਰਹੇ ਸੀ। ਪੁਲਿਸ ਕੈਟ ਜੁਝਾਰੂ ਸਿੰਘਾਂ ਵਿੱਚ ਪੂਰੀ ਤਰ੍ਹਾਂ ਘੁਸਪੈਠ ਕਰ ਚੁੱਕ ਸੀ ਅਤੇ ਆਪਣੇ ਹੀ ਭਰਾ ਫੀਤੀਆਂ ਦੇ ਭੁੱਖੇ ਹੋਏ ਆਪਣੇ ਹੀ ਭਰਾਵਾਂ ਨੂੰ ਮਾਰਨ ਲਈ ਉਤਾਵਲੇ ਹੋ ਗਏ ਸਨ  ਕੁਝ ਠਹਿਰਾਂ ਵਾਲੇ ਪਰਿਵਾਰ ਵੀ ਇਨਾਮਾਂ ਦੇ ਭੁੱਖੇ ਹੋ ਕੇ ਆਪਣੇ ਖੂਨ ਨੂੰ ਭੁੱਲ ਕੇ ਕਾਫ਼ਰਾਂ ਨਾਲ ਰਲ ਕੇ ਸਿੰਘਾਂ ਨੂੰ ਆਪਣੇ ਹੱਥੀਂ ਮਰਵਾਉਣ ਲੱਗੇ।

ਆਪ ਘਾਸਵਾ ਪਿੰਡ ਦੇ ਸ਼ੇਰਾ ਸਿੰਘ ਦੇ ਘਰ ਵਿੱਚ ਠਹਿਰੇ ਹੋਏ ਸਨ। ਸ਼ੇਰਾ ਸਿੰਘ ਨੇ ਪੈਸਿਆਂ ਦੇ ਲਾਲਚ ਅਤੇ ਇਨਾਮ ਦੇ ਭੁੱਖੇ ਨੇ ਆਪਣੇ ਭਾਣਜੇ ਗੱਡੂ ਅਤੇ ਸਰਪੰਚ ਬੂਰਾ ਸਿੰਘ ਪ੍ਰੇਮੀ ਨਾਲ ਰਲ ਕੇ ਆਪ ਦੇ ਚਾਰ ਸਾਥੀਆਂ ਸਮੇਤ ਆਪ ਨੂੰ ਘੇਰਾ ਪਵਾ ਦਿੱਤਾ ਇਸ ਮੁਕਾਬਲੇ ਵਿਚੋਂ ਭਾਈ ਅਮਰੀਕ ਸਿੰਘ ਤੇ ਭਾਈ ਨਿਹਾਲ ਸਿੰਘ ਤਾਂ ਬਚ ਨਿਕਲੇ। ਬਲਵਿੰਦਰ ਸਿੰਘ ਬੁਲਟ, ਸੁਖਦੀਪ ਸਿੰਘ ਚਿੜੀਆਂ, ਤਰਸੇਮ ਸਿੰਘ ਬਚੀ ਨੇ ਪੰਜ ਘੰਟੇ ਲਗਾਤਾਰ ਮੁਕਾਬਲਾ ਕੀਤਾ ਤੇ ਬੁਲਟ ਪਰੂਫ ਟਰੈਕਟਰ ਅਤੇ ਇਕ ਗੱਡੀ ਉੜਾ ਦਿੱਤੀ। ੩੦ ੩੫ ਵਰਦੀਧਾਰੀ ਵੀ ਗੱਡੀ ਚਾੜ੍ਹ ਦਿੱਤੇ, ਗੱਡੀ ਅਤੇ ਟਰੈਕਟਰ ਅੱਜ ਵੀ ਰੱਤੀਆਂ ਥਾਣੇ ਵਿੱਚ ਖੜ੍ਹੇ ਆਪ ਜੀ ਦੀ ਬਹਾਦਰੀ ਦੀ ਗਵਾਹੀ ਭਰਦੇ ਹਨ। ਅਖੀਰ ਨੂੰ ਲਾਸ਼ਾਂ ਢਾਣੀ ਦੇ ਖੇਤਾਂ ਵਿੱਚ ਆ ਕੇ 28 ਮਾਰਚ 1993 ਨੂੰ 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਾਉਂਦੇ ਅਤੇ ਦੁਸ਼ਮਣਾਂ ਨਾਲ  ਲੋਹਾ ਲੈਂਦੇ ਹੋਏ ਸ਼ਹੀਦੀ ਜਾਮ ਪੀ ਗਏ  ਪੁਲਿਸ ਵਾਲੇ ਬੱਬਰਾਂ ਦੀਆਂ ਮਿਰਤਕ ਦੇਹਾਂ ਕੋਲ ਡਰਦੇ ਲਾਗੇ ਨਹੀਂ ਸਨ ਲਗਦੇ। ਦੂਰੋਂ ਹੀ ਫਾਇਰ ਕਰਦੇ ਰਹੇ।

# ਭਾਈ ਦਰਸ਼ਨ ਸਿੰਘ
# ਭਾਈ ਗੁਰਮੀਤ ਸਿੰਘ ਹਿਰਦੇਵਾਲ ਤਿਹਾੜਾ

ਪੰਜਾਬ ਅੰਦਰ ਖੇਡੀ ਗਈ ਜਬਰ ਜ਼ੁਲਮ ਦੀ ਖ਼ੂਨੀ ਹੋਲੀ ਵਾਲੀ ਦਰਦ ਕਹਾਣੀ ਦੇ ਵਰ੍ਹਿਆਂ ਦੇ ਜ਼ਖ਼ਮ ਅੱਜ ਵੀ ਮਨੁੱਖਤਾ ਆਪਣੇ ਅੰਦਰ ਰਿਸਦੇ ਕਰੀ ਬੈਠੀ ਹੈ। ਜ਼ਿਲ੍ਹਾ ਲੁਧਿਆਣਾ ਤਹਿਸੀਲ ਜਗਰਾਉਂ ਪਿੰਡ ਹਿਰਦਵਾਲ ਤਿਹਾੜਾ ਪੱਤੀ ਮੁਲਤਾਨੀਆ ਦੇ ਅੰਦਰ ਇਕ ਹੱਸਦਾ ਵੱਸਦਾ ਗੁਰੂ ਵਰਸਾਇਆ ਘਰ, ਜਦ ਅਚਿੰਤੇ ਬਾਜ਼ ਆਣ ਪਏ ਤਾਂ ਸਰਦਾਰ ਗੁਰਮੇਜ ਸਿੰਘ ਦਾ ਘਰ ਮਸ਼ੀਨਗੰਨਾਂ ਦੀਆਂ ਗੋਲੀਆਂ ਅਤੇ ਸੀ ਆਰ ਪੀ ਦੇ ਸੁੱਟੇ ਹੈਂਡ ਗਰਨੇਡਾਂ ਨਾਲ ਪਲਾਂ ਵਿਚ ਅੱਗ ਦੀਆਂ ਲਪਟਾਂ ਵਿਚ ਘਿਰ ਗਿਆ

ਸਰਦਾਰ ਗੁਰਮੇਜ ਸਿੰਘ ਦੇ ਛੋਟੇ ਪੁੱਤਰ, ਜੋ ਉਸ ਸਮੇਂ ਤਿੰਨ ਸਾਲ ਦਾ ਸੀ, ਨੇ ਆਪਣੇ ਵੱਡੇ ਵੀਰ ਮਨਜਿੰਦਰ ਨੂੰ ਤੋਤਲੇ ਬੋਲ ਬੋਲੇ, ਵੀਰ, "ਆਪਣੇ ਮੰਮੀ ਡੈਡੀ ਕਿਥੇ ਵਾ", ਆਪਣੇ ਘਰ ਵਿਚ ਤੋਪਾਂ ਕਿਉਂ ਚੱਲ ਰਹੀਆਂ ਹਨ, ਆਪਣਾ ਘਰ ਕਾਹਤੋਂ ਸਾੜੀ ਜਾਂਦੇ ਐ? ਵੀਰ ਆਪਣਾ ਗੰਨਾ (ਕਮਾਦ) ਵੀ ਸਾੜ ਤਾ"। ਇਹ ਕੋਈ ਹਿੰਦੁਸਤਾਨ ਪਾਕਿਸਤਾਨ ਦੀ ਜੰਗ ਨਹੀਂ ਸੀ ਇਹ ਤਾਂ ਪੰਜਾਬ ਪੁਲਿਸ ਅਤੇ ਸੀ ਆਰ ਪੀ ਵਲੋਂ ਐਸ ਐਸ ਪੀ ਸਮੇਧ ਸੈਣੀ ਦੀ ਰਹਿਨੁਮਾਈ ਹੇਠ ਇਕ ਗੁਰਸਿੱਖ ਪ੍ਰਵਾਰ ਦੇ ਘਰ 'ਤੇ ਕੀਤਾ ਗਿਆ ਹਮਲਾ ਸੀ। ਅੱਜ ਇਸ ਘਰ ਵਿਚ ਸਾਲ੍ਹਿਆਂ ਵਿਚ ਡੁੱਬੀ ਰੋਂਦੀਆਂ ਕਸ਼ਮੀਰ ਕੌਰ ਅਤੇ ਭਜਨ ਕੌਰ ਆਪਣੇ ਮਾਸੂਮ ਤੋਤਲੇ ਬੋਲਾਂ ਨੂੰ ਲੁਕੋਈ ਬੈਠੀਆਂ ਹਨ ਇਸ ਪਰਿਵਾਰ ਦਾ ਕਸੂਰ ਸਿਰਫ਼ ਇਹ ਸੀ ਇਹ ਹਿੰਦੁਸਤਾਨ ਵਿਚ ਰਹਿੰਦੇ ਹੋਏ ਗੁਰੂ ਨਾਲ ਜੁੜਿਆ ਹੋਇਆ ਪ੍ਰਪੱਕ ਅੰਮ੍ਰਿਤ ਧਾਰੀ ਪਰਿਵਾਰ ਸੀ।

ਇਸ ਇਲਾਕੇ ਦਾ ਬਦਨਾਮ ਪੁਲਿਸ ਅਫ਼ਸਰ ਮਹਿੰਦਰ ਬਾਬਾ ਜੋ ਫਰੰਜ਼ਵਾਲ ਪਿੰਡ ਦਾ ਰਹਿਣ ਵਾਲਾ ਸੀ, ਜਿਸ ਨੇ ਆਪਣੇ ਘਰੇ ਹੀ ਤਸ਼ੱਦਦ ਸੈਂਟਰ ਖੋਲ ਰੱਖਿਆ ਸੀ ਤੇ ਸੈਂਕੜੇ ਨਿਰਦੋਸ਼ ਸਿੰਘਾਂ ਸਿੰਘਣੀਆਂ ਦੇ ਕਤਲ ਕਰ ਚੁੱਕਾ ਸੀ, ਜਿਸ ਨੂੰ ਆਪਣੀ ਪੰਜਾਬ ਪੁਲਿਸ 'ਤੇ ਵੀ ਵਿਸ਼ਵਾਸ ਨਹੀਂ ਸੀ ਅਤੇ ਜਿਸ ਨੇ ਸੀ ਆਰ ਪੀ ਆਪਣੇ ਨਾਲ ਰੱਖੀ ਹੋਈ ਸੀ, ਇਸ ਬੁੱਚੜ ਪੁਲਿਸ ਅਫ਼ਸਰ ਅਤੇ ਸੀ ਆਰ ਪੀ ਦੇ ਕਮਾਂਡੋਆਂ ਨੂੰ ਖਾੜਕੂ ਸਿੰਘਾਂ ਨੇ ਇਕ ਐਕਸ਼ਨ ਵਿਚ ਸੋਧ ਦਿੱਤਾ ਸੀ।

ਸੁਰੱਖਿਆ ਬਲਾਂ ਦੀਆਂ ਧਾੜਾਂ ਇਸ ਕਾਂਡ ਦਾ ਬਦਲਾ ਲੈਣ ਦੀ ਫਿਰਾਕ ਵਿਚ ਹਰਲ ਹਰਲ ਕਰਦੀਆਂ ਫਿਰਦੀਆਂ ਸਨ। ਇਸ ਕੜੀ ਤਹਿਤ ਹੀ ਪੁਲਿਸ ਨੇ ਇਸ ਪਰਿਵਾਰ 'ਤੇ ਅੰਨ੍ਹਾਂ ਤਸ਼ੱਦਦ ਕੀਤਾ। ਬਹਾਨਾ ਇਹ ਬਣਾਇਆ ਕਿ ਤੁਸੀਂ ਭਾਈ ਦਰਸ਼ਨ ਸਿੰਘ ਨੂੰ ਪੇਸ਼ ਕਰੋ ਕਿਉਂਕਿ ਜਦੋਂ ਪੁਲਿਸ ਨੇ ਘਰੇ ਛਾਪਾ ਮਾਰਿਆ, ਉਸ ਵਕਤ ਬਾਕੀ ਸਾਰਾ ਪਰਿਵਾਰ ਘਰੇ ਸੀ, ਦਰਸ਼ਨ ਸਿੰਘ ਪਰਿਵਾਰ ਸਮੇਤ ਆਪਣੇ ਸਹੁਰੇ ਇਕ ਸ਼ਾਦੀ ਦੀ ਰਸਮ ਵਿਚ ਗਿਆ ਹੋਇਆ ਸੀ।

ਇਸ ਪਰਿਵਾਰ ਲਈ 21 ਅਤੇ 22 ਨਵੰਬਰ ਦੀ ਰਾਤ ਇਕ ਕਹਿਰਾਂ ਦੀ ਰਾਤ ਸੀ, ਜਦੋਂ ਧਰਮਕੋਟ ਥਾਣੇ ਦੀ ਪੁਲਿਸ ਦੇ ਛਾਪੇ ਦੇ ਨਾਂ ਹੇਠ ਸੁਮੇਧ ਸੈਣੀ ਦੀ ਕਾਤਲ ਟੋਲੀ ਇਸ ਪਰਿਵਾਰ ਅਤੇ ਪਿੰਡ 'ਤੇ ਹਰ ਜ਼ੁਲਮ ਕਰ ਰਹੀ ਸੀ। ਪੁਲਿਸ ਗੁਰਮੀਤ ਸਿੰਘ ਨੂੰ, ਇਸ ਦੀ ਪਤਨੀ ਕਸ਼ਮੀਰ ਕੌਰ ਨੂੰ, ਭਰਾ ਬਲਵਿੰਦਰ ਸਿੰਘ ਨੂੰ, ਪਿਤਾ ਗੁਰਮੇਜ ਸਿੰਘ ਨੂੰ ਚੁੱਕ ਕੇ ਪਹਿਲਾਂ ਧਰਮਕੋਟ ਥਾਣੇ ਲੈ ਗਈ। ਮਗਰੋਂ ਪੁਲਿਸ ਨੇ ਘਰੇ ਹੈਂਡ ਗਰਨੇਡ ਸੁੱਟੇ, ਹਜ਼ਾਰਾਂ ਦੀ ਗਿਣਤੀ ਵਿਚ ਮਸ਼ੀਨਗੰਨਾਂ ਨਾਲ ਗੋਲੀਆਂ ਕੰਧਾਂ ਵਿਚ ਮਾਰੀਆਂ, ਟਰੈਕਟਰ ਸਾੜ ਦਿੱਤਾ, ਪੇਟੀਆਂ ਵਿਚੋਂ ਸਮਾਨ ਕੱਢ ਕੇ ਸਾੜ ਦਿੱਤਾ. ਇਕ ਗਾਂ ਜੋ ਕਮਰੇ ਅੰਦਰ ਬੱਧੀ ਸੀ ਕਮਰੇ ਅੰਦਰ ਹੀ ਸੜ ਕੇ ਮਰ ਗਈ। ਬਾਹਰ ਜੋ ਕਮਾਦ ਦੀ ਫਸਲ ਖੜ੍ਹੀ ਸੀ, ਉਸ ਨੂੰ ਸਾੜ ਦਿੱਤਾ. ਇਹ ਦਰਿੰਦਗੀ ਦਾ ਕਹਿਰ ਇਸ ਪਰਿਵਾਰ 'ਤੇ ਤਾਂ ਵਰਤਣਾ ਹੀ ਸੀ, ਆਂਢ ਗੁਆਂਢ ਦੇ ਘਰ ਵੀ ਇਸਨੇ ਆਪਣੀ ਲਪੇਟ ਵਿਚ ਲੈ ਲਏ ਸਨ।

ਇਸ ਕਾਂਡ ਦੇ ਚਸ਼ਮਦੀਦ ਗਵਾਹ ਉਹ ਭੋਲੇ ਭਾਲੇ ਬਾਲ ਹਨ, ਜੋ ਕੀ ਅੱਜ ਵੀ ਸਬਰਾਂ ਦੇ ਅੱਥਰੂ ਸਾਂਭੀ ਬੈਠੇ ਹਨ। ਜਦੋਂ ਪੁਲਿਸ ਪਰਿਵਾਰ ਦੇ ਮੈਂਬਰਾਂ ਨੂੰ ਚੁੱਕ ਕੇ ਲੈ ਗਈ ਤਾਂ ਇਹ ਦੋਹਾਂ ਭਰਾ ਇਕੱਲੇ ਘਰ ਰਹਿ ਗਏ ਸਨ ਤੇ ਮਗਰੋਂ ਸਰਪੰਚ ਦੇ ਘਰ ਜਾ ਕੇ ਲੁਕ ਗਏ ਸਨ। ਪੁਲਿਸ ਨੇ ਬਥੇਰੇ ਭਾਲੇ। ਜਦ ਬੱਚੇ ਨਹੀਂ ਮਿਲੇ ਤਾਂ ਪੁਲਿਸ ਨੇ ਖਿੱਝ ਕੇ ਘਰੇ ਹੈਂਡ ਗਰਨੇਡ ਸੁੱਟੇ ਅਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਸੀ। ਘਰੇ ਸਾਰਾ ਸਮਾਨ ਸਾੜ ਦਿੱਤਾ ਸੀ। ਬਾਹਰ ਸਾਰੀ ਫਸਲ ਵੀ ਸਾੜ ਦਿੱਤੀ ਸੀ। ਜਦੋਂ ਇਹ ਸਭ ਕੁਝ ਹੋ ਰਿਹਾ ਸੀ। ਭਾਈ ਗੁਰਮੀਤ ਸਿੰਘ ਦੇ ਛੋਟੇ ਦੋਹਾਂ ਬੱਚੇ ਮਨਜਿੰਦਰ ਅਤੇ ਗੁਰਿੰਦਰ ਮਾਸੂਮਤਾ ਨਾਲ ਘਰੇ ਬੇਘਰ ਹੋਏ ਇਹ ਮਾਨਸਿਕ ਕਸ਼ਟ ਝੱਲ ਰਹੇ ਸਨ। ਜਿਥੇ ਇਕ ਪਾਸੇ ਘਰ ਸਾੜੇ ਜਾ ਰਹੇ ਸਨ, ਉਥੇ ਦੂਜੇ ਪਾਸੇ ਤਫਤੀਸ਼ੀ ਸੈਂਟਰ ਵਿਚ ਭਾਈ ਗੁਰਮੀਤ ਸਿੰਘ ਤੇ ਇਨ੍ਹਾਂ ਦੇ ਪਿਤਾ ਜੀ ਸ. ਗੁਰਮੇਜ ਨੂੰ ਅਲਫ ਨੰਗੀ ਹਾਲਤ ਵਿਚ ਸਟਾਫ ਵਿਚ ਪੁੱਠਾ ਟੰਗਿਆਂ ਹੋਇਆ ਸੀ।

ਪੁਲਿਸ ਵਲੋਂ ਭਾਈ ਗੁਰਮੀਤ ਸਿੰਘ ਦੀ ਸਿੰਘਣੀ ਬੀਬੀ ਕਸ਼ਮੀਰ ਕੌਰ ਨੂੰ ਕੇਸਾਂ ਤੋਂ ਫੜ ਕੇ ਧੂਹ ਕੇ ਲਿਆਂਦਾ ਗਿਆ ਅਤੇ ਅਲਫ ਨੰਗਾ ਕੀਤੇ ਸਹੁਰੇ (ਸ. ਗੁਰਮੇਜ ਸਿੰਘ) ਦੇ ਸਾਹਮਣੇ ਲਿਆ ਖੜ੍ਹਾ ਕੀਤਾ ਗਿਆ. "ਓ ਬੁੱਢਿਆ. ਦੱਸ ਦੇ ਤੇਰਾ ਦਰਸ਼ਨ ਕਿਥੇ ਹੈ, ਨਹੀਂ ਤਾਂ ਇਹਨੂੰ ਵੀ ਤੇਰੇ ਨਾਲ ਟੰਗ ਦੇਵਾਂਗੇ." ਪੁਲਿਸ ਸਿਰਫ ਪਰਿਵਾਰ 'ਤੇ ਤਸ਼ੱਦਦ ਦਾ ਬਹਾਨਾ ਹੀ ਬਣਾ ਰਹੀ ਸੀ, ਜਦ ਕੇ ਸਭ ਨੂੰ ਪਤਾ ਸੀ ਕਿ ਦਰਸ਼ਨ ਸਿੰਘ ਆਪਣੇ ਸਹੁਰੇ ਘਰੇ ਵਿਆਹ ਵਿਚ ਗਿਆ ਹੋਇਆ ਸੀ. ਪੁਲਿਸ ਜਦ ਦੋਹਾਂ ਪਿਉ ਪੁੱਤਾਂ ਦਾ ਸਿਰੜ ਨਾ ਤੋੜ ਸਕੀ ਤਾਂ ਉਨ੍ਹਾਂ ਨੇ ਬੀਬੀ ਕਸ਼ਮੀਰ ਕੌਰ ਉਪਰ ਗੈਰਇਖਲਾਕੀ ਜ਼ੁਲਮ ਕਰਦਿਆਂ ਪੁੱਠਾ ਟੰਗ ਦਿੱਤਾ ਅਤੇ ਹੇਠਾਂ ਤੋਂ ਕੇਸਾਂ ਤੋਂ ਫੜ ਕੇ ਖਿੱਚ ਖਿੱਚ ਝਟਕੇ ਮਾਰਦੇ ਰਹੇ। ਪਿੰਡੇ ਉਪਰ ਠੰਡਾ ਪਾਣੀ ਪਾ ਪਾ ਸਾਰਾ ਹੀ ਸਰੀਰ ਨੀਲਾ ਕਰ ਦਿੱਤਾ ਜਾਂਦਾ ਰਿਹਾ।

ਅਖੀਰ ਜਦੋਂ ਇਲਾਕੇ ਵਿਚ ਇਸ ਜ਼ੁਲਮ ਦਾ ਵਿਰੋਧ ਜ਼ੋਰ ਫੜਨ ਲੱਗਾ ਤਾਂ ਪੁਲਿਸ ਨੇ ਕਸ਼ਮੀਰ ਕੌਰ, ਗੁਰਮੇਜ ਸਿੰਘ ਅਤੇ ਬਲਵਿੰਦਰ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰਕੇ ਝੂਠੇ ਕੇਸਾਂ ਵਿਚ ਰਿਮਾਂਡ ਲੈ ਆਂਦਾ ਅਤੇ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ. ਪਰ ਗੁਰਮੀਤ ਸਿੰਘ ਦੀ ਹਾਲਤ ਬਹੁਤ ਹੀ ਖਰਾਬ ਸੀ। ਸਾਰਾ ਹੀ ਸਰੀਰ ਟੁੱਟਿਆ ਹੋਇਆ ਸੀ।

ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ। ਦੂਜੇ ਪਾਸੇ ਭਾਈ ਦਰਸ਼ਨ ਸਿੰਘ ਕਾਫੀ ਭੱਜ ਨੱਠ ਕਰ ਰਿਹਾ ਸੀ। ਇਸ ਜ਼ੁਲਮ ਬਾਰੇ ਉਹ ਕਈ ਪੰਥਕ ਲੀਡਰਾਂ ਕੋਲ ਗਿਆ। ਪਰ ਕਿਸੇ ਨੇ ਬਾਂਹ ਨਹੀਂ ਫੜੀ। ਸਾਰੇ ਹੀ ਪੰਥਕ ਲੀਡਰਾਂ ਨੇ ਲਾਰਿਆਂ ਵਿਚ ਹੀ ਸਾਰਿਆ। ਜਦ ਸਾਰੇ ਹੀਲੇ ਹਾਰ ਗਏ ਤਾਂ ਭਾਈ ਦਰਸ਼ਨ ਸਿੰਘ ਆਪਣੇ ਸਾਲੇ ਰਾਹੀਂ ਪੁਲਿਸ ਕੋਲ ਪੇਸ਼ ਹੋ ਗਿਆ। ਭਾਈ ਸਾਹਿਬ ਦਾ ਸਾਲਾ ਸਬੰਗ ਸਿੰਘ ਪੰਜਾਬ ਪੁਲਿਸ ਵਿਚ ਏ ਐਸ ਆਈ ਸੀ ਜੋ ਸੁਨਾਮ ਵਿਖੇ ਤਾਇਨਾਤ ਸੀ ਪਰ ਪੁਲਿਸ ਨੇ ਆਪਣੇ ਮੁਲਾਜ਼ਮ ਨੂੰ ਵੀ ਧੋਖੇ ਵਿਚ ਰਖਿਆ ਕਿ ਇਸ ਨੂੰ ਕੁਝ ਨਹੀਂ ਕਹਿੰਦੇ। ਭਾਈ ਦਰਸ਼ਨ ਸਿੰਘ 'ਤੇ 30 ਨਵੰਬਰ ਤੋਂ ਜਦੋਂ ਉਹ ਪੇਸ਼ ਹੋਇਆ ਸੀ ਤੋਂ 3 ਅਤੇ 4 ਦਸੰਬਰ ਦੀ ਰਾਤ ਤੱਕ ਹਰ ਪ੍ਰਕਾਰ ਦਾ ਜ਼ੁਲਮ ਹੁੰਦਾ ਰਿਹਾ। ਭਾਈ ਗੁਰਮੀਤ ਸਿੰਘ ਜੋ 26 ਨਵੰਬਰ ਤੋਂ ਹਸਪਤਾਲ ਵਿਚ ਦਾਖਲ ਸਨ ਨੂੰ ਵੀ 30 ਨਵੰਬਰ ਨੂੰ ਸਣੇ ਮੰਜੇ ਦੇ ਚੁੱਕ ਕੇ ਲੈ ਆਏ।

ਲੋਕਤੰਤਰੀ ਸੰਵਿਧਾਨਿਕ ਦੇਸ਼ ਅੰਦਰ ਦੋਹਾਂ ਭਰਾਵਾਂ ਭਾਈ ਗੁਰਮੀਤ ਸਿੰਘ ਅਤੇ ਭਾਈ ਦਰਸ਼ਨ ਸਿੰਘ 'ਤੇ ਜ਼ੁਲਮ ਦਾ ਉਹ ਹਰ ਢੰਗ ਵਰਤਿਆ ਗਿਆ, ਜਿਸ ਨਾਲ ਹਰ ਇਨਸਾਨ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਥੋਂ ਤੱਕ ਕਿ ਪੁਲਿਸ ਵਲੋਂ ਆਪਣੇ ਮੁਲਾਜ਼ਮ ਏ ਐਸ ਆਈ ਸਬੰਗ ਸਿੰਘ ਨੂੰ ਧਮਕੀਆਂ ਦਿੱਤੀਆਂ ਗਈਆਂ। ਉਸ ਵਲੋਂ ਕਾਫ਼ੀ ਭੱਜ ਨੱਠ ਕੀਤੀ ਗਈ। ਉਚ ਅਧਿਕਾਰੀਆਂ ਨੂੰ ਤਾਰਾਂ ਦਿੱਤੀਆਂ ਗਈਆਂ ਪਰ ਸਰਕਾਰੀ ਜ਼ੁਲਮ ਅੱਗੇ ਕੁਝ ਵੀ ਨਹੀਂ ਹੋ ਸਕਿਆ।

ਪੁਲੀਸ ਨੇ ਆਪਣੇ ਬੁੱਚੜ ਮਹਿੰਦਰ ਬਾਬੇ ਥਾਣੇਦਾਰ ਅਤੇ ਸੀ ਆਰ ਪੀ ਦੇ ਕਮਾਂਡੋਆਂ ਨੂੰ ਮਾਰਨ ਦਾ ਬਦਲਾ ਲੈਣ ਦਾ ਆਖਰੀ ਖੇਲ 3 ਅਤੇ 4 ਦਸੰਬਰ ਦੀ ਅੱਧੀ ਰਾਤ ਨੂੰ ਪੂਰਾ ਕੀਤਾ, ਜਦੋਂ ਦੋਹਾਂ ਗੁਰਸਿੱਖ ਭਰਾਵਾਂ ਨੂੰ ਕੋਤਿਆਲ ਕੋਟ ਸਦਰ ਖਾਂ ਦੇ ਪੁਲ 'ਤੇ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ। ਲਾਸ਼ਾਂ ਕਿਸੇ ਨੂੰ ਵੀ ਨਹੀਂ ਦਿਖਾਈਆਂ ਗਈਆਂ।

ਅਗਲੇ ਦਿਨ ਪੁਲਿਸ ਵਲੋਂ ਇਕ ਵੱਡੀ ਪ੍ਰੈੱਸ ਕਾਨਫਰੰਸ ਕਰਕੇ ਦੋ ਖਤਰਨਾਕ ਬੱਬਰ ਅੱਤਵਾਦੀਆਂ ਨੂੰ ਇਕ ਮੁਕਾਬਲੇ ਵਿਚ ਮਾਰਨ ਦਾ ਦਾਅਵਾ ਕੀਤਾ ਗਿਆ ਅਤੇ ਉਨ੍ਹਾਂ ਕੋਲੋਂ ਬਰਾਮਦ ਇਕ ਸਕੂਟਰ ਅਤੇ ਅਸਾਲਟਾਂ ਅਤੇ ਗੋਲੀ ਸਿੱਕਾ ਦਿਖਾਇਆ ਗਿਆ।

ਜ਼ਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸ ਸਵਰਨ ਸਿੰਘ ਅਤੇ ਇਲਾਕਾ ਕਮੇਟੀ ਜਗਰਾਉਂ ਨੇ ਇਸ ਵਹਿਸ਼ਤੀ ਕਾਰਵਾਈ ਦੀ ਨਿੰਦਾ ਕੀਤੀ ਅਤੇ ਇਕ ਜਨਤਕ ਮੁਹਿੰਮ ਛੇੜਨ ਦਾ ਐਲਾਨ ਕੀਤਾ ਪਰ ਅੱਜ 20 ਸਾਲ ਬੀਤ ਜਾਣ 'ਤੇ ਵੀ ਬੀਬੀ ਕਸ਼ਮੀਰ ਕੌਰ ਅਤੇ ਮਾਸੂਮ ਬੱਚਿਆਂ ਅਤੇ ਭਾਈ ਦਰਸ਼ਨ ਸਿੰਘ ਦੀ ਸਿੰਘਣੀ ਭਜਨ ਕੌਰ ਤੇ ਉਨ੍ਹਾਂ ਦੇ ਬੱਚਿਆਂ ਨੂੰ ਕਿਤੋਂ ਇਨਸਾਫ਼ ਨਹੀਂ ਮਿਲਿਆ। ਪਰਿਵਾਰ ਵਲੋਂ ਪੰਜਾਬ ਹਾਈਕੋਰਟ ਵਿਚ ਕੇਸ ਕੀਤਾ ਗਿਆ ਸੀ ਕੁਝ ਸਮਾਂ ਵਕੀਲ ਸ੍ਰੀ ਲਖਨਪਾਲ ਪੇਸ਼ ਹੋਏ ਫਿਰ ਅਚਾਨਕ ਇਕ ਤਾਰੀਖ 'ਤੇ ਕੇਸ ਡਿਸਚਾਰਜ ਕਰ ਦਿੱਤਾ ਗਿਆ।

ਪਰਿਵਾਰ ਅੱਜ ਵੀ ਦੋ ਸੜੇ ਕਮਰੇ ਉਜੜੇ ਘਰ ਦੀ ਦਾਸਤਾਨ ਸਾਂਭੀ ਬੈਠਾ ਹੈ। ਕੋਈ ਵੀ ਲੀਡਰ ਦੁਖ ਸਾਂਝਾ ਕਰਨ ਦਾ ਹੀਆ ਨਹੀਂ ਕਰਦਾ। ਜਦੋਂ ਕੋਈ ਗੱਲ ਕਰਦਾ ਹੈ ਵਾਰਿਆਂ ਦੇ ਜ਼ਖ਼ਮ ਫਿਰ ਰਿਸ ਪੈਂਦੇ ਹਨ, ਚਾਹੇ ਬੱਚੇ ਜਵਾਨ ਹੋ ਗਏ ਹਨ, ਫਿਰ ਵੀ ਉਹ

ਆਪਣੀਆਂ ਮਾਵਾਂ ਦੀਆਂ ਬੁਕਲਾਂ ਵਿਚ ਸਿਰ ਦੇ ਕੇ ਰੋਣ ਲੱਗ ਪੈਂਦੇ ਹਨ। ਸਾਰੇ ਪਰਿਵਾਰ ਨੂੰ ਕਿਸ ਜ਼ੁਲਮ ਦੀ ਸਜ਼ਾ ਦਿੱਤੀ ਗਈ ਹੈ? ਕੀ ਇਨ੍ਹਾਂ ਗੁਰਸਿੱਖਾਂ ਦੀਆਂ ਸ਼ਹਾਦਤਾਂ ਅਜਾਈਂ ਜਾਣਗੀਆਂ? ਕੀ ਇਹ ਪਰਿਵਾਰ ਅਮੀਰ ਖ਼ਾਲਸਾ ਪੰਥ ਦੇ ਵਿਹੜੇ ਵਿਚ ਗੁਰਬੱਤ ਨਾਲ ਜੂਝਦੇ ਹੋਏ ਹੁਣ ਖਤਮ ਹੋ ਜਾਣਗੇ?

# ਭਾਈ ਬਲਜਿੰਦਰ ਸਿੰਘ ਬੱਬਰ ਸੇਖੋਂ ਰਿਬੜਾਂਵਾਲੀ

ਸੇਖੋਂ ਸਰਦਾਰ ਪਰਿਵਾਰ ਦੇ ਘਰੇ ਜਨਮ ਭਾਈ ਬਲਜਿੰਦਰ ਸਿੰਘ ਇਕ ਨਿੱਡਰ, ਬੇਬਾਕ, ਮੂੰਹ 'ਤੇ ਖਰੀ ਗੱਲ ਕਹਿਣ ਵਾਲਾ ਯੋਧਾ ਸੀ। ਸੰਤ ਕਰਤਾਰ ਸਿੰਘ ਜੀ ਤੋਂ ਗੁਰੂ ਵਾਲੀ ਮੱਤ ਧਾਰਮਕ ਬਿਰਤੀ ਧਾਰਨ ਕੀਤੀ। ਹਮੇਸ਼ਾ ਸੇਵਾ ਭਾਵ ਗਰੀਬਾਂ ਪ੍ਰਤੀ ਹਮਦਰਦੀ ਦੇ ਮੁਦਈ ਸਨ ਉਹ ਨਰਕਧਾਰੀਆਂ ਤੇ ਪੰਥ ਦੋਖੀਆਂ ਨੂੰ ਹਮੇਸ਼ਾ ਹੀ ਕਹਿੰਦੇ, "ਇਹ ਲੋਕ ਚੰਗੇ ਨਹੀਂ ਹਨ, ਇਹ ਖ਼ਾਲਸਾ ਪੰਥ ਦਾ ਬਹੁਤ ਨੁਕਸਾਨ ਕਰਵਾਉਣਗੇ, ਇਹਨਾਂ ਲੋਕਾਂ ਦੀ ਮੱਤ ਪੁੱਠੀ ਹੋ ਚੁੱਕੀ ਹੈ।"

ਸੀਤਲ ਸੁਭਾ ਵਾਲੇ ਭਾਈ ਬਲਜਿੰਦਰ ਸਿੰਘ ਇਕ ਸਰਦੇ ਪੁੱਜਦੇ ਪਰਿਵਾਰ 'ਚ ਮਾਤਾ ਗੁਰਤੇਜ ਕੌਰ ਜੀ ਦੇ ਲਾਡ ਵਿਚ ਪਲ ਅਤੇ ਪਿਤਾ ਜਰਨੈਲ ਸਿੰਘ ਜੀ ਦੀ ਦੇਖ-ਰੇਖ ਹੇਠ ਦੱਸਵੀਂ ਤੱਕ ਦੀ ਪੜ੍ਹਾਈ ਪੂਰੀ ਕੀਤੀ। ਫਿਰ ਘਰੇ ਪਿਤਾ ਜੀ ਨਾਲ ਘਰ ਦੇ ਕੰਮਾਂ ਵਿਚ ਹੱਥ ਵਟਾਉਣ ਲੱਗ ਪਏ ਸਨ

ਜਦੋਂ ਕੌਮ ਦੀ ਅਜ਼ਾਦੀ ਦਾ ਸੰਘਰਸ਼ ਪੂਰੀ ਚੜ੍ਹਦੀਕਲਾ ਵਿਚ ਸੀ ਤਾਂ ਆਪ ਜੀ ਨੇ ਗੁਪਤ ਰੂਪ ਵਿਚ ਖਾੜਕੂ ਸਿੰਘਾਂ ਨਾਲ ਮੇਲਜੋਲ ਰੱਖ ਲਿਆ ਸੀ। ਧਰਮ ਯੁੱਧ ਮੋਰਚੇ ਦੌਰਾਨ ਆਪ ਜੀ ਪੁਲਿਸ ਦੀਆਂ ਨਜ਼ਰਾਂ ਵਿਚ ਆ ਗਏ। ਪੁਲਿਸ ਵਲੋਂ ਕਈ ਵਾਰ ਚੁੱਕ ਕੇ ਤਸ਼ੱਦਦ ਕੀਤਾ ਗਿਆ ਆਪ ਜੀ ਹੱਸ ਕੇ ਸਭ ਕਸ਼ਟ ਜਰਦੇ ਰਹੇ ਪਰ ਆਪਣੇ ਮਾਰਗ ਤੋਂ ਨਹੀਂ ਥਿੜਕੇ. ਜਦੋਂ ਕਿਤੇ ਵੀ ਕੋਈ ਵਾਰਦਾਤ ਹੋ ਜਾਣੀ, ਆਪ ਜੀ ਤਸ਼ੱਦਦ ਦਾ ਸ਼ਿਕਾਰ ਹੋ ਜਾਂਦੇ ਸਨ ਇਸਪੈਕਟਰ ਹਰਭਗਵਾਨ ਸੋਢੀ, ਏ ਐਸ ਆਈ ਸ਼ਾਮ ਸੁੰਦਰ ਅਤੇ ਏ ਐਸ ਆਈ ਬਚਨ ਸਿੰਘ ਖੂੰਖਾਰ ਆਦਿ ਕਈ ਸਖ਼ਤ ਜ਼ਾਲਮ ਅਫ਼ਸਰ ਆਪ ਜੀ ਮਗਰ ਹੱਥ ਧੋ ਕੇ ਪਏ ਹੋਏ ਸਨ, 'ਬਲਜਿੰਦਰ ਸਿੰਘ ਵਿਚ ਮਲਬਾ ਬਹੁਤ ਹੈ ਪਰ ਇਹ ਕੋਈ ਸਿਆਂ ਨਹੀਂ ਦਿੰਦਾ।'

ਜਦੋਂ ਪੰਜਾਬ ਵਿਚ ਵੋਟਾਂ ਦਾ ਐਲਾਨ ਹੋਇਆ ਤਾਂ ਕਈ ਉਮੀਦਵਾਰ ਚੋਣਾਂ ਵਿਚ ਨਿਤਰੇ ਪਰ ਪੰਜਾਬ ਦੀਆਂ ਇਨ੍ਹਾਂ ਚੋਣਾਂ ਦਾ ਖਾੜਕੂਆਂ ਨੇ ਬਾਈਕਾਟ ਕਰ ਦਿੱਤਾ। ਮੁਕਤਸਰ ਦੀ ਐਮ ਐਲ ਏ ਸੀਟ ਤੋਂ ਇਕ ਬੰਦੋ ਨਾਮ ਦੇ ਉਮੀਦਵਾਰ ਨੂੰ ਬੱਬਰਾਂ ਨੇ ਸੋਧ ਦਿੱਤਾ, ਜੋ ਕਿ ਇਸ ਸੀਟ ਤੋਂ ਖੜ੍ਹਾ ਸੀ। ਜਿਸ ਸਿੰਘ ਨੇ ਇਸ ਉਮੀਦਵਾਰ ਨੂੰ ਸੋਧਿਆ ਸੀ ਉਸ ਨੇ ਇਕ ਸਕੂਟਰ ਦੀ ਵਰਤੋਂ ਕੀਤੀ ਸੀ। ਜਦੋਂ ਉਹ ਸਿੰਘ ਘੇਰੇ ਵਿਚ ਆਉਣ ਲੱਗਾ ਤਾਂ ਉਸ ਨੇ ਉਹ ਸਕੂਟਰ ਛੱਡ ਦਿੱਤਾ ਅਤੇ ਪੈਦਲ ਹੀ ਨਿਕਲ ਗਿਆ। ਉਸ ਸਕੂਟਰ ਤੋਂ ਸੁਰਾਖ ਤੁਰਦਾ ਅਗਾਂਹ ਦੀ ਅਗਾਂਹ ਭਾਈ ਬਲਜਿੰਦਰ ਸਿੰਘ ਤੱਕ ਪਹੁੰਚ ਗਿਆ

ਇੰਸਪੈਕਟਰ ਹਰਭਗਵਾਨ ਸਿੰਘ ਸੋਢੀ ਨੇ ਭਾਈ ਬਲਜਿੰਦਰ ਸਿੰਘ ਨੂੰ ਘਰੋਂ ਚੁੱਕ ਲਿਆ"। ਪਹਿਲਾਂ ਸੀ ਆਈ ਏ ਸਟਾਫ ਮੁਕਤਸਰ ਵਿਚ ਲਗਾਤਾਰ ਤਸ਼ੱਦਦ ਕੀਤਾ ਜਾਂਦਾ ਰਿਹਾ। ਫਿਰ ਪੁਲਿਸ ਨੇ ਹਾਈਕੋਰਟ ਦੇ ਛਾਪੇ ਤੋਂ ਬਚਦਿਆਂ ਉਨ੍ਹਾਂ ਨੂੰ ਸਾਇਬ

ਪੁਲਿਸ ਸਟੇਸ਼ਨ ਛੱਡ ਆਂਦਾ ਫਿਰ ਸਾਦਿਕ ਤੋਂ ਫਰੀਦਕੋਟ ਸ਼ਹਿਰ ਦੇ ਬਦਨਾਮ ਬੁੱਚੜ ਘਰ, ਜੋ ਕਿ ਮਹਾਰਾਜਾ ਫਰੀਦਕੋਟ ਦੇ ਅਸਤਬਲ ਘਰ (ਘੋੜੇ ਸੰਭਾਲ ਕੇਂਦਰ) ਵਿਚ ਸੀ, ਉਥੇ ਬੰਦ ਕਰ ਦਿੱਤਾ। ਅਸਤਬਲ ਘਰ ਤੋਂ ਫਿਰ ਸੀ.ਆਈ.ਏ. ਸਟਾਫ਼ ਜੋ ਕਿ ਫਰੀਦਕੋਟ ਦੇ ਬੱਸ ਅੱਡੇ ਦੇ ਕੋਲ ਹੈ, ਵਿਚ ਬੰਦ ਕਰ ਦਿੱਤਾ ਇਸ ਸਿੰਘ 'ਤੇ ਲਗਾਤਾਰ ਕਹਿਰਾਂ ਦਾ ਜ਼ੁਲਮ ਜਾਰੀ ਸੀ ਪੁਲਿਸ ਉਸ ਤੋਂ ਮੁਕਤਸਰ ਦੇ ਬੱਬਰਾਂ ਦੇ ਟਿਕਾਣੇ ਪੁਛ ਰਹੀ ਸੀ ਇਸ ਸਿੰਘ 'ਤੇ ਇਤਨਾ ਤਸ਼ੱਦਦ ਹੋਇਆ ਕਿ ਗੋਡੇ ਦੀ ਹੱਡੀ ਅਤੇ ਪਿੱਠ ਦੇ ਕੋਲੋਂ ਜੋੜ ਤੋਂ ਟੁੱਟ ਗਿਆ ਸੀ, ਬਿਲਕੁਲ ਵੀ ਹਿੱਲ ਨਹੀਂ ਸਕਦਾ ਸੀ। ਫਰੀਦਕੋਟ ਸਟਾਫ਼ ਦੇ ਅੰਦਰ ਵੜਦਿਆਂ ਖੱਬੇ ਹੱਥ ਵੱਲ ਬਰਾਂਡੇ ਦੇ ਹੇਠ ਇਕ ਕਾਠ ਦਾ ਵੱਡਾ ਸਾਰਾ ਸ਼ਿਕੰਜਾ ਪਿਆ ਹੈ, ਹੇਠਾਂ ਕੁਝ ਪਾਟੇ ਪੁਰਾਣੇ ਕੰਬਲ ਵਿਛੇ ਪਏ ਸਨ ਇਸ ਕਾਠ ਦੇ ਸ਼ਿਕੰਜੇ ਵਿਚ ਬਲਜਿੰਦਰ ਸਿੰਘ ਸੇਖੋਂ ਦੀਆਂ ਲੱਤਾਂ ਵੀ ਦਿੱਤੀਆਂ ਹੋਈਆਂ ਸਨ। (ਇਸ ਜੀਵਨੀ ਦੇ ਲੇਖਕ ਨੇ ਵੀ ਇਸ ਵਹਿਸ਼ਤ ਵਿਚ ਉਸ ਕਾਠ ਦੇ ਸ਼ਿਕੰਜੇ ਦਾ ਆਨੰਦ ਮਾਣਿਆ ਸੀ। ਭਾਈ ਸਾਹਿਬ ਦਾ ਸਰੀਰ ਹੇਠੋਂ ਗਲ ਰਿਹਾ ਸੀ, ਖ਼ੂਨ ਦੀ ਚਰਰਾਲ, ਪਿਸ਼ਾਬ ਅਤੇ ਗੰਦਗੀ ਵੀ ਕਛਹਿਰੇ ਵਿਚ ਹੀ ਸੀ ਕਿਉਂਕਿ ਉਹ ਆਪ ਤਾਂ ਕੁਝ ਕਰ ਨਹੀਂ ਸਨ ਸਕਦੇ ਮੁਸ਼ਕ ਅਤੇ ਬਦਬੂ ਦੂਰੋਂ ਆ ਰਹੀ ਸੀ।

ਮੈਂ ਉਸ ਸਿੰਘ ਨੂੰ ਪੁਛਿਆ, ਵੀਰ ਕੋਈ ਪਾਣੀ ਆਦਿ ਮੰਗਾਵਾਂ, ਨਹੀਂ, ਨਹੀਂ ਉਸ ਨੇ ਕਿਹਾ, ਬੱਸ, ਮੇਰੀ ਕਮਕੀ ਤੇ ਕੰਘਾ ਮੇਰੇ ਸਿਰ 'ਤੇ ਰੱਖ ਦੇ, ਸਿਰ ਤੋਂ ਥੱਲੇ ਡਿਗੇ ਪਏ ਹਨ, ਪਾਣੀ ਤਾਂ ਰਹਿਣ ਦੇ। ਉਸ ਦਿਨ ਤੋਂ ਬਾਅਦ ਮੁੜ ਬਲਜਿੰਦਰ ਸਿੰਘ ਸਾਨੂੰ ਨਹੀਂ ਦਿਖਿਆ।

ਦਰਿੰਦਗੀ ਅਤੇ ਸ਼ਰਮਦਾਇਕ ਪਲਾਂ ਦਾ ਇਕ ਦਿਨ ਉਥੇ ਸਾਡੇ ਸਾਹਮਣੇ ਇਉਂ ਆਇਆ ਕਿ ਪੁਲਿਸ ਦਾ ਬਦਨਾਮ ਬੁੱਚੜ ਇਕ ਗੁਰਸਿੱਖ ਭਾਈ ਤੀਰਥ ਸਿੰਘ ਖ਼ਾਲਸਾ ਫੌਜੀ ਨੂੰ ਅਲਫ਼ ਨੰਗਾ ਕਰਕੇ ਬਰਾਂਡੇ ਵਿਚ ਪੁੱਠਾ ਟੰਗੀ ਬੈਠਾ ਸੀ ਕਿ ਸਰਾਏ ਨਾਗਾ ਦੇ ਸਰਦਾਰ ਹਰਚਰਨ ਸਿੰਘ ਬਰਾੜ, ਜੋ ਬਾਅਦ ਵਿਚ ਬੇਅੰਤ ਸਿੰਘ ਤੋਂ ਬਾਅਦ ਮੁੱਖ ਮੰਤਰੀ ਵੀ ਬਣੇ, ਸਿਧੇ ਸਟਾਫ਼ ਵਿਚ ਭਾਈ ਬਲਜਿੰਦਰ ਸਿੰਘ ਦੀ ਸਿਫ਼ਾਰਸ਼ ਲਈ ਆਏ ਸਨ। ਉਨ੍ਹਾਂ ਦੇ ਸਾਹਮਣੇ ਇਹ ਦਰਿੰਦਗੀ ਦਾ ਨੰਗਾ ਨਾਚ, ਦਰਦ ਦੀਆਂ ਕਰਲਾਹਟਾਂ ਸਭ ਕੁਝ ਹੋ ਰਿਹਾ ਸੀ। ਉਹ ਸਿਧੇ ਪੁਲਿਸ ਇੰਸਪੈਕਟਰ ਦੇ ਦਫ਼ਤਰ ਵਿਚ ਗਏ, ਉਥੇ ਠੰਡੇ ਵਗੈਰਾ ਪੀਤੇ, ਚਾਹ ਦੀਆਂ ਚੁਸਕੀਆਂ ਵੀ ਲਈਆਂ ਪਰ ਕਬੂਤਰ ਵਾਂਗੂੰ ਅੱਖਾਂ ਮੀਚ ਕੇ ਸਟਾਫ਼ 'ਚੋਂ ਬਾਹਰ ਚਲੇ ਗਏ। ਪੁਲਿਸ ਸਾਫ਼ ਮੁਕਰ ਗਈ ਕੇ ਸਾਡੇ ਕੋਲ ਕੋਈ ਬਲਜਿੰਦਰ ਸਿੰਘ ਨਹੀਂ ਹੈ।

ਮੁੜ ਬਲਜਿੰਦਰ ਸਿੰਘ ਕਿਥੇ ਖਪਾ ਦਿੱਤਾ? ਇਕ ਦਿਨ ਭਾਈ ਸਾਹਿਬ ਦੇ ਪਿਤਾ ਜੀ ਸਰਦਾਰ ਜਰਨੈਲ ਸਿੰਘ ਸੇਖੋਂ ਅਤੇ ਸਮੂਹ ਸੇਖੋਂ ਪਰਿਵਾਰ ਵਲੋਂ ਅਜੀਤ ਅਖ਼ਬਾਰ ਵਿਚ ਇਕ ਇਸ਼ਤਿਹਾਰ ਲੱਗਾ ਸੀ, ਦੁਖੀ ਹਿਰਦੇ ਨਾਲ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 27 ਦਸੰਬਰ 1992 ਦਿਨ ਐਤਵਾਰ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਪਿੰਡ ਚਿਬੜਾਂਵਾਲੀ (ਮੁਕਤਸਰ ਅਬੋਹਰ ਰੋਡ) ਵਿਖੇ ਅਖੰਡ ਪਾਠ ਦਾ ਭੋਗ ਪਵੇਗਾ।

ਪਰਿਵਾਰ ਬਲਜਿੰਦਰ ਸਿੰਘ ਨੂੰ ਭਾਲ ਭਾਲ ਕੇ ਹਾਰ ਗਿਆ, ਜਦ ਕਿ ਉਸ ਨੂੰ ਪੁਲਿਸ ਨੇ ਇਕ ਸਾਲ ਤੋਂ ਉਪਰ ਪਹਿਲਾਂ ਇਸ ਲਾਵਾਰਸ ਧਰਤੀ ਵਿਚ ਗੁੰਮ ਕਰ ਦਿੱਤਾ ਸੀ।

ਇਨ੍ਹਾਂ ਕਹਿਰਾਂ ਭਰੀਆਂ ਰਾਤਾਂ ਨੂੰ ਕਿਵੇਂ ਭੁਲ ਜਾਈਏ? ਸਾਨੂੰ ਸਾਡੇ ਕਾਨੂੰਨ ਤੇ, ਸਾਡੇ ਸਿਆਸੀ ਲੀਡਰਾਂ 'ਤੇ ਸ਼ਰਮ ਆਉਂਦੀ ਹੈ

ਭਾਈ ਸਾਹਿਬ ਮੈਂ ਤੇਰੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦਾ, ਮੈਂ ਅੱਜ, ਜੋ ਮੇਰੇ ਉਪਰ ਵਰ੍ਹਿਆਂ ਦਾ ਬੋਝ ਸੀ, ਤੇਰੀ ਤ੍ਰਾਸਦੀ ਦਾ ਹਾਲ ਲਿਖ ਕੇ ਲਾਹ ਲਿਆ ਹੈ। ਤੇਰੀ ਕੰਸਕੀ ਦੀ, ਕੰਧੋਂ ਦੀ ਸਿਦਕਦਿਲੀ ਅੱਜ ਵੀ ਮੈਨੂੰ ਯਾਦ ਹੈ। ਤੂੰ ਪਾਣੀ ਦੀ ਘੁੱਟ ਨਹੀਂ ਪੀਤੀ ਪ੍ਰਣਾਮ ਭਾਈ ਬਲਜਿੰਦਰ ਸਿੰਘ ਬੱਬਰ, ਪ੍ਰਣਾਮ।

# ਭਾਈ ਗੁਰਬੋਧ ਸਿੰਘ ਬੱਬਰ ਭੈਣੀ ਕਲਾਂ

ਖ਼ਾਲਸਾ ਕੌਮ ਦੀ ਅਜ਼ਾਦੀ ਦੀ ਜੰਗ ਦੌਰਾਨ ਪਿੰਡ ਭੈਣੀ ਕਲਾਂ ਨੇ ਆਪਣੇ ਤਿੰਨ ਪੁੱਤਰ ਅਤੇ ਇਕ ਨੂੰਹ ਸ਼ਹੀਦ ਕਰਵਾਏ ਹਨ। ਭਾਈ ਤਲਵਿੰਦਰ ਸਿੰਘ ਬੱਬਰ (ਪਰਮਾਰ) ਦੇ ਚਲਦੇ ਚੱਕਰਵਰਤੀ ਵਹੀਰ ਨੇ ਮਾਲਵੇ ਦੇ ਪਿੰਡ ਪਿੰਡ 'ਚ ਅਜਿਹੇ ਖ਼ਾਲਸੇ ਤਿਆਰ ਕੀਤੇ ਜੋ ਬੱਬਰਾਂ ਦੇ ਸਿਰਲੱਥ ਯੋਧੇ ਹੋ ਨਿਬੜੇ। ਭਾਈ ਗੁਰਬੋਧ ਸਿੰਘ ਵੀ ਅੰਮ੍ਰਿਤ ਦੇ ਰੰਗ ਵਿਚ ਅਜਿਹਾ ਰੰਗਿਆ ਹੋਇਆ ਇਕ ਸੂਰਮਾ ਸੀ ਜੋ ਪੂਰਨ ਰੂਪ ਵਿਚ ਧਰਮ ਪ੍ਰਪੱਕ, ਨਿਤਨੇਮੀ ਅਤੇ ਜੁਝਾਰੂ ਪ੍ਰਬੰਧ ਨਾਲ ਰੰਗਿਆ ਹੋਇਆ ਸੀ।

ਭਾਈ ਗੁਰਬੋਧ ਸਿੰਘ ਨੂੰ ਸਾਰੇ ਲਾਡ ਨਾਲ ਬੋਧਾ ਵੀ ਕਹਿ ਦਿੰਦੇ ਸਨ ਆਪ ਜੀ ਦਾ ਜਨਮ ਮਾਤਾ ਜੋਗਿੰਦਰ ਕੌਰ ਜੀ ਦੀ ਸੁਲੱਖਣੀ ਕੁੱਖ ਹੋਇਆ ਪਿਤਾ ਸਰਦਾਰ ਬਚਨ ਸਿੰਘ ਦੀ ਉਂਗਲੀ ਫੜ ਕੇ ਭੈਣੀ ਦੀਆਂ ਗਲੀਆਂ ਵਿਚ ਜਵਾਨ ਹੋਇਆ ਬੋਧਾ ਆਪਣੀ ਸੋਹਣੀ ਸਿਹਤ ਅਤੇ ਭਰਵੀਂ ਜਵਾਨੀ ਕਾਰਨ ਹਰ ਇਕ ਲਈ ਖਿੱਚ ਦਾ ਕੇਂਦਰ ਸੀ।

ਪਰਿਵਾਰ ਨੇ ਦੱਸਿਆ ਕਿ ਬੋਧਾ ਬਸ਼ੀਰ ਦਾ ਹਾਣੀ ਸੀ। ਇਕੱਠੇ ਪੜ੍ਹਦੇ ਅਤੇ ਕਬੱਡੀ ਖੇਡਦੇ ਰਹੇ ਸਨ ਪਹਿਲੀ ਵਾਰ ਜਦੋਂ ਉਹ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ, ਮਾਨਸਾ ਪੁਲਿਸ ਨੇ ਬਾਜ਼ਾਰ ਬੰਦ ਕਰਵਾਉਣ ਦੇ ਸਬੰਧ ਵਿਚ ਚੁੱਕ ਲਿਆ ਸੀ। ਮਾਨਸਾ ਦੇ ਥਾਣੇਦਾਰ ਗੁਰਨਾਮ ਸਿੰਘ ਨਾਲ ਤੂੰ ਤੂੰ ਮੈਂ ਮੈਂ ਹੋਣ ਕਾਰਨ ਪੁਲਿਸ ਨੇ ਬੋਧੇ ਨੂੰ ਕਾਫੀ ਕੁੱਟ ਦਿੱਤਾ ਸੀ ਉਹ ਬੱਬਰ ਜਥੇਬੰਦੀ ਦੇ ਬਰਨਾਲਾ, ਸੰਗਰੂਰ ਇਲਾਕੇ ਦੇ ਪਹਿਲੇ ਸੇਵਾਦਾਰ ਸਨ। ਉਨ੍ਹਾਂ 17 ਸਾਲ ਦੀ ਉਮਰ ਵਿਚ ਜੂਨ ਜੁਲਾਈ ਦੇ ਮਹੀਨਿਆਂ ਵਿਚ ਘਰ ਛੱਡ ਦਿੱਤਾ ਸੀ ਅਤੇ ਰੂਪੋਸ਼ ਹੋ ਗਏ ਸਨ। ਉਹ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਲਾਮਬੰਦ ਕਰਨ, ਗੁਰੀਲਾ ਯੁੱਧ ਦੀਆਂ ਚਾਲਾਂ ਅਤੇ ਪ੍ਰਾਪਤੀਆਂ ਬਾਰੇ ਕਾਫੀ ਪ੍ਰਭਾਵਸ਼ਾਲੀ ਸੂਝ ਰੱਖਦੇ ਸਨ। ਉਨ੍ਹਾਂ ਆਪਣੇ ਇਲਾਕੇ ਵਿਚ ਤਕਰੀਬਨ ਹਰ ਪਿੰਡ ਵਿਚ ਰੂਪੋਸ਼ ਖਾੜਕੂ ਸਿੰਘਾਂ ਦੇ ਟਿਕਾਣੇ ਬਣਾ ਦਿੱਤੇ ਸਨ। ਉਹ ਮਾਰਕਸੀ ਵਿਚਾਰਧਾਰਾ ਨੂੰ ਖ਼ਾਲਸਾਈ ਤੱਤ ਨਿਰਣੇ 'ਤੇ ਨਿਖੇੜ ਦਿੰਦੇ ਸਨ, ਉਹ ਕਾਮਰੇਡਾਂ ਨੂੰ ਕਹਿ ਦਿੰਦੇ ਸਨ, ਤੁਸੀਂ ਪਹਿਲਾਂ ਵਾਲੇ ਇਨਕਲਾਬੀ ਨਹੀਂ ਹੋ। ਇਨਕਲਾਬ ਨਾਅਰੇ ਮਾਰਨ ਨਾਲ ਨਹੀਂ ਆਉਣਾ, ਨਾ ਹੀ ਹਿੰਦੂਸਤਾਨ ਦੀ ਪਾਰਲੀਮਾਨੀ ਖੱਬੀ ਫਿਰਕਾਪ੍ਰਸਤੀ ਨੇ ਆਉਣ ਦੇਣਾ ਹੈ।

ਉਹ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਦੀ ਭਰਪੂਰ ਕਦਰ ਕਰਦੇ ਸਨ। ਪਰ ਕਹਿੰਦੇ ਸਨ ਕਿ ਖ਼ਾਲਸਤਾਨ ਦੀ ਹੋਂਦ ਹੀ ਇਸ ਧਰਤੀ 'ਤੇ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਬਰਨਾਲਾ ਹਲਕੇ ਵਿਚ ਨਕਸਲੀ ਲਹਿਰ ਨਾਲ ਸਬੰਧਤ ਕਾਫੀ ਲੋਕ ਸਨ ਆਪ ਉਨ੍ਹਾਂ ਸਭ ਦੀ ਇੱਜ਼ਤ ਕਰਦੇ ਸਨ ਅਤੇ ਉਨ੍ਹਾਂ ਨੂੰ ਅਜ਼ਾਦੀ ਦੀ ਜੰਗ ਵੱਲ ਪ੍ਰੇਰਿਤ ਕਰਦੇ ਸਨ ਆਮ ਕਰਕੇ ਉਹ ਨਵਾਂ ਪਿੰਡ ਦੇ ਸ਼ਹੀਦ ਭੋਲਾ ਸਿੰਘ ਸੰਘੇੜਾ ਨੂੰ ਨਕਸਲੀ ਲਹਿਰ ਦਾ ਮਹਾਨ ਸ਼ਹੀਦ ਕਹਿ ਦਿੰਦੇ ਸਨ ਜਦੋਂ ਭਾਈ ਗੁਰਬੋਧ ਸਿੰਘ ਰੂਪੋਸ਼ ਹੋ ਗਏ ਤਾਂ

ਪਰਿਵਾਰ ਉਪਰ ਕਹਿਰਾਂ ਦੇ ਜ਼ੁਲਮ ਟੁੱਟ ਪਏ। ਕੋਈ ਪਤਾ ਹੀ ਨਹੀਂ ਲੱਗਦਾ ਸੀ ਕਿਹੜੇ ਜ਼ਿਲ੍ਹੇ ਦੀ ਕਿਥੋਂ ਦੀ ਪੁਲਿਸ ਘਰੇ ਛਾਪਾ ਮਾਰ ਦਿੰਦੀ ਸੀ। ਕਈ ਵਾਰ ਘਰੇ ਦੋ-ਦੋ, ਤਿੰਨ-ਤਿੰਨ ਵਾਰ ਵੀ ਪੁਲਿਸ ਪੈ ਜਾਂਦੀ ਸੀ। ਪੁਲਿਸ ਕਈ ਵਾਰ ਸਾਰੇ ਪਰਿਵਾਰ ਨੂੰ ਚੁੱਕ ਕੇ ਲੈ ਜਾਂਦੀ ਸੀ। ਸਾਰੀ-ਸਾਰੀ ਫਸਲ ਸਾੜ ਦਿੱਤੀ ਜਾਂਦੀ ਸੀ। ਡੰਗਰ ਆਦਿ ਖੋਹਲ ਕੇ ਘਰੋਂ ਭਜਾ ਦਿੱਤੇ ਜਾਂਦੇ ਸਨ।

ਅਖੀਰ ਬੱਬਰਾਂ ਨੇ ਇਕ ਵੱਡੀ ਕਾਰਵਾਈ ਵਿਚ ਇਲਾਕੇ ਦੇ ਕਈ ਮੁਖਬਰਾਂ ਨੂੰ ਸੋਧਿਆ ਅਤੇ ਉਨ੍ਹਾਂ ਦੀਆਂ ਫਸਲਾਂ ਆਦਿ ਨੂੰ ਟਰੈਕਟਰਾਂ ਨਾਲ ਵਾਹ ਦਿੱਤਾ, ਸਾੜ ਦਿੱਤਾ, ਫਿਰ ਪਰਿਵਾਰ ਕੁਝ ਸਮੇਂ ਲਈ ਘਰੇ ਟਿਕ ਸਕੇ। ਇਕ ਵਾਰ ਪੁਲਿਸ ਨੇ ਸਾਰਾ ਪਰਿਵਾਰ ਜੇਲ੍ਹ ਭੇਜ ਦਿੱਤਾ, ਫਿਰ ਪਿੰਡ ਨੇ ਇਕੱਠਾ ਕਰਕੇ ਇਨ੍ਹਾਂ ਦੀ ਸਾਰੀ ਕਣਕ ਅਤੇ ਤੂੜੀ ਸਾੜੀ।

ਇਕ ਮੁੱਠਭੇੜ ਵਿਚ ਪੁਲਿਸ ਦਾ ਕਾਫੀ ਨੁਕਸਾਨ ਹੋ ਗਿਆ ਸੀ ਤਾਂ ਇਕ ਸ਼ਰਮੇ ਨਾਮ ਦੇ ਪੁਲਿਸ ਇੰਸਪੈਕਟਰ ਨੇ ਭਾਈ ਸਾਹਿਬ ਜੀ ਦੀ ਮਾਤਾ ਜੀ ਦਾ ਬਹੁਤ ਹੀ ਅਪਮਾਨ ਕੀਤਾ ਸੀ। ਬੋਲ ਕਬੋਲ, ਗਾਲ੍ਹਾਂ ਤੋਂ ਇਲਾਵਾ ਕੁੱਟਮਾਰ ਤੱਕ ਕੀਤੀ ਗਈ ਸੀ।

ਮਾਂ ਨੇ ਬੇਘੇ ਨੂੰ ਇਕ ਤਾਹਨਾ ਵੀ ਮਾਰਿਆ ਕਿ ਵੇ ਸਾਨੂੰ ਸਾਰਿਆਂ ਨੂੰ ਮਾਰ ਕੇ ਘਰ ਛੱਡ ਜਾਂਦਾ। ਕੋਈ ਦੁੱਖ ਨਾ ਹੁੰਦਾ। ਇਹ ਜ਼ਾਲਮ ਸਾਨੂੰ ਹਰ ਰੋਜ਼ ਮਾਰਦੇ ਹਨ। ਪਿਤਾ ਜੀ ਤਸ਼ੱਦਦ ਦੇ ਨਾਲ ਘਰ ਪੂਰੇ ਹੋ ਗਏ ਸਨ। ਭਰਾਵਾਂ 'ਤੇ ਇਸ ਕਦਰ ਤਸ਼ੱਦਦ ਹੋਇਆ ਕਿ ਉਹ ਤੁਰ ਵੀ ਨਹੀਂ ਸਕਦੇ।

ਭਾਈ ਸਾਹਿਬ ਜੀ ਦਾ ਛੋਟਾ ਭਰਾ ਜਰਨੈਲ ਸਿੰਘ ਪੁਲਿਸ ਦੇ ਨਿੱਤ ਦੇ ਜ਼ੁਲਮ ਤੋਂ ਅੱਕ ਕੇ ਘਰ ਛੱਡ ਕੇ ਬਾਹਰ ਦਿਹਾੜੀਆਂ ਕਰਕੇ ਸਮਾਂ ਪਾਸ ਕਰਨ ਲੱਗ ਪਿਆ ਸੀ। ਪਰ ਪੁਲਿਸ ਜਰਨੈਲ ਸਿੰਘ ਕਾਰਨ ਵੀ ਤੰਗ ਕਰਦੀ ਆ ਰਹੀ ਸੀ। ਭਾਈ ਸਾਹਿਬ ਦੇ ਸ਼ਹੀਦ ਹੋਣ ਤੋਂ ਤਿੰਨ ਸਾਲ ਬਾਅਦ ਪੰਚਾਇਤ ਨੇ ਜਰਨੈਲ ਸਿੰਘ ਨੂੰ ਮਾਨਸਾ ਥਾਣੇ ਵਿਚ ਇੰਸਪੈਕਟਰ ਗੁਰਜੀਤ ਸਿੰਘ ਕੋਲ ਪੇਸ਼ ਕਰਵਾ ਦਿੱਤਾ ਸੀ। ਜਰਨੈਲ ਸਿੰਘ ਕੋਰਾ ਅਨਪੜ੍ਹ ਸੀ। ਪੁਲਿਸ ਉਸ ਨੂੰ ਇਕ ਬੱਬਰ ਦਾ ਭਰਾ ਹੋਣ ਦੀ ਸਜ਼ਾ ਦੇ ਰਹੀ ਸੀ। ਲੋਕ ਦੱਸਦੇ ਹਨ ਕਿ ਜੰਡਕੀਆਂ ਥਾਣੇ ਵਿਚ ਉਸ ਦਾ ਕਰੰਟ ਲਾ ਲਾ ਕੇ ਮੱਥਾ ਸਾੜ੍ਹ ਦਿੱਤਾ ਗਿਆ ਸੀ। ਪਰਿਵਾਰ ਨੇ ਜਰਨੈਲ ਸਿੰਘ ਨੂੰ ਭਾਲਣ ਲਈ ਆਪਣੀ ਜ਼ਮੀਨ ਬੈਅ ਕਰਕੇ ਵੀ ਪੁਲਿਸ ਦਾ ਢਿੱਡ ਭਰਿਆ, ਬਰਨਾਲਾ ਪੁਲਿਸ ਨੂੰ ਜ਼ਮੀਨ ਵੇਚ ਕੇ ਤਿੰਨ ਲੱਖ ਰੁਪਏ ਦਿੱਤੇ। ਪਰ ਜਰਨੈਲ ਸਿੰਘ ਮੁੜ ਘਰੇ ਨਹੀਂ ਪਰਤਿਆ। ਪਰਿਵਾਰ ਨੇ, ਪੰਚਾਇਤ ਨੇ ਕੋਈ ਅਦਾਲਤ, ਕੋਈ ਅਫਸਰ, ਕੋਈ ਮਨੁੱਖੀ ਅਧਿਕਾਰ ਸੰਗਠਨ, ਕੋਈ ਲੀਡਰ ਨਹੀਂ ਛੱਡਿਆ ਜੋ ਮਾਨਸਾ ਥਾਣੇ ਵਿਚੋਂ ਜਰਨੈਲ ਨੂੰ ਵਾਪਸ ਲਿਆ ਦੇਵੇ। ਮਾਨਸਾ ਥਾਣੇ ਵਾਲਿਆਂ ਇਕ ਹੀ ਗੱਲ ਆਖ ਦਿੱਤੀ ਕਿ ਉਹ ਥਾਣੇ 'ਚੋਂ ਭੱਜ ਗਿਆ ਹੈ। ਪਰਿਵਾਰ ਨੇ ਹੁਣ ਤੱਕ ਵੀ ਉਸ ਦੀ ਕੋਈ ਅੰਤਿਮ ਰਸਮ ਪੂਰੀ ਨਹੀਂ ਕੀਤੀ। ਡਰ ਅਤੇ ਸਹਿਮ ਅਜੇ ਤੱਕ ਪਰਿਵਾਰ ਦੇ ਸਿਰ ਮੰਡਰਾ ਰਿਹਾ ਹੈ।

ਭਾਈ ਸਾਹਿਬ ਦੇ ਪਰਿਵਾਰ ਉੱਪਰ ਪੁਲਿਸ ਦਾ ਕਹਿਰ ਸਿਆਸਤ ਤੋਂ ਪ੍ਰੇਰਤ ਸੀ।

ਕਈ ਸਮਾਂ ਸੀ ਹਲਕੇ ਦੇ ਬਲਵਿੰਦਰ ਸਿੰਘ ਭੂੰਦੜ ਵਰਗੇ ਅਕਾਲੀ ਦਲ ਦੇ ਘਾਗ ਸਿਆਸਤਦਾਨ ਵੀ ਭਾਈ ਗੁਰਬਖਸ਼ ਸਿੰਘ ਨੂੰ ਮਿਲਣਾ ਲੋਚਦੇ ਰਹਿੰਦੇ ਸਨ। ਖਾੜਕੂਆਂ ਵਲੋਂ ਵੋਟਾਂ ਦੇ ਬਾਈਕਾਟ ਦੌਰਾਨ ਸਿਆਸੀ ਲੋਕਾਂ ਦੇ ਸਿਰਾਂ ਉਪਰੋਂ ਲੰਘੀਆਂ ਗੋਲੀਆਂ ਵੀ ਪਰਿਵਾਰਾਂ 'ਤੇ ਤਸ਼ੱਦਦ ਦਾ ਕਾਰਨ ਬਣੀਆਂ ਸਨ।

ਭਾਈ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੀ ਭੈਣ ਦੀ ਸ਼ਾਦੀ ਸੀ। ਨਾਲ ਦੇ ਸੰਗੀ ਸਾਥੀਆਂ ਨੇ ਆਪਣਾ ਫਰਜ਼ ਸਮਝਦਿਆਂ ਕੁਝ ਮਾਇਆ ਇਕੱਠੀ ਕਰਕੇ ਘਰ ਘੱਲੀ ਸੀ ਕਿ ਭੈਣ ਦੀ ਸ਼ਾਦੀ ਹੋ ਸਕੇ। ਪਰ ਇਸ ਗੱਲ ਦੀ ਮੁਖ਼ਬਰੀ ਵੀ ਪੁਲਿਸ ਕੋਲ ਹੋ ਗਈ, ਪੁਲਿਸ ਨੇ ਫਿਰ ਸਾਰਾ ਪਰਿਵਾਰ ਚੁੱਕ ਲਿਆ। ਜੋ ਭੈਣ ਦੀ ਸ਼ਾਦੀ ਲਈ ਦਾਜ ਵਗੈਰਾ ਅਤੇ ਹੋਰ ਸਮਾਨ ਬਣਾਇਆ ਸੀ ਪੁਲਿਸ ਸਭ ਕੁਝ ਚੁੱਕ ਕੇ ਲੈ ਗਈ। ਜੋ ਸਿੰਘਾਂ ਨੇ ਮਾਇਆ ਘੱਲੀ ਸੀ, ਉਹ ਪੁਲਿਸ ਨੇ ਕੌਡੀ ਕੌਡੀ ਕਰਕੇ ਪਰਿਵਾਰ ਦੇ ਹੱਡਾਂ ਵਿਚੋਂ ਕੱਢ ਲਈ ਸੀ, ਇਸ ਦਰਿੰਦਗੀ ਦਾ ਕਹਿਰ ਪਰਿਵਾਰ 'ਤੇ ਇਕ ਉਹ ਨਿਸ਼ਾਨ ਛੱਡ ਗਿਆ ਹੈ, ਜੋ ਹਿੰਦੁਸਤਾਨੀ ਲੋਕਤੰਤਰ 'ਤੇ ਇਕ ਨਾ ਮਿਟਣ ਵਾਲਾ ਥੱਪੜ ਹੈ।

ਪਰ ਵਾਰੇ ਜਾਈਏ ਪੰਜਾਬ ਪੁਲਿਸ ਦੀ ਬਹਾਦਰੀ ਦੇ, ਪੰਜਾਬ ਪੁਲਿਸ ਦੇ ਇਕ ਰਿਟਾਇਰਡ ਐਸ.ਐਸ.ਪੀ. ਸਰਦਾਰ ਹਰਦੇਵ ਸਿੰਘ ਧਾਲੀਵਾਲ, ਜੋ ਹੁਣ ਸੁਨਾਮ ਵਿਖੇ ਪੀਰਾਂ ਵਾਲਾ ਗੇਟ ਕੋਲ ਰਹਿੰਦੇ ਹਨ, ਨੇ ਰੋਜ਼ਾਨਾ ਪੰਜਾਬੀ ਅਖ਼ਬਾਰ 'ਸਪੋਕਸਮੈਨ' ਦੇ 17 ਅਪ੍ਰੈਲ ਦਿਨ ਮੰਗਲਵਾਰ 2007 ਨੂੰ ਛਪੇ ਅਖ਼ਬਾਰ ਦੇ ਪੰਨਾ 6 'ਤੇ ਇਕ ਲੇਖ ਲਿਖਿਆ ਹੈ, 'ਦੋ ਬੇੜੀਆਂ ਦਾ ਸਵਾਰ ਡੁੱਬਦਾ ਹੀ ਹੈ'। ਇਸ ਲੇਖ ਵਿਚ ਸ. ਧਾਲੀਵਾਲ ਨੇ ਭਾਈ ਗੁਰਬਖਸ਼ ਦੀ ਸ਼ਹਾਦਤ ਬਾਰੇ ਲੇਖ ਦੇ ਆਖਰੀ ਤਿੰਨ ਪਹਿਰਿਆਂ ਵਿਚ ਗੋਲਮੋਲ ਸੱਚ ਲਿਖ ਦਿੱਤਾ ਹੈ "ਕਿ ਭਾਈ ਸਾਹਿਬ ਨੇ ਪੱਖੋਂ ਕੈਂਚੀਆਂ ਕੋਲ ਪੁਲਿਸ ਵਲੋਂ ਇਕ ਬੀਬੀ ਦੇ ਭਰਾ ਵਲੋਂ ਪਹਿਚਾਨ ਜਾਣ 'ਤੇ ਭੱਜ ਕੇ ਲੁਕਣ ਵਲ ਇਕ ਨਾਲੀ ਦੀ ਪੁਲੀ ਹੇਠ ਸਾਇਨਾਇਡ ਖਾ ਲਈ ਸੀ। ਬਾਅਦ ਵਿਚ ਪੁਲਿਸ ਦੇ ਬੰਦੇ ਗੋਲੀਆਂ ਮਾਰਦੇ ਰਹੇ, ਸਾਰੇ ਹੀ ਆਖ ਰਹੇ ਸਨ ਮੈਂ ਮਾਰਿਆ ਹੈ, ਮੈਂ ਮਾਰਿਆ ਹੈ। ਰਿਟ. ਐਸ.ਐਸ.ਪੀ. ਧਾਲੀਵਾਲ ਨੇ ਪੰਜਾਬ ਪੁਲਿਸ ਬਾਰੇ ਇਹ ਲਫ਼ਜ਼ ਵਰਤੇ ਹਨ, "ਸਾਡੇ ਸਾਰੇ ਸ਼ੇਰ ਕਹਿਣ ਮੈਂ ਗੋਲੀ ਮਾਰੀ ਹੈ, ਮੈਂ ਗੋਲੀ ਮਾਰੀ ਹੈ।" ਪਰ ਉਸ ਦੀ ਮੌਤ ਦਾ ਕਾਰਨ ਸਾਇਨਾਇਡ ਸੀ, ਨਾ ਕਿ ਗੋਲੀ।

ਧਾਲੀਵਾਲ ਸਾਹਿਬ ਨੇ ਜੇ ਏਡਾ ਸੱਚ ਕਹਿ ਦਿੱਤਾ ਹੈ, ਫਿਰ ਉਹ ਹੋਰ ਬਹਾਦਰੀ ਵੀ ਲਿਖ ਦਿੰਦੇ, ਪਰਿਵਾਰ ਉਪਰ ਨਾ ਲਿਖਣ ਜੋਗ, ਨਾ ਝੱਲਣ ਜੋਗ ਕਹਿਰਾਂ ਦਾ ਜ਼ੁਲਮ ਕਿਉਂ ਅਤੇ ਕਿੰਨ੍ਹਾ ਵਲੋਂ ਕੀਤਾ ਜਾਂਦਾ ਰਿਹਾ ਹੈ? ਭਾਈ ਸਾਹਿਬ ਜੀ ਦੀ ਭੈਣ ਦੇ ਵਿਆਹ ਦਾ ਸਮਾਨ ਕਿਉਂ ਚੁੱਕ ਕੇ ਲੈ ਗਏ ਸਨ ਪੁਲਿਸ ਵਾਲੇ? ਭਾਈ ਸਾਹਿਬ ਦੇ ਗਰੀਬ ਭਰਾ ਜਰਨੈਲ ਸਿੰਘ ਨੂੰ ਕਿਥੇ ਮਾਰ ਕੇ ਲਾਸ਼ ਖੁਰਦ ਬੁਰਦ ਕਰ ਦਿੱਤੀ ਹੈ? ਜਰਨੈਲ ਸਿੰਘ ਦਾ ਕੀ ਕਸੂਰ ਸੀ? ਧਾਲੀਵਾਲ ਸਾਹਿਬ ਇਹ ਵੀ ਚੰਗੀ ਤਰ੍ਹਾਂ ਜੱਗ ਜ਼ਾਹਰ ਕਰ ਸਕਦੇ ਸਨ ਕਿ ਬੱਬਰ ਗੁਰਬਖਸ਼ ਸਿੰਘ ਦੇ ਘਰ ਦੀ ਇਕ ਇਕ ਇੱਟ, ਜ਼ਮੀਨ ਦਾ ਇਕ-ਇਕ ਇੰਚ, ਹਿੰਦੁਸਤਾਨੀ ਹਕੂਮਤ ਦੇ ਕਾਲੇ ਕਾਰਨਾਮਿਆਂ ਦੀ ਉਹ ਸੱਚਾਈ ਹੈ ਜੋ ਅਣਖੀ ਕੌਮ ਕਦੇ ਭੁਲਾ ਨਹੀਂ ਸਕਦੀ। ਜੋ ਹਰ ਉਸ ਗ਼ੈਰਤਮੰਦ ਸਿੰਘ ਲਈ ਵੰਗਾਰ ਹੈ, ਜੋ ਸੱਚ ਅਤੇ

ਅਜ਼ਾਦੀ ਦਾ ਚਾਹਵਾਨ ਹੈ

ਅਸਲ ਵਿਚ ਭਾਈ ਗੁਰਬਖਸ਼ ਸਿੰਘ ਤਪੇ ਕੈਂਚੀਆਂ 'ਤੇ 4 ਜੂਨ 1990 ਵਾਲੇ ਦਿਨ ਤਿੰਨ ਸਾਢੇ ਤਿੰਨ ਵਜੇ ਕਿਸੇ ਦੀ ਉਡੀਕ ਵਿਚ ਖੜ੍ਹੇ ਸਨ ਕਿ ਭੂਚੋ ਵਾਲੇ ਪਾਸਿਓਂ ਥਾਣੇਦਾਰ ਜਗਿੰਦਰ ਸਿੰਘ ਦੀ ਕੋਟ ਗਸ਼ਤੀ ਪਾਰਟੀ ਤਪੇ ਕੈਂਚੀਆਂ ਤੇ ਚਾਹ ਪਾਣੀ ਨੂੰ ਰੁਕੀ। ਭਾਈ ਸਾਹਿਬ ਇਸ ਪੁਲਿਸ ਪਾਰਟੀ ਨੂੰ ਵੇਖ ਕੇ ਉਥੋਂ ਖਿਸਕ ਗਏ ਸਨ ਅਤੇ ਇਕ ਨਾਲ ਦੀ ਗਲੀ ਵਿਚ ਲੁਕ ਗਏ ਸਨ। ਪੁਲਿਸ ਦੀਆਂ ਵੱਖਰੀ ਵੱਖਰੀਆਂ ਪਾਰਟੀਆਂ ਕੋਲ ਬਲਵਿੰਦਰ ਸਿੰਘ ਅਤੇ ਉਸ ਦੀ ਭੈਣ ਗੁੱਡੀ ਜੋ ਮੋੜੀ ਵਿਆਹੀ ਹਈ ਸੀ, ਫੜ ਕੇ ਰੱਖੇ ਹੋਏ ਸਨ। ਇਹ ਪਿੰਡ ਘੰਟਸਾਂ ਦੇ ਸਨ। ਇਹ ਦੋਹਾਂ ਖਾੜਕੂ ਸਿੰਘਾਂ ਨੂੰ ਜਾਣਦੇ ਪਹਿਚਾਣਦੇ ਸਨ। ਬਲਵਿੰਦਰ ਸਿੰਘ ਦੀ ਭੈਣ ਚਾਹੁੰਦੀ ਸੀ ਕਿ ਉਸ ਦਾ ਇਕੱਲਾ ਇਕੱਲਾ ਭਰਾ ਬਚ ਜਾਵੇ ਪਰ ਪੁਲਿਸ ਨੇ ਦੋਹਾਂ ਨੂੰ ਪਾਰ ਲੰਘਾ ਦਿੱਤਾ। ਗੱਲ ਇਹ ਫੈਲਾ ਦਿੱਤੀ ਕਿ ਇਹ ਅਗਸਤ ਦੇ ਮਹੀਨੇ ਭਟਕੇ ਹੋਏ ਮੁੰਡਿਆਂ (ਅੱਤਵਾਦੀਆਂ) ਨੇ ਨਵਾਂਪਰ ਨਹਿਰ ਦੇ ਪੁਲ 'ਤੇ ਮਾਰ ਦਿੱਤੇ ਸਨ ਕਿਉਂਕਿ ਬੋਘ ਬੱਬਰ ਦੀ ਮੌਤ ਦਾ ਕਾਰਨ ਇਹ ਸਨ, ਇਸ ਕਾਰਨ ਅੱਤਵਾਦੀਆਂ ਨੇ ਮਾਰ ਦਿੱਤੇ ਸਨ।

ਪਰ ਇਹ ਬੀਬੀ ਸਰਕਾਰੀ ਹੱਵਸ ਦੀ ਸ਼ਿਕਾਰ ਹੋ ਗਈ ਸੀ ਅਤੇ ਨਾ ਹੀ ਆਪਣੇ ਭਰਾ ਨੂੰ ਬਚਾ ਸਕੀ ਸੀ

ਭਾਈ ਗੁਰਬਖਸ਼ ਸਿੰਘ ਦੀ ਬਾਜ਼ ਅੱਖ ਨੇ ਜਦੋਂ ਇਨ੍ਹਾਂ ਨੂੰ ਪੁਲਿਸ ਪਾਰਟੀ ਕੋਲ ਵੇਖਿਆ ਤਾਂ ਉਹ ਉਥੋਂ ਭੱਜ ਕੇ ਇਕ ਨਾਲ ਦੀ ਪੁਲੀ ਹੇਠ ਲੁਕ ਗਏ ਸਨ, ਜਦੋਂ ਇਕ ਜਣ ਬਿਜਲੀ ਦੇ ਮਕੈਨਿਕ ਵਲੋਂ ਭਾਈ ਸਾਹਿਬ ਬਾਰੇ ਇਸ਼ਾਰਾ ਕਰਕੇ ਦੱਸ ਦਿੱਤਾ ਕਿ ਉਹ ਨਾਲ ਦੀ ਪੁਲੀ ਹੇਠ ਹਨ ਤਾਂ ਪੁਲਿਸ ਵਲੋਂ ਲਲਕਾਰ ਜਾਣ 'ਤੇ ਉਨ੍ਹਾਂ ਸਾਇਨਾਇਡ ਫੱਕ ਲਈ ਸੀ ਬਾਅਦ ਵਿਚ ਪੰਜਾਬ ਪੁਲਿਸ ਦੇ ਸ਼ੇਰ ਗੋਲੀਆਂ ਮਾਰਦੇ ਰਹੇ।

ਭਾਈ ਗੁਰਬਖਸ਼ ਸਿੰਘ ਬੱਬਰ ਇਕ ਕੌਮ ਦੀ ਅਜ਼ਾਦੀ ਦੇ ਸੰਗਰਾਮ ਦਾ ਇਤਿਹਾਸ ਹੈ। ਜਿਸ ਦਾ ਰੋਮ ਰੋਮ ਕੁਰਬਾਨੀ ਸੰਗ ਸਿੰਜਿਆ ਹੋਇਆ ਉਹ ਸੁਨਹਿਰੀ ਪੱਤਰਾ ਹੈ, ਜੋ ਆਪਣੇ ਪਰਿਵਾਰ ਨੂੰ ਗੁਰਖੰਡ ਸਗੋਂ ਰੁਲਣ ਘੁਲਣ ਲਈ ਛੱਡ ਗਿਆ ਹੈ ਤਾਂ ਕਿ?

ਮੈਂ ਉਜੜਾਂ ਮੇਰਾ ਪੰਥ ਵਸੇ।

ਪੰਥ ਵਾਲਿਓ ਫੁਰਸਤ ਦੇ ਪੱਲ ਐਸ਼ਪ੍ਰਸਤੀ ਵਿਚੋਂ ਕੱਢ ਕੇ ਇਸ ਘਰ ਗੇੜਾ ਜ਼ਰੂਰ ਮਾਰਨਾ।

ਧੰਨ ਹੈ ਬੱਬਰ ਗੁਰਬਖਸ਼ ਸਿੰਘ, ਤੂੰ ਧੰਨ ਹੈ।

# ਭਾਈ ਮੇਹਰਬਾਨ ਸਿੰਘ ਬੱਬਰ ਸ਼ਹੀਦ ਬੁੱਟਰ

ਭਾਈ ਮੇਹਰਬਾਨ ਸਿੰਘ ਬੱਬਰ ਇਕ ਸਾਦਗੀ, ਇਕ ਸੱਚ, ਇਕ ਸੂਝ ਦੀ ਮਿਸਾਲ ਸਨ। ਆਪ ਜੀ ਬਚਪਨ ਤੋਂ ਹੀ ਸਿੱਖੀ ਭਾਵਨਾ ਵਾਲ਼ ਜੀਵਨ ਕਰਕੇ ਹਰ ਇਕ ਦੀ ਪਹਿਚਾਨ ਵਿਚ ਸਨ। ਜਦੋਂ ਆਪ ਨੌਵੀਂ ਜਮਾਤ ਵਿਚ ਪੜ੍ਹਦ ਸਨ ਤਾਂ ਆਪ ਜੀ ਨੇ ਗੁਰੂ ਸਾਹਿਬ ਜੀ ਦੀ ਬਖਸ਼ੀ ਦਾਤ ਅੰਮ੍ਰਿਤ ਛਕ ਲਿਆ ਸੀ। ਆਪ ਜੀ ਹਮੇਸ਼ਾ ਆਪਣੇ ਮੂੰਹੋਂ ਕੋਈ ਨਾ ਕੋਈ ਸ਼ਬਦ ਗੁਣਗੁਣਾਉਂਦੇ ਰਹਿੰਦੇ ਸਨ। ਘਰੋਂ ਧਾਰਮਿਕ ਕੈਸਟਾਂ ਦਾ ਬੋਲਬਾਲਾ ਸੀ ਕਦੇ ਵੀ ਕਿਸੇ ਨੂੰ ਲੱਚਰ ਗੀਤ ਨਹੀਂ ਗਾਉਣ ਜਾਂ ਵਜਾਉਣ ਦਿੰਦੇ ਸਨ।

ਆਪ ਜੀ ਦਾ ਜਨਮ ਨਾਨਕੇ ਪਿੰਡ ਦਿਪ ਸਿੰਘ ਵਾਲਾ ਵਿਖੇ ਵਿਖੇ 10 ਜੇਠ 7 ਅਗਸਤ 1969 ਦਿਨ ਵੀਰਵਾਰ ਨੂੰ ਹੋਇਆ। ਆਪ ਦੀ ਮਾਤਾ ਜੀ ਦਾ ਨਾਮ ਗੁਰਮੇਲ ਕੌਰ ਅਤੇ ਪਿਤਾ ਜੀ ਦਾ ਨਾਮ ਸਰਦਾਰ ਸਾਧੂ ਸਿੰਘ ਹੈ। ਆਪ ਜੀ ਦੀਆਂ ਦੋ ਭੈਣਾਂ ਅਤੇ ਇਕ ਭਰਾ ਧਰਮਵੀਰ ਸਿੰਘ ਹੈ। ਜੋ ਪੋਲੀਓ ਦੀ ਬਿਮਾਰੀ ਕਾਰਨ ਅਪਾਹਜ ਹੈ। ਆਪ ਜੀ ਨੇ ਪੰਜਵੀਂ ਜਮਾਤ ਆਪਣੇ ਨਾਨਕੇ ਪਿੰਡ ਤੋਂ ਪਾਸ ਕੀਤੀ ਅਤੇ ਫਿਰ ਦਸਵੀਂ ਜਮਾਤ ਪਿੰਡ ਭਲਾਈਆਣਾ ਤੋਂ ਪਾਸ ਕੀਤੀ ਨੌਕਰੀ ਨਾ ਮਿਲਣ ਕਾਰਨ ਖੇਤੀ ਦਾ ਕੰਮ ਕਰਨ ਲੱਗ ਪਏ।

ਗੁਪਤ ਰੂਪ ਵਿਚ ਆਪ ਜੀ ਚਲਦੇ ਵਹੀਰ ਦੇ ਬੱਬਰ ਸਿੰਘਾਂ ਨਾਲ ਮੇਲ ਜੋਲ ਰੱਖਣ ਲੱਗ ਪਏ। ਕਿਸੇ ਮੁਖਬਰ ਦੀ ਸੂਹ 'ਤੇ ਭਾਈ ਕਹਰ ਸਿੰਘ ਬੱਬਰ ਬਬਾਲ ਜੈਤੋਂ ਪੁਲਿਸ ਵਲੋਂ ਫੜੇ ਗਏ। ਇਸ ਹੀ ਮੁਖਬਰ ਨੇ ਭਾਈ ਮੇਹਰਬਾਨ ਸਿੰਘ ਬਾਰੇ ਵੀ ਮੁਖਬਰੀ ਕਰ ਦਿੱਤੀ। ਬਠਿੰਡਾ ਦੇ ਸੀ ਆਈ ਏ ਸਟਾਫ ਨੇ ਭਾਈ ਮੇਹਰਬਾਨ ਸਿੰਘ ਨੂੰ ਘਰੋਂ ਚੁਕ ਲਿਆ ਅਤੇ ਲਗਾਤਾਰ ਇਕ ਮਹੀਨਾ ਤਸ਼ੱਦਦ ਕਰਕੇ ਫਿਰ ਮੁਕਤਸਰ ਦੀ ਪੁਲਿਸ ਨੂੰ ਦੇ ਦਿੱਤਾ। ਮੁਕਤਸਰ ਦੀ ਪੁਲਿਸ ਨੇ ਕਈ ਫਰਜ਼ੀ ਕੇਸ ਪਾ ਕੇ ਆਪ ਜੀ ਨੂੰ ਫਰੀਦਕੋਟ ਦੀ ਜੇਲ੍ਹ ਵਿਚ ਭੇਜ ਦਿੱਤਾ, ਜਿਥੋਂ ਅੱਠ ਮਹੀਨਿਆਂ ਬਾਅਦ ਸੰਗਰੂਰ ਜੇਲ੍ਹ ਭੇਜ ਦਿੱਤਾ ਗਿਆ ਤੇ ਜਿਥੋਂ ਚਾਰ ਮਹੀਨਿਆਂ ਬਾਅਦ ਆਪ ਬਰੀ ਹੋ ਗਏ ਸਨ। ਆਪ ਜੀ ਪੂਰਨ ਰੂਪ ਵਿਚ ਭਾਈ ਦਰਸ਼ਨ ਸਿੰਘ ਬੱਬਰ ਅਤੇ ਭਾਈ ਬਲਵਿੰਦਰ ਸਿੰਘ ਬੱਬਰ ਰੰਗਾ ਨਾਲ ਜੁੜ ਕੇ ਬੱਬਰ ਖ਼ਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਗਏ ਸਨ। ਆਪ ਜੀ ਭਾਈ ਦਰਸ਼ਨ ਸਿੰਘ ਨੂੰ ਆਪਣੇ ਪਿਤਾ ਦੇ ਸਮਾਨ ਦਰਜਾ ਦਿੰਦੇ ਸਨ। ਜਦੋਂ ਮਾਨ ਸਾਹਿਬ ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਤੇ ਆਪ ਜੀ ਨੂੰ 31 ਮਾਰਚ 1990 ਨੂੰ ਇਲਾਕੇ ਦੇ ਹੋਰ ਸਿੰਘਾਂ ਸਮੇਤ ਐਸ ਐਚ ਓ ਨੇ ਕੋਟ ਭਾਈ ਥਾਨੇ ਵਿਚ ਬੁਲਾ ਲਿਆ। ਭਾਈ ਸਾਹਿਬ ਫਿਰ ਤਸ਼ੱਦਦ ਦਾ ਸ਼ਿਕਾਰ ਹੋ ਗਏ। ਥਾਣੇ ਵਿਚ ਝੱਲੀ ਜ਼ਲਾਲਤ ਨੂੰ ਹਿੱਕ 'ਤੇ ਪੱਥਰ ਰੱਖ ਕੇ ਝੱਲ ਲਿਆ

ਆਪ ਜੀ ਦੀ ਸ਼ਾਦੀ ਬੀਬੀ ਮਨਦੀਪ ਕੌਰ ਨਾਲ ਹੋਈ ਅਤੇ ਆਪ ਜੀ ਦੇ ਘਰ ਇਕ ਲੜਕੇ ਸਤਿੰਦਰ ਸਿੰਘ ਨੇ ਜਨਮ ਲਿਆ। ਇਕ ਵਾਰ ਫਰੀਦਕੋਟ ਪੁਲਿਸ ਦੇ ਸੀ ਆਈ ਏ

ਸਟਾਫ਼ ਨੇ ਘਰੇ ਛਾਪਾ ਮਾਰਿਆ ਤਾਂ ਆਪ ਜੀ ਪੁਲਿਸ ਦੀ ਗ੍ਰਿਫ਼ਤ ਵਿਚੋਂ ਬੱਚ ਨਿਕਲੇ ਪਰ ਪੁਲਿਸ ਆਪ ਜੀ ਦੇ ਸਾਰੇ ਪਰਿਵਾਰ ਨੂੰ ਚੁੱਕ ਕੇ ਲੈ ਗਈ। ਆਪ ਜੀ ਉਸ ਦਿਨ ਤੋਂ ਬਾਅਦ ਵਾਪਸ ਘਰੇ ਨਹੀਂ ਆਏ। ਆਪ ਜੀ ਨੂੰ ਭਗੋੜਾ ਕਰਾਰ ਦੇ ਦਿੱਤਾ ਗਿਆ। ਅਜ਼ਾਦੀ ਦੀ ਜੰਗ ਨੂੰ ਤੇਜ਼ ਕਰਨ ਲਈ ਦਿਨ ਰਾਤ ਜੁੱਟ ਗਏ। ਆਪ ਜੀ ਤੇ ਪਹਿਲਾਂ ਹੀ ਪੁਲਿਸ ਨੇ ਇੰਨਾ ਜ਼ੁਲਮ ਕੀਤਾ ਸੀ ਕਿ ਆਪ ਜੀ ਨੇ ਫੈਸਲਾ ਕਰ ਲਿਆ ਸੀ ਹੁਣ ਜਿਊਂਦਾ ਪੁਲਿਸ ਦੇ ਹੱਥ ਨਹੀਂ ਆਵਾਂਗਾ।

ਸੰਨ 1993 ਸੱਤ ਫਰਵਰੀ ਦਿਨ ਐਤਵਾਰ ਨੂੰ ਰਾਤ ਦੇ ਕਰੀਬ ਦੱਸ ਵਜੇ ਆਪ ਜੀ ਜਦੋਂ ਕਿਸੇ ਕੰਮ ਆਪਣੇ ਹੀ ਜੱਦੀ ਪਿੰਡ ਗਏ ਤਾਂ ਪੁਲਿਸ ਵਲੋਂ ਵਿਛਾਏ ਜਾਲ ਵਿਚ ਘਿਰ ਗਏ ਪੁਲਿਸ ਵਲੋਂ ਲਲਕਾਰੇ ਜਾਣ ਤੇ ਆਪ ਜੀ ਨੇ ਬਾਹਰ ਆ ਕੇ ਸਾਇਨਾਈਡ ਨਿਗਲ ਲਈ। ਪਰ ਆਪ ਪੁਲਿਸ ਦੇ ਹੱਥ ਜਿਊਂਦੇ ਨਹੀਂ ਆਏ।

ਬਾਅਦ ਵਿਚ ਪੰਜਾਬ ਪੁਲਿਸ ਵਲੋਂ ਲਾਸ਼ਾਂ ਨਾਲ ਮੁਕਾਬਲੇ ਕਰਨ ਦੀ ਖੇਡ ਤਹਿਤ ਹੀ ਭਾਈ ਸਾਹਿਬ ਨੂੰ ਮੁਕਾਬਲੇ ਵਿਚ ਮਾਰਨ ਦਾ ਦਾਅਵਾ ਕੀਤਾ ਗਿਆ

ਬੱਬਰ ਮੇਹਰਬਾਨ ਸਿੰਘ ਦੀ ਮਹਰਬਾਨੀ ਹੀ ਸੀ ਕਿ ਆਪਣੇ ਸੰਘਰਸ਼ ਨੂੰ ਆਪਣੀ ਸ਼ਹਾਦਤ ਨਾਲ ਜਿੰਦਾ ਰੱਖਿਆ।

# ਭਾਈ ਪਰਮਜੀਤ ਸਿੰਘ ਬੱਬਰ ਫੂਲੇਵਾਲਾ

ਪਿੰਡ ਫੂਲੇਵਾਲਾ ਜ਼ਿਲ੍ਹਾ ਮੋਗਾ ਅੰਦਰ ਬਾਘਾਪੁਰਾਣਾ ਤੋਂ ਨੇੜੇ ਹੀ ਹੈ। ਪਿੰਡ ਅੰਦਰ ਵੜਦਿਆਂ ਖੱਬੇ ਹੱਥ ਮੁੜ ਕੇ ਇਕ ਤੰਗ ਜਿਹੀ ਗਲੀ ਦੇ ਮੋੜ 'ਤੇ ਇਕ ਸਧਾਰਨ ਘਰ ਦੇ ਅੰਦਰ ਸਾਹਮਣੇ ਇਕ ਕਮਰਾ ਹੈ। ਕਮਰੇ ਵਿਚ ਦਾਖਲ ਹੁੰਦਿਆਂ ਹੀ ਸਾਹਮਣੇ ਇਕ ਲੋਹੇ ਦੀ ਪੇਟੀ ਪਈ ਹੈ। ਪੇਟੀ ਦੇ ਨਾਲ ਹੀ ਇਕ ਮੰਜੇ ਉਪਰ ਇਕ ਮਾਂ ਬੈਠੀ ਹੈ।

ਭਾਈ ਪਰਮਜੀਤ ਸਿੰਘ ਬੱਬਰ ਦੇ ਘਰ ਜਾਣ ਵਿਚ ਕੋਈ ਜ਼ਿਆਦਾ ਦਿੱਕਤ ਮਹਿਸੂਸ ਨਹੀਂ ਹੋਈ। ਜਦੋਂ ਇਕ ਪੰਦਰਾਂ ਕੁ ਸਾਲ ਦੇ ਮੁੰਡੇ ਨੂੰ ਭਾਈ ਸਾਹਿਬ ਦਾ ਨਾਮ ਲੈ ਕੇ ਘਰ ਪੁੱਛਿਆ ਤਾਂ ਉਸ ਕਿਹਾ ਭਾਈ ਪੰਮੇ ਬੱਬਰ ਨੂੰ ਕੌਣ ਨਹੀਂ ਜਾਣਦਾ, ਉਸ ਨੇ ਨਾਲ ਤੁਰ ਕੇ ਘਰ ਦੱਸ ਦਿੱਤਾ

ਭਾਈ ਸਾਹਿਬ ਜੀ ਦੇ ਮਾਤਾ ਰਣਜੀਤ ਕੌਰ ਜੀ ਘਰ ਮੰਜੇ ਉਪਰ ਬੈਠੇ ਹੀ ਮਿਲ ਗਏ। ਲੰਮੇ ਸੰਤਾਪ ਨਾਲ ਸਰੀਰ ਕਾਫੀ ਬੋਝਲ ਹੋਇਆ ਪਿਆ ਸੀ। ਕਈ ਬਿਮਾਰੀਆਂ ਦਾ ਭਾਰ ਤਨ 'ਤੇ ਚੁੱਕੀ ਬੈਠੇ ਸਨ। "ਪੁੱਤ ਮੇਰੇ ਤੋਂ ਉਠ ਤਾਂ ਜ਼ਿਆਦਾ ਹੁੰਦਾ ਨਹੀਂ, ਉਰ ਹਵੇ ਤੁਹਾਡੇ ਸਿਰ ਪਲੋਸਾਂ, ਮੈਨੂੰ ਤਾਂ ਤੁਸੀਂ ਪੰਮੇ, ਪ੍ਰਭ ਵਰਗੇ ਹੀ ਲੱਗਦੇ ਹੋ"

ਮਾਤਾ ਜੀ ਦੋ ਪੁੱਤਾਂ ਦੀ ਸ਼ਹਾਦਤ ਦਾ ਮਾਣ ਆਪਣੇ ਅੰਦਰ ਸਮਾਈ ਪੇਟੀ ਸਰਹਾਣੇ ਪਏ ਮੰਜੇ ਉਪਰ ਹੀ ਬੈਠੇ ਰਹਿੰਦੇ ਹਨ। ਮਾਤਾ ਰਣਜੀਤ ਕੌਰ ਆਪਣੇ ਪੁੱਤਾਂ ਦੀਆਂ ਗੱਲਾਂ ਬੜੇ ਹੀ ਭਰੇ ਮਨ ਨਾਲ ਪਰ ਗੜ੍ਹਕਵੀਂ ਆਵਾਜ਼ ਵਿਚ ਦੱਸਦੇ ਹਨ। ਭਾਈ ਸਾਹਿਬ ਪੰਜ ਭੈਣ ਭਰਾਵਾਂ ਵਿਚੋਂ ਦੋ ਭੈਣਾਂ ਤੋਂ ਛੋਟੇ ਅਤੇ ਇਕ ਭੈਣ ਅਤੇ ਭਰਾ ਪ੍ਰਭਜੀਤ ਸਿੰਘ ਤੋਂ ਵੱਡੇ ਸਨ। ਆਪ ਜੀ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਫੂਲੇਵਾਲ ਤੋਂ ਹੀ ਕੀਤੀ ਸੀ। ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਆਪ ਜੀ ਆਪਣੇ ਪਿਤਾ ਸ. ਹਰਨੇਕ ਸਿੰਘ ਨਾਲ ਖੇਤੀਬਾੜੀ ਦੇ ਕੰਮ ਵਿਚ ਹੀ ਜੁਟ ਗਏ ਸਨ। ਤਿੰਨ ਸਾਲ ਦੇ ਕਰੀਬ ਖੇਤੀਬਾੜੀ ਕਰਨ ਤੋਂ ਬਾਅਦ ਆਪ ਜੀ ਨੇ ਤਲਵੰਡੀ ਸਾਬੋ ਕੀ ਦਮਦਮਾ ਸਾਹਿਬ ਵਿਖੇ ਟਾਇਰਾਂ ਦੀ ਵਰਕਸ਼ਾਪ ਖੋਲ੍ਹ ਲਈ ਸੀ।

ਜੂਨ 1984 ਵਿਚ ਕੇਂਦਰ ਦੀ ਦਿੱਲੀ ਸਰਕਾਰ ਵਲੋਂ ਕੌਮ ਦੇ ਗੁਰਧਾਮਾਂ 'ਤੇ ਕੀਤੇ ਗਏ ਫੌਜੀ ਹਮਲਿਆਂ ਕਾਰਨ ਆਪ ਜੀ ਦਾ ਹਿਰਦਾ ਵਲੂੰਧਰਿਆ ਗਿਆ। ਫੌਜ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਕੀਤੀ ਅੱਖੀਂ ਦੇਖੀ ਨਿਰਾਦਰੀ ਨੇ ਆਪ ਜੀ ਦੀ ਅਣਖੀਲੀ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੱਤਾ.

ਗੁਰਧਾਮਾਂ ਦੀ ਬੇਅਦਬੀ ਲਈ ਜ਼ੁੰਮੇਵਾਰ ਸਰਕਾਰ ਤੋਂ ਬਦਲਾ ਲੈਣ ਦੀ ਮਨ ਵਿਚ ਤਾਂਘ ਪੈਦਾ ਹੋਈ। ਜਿਸ ਕਾਰਨ ਆਪ ਜੀ ਕੌਮੀ ਜੁਝਾਰੂਆਂ ਦੇ ਸੰਪਰਕ ਵਿਚ ਆਏ। ਜਦੋਂ ਧਰਮਯੁੱਧ ਮੋਰਚੇ ਦੌਰਾਨ ਪੰਥਕ ਲੀਡਰਾਂ ਵਲੋਂ ਰਸਤਾ ਰੋਕਣ ਦਾ ਐਲਾਨ ਕੀਤਾ ਗਿਆ ਤਾਂ ਬਾਘੇ ਪੁਰਾਣੇ ਦੇ ਬੁੱਚੜਗਰਦੀ ਲਈ ਮਸ਼ਹੂਰ ਥਾਣੇਦਾਰ ਮਿੱਤ ਸਿੰਘ ਨੇ ਆਪ ਜੀ ਦੇ

ਚਾਚਾ ਸਰਦਾਰ ਸਾਧੂ ਸਿੰਘ ਭੂਲੇਵਾਲ ਨੂੰ ਘਰੋਂ ਚੁੱਕ ਕੇ ਅੰਨ੍ਹਾ ਤਸ਼ੱਦਦ ਕਰਨ ਤੋਂ ਬਾਅਦ ਇਕ ਫਰਜ਼ੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸ ਘਟਨਾ ਨੇ ਆਪ ਜੀ ਨੂੰ ਮਾਨਸਿਕ ਪੀੜਾ ਦੇ ਨਾਲ ਤਨੋਂ ਮਨੋਂ ਹਿਲਾ ਦਿੱਤਾ।

ਸੰਘਰਸ਼ ਅੰਦਰ ਸ਼ਾਮਲ ਹੋਣ ਲਈ ਆਪ ਜੀ ਨੇ ਆਪਣੇ ਆਪ ਨੂੰ ਵਿਚਾਰਧਾਰਕ ਤੌਰ 'ਤੇ ਤਿਆਰ ਕੀਤਾ ਅਤੇ ਆਪ ਜੀ ਦਾ ਪਹਿਲਾ ਮੇਲ ਭਾਈ ਦਰਸ਼ਨ ਸਿੰਘ ਰਣਜੀਤਗੜ੍ਹ ਅਤੇ ਸਾਧੂ ਸਿੰਘ ਰੋਡੇ ਉਰਫ ਨਾਇਬ ਨਾਲ ਹੋਇਆ। ਭਾਈ ਦਰਸ਼ਨ ਸਿੰਘ ਰਣਜੀਤਗੜ੍ਹ ਅਤੇ ਭਾਈ ਸਾਧੂ ਸਿੰਘ ਰੋਡੇ ਅਕਾਲੀ ਸਿਆਸਤਦਾਨਾਂ ਦੀ ਗੱਟ ਫੜ੍ਹ ਕੇ ਪੁਲਿਸ ਵਲੋਂ ਸ਼ਹੀਦ ਕਰ ਦਿੱਤੇ ਗਏ ਸਨ। ਇਨ੍ਹਾਂ ਸਿੰਘਾਂ ਦੀ ਪ੍ਰੇਰਨਾ ਸਦਕਾ ਗੁਪਤ ਰਹਿ ਕੇ ਸੇਵਾ ਕਰਨ ਲੱਗੇ। ਜਦੋਂ ਆਪ ਤਲਵੰਡੀ ਸਾਬੋ ਕੀ ਵਿਖੇ ਵਰਕਸ਼ਾਪ ਕਰਦੇ ਸਨ ਤਾਂ ਸਮਾਲਸਰ ਦੇ ਇਕ ਮੁਖਬਰ ਦੀ ਸੂਹ 'ਤੇ ਪੁਲਿਸ ਨੇ ਆਪ ਨੂੰ ਚੁੱਕ ਲਿਆ ਸੀ। ਮੁਖਬਰ ਵਲੋਂ ਆਪ ਦੀ ਗੱਡੀ ਦੇ ਟਾਇਰਾਂ ਵਿਚ ਅਸਲਾ ਲੁਕੋ ਕੇ ਰੱਖ ਦਿੱਤਾ ਸੀ। ਕਾਫੀ ਤਸ਼ੱਦਦ ਤੋਂ ਬਾਅਦ ਪੁਲਿਸ ਨੇ ਅਸਲੇ ਅਤੇ ਪਨਾਹ ਦੇ ਕੇਸ ਪਾ ਕੇ ਬਠਿੰਡਾ ਜੇਲ੍ਹ ਭੇਜ ਦਿੱਤਾ, ਜਿਥੇ ਆਪ ਜੀ ਦਾ ਮੇਲ ਭਾਈ ਬਲਦੇਵ ਸਿੰਘ ਬਨੀਰ ਨਾਲ ਹੋਇਆ। ਇਸ ਸਿੰਘ ਤੋਂ ਆਪ ਜੀ ਨੂੰ ਨਾਮ ਸਿਮਰਨ ਅਤੇ ਬਾਣੀ ਦੀ ਅਜਿਹੀ ਜਾਗ ਲੱਗੀ ਕਿ ਆਪ ਗੁਰੂ ਲਿਵ ਅੰਦਰ ਲੋਟ ਪੋਟ ਰਹਿਣ ਲੱਗ ਪਏ। ਜਦੋਂ ਆਪ ਜੀ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾ ਹੋ ਕੇ ਆਏ ਤਾਂ ਬਠਿੰਡਾ ਪੁਲਿਸ ਹਰ ਰੋਜ਼ ਹੀ ਤੰਗ ਕਰਨ ਲੱਗ ਪਈ।

ਸੰਘਰਸ਼ੀ ਮਾਰਗ 'ਤੇ ਆਪ ਜੀ ਇਕ ਦਿਨ ਆਪਣੇ ਸਾਥੀਆਂ ਭਾਈ ਗੁਰਤੇਜ ਸਿੰਘ ਸੰਦੋਵਾਲਾ ਅਤੇ ਭਾਈ ਪਵਨ ਕੁਮਾਰ ਕੋਲੋਂ ਕਿਸੇ ਕੰਮ ਲਈ ਭਾਈ ਗੁਰਦਰਸ਼ਨ ਸਿੰਘ ਕੂੰਡਾ ਨੂੰ ਮਿਲਣ ਗਏ ਤਾਂ ਮਗਰੋਂ ਇਹ ਦੋਹੇਂ ਧਾੜਕੂ ਪਨਾਹ ਵਾਲਿਆਂ ਹਥੋਂ ਸ਼ਹੀਦ ਕਰ ਦਿੱਤੇ ਗਏ। ਬਾਅਦ ਵਿਚ ਪੁਲਿਸ ਨੇ ਲਾਸ਼ਾਂ ਦਾ ਮੁਕਾਬਲਾ ਬਣਾ ਦਿੱਤਾ ਸੀ।

ਭਾਈ ਸਾਹਿਬ ਨੂੰ ਬਠਿੰਡਾ ਪੁਲਿਸ ਨੇ ਫਿਰ ਚੁੱਕ ਲਿਆ ਸੀ। ਬੱਬਰ ਸਿੰਘਾਂ ਨੇ ਇਕ ਤਕੜੀ ਕਾਰਵਾਈ ਕਰਦਿਆਂ ਆਪ ਜੀ ਨੂੰ ਪੁਲਿਸ ਹਿਰਾਸਤ ਵਿਚੋਂ ਛੁਡਾ ਲਿਆ ਸੀ। ਭਾਈ ਬਲਵਿੰਦਰ ਸਿੰਘ ਬੱਬਰ ਗੋਰਾ ਅਤੇ ਭਾਈ ਗੁਰਮੇਲ ਸਿੰਘ ਬੱਬਰ ਰਾਏਪੁਰ ਦੀ ਕਮਾਂਡ ਹੇਠ ਆਪ ਮਾਨਸਾ ਦੇ ਪੁਲਿਸ ਜ਼ਿਲ੍ਹੇ ਵਿਚ ਸੇਵਾ ਕਰਨ ਲੱਗ ਪਏ।

ਮਾਲਵੇ ਦਾ ਬੱਬਰਾਂ ਦਾ ਇਹ ਜਾਂਬਾਜ਼ ਜਥਾ ਹਿੰਦੂ ਹਕੂਮਤ ਲਈ ਇਕ ਵੰਗਾਰ ਸੀ। ਜਿਥੇ ਉਨ੍ਹਾਂ ਸਰਕਾਰ ਦੇ ਮੁਕਾਬਲੇ ਇਕ ਸਰਕਾਰ ਹੀ ਚਲਾਈ ਹੋਈ ਸੀ ਬੱਬਰਾਂ ਦੀ ਇਹ ਪੂਰੀ ਕੋਸ਼ਿਸ਼ ਸੀ ਕਿ ਸੱਚ ਦਾ ਰਾਜ ਦਿੱਤਾ ਜਾ ਸਕੇ।

ਅੰਤ ਖਾਲਸਾ ਪੰਥ ਦੀ ਸੱਚੀ ਸੁੱਚੀ ਸੇਵਾ ਕਰਦਿਆਂ ਉਹ ਸਮਾਂ ਵੀ ਆ ਗਿਆ ਜਦੋਂ ਆਪ ਜੀ ਆਪਣੇ ਸਾਥੀਆਂ ਸਮੇਤ ਪੁਲਿਸ, ਬੀ ਐਸ ਐਫ ਅਤੇ ਫੌਜ ਦੇ ਬਹੁਤ ਹੀ ਵੱਡੇ ਦਲ ਦੇ ਪਿੰਡ ਮੌਜੀਆ ਵਿਚ ਘੇਰੇ ਵਿਚ ਆ ਗਏ ਸਨ। ਜਿਥੇ ਹਿੰਦੁਸਤਾਨ ਦੇ ਤਿੰਨੋ ਬਲਾਂ ਦੀਆਂ ਗੋਡਣੀਆਂ ਬੱਬਰਾਂ ਨੇ ਲਵਾਈਆਂ ਸਨ। ਇਲਾਕੇ ਦੇ ਪਿੰਡਾਂ 'ਚੋਂ ਲੋਕ ਸ਼ਕਤੀ ਦਾ ਰੋਹ ਇਸ ਕਦਰ ਸਾਹਮਣੇ ਆਇਆ ਕਿ ਸਰਕਾਰ ਸੋਚੀਂ ਡੁੱਬ ਗਈ ਸੀ

ਪਿੰਡਾਂ ਦੇ ਲੋਕਾਂ ਨੇ ਬਲਾਂ ਦੇ ਘੇਰੇ ਤੋੜਨ ਲਈ ਪਾਣੀ ਵਾਲੀ ਕੱਸੀ ਵੱਢ ਕੇ,

ਰਸਤਿਆਂ ਨੂੰ ਟਰੈਕਟਰਾਂ ਟਰਾਲੀਆਂ ਨਾਲ ਰੋਕ ਕੇ, ਦਰੱਖਤ ਵੱਢ-ਵੱਢ ਕੇ ਸੜਕ ਤੇ ਬਲਾਂ ਦੇ ਨੱਕ ਵਿਚ ਦਮ ਲੈ ਆਂਦਾ ਸੀ। ਬੱਬਰਾਂ ਨੇ ਏਥੇ ਤਿੰਨ ਬਲਟ ਪਰੂਫ ਟਰੈਕਟਰਾਂ, ਬਲਾਂ ਦੀਆਂ ਗੱਡੀਆਂ ਅਤੇ ਜਵਾਨਾਂ ਦਾ ਇਤਨਾ ਨੁਕਸਾਨ ਕੀਤਾ ਸੀ ਕਿ ਫੌਜ ਵਾਲੇ ਮੁਕਾਬਲੇ ਤੋਂ ਦੋ ਦਿਨ ਬਾਅਦ ਵੀ ਆਪਣੇ ਹਥਿਆਰ ਅਤੇ ਗੋਲੀ ਸਿੱਕਾ ਇਕੱਠਾ ਕਰਦੇ ਰਹੇ ਸਨ।

ਆਪ ਜੀ ਦੇ ਸਾਥੀ ਭਾਈ ਖੇਮ ਸਿੰਘ ਬੱਬਰ ਫੌਜੀ ਬਾਲਦ ਕਲਾਂ, ਜੋ ਪਹਿਲਾਂ ਵੀ ਇਕ ਮੁਕਾਬਲੇ ਵਿਚ ਜ਼ਖ਼ਮੀ ਹੋ ਗਏ ਸਨ, ਨੂੰ ਵੀ ਪਿੰਡ ਮੱਜੀਆਂ ਲਿਆਂਦਾ ਗਿਆ ਸੀ ਨੇ ਜ਼ਖਮੀ ਹਾਲਤ ਵਿਚ ਹੀ ਅਤੇ ਭਾਈ ਗੁਰਮਲ ਸਿੰਘ ਬੱਬਰ ਰਾਏਪੁਰ ਨੇ ਆਪ ਜੀ ਨਾਲ ਰਲ ਕੇ ਫੌਜ ਦੇ ਘੇਰੇ ਨੂੰ ਤੋੜ ਕੇ ਭਾਈ ਬਲਵਿੰਦਰ ਸਿੰਘ ਬੱਬਰ ਬਲਟ ਅਤੇ ਦੂਸਰੇ ਜੁਝਾਰੂਆਂ ਨੂੰ ਕੱਢ ਦਿੱਤਾ ਸੀ

ਫੌਜ ਦਾ ਇਕ ਕਮਾਂਡੋ ਘਰ ਵਾਲੇ ਕੋਠੇ ਤੇ ਐਲ ਐਮ ਜੀ ਨਾਲ ਸਿੰਘਾਂ ਦਾ ਰਾਹ ਰੋਕੀ ਬੈਠਾ ਸੀ। ਜਦੋਂ ਭਾਈ ਸਾਹਿਬ ਕਈ ਤਿੰਨ ਕਿਲ੍ਹਿਆਂ ਤੋਂ ਰੜਦੇ ਹੋਏ ਨਰਮੇ ਦੇ ਖੇਤਾਂ ਵਿਚ ਵੀ ਉਸ ਐਲ ਐਮ ਜੀ ਵਾਲੇ ਕਮਾਂਡੋ ਨੂੰ ਕੋਠੇ ਉਪਰ ਜਾ ਪਏ ਤਾਂ ਉਸ ਕਮਾਂਡੋ ਨੂੰ ਮਾਰਨ ਵੇਲੇ ਆਪ ਜੀ ਸਖ਼ਤ ਜ਼ਖ਼ਮੀ ਹੋ ਗਏ ਸਨ। ਜਦ ਸਾਰੇ ਹੀ ਹੀਲੇ ਹਾਰ ਗਏ ਤਾਂ ਆਪ ਜੀ ਨੇ ਆਪਣਾ ਪਹਿਚਾਨ ਪੱਤਰ ਆਪਣੀ ਛਾਤੀ 'ਤੇ ਰੱਖ ਲਿਆ ਅਤੇ ਵਾਹਿਗੁਰੂ ਸਿਮਰਨ ਅੰਦਰ ਜੁੜ ਕੇ ਸ਼ਹਾਦਤ ਪ੍ਰਾਪਤ ਕਰ ਲਈ ਸੀ। ਇਸ ਹੀ ਤਰ੍ਹਾਂ ਮੁਕਾਬਲੇ ਵਿਚ ਆਪ ਜੀ ਦੇ ਸਾਥੀ ਭਾਈ ਖੇਮ ਸਿੰਘ ਬੱਬਰ ਬਾਲਦ ਕਲਾਂ ਅਤੇ ਭਾਈ ਗੁਰਮੇਲ ਸਿੰਘ ਬੱਬਰ ਸੈਕਟਰੀ ਰਾਏਪੁਰ ਵੀ ਸ਼ਹਾਦਤ ਪ੍ਰਾਪਤ ਕਰ ਗਏ ਸਨ।

ਬੱਬਰਾਂ ਦੇ ਪਿਆਰ ਅਤੇ ਸਤਿਕਾਰ ਨਾਲ ਬੱਝੀਆਂ ਹੋਈਆਂ ਪਿੰਡਾਂ ਦੀਆਂ ਸੰਗਤਾਂ ਨੇ ਚੱਲ ਰਹੇ ਮੁਕਾਬਲੇ ਵਿਚ ਆਪਣੀਆਂ ਜਾਨਾਂ ਦੀ ਕੋਈ ਪਰਵਾਹ ਨਹੀਂ ਸੀ ਕੀਤੀ ਅਤੇ ਮੁਕਾਬਲੇ ਵਿਚ ਆਪਣੇ ਬੱਚਿਆਂ, ਔਰਤਾਂ ਨੂੰ ਬਜ਼ੁਰਗਾਂ ਸਮੇਤ ਧਕੇਲ ਲਿਆ ਸੀ ਪਰ ਸੰਗਤ ਸਿੰਘਾਂ ਨੂੰ ਬਚਾ ਨਾ ਸਕੀ ਭਾਰੀ ਸੁਰੱਖਿਆ ਦੇ ਬੰਦੋਬਸਤ ਹੇਠ ਸਿੰਘਾਂ ਦੀਆਂ ਲਾਸ਼ਾਂ ਨੂੰ ਮਾਨਸਾ ਲੈ ਆਂਦਾ ਗਿਆ। ਸੰਗਤ ਨੇ ਮਾਨਸਾ ਥਾਣਾ ਵੀ ਘੇਰ ਲਿਆ ਸੀ ਜਿਥੇ ਪੁਲਿਸ ਬਲਾਂ ਨੇ ਪਿੰਡਾਂ ਦੀਆਂ ਸੰਗਤਾਂ ਉਪਰ ਅੰਨ੍ਹਾ ਲਾਠੀਚਾਰਜ ਕੀਤਾ।

ਭਾਈ ਸਾਹਿਬ ਜੀ ਦੀ ਇਕ ਭੈਣ ਚੱਠੇਵਾਲ ਵਿਆਹੀ ਹੋਈ ਸੀ। ਇੰਸਪੈਕਟਰ ਸ਼ਰਮੇ ਦੀ ਅਗਵਾਈ ਵਿਚ ਪੁਲਿਸ ਉਸ ਭੈਣ ਨੂੰ ਲਾਸ਼ ਦੀ ਸ਼ਨਾਖਤ ਲਈ ਲੈ ਕੇ ਆਈ ਸੀ। ਪੁਲਿਸ ਨੇ ਭੈਣ ਨੂੰ ਲਾਸ਼ ਤੋਂ ਦੋ ਤਿੰਨ ਕਦਮਾਂ ਦੂਰ ਖੜ੍ਹਾ ਕੇ ਲਾਸ਼ ਵਿਖਾਈ, ਕੋਲ ਨਹੀਂ ਜਾਣ ਦਿੱਤਾ ਏਸ ਤਰ੍ਹਾਂ ਹੀ ਪੁਲਿਸ ਨੇ ਦੂਸਰੇ ਸਿੰਘਾਂ ਦੀਆਂ ਲਾਸ਼ਾਂ ਦੀ ਸ਼ਨਾਖਤ ਵੀ ਪਰਿਵਾਰਾਂ ਤੋਂ ਕਰਵਾਈ।

ਭਾਈ ਸਾਹਿਬ ਜੀ ਦੇ ਮਾਤਾ ਜੀ ਜਿਥੇ ਖੇਮ ਦੀ ਬਹਾਦਰੀ ਬਾਰੇ ਬਹੁਤ ਕੁਝ ਕਹਿੰਦੇ ਹਨ ਕਿ ਉਹ ਸ਼ੇਰਨੀ ਮਾਂ ਦਾ ਪੁੱਤ ਸੀ, ਉਸ ਨੇ ਘਰ ਦਾ, ਪਿੰਡ ਦਾ ਨਾਮ ਜੱਗ ਵਿਚ ਰੌਸ਼ਨ ਕੀਤਾ ਹੈ, ਉਹ ਲੜਦਾ ਹੋਇਆ ਸ਼ਹੀਦ ਹੋਇਆ ਹੈ ਪਰ ਮੈਨੂੰ ਤਾਂ 'ਪੁੱਤ' 'ਤੇ ਦੁੱਖ ਆਉਂਦਾ ਹੈ। ਕਈ ਅੰਗਰੇਜ਼ ਤੇ ਜਗਦੇਵ ਨਾਂ ਵਾਲੇ ਘਰੋਂ ਗੱਡੀ 'ਤੇ ਲੈ ਗਏ, ਮੜ ਪੁੱਤਾ

ਘਰੇ ਨਹੀਂ ਆਇਆ। ਬਾਅਦ ਵਿਚ ਪਤਾ ਲੱਗਾ ਕਿ ਉਹ ਬੰਦੇ ਠੀਕ ਨਹੀਂ ਸਨ, ਸਰਕਾਰ ਦੇ ਆਦਮੀ ਸਨ ਉਹ। ਪੰਮ ਦੇ ਸ਼ਹੀਦ ਹੋਣ ਤੋਂ ਡੇਢ ਸਾਲ ਬਾਅਦ ਪ੍ਰਭੋ ਨੂੰ ਲਾਪਤਾ ਕਰ ਦਿੱਤਾ ਜਿਥੇ ਮੈਨੂੰ ਦੱਸ ਪੈਂਦੀ ਮੈਂ ਉਥੇ ਪਹੁੰਚੀ, ਚਾਹੇ ਮੈਥੋਂ ਤੁਰ ਨਹੀਂ ਹੁੰਦਾ ਸੀ, ਕੋਈ ਸਰਕਾਰੀ ਦਫ਼ਤਰ ਨਹੀਂ ਛੱਡਿਆ, ਕੋਈ ਅਫ਼ਸਰ ਨਹੀਂ ਛੱਡਿਆ, ਗੱਚ ਭਰਦਿਆਂ ਮਾਂ ਨੇ ਕਿਹਾ ਜੇ ਪ੍ਰਭਾ ਹੁੰਦਾ ਉਹ ਜ਼ਰੂਰ ਹੁਣ ਨੂੰ ਆਪਣੀ ਮਾਂ ਨੂੰ ਮਿਲਣ ਆਉਂਦਾ

ਜਦ ਮਾਤਾ ਜੀ ਨੂੰ ਪੁੱਛਿਆ ਮਾਤਾ ਜੀ ਪੰਮ ਅਤੇ ਪ੍ਰਭ ਦੀਆਂ ਜਨਮ ਤਾਰੀਖਾਂ ਬਾਰੇ ਦੱਸੋਗੇ...।

ਮਾਤਾ ਜੀ ਨੇ ਸਿਰ ਹਿਲਾਉਂਦਿਆਂ ਕਿਹਾ ਵੇ ਮਾਵਾਂ ਵੀ ਕਦੇ ਜਨਮ ਭੁੱਲੀਆਂ ਹਨ ਪੁੱਤਾਂ ਦੇ ਤਾਰੀਖਾਂ ਤਾਂ ਯਾਦ ਨਹੀਂ, ਜੰਮਣ ਪੀੜਾਂ ਜ਼ਰੂਰ ਯਾਦ ਹਨ, ਰੱਬ ਨੇ ਇਕ ਰੋਗ ਦੇ ਦਿੱਤਾ, ਇਕ ਸਰੀਰ ਬੇਭਲ ਹੈ। ਮੈਂ ਹਰ ਸਾਲ ਦੋਹਾਂ ਭਰਾਵਾਂ ਦਾ ਦਿਨ ਜ਼ਰੂਰ ਮਨਾਉਂਦੀ ਹਾਂ ਗੁਰਦੁਆਰਾ ਸਾਹਿਬ।

ਆਹ ਜਿਹੜੀ ਪਟੀ ਦੇ ਸਿਰਹਾਣੇ ਮੈਂ ਪਈ ਰਹਿੰਦੀ ਹਾਂ, ਇਹ ਸਿਰੋਪਿਆਂ ਦੀ ਭਰੀ ਪਈ ਹੈ ਮਗਰਲੀ ਵਿਸਾਖੀ 'ਤੇ ਵੀ ਮੈਨੂੰ ਦਮਦਮਾ ਸਾਹਿਬ ਸੱਦਿਆ ਸੀ ਮੈਂ ਕਿਸੇ ਤੋਂ ਕਿਰਾਇਆ ਉਧਾਰ ਫੜ ਕੇ ਗਈ ਸੀ ਔਹ ਜਿਹੜੀ ਪੰਮ ਤੇ ਪ੍ਰਭ ਦੇ ਵਿਚਕਾਰ ਸੰਤਾਂ (ਸੰਤ ਜਰਨੈਲ ਸਿੰਘ ਭਿੰਡਰਾਂਵਾਲਾ) ਦੀ ਤਸਵੀਰ ਪਈ ਹੈ ਉਹ ਮੈਨੂੰ ਸਨਮਾਨ ਦੇ ਤੌਰ 'ਤੇ ਦਿੱਤੀ ਸੀ।

ਮੈਨੂੰ ਬੰਦੇ ਬਹੁਤ ਮਿਲਣ ਵਾਲੇ ਆਉਂਦੇ ਆ, ਸੌ ਸੌ ਦੇ ਨੋਟ ਫੜਾ ਕੇ, ਪੈਰਾਂ ਵਿਚ ਬੈਠ ਕੇ ਫੋਟੋਆਂ ਵੀ ਖਿਚ ਕੇ ਲਿਜਾਂਦੇ ਹਨ, ਕਈ ਮੂਵੀਆਂ ਵੀ ਬਣਾ ਬਣਾ ਲਿਜਾਂਦੇ ਹਨ। ਪਤਾ ਨਹੀਂ ਰੱਬ ਕੀ ਕਰਵਾ ਰਿਹਾ ਹੈ, ਹੁਣ ਰੱਬ ਚੁੱਕ ਲਏ ਫਿਰ ਹੀ ਹੈ।

ਹੁਣ ਤਾਂ ਬਹੁਤੀ ਜ਼ਿੰਦਗੀ ਥੋੜ੍ਹੀ ਰਹਿ ਗਈ ਆ। ਪੱਲੇ ਕੁਝ ਨਹੀਂ ਕੋੜੀਆਂ ਨੇ ਜ਼ਮੀਨ ਰੱਖ ਲੀ ਆ ਆ ਜਿਹੜਾ ਘਰ ਬੈਠੀ ਹਾਂ, ਇਹ ਵੀ ਵੰਡੀ ਬੈਠੀਆਂ ਹਨ। ਸਿਰਫ਼ 200 ਰੁਪਏ ਸਰਕਾਰੀ ਬੁਢਾਪਾ ਪੈਨਸ਼ਨ ਮਿਲਦੀ ਆ। ਚੰਦਰੀ ਸਰਕਾਰ ਨੂੰ ਚੰਗੀ ਕਹਿਣ ਨੂੰ ਵੀ ਦਿਲ ਨਹੀਂ ਕਰਦਾ। ਆ ਜਿਹੜੀ ਪੇਟੀ ਤੇ ਇਹ ਮੰਜਾ ਤੇ ਪਾਟੇ ਕੁਲਜ਼ ਹਨ, ਇਹ ਗੁਰਦੁਆਰੇ ਦੇ ਨਾਮ ਕਰਵਾ ਦੇਣ ਹਨ, ਮਰਨ ਤੋਂ ਪਹਿਲਾਂ।

ਮੈਂ ਪੁਲਿਸ ਦੇ ਸਾਰੇ ਤਸ਼ੱਦਦ ਝੱਲ ਲਏ, ਥਾਣੇ, ਸਟਾਫ਼ ਵੀ ਦੇਖ ਲਏ, ਭੁੱਖਾਂ ਝੱਲ ਲਈਆਂ, ਪਰ ਮੈਂ ਡੋਲੀ ਨਹੀਂ, ਪੰਥ ਪਿੱਛੇ, ਪੁੱਤਾਂ ਪਿੱਛੇ ਡੋਲੀ ਨਹੀਂ।

ਮੈਂ ਤਾਂ ਇਹ ਵੀ ਕਹਿਨੀ ਆਂ ਜਿਦਣ ਮੈਂ ਮਰਗੀ, ਓਦਣ ਮੇਰ ਬੱਬਰ ਸੂਰਮਿਆਂ ਦੀਆਂ ਨਿਸ਼ਾਨੀਆਂ ਮੇਰੇ ਉੱਤੇ ਰੱਖ ਕੇ ਹੀ ਸਾੜ ਦੇਣ। ਪੁੱਤ ਪੰਥ ਪਿੱਛੇ ਮੁਕ ਗਏ ਮਾਂ, ਪੁੱਤਾਂ ਪਿੱਛੇ ਮੁਕ ਗਈ।

ਵੇ, ਮੈਨੂੰ ਤੁਸੀਂ ਥਾ ਵਰਗੀ ਮਾਂ ਨਾ ਕਹਿ ਦਿਆ ਜੇ, ਜਿਨ੍ਹਾਂ ਮੇਰਾ ਰੋਗਾਂ ਦਾ ਸਰੀਰ ਭਾਰਾ ਵਾ, ਓਨੇ ਮੇਰੇ ਦੁਖ ਭਾਰੇ ਨੇ ਮੈਂ ਐਵੇਂ ਨੀ ਬੋਲੀ ਜਾਂਦੀ। ਜਦੋਂ ਮੈਂ ਗੱਲਾਂ ਕਰਦੀ ਹਾਂ, ਮੇਰਾ ਪੰਮਾ ਤੇ ਪ੍ਰਭਾ ਮੇਰੇ ਕੋਲ ਬੈਠੇ ਹੁੰਦੇ ਹਨ।

ਕੌਮ ਦੀ ਅਜ਼ਾਦੀ ਲਈ ਲੜੇ ਸੂਰਿਆਂ ਦੀ ਬਹਾਦਰੀਆਂ ਦੇ ਕਿੱਸੇ ਜਿਥੇ ਸਿਰ ਉੱਚਾ

ਕਰਦੇ ਹਨ, ਉਥੇ ਸਾਡੀ ਗੁਲਾਮ ਜ਼ਮੀਰਾਂ ਲਈ ਕਈ ਸਵਾਲ ਹਨ?

ਕੀ ਇਹ ਮਾਂ? ਇਕੱਲ ਪੰਮ ਬੱਬਰ ਜਾਂ ਪ੍ਰੀਤੇ ਦੀ ਮਾਂ ਬੋਲਦੀ ਹੈ, ਜਾਂ ਪੰਥ ਦੀ ਗੁਲਾਮੀ ਦੀ ਲਾਹਨਤ ਬੋਲਦੀ ਹੈ। ਭਾਈ ਪਰਮਜੀਤ ਸਿੰਘ ਬੱਬਰ ਦੇ ਨਾਲ ਮੁਕਾਬਲੇ ਵਿਚ ਸ਼ਹੀਦ ਹੋਏ ਭਾਈ ਗੁਰਮੇਲ ਸਿੰਘ ਬੱਬਰ ਰਾਇਪਰ ਦਾ ਪਰਿਵਾਰ, ਮਾਤਾ ਜੀ, ਉਨ੍ਹਾਂ ਦੀ ਬੇਟੀ ਵੀਰਪਾਲ ਕੌਰ ਉਨ੍ਹਾਂ ਦੀ ਸਿੰਘਣੀ, ਭਾਈ ਖੇਮ ਸਿੰਘ ਬੱਬਰ ਫੌਜੀ ਬਾਲਦ ਕਲਾਂ ਦਾ ਪਰਿਵਾਰ ਵੀ ਬਹੁਤ ਕੁਝ ਸਾਡੇ ਵਾਸਤੇ ਸੋਚਣ ਲਈ ਛੱਡ ਜਾਂਦਾ ਹੈ।

'ਸਨਮਾਨ ਜਿਨ੍ਹਾਂ ਲਈਆਂ ਫਰ ਕਿਰਾਏ ਦੇ ਕਰਜ਼ ਨੂੰ ਉਤਾਰਨ ਲਈ ਜਿੰਦਾ ਮਾਂ ਤੂੰ ਅਮਰ ਹੈਂ ਧੰਨ ਹੈਂ ਤੂ ਮਾਂ, ਜਿਸ ਅਜ਼ਾਦੀ ਲਈ ਦੋ ਬੱਬਰ ਸ਼ੇਰਾਂ ਜਿਹੇ ਪੁਤ ਵਾਰ ਦਿੱਤੇ ਕੱਲ ਨੂੰ ਜਰਾਂ ਅੰਤ ਚਾਹ ਪੰਥ ਦਾ ਵਿਸ਼ਾਲ ਅਮੀਰ ਬ੍ਰਹਿਮੰਡ ਵਿਚ ਇਕ ਟੁਟੀ ਗੁਲਾਮ ਮੰਜੀ 'ਤੇ ਹੋਵੇਗਾ।

ਪਰ ਮਾਂ ਤੇਰਾ ਨਾਂ, ਸ਼ਹੀਦ ਭਾਈ ਪਰਮਜੀਤ ਸਿੰਘ ਬੱਬਰ, ਸ਼ਹੀਦ ਭਾਈ ਪ੍ਰਭਜੀਤ ਸਿੰਘ ਦਾ ਨਾਂ ਫੂਲਵਾਲ ਦੀਆਂ ਜੂਹਾਂ 'ਚ ਹੀ ਨਹੀਂ ਕਦ ਅਜ਼ਾਦੀ ਦੇ ਵਿਹੜੇ ਵਿਚ ਵੀ ਗੂੰਜੇਗਾ। ਮੰਜੀਆਂ ਪਿੰਡ ਵਿਚ ਹੋਏ ਮੁਕਾਬਲੇ ਵਿਚ ਹੋਏ ਸ਼ਹੀਦ ਸਿੰਘ ਅਤੇ ਬਹਾਦਰ ਲੋਕ, ਜਿਨ੍ਹਾਂ ਮੰਜੀਆ ਦਾ ਘੇਰਾ ਤੋੜਨ ਵਿਚ ਕੁਰਬਾਨੀਆਂ ਦਿੱਤੀਆਂ ਸਨ ਤੁਹਾਨੂੰ ਲੱਖ ਲਖ ਪ੍ਰਣਾਮ।

# ਭਾਈ ਦਲਜੀਤ ਸਿੰਘ ਬੱਬਰ ਮੱਲ੍ਹਾ

ਅਜ਼ਾਦੀ ਦੀ ਜੰਗ ਵਿਚ ਮਰ ਮਿਟੇ ਸੂਰਮਿਆਂ ਦੀਆਂ ਸ਼ਹਾਦਤਾਂ ਵਿਚ ਦਲਜੀਤ ਸਿੰਘ ਬੱਬਰ ਆਪਣਾ ਇਕ ਨਿਵੇਕਲਾ ਅਸਥਾਨ ਰੱਖਦੇ ਹਨ। ਭਾਰਤੀ ਫੌਜ ਵਲੋਂ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਉਪਰ ਕੀਤੇ ਫੌਜੀ ਹਮਲੇ ਨੇ ਆਪ ਜੀ ਉਪਰ ਗਹਿਰਾ ਅਸਰ ਕੀਤਾ। ਜਿਸ ਨੇ ਉਨ੍ਹਾਂ ਦੀ ਜ਼ਿੰਦਗੀ ਦਾ ਰੁਖ ਬਦਲ ਦਿੱਤਾ। ਆਪ ਜੀ ਨੇ ਨਵੰਬਰ 1985 ਵਿਚ ਆਪਣੇ ਪਿੰਡੋਂ ਹੀ ਦਸਵੀਂ ਜਮਾਤ ਪਾਸ ਕੀਤੀ। ਗਿਆਰਵੀਂ ਦੀ ਜਮਾਤ ਐਲ ਆਰ ਐਮ ਕਾਲਜ ਜਗਰਾਉਂ ਤੋਂ ਪਾਸ ਕੀਤੀ। ਸੰਨ 1987 ਵਿਚ ਆਪ ਜੀ ਨੇ ਆਈ ਟੀ ਆਈ ਕਾਲਜ ਲੁਧਿਆਣਾ ਵਿਖੇ ਇਲੈਕਟ੍ਰੀਸ਼ਨ ਦੇ ਟਰੇਡ ਵਿਚ ਡਿਪਲੋਮੇ ਲਈ ਦਾਖਲਾ ਲੈ ਲਿਆ। ਪਰ ਆਪ ਜੀ ਦਾ ਮਨ ਪੜ੍ਹਾਈ ਅੰਦਰ ਨਹੀਂ ਲੱਗ ਰਿਹਾ ਸੀ। ਹਮੇਸ਼ਾ ਹੀ ਪੰਥ ਲਈ ਕਝ ਕਰਨ ਦੀ ਚਾਹਤ ਰਹਿੰਦੀ ਸੀ। ਇਨ੍ਹਾਂ ਹੀ ਦਿਨਾਂ ਵਿਚ ਆਪ ਜੀ ਨੇ ਅੰਮ੍ਰਿਤਪਾਨ ਕੀਤਾ ਅਤੇ ਗੁਰੂ ਦੇ ਰੰਗ ਵਿਚ ਰੰਗੇ ਗਏ। ਪਹਿਲਾਂ ਨਾਲੋਂ ਵੀ ਜ਼ਿਆਦਾ ਸੇਵਾ ਭਾਵਨਾ ਪ੍ਰਬਲ ਹੋ ਉਠੀ ਆਈ ਟੀ ਆਈ ਦੀ ਪੜ੍ਹਾਈ ਦੌਰਾਨ ਹੀ ਆਪ ਜੀ ਦਾ ਮੇਲ ਜਗਮੇਲ ਸਿੰਘ ਜੱਗਾ ਖਾਨਪੁਰ (ਏਰੀਆ ਕਮਾਂਡਰ ਕਮਾਂਡੋ ਫੋਰਸ) ਨਾਲ ਹੋਇਆ। ਜੋ ਬਾਅਦ ਵਿਚ ਰਿਸ਼ਤਿਆਂ ਵਿਚ ਬੱਝ ਗਿਆ।

ਜਨਵਰੀ 1988 ਵਿਚ ਆਪ ਨੂੰ ਜਗਮੇਲ ਸਿੰਘ ਨੂੰ ਪਨਾਹ ਦੇਣ ਦੇ ਦੋਸ਼ ਵਿਚ ਇੰਸਪੈਕਟਰ ਸੰਤ ਕੁਮਾਰ ਰਾਏਕੋਟ ਨੇ ਗ੍ਰਿਫਤਾਰ ਕਰ ਲਿਆ। ਲਗਾਤਾਰ ਤਿੰਨ ਮਹੀਨੇ ਜਗਰਾਉਂ ਅਤੇ ਲੁਧਿਆਣੇ ਦੇ ਸੀ.ਆਈ.ਏ ਸਟਾਫਾਂ ਵਿਚ ਪੁਲਿਸ ਤਸ਼ੱਦਦ ਕਰਦੀ ਰਹੀ ਫਿਰ ਕਈ ਫਰਜ਼ੀ ਕੇਸ ਪਾ ਕੇ ਲੁਧਿਆਣੇ ਜੇਲ੍ਹ ਭੇਜ ਦਿੱਤਾ। ਜੁਲਾਈ 1988 ਵਿਚ ਆਪ ਜੇਲ੍ਹ ਵਿਚੋਂ ਰਿਹਾ ਹੋ ਕੇ ਬਾਹਰ ਆਏ।

ਜੇਲ੍ਹ ਵਿਚੋਂ ਆ ਕੇ ਆਪ ਜੀ ਨੇ ਫਿਰ ਆਈ ਟੀ ਆਈ ਵਿਚ ਦਾਖਲਾ ਲੈ ਲਿਆ ਅਤੇ ਆਪ ਆਈ.ਟੀ ਆਈ ਦੀ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਚੁਣੇ ਗਏ। ਲੁਧਿਆਣੇ ਰਹਿ ਕੇ ਆਪ ਜੀ ਗੁਪਤ ਰੂਪ ਵਿਚ ਪੰਥ ਦੀ ਸੇਵਾ ਕਰਦੇ ਰਹੇ।

ਜਦੋਂ ਸੰਘਰਸ਼ ਪੂਰੇ ਜੋਬਨ 'ਤੇ ਸੀ ਤਾਂ ਆਪ ਜੀ ਦੀ ਸ਼ਾਦੀ 18 ਮਾਰਚ 1990 ਨੂੰ ਸ਼ਹੀਦ ਭਾਈ ਜਗਮੇਲ ਸਿੰਘ ਖਾਨਪੁਰ ਦੀ ਛੋਟੀ ਭੈਣ ਬੀਬੀ ਨਰਿੰਦਰ ਕੌਰ ਨਾਲ ਹੋਈ ਆਪ ਜੀ ਦੇ ਇਕ ਬੇਟਾ ਅਤੇ ਇਕ ਬੇਟੀ ਹਨ ਆਪ ਜੀ ਨੇ ਕੁਝ ਸਮਾਂ ਲਿਬਰੇਸ਼ਨ ਫੋਰਸ ਵਿਚ ਭਾਈ ਦਰਸ਼ਪ੍ਰੀਤ ਸਿੰਘ ਉਰਫ ਰਾਜਾ ਨਾਲ ਰਹਿ ਕੇ ਵੀ ਸੇਵਾ ਕੀਤੀ ਜੁਲਾਈ 1991 ਜਦੋਂ ਭਾਈ ਦਰਸ਼ਪ੍ਰੀਤ ਸਿੰਘ ਸ਼ਹੀਦ ਹੋ ਗਏ ਤਾਂ ਆਪ ਜੀ ਕਾਫੀ ਨਿਰਾਸ਼ਤਾ ਵਿਚ ਆ ਗਏ।

ਅਕਤੂਬਰ 1991 ਵਿਚ ਆਪ ਜੀ ਦਾ ਮੇਲ ਭਾਈ ਅਮਰੀਕ ਸਿੰਘ ਬੱਬਰ ਕੋਲੀ ਨਾਲ ਹੋਇਆ। 6 ਜਨਵਰੀ 1992 ਨੂੰ ਸ਼ਾਹਬਾਦ ਮਾਰਕੰਡਾ ਵਿਖੇ ਆਪ ਜੀ ਬੱਬਰਾਂ ਦੀ ਇਕ ਹੋ

ਰਹੀ ਮੀਟਿੰਗ ਦੌਰਾਨ ਪੁਲੀਸ ਘੇਰੇ ਵਿਚ ਆਉਣ 'ਤੇ ਆਪਣੇ ਤਿੰਨ ਸਾਥੀਆਂ ਸਮੇਤ ਸ਼ਹੀਦ ਹੋ ਗਏ।

ਦੋ ਅਕਤੂਬਰ 1968 ਨੂੰ ਪਿੰਡ ਮੱਲ੍ਹਾ ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਜਗੀਰ ਕੌਰ ਜੀ ਦੀ ਕੁੱਖੋਂ ਜਨਮ ਪਿਤਾ ਸਰਦਾਰ ਮੱਲ ਸਿੰਘ ਜੀ ਦੇ ਘਰ ਜਵਾਨੀ ਦੀਆਂ ਦਹਿਲੀਜ਼ਾਂ ਲੰਘੇ ਭਾਈ ਦਲਜੀਤ ਸਿੰਘ ਤਿੰਨ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਮਾਤਾ ਪਿਤਾ ਨੂੰ ਤਾਂ ਚਿਤ ਚੇਤੇ ਵੀ ਨਹੀਂ ਸੀ ਕਿ ਸਾਡਾ ਛੋਟਾ ਬੇਟਾ ਖਾੜਕੂ ਸਫ਼ਾਂ ਵਿਚ ਵਿਚਰੇਗਾ। ਭਾਈ ਸਾਹਿਬ ਜੀ ਦੀ ਰੂਪੋਸ਼ੀ ਦੌਰਾਨ ਉਹ ਪੁਲੀਸ ਦਾ ਹਰ ਜ਼ੁਲਮ ਭਾਣੇ ਅਨੁਸਾਰ ਜਰਦੇ ਰਹੇ।

ਭਾਈ ਸਾਹਿਬ ਜੀ ਦੀ ਸਿੰਘਣੀ ਬੀਬੀ ਨਰਿੰਦਰ ਕੌਰ ਗੁਰੂ ਸਾਹਿਬ ਜੀ ਦੇ ਭੈਅ ਭਾਵਨੀ ਅੰਦਰ ਛੋਟੇ ਬੱਚਿਆਂ ਨੂੰ ਪੜ੍ਹਾ ਕੇ ਸਮਾਂ ਗੁਜ਼ਾਰ ਰਹੇ ਹਨ ਅਤੇ ਆਪਣੇ ਦੋਹੇਂ ਬੱਚੇ ਗੁਰਦੁਆਰਾ ਸਾਹਿਬ ਮਹਿਦੀਆਣਾ ਵਿਖੇ ਇਕ ਟਰੱਸਟ ਅੰਦਰ ਪੜ੍ਹਾ ਰਹੇ ਹਨ। ਸ਼ਹਾਦਤਾਂ ਦੀ ਵਿਰਾਸਤ ਅੱਜ ਆਪਣੇ ਸਿਰਾਂ 'ਤੇ ਪੰਥ ਦੇ ਹੱਥਾਂ ਨੂੰ ਉਡੀਕ ਰਹੀ ਹੈ।

# ਭਾਈ ਘੁਕਰ ਸਿੰਘ ਬੱਬਰ ਹੀਰੇਵਾਲ

ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਬਾਕੀਆਂ ਤੋਂ ਕਿਤੇ ਵੱਧ ਕੁਰਬਾਨੀਆਂ ਕੀਤੀਆਂ। ਪਰ ਜਦੋਂ ਆਜ਼ਾਦੀ ਮਿਲੀ ਤਾਂ ਕੇਵਲ ਹਿੰਦੂਆਂ ਨੂੰ ਨਹਿਰੂ ਗਾਂਧੀ ਵਰਗਿਆਂ ਨੇ ਸਿੱਖਾਂ ਨਾਲ ਕੀਤੇ ਵਾਅਦੇ ਵਿਸਾਰ ਦਿੱਤੇ। ਸਿੱਖ ਕੌਮ ਨੂੰ ਨੀਵਾਂ ਵਿਖਾਉਣ ਲਈ ਬਹੁਤ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ 1947 ਤੋਂ ਲੈ ਕੇ ਅੱਜ ਤੱਕ ਸਿੱਖਾਂ ਨਾਲ ਵਿਤਕਰਾ ਹੀ ਹੁੰਦਾ ਆਇਆ ਹੈ ਭਾਰਤ ਦੀ ਆਜ਼ਾਦੀ ਲਈ ਸਿੱਖਾਂ ਨੇ 90ਫੀਸਦੀ ਕੁਰਬਾਨੀਆਂ ਦਿੱਤੀਆਂ। ਮਾਣ ਤਾਂ ਕੀ ਦੇਣਾ ਸੀ ਸਗੋਂ ਸਿੱਖਾਂ ਦੀ ਵੱਖਰੀ ਪਛਾਣ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ। ਇਸ ਧੱਕਸ਼ਾਹੀ ਨੂੰ ਸਿੱਖ ਕੌਮ ਤਾਂ ਬਰਦਾਸ਼ਤ ਕਰਦੀ ਰਹੀ ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਿੱਖ ਹੱਕਾਂ ਲਈ, ਆਜ਼ਾਦੀ ਲਈ ਝੰਡਾ ਚੁੱਕਿਆ। ਇਸ ਕਾਫਲੇ ਵਿੱਚ ਸਿੱਖ ਨੌਜਵਾਨ ਜਾਨਾਂ ਵਾਰਨ ਲਈ ਮੈਦਾਨ ਜੰਗ ਵਿੱਚ ਉਤਰੇ। ਇਹਨਾਂ ਵਿਚੋਂ ਬੱਬਰਾਂ ਦੀ ਜਥੇਬੰਦੀ ਵੱਡੇ ਪੱਧਰ 'ਤੇ ਜਥੇਬੰਦ ਹੋ ਕੇ ਜਥੇਦਾਰ ਸੁਖਦੇਵ ਸਿੰਘ ਬੱਬਰ ਦੀ ਕਮਾਂਡ ਥੱਲੇ ਐਕਸ਼ਨ ਕਰਨ ਲੱਗੀ ਜੂਨ 1984 ਵਿਚ ਹਰਿਮੰਦਰ ਸਾਹਿਬ ਦੇ ਸਾਕੇ ਤੋਂ ਬਾਅਦ ਹਰ ਨੌਜਵਾਨ ਬਦਲਾ ਲੈਣਾ ਚਾਹੁੰਦਾ ਸੀ। ਜਿਨ੍ਹਾਂ ਵਿਚੋਂ ਭਾਈ ਘੁਕਰ ਸਿੰਘ ਸਿੱਖ ਕੌਮ ਦੀ ਆਜ਼ਾਦੀ ਵਿੱਚ ਸ਼ਹੀਦ ਹੋਣ ਵਾਲੇ ਸੂਰਮਿਆਂ ਵਿਚੋਂ ਇਕ ਹੈ।

ਭਾਈ ਘੁਕਰ ਸਿੰਘ ਦਾ ਜਨਮ ਸੰਨ 1963 ਨੂੰ ਮਾਤਾ ਸਚਿਆਰ ਕੌਰ ਦੀ ਕੁੱਖੋਂ ਜਥੇਦਾਰ ਮੁਖ਼ਤਿਆਰ ਸਿੰਘ ਦੇ ਘਰ ਪਿੰਡ ਹੀਰੇਵਾਲਾ ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਆਪ ਦੇ ਛੇ ਭਰਾ ਅਤੇ ਇਕ ਭੈਣ ਸੀ। ਆਪ ਦਾ ਵਿਆਹ ਬੀਬੀ ਹਰਪਾਲ ਕੌਰ ਨਾਲ ਹੋਇਆ। ਆਪ ਦੇ ਘਰ ਇਕ ਲੜਕਾ ਅਤੇ ਇਕ ਲੜਕੀ ਨੇ ਜਨਮ ਲਿਆ। ਆਪ ਨੂੰ ਧਰਮ ਅਤੇ ਪਿਆਰ ਦੀ ਗੁੜ੍ਹਤੀ ਬਚਪਨ ਵਿਚ ਹੀ ਮਿਲੀ। ਕਿਉਂਕਿ ਆਪ ਦੇ ਪਿਤਾ ਜਥੇਦਾਰ ਮੁਖ਼ਤਿਆਰ ਸਿੰਘ ਟਕਸਾਲੀ ਅਕਾਲੀ ਸਨ ਅਤੇ ਪੰਜਾਬ, ਪੰਥ ਦੀ ਚੜ੍ਹਦੀਕਲਾ ਵਿੱਚ ਲੱਗੇ ਹਰ ਮੋਰਚੇ ਵਿਚ ਹਿੱਸਾ ਪਾਉਂਦੇ ਸਨ। ਭਾਈ ਸਾਹਿਬ ਨੇ ਪੰਜਵੀਂ ਤੱਕ ਪੜ੍ਹਾਈ ਕੀਤੀ ਅਤੇ ਉਸ ਤੋਂ ਬਾਅਦ ਪਿਤਾਪੁਰਖੀ ਧੰਦੇ ਖੇਤੀਬਾੜੀ ਵਿੱਚ ਰੁੱਝ ਗਏ। ਕੁਝ ਸਮਾਂ ਆਪ ਨੇ ਰਾਜਸਥਾਨ ਨਹਿਰੀ ਮਹਿਕਮੇ ਵਿੱਚ ਵੀ ਸੇਵਾ ਕੀਤੀ। ਪਰ ਘਰ ਤੋਂ ਦੂਰ ਹੋਣ ਕਰਕੇ ਨੌਕਰੀ ਛੱਡ ਕੇ ਪਿੰਡ ਆ ਗਏ। ਉਸ ਸਮੇਂ ਪੰਜਾਬ ਵਿੱਚ ਭਾਰਤੀ ਕਿਸਾਨ ਯੂਨੀਅਨ ਬਹੁਤ ਸਰਗਰਮ ਹੋ ਚੁੱਕੀ ਸੀ। ਆਪ ਯੂਨੀਅਨ ਵਿੱਚ ਸ਼ਾਮਿਲ ਹੋ ਕੇ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕਰਨ ਲੱਗੇ। ਕਿਸਾਨ ਯੂਨੀਅਨ ਵਲੋਂ ਮੰਡੀਆਂ ਵਿੱਚ ਕਣਕ, ਦੁੱਧ ਤੇ ਹੋਰ ਲੋੜੀਂਦੀਆਂ ਵਸਤੂਆਂ ਦੀ ਆਮਦ ਨੂੰ ਰੋਕਣ ਲਈ ਸਾਰੇ ਪੰਜਾਬ ਵਿੱਚ ਚੱਕਾ ਜਾਮ ਕੀਤਾ ਗਿਆ ਭਾਈ ਸਾਹਿਬ ਦੀ ਡਿਊਟੀ ਪਿੰਡ ਹੋਡਲਾ ਵਿਖੇ ਲਗਾਈ ਗਈ, ਜਿਥੇ ਬਾਦ ਵਿੱਚ ਆਪ ਨੇ ਇਕ ਪੁਲਿਸ ਐਕਸ਼ਨ ਕੀਤਾ। ਆਪ ਦੇ ਪਿਤਾ ਰਾਜਨੀਤਕ,

ਸਮਾਜਕ ਅਤੇ ਧਾਰਮਕ ਤੌਰ 'ਤੇ ਸੁਚੇਤ ਹੋਣ ਕਰਕੇ ਆਪ ਦੇ ਘਰ ਖਾੜਕੂ ਸਿੰਘਾਂ ਦਾ ਆਉਣਾ ਜਾਣਾ ਹੋ ਗਿਆ। ਭਾਈ ਸਾਹਿਬ ਸੰਘਰਸ਼ ਵਿੱਚ ਗੁਪਤ ਰਹਿ ਕੇ ਸੇਵਾ ਕਰਨ ਲੱਗੇ। ਬਹੁਤ ਸਮਾਂ ਗੁਪਤ ਤੌਰ ਤੇ ਵਿਚਰਦੇ ਰਹੇ। ਪੁਲਿਸ ਨੂੰ ਸੂਹ ਮਿਲਣ 'ਤੇ ਜਦੋਂ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕੀਤਾ ਤਾਂ ਆਪ ਸ਼ਰੇਆਮ ਹਥਿਆਰ ਚੁੱਕ ਕੇ ਸੰਘਰਸ਼ ਵਿੱਚ ਕੁੱਦ ਪਏ।

ਆਪ ਸਿੱਖ ਕੌਮ ਦੇ ਜਰਨੈਲ ਬਲਵਿੰਦਰ ਸਿੰਘ ਬਲਟ ਬੱਬਰ ਦੀ ਕਮਾਨ ਥੱਲੇ ਕੌਮ ਦੀ ਸੇਵਾ ਕਰਨ ਲੱਗੇ। ਆਪ ਨੇ ਅਨੇਕਾਂ ਪੰਥ ਦੋਖੀਆਂ ਨੂੰ ਸੋਧਿਆ ਆਪ ਦੇ ਨਾਮ ਤੋਂ ਪੰਥ ਦੋਖੀ ਅਤੇ ਪੁਲਿਸ ਥਰ-ਥਰ ਕੰਬਣ ਲੱਗ ਪਈ। ਜਦੋਂ ਭਾਈ ਬਲਵਿੰਦਰ ਬਲਟ ਗਰੁੱਪ ਦੇ ਜਥੇ ਨੇ ਪਿੰਡ ਹੰਡਲਾਂ ਵਿਖੇ ਪੁਲਿਸ ਐਕਸ਼ਨ ਕੀਤਾ ਉਸ ਵਿੱਚ ਆਪ ਵੀ ਸ਼ਾਮਿਲ ਸਨ। ਆਪ ਦੇ ਸਾਥੀ ਤਰਸੇਮ ਸਿੰਘ ਕਰੰਡੀ, ਅਮਰੀਕ ਸਿੰਘ ਖਾਰਾ, ਅੰਗਰੇਜ਼ ਸਿੰਘ ਅਤੇ ਨਿਹਾਲ ਸਿੰਘ ਬਰਨਾਲਾ, ਅਮਰੀਕ ਸਿੰਘ ਅਣਖੀ ਭੈਣੀ ਬਾਘਾ, ਘੁਕਰ ਸਿੰਘ ਬੱਬਰ ਨਾਲ ਹੋਣ ਕਰਕੇ ਪੁਲਿਸ ਪਰਿਵਾਰ ਮਗਰ ਹੱਥ ਧੋ ਕੇ ਪੈ ਗਈ। ਪੁਲਿਸ ਦੀਆਂ ਧਾੜਾਂ ਹਰ ਰੋਜ਼ ਘਰ ਆਉਣੀਆਂ ਸ਼ੁਰੂ ਹੋ ਗਈਆਂ। ਡੰਗਰ ਪਸ਼ੂ ਛੱਡ ਕੇ ਘਰ ਦੇ ਦਰਵਾਜ਼ੇ ਤੋੜ ਸਿੱਟੇ। ਪਰਿਵਾਰ ਦੇ ਮੈਂਬਰ ਲੁਕ ਛਿਪ ਕੇ ਸਮਾਂ ਬਤੀਤ ਕਰਨ ਲੱਗੇ। ਪੁਲਿਸ ਦਾ ਕਹਿਰ ਐਨਾ ਜ਼ਿਆਦਾ ਵਧ ਗਿਆ ਕਿ 22 ਮਈ 1991 ਨੂੰ ਮਾਨਸਾ ਪੁਲਿਸ ਦੇ ਇਨਸਪੈਕਟਰ ਧਰਮ ਸਿੰਘ ਨੇ ਭਾਈ ਸਾਹਿਬ ਦੇ ਭਰਾ ਬੁਗਰ ਸਿੰਘ ਤੇ ਚਾਚਾ ਹਮੀਰ ਸਿੰਘ ਨੂੰ ਚੁੱਕ ਲਿਆ। ਮਾਨਸਾ ਸੀ ਆਈ ਏ ਸਟਾਫ ਵਿਚ ਤਸੀਹੇ ਦਿੰਦੇ ਰਹੇ। ਭਾਈ ਬੁਗਰ ਸਿੰਘ ਨੂੰ ਹਰ ਰੋਜ਼ ਘੋਟਾ ਲਾਉਂਦੇ ਰਹੇ ਤੇ ਰੱਸੇ 'ਤੇ ਪੁੱਠਾ ਲਮਕਾ ਕੇ ਥੱਲੇ ਹੀਟਰ ਲਾ ਕੇ ਚਰਬੀ ਢਾਲਦੇ ਰਹੇ। ਜਦੋਂ ਕੋਈ ਵੀ ਭੇਤ ਨਾ ਮਿਲਿਆ ਤਾਂ ਭਾਈ ਬੁਗਰ ਸਿੰਘ ਦੀਆਂ ਲੱਤਾਂ ਤੋੜ ਕੇ ਅੱਧਮੋਏ ਨੂੰ ਤੜਫਦਾ ਛੱਡ ਦਿੱਤਾ। ਚਾਚਾ ਹਮੀਰ ਸਿੰਘ ਦੇ ਸਿਰ ਵਿਚ ਗਰਮ ਪਾਣੀ ਪਾ ਕੇ ਆਲੂ ਵਾਂਗੂ ਉਬਾਲ ਦਿੱਤਾ। ਦੱਸੋ ਕਿੱਥੇ ਹੈ, ਘੁਕਰ। ਦੋਵੇਂ ਜ਼ਿੰਦਗੀ ਅਤੇ ਮੌਤ ਵਿਚਕਾਰ ਰਿੜਕ ਰਹੇ ਸੀ ਦੂਜੇ ਪਾਸੇ ਜਥੇਦਾਰ ਮੁਖਤਿਆਰ ਸਿੰਘ ਵੱਖ ਵੱਖ ਥਾਣਿਆਂ ਵਿਚ ਆਪਣੇ ਸੱਜਣਾ ਨੂੰ ਨਾਲ ਲੈ ਕੇ ਆਪਣੇ ਭਰਾ ਅਤੇ ਪੁੱਤਰ ਦੀ ਭਾਲ ਕਰਦੇ ਰਹੇ ਜਥੇਦਾਰ ਮੁਖਤਿਆਰ ਸਿੰਘ ਨੂੰ ਆਪ ਦੇ ਨਜ਼ਦੀਕੀ ਸਾਥੀਆਂ ਜਸਵੰਤ ਸਿੰਘ ਸਾਬਕਾ ਡਿਪਟੀ ਸਪੀਕਰ, ਸਰਦਾਰ ਤੇਜਾ ਸਿੰਘ ਦਰਦੀ, ਜਥੇਦਾਰ ਜੋਗਿੰਦਰ ਸਿੰਘ ਮੰਡਾਲੀ ਵਰਗੇ ਸੂਝਵਾਨਾਂ ਨੇ ਬਹੁਤ ਕਿਹਾ, ਜਥੇਦਾਰ ਜੀ ਸਮਾਂ ਬਹੁਤ ਮਾੜਾ ਹੈ, ਆਪ ਆਸਾ-ਪਾਸਾ ਕਰਕੇ ਸਮਾਂ ਪਾਸ ਕਰੋ। ਅੱਗੋਂ ਆਪ ਦੇ ਪਿਤਾ ਨੇ ਕਿਹਾ ਮੈਂ ਸਮਾਂ ਕਿਵੇਂ ਪਾਸ ਕਰਾਂ। ਮੇਰਾ ਭਰਾ ਤੇ ਪੁੱਤਰ ਪਤਾ ਨਹੀਂ ਕਿਥੇ ਤਸੀਹੇ ਕੇਂਦਰ ਵਿਚ ਤਸੀਹੇ ਝੱਲਦੇ ਹੋਣਗੇ ਮੈਂ 67 ਸਾਲ ਦੀ ਉਮਰ ਵਿਚ ਜਿਉਂਦੇ ਰਹਿ ਕੇ ਕੀ ਕਰਨਾ ਹੈ। ਭਾਈ ਸਾਹਿਬ ਦੇ ਪਿਤਾ ਨੇ ਬਹੁਤ ਥਾਣਿਆਂ ਅੰਦਰ ਲੱਭੇ ਅਖੀਰ ਪਤਾ ਲੱਗਿਆ ਕਿ ਉਹ ਤਸ਼ੱਦਦ ਕਰ ਕੇ ਸ਼ਹੀਦ ਕਰ ਦਿੱਤੇ ਗਏ ਹਨ, ਜੋ ਅੱਜ ਤੱਕ ਵੀ ਲਾਪਤਾ ਕੀਤੇ ਹੋਏ ਹਨ। ਭਾਈ ਘੁਕਰ ਸਿੰਘ ਅਡੋਲ ਚੜ੍ਹਦੀਕਲ੍ਹਾ ਵਿਚ ਸੇਵਾ ਕਰਦੇ ਰਹੇ। ਗੁਰਬਾਣੀ ਦਾ ਜਾਪ ਕਰਨ ਵਿਚ ਲੱਗੇ ਰਹੇ। ਤਾਂ ਹੀ ਕਹਿੰਦੇ ਨੇ ਕੌਮ ਦੀ ਸੇਵਾ ਕਰਨੀ ਜਿੰਦੜੀਏ

ਬਹੁਤ ਔਖੀ ਹੈ। ਗੱਲ੍ਹਾ ਢੇਰ ਸਾਰੀਆਂ ਕਰਨੀਆਂ ਬਹੁਤ ਸੁਖਾਲੀਆਂ ਨੇ ਬਾਕੀ ਮੈਂਬਰਾਂ ਨੂੰ ਰੂਪੋਸ਼ ਹੋ ਕੇ ਘਰ ਬਾਰ ਛੱਡ ਕੇ ਜ਼ਿੰਦਗੀ ਬਤਾਉਣੀ ਪਈ। ਪਰ ਪੁਲਿਸ ਦਾ ਇਤਨਾ ਜ਼ੁਲਮ-ਸਿਤਮ ਦਾ ਨਾਚ ਵੀ ਭਾਈ ਸਾਹਿਬ ਨੂੰ ਆਪਣੇ ਨਿਸ਼ਾਨੇ ਤੋਂ ਥਿੜਕਾ ਨਾ ਸਕਿਆ। ਪਰ ਫਿਰ ਵੀ ਪੁਲਿਸ ਦਾ ਕਹਿਰ ਮੱਠਾ ਨਾ ਪਿਆ। ਉਸ ਤੋਂ ਬਾਅਦ ਭਾਈ ਸਾਹਿਬ ਦੇ ਪਿਤਾ ਪਿੰਡ ਲਹਿਰੀ ਵਿਖੇ ਖੇਤੀਬਾੜੀ ਕਰਨ ਲੱਗ ਪਏ ਆਪਣਾ ਨਾਮ ਬਦਲ ਕੇ ਰਹਿਣ ਲੱਗ। ਕਿਸੇ ਪੱਕੀ ਮੁਖ਼ਬਰੀ 'ਤੇ ਜੋੜਕੀਆ ਥਾਣੇ ਦੀ ਪੁਲਿਸ ਦੇ ਥਾਣੇਦਾਰ ਜਰਨੈਲ ਸਿੰਘ ਨੇ ਭਾਈ ਸਾਹਿਬ ਦੇ ਭਰਾ ਟਿੱਕਾ ਸਿੰਘ, ਪਿਤਾ ਜਥੇਦਾਰ ਮੁਖਤਿਆਰ ਸਿੰਘ ਨੂੰ 18 ਜੁਲਾਈ1991 ਨੂੰ ਖੇਤ ਵਿਚ ਘੇਰਾ ਪਾ ਕੇ ਲਹਿਰੀ ਪਿੰਡ ਤੋਂ ਚੁੱਕ ਲਿਆ। ਜਥੇਦਾਰ ਮੁਖਤਿਆਰ ਸਿੰਘ ਦੇ ਭੈਣ ਭਣੋਈਏ ਦੇਖਦੇ ਹੀ ਰਹਿ ਗਏ। ਕੋਈ ਵਾਹ ਨਾ ਚੱਲੀ ਬਾਅਦ ਵਿਚ ਪਤਾ ਨਹੀਂ ਕਿਥੇ ਕਿਥੇ ਤਸੀਹੇ ਦਿੱਤੇ। ਪ੍ਰੀਵਾਰ ਪਾਸ ਭਾਣਾ ਮੰਨਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ। ਥਾਣੇ ਲਿਜਾ ਕੇ ਪਿਤਾ ਸਾਹਮਣੇ ਭਾਈ ਟਿੱਕਾ ਸਿੰਘ 'ਤੇ ਅੰਨ੍ਹਾ ਤਸ਼ੱਦਦ ਕੀਤਾ ਤੇ ਸ਼ਰਾਬ ਦੇ ਨਸ਼ੇ ਵਿਚ ਟੁੰਨ ਦਿੱਲੀ ਦੇ ਪਾਲਤੂਆਂ ਨੇ ਭਾਈ ਸਾਹਿਬ ਦੇ ਭਰਾ ਅਤੇ ਪਿਤਾ ਉਪਰ ਜ਼ੁਲਮ ਦੀਆਂ ਪੂਰੀਆਂ ਰੀਝਾਂ ਲਾਹੀਆਂ। ਕਦੀ ਹੋਰ ਵੱਡੇ ਵੱਡੇ ਲਾਲਚ ਦੇ ਕੇ ਸਿੰਘਾਂ ਬਾਰੇ ਪੁੱਛਣਾ ਚਾਹਿਆ। ਦੋਵੇਂ ਪਿਉ ਪੁੱਤਰ ਹਰ ਤਰ੍ਹਾਂ ਦਾ ਜ਼ੁਲਮੋ ਸਿਤਮ ਆਪਣੇ ਸ਼ਰੀਰ 'ਤੇ ਝੱਲਦੇ ਰਹੇ। ਥਾਣੇਦਾਰ ਆਪ ਡਾਂਗ ਫੜ ਕੇ ਛੱਲਿਆਂ ਵਾਂਗ ਕੁੱਟਦਾ ਹੋਇਆ ਕੁਝ ਉਗਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਥੇ ਹਾਜ਼ਰ ਪੂਰੇ ਵਰਦੀਧਾਰੀ ਟੁਕੜਬੋਚਾਂ ਨੇ ਆਪਣੀ ਪੂਰੀ ਵਾਹ ਲਾ ਲਈ। ਥਾਣੇਦਾਰ ਕਹਿੰਦਾ ਜੱਥੇਦਾਰਾ ਤੇਰਾ ਭਰਾ ਹਮੀਰ ਸਿੰਘ ਤੇ ਪੁੱਤਰ ਬਗ਼ਾਰ ਸਿੰਘ ਐਵੇਂ ਕੁੱਟ ਖਾਂਦੇ ਮਰ ਗਏ, ਹੁਣ ਤੂੰ ਮਰਨਾ ਹੀ ਹੈ ਨਾਲ ਤੇਰਾ ਆਹ ਪੁਤਰ ਟਿੱਕਾ ਸਿੰਘ ਵੀ ਮਰਵਾਵੇਂਗਾ। ਭਾਈ ਸਾਹਿਬ ਦੇ ਪਿਤਾ ਜੀ ਕਹਿੰਦੇ ਮਰਨਾ ਤਾਂ ਮੈਂ ਇਕ ਦਿਨ ਹੈ ਹੀ, ਹੁਣ ਦੱਸ ਕਿਸ ਦੇ ਘਰ ਦਾ ਚਿਰਾਗ ਬੁਝਾ ਦੇਵਾਂ। ਥਾਣੇਦਾਰ ਪੂਰੀ ਤਰ੍ਹਾਂ ਖਿੱਝ ਗਿਆ। ਉਸ ਨੇ 27-28 ਜੁਲਾਈ ਨੂੰ ਖੇਤਾਂ ਵਿਚ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਅਣਪਛਾਤੇ ਵਿਖਾ ਕੇ ਦੋਵੇਂ ਪਿਉ ਪੁਤ ਸ਼ਹੀਦ ਕਰ ਦਿੱਤੇ ਦੂਜੇ ਪਾਸੇ ਭਾਈ ਧੁਕਰ ਸਿੰਘ ਬੱਬਰ ਆਪਣੇ ਪਰਿਵਾਰ ਦੇ ਚਾਰ ਮੈਂਬਰ ਸ਼ਹੀਦ ਹੋਣ ਦੇ ਬਾਵਜੂਦ ਚੜ੍ਹਦੀਕਲ੍ਹਾ ਵਿਚ ਆਪਣੇ ਸਾਥੀਆਂ ਨਾਲ ਕੌਮ ਦੀ ਸੇਵਾ ਕਰ ਰਿਹਾ ਸੀ ਭਾਈ ਸਾਹਿਬ ਦਾ ਏਨਾ ਚੜ੍ਹਦੀਕਲ੍ਹਾ ਵਿਚ ਰਹਿਣ ਦਾ ਕਾਰਨ ਭਾਈ ਬਲਵਿੰਦਰ ਸਿੰਘ ਬੁਲਟ, ਭਾਈ ਬਲਵਿੰਦਰ ਸਿੰਘ ਠੱਗਾ, ਗੁਰਮੇਲ ਸਿੰਘ ਰਾਏਪੁਰ, ਭਾਈ ਅੰਗਰੇਜ਼ ਸਿੰਘ, ਭਾਈ ਨਿਹਾਲ ਸਿੰਘ ਬਰਨਾਲਾ, ਭਾਈ ਕਰਮੇਲ ਸਿੰਘ ਕਰੰਡੀ ਵਰਗੇ ਨਿਧੜਕ ਸਾਥੀਆਂ ਦੀ ਦੇਣ ਤੇ ਬੁਲਟ ਬੱਬਰ ਦੀ ਅਗਵਾਈ ਸੀ।

ਭਾਈ ਸਾਹਿਬ ਕਹਿੰਦੇ ਹੁੰਦੇ ਸੀ ਕਿ ਸ਼ਹੀਦ ਤਾਂ ਇਕ ਦਿਨ ਹੋਣਾ ਹੀ ਏ ਪਰ ਕਿਸੇ ਦਾ ਘਰ ਬਾਰ ਤਬਾਹ ਨਾ ਹੋਵੇ। ਮੇਰਾ ਮੁਕਾਬਲਾ ਸਿੱਧਾ ਮੈਦਾਨ-ਏ ਜੰਗ ਵਿਚ ਹੋਵੇ। ਭਾਈ ਸਾਹਿਬ ਦੇ ਮਨ ਦੀ ਸੱਧਰ ਪੂਰੀ ਹੋਈ। ਪਿੰਡ ਰਾਏਪੁਰ ਦੇ ਖੇਤਾਂ ਵਿਚ ਮੁਕਾਬਲਾ ਸ਼ੁਰੂ ਹੋ ਗਿਆ ਆਪ ਦੁਸ਼ਮਣਾਂ ਨਾਲ ਲੜਦੇ ਹੋਏ ਸਖਤ ਫੱਟੜ ਹੋ ਗਏ। ਆਪ ਦੇ

ਸਾਥੀਆਂ ਨੇ ਚੁੱਕ ਕੇ ਲਿਜਾਣ ਦੀ ਕੋਸ਼ਿਸ਼ ਕੀਤੀ। ਭਾਈ ਅੰਗਰੇਜ਼ ਸਿੰਘ ਗੋਜਾ ਆਪ ਨੂੰ ਮੋਢਿਆਂ 'ਤੇ ਚੁੱਕ ਕੇ ਕਾਫੀ ਦੂਰ ਲੈ ਗਿਆ ਪਰ ਆਪ ਜੀ ਨੇ ਅੰਤ ਸਮਾਂ ਨੇੜੇ ਜਾਣ ਕੇ ਕਿਹਾ ਕਿ ਮੇਰੇ ਵਿਚ ਜਿਨ੍ਹਾਂ ਚਿਰ ਸਾਹ ਹਨ, ਮੈਂ ਮੁਕਾਬਲਾ ਕਰਾਂਗਾ, ਆਪ ਮੈਨੂੰ ਛੱਡ ਕੇ ਚਲੇ ਜਾਵੋ ਭਾਈ ਸਾਹਿਬ ਦੇ ਸਾਥੀਆਂ ਦਾ ਇਕੱਲੇ ਨੂੰ ਛੱਡ ਕੇ ਜਾਣ ਦਾ ਜੀਅ ਤਾਂ ਨਹੀਂ ਸੀ ਕਰਦਾ ਪਰ ਆਪ ਦੇ ਦਲੇਰੀ ਤੇ ਸਾਹਸ ਭਰੇ ਸ਼ਬਦਾਂ ਸਦਕਾ ਬਾਕੀ ਸਾਥੀ ਬਲਵਿੰਦਰ ਸਿੰਘ ਬੁਲਟ, ਅਮਰੀਕ ਸਿੰਘ ਧਾਰਾ, ਅੰਗਰੇਜ ਸਿੰਘ, ਨਿਹਾਲ ਸਿੰਘ ਬਰਨਾਲਾ, ਤੂਰਸਮ ਸਿੰਘ ਕਰੰਡੀ ਘੇਰਾ ਤੋੜ ਕੇ ਨਿਕਲ ਗਏ ਭਾਈ ਸਾਹਿਬ ਜ਼ਾਲਮ ਪੁਲਿਸ ਨਾਲ ਜੂਝਦੇ ਹੋਏ ਜੈਕਾਰੇ ਗਜਾਉਂਦੇ ਹੋਏ 3 ਅਗਸਤ 1991 ਨੂੰ ਸ਼ਹੀਦੀ ਜਾਮ ਪੀ ਗਏ ਸਾਰੇ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ। ਲੋਕਾਂ ਦੇ ਹੰਝੂ ਰੁਕਿਆਂ ਨਹੀਂ ਸੀ ਰੁਕਦੇ। ਕਿਉਂਕਿ ਭਾਈ ਸਾਹਿਬ ਇਲਾਕੇ ਦੇ ਵਿਚ ਬਹੁਤ ਜਿਆਦਾ ਸਮਾਂ ਰਹੇ ਸੀ। ਇਸ ਦਾ ਪਤਾ ਆਪ ਜੀ ਦੀ ਸ਼ਹੀਦੀ ਬਾਅਦ ਇਲਾਕੇ ਦੇ ਪਿੰਡਾਂ ਵਿਚ ਸ਼ੁਰੂ ਹੋਈ ਅਖੰਡ ਪਾਠਾਂ ਦੀ ਲੜੀ ਤੋਂ ਲਗਦਾ ਹੈ ਹਰੇਕ ਪਿੰਡ ਵਿਚ ਅਖੰਡ ਪਾਠ ਕੇ ਸ਼ਰਧਾਂਜਲੀ ਸਮਾਰੋਹ ਕਰਨਾ ਸੰਗਤਾਂ ਨੇ ਆਪਣਾ ਫ਼ਰਜ਼ ਸਮਝਿਆ। ਭਾਈ ਸਾਹਿਬ ਅਤੇ ਪ੍ਰੀਵਾਰ ਦੇ ਬਾਕੀ ਮੈਂਬਰਾਂ ਦੀ ਬਰਸੀ ਹਰ ਸਾਲ 3 ਅਗਸਤ ਨੂੰ ਪਿੰਡ ਹੀਰੇਵਾਲਾ ਵਿਖੇ ਬੜੀ ਸ਼ਰਧਾ ਨਾਲ ਪਿੰਡ ਤੇ ਸਹਿਯੋਗ ਨਾਲ ਮਨਾਈ ਜਾਂਦੀ ਹੈ

ਆਪ ਦੀ ਸ਼ਹੀਦੀ ਤੋਂ ਬਾਅਦ ਭਰਾ ਭੋਲਾ ਸਿੰਘ ਨੂੰ ਵੀ ਬੁੱਧ ਸਿੰਘ ਇਨਸਪੈਕਟਰ ਨੇ ਬਹੁਤ ਟਾਰਚਰ ਕੀਤਾ। ਫਿਰ ਵੀ ਪਰਿਵਾਰ ਵਿਚ ਸਿੱਖ ਸੰਘਰਸ਼ ਪ੍ਰਤੀ ਬਹੁਤ ਜਜ਼ਬਾ ਹੈ ਜਦੋਂ ਅਸੀਂ ਭਾਈ ਸਾਹਿਬ ਦੇ ਪਰਿਵਾਰ ਕੋਲ ਗਏ ਤਾਂ ਸਾਨੂੰ ਮਿਲ ਕੇ ਉਹ ਬਹੁਤ ਖੁਸ਼ ਹੋਏ। ਉਹਨ੍ਹਾਂ ਦੇ ਦਿਲ ਵਿਚ ਏਨੀ ਖੁਸ਼ੀ ਸੀ ਜਿਵੇਂ ਉਹਨ੍ਹਾਂ ਨੂੰ ਖਜ਼ਾਨਾ ਮਿਲ ਗਿਆ ਹਵੇ। ਇਲਾਕੇ ਦੇ ਸ਼ਹੀਦ ਪਰਿਵਾਰ ਇਕ ਦੂਜੇ ਸ਼ਹੀਦ ਪਰਿਵਾਰ ਨਾਲ ਬਹੁਤ ਵਧੀਆ ਸੰਬੰਧ ਰੱਖਦੇ ਨੇ, ਦੁਖ-ਸੁਖ ਵਿਚ ਸ਼ਾਮਲ ਹੁੰਦੇ ਨੇ, ਜਿਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਅਸੀਂ ਭਾਈ ਸਾਹਿਬ ਦੇ ਘਰ ਬੈਠੇ ਸੀ, ਉਸ ਦਿਨ ਬਸ਼ੀਰ ਮਹੰਮਦ ਦੀ ਬਰਸੀ ਸੀ। ਇਸ ਪਰਿਵਾਰ ਕੋਲ ਫੋਨ ਆਇਆ ਇਹ ਪਰਿਵਾਰ ਬਸ਼ੀਰ ਮੁਹਮਦ ਦੀ ਬਰਸੀ 'ਤੇ ਗੁਰਦੁਆਰਾ ਮੂਲੀਸਰ ਵਿਖੇ ਸਾਨੂੰ ਵੀ ਨਾਲ ਲੈ ਕੇ ਗਏ, ਜਿਥੇ ਬਸ਼ੀਰ ਦੀ ਬਰਸੀ ਮਨਾਈ ਗਈ। ਓਹੀ ਸਚ ਓਹੀ ਜਜ਼ਬਾ। ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇ ਰਹੇ ਇਸ ਪਰਿਵਾਰ ਦੇ ਘਰ ਵਿਖੇ ਪੁਰਾਣੇ ਕਮਰੇ ਛੋਟ-ਛੋਟੇ, ਫਟੀਆਂ ਫੋਟੋਆਂ ਕੰਧਾਂ, ਲੱਕੜ ਦਾ ਗੇਟ, ਅੱਜ ਵੀ ਦੱਸ ਰਿਹਾ ਹੈ ਸ਼ਹੀਦ ਸਿੰਘਾਂ ਦੇ ਘਰ ਦੀ ਹਾਲਤ। ਕਿਸੇ ਪੰਥ ਦਰਦੀ ਨੇ ਇਸ ਪਰਿਵਾਰ ਦੀ ਸਾਰ ਨਹੀਂ ਲਈ। ਪਰ ਇਹ ਪਰਿਵਾਰ ਕਹਿੰਦਾ ਹੈ ਕਿ ਸਾਨੂੰ ਕਿਸੇ 'ਤੇ ਗਿਲਾ ਨਹੀਂ ਪਰ ਇਕ ਦੁੱਖ ਜ਼ਰੂਰ ਹੈ ਕਿ ਜੋ ਸ਼ਹੀਦਾਂ ਦੇ ਵਾਰਸ ਕਹਾਉਂਦੇ ਨੇ, ਕਦੇ ਵੀ ਇਸ ਪਰਿਵਾਰ ਕੋਲ ਦੁਖ ਸੁੱਖ ਵਿਚ ਭਾਈਵਾਲ ਹੋਣ ਨਹੀਂ ਆਏ। ਸ਼ਹੀਦ ਹੋਣ ਨਾਲ ਘਰ ਵਿਚ ਆਈ ਵਿਰਾਨੀ ਅੱਜ ਵੀ ਕਾਇਮ ਹੈ। ਪ੍ਰਕਾਸ਼ ਸਿੰਘ ਵਰਗੇ ਜੁਝਾਰੂ ਨਰਸਿੰਘਾਂ ਨੂੰ ਇਸ ਹੋਣੀ ਦਾ ਪਹਿਲਾਂ ਹੀ ਪਤਾ ਸੀ। ਉਹਨਾਂ ਦਾ ਆਪਣੇ ਘਰ ਘਾਟ ਲੁਟਾ ਕੇ ਕੌਮੀ ਘਰ ਦੇ ਖੇੜੇ ਮੋੜ ਲਿਆਉਣ ਦਾ ਸੁਪਨਾ ਅਜੇ ਵੀ ਮਾਂਵਾਂ ਦੇ ਪੁੱਤਾਂ ਨੇ ਸਾਕਾਰ ਕਰਨਾ ਹੈ।

## ਕੋਈ ਸਾਨੂੰ ਦੱਸ ਦੇਵੇ ਇਹ ਕਿਥੇ ਹਨ ?
## ਤਾਂ ਕਿ ਸਾਡੀ ਉਡੀਕ ਮੁਕ ਜਾਵੇ

ਇਨ੍ਹਾਂ ਸੰਘਰਸ਼ੀ, ਹਮਦਰਦੀ, ਨੌਜਵਾਨਾਂ ਨੂੰ, ਜਿਨ੍ਹਾਂ ਨੂੰ ਕਈਆਂ ਘਰਾਂ ਵਿਚੋਂ ਚੁੱਕਿਆ, ਕਈਆਂ ਨੂੰ ਰਾਹ ਜਾਂਦਿਆਂ, ਰਿਸ਼ਤੇਦਾਰੀਆਂ, ਸਕੂਲਾਂ, ਕਾਲਜਾਂ ਤੇ ਹਰ ਜਨਤਕ ਥਾਵਾਂ ਤੋਂ ਪੁਲਿਸ ਨੇ, ਪੁਲਿਸ ਦੇ ਕੈਟਾਂ ਨੇ ਗੈਰਕਾਨੂੰਨੀ ਢੰਗ ਨਾਲ ਚੁਕਿਆ, ਹਿਰਾਸਤ ਵਿਚ ਲਿਆ। ਕਈ ਨੌਜਵਾਨਾਂ ਨੂੰ ਜੇਲ੍ਹਾਂ ਵਿਚੋਂ ਪ੍ਰੋਡਕਸ਼ਨ ਵਰੰਟਾਂ ਤੇ ਅਦਾਲਤਾਂ ਦੀ ਮਾਰਫਤ ਵੀ ਲਿਆਂਦਾ, ਕਈ ਨੌਜਵਾਨਾਂ ਨੂ ਮੋਹਤਬਰ ਲੋਕਾਂ ਰਾਹੀਂ ਰਿਸ਼ਵਤ ਦੀਆਂ ਮੋਟੀਆਂ ਰਕਮਾਂ ਪੁਲਿਸ ਅਫ਼ਸਰਾਂ ਨੂੰ ਦੇ ਕੇ ਬਚਾਉਣ ਦਾ ਯਤਨ ਕੀਤਾ, ਕਈਆਂ ਨੂੰ ਪੰਚਾਇਤਾਂ ਨੇ ਆਪਣੇ ਪਿੰਡਾਂ ਦੇ ਵਾਸਤੇ ਪਾ ਕੇ ਪੇਸ਼ ਕਰਵਾਇਆ ਪਰ ਇਹ ਲੋਕ (ਨੌਜਵਾਨ) ਵਰ੍ਹਿਆਂ ਬਾਅਦ ਵੀ ਘਰਾਂ ਨੂੰ ਨਹੀਂ ਪਰਤੇ। ਘਰ ਵਾਲਿਆਂ ਦੀਆਂ ਉਡੀਕ ਉਡੀਕ ਕੇ ਅੱਖਾਂ ਹਾਰ ਗਈਆਂ ਹਨ। ਬੁਢਾਪੇ ਸਬਰਾਂ ਦੇ ਵੈਣ ਭੁਲ ਗਏ ਹਨ ਤੋਤਲੇ ਬੋਲ ਆਪਣੀਆਂ ਸ਼ਗਨਾਂ ਦੀਆਂ ਰਸਮਾਂ ਵਿਚੋਂ ਆਪਣੇ ਬਾਪੂਆਂ ਦੇ ਨਾਮ ਭਾਲਦੇ ਹਨ।

ਇਹ ਅਭਾਗੇ ਉਡੀਕ 'ਚ ਹਾਂ ਜਿੰਦਾ ਨੇ ਪਰ ਲਾ-ਵਾਰਸ ਧਰਤੀ ਵਿਚ ਗੁਆਚ ਗਏ ਨੇ। ਪਰਿਵਾਰ ਕੀ ਕਰਨ? ਅੰਤਿਮ ਰਸਮਾਂ ਪੂਰੀਆਂ ਕਰਨ, ਉਡੀਕਾਂ ਛੱਡ ਦੇਣ ਜਾਂ ਆਸਾਂ ਰੱਖ ਸਰਕਾਰੀ ਦਫਤਰਾਂ 'ਚ ਫਾਇਲਾਂ ਅੰਦਰ ਗੁਆਚੇ ਰਹਿਣ।

ਕੌਮ ਦੀ ਅਜ਼ਾਦੀ ਦੀ ਜੰਗ ਨੂੰ ਸਾਡੇ ਆਪਣਿਆਂ ਨੇ ਹੀ ਕੁਚਲਿਆ, ਇਨ੍ਹਾਂ ਸਿੰਘ ਗੱਭਰੂਆਂ ਨੂੰ ਮਾਰਨ ਵਾਲੇ, ਇਨ੍ਹਾਂ 'ਤੇ ਬੇਰਹਿਮੀ ਨਾਲ ਜ਼ੁਲਮ ਕਰਨ ਵਾਲੇ ਵੀ ਪੱਗਾਂ ਵਾਲੇ, ਦਾੜ੍ਹੀ ਕੇਸਾਂ ਵਾਲੇ ਸਿੱਖ ਸਰਦਾਰ ਸਨ, ਇਸ ਬਿਨਾਂ ਕੁਝ ਵੀ ਪ੍ਰਾਪਤ ਕੀਤੀ ਲੜਾਈ ਅੰਦਰ ਹੋਏ ਘਾਣ ਲਈ ਆਪਾਂ ਆਪ ਜ਼ਿੰਮੇਵਾਰ ਹਾਂ। ਅਗਾਂਹ ਨੂੰ ਸ਼ਹਾਦਤਾਂ ਤੋਂ ਸਬਕ ਸਿੱਖ ਕੇ ਲੜੀਏ?

ਜ਼ੁਲਮ ਕਰਨ ਵਾਲੇ ਭਰਾਵੋ, ਤੁਸੀਂ ਤਾਂ ਜ਼ਕਰੀਆ ਖਾਨ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ ਹੈ। ਤੁਸੀਂ ਤਾਂ ਆਪਣਿਆਂ ਨੂੰ ਵੀ ਨਹੀਂ ਬਖਸ਼ਿਆ, ਖਾਲਸਾਈ ਇਤਿਹਾਸ ਤੋਂ ਹੀ ਕੁਝ ਸਿੱਖ ਲੈਂਦੇ, ਜ਼ਕਰੀਆ ਖਾਂ ਨੇ ਮਰਨ ਤੋਂ ਪਹਿਲਾਂ ਭਾਈ ਸੁਬੇਗ ਸਿੰਘ ਜੰਬਰ ਨੂੰ ਲਾਹੌਰ ਦਾ ਕੋਤਵਾਲ ਨੀਅਤ ਕੀਤਾ ਹੋਇਆ ਸੀ ਤਾਂ ਕਿ ਇਸ ਰਾਹੀਂ ਹੀ ਸਿੰਘਾਂ ਨੂੰ ਕਿਵੇਂ ਠੰਡਿਆ ਕੀਤਾ ਜਾ ਸਕੇ। ਭਾਈ ਸਾਹਿਬ ਨੇ ਆਪਣੇ ਹਾਕਮੀ ਸਮੇਂ ਕਈ ਸੁਧਾਰ ਕੀਤੇ, ਤਸੀਹਿਆਂ ਵਾਲੀਆਂ ਕਈ ਸਜ਼ਾਵਾਂ ਜਿਵੇਂ ਬੰਦ ਬੰਦ ਕੱਟਣੇ, ਧਰਤੀ ਵਿਚ ਗੱਡ ਕੇ ਤੀਰ ਮਾਰਣੇ, ਮੁੰਗਲੀਆਂ ਨਾਲ ਕੁੱਟਣਾ, ਸ਼ਰਮਸਾਰ ਕਰਨਾ, ਚਰਖੜੀਆਂ 'ਤੇ ਚੜ੍ਹਾਉਣਾ ਆਦਿ ਨੂੰ ਬੰਦ ਕਰਵਾਇਆ ਸੀ। ਭਾਈ ਸੁਬੇਗ ਸਿੰਘ ਨੂੰ ਪਤਾ ਸੀ ਕਿ ਇਹ ਸਾਰੀਆਂ ਸਜ਼ਾਵਾਂ ਸਿੰਘਾਂ ਨੂੰ ਹੀ ਦਿੱਤੀਆਂ ਜਾਂਦੀਆਂ ਹਨ। ਕਿਸੇ ਨੇ ਕਾਜ਼ੀ ਯਹੀਆ ਖਾਂ ਦੇ ਕੰਨ ਭਰ ਦਿੱਤੇ ਕਿ ਇਹ ਕੋਤਵਾਲ ਸਿੰਘਾਂ ਦਾ ਹਮਦਰਦ ਹੈ, ਫਿਰ ਮੁਗਲ ਹਕੂਮਤ ਨੇ ਫਰਵਰੀ

1746 ਨੂੰ ਗ੍ਰਿਫਤਾਰ ਕਰ ਲਿਆ ਅਤੇ ਚਰਖੜੀ 'ਤੇ ਚਾੜ੍ਹਨ ਦਾ ਹੁਕਮ ਦੇ ਦਿੱਤਾ। ਸ਼ਹਿਰੀਆਂ ਬਥੇਰੀ ਹਾਲ ਪੁਕਾਰ ਕੀਤੀ ਕਿ ਭਾਈ ਸੁਬੇਗ ਸਿੰਘ ਦਾ ਪੋਤਰ ਸ਼ਹਿਬਾਜ਼ ਸਿੰਘ ਹੀ ਇਸ ਕੁਲ ਦੀ ਨਿਸ਼ਾਨੀ ਬਚ ਸਕੇ। ਇਕ ਹੀ ਜਵਾਬ ਸੀ ... ਭਾਈ ਸੁਬੇਗ ਸਿੰਘ ਦਾ,

'ਸਿਖਨ ਕਾਜ ਸੁ ਗੁਰੂ ਹਮਾਰੇ, ਸੀਸ ਦੀਓ ਨਿਜ ਸਣ ਪਰਵਾਰੇ
ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈਂ ਕੌਣ ਵਡਾਈ ।।'

ਦੋਹੇਂ ਪਿਉ ਪੁਤਰ ਹੱਸ ਹੱਸ ਚਰਖੜੀ 'ਤੇ ਤੂੰਬਾ ਤੂੰਬਾ ਹੋ ਗਏ ਅਤੇ ਖਾਲਸੇ ਲਈ ਅਜ਼ਾਦ ਸੁਤੰਤਰ ਮਾਰਗ ਉਪਰ ਸ਼ਹਾਦਤਾਂ ਦੀ ਜ਼ਰਖੇਜ਼ ਅਰਦਾਸ ਸਿਰਜ ਦਿੱਤੀ।

ਜ਼ਾਲਮ! ਤੁਸੀਂ ਹਕੂਮਤੀ ਗੁਲਾਮੀ ਦੀ ਪਦਾਰਥਵਾਦੀ ਐਸ਼ਪ੍ਰਸਤੀ ਵਿਚ ਇਸ ਕਦਰ ਗਰਕ ਹੋਏ ਹੋ, ਤੁਸੀਂ ਆਪਣੀ ਕੁਲ, ਵੰਸ਼, ਕੌਮ, ਇਤਿਹਾਸ ਸਭ ਕਝ ਭੁੱਲ ਗਏ ਹੋ। ਔਰੰਗਜ਼ੇਬ, ਜ਼ਕਰੀਆ ਖਾਂ, ਸੂਹਲੀ ਖਾਂ ਦਾ ਨਾਮ ਤੇ ਸ਼ਾਇਦ ਕੋਈ ਲਵੇ ਕਿ ਇਹ ਜ਼ਾਲਮ ਸ਼ਾਸਕ ਸਨ, ਪਰ ਤੁਸੀਂ ਜਬਰ ਜ਼ੁਲਮ ਦੀ ਧੂੜ ਵਿਚ ਇਸ ਤਰ੍ਹਾਂ ਗੁਆਚੋਗੇ ਕਿ ਤੁਹਾਡੇ ਵਜੂਦ ਮਕ ਜਾਣਗੇ। ਅੱਜ ਵੀ ਆਪਣੇ ਵੱਲੋਂ ਕੀਤੇ, ਆਪਣਿਆਂ 'ਤੇ ਕੀਤੇ, ਜ਼ੁਲਮਾਂ ਨੂੰ ਸੰਸਾਰ ਸਾਹਮਣੇ ਰੱਖ ਦੇਵ, ਫਿਰ ਸ਼ਾਇਦ ਇਸ ਬ੍ਰਹਿਮੰਡ ਵਿਚ ਤੁਹਾਨੂੰ ਕੋਈ ਥਾਂ ਮਿਲ ਸਕੇ।

ਹਿੰਦੁਸਤਾਨੀ ਲੋਕਤੰਤਰ ਜੇ ਤੇਰੇ ਵਿਚ ਹਿੰਮਤ ਹੈ ... ਤੂੰ ਪੁੱਛ ਇਸ ਕਤਲਗਾਰਤ ਦਾ ਹਿਸਾਬ, ਤੂੰ ਪੁੱਛ ... ਤੇਰੇ ਰਾਖਿਆਂ ਕੀ ਕੀ ਕਾਰੇ ਕੀਤੇ ਹਨ, ਕਿਥੇ ਅਤੇ ਕਿਵੇਂ ਕੀਤੇ ਹਨ?

ਕਿਥੇ ਹਨ ਤੇਰੇ ਉਹ ਨਾਗਰਿਕ, ਜਿਨ੍ਹਾਂ ਦੇ ਪੁਰਖਿਆਂ ਨੇ ਤੇਰੀ ਰੁਲਦੀ, ਖੇਹ ਹੁੰਦੀ ਇੱਜ਼ਤ, ਆਬਰੂ ਨੂੰ ਆਪਣੇ ਸਿਰ ਦੇ ਕੇ, ਆਪਣੇ ਸਿਰਾਂ ਨਾਲ ਬਚਾਇਆ ਸੀ

ਅੱਜ ਇਹ ਕਿਸ ਲਾਵਾਰਸ ਧਰਤੀ ਵਿਚ ਗੁਆਚ ਨੇ?

ਹਿੰਦੁਸਤਾਨ ਇਕ ਗੱਲ ਯਾਦ ਰੱਖੀਂ ... ਸ਼ਾਂਤਮਈ ਸ਼ਹਾਦਤਾਂ ਦਾ ਨਤੀਜਾ ਬੜਾ ਹੀ ਖੌਫਨਾਕ ਨਿਕਲਦਾ ਹੈ। ਇਸ ਦਾ ਪਰਚਾ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਅੱਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਹਾਦਤ ਤੱਕ ਸਾਡੇ ਕੋਲ ਪਿਆ ਹੈ।

ਯਾਦ ਰੱਖੀਂ ... ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਖੁਦ ਗੋਲੀਆਂ ਖਾਧੀਆਂ ਹਨ, ਅਗਨ ਭੇਟ ਹੋਏ ਹਨ, ਇਸ ਸ਼ਹਾਦਤ ਦਾ ਇੰਤਕਾਮ ਕੀ ਹੋਵੇਗਾ?

ਸਿਰਫ਼ ਅਤੇ ਸਿਰਫ਼ ਖ਼ਾਲਸ, ਸੁਤੰਤਰ ਰਾਜ ਦਾ ਸੂਰਜ ਚੜ੍ਹਨਾ, ਜਿਸ ਨੂੰ ਦੁਨੀਆ ਦੀ ਕੋਈ ਵੀ ਬਾਦਸ਼ਾਹੀ ਨਹੀਂ ਰੋਕ ਸਕੇਗੀ।

| | | |
|---|---|---|
| • ਭਾਈ ਗੁਰਮੁਖ ਸਿੰਘ | ਨੱਥੂਆਣਾ | ਮੋਗਾ |
| • ਭਾਈ ਬਿਧੀਆ ਸਿੰਘ (ਬਾਜ਼ੀਗਰ ਬਰਾਦਰੀ 'ਚੋਂ | ਸਮਾਲਸਰ | ਮੋਗਾ |
| • ਭਾਈ ਨਿਰਮਲ ਸਿੰਘ (ਨਿੰਮਾ) | ਰਾਜੇਆਣਾ | ਮੋਗਾ |
| • ਭਾਈ ਸ਼ਮਸ਼ੇਰ ਸਿੰਘ | ਰਾਜੇਆਣਾ | ਮੋਗਾ |
| • ਭਾਈ ਪ੍ਰਭਜੀਤ ਸਿੰਘ (ਭਰਾ ਸ਼ਹੀਦ ਪਰਮਜੀਤ ਸਿੰਘ) | ਡੂਲੇਵਾਲਾ | ਮੋਗਾ |
| • ਭਾਈ ਸੁਖਦੇਵ ਸਿੰਘ (ਸੁਖਾ ਭਾਊ) | ਡੂਲੇਵਾਲਾ | ਮੋਗਾ |

| | | |
|---|---|---|
| • ਭਾਈ ਸਾਧੂ ਸਿੰਘ | ਦੂਲੇਵਾਲਾ | ਮੋਗਾ |
| • ਭਾਈ ਸੁਖਵਿੰਦਰ ਸਿੰਘ | ਲੁਹਾਰਾ | ਮੋਗਾ |
| • ਭਾਈ ਬਲਬਹਾਦਰ ਸਿੰਘ ਭੋਜਨੀ | ਕਾਲੇਕੇ | ਮੋਗਾ |
| • ਭਾਈ ਰਣਜੀਤ ਸਿੰਘ | ਕਾਲੇਕੇ | ਮੋਗਾ |
| • ਭਾਈ ਬਾਬੂ ਸਿੰਘ | ਕਾਲੇਕੇ | ਮੋਗਾ |
| • ਭਾਈ ਰੇਲਕੀ ਸਿੰਘ | ਕਾਲੇਕੇ | ਮੋਗਾ |
| • ਭਾਈ ਗੁਰਮੁਖ ਸਿੰਘ | ਕਾਲੇਕੇ | ਮੋਗਾ |
| • ਭਾਈ ਨਛੱਤਰ ਸਿੰਘ ਬੰਗਾੜ | ਕੋਰੇਵਾਲਾ | ਮੋਗਾ |
| • ਭਾਈ ਸ਼ਿੰਗਾਰਾ ਸਿੰਘ | ਕੋਰੇਵਾਲਾ | ਮੋਗਾ |
| • ਭਾਈ ਜਗਰੂਪ ਸਿੰਘ | ਸੈਦੋਕੇ | ਮੋਗਾ |
| • ਭਾਈ ਜੋਗਾ ਸਿੰਘ (ਚਚੇਰਾ ਭਰਾ ਸ਼ਹੀਦ | | |
| ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ) | ਬੁੱਧ ਸਿੰਘ ਵਾਲਾ | ਮੋਗਾ |
| • ਬਾਬਾ ਕਰਨੈਲ ਸਿੰਘ | | |
| (ਦਾਦਾ ਜੀ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ) | ਬੁੱਧ ਸਿੰਘ ਵਾਲਾ | ਮੋਗਾ |
| • ਭਾਈ ਜਸਵਿੰਦਰ ਸਿੰਘ (ਭੂੰਗਾੜ) | | |
| ਭਰਾ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ) | ਬੁੱਧ ਸਿੰਘ ਵਾਲਾ | ਮੋਗਾ |
| ਪੰਨੂੰ ਨਾਮ ਦੇ ਡੀ ਐਸ ਪੀ ਨੇ ਘਰੋਂ ਚੁਕ ਕੇ ਲਾਪਤਾ ਕੀਤਾ | | |
| • ਭਾਈ ਚੰਦ ਸਿੰਘ | | |
| (ਚਾਚਾ ਜੀ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ) | ਬੁੱਧ ਸਿੰਘ ਵਾਲਾ | ਮੋਗਾ |
| • ਭਾਈ ਕਮਲਵਿੰਦਰ ਸਿੰਘ | ਮਹਲਾਵਾਲੀ ਸਿੱਧੂਆਂ | ਮੋਗਾ |
| • ਭਾਈ ਮੰਗਲ ਸਿੰਘ | ਰੌਂਤਾ | ਮੋਗਾ |
| • ਭਾਈ ਇਕਬਾਲ ਸਿੰਘ ਮਿੰਨੀ ਬਾਬਾ | ਰੌਂਤਾ | ਮੋਗਾ |
| • ਭਾਈ ਅਮਰੀਕ ਸਿੰਘ | ਰੌਂਤਾ | ਮੋਗਾ |
| • ਭਾਈ ਬਲਜੀਤ ਸਿੰਘ | ਵੱਡਾ ਘਰ | ਮੋਗਾ |
| • ਭਾਈ ਸੁਰਿੰਦਰ ਸਿੰਘ ਛਿੰਦਾ | ਵੱਡਾ ਘਰ | ਮੋਗਾ |
| • ਭਾਈ ਹਰਜਿੰਦਰ ਸਿੰਘ (ਜਿੰਦਾ ਟੁੰਡਾ) | ਵੱਡਾ ਘਰ | ਮੋਗਾ |
| • ਭਾਈ ਚੰਦ ਸਿੰਘ | ਨੰਗਲ | ਮੋਗਾ |
| • ਭਾਈ ਸੁਖਦੇਵ ਸਿੰਘ (ਤਸ਼ੱਦਦ ਦੌਰਾਨ ਘਰੇ ਆ ਕੇ | ਘੱਲੀਆ | ਮੋਗਾ |
| ਪ੍ਰਾਣ ਤਿਆਗੇ) | | |
| • ਮਿਸਤਰੀ ਦਿਆਲ ਸਿੰਘ (ਗੀਦੜਬਾਹਾ ਬੰਬ) | ਸਿੰਘਾਂਵਾਲਾ | ਮੋਗਾ |
| • ਭਾਈ ਗੁਰਮੇਲ ਸਿੰਘ | ਸਿੰਘਾਂਵਾਲਾ | ਮੋਗਾ |
| • ਭਾਈ ਪਾਲ ਸਿੰਘ | ਘੱਲੀਆ | ਮੋਗਾ |
| • ਜਗਰੂਪ ਸਿੰਘ ਜੋਗੂ | ਚੌਧਰੀ ਵਾਲਾ | ਮੋਗਾ |
| • ਭਾਈ ਬਲਬੀਰ ਸਿੰਘ (ਬੀਰਾ) | ਰੋਲੀ | ਮੋਗਾ |
| • ਭਾਈ ਆਲਾ ਸਿੰਘ | ਤਖਾਣਵੱਧ | ਮੋਗਾ |

| | | |
|---|---|---|
| • ਭਾਈ ਬਲੂਰ ਸਿੰਘ ਸਰਪੰਚ | ਰਾਊਕੇ | ਮੋਗਾ |
| • ਭਾਈ ਜਗਤਾਰ ਸਿੰਘ | ਰਾਊਕੇ | ਮੋਗਾ |
| • ਭਾਈ ਬਲਦੇਵ ਸਿੰਘ | ਮਾਣਕਪੁਰ | ਮੋਗਾ |
| • ਭਾਈ ਹਰਦੇਵ ਸਿੰਘ | ਬੁੱਕਣ ਵਾਲਾ | ਮੋਗਾ |
| • ਭਾਈ ਚਰਨ ਸਿੰਘ | ਰੋਡੇ | ਮੋਗਾ |
| • ਭਾਈ ਬੀਰਮ ਸਿੰਘ | ਰੋਡੇ | ਮੋਗਾ |
| • ਭਾਈ ਚਮਕੌਰ ਸਿੰਘ (ਕੋਠੀ) | ਰੋਡੇ | ਮੋਗਾ |
| • ਭਾਈ ਸਾਧੂ ਸਿੰਘ | ਰੋਡੇ | ਮੋਗਾ |
| • ਭਾਈ ਜਸਵਿੰਦਰ ਸਿੰਘ | ਰੋਡੇ | ਮੋਗਾ |
| • ਬੂਟਾ ਸਿੰਘ | ਰੋਡੇ | ਮੋਗਾ |

ਪੰਜ ਭੈਣਾਂ ਦੇ ਇਸ ਭਰਾ ਨੂੰ ਲੱਭਣ ਲਈ ਸਭ ਕੁਝ ਵਿਕ ਗਿਆ ਹੈ ਪਰਿਵਾਰ ਦਾ

| | | |
|---|---|---|
| • ਭਾਈ ਪ੍ਰਵਾਰ ਸਿੰਘ | ਡੱਲਾ | ਮੋਗਾ |
| • ਭਾਈ ਦਵਿੰਦਰ ਸਿੰਘ ਫੌਜੀ | ਡੱਲਾ | ਮੋਗਾ |
| • ਭਾਈ ਦਰਸ਼ਨ ਸਿੰਘ | ਡੱਲਾ | ਮੋਗਾ |
| • ਭਾਈ ਜਗਤਾਰ ਸਿੰਘ | ਡਾਲਾ | ਮੋਗਾ |
| • ਭਾਈ ਕਸ਼ਮੀਰ ਸਿੰਘ | ਧੀਲੋਵਾਲ | ਮੋਗਾ |
| • ਸ. ਨਛੱਤਰ ਸਿੰਘ ਫੌਜੀ | ਦਾਊਦਰ | ਮੋਗਾ |
| • ਮੱਨਾ ਸਿੰਘ | ਨਾਥਵਾਲ | ਮੋਗਾ |
| • ਜਥੇਦਾਰ ਜੰਗ ਸਿੰਘ | ਨਾਥਵਾਲ | ਮੋਗਾ |
| • ਭਾਈ ਵਰਿੰਦਰ ਸਿੰਘ | ਨਾਥਵਾਲ | ਮੋਗਾ |
| • ਭਾਈ ਸੁਖਦੇਵ ਸਿੰਘ ਧਰਮੀ ਫੌਜੀ | ਨਾਥਵਾਲ | ਮੋਗਾ |
| • ਭਾਈ ਗੁਰਨਾਮ ਸਿੰਘ | ਵੜੈਚ | ਮੋਗਾ |
| • ਰੇਸ਼ਮ ਸਿੰਘ | ਮਾੜੀ ਮੁਸਤਫਾ | ਮੋਗਾ |
| • ਭਾਈ ਕੰਵਲਪ੍ਰੀਤ ਸਿੰਘ | ਚੂਹੜਚੱਕ | ਮੋਗਾ |
| • ਭਾਈ ਸੁਖਮੰਦਰ ਸਿੰਘ | ਲੁਹਾਮ | ਮੋਗਾ |
| • ਭਾਈ ਕਰਤਾਰ ਸਿੰਘ | ਕਰਮਿੱਤੀ | ਮੋਗਾ |
| • ਭਾਈ ਅਮਰੀਕ ਸਿੰਘ | ਢੁੱਨੇਕੇ | ਮੋਗਾ |
| • ਭਾਈ ਮਨਜੀਤ ਸਿੰਘ (ਕਾਲਾ) (ਅਖੰਡ ਕੀਰਤਨੀਆ) | ਮੋਗਾ | ਮੋਗਾ |
| • ਭਾਈ ਗੁਰਮਲ ਸਿੰਘ (ਪ੍ਰੀਤ ਨਗਰ) | ਮੋਗਾ | ਮੋਗਾ |
| • ਭਾਈ ਨਿਰਮਲ ਸਿੰਘ (ਪ੍ਰੀਤ ਨਗਰ) | ਮੋਗਾ | ਮੋਗਾ |
| • ਭਾਈ ਬੋਹੜ ਸਿੰਘ (ਪੁਰਾਣਾ ਮੋਗਾ) | ਮੋਗਾ | ਮੋਗਾ |
| • ਭਾਈ ਮਨਧੀਰ ਸਿੰਘ ਧੀਰਾ | ਮੋਗਾ | ਮੋਗਾ |
| • ਭਾਈ ਗੁਰਦੇਵ ਸਿੰਘ | ਸੈਦੂਵਾਲਾ | ਮੋਗਾ |
| • ਭਾਈ ਰਾਮ ਸਿੰਘ | ਸੈਦੂਵਾਲਾ | ਮੋਗਾ |
| • ਭਾਈ ਦਿਆਲ ਸਿੰਘ | ਚੰਦਪੁਰਾਣਾ | ਮੋਗਾ |

| | | |
|---|---|---|
| • ਭਾਈ ਗੁਰਚਰਨ ਸਿੰਘ | ਦੱਦਾਹੂਰ | ਮੋਗਾ |
| • ਭਾਈ ਸਤਵੰਤ ਸਿੰਘ ਸੋਢੀ | ਚੋਗਾਵਾਂ | ਮੋਗਾ |
| • ਭਾਈ ਬਲਵੰਤ ਸਿੰਘ (ਖੁਖਰਾਣਾ) | ਖੂਨੀ ਮਸੀਤ (ਮੋਗਾ) | ਮੋਗਾ |
| • ਭਾਈ ਬਲਵੰਤ ਸਿੰਘ (ਖੁਖਰਾਣਾ) | ਖੂਨੀ ਮਸੀਤ (ਮੋਗਾ) | ਮੋਗਾ |
| • ਭਾਈ ਗੁਰਚਰਨ ਸਿੰਘ ਮੁਹੱਲਾ ਬੇਦੀ ਕਮਾਰ | ਮੋਗਾ | ਮੋਗਾ |
| • ਭਾਈ ਕੰਵਰਜੀਤ ਸਿੰਘ | ਪੰਡੋਰੀ ਜੱਟਾਂ | (ਜ਼ੀਰਾ ਫਿਰੋਜ਼ਪੁਰ) |
| • ਭਾਈ ਬਹਿਲ ਸਿੰਘ (ਅਤੇ ਭਰਾ) | ਪੰਡੋਰੀ | (ਜ਼ੀਰਾ ਫਿਰੋਜ਼ਪੁਰ) |
| • ਭਾਈ ਕਰਤਾਰ ਸਿੰਘ | ਪੰਡੋਰੀ | (ਜ਼ੀਰਾ ਫਿਰੋਜ਼ਪੁਰ) |
| • ਭਾਈ ਕੁਲਦੀਪ ਸਿੰਘ (ਘਾਲੀ) | ਘੱਲਖੁਰਦ | ਫਿਰੋਜ਼ਪੁਰ |
| • ਭਾਈ (ਬਾਬਾ) ਗੁਰਤੇਜ ਸਿੰਘ | ਘੱਲ ਕਲਾਂ | ਫਿਰੋਜ਼ਪੁਰ |
| • ਗਿਆਨੀ ਨਿਹਾਲ ਸਿੰਘ | ਮੰਗਾਪੁਰ | ਫਿਰੋਜ਼ਪੁਰ |
| • ਭਾਈ ਹਰਦੀਪ ਸਿੰਘ ਦੀਪਾ | ਛੱਜਾਂ ਵਾਲੀ | ਫਿਰੋਜ਼ਪੁਰ |
| (ਇਸ ਸਿੰਘ ਨੂੰ ਕੈਟਾਂ ਨੇ ਮਾਰ ਕੇ ਲਾਸ਼ ਰਾਜਸਥਾਨ ਵਿਚ ਬਾਡਰ ਦੇ ਇਲਾਕੇ ਵਿਚ ਦੱਬ ਦਿੱਤੀ ਸੀ।) | | |
| • ਭਾਈ ਗੁਰਬਖਸ਼ ਸਿੰਘ ਘੁੱਕਰ | ਛੱਜਾਂ ਵਾਲੀ | ਫਿਰੋਜ਼ਪੁਰ |
| • ਭਾਈ ਹਰਜਿੰਦਰ ਸਿੰਘ | | |
| • ਭਾਈ ਜਗੀਰ ਸਿੰਘ (ਨਜ਼ਦੀਕੀ ਰਿਸ਼ਤੇਦਾਰ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ) | ਮੋਹਕੇ | ਫਿਰੋਜ਼ਪੁਰ |
| • ਭਾਈ ਨਾਇਬ ਸਿੰਘ | ਬੂੰਈਆਂ ਵਾਲਾ | ਫਿਰੋਜ਼ਪੁਰ |
| • ਭਾਈ ਜਸਪਾਲ ਸਿੰਘ | ਬੂੰਈਆਂ ਵਾਲਾ | ਫਿਰੋਜ਼ਪੁਰ |
| • ਭਾਈ ਮਖਤਿਆਰ ਸਿੰਘ | ਪਤਲੀ | ਫਿਰੋਜ਼ਪੁਰ |
| • ਭਾਈ ਹਰਪ੍ਰੀਤ ਸਿੰਘ | ਸਾਂਈਆਂ ਵਾਲਾ | ਫਿਰੋਜ਼ਪੁਰ |
| • ਭਾਈ ਅਮਰੀਕ ਸਿੰਘ | ਕਿਲੀ ਬੋਦਲਾ | ਫਿਰੋਜ਼ਪੁਰ |
| • ਭਾਈ ਜਸਪਾਲ ਸਿੰਘ (ਸਕੇ ਭਰਾ) | ਕਿਲੀ ਬੋਦਲਾ | ਫਿਰੋਜ਼ਪੁਰ |
| • ਭਾਈ ਰੇਸ਼ਮ ਸਿੰਘ | ਮਲਮੋਹਰੀ | ਫਿਰੋਜ਼ਪੁਰ |
| • ਭਾਈ ਲਾਭ ਸਿੰਘ | ਢਿਲਵਾਂ (ਤਪਾ) | ਸੰਗਰੂਰ |
| • ਭਾਈ ਰਣਜੀਤ ਸਿੰਘ | ਢਿਲਵਾਂ (ਤਪਾ) | ਸੰਗਰੂਰ |
| • ਭਾਈ ਪਵਿੱਤਰ ਸਿੰਘ | ਧਨੌਲਾ | ਸੰਗਰੂਰ |
| (ਸੰਗਰੂਰ ਜੇਲ੍ਹ ਵਿਚੋਂ ਲਿਆ ਕੇ ਮੁੜ ਇਹ ਨਾ ਘਰੇ ਗਿਆ ਨਾ ਹੀ ਵਾਪਸ ਜੇਲ੍ਹ ਵਿਚ) | | |
| • ਭਾਈ ਜਤਿੰਦਰ ਸਿੰਘ (ਚਚੇਰਾ ਭਰਾ ਸ਼ਹੀਦ ਭਾਈ ਉਮਰਪਾਲ ਸਿੰਘ ਬੱਬਰ) | ਬੀਹਲਾ | ਸੰਗਰੂਰ |
| • ਭਾਈ ਕਿਸ਼ਨ ਸਿੰਘ (ਹਿੰਦੂ ਪਰਿਵਾਰ 'ਚੋਂ) | ਬਰਨਾਲਾ | ਸੰਗਰੂਰ |
| • ਭਾਈ ਹਰਭਜਨ ਸਿੰਘ ਆਪਣੀ ਧਰਮ ਪਤਨੀ | | |

| | | |
|---|---|---|
| ਬੀਬੀ ਸੁਖਮੀਤ ਕੌਰ ਸਮੇਤ | ਕੁਪਰਹੀੜ | ਸੰਗਰੂਰ |
| • ਭਾਈ ਕੌਰ ਸਿੰਘ | ਕੁੰਭੜਵਾਲ | ਸੰਗਰੂਰ |
| • ਭਾਈ ਬਲਵਿੰਦਰ ਸਿੰਘ | ਪੰਦਸ (ਬਰਨਾਲਾ) | ਸੰਗਰੂਰ |
| • ਭਾਈ ਸੁਖਦੇਵ ਸਿੰਘ ਮਾਸਟਰ | ਦਾਤੇਵਾਸ | ਮਾਨਸਾ |
| • ਭਾਈ ਫੌਜੂ ਸਿੰਘ (ਦਰਜੀ ਸਿੰਘ) ਉਰਫ ਬਖਿੱਤਰ ਸਿੰਘ | ਉੱਡਤਾ | ਮਾਨਸਾ |
| • ਭਾਈ ਦਲਜੀਤ ਸਿੰਘ (ਬੇਬੀ) | | |
| ਪੁਤਰ ਇਸਪੈਕਟਰ ਭੌਰ ਸਿੰਘ | ਮਾਨਸਾ | ਮਾਨਸਾ |
| • ਭਾਈ ਸੁਖਦੇਵ ਸਿੰਘ (ਬਨੀ) | ਨੰਗਲ ਕਲਾਂ | ਮਾਨਸਾ |
| • ਭਾਈ ਜੋਗਾ ਸਿੰਘ | ਨੰਗਲ ਕਲਾਂ | ਮਾਨਸਾ |
| • ਭਾਈ ਦਰਸ਼ਨ ਸਿੰਘ | ਕੋਟਲੀ ਕਲਾਂ | ਮਾਨਸਾ |
| • ਭਾਈ ਦਸੌਂਦਾ ਸਿੰਘ | ਮੌੜ ਮੰਡੀ | ਮਾਨਸਾ |
| • ਭਾਈ ਦਰਸ਼ਨ ਸਿੰਘ | | |
| (ਭਰਾ ਸ਼ਹੀਦ ਭਾਈ ਅਮਰੀਕ ਸਿੰਘ ਬੱਬਰ) | ਖਾਰਾ | ਮਾਨਸਾ |
| • ਬਾਪੂ ਵਜ਼ੀਰ ਸਿੰਘ | | |
| (ਪਿਤਾ ਸ਼ਹੀਦ ਭਾਈ ਅਮਰੀਕ ਸਿੰਘ ਬੱਬਰ) | ਖਾਰਾ | ਮਾਨਸਾ |
| • ਭਾਈ ਬਹਾਰ ਸਿੰਘ (ਭਰਾ ਸ਼ਹੀਦ ਭਾਈ ਘੁਕਰ ਸਿੰਘ ਬੱਬਰ) | ਹੀਰੇਵਾਲ | ਮਾਨਸਾ |
| • ਭਾਈ ਟਿੱਕਾ ਸਿੰਘ (ਭਰਾ ਸ਼ਹੀਦ ਭਾਈ ਘੁਕਰ ਸਿੰਘ ਬੱਬਰ) | ਹੀਰੇਵਾਲ | ਮਾਨਸਾ |
| • ਬਾਪੂ ਹਮੀਰ ਸਿੰਘ (ਚਾਚਾ ਸ਼ਹੀਦ ਭਾਈ ਘੁਕਰ ਸਿੰਘ ਬੱਬਰ) | ਹੀਰੇਵਾਲ | ਮਾਨਸਾ |
| • ਬਾਪੂ ਮੁਖਤਿਆਰ ਸਿੰਘ | | |
| (ਪਿਤਾ ਸ਼ਹੀਦ ਭਾਈ ਘੁਕਰ ਸਿੰਘ ਬੱਬਰ) | ਹੀਰੇਵਾਲ | ਮਾਨਸਾ |
| • ਭਾਈ ਪਵਨ ਕੁਮਾਰ (ਹੌਲਦਾਰ) | ਮਾਨਸਾ | ਮਾਨਸਾ |
| • ਭਾਈ ਮੋਹਨ ਸਿੰਘ | ਦਾਨ ਸਿੰਘ ਵਾਲਾ | ਬਠਿੰਡਾ |
| • ਭਾਈ ਨਾਹਰੂ ਸਿੰਘ | ਦਾਨ ਸਿੰਘ ਵਾਲਾ | ਬਠਿੰਡਾ |
| • ਭਾਈ ਅਮਰਜੀਤ ਸਿੰਘ | ਦਾਨ ਸਿੰਘ ਵਾਲਾ | ਬਠਿੰਡਾ |
| • ਭਾਈ ਕਲਦੀਪ ਸਿੰਘ | ਦਾਨ ਸਿੰਘ ਵਾਲਾ | ਬਠਿੰਡਾ |
| • ਭਾਈ ਕੁਲਦੀਪ ਸਿੰਘ | ਦਾਨ ਸਿੰਘ ਵਾਲਾ | ਬਠਿੰਡਾ |
| • ਭਾਈ ਗੁਰਦਰਸ਼ਨ ਸਿੰਘ (ਕੰਡਾ ਬਾਬਾ) | ਗਹਿਰੀ ਬਾਰਾ ਸਿੰਘ | ਬਠਿੰਡਾ |
| • ਭਾਈ ਜਰਨੈਲ ਸਿੰਘ | ਗਹਿਰੀ | ਬਠਿੰਡਾ |
| • ਭਾਈ ਵਜ਼ੀਰ ਸਿੰਘ | ਸੰਦੋਹਾ | ਬਠਿੰਡਾ |
| • ਭਾਈ ਮਿੱਠੂ ਸਿੰਘ | ਸੰਦੋਹਾ | ਬਠਿੰਡਾ |
| • ਭਾਈ ਹਰਵਿੰਦਰ ਸਿੰਘ (ਨਜ਼ਦੀਕੀ ਰਿਸ਼ਤੇਦਾਰ | | |
| ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਬੁਲਟ) | ਟਾਹਲਾ ਸਾਹਿਬ | ਬਠਿੰਡਾ |
| • ਭਾਈ ਬਲਜਿੰਦਰ ਸਿੰਘ ਲਿਟੇ | ਸਰਦਾਰ ਕਰਮਗੜ੍ਹ | ਬਠਿੰਡਾ |
| • ਭਾਈ ਗੁਰਜੰਟ ਸਿੰਘ ਲਾਲੀ | ਬਿਲਵਾਂ | ਬਠਿੰਡਾ |
| • ਭਾਈ ਮਲਕੀਤ ਸਿੰਘ ਉਰਫ ਭਾਈ ਭਜਨ ਸਿੰਘ | | |

| | | |
|---|---|---|
| (ਭਾਈ ਰੱਲ ਸਿੰਘ ਸਿੱਧੂ ਦੇ ਖ਼ਾਨਦਾਨ 'ਚੋਂ) | ਤਲਵੰਡੀ ਸਾਬੋ | ਬਠਿੰਡਾ |
| • ਭਾਈ ਗੁਰਮੀਤ ਸਿੰਘ ਕਲਿਆਣ ਸੁੱਖਾ ਪਿਤਾ ਜੀ ਸਮੇਤ | | ਬਠਿੰਡਾ |
| • ਭਾਈ ਲਾਭ ਸਿੰਘ | ਮਹਿਮਾ | ਬਠਿੰਡਾ |
| • ਭਾਈ ਗੁਰਮੀਤ ਸਿੰਘ | ਭੁੱਚੋ ਮੰਡੀ | ਬਠਿੰਡਾ |
| • ਭਾਈ ਬੰਤ ਸਿੰਘ | ਗੰਜੀ ਲਾਭ ਸਿੰਘ | ਬਠਿੰਡਾ |
| • ਭਾਈ ਹਰਜੀਤ ਸਿੰਘ | | |
| (ਭਰਾ ਸ਼ਹੀਦ ਭਾਈ ਬਲਦੀਪ ਸਿੰਘ ਬੱਬਰ ਫੂਲ | ਫੂਲ | ਬਠਿੰਡਾ |
| • ਭਾਈ ਨੌਨਿਹਾਲ ਸਿੰਘ ਵਿਰਕੀ (ਨਗੰਰੀ) | ਫੂਲ | ਬਠਿੰਡਾ |
| • ਭਾਈ ਜਰਨੈਲ ਸਿੰਘ | | |
| (ਭਰਾ ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਬੱਬਰ) | ਕੋਮੇ ਕਲਾਂ | ਬਠਿੰਡਾ |
| • ਭਾਈ ਕਸ਼ਮੀਰ ਸਿੰਘ | ਕੋਮੇ ਕਲਾਂ | ਬਠਿੰਡਾ |
| • ਭਾਈ ਬਲਦੇਵ ਸਿੰਘ (ਮੁਹੱਲਾ ਬੂਟੀ ਕਾ) | ਬਠਿੰਡਾ | ਬਠਿੰਡਾ |
| • ਭਾਈ ਕਸ਼ਮੀਰ ਸਿੰਘ (ਵਾਟਰ ਬੌਟ ਮਹੱਲਾ | ਬਠਿੰਡਾ | ਬਠਿੰਡਾ |
| • ਡਾਕਟਰ ਲਛਮਨ ਸਿੰਘ | ਮਾਨਵਾਲ | ਬਠਿੰਡਾ |
| • ਭਾਈ ਛਿੰਦਰ ਸਿੰਘ ਆਪਣੇ ਤਿੰਨ ਭਰਾਵਾਂ | | |
| ਰਿੰਦਰ, ਮਹਿੰਦਰ, ਰਾਜ ਸਮੇਤ | ਨੇੜੇ ਨਥਾਣਾ, ਪੂਹਲਾ | ਬਠਿੰਡਾ |
| • ਭਾਈ ਬੇਅੰਤ ਸਿੰਘ | | |
| (ਭਰਾ ਸ਼ਹੀਦ ਭਾਈ ਹਰੀ ਸਿੰਘ ਬੱਬਰ) ਨੇੜੇ ਰਾਮਪੁਰਾ ਫੂਲ | ਲਹਿਰਾ ਖਾਨਾ | ਬਠਿੰਡਾ |
| • ਭਾਈ ਬੰਗਾਰਾ ਸਿੰਘ ਨੇੜੇ ਰਾਮਪੁਰਾ ਫੂਲ | ਲਹਿਰਾ ਬੇਗਾ | ਬਠਿੰਡਾ |
| • ਭਾਈ ਚਮਕੌਰ ਸਿੰਘ ਉਰਫ਼ ਰਣਜੋਧ ਸਿੰਘ | ਆਕਲੀਆ ਜਲਾਲਕਾ | ਬਠਿੰਡਾ |
| • ਨਿਰਮਲ ਸਿੰਘ | ਆਕਲੀਆ ਜਲਾਲਕਾ | ਬਠਿੰਡਾ |
| • ਭਾਈ ਜਗਜੀਤ ਸਿੰਘ ਚੰਗਿਆੜਾ | ਆਕਲੀਆ ਜਲਾਲਕਾ | ਬਠਿੰਡਾ |
| • ਭਾਈ ਜਗਰੂਪ ਸਿੰਘ | ਬੁਰਜ ਆਕਲੀਆ | ਬਠਿੰਡਾ |
| • ਭਾਈ ਨਾਇਬ ਸਿੰਘ ਗਿੱਲ | ਕੁਤੰਕੋ | ਬਠਿੰਡਾ |
| • ਭਾਈ ਹਰਜਿੰਦਰ ਸਿੰਘ | ਭਾਈ ਰੂਪਾ | ਬਠਿੰਡਾ |
| • ਭਾਈ ਬਲਬੀਰ ਸਿੰਘ | ਭਾਈ ਰੂਪਾ | ਬਠਿੰਡਾ |
| • ਭਾਈ ਸ਼ਮਸ਼ੇਰ ਸਿੰਘ | ਭਾਈ ਰੂਪਾ | ਬਠਿੰਡਾ |
| ਇਹ ਤਿੰਨੋਂ ਭਰਾ ਸਰਕਾਰੀ ਅੱਤਵਾਦ ਦੀ ਭੇਟ ਚੜ੍ਹ ਗਏ। | | |
| • ਭਾਈ ਮਨਜੀਤ ਸਿੰਘ ਉਰਫ਼ ਦਇਆ ਸਿੰਘ ਬਿਜਲੀ | ਭਾਈ ਰੂਪਾ | ਬਠਿੰਡਾ |
| • ਜਥੇਦਾਰ ਲਾਭ ਸਿੰਘ | ਗੁਰੂਸਰ ਮਹਿਰਾਜ | ਬਠਿੰਡਾ |
| • ਭਾਈ ਰਣਜੀਤ ਸਿੰਘ ਬਿੱਟੂ ਪਾਵਰ ਹਾਊਸ ਰੋਡ | ਬਠਿੰਡਾ | ਬਠਿੰਡਾ |
| • ਡਾਕਟਰ ਮਨਮੋਹਨ ਸਿੰਘ ਹੈਪੀ | ਜਨਤਾ ਨਗਰ | ਬਠਿੰਡਾ |
| • ਭਾਈ ਪ੍ਰੀਤਮ ਸਿੰਘ (ਪਰਜਾਪਤ) | ਨਹੀਆਂ ਵਾਲਾ | ਬਠਿੰਡਾ |
| • ਜਗਰੂਪ ਸਿੰਘ ਰੂਪਾ | ਫੇਰੂਕੇ | ਬਠਿੰਡਾ |
| • ਰਣਜੀਤ ਸਿੰਘ | ਦਿਲਵਾਂ | ਬਠਿੰਡਾ |

| | | |
|---|---|---|
| • ਭਾਈ ਗੁਰਤੇਜ ਸਿੰਘ | ਨਰੂਆਣਾ | ਬਠਿੰਡਾ |
| • ਭਾਈ ਬਲਦੇਵ ਸਿੰਘ | ਨਰੂਆਣਾ | ਬਠਿੰਡਾ |
| • ਭਾਈ ਮਜਰ ਸਿੰਘ | ਨਰੂਆਣਾ | ਬਠਿੰਡਾ |
| • ਭਾਈ ਸਤਨਾਮ ਸਿੰਘ ਬੱਗੀ | ਕਾਲੰਕੇ | ਬਠਿੰਡਾ |
| • ਭਾਈ ਗੁਰਮੀਤ ਸਿੰਘ ਪੋਤਰ ਜਥੇਦਾਰ ਲੱਖਾਂ ਸਿੰਘ | ਭੁੱਚੋਮੰਡੀ | ਬਠਿੰਡਾ |
| • ਭਾਈ ਬਿਕਰ ਸਿੰਘ ਪਹਿਲਵਾਨ | ਗਿੱਦੜਬਾਹਾ | ਮੁਕਤਸਰ |
| • ਭਾਈ ਕਿਸ਼ਨ ਸਿੰਘ | ਡਾਮਕੋਟ | ਮੁਕਤਸਰ |
| • ਭਾਈ ਕੰ ਧੀ ਸਿੰਘ | ਮਾਹਾਂਬੱਧਰ | ਮੁਕਤਸਰ |
| • ਭਾਈ ਬਲਦੇਵ ਸਿੰਘ | ਲੁਹਾਰਾ | ਮੁਕਤਸਰ |
| • ਭਾਈ ਅਮਰਜੀਤ ਸਿੰਘ | ਸੁਖਨਾ | ਮੁਕਤਸਰ |
| • ਭਾਈ ਸਰਜਨ ਸਿੰਘ | ਸੁਖਨਾ | ਮੁਕਤਸਰ |
| • ਭਾਈ ਜੱਗਾ ਸਿੰਘ (ਨੰਬਰਦਾਰ) | ਪੂੱਲਰ | ਮੁਕਤਸਰ |
| • ਡਾਕਟਰ ਨਿਵਕਰਨ ਸਿੰਘ | ਮੁਕਤਸਰ | ਮੁਕਤਸਰ |
| • ਭਾਈ ਸੁਖਦੇਵ ਸਿੰਘ ਦੱਬਾ | ਮੁਕਤਸਰ | ਮੁਕਤਸਰ |
| • ਭਾਈ ਦਰਸ਼ਨ ਸਿੰਘ (ਨਜ਼ਦੀਕੀ ਰਿਸ਼ਤੇਦਾਰ ਸ਼ਹੀਦ ਭਾਈ ਜਸਕਰਨ ਸਿੰਘ ਬੱਬਰ ਰੁਪਾਣਾ) | ਰਣਜੀਤਗੜ੍ਹ (ਅਟਾਰੀ) | ਮੁਕਤਸਰ |
| • ਭਾਈ ਹਰਭਜਨ ਸਿੰਘ ਖਸਾ | ਮਰਾੜ੍ਹ | ਮੁਕਤਸਰ |
| • ਭਾਈ ਬਲਬੀਰ ਸਿੰਘ | ਬੁਰਜ | ਮੁਕਤਸਰ |
| • ਭਾਈ     ਸਿੰਘ | ਮਿੱਡੂ ਖੇੜਾ | ਮੁਕਤਸਰ |
| • ਸਰਦਾਰ ਜੱਗਾ ਸਿੰਘ | ਬੁਰਜ | ਮੁਕਤਸਰ |
| • ਭਾਈ ਸਰਜੀਤ ਸਿੰਘ | ਗੁਰੂਸਰ ਜੋਧਾ | ਮੁਕਤਸਰ |
| • ਭਾਈ ਰਣਜੋਧ ਸਿੰਘ | ਦੋਦਾ | ਮੁਕਤਸਰ |
| • ਭਾਈ ਜਗਤਾਰ ਸਿੰਘ | ਹਰੀ ਨੌ | ਫਰੀਦਕੋਟ |
| • ਭਾਈ ਜਗਤਾਰ ਸਿੰਘ (ਤਾਰਾ) | ਹਰੀ ਨੌ | ਫਰੀਦਕੋਟ |
| • ਭਾਈ ਜੱਗਾ ਸਿੰਘ | ਹਰੀ ਨੌ | ਫਰੀਦਕੋਟ |
| • ਸ. ਅਜੈਬ ਸਿੰਘ | ਹਰੀ ਨੌ | ਫਰੀਦਕੋਟ |
| • ਜਥੇਦਾਰ ਦਲਜੀਤ ਸਿੰਘ | ਬਹਿਲੇਦੀ | ਫਰੀਦਕੋਟ |
| • ਭਾਈ ਮੰਦਰ ਸਿੰਘ | ਬਹਿਲੇਦੀ | ਫਰੀਦਕੋਟ |
| • ਭਾਈ ਜੱਗਾ ਸਿੰਘ | ਬਹਿਲੇਦੀ | ਫਰੀਦਕੋਟ |
| • ਭਾਈ ਪ੍ਰਗਟ ਸਿੰਘ | ਬਹਿਲੇਦੀ | ਫਰੀਦਕੋਟ |
| • ਭਾਈ ਗੁਰਚਰਨ ਸਿੰਘ ਕਾਲਾ ਫੌਜੀ | ਬਹਿਲੇਦੀ | ਫਰੀਦਕੋਟ |
| • ਭਾਈ ਪ੍ਰਿਤਪਾਲ ਸਿੰਘ ਕੂਕਾ | ਬਹਿਲੇਦੀ | ਫਰੀਦਕੋਟ |
| • ਬਾਪੂ ਜੀ ਬਖਤਾਵਰ ਸਿੰਘ (ਪਿਤਾ ਸ਼ਹੀਦ ਰਾਜਿੰਦਰ ਸਿੰਘ) | ਭੈਰੋ | ਫਰੀਦਕੋਟ |
| • ਭਾਈ ਹਰਚਰਨ ਸਿੰਘ (ਭਰਾ ਕਲਵੰਤ ਸਿੰਘ) | ਢੋਲੇਵਾਲਾ | ਫਰੀਦਕੋਟ |
| • ਕਾਕਾ ਜਸਵਿੰਦਰ ਸਿੰਘ ਭੁਜੰਗੀ | ਕਰੀਰਵਾਲੀ | ਫਰੀਦਕੋਟ |

| | | |
|---|---|---|
| • ਭਾਈ ਮਹਿੰਦਰ ਸਿੰਘ | ਸਿਵੀਆਂ | ਫਰੀਦਕੋਟ |
| • ਭਾਈ ਜਸਵਿੰਦਰ ਸਿੰਘ (ਹੈਪੀ) | ਸਿਵੀਆਂ | ਫਰੀਦਕੋਟ |
| • ਭਾਈ ਸੁਖਮੰਦਰ ਸਿੰਘ | ਦੀਪ ਸਿੰਘ ਵਾਲਾ | ਫਰੀਦਕੋਟ |
| • ਭਾਈ ਨਿਰਵੈਰ ਸਿੰਘ (ਵਰਾ) | ਦੀਪ ਸਿੰਘ ਵਾਲਾ | ਫਰੀਦਕੋਟ |
| • ਭਾਈ ਗੁਰਦੇਵ ਸਿੰਘ ਭਰਾ ਸੂਬੇਦਾਰ ਕਰਤਾਰ ਸਿੰਘ, | ਫਰੀਦਕੋਟ | ਫਰੀਦਕੋਟ |
| • ਭਾਈ ਸੁਖਮਿੰਦਰ ਸਿੰਘ (ਮੰਦਰ) | ਸੰਧਵਾਲਾ | ਫਰੀਦਕੋਟ |
| • ਭਾਈ ਬਲਜਿੰਦਰ ਸਿੰਘ (ਰਾਵਣ) | ਠਾੜਾ | ਫਰੀਦਕੋਟ |
| • ਭਾਈ ਗੁਰਤੇਜ ਸਿੰਘ | ਸੰਧਵਾਲਾ | ਫਰੀਦਕੋਟ |
| • ਭਾਈ ਕੁਲਵੰਤ ਸਿੰਘ ਕਾਂਤਾ | ਘੁਮਾਰੀਆਂ | ਫਰੀਦਕੋਟ |
| • ਭਾਈ ਬਿਲੂ ਸਿੰਘ ਪੁੱਤਰ ਪ੍ਰੀਤਮ ਸਿੰਘ | ਪੈਹਲੂਆਣਾ | ਫਰੀਦਕੋਟ |
| • ਭਾਈ ਕੁਲਵੰਤ ਸਿੰਘ ਕਾਂਤਾ | ਘੁਮਿਆਰਾ | ਫਰੀਦਕੋਟ |
| • ਭਾਈ ਬਲਜਿੰਦਰ ਸਿੰਘ (ਬਿਜਲੀ ਵਾਲਾ) | ਘੁਮਿਆਰਾ | ਫਰੀਦਕੋਟ |
| • ਭਾਈ ਗੁਰਬਚਨ ਸਿੰਘ | ਆਹਲਾਂ | ਫਰੀਦਕੋਟ |
| • ਭਾਈ ਜਰਨੈਲ ਸਿੰਘ | ਰਾਊਂ ਕੇ | ਮੋਗਾ |
| • ਭਾਈ ਬਿਲੂ ਸਿੰਘ | ਰਾਊਕੇ | ਮੋਗਾ |
| • ਭਾਈ ਸੇਵਕ ਸਿੰਘ | ਰਾਊਕੇ | ਮੋਗਾ |
| • ਸਰਦਾਰ ਬੋਲਾ ਸਿੰਘ ਨੰਬਰਦਾਰ | ਰਾਊਕੇ | ਮੋਗਾ |
| • ਭਾਈ ਨਰਿੰਦਰਪਾਲ ਸਿੰਘ ਨਿਹੰਗ | ਜੰਡੋਆਲੀ | ਜਲੰਧਰ |

ਕੋਟ ਸ਼ਮੀਰ (ਬਠਿੰਡਾ) ਦੁਕਾਨ ਤੋਂ ਬਠਿੰਡਾ ਪੁਲਿਸ ਨੇ ਚੁਕਿਆ। ਕਿਥੇ ਹੈ ਇਹ?

| | | |
|---|---|---|
| • ਭਾਈ ਰਣਜੀਤ ਸਿੰਘ ਗੋਰਾ | ਮੂਧਲ | ਅੰਮ੍ਰਿਤਸਰ |
| • ਭਾਈ ਚਰਨਜੀਤ ਸਿੰਘ | ਸੁਲਤਾਨਵਿੰਡ | ਅੰਮ੍ਰਿਤਸਰ |

ਸੀ.ਆਈ.ਏ. ਸਟਾਫ਼ ਬਠਿੰਡਾ ਦੇ ਡੀ.ਐਸ.ਪੀ. ਹਰਿੰਦਰ ਸਿੰਘ ਗਿੱਲ ਨੇ ਬਠਿੰਡੇ ਦੇ ਇਕ ਟਰਾਂਸਪੋਰਟਰ ਦੇ ਦਫ਼ਤਰ ਵਿਚੋਂ ਇਸ ਦੇ ਭਰਾ ਸਮੇਤ ਇਸਨੂੰ ਚੁਕਿਆ ਸੀ, ਨਾ ਹੀ ਭਰਾ ਦਾ ਪਤਾ ਹੈ ਨਾ ਹੀ ਚਰਨਜੀਤ ਸਿੰਘ ਦਾ।

| | | |
|---|---|---|
| • ਭਾਈ ਇੰਦਰਪਾਲ ਸਿੰਘ (ਭਰਾ ਭਾਈ ਚਰਨਜੀਤ ਸਿੰਘ) | ਸੁਲਤਾਨਵਿੰਡ | ਅੰਮ੍ਰਿਤਸਰ |
| • ਭਾਈ ਪ੍ਰਗਟ ਸਿੰਘ | ਹੰਬੜਾਂ | ਲੁਧਿਆਣਾ |
| • ਭਾਈ ਰਛਪਾਲ ਸਿੰਘ ਰੋਜ਼ੀ (ਭਰਾ ਸ਼ਹੀਦ ਭਾਈ ਅਵਤਾਰ ਸਿੰਘ ਬੱਬਰ ਲੱਡੂ) | ਰਾਜੋਆਣਾ | ਲੁਧਿਆਣਾ |
| • ਭਾਈ ਤਸਵੀਰ ਸਿੰਘ, ਬਾਬਾ ਝੰਡੇਰ | ਝੰਡੇਰ | ਅੰਮ੍ਰਿਤਸਰ |
| • ਭਾਈ ਸਤਵਿੰਦਰ ਸਿੰਘ ਦੇਪੀ | ਸ਼ੇਖੂਪੁਰਾ (ਮਲਾਪੁਰ) | ਲੁਧਿਆਣਾ |
| • ਭਾਈ ਜਸਵੰਤ ਸਿੰਘ ਸੰਧੂ | ਕਿਲੀ ਚਾਹਲ ਨੇੜੇ ਅਜੀਤਵਾਲ | ਲੁਧਿਆਣਾ |
| • ਭਾਈ ਭੁਪਿੰਦਰ ਸਿੰਘ | ਜਗਰਾਵਾਂ | ਲੁਧਿਆਣਾ |
| • ਡਾਕਟਰ ਪ੍ਰਿਤਪਾਲ ਸਿੰਘ | ਬੱਸੀਆਂ | ਲੁਧਿਆਣਾ |
| • ਭਾਈ ਹਰਵਿੰਦਰ ਸਿੰਘ (ਬੰਟੀ) | ਗੁੜੇ | ਲੁਧਿਆਣਾ |

- ਭਾਈ ਮਨਜਿੰਦਰ ਕੁਮਾਰ ਗੁਪਤਾ — ਗੰਗਾਨਗਰ — ਰਾਜਸਥਾਨ

  ਮੁਕਤਸਰ ਸ਼ਹਿਰ ਦੇ ਇਕ ਕਾਂਗਰਸੀ ਦੇ ਘਰੋਂ ਫਰੀਦਕੋਟ ਪੁਲਿਸ ਨੇ ਚੁੱਕਿਆ।

- ਭਾਈ ਹਰਜਿੰਦਰ ਸਿੰਘ — ਗਾਲਬ ਕਲਾਂ — ਲੁਧਿਆਣਾ

ਦੂਸਰੇ ਭਾਗ ਵਿਚ ਅਸੀਂ ਦੁਆਬੇ ਦੇ ਪਰਿਵਾਰਾਂ ਨੂੰ ਸੰਗਤ ਦੇ ਸਨਮੁਖ ਰੱਖਾਂਗੇ।

ਦਰਦ ਕਹਾਣੀ ਬੜੀ ਲੰਮੀ ਹੈ। ਇਹ ਬਾਤਾਂ ਤਾਂ ਕੁਝ ਵੀ ਨਹੀਂ ਹਨ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਤਾਂ ਕੇਵਲ ਇਕ ਸ਼ਮਸ਼ਾਨ ਭੂਮੀਆਂ 'ਚੋਂ ਹੀ ਆਪਣੇ ਖ਼ੂਨ ਨਾਲ 25000 ਲਾ ਵਾਰਸ ਲਾਸ਼ਾਂ ਦੀ ਗਿਣਤੀ ਦੱਸੀ ਹੈ ਪੰਜਾਬ ਅੰਦਰ 29600 ਦੇ ਕਰੀਬ ਸਿਵੇ ਹਨ ਹਰ ਸਿਵੇ ਅੰਦਰ ਹੀ ਸਰਕਾਰੀ ਦਹਿਸ਼ਤਗਰਦੀ ਦੀ ਅੱਗ ਲਾਬੂਆਂ ਸੰਗ ਬਲੀ ਹੈ। ਇਸ ਤੋਂ ਇਲਾਵਾ ਨਹਿਰਾਂ, ਰਾਜਬਾਹਿਆਂ, ਸੇਮ ਨਾਲਿਆਂ, ਦਰਿਆਵਾਂ ਦੇ ਵਹਿਣਾਂ 'ਚੋਂ, ਮਿਲੇ ਮਨੁੱਖੀ ਪਿੰਜਰਾਂ ਦੇ ਹਿਸਾਬ ਵੱਖਰ ਹਨ ਪੰਜਾਬ ਦਾ ਹਰ ਪਲ ਫਰਜ਼ੀ ਪੁਲਿਸ ਮੁੱਠਭੇੜਾਂ ਦੀ ਹਾਮੀ ਭਰਦਾ ਹੈ। ਇਨ੍ਹਾਂ ਖ਼ੂਨੀ ਪੁਲਾਂ ਉਪਰ ਲੋਕਤੰਤਰ ਨੂੰ ਲੰਘਦਿਆਂ ਕਦੇ ਸ਼ਰਮ ਨਹੀਂ ਆਈ। ਨਾ ਹੀ ਸਰਕਾਰੀ ਤੰਤਰ ਨੂੰ ਇਥੇ ਨੀਂਹ ਪੱਥਰ ਰੱਖਦਿਆਂ ਆਈ ਹੈ।

ਆਓ। ਆਪਾਂ ਇਨ੍ਹਾਂ ਦੇ ਘਰਾਂ 'ਚ ਜਾਈਏ, ਤਾਂਕਿ ਉਨ੍ਹਾਂ ਉਜੜੇ, ਸੜੇ, ਸਰਾਪੇ, ਨਿਉਟੇ, ਨਿਆਸਰੇ, ਨਿਥਾਵੇਂ ਸਾਹਾਂ ਨੂੰ ਧਰਵਾਸ ਮਿਲ ਸਕਣ ਆਪਾਂ ਗੁਲਾਮੀ 'ਚੋਂ ਉਠਦੇ ਹੋਏ ਇਨ੍ਹਾਂ ਵਲੋਂ ਦਿਤੀਆਂ ਸ਼ਹਾਦਤਾਂ ਦੇ ਵਲਵਲਿਆਂ 'ਚ ਇਕ ਲਹਿਰ, ਇਕ ਤੂਫ਼ਾਨ, ਇਕ ਆਦਰਸ਼ ਬਣ ਸਕੀਏ। ਆਪਾਂ ਅਜ਼ਾਦੀ ਦੇ ਨਾਮ 'ਤੇ ਗੰਦੀ ਸਿਆਸਤ ਨਾ ਖੇਡੀਏ, ਨਹੀਂ ਤਾਂ ਆਪਾਂ ਵੀ ਸ਼ਹਾਦਤਾਂ ਦੇ ਖ਼ੂਨ 'ਚ ਡੁਬ ਕੇ ਆਪਣੀ ਇਕ ਨਸਲ ਖਤਮ ਕਰ ਲਵਾਂਗੇ। ਫਿਰ ਸ਼ਾਇਦ ਆਪਾਂ ਨੂੰ ਨਾ ਸਮਾਂ, ਨਾ ਹੀ ਕੁਦਰਤ ਕਦੇ ਮੁਆਫ਼ ਕਰੇਗੀ ਰੱਬ ਦੀ ਮਾਫ਼ੀ ਤਾਂ ਬਾਅਦ ਦੀ ਗੱਲ ਹੈ।

ਇਹ ਕਹਾਣੀ ਨਾ ਹੀ ਕਮਿਸ਼ਨਾਂ ਨਾਲ, ਕਮੇਟੀਆਂ ਗਠਿਤ ਕਰਕੇ, ਇਨਕੁਆਰੀਆਂ ਬਿਠਾ ਕੇ, ਰਾਹਤ ਫੰਡ ਵੰਡ ਕੇ, ਮੁਆਵਜ਼ੇ ਦੇ ਕੇ, ਕਿਸ ਦੋਸ਼ੀ ਨੂੰ ਸਾਧਾਰਨ ਸਜ਼ਾ ਦੇ ਕੇ ..ਖਤਮ ਹੋਵੇਗੀ।

ਇਹ ਦਰਦ ਤਾਂ ਖ਼ਾਲਸ ਮਨੁੱਖ ਦੀ ਅਜ਼ਾਦੀ ਤੇ ਵਿਗੜੇ ਮਨੁੱਖੀ ਤੰਤਰ ਹਥੋਂ ਰਾਜ ਸਤਾ ਹਾਸਲ ਕਰਕੇ, ਇਕ ਸ਼ੁਧ, ਇਕ ਖਾਲਸ ਰਾਜ ਦੀ ਪ੍ਰਾਪਤੀ ਕਰਕੇ ਫਿਰ ਇਸ ਰਾਜ ਦੀ ਪ੍ਰਬੰਧਤਾ 'ਤੇ ਖਤਮ ਹੋਵੇਗੀ ਜਿਥੇ

ਨਾ ਕੋ ਬੈਰੀ ਨਾਹੀ ਬੇਗਾਨਾ, ਹੋਵਗਾ।

ਸਰਬੱਤ ਦਾ ਭਲਾ ਹੋਵੇਗਾ।

ਪਰ ਅੱਜ ਸਾਨੂੰ ਸਾਡੇ ਲੀਡਰ, ਜਥੇਦਾਰ ਇਹ ਕਹਿੰਦੇ ਹਨ, ਇਹ ਸਭ ਕੁਝ ਭੁੱਲ ਜਾਵੋ, ਪੁਰਾਣੀਆਂ ਕਹਾਣੀਆਂ ਛੱਡ ਦੇਵੋ, ਭੁਲ ਜਾਵੋ ਬੀਤਿਆ। ਪਰ ਇਨ੍ਹਾਂ ਸਿਵਿਆਂ ਦੇ ਸੇਕ ਕਿਵੇਂ ਭੁਲ ਜਾਈਏ!!!

# ਸਾਡਾ ਕਸੂਰ ਕੀ ਸੀ ?

1 ਮਾਸਟਰ ਅਜੀਤ ਸਿੰਘ (ਭਰਾ ਭਾਈ ਵਿੰਦਰਪਾਲ ਸਿੰਘ ਭਾਗੀ ਬਾਂਦਰ) ਦੀ ਮਾਸੂਮ ਡੇਢ ਸਾਲ ਦੀ ਬੱਚੀ ਜਿਸ ਨੂੰ ਸੀ ਆਈ ਏ ਸਟਾਫ਼ ਬਠਿੰਡਾ ਵਿਚ ਕੰਧ ਨਾਲ ਪਟਕਾ ਕੇ ਮਾਰ ਦਿੱਤਾ ਗਿਆ ਸੀ। ਕਿਉਂਕਿ ਭਾਈ ਵਿੰਦਰਪਾਲ ਸਿੰਘ ਸੰਘਰਸ਼ ਦੌਰਾਨ ਰੂਪੋਸ਼ ਸਨ। ਵਾਹ ਕਾਨੂੰਨ !

2 ਬਾਪੂ ਹਜ਼ੂਰਾ ਸਿੰਘ ਰੰਗਾ (ਪਿਤਾ ਜੀ ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ) ਇਸ ਬਿਰਧ ਪਿਤਾ ਨੂੰ ਪੁਲਿਸ ਕੈਟਾਂ ਨੇ ਘਰੇ ਆ ਕੇ ਕੱਚੀ ਕੰਧ ਨਾਲ ਖੜ੍ਹਾ ਕੇ ਗੋਲੀਆਂ ਮਾਰ ਦਿੱਤੀਆਂ ਸਨ।

3 ਬੀਬੀ ਜੀ ਗੁਰਨਾਮ ਕੌਰ ਧਰਮ ਪਤਨੀ ਭਾਈ ਮੋਹਕਮ ਸਿੰਘ ਲੁਧਿਆਣਾ, ਜਿਨ੍ਹਾਂ ਨੂੰ ਘਰੋਂ ਚੁੱਕ ਕੇ ਦਰਿੰਦਗੀ ਦੇ ਨੰਗੇ ਨਾਚ ਵਿਚ ਕੋਹ ਕੋਹ ਕੇ ਲਾਪਤਾ ਕਰ ਦਿੱਤਾ ਗਿਆ।

4 ਬਾਪੂ ਜੀ ਮੱਖਣ ਸਿੰਘ (ਪਿਤਾ ਸ਼ਹੀਦ ਭਾਈ ਅਨੋਖ ਸਿੰਘ ਬੱਬਰ (ਸੁਬਾਵਜ਼ੀਰਾ) ਤਰਨਤਾਰਨ ਪੁਲਿਸ ਨੇ ਘਰੋਂ ਚੁੱਕ ਕੇ ਲਾਪਤਾ ਕਰ ਦਿੱਤਾ।

5 ਸਾਦਿਕ ਮਹੋਮਦ (ਜਣਦੀਆ ਸ਼ਹੀਦ ਭਾਈ ਬਸ਼ੀਰ ਮੁਹੰਮਦ ਬੱਬਰ) ਪਿਤਾ ਬੇਟੀ ਪ੍ਰਵੀਨ ਕੌਰ ਘਰੋਂ ਚੁੱਕ ਕੇ ਘੋਰ ਤਸ਼ੱਦਦ ਤੋਂ ਬਾਅਦ ਮਣਕੀਆ ਠਾਣੇ ਵਿਚ ਮਾਰ ਕੇ ਲਾਵਾਰਸ ਸਾੜ ਦਿੱਤਾ।

6 ਸਰਦਾਰ ਬਲਵੰਤ ਸਿੰਘ ਭੁੱਲਰ ਦਿਆਲਪੁਰਾ ਭਾਈ ਕਾ ਬਠਿੰਡਾ (ਪਿਤਾ ਜੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ) ਜਿਨ੍ਹਾਂ ਨੂੰ ਚੰਡੀਗੜ੍ਹ ਦੀ ਪੁਲਿਸ ਪਾਰਟੀ ਨੇ ਉਸ ਸਮੇਂ ਦੇ ਐਸ ਐਸ ਪੀ ਸੁਮੇਧ ਸੈਣੀ ਦੀ ਅਗਵਾਈ ਹੇਠ ਘਰੋਂ ਚੁੱਕ ਕੇ ਲਾਪਤਾ ਕਰ ਦਿੱਤਾ।

7 ਬਾਪੂ ਜੀ ਬਖਤੌਰ ਸਿੰਘ ਢੱਡ (ਪਿਤਾ ਜੀ ਸ਼ਹੀਦ ਭਾਈ ਰਾਜਿੰਦਰ ਸਿੰਘ ਢੱਡ) ਪਿੰਡ ਢੱਡ ਜ਼ਿਲ੍ਹਾ ਫਰੀਦਕੋਟ ਨੂੰ ਬਠਿੰਡਾ ਪੁਲਿਸ ਨੇ ਘਰੋਂ ਚੁੱਕ ਕੇ ਲਾਪਤਾ ਕਰ ਦਿੱਤਾ।

8 ਭਾਈ ਜਰਨੈਲ ਸਿੰਘ ਡੋਮ ਕਲਾਂ (ਭਰਾ ਸ਼ਹੀਦ ਭਾਈ ਬੁਧਸਿੰਘ ਸਿੰਘ ਬੱਬਰ) ਇਸ ਗੁਰਸਿੱਖ ਨੂੰ ਘਰੋਂ ਚੁੱਕ ਕੇ ਲਾ-ਪਤਾ ਕਰ ਦਿੱਤਾ।

9 ਭਾਈ ਹਰਜੀਤ ਸਿੰਘ ਫੂਲ (ਭਰਾ ਸ਼ਹੀਦ ਭਾਈ ਬਲਦੀਪ ਸਿੰਘ ਬੱਬਰ, ਨੂੰ ਪਿੰਡ ਦੇ ਵਾਟਰ ਵਰਕਸ ਤੋਂ ਬਠਿੰਡਾ ਪੁਲਿਸ ਨੇ ਚੁੱਕ ਕੇ ਮਾਰ ਦਿੱਤਾ

10 ਕਾਰ ਸੇਵਾ ਗੁਰੂਸਰ ਮਹਿਰਾਜ (ਬਠਿੰਡਾ) ਦੇ ਸੰਤ ਬਾਬਾ ਹਰਦਿਆਲ ਸਿੰਘ ਅਤੇ ਉਨ੍ਹਾਂ ਦੀ ਸਪੁਤਰੀ ਬੀਬੀ ਬਲਜੀਤ ਕੌਰ ਨੂੰ ਥਾਣੇਦਾਰ ਸੁਰਿੰਦਰ ਸਿੰਘ ਅਤੇ ਅਮਰੀਕ ਸਿੰਘ ਟਾਈਗਰ ਲੰਗਰ ਦੀ ਸੇਵਾ ਕਰਦਿਆਂ ਨੂੰ ਚੁੱਕ ਕੇ ਗੋਇੰਦਵਾਲ ਲੈ ਗਏ ਪਰ ਉਹ ਵਾਪਸ ਨਹੀ ਆਏ

11 ਮੋਗੇ ਜ਼ਿਲ੍ਹੇ ਦੇ ਪਿੰਡ ਰਾਜੇਆਣੇ ਦੇ ਨਿਰਮਲ ਸਿੰਘ ਨਿੰਮਾ ਨੂੰ ਪੁਲਿਸ ਇੰਸਪੈਕਟਰ

ਗੁਰਮੇਜ ਸਿੰਘ ਭੁੱਲਾ ਅਤੇ ਡੀ ਐਸ ਪੀ ਬਚਨ ਸਿੰਘ ਰੰਧਾਵਾ ਨੇ ਘਰੋਂ ਚੁੱਕਿਆ ਪਰ ਜਿਊਂਦਾ ਘਰ ਨਹੀਂ ਪਰਤਿਆ।

12 ਪਿੰਡ ਵਡਾਂਘਰ ਜ਼ਿਲ੍ਹਾ ਮੋਗਾ ਦੇ ਨੌਜਵਾਨ ਬਲਜੀਤ ਸਿੰਘ ਵੀ ਉਪਰੋਕਤ ਪੁਲਿਸ ਅਧਿਕਾਰੀਆਂ ਨੇ ਘਰੋਂ ਲਿਜਾ ਕੇ ਕਿਥੇ ਰੱਖਿਆ ਕਿਥੇ ਖਪਾ ਦਿੱਤਾ ਅੱਜ ਵੀ ਭੇਦ ਹੈ।

13 ਨਛੱਤਰ ਸਿੰਘ ਫੌਜੀ ਪਿੰਡ ਦੌਧਰ ਜ਼ਿਲ੍ਹਾ ਮੋਗਾ ਨੂੰ ਵੀ ਮਹਿਣੇ ਠਾਣੇ ਵਾਲੇ ਘਰੋਂ ਲੈ ਕੇ ਗਏ ਸਨ ਪਰ ਉਹ ਮੁੜ ਨਹੀਂ ਆਇਆ।

14 ਪਿੰਡ ਨਥਵਾਲ ਜ਼ਿਲ੍ਹਾ ਮੋਗਾ ਦੇ ਜਥੇਦਾਰ ਜੰਗਾ ਸਿੰਘ ਨੂੰ 23 ਜੂਨ 92 ਨੂੰ ਸੀ ਆਈ ਏ ਸਟਾਫ ਫਰੀਦਕੋਟ ਨੇ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਆਉਂਦੇ ਨੂੰ ਚੁੱਕ ਲਿਆ। ਮੁੜ ਘਰ ਨਹੀਂ ਆਇਆ ਬੇਟੀ ਚਰਨਜੀਤ ਕੌਰ ਦਰ ਦਰ ਠੋਕਰਾਂ ਖਾ ਰਹੀ ਹੈ। ਅੱਜ ਤੱਕ ਇਨਸਾਫ਼ ਨਹੀਂ ਮਿਲਿਆ।

15 ਮੋਗਾ ਜ਼ਿਲ੍ਹੇ ਦੇ ਪਿੰਡ ਰਸੂਲਪੁਰ ਦੇ ਮਲਕੀਤ ਸਿੰਘ ਪੁਤਰ ਢੋਲਾ ਸਿੰਘ ਨੂੰ 23 ਅਪ੍ਰੈਲ '92 ਨੂੰ ਕੋਟਕਪੂਰਾ ਸਦਰ ਪੁਲਿਸ ਨੇ ਘਰੋਂ ਚੁਕਿਆ। ਅੱਜ ਤੱਕ ਪਰਿਵਾਰ ਮਲਕੀਤ ਸਿੰਘ ਨੂੰ ਉਡੀਕ ਰਿਹਾ ਹੈ

16 ਮੋਗਾ ਜ਼ਿਲ੍ਹੇ ਦੇ ਪਿੰਡ ਮਹੇਸ਼ਰੀ ਦੇ ਨਛੱਤਰ ਸਿੰਘ ਨੂੰ ਵੀ 29 ਅਪ੍ਰੈਲ 1993 ਮਹਿਣਾ ਥਾਣੇ ਵਾਲੇ ਏ ਐਸ ਆਈ ਦਿਲਬਾਗ ਸਿੰਘ ਦੀ ਅਗਵਾਈ ਵਿਚ ਘਰੋਂ ਲੈ ਕੇ ਗਏ ਸਨ। ਕਿਥੇ ਗਿਆ ਇਹ ਨੌਜਵਾਨ?

17 ਪਿੰਡ ਸਿਹੋੜਾ ਜੋ ਦੋਰਾਹੇ ਤੋਂ 15 ਕਿਲੋਮੀਟਰ ਦੂਰ ਹੈ ਦੇ ਮਾਸਟਰ ਅਜਮੇਰ ਸਿੰਘ ਨੂੰ ਪਰਿਵਾਰ ਅੱਜ ਵੀ ਉਡੀਕ ਰਿਹਾ ਹੈ ਜੋ 4 ਮਾਰਚ 1994 ਨੂੰ ਘਰੋਂ ਪੜ੍ਹਾਉਣ ਗਿਆ ਪਿੰਡ ਲਸਾੜੀ ਕੋਲੋਂ ਪੁਲਿਸ ਨੇ ਸਕੂਟਰ ਸਮੇਤ ਚੁੱਕ ਲਿਆ ਸੀ। ਮਾਸਟਰ ਦੇ ਪਿਤਾ ਬਜ਼ੁਰਗ ਜਥੇਦਾਰ ਜੰਗ ਸਿੰਘ ਜੋ 90 ਸਾਲ ਦੇ ਹਨ ਅਜੇ ਵੀ ਆਸ ਰੱਖੀ ਬੈਠੇ ਹਨ 'ਮੇਰਾ ਪੁੱਤ ਬੇਕਸੂਰ ਹੈ, ਜ਼ਰੂਰ ਘਰੇ ਪਰਤੇਗਾ।'

18 ਇਸ ਹੀ ਪਿੰਡ ਸਿਹੋੜੇ ਦੇ ਬਜ਼ੁਰਗ ਮੇਹਰ ਸਿੰਘ ਵੀ ਆਪਣੇ ਪੁੱਤ ਕੁਲਦੀਪ ਸਿੰਘ, ਜੋ ਪਾਇਲ ਵਿਚ ਰੰਗਾਂ ਦੀਆਂ ਪਰਚੀਆਂ ਦੇ ਕੇਸ 'ਤੇ ਸੀ, ਨੂੰ ਉਡੀਕ ਰਹੇ ਹਨ। ਜਿਸ ਨੂੰ ਪੁਲਿਸ ਦੀਆਂ ਗੱਡੀਆਂ 1 ਫਰਵਰੀ 1993 ਨੂੰ ਘਰੋਂ ਚੁੱਕ ਕੇ ਲੈ ਗਈਆਂ ਸਨ।

19 ਪਿੰਡ ਸੋਢੀਵਾਲ ਦੀ ਦਰਦ ਕਹਾਣੀ, ਮਾਤਾ ਗੁਰਮੀਤ ਕੌਰ ਪਤਨੀ ਗੁਰਮੇਜ ਸਿੰਘ ਜੋ ਆਪਣਾ ਬੁਢਾਪਾ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਰਕਰਮਾ ਦੇ ਦੁਆਲੇ ਬਣੇ ਤਹਿਖਾਨਿਆਂ ਵਿਚ ਕੱਟ ਰਹੀ ਹੈ ਦੇ ਪਰਿਵਾਰ ਦਾ ਕੁਝ ਵੀ ਬਾਕੀ ਨਹੀਂ ਹੈ। ਉਸ ਬਿਰਧ ਕੇਸਕੀਧਾਰੀ ਮਾਤਾ ਦੇ ਦਰਦ ਸੰਬੰਧੀ ਵਾਲੋਂ ਤੋਂ ਸੁਣ ਲਵੋ

20 ਮਾਤਾ ਗੁਰਮੇਜ ਕੌਰ (ਮਾਤਾ ਜੀ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ) ਜਿਸ ਨੂੰ ਡੀ ਐਸ ਪੀ ਗੁਰਮੀਤ ਸਿੰਘ ਨੇ ਆਪ ਚੁੱਕ ਕੇ ਲਿਆ ਕੇ ਮਾਰ ਦਿੱਤਾ। ਕਸੂਰ ਇਹ, ਮਾਂ ਨੇ ਇਕ ਬਹਾਦਰ ਪੁੱਤਰ ਨੂੰ ਜਨਮ ਦਿੱਤਾ?

21 ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੈਂਬਰ ਸਤਵੰਤ ਸਿੰਘ ਸੋਢੀ ਮੋਗਾ

ਦੇ ਬੇਦੀ ਨਗਰ ਮਹੱਲਾ ਦੇ ਗੁਰਬਚਨ ਸਿੰਘ ਨੂੰ ਪੁਲਿਸ ਨੇ ਘਰੋਂ ਬੁਲਾਇਆ, ਕੰਮ ਹੈ, ਮੁੜ ਇਹ ਮੋਗਾ ਸੀ ਆਈ ਏ ਸਟਾਫ਼ ਵਿਚੋਂ ਬਾਹਰ ਨਹੀਂ ਆਏ, ਕੀ ਕਸੂਰ ਸੀ ਇਨ੍ਹਾਂ ਦਾ?

22 ਭਾਈ ਮਹਿੰਦਰ ਸਿੰਘ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਸਿਵੀਆਂ ਦੇ ਜੋ ਆਪਣੀ ਭੈਣ ਦੇ ਵਿਆਹ ਦਾ ਕਾਰਡ ਵੰਡਣ ਘਰੋਂ ਸਕੂਟਰ 'ਤੇ ਗਿਆ ਪਿੰਡ ਦੇ ਬਾਹਰ ਇਕ ਸੂਏ ਦੇ ਪੁਲ ਤੋਂ ਜੈਤੋ ਪੁਲਿਸ ਨੇ ਦਿਨ ਦੀਵੀਂ ਸਭ ਦੇ ਸਾਹਮਣੇ ਚੁੱਕ ਲਿਆ। ਪਰ ਮਹਿੰਦਰ ਸਿੰਘ ਮੁੜ ਘਰ ਨਹੀਂ ਪਰਤਿਆ। ਭੈਣ ਅੱਜ ਵੀ ਅੱਡੀਆਂ ਚੁੱਕ ਚੁੱਕ ਵੀਰ ਉਡੀਕ ਰਹੀ ਹੈ।

23 ਭਾਈ ਸੁਖਵਿੰਦਰ ਸਿੰਘ ਭੱਟੀ ਵਕੀਲ ਬੱਡਬਰ ਜ਼ਿਲ੍ਹਾ ਸੰਗਰੂਰ ਕਚਹਿਰੀ ਵਿਚ ਵਕਾਲਤ ਕਰਦੇ ਸਨ। ਜਦੋਂ ਭਾਈ ਮਾਧਾ ਸਿੰਘ ਬੱਬਰ ਵੈਰੋ ਪੂਈਂ ਨੂੰ ਐਸ ਐਸ ਪੀ ਜਸਮਿੰਦਰ ਸਿੰਘ ਨੇ ਨਾਸਿਕ ਜੇਲ੍ਹ ਵਿਚੋਂ ਲਿਆ ਕੇ ਸੰਗਰੂਰ ਦੀ ਅਦਾਲਤ ਵਿਚ ਪੁਲਿਸ ਰਿਮਾਂਡ ਲੈਣ ਲਈ ਪੇਸ਼ ਕੀਤਾ ਤਾਂ ਉਸ ਸਮੇਂ ਭਾਈ ਸੁਖਵਿੰਦਰ ਸਿੰਘ ਭੱਟੀ ਵਕੀਲ ਭਾਈ ਮਾਧਾ ਸਿੰਘ ਬੱਬਰ ਦੀ ਪੈਰਵਾਈ ਲਈ ਅਦਾਲਤ ਵਿਚ ਪੇਸ਼ ਹੋਏ ਸਨ, ਉਨ੍ਹਾਂ ਨੇ ਇਸ ਪੁਲਿਸ ਰਿਮਾਂਡ ਦੀ ਵਿਰੋਧਤਾ ਕੀਤੀ ਸੀ। ਪਰ ਅਦਾਲਤ ਨੇ ਪੁਲਿਸ ਨੂੰ ਭਾਈ ਮਾਧਾ ਸਿੰਘ ਦਾ ਪੁਲਿਸ ਰਿਮਾਂਡ ਦੇ ਦਿੱਤਾ ਸੀ।

ਜਦੋਂ ਸ਼ਾਮ ਨੂੰ ਕਚਹਿਰੀ ਬੰਦ ਹੋਈ ਤਾਂ ਵਕੀਲ ਭਾਈ ਸੁਖਵਿੰਦਰ ਸਿੰਘ ਭੱਟੀ ਬੱਸ ਰਾਹੀਂ ਆਪਣੇ ਪਿੰਡ ਬੱਡਬਰ ਜਾਣ ਲੱਗੇ ਤਾਂ ਪੁਲਿਸ ਕੈਟਾਂ ਨੇ ਰਸਤੇ ਵਿਚ ਬੱਸ ਰੋਕ ਕੇ ਬੱਸ ਵਿਚੋਂ ਭਾਈ ਸੁਖਵਿੰਦਰ ਸਿੰਘ ਭੱਟੀ ਵਕੀਲ ਨੂੰ ਉਤਾਰ ਲਿਆ। ਉਸ ਦਿਨ ਤੋਂ ਬਾਅਦ ਭਾਈ ਭੱਟੀ ਘਰੇ ਨਹੀਂ ਆਏ।

ਅਗਲੇ ਦਿਨ ਪੁਲਿਸ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਭਾਈ ਮਾਧਾ ਸਿੰਘ ਬੱਬਰ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ, ਜਿਥੇ ਇਨ੍ਹਾਂ ਦੇ ਸਾਥੀਆਂ (ਅੱਤਵਾਦੀਆਂ) ਨੇ ਹਮਲਾ ਕਰ ਦਿੱਤਾ ਜਿਥੇ ਮਾਧਾ ਸਿੰਘ ਬੱਬਰ ਖਤਰਨਾਕ ਅੱਤਵਾਦੀ ਦੁਵੱਲੀ ਗੋਲਾਬਾਰੀ ਵਿਚੋਂ ਬਚ ਨਿਕਲਿਆ। ਇਸ ਫਾਇਰਿੰਗ ਵਿਚ ਦੋ ਅੱਤਵਾਦੀ ਵੀ ਮਾਰੇ ਗਏ ਹਨ। ਜਿਨ੍ਹਾਂ ਦੀ ਪਹਿਚਾਨ ਨਹੀਂ ਹੋ ਸਕੀ। ਜਦੋਂ ਭਾਈ ਮਾਧਾ ਸਿੰਘ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਸੀ, ਉਦੋਂ ਸਾਰੀ ਕਚਹਿਰੀ ਨੇ ਭਾਈ ਸਾਹਿਬ ਨੂੰ ਪੇਸ਼ੀ 'ਤੇ ਲਿਜਾਂਦਿਆਂ ਅੱਖੀਂ ਵੇਖਿਆ ਸੀ। (ਮਰੇ ਅੱਤਵਾਦੀਆਂ ਦੀ ਪਹਿਚਾਨ ਕਿਸੇ ਤੋਂ ਵੀ ਨਹੀਂ ਕਰਵਾਈ ਗਈ) ਵਰ੍ਹਿਆਂ ਬਾਅਦ ਨਾ ਸੁਖਵਿੰਦਰ ਸਿੰਘ ਭੱਟੀ ਦਾ ਕੋਈ ਪਤਾ ਹੈ ਨਾ ਹੀ ਭਾਈ ਮਾਧਾ ਸਿੰਘ ਦਾ ।

24 ਸੰਤ ਬਾਬਾ ਕੰਢਾ ਸਿੰਘ ਜੀ ਨੂੰ ਸਮਾਧ ਭਾਈ ਦੇ ਗੁਰਦੁਆਰਾ ਸਾਹਿਬ ਮਾਲ ਸਾਹਿਬ ਤੋਂ ਚੁੱਕ ਕੇ ਸੀ ਆਈ ਏ ਸਟਾਫ਼ ਫਰੀਦਕੋਟ ਨੇ ਲਾਪਤਾ ਕਰ ਦਿੱਤਾ, ਕੀ ਕਸੂਰ ਸੀ ਉਨ੍ਹਾਂ ਦਾ?

25 ਭਾਈ ਹਰਦੇਵ ਸਿੰਘ ਖਾਲੀ ਰੋੜੇ ਪਿੰਡ ਦਾ ਕੋਟਕਪੂਰਾ ਹਸਪਤਾਲ ਵਿਚ ਜ਼ੇਰੇ ਇਲਾਜ ਦਾਖਲ ਸੀ, ਸੀ ਆਈ ਏ ਸਟਾਫ਼ ਫਰੀਦਕੋਟ ਨੇ ਬਿਮਾਰੀ ਦੀ ਹਾਲਤ ਵਿਚ ਹੀ ਚੁੱਕ ਕੇ ਲਾਪਤਾ ਕਰ ਦਿੱਤਾ।

26 ਭਾਈ ਨਿਰੰਜਣ ਸਿੰਘ ਪਿੰਡ ਵੈਰੋਕਿਆਂ ਜ਼ਿਲ੍ਹਾ ਅੰਮ੍ਰਿਤਸਰ ਦੇ ਘਰ ਵਿਲ੍ਹ ਤੋਂ ਬਾਹਰਲੀ ਪੁਲਿਸ ਨੇ ਛਾਪਾ ਮਾਰਿਆ। ਘਰੇ ਸਤੇ ਪਏ ਉਸ ਦੇ ਪੁੱਤ ਅਤੇ ਪੰਜ ਮਹੀਨਿਆਂ ਦੀ ਗਰਭਵਤੀ ਨੌਂਹ ਦੇ ਗਲੀਆਂ ਮਾਰ ਦਿੱਤੀਆਂ, ਕੀ ਕਸੂਰ ਸੀ?

27 ਭਾਈ ਮਾਨ ਸਿੰਘ ਅਤੇ ਭਾਈ ਬਲਜਿੰਦਰ ਸਿੰਘ ਜੋ ਭਾਈ ਮਹਕਮ ਸਿੰਘ ਦਮਦਮੀ ਟਕਸਾਲ ਵਾਲਿਆਂ ਦੇ ਨਜ਼ਦੀਕੀ ਰਿਸ਼ਤੇਦਾਰ ਸਨ, ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਪਿੰਡੀ ਬਲੇਚਾਂ ਵਿਚ ਪੁਲਿਸ ਕੈਟ ਨੇ ਗੋਲੀਆਂ ਨਾਲ ਭੁੰਨ ਦਿੱਤਾ? ਕੀ ਕਸੂਰ ਸੀ।

28 ਭਾਈ ਜਗਰੂਪ ਸਿੰਘ ਅਤੇ ਇਨ੍ਹਾਂ ਦੀ ਮਾਤਾ ਬਲਬੀਰ ਕੌਰ ਨੂੰ ਗੁਰਦੁਆਰਾ ਸਾਹਿਬ ਵਿਚੋਂ ਮੱਥਾ ਟੇਕ ਕੇ ਬਾਹਰ ਆਉਂਦਿਆਂ, ਦੋਹਾਂ ਮਾਂ-ਪੁੱਤ ਚੁੱਕ ਕੇ ਲਾ-ਪਤਾ ਕਰ ਦਿੱਤੇ? ਅੱਜ ਤਾਲੋ ਦੀਆਂ ਗਲੀਆਂ ਸਰਕਾਰੀ ਦਹਿਸ਼ਤ ਮੂਹਰ ਖਾਮੋਸ਼ ਹਨ?

29 ਜ਼ਿਲ੍ਹਾ ਲੁਧਿਆਣਾ ਦੇ ਪਿੰਡ ਹਿਰਦਵਾਲ ਤਿਹਾੜਾ ਦੇ ਸਰਦਾਰ ਗੁਰਮੇਜ ਸਿੰਘ ਦੇ ਛੋਟੇ ਮਸੂਮ ਦੋ ਪੁਤਰ ਜੋ ਆਪਣੀਆਂ ਅੱਖਾਂ 'ਚ 'ਚਸ਼ਮਦੀਦ ਗਵਾਹੀ', 'ਮੌਕ ਵਾਰਦਾਤ' ਦੇ ਉਹ ਪਲ ਸਾਂਭੀ ਬੈਠੇ ਹਨ। ਵੀਰ ਗੁਨਜਿੰਦਰ ਆਪਣੀ ਮੰਮੀ ਨੂੰ ਪੁਲਿਸ ਕਿਉਂ ਘੜੀਸ ਕੇ ਲੈ ਗਈ ਹੈ, ਆਪਣਾ ਘਰ ਕਿਉਂ ਬੰਬ ਮਾਰ ਮਾਰ ਕੇ ਢਾਹ ਦਿੱਤਾ ਹੈ, ਆਪਣਾ ਗੰਨਾ ਕਿਉਂ ਸਾੜ ਦਿੱਤਾ ਹੈ? ਛੋਟਾ ਗੁਰਿੰਦਰ ਜੋ ਤਿੰਨ ਸਾਲ ਦਾ ਸੀ ਆਪਣੇ ਵੱਡੇ ਪੰਜ ਸਾਲ ਦੇ ਭਰਾ ਗੁਨਜਿੰਦਰ ਨੂੰ ਪੁੱਛ ਰਿਹਾ ਹੈ, ਹਿੰਦੁਸਤਾਨ ਦੇ ਲੋਕਤੰਤਰ ਕੀ ਕਸੂਰ ਸੀ ਮਾਸੂਮਾਂ ਦਾ? ਸਿਰਫ਼ ਇਹ ਕਿ ਇਹ ਅੰਮ੍ਰਿਤਧਾਰੀ ਖ਼ਾਲਸੇ ਸਨ?।

30 ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਜਟਾਣਾ ਦੇ ਸਭੀ ਵਸਦੇ ਪਰਿਵਾਰ ਦੇ ਮੈਂਬਰਾਂ ਨੂੰ ਹਿੰਦ ਸਰਕਾਰ ਦੇ ਕੈਟ ਦਹਿਸ਼ਤਗਰਦਾਂ ਨੇ ਕਿਸ ਕਾਨੂੰਨ ਤਹਿਤ ਗਲੀਆਂ ਮਾਰ ਕੇ ਅੱਗਾਂ ਲਾ ਕੇ ਭੁੰਨ ਦਿੱਤਾ?

31 ਪਿੰਡ ਕਿਲੀ ਬੋਦਲਾ ਦੇ ਗੁਰਸਿੱਖਾਂ ਦੇ ਕੱਦੂਕੱਸ ਕੀਤੇ ਸਰੀਰਾਂ ਉਪਰ ਡੀਜ਼ਲ ਦਾ ਤੇਲ ਪਾ ਕੇ ਸਾੜ ਸਰੀਰ, ਹਿੰਦੁਸਤਾਨੀ ਲੋਕਤੰਤਰ, ਅਜੇ ਸੜ ਨਹੀਂ ਸਨ ਅੱਜ ਵੀ ਉਹ ਜਿੰਦਾ ਹਨ ਉਹ ਰਸਦੀ, ਉਹ ਦਰੱਖਤ, ਉਹ ਘਰ, ਉਹ ਬਿਰਧਤਾ ਦੀ ਡੰਗੋਰੀ ਉਹ ਜਵਾਨ ਹਏ ਤੋਤਲੇ ਬੋਲ ਜਿੰਦਾ ਹਨ, ਹਿੰਦੂਸਤਾਨ ਦੀ ਪੰਜਾਬ ਪੁਲਿਸ ਦੇ ਹਾਕਮ- ਉਹ ਇਤਿਹਾਸਕ ਘਰ ਜਿੰਦਾ ਹਨ, ਜੋ ਅਜ਼ਾਦੀ ਤੱਕ ਹੀ ਨਹੀਂ ਅਜ਼ਾਦੀ ਸੰਭਾਲਣ ਤੱਕ ਹਮੇਸ਼ਾ ਜਿੰਦਾ ਰਹਿਣਗੇ।

ਸਮਾਂ ਤੁਹਾਡੇ ਨਾਲ ਕਹਿਰਾਂ ਦਾ ਹਿਸਾਬ ਕਰੇਗਾ। ਪਰ ਪਿੰਡ ਕਿਲੀ ਬੋਦਲਾ ਦੇ ਸ਼ਹਾਦਤਾਂ ਦੇ ਇਤਿਹਾਸ, ਇਤਿਹਾਸ ਹੀ ਰਹਿਣਗੇ। ਫਰਜ਼ੀ ਮੁਕਾਬਲਿਆਂ ਦਾ ਹਿਸਾਬ ਸਮਾਂ ਕਰੇਗਾ। ਇਕ ਵਾਰ ਇਸ ਘਰ ਜ਼ਰੂਰ ਗੇੜਾ ਮਾਰੋ ਸ਼ਾਇਦ ਵਿਰਸਾ ਯਾਦ ਆ ਜਾਵੇ। ਮੁਖੂ ਤੋਂ ਸੱਤ ਕਿਲੋਮੀਟਰ ਦੂਰ ਪਿੰਡ ਕਿਲੀ ਬੋਦਲਾ ਹੈ ਸਰਦਾਰ ਦਲਬੀਰ ਸਿੰਘ ਦੀ ਬਹਿਕ ਦੇ ਸੱਤ ਜੀਅ ਹਿੰਦੂਸਤਾਨੀ ਲੋਕਤੰਤਰੀ ਪੰਜਾਬ ਪੁਲਿਸ ਦੀ ਵਹਿਸ਼ੀ ਬਹਾਦਰੀ ਦੀ ਭੇਟ ਚੜ੍ਹ ਹਨ, ਸਾਰੀ ਨਿਆਂ ਪ੍ਰਣਾਲੀ ਖਾਮੋਸ਼ ਹੈ।

32 ਪੁਰਾਣੇ ਫਰੀਦਕੋਟ ਜ਼ਿਲ੍ਹੇ (ਹੁਣ ਮੁਕਤਸਰ ਜ਼ਿਲ੍ਹੇ) ਦੀ ਤਹਿਸੀਲ ਮਲੋਟ ਦੇ ਪਿੰਡ ਬੁਰਜ ਵਿਚ ਇਕ ਦਸ਼ਮੇਸ਼ ਸਪੋਰਟਸ ਕਲੱਬ ਨੇ ਖੇਡ ਟੂਰਨਾਮੈਂਟ ਕਰਵਾਇਆ ਸੀ, ਜਿਸ

ਦੇ ਇਨਾਮ ਵੰਡ ਸਮਾਰੋਹ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਇਸ ਸਮਾਰੋਹ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ, ਅਖ਼ਬਾਰਾਂ ਵਿਚ ਇਸ਼ਤਿਹਾਰ ਵੀ ਸਨ, ਬੱਬਰਾਂ ਦੇ ਮਾਝਾ ਗਰੁੱਪ ਨੇ ਵੀ ਇਸ ਖੇਡ ਮੇਲ ਵਿਚ ਆਪਣੀ ਹਾਜ਼ਰੀ ਲਵਾ ਕੇ ਬੇਅੰਤ ਸਿੰਘ ਨੂੰ ਮਿਲਣ ਦਾ ਪ੍ਰੋਗਰਾਮ ਬਣਾ ਲਿਆ ਸੀ। ਭਾਈ ਜਸਵਿੰਦਰ ਸਿੰਘ ਬੱਬਰ ਜੱਜ ਜੌਹਲ ਨੇ ਇਕ ਸੱਤ ਮੈਂਬਰੀ ਵਾਲੀਵਾਲ ਦੀ ਟੀਮ ਬਣਾਈ, ਪੂਰੇ ਟਰੈਕਸੂਟ ਅਤੇ ਖੇਡਾਂ ਦੇ ਸਮਾਨ ਨਾਲ ਲੈਸ ਹੋ ਕੇ ਟੂਰਨਾਮੈਂਟ ਵਿਚ ਪਹੁੰਚ ਹੋਏ ਸਨ।

ਸ਼ੱਕ ਪੈਣ 'ਤੇ ਮਲੋਟ ਪੁਲਿਸ ਨੇ ਭਾਰੀ ਪੁਲਿਸ ਫੋਰਸ ਨਾਲ ਘੇਰਾ ਪਾ ਕੇ ਸੱਤ ਮੈਂਬਰੀ ਬੱਬਰਾਂ ਦੀ ਵਾਲੀਬਾਲ ਦੀ ਟੀਮ ਨੂੰ ਖਾਲੀ ਹੱਥੀਂ ਫੜ ਲਿਆ ਸੀ। ਜ਼ੁਲਮ ਦੀ ਹੱਦ ਇਹ ਕਿ ਅਗਲੇ ਦਿਨ ਅਖ਼ਬਾਰਾਂ ਅੰਦਰ ਮੋਟੀਆਂ ਸੁਰਖੀਆਂ ਲੱਗੀਆਂ ਸਨ, 'ਬੱਬਰ ਖ਼ਾਲਸਾ ਦਾ ਭਗੌੜਾ ਕਮਾਂਡਰ ਜਸਵਿੰਦਰ ਸਿੰਘ ਬੱਬਰ ਜੱਜ ਪਿੰਡ ਜੌਹਲ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਛੇ ਸਾਥੀਆਂ ਸਮੇਤ ਇਕ ਮੁੱਠਭੇੜ ਵਿਚ ਮਾਰਿਆ ਗਿਆ ਹੈ। ਭਾਰੀ ਮਾਤਰਾ ਵਿਚ ਅਸਲਾ ਬਰਾਮਦ ਹੋਇਆ ਹੈ।' ਬੱਬਰ ਜੌਹਲ ਦੇ ਪਰਿਵਾਰ ਦੇ ਮੈਂਬਰ ਅਤੇ ਨਾਲ ਦੇ ਬੇ ਨਾਮ ਸਾਥੀਆਂ ਦੇ ਘਰ ਵਾਲੇ ਅੱਜ ਤੱਕ ਇਨ੍ਹਾਂ ਦੇ ਖਰ ਲੱਭ ਰਹੇ ਹਨ।

33 ਫਰੀਦਕੋਟ ਜ਼ਿਲ੍ਹੇ ਦੇ ਸਾਦਿਕ ਕਸਬੇ ਕੋਲ ਪਿੰਡ ਕਿੰਗਰ ਦੇ ਚਾਰ ਨਾਬਾਲਿਗ ਨੌਜਵਾਨਾਂ ਨੂੰ ਪਹਿਲਾਂ ਪੁਲਿਸ ਦੇ ਖਾੜਕੂਆਂ ਕੈਟਾਂ ਨੇ ਪੁਰ ਕੇ ਹਥਿਆਰ ਚੁਕਵਾਏ ਫਿਰ ਆਪ ਹੀ ਵੱਧ ਵਿਚ ਕਢ ਦੇ ਕੇ ਮਾਰ ਦਿੱਤੇ ਫਿਰ ਆਪ ਹੀ ਮਰਿਆਂ ਨੂੰ ਜਿੰਦਾ ਕੀਤਾ ਭਾਵ ਲਾਸ਼ਾਂ ਦੇ ਗੋਲੀਆਂ ਮਾਰੀਆਂ ਤੇ ਲਾਸ਼ਾਂ ਨਾਲ ਮੁਕਾਬਲਾ ਕੀਤਾ। ਫਿਰ ਮੈਡੀਕਲ ਕਾਲਜ ਫਰੀਦਕੋਟ ਦੇ ਚੀਫ਼ ਡਾਕਟਰ ਦਲਾਲ ਤੋਂ ਮਨਮਰਜ਼ੀ ਦੀ ਪੋਸਟ ਮਾਰਟਮ ਰਿਪੋਰਟ ਲਿਖਵਾਈ। ਫਿਰ ਇਹ ਅਭਾਗੇ ਕਿਥੇ ਸਾੜ ਦਿੱਤੇ ਕੋਈ ਪਤਾ ਨਹੀਂ। ਇਨ੍ਹਾਂ ਵਿਚ ਇਕ ਲੜਕਾ ਹਲਕੇ ਦੇ ਪਟਵਾਰੀ ਦਾ ਵੀ ਸੀ ਪਰਿਵਾਰ ਤੇ ਪਿੰਡ ਦੇ ਲੋਕ ਕਹਿ ਦਿੰਦੇ ਹਨ - ਕੇ ਅੱਗੇ ਤੋਂ ਡਰੇ ਟੋਟਿਆਣਿਆਂ ਤੋਂ ਵੀ ਡਰ ਹੈ, ਚੁੱਪ ਜੋ ਕੁਝ ਹੋ ਗਿਆ ਸਬਰ ਹੈ।

34 ਪਿੰਡ ਰਾਉਵਾਲ ਦੇ ਸਰਪੰਚ ਭਾਈ ਚੜ੍ਹਤ ਸਿੰਘ ਨੂੰ ਮੋਗਾ ਪੁਲਿਸ ਘਰੋਂ ਲੈ ਗਈ, ਮੁੜ ਭਾਈ ਚੜ੍ਹਤ ਸਿੰਘ ਘਰੇ ਨਹੀਂ ਪਰਤੇ। ਭਾਈ ਚੜ੍ਹਤ ਸਿੰਘ ਲੋਕਤੰਤਰੀ ਢੰਗ ਨਾਲ ਚੁਣ ਕੇ ਪਿੰਡ ਦੇ ਸਰਪੰਚ ਬਣੇ ਸਨ। ਪਰ ਲੋਕਤੰਤਰ ਦੀ ਰਖਵਾਲੀ ਪੰਜਾਬ ਦੀ ਮੋਗਾ ਪੁਲਿਸ ਨੇ ਉਨ੍ਹਾਂ ਨੂੰ ਘਰੋਂ ਚੁੱਕ ਕੇ ਸਾਰੇ ਤੋੜਕ ਖੁਤਲ ਦਿੱਤੇ।

# ਪੁਸਤਕ ਦਾ ਦੂਜਾ ਭਾਗ

ਮੈਂ ਸੰਗਤ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ ਮੈਂ ਕਿਸੇ ਧੜੇ ਸੰਬੰਧੀ ਪਾਰਟੀ ਨਾਲ ਜੁੜ ਕੇ ਇਹ ਕਾਰਜ ਨਹੀਂ ਕਰ ਰਿਹਾ ਕੌਮੀ ਭਾਵਨਾ ਨੂੰ ਮੁੱਖ ਰੱਖ ਕੇ ਇਕ ਸੇਵਾ ਹਿਤ ਇਹ ਹੰਭਲਾ ਮਾਰਨ ਦਾ ਯਤਨ ਹੈ ਤਾਂ ਕਿ ਆਉਣ ਵਾਲੀ ਪੀੜ੍ਹੀ ਲਈ ਕੁਝ ਖੂਨ ਦੀ ਲਿਖਤ ਇਤਿਹਾਸ ਦਾ ਸਰਮਾਇਆ ਹੋਣਾ ਬਣ ਸਕੇ। ਦੂਸਰੇ ਭਾਗ ਵਿਚ ਜਿਨ੍ਹਾਂ ਸੂਰਬੀਰ ਯੋਧਿਆਂ ਨੂੰ ਉਨ੍ਹਾਂ ਵਲੋਂ ਦਿੱਤੀਆਂ ਕੁਰਬਾਨੀਆਂ ਨੂੰ ਨਤਮਸਤਕ ਹੋਵਾਂਗੇ।

| | |
|---|---|
| • ਸ਼ਹੀਦ ਭਾਈ ਮਹਿਤਾਬ ਸਿੰਘ ਬੱਬਰ ਉਰਫ ਕਲਵੰਤ ਸਿੰਘ ਜਗਾਧਰੀ | ਹਰਿਆਣਾ |
| • ਜਥੇਦਾਰ ਸ਼ਹੀਦ ਭਾਈ ਤਰਸੇਮਿੰਦਰ ਸਿੰਘ ਬੱਬਰ | ਬਾਰਮਘਲਾ |
| • ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਮੜ | ਫਿਲੌਰ |
| • ਸ਼ਹੀਦ ਭਾਈ ਮਹਿੰਦਰਪਾਲ ਸਿੰਘ ਉਰਫ ਭਾਈ ਕਾਹਨ ਸਿੰਘ ਬੱਬਰ ਉਰਫ ਭਾਈ ਮਨਮੋਹਨ ਸਿੰਘ ਬਜਾਜ | ਅੰਮ੍ਰਿਤਸਰ |
| • ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ | ਪਟਿਆਲਾ |
| • ਸ਼ਹੀਦ ਭਾਈ ਜੋਗਿੰਦਰ ਸਿੰਘ ਬੱਬਰ | |
| • ਸ਼ਹੀਦ ਭਾਈ ਪੂਰਨ ਸਿੰਘ ਫੌਜੀ ਸੰਗਤਪੁਰਾ | ਮੋਗਾ |
| • ਸ਼ਹੀਦ ਭਾਈ ਧਰਮ ਸਿੰਘ ਬੱਬਰ | ਕਾਸਤੀਵਾਲ |
| • ਸ਼ਹੀਦ ਭਾਈ ਬਲਵਿੰਦਰ ਸਿੰਘ ਉਰਫ ਕੰਵਰਤਰ ਸਿੰਘ ਵਕੀਲ | ਬਠਿੰਡਾ |
| • ਸ਼ਹੀਦ ਭਾਈ ਹਰਮਿੰਦਰਜੀਤ ਸਿੰਘ ਬੱਬਰ | ਜਲੰਧਰ |
| • ਸ਼ਹੀਦ ਬੀਬੀ ਮਨਜੀਤ ਕੌਰ ਬੱਬਰ | ਜਲੰਧਰ |
| • ਸ਼ਹੀਦ ਭਾਈ ਹਰਚਰਨ ਸਿੰਘ ਬੱਬਰ ਭੁੱਲਾ ਬੋਹਾ | ਮਾਨਸਾ |
| • ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਅੱਕਾਂਵਾਲੀ | ਮਾਨਸਾ |
| • ਸ਼ਹੀਦ ਭਾਈ ਜਗੀਰ ਸਿੰਘ ਬੱਬਰ ਅੱਕਾਂਵਾਲੀ | ਮਾਨਸਾ |
| • ਸ਼ਹੀਦ ਭਾਈ ਗੁਰਮੁਖ ਸਿੰਘ ਬੱਬਰ ਭੰਮੇ ਕਲਾਂ | ਮਾਨਸਾ |
| • ਸ਼ਹੀਦ ਭਾਈ ਬਲਜੀਤ ਸਿੰਘ ਬੱਬਰ ਜਟਾਣਾ ਕਲਾਂ | ਮਾਨਸਾ |
| • ਸ਼ਹੀਦ ਭਾਈ ਜਗਤਾਰ ਸਿੰਘ ਬੱਬਰ ਖੋਖਰ ਕਲਾਂ | ਮਾਨਸਾ |
| • ਸ਼ਹੀਦ ਭਾਈ ਜੋਗਿੰਦਰ ਸਿੰਘ ਬੱਬਰ ਹਾਪੁਰ | ਮਾਨਸਾ |
| • ਸ਼ਹੀਦ ਭਾਈ ਲਖਵੀਰ ਸਿੰਘ ਬੱਬਰ ਰਾਮਪੁਰ | ਮਾਨਸਾ |
| • ਸ਼ਹੀਦ ਭਾਈ ਗੁਰਮੀਤ ਸਿੰਘ ਮਹਿਮਾ | ਫਰੀਦਕੋਟ |
| • ਸ਼ਹੀਦ ਭਾਈ ਅਮਰੀਕ ਸਿੰਘ ਪੱਖੀ | ਫਰੀਦਕੋਟ |
| • ਸ਼ਹੀਦ ਭਾਈ ਮਨਜੀਤ ਸਿੰਘ ਪੀਰ ਕੋਟ | ਫਰੀਦਕੋਟ |
| • ਸ਼ਹੀਦ ਭਾਈ ਸੁਖਵਿੰਦਰ ਸਿੰਘ ਤੇਗ | ਫਰੀਦਕੋਟ |
| • ਸ਼ਹੀਦ ਭਾਈ ਸੁਖਵਿੰਦਰ ਸਿੰਘ ਕਾਲਾ ਜਿਉਣੀਆਂ ਭਰਾ ਸ਼ਹੀਦ ਭਾਈ ਜਸਵਿੰਦਰ ਸਿੰਘ ਜੇਪੀ | ਫਰੀਦਕੋਟ |
| • ਸ਼ਹੀਦ ਭਾਈ ਗਿਆਨ ਸਿੰਘ ਖਾਲਸਾ ਭੋਗਪੁਰਾ | ਫਰੀਦਕੋਟ |
| • ਸ਼ਹੀਦ ਭਾਈ ਧਰਮ ਸਿੰਘ ਬੱਬਰ ਫੌਜੀ ਬਾਲਦ ਕਲਾਂ | ਸੰਗਰੂਰ |
| • ਸ਼ਹੀਦ ਗੁਰਮੀਤ ਸਿੰਘ ਖਾਲਸਾ ਖੜਾ | ਹੁਸ਼ਿਆਰਪੁਰ |
| • ਸ਼ਹੀਦ ਭਾਈ ਬਾਜ ਸਿੰਘ ਬੱਬਰ ਰਛੀਨ ਕਲੋਂ | ਲੁਧਿਆਣਾ |
| • ਸ਼ਹੀਦ ਭਾਈ ਜਗਰੂਪ ਸਿੰਘ ਬੱਬਰ ਰਛੀਨ ਕਲੋਂ | ਲੁਧਿਆਣਾ |
| • ਸ਼ਹੀਦ ਭਾਈ ਹਰਵਿੰਦਰ ਸਿੰਘ ਬੱਬਰ ਰਸੂਲੀਆਂ | ਸੰਗਰੂਰ |
| • ਸ਼ਹੀਦ ਭਾਈ ਹਰੀ ਸਿੰਘ ਬੱਬਰ ਲਹਿਰਾ ਬੇਗਾ | ਬਠਿੰਡਾ |
| • ਸ਼ਹੀਦ ਭਾਈ ਰਾਮਪਾਲ ਸਿੰਘ ਬੱਬਰ ਰਾਮਸਰ | ਬਠਿੰਡਾ |
| • ਸ਼ਹੀਦ ਭਾਈ ਅਮਰਜੀਤ ਸਿੰਘ ਬੱਬਰ ਅਜੀ ਰਾਮਾਮੰਡੀ | ਬਠਿੰਡਾ |
| • ਸ਼ਹੀਦ ਭਾਈ ਦਿਲਸ਼ਰ ਸਿੰਘ ਬੱਬਰ ਵੇਰੀ | |
| • ਸ਼ਹੀਦ ਭਾਈ ਕਰਿਆਨ ਸਿੰਘ ਖੱਪਿਆਂਵਾਲੀ | ਅੰਮ੍ਰਿਤਸਰ |
| • ਸ਼ਹੀਦ ਭਾਈ ਗੁਰਚਰਨ ਸਿੰਘ ਦੱਦਾਹੂਰ | ਮੋਗਾ |
| • ਸ਼ਹੀਦ ਭਾਈ ਜਸਵਿੰਦਰ ਸਿੰਘ ਧੀਰਾ ਬਾਜਾਖਾਨਾ | ਫਿਰੋਜ਼ਪੁਰ |
| • ਸ਼ਹੀਦ ਭਾਈ ਹਰੀ ਸਿੰਘ ਬੱਬਰ ਬਾਲਕੇ | ਸੰਗਰੂਰ |
| • ਸ਼ਹੀਦ ਭਾਈ ਗੁਰਦੇਵ ਸਿੰਘ 'ਬੇਗਾ' ਬੱਬਰ ਬੁਰਜ ਗਿੱਲਾਂ | ਬਠਿੰਡਾ |
| • ਸ਼ਹੀਦ ਭਾਈ ਜਸਵੰਤ ਸਿੰਘ ਗੁੰਮਟੀ | ਬਠਿੰਡਾ |
| • ਸ਼ਹੀਦ ਭਾਈ ਬਲਵੰਤ ਸਿੰਘ ਬੱਬਰ ਲੁਹਾਰਾ | ਅੰਮ੍ਰਿਤਸਰ |
| • ਸ਼ਹੀਦ ਭਾਈ ਸੁਖਪਾਲ ਸਿੰਘ ਬੱਬਰ ਜਲਾਲ ਰਾਮਗੜ੍ਹੀਆ | ਬਠਿੰਡਾ |

ਨੋਟ: ਗੁਰਸਿੱਖ ਮਿਸ਼ਨ ਦਾ 'ਗੁਰਸਿੱਖ ਵੀਚਾਰ' ਨਾਲ ਕੋਈ ਸੰਬੰਧ ਨਹੀਂ



ਭਾਈ ਕੁਲਵੰਤ ਸਿੰਘ ਬੱਬਰ ਨਾਗੋਕੇ



ਨਿਰੰਕਾਰੀ ਕਾਂਡ ਦੇ ਸ਼ਹੀਦ
ਭਾਈ ਫੌਜਾ ਸਿੰਘ



ਭਾਈ ਦਿਲਬਾਗ ਸਿੰਘ ਬੱਬਰ ਬਾਜੇਪੁਰ
ਜੋਗੂਆਣਾ



ਭਾਈ ਗੁਰਮੇਲ ਸਿੰਘ ਬੱਬਰ ਰਾਪੁਰ



ਭਾਈ ਸੁਖਦੇਵ ਸਿੰਘ ਬੱਬਰ



ਭਾਈ ਸੁਖਦੇਵ ਸਿੰਘ ਬੱਬਰ ਸ਼ਹੀਦੀ ਉਪਰੰਤ



# ਇਕ ਵਾਰ ਗਿਆ ਉਹ ਮੁੜ ਕਦੇ ਘਰ ਨਾ ਪਰਤਿਆ



ਸੱਜਿਉਂ ਖੱਬੇ
ਭਾਈ ਸੁਲੱਖਣ ਸਿੰਘ ਬੱਬਰ,
ਭਾਈ ਸੁਖਦੇਵ ਸਿੰਘ ਬੱਬਰ
ਭਾਈ ਮਹਿੰਗਾ ਸਿੰਘ ਬੱਬਰ
ਭਾਈ ਮਨਮੋਹਨ ਸਿੰਘ ਬੱਬਰ ਫਲਾਹ



ਭਾਈ ਮਹਿੰਗਾ ਸਿੰਘ ਬੱਬਰ
ਸ਼ਹੀਦੀ ਉਪਰੰਤ ਸਸਕਾਰ ਸਮੇਂ



ਜਥੇਦਾਰ ਭਾਈ ਸੁਖਦੇਵ ਸਿੰਘ ਬੱਬਰ
ਭਾਈ ਗੁਰਦੀਪ ਸਿੰਘ
ਭਾਈ ਪਿਆਰਾ ਸਿੰਘ
ਅਤੇ ਭਾਈ ਅਮਰਜੀਤ ਸਿੰਘ
ਸ਼ਹਿਜ਼ਾਦਾ ਖ਼ਾਲਸਤਾਨ ਲਿਬਰੇਸ਼ਨ
ਫੋਰਸ ਦੇ ਪ੍ਰਧਾਨ ਸਿੰਘਾਂ ਨਾਲ



ਭਾਈ ਬਲਦੀਪ ਸਿੰਘ ਬੱਬਰ ਫੂਲ



ਭਾਈ ਹਰਜੀਤ ਸਿੰਘ ਬੱਬਰ ਫੂਲ



ਭਾਈ ਗੁਰਪਾਲ ਸਿੰਘ ਬੱਬਰ ਉੱਚੇ ਮਛੀ



ਸ਼ਹੀਦੀ ਉਪਰੰਤ

ਭਾਈ ਗੁਰਪਾਲ ਸਿੰਘ ਬੱਬਰ ਉੱਚੇ ਮਛੀ



ਭਾਈ ਬਲਵਿੰਦਰ ਸਿੰਘ ਬੱਬਰ ਗੰਗਾ



ਭਾਈ ਬਲਵਿੰਦਰ ਸਿੰਘ ਬੱਬਰ ਗੰਗਾ



ਭਾਈ ਹਰਭਜਨ ਸਿੰਘ ਬੱਬਰ
ਚੌਲਿਆਂਵਾਲੀ



ਭਾਈ ਗੁਰਪ੍ਰੀਤ ਸਿੰਘ ਬੱਬਰ ਸੰਧ ਵਾਲਾ



ਭਾਈ ਗੁਰਮੀਤ ਸਿੰਘ ਬੱਬਰ ਮੁਕਤਸਰ



ਭਾਈ ਸੁਰਿੰਦਰ ਸਿੰਘ ਉਰਫ ਭਾਈ ਸੰਗਰਾਮ ਸਿੰਘ ਬੱਬਰ ਚੌਂਕ ਮਦਰੱਸਾ ਮੁਕਤਸਰ



ਭਾਈ ਜਸਵੀਰ ਸਿੰਘ ਬੱਬਰ ਮੌਲ੍ਹਾ ਜ਼ਿਲ੍ਹਾ ਫਰੀਦਕੋਟ



ਭਾਈ ਦਰਸ਼ਨ ਸਿੰਘ ਬੱਬਰ ਆਕਲੀਆ



ਬੀਬੀ ਹਰਦੀਪ ਕੌਰ ਘੱਗਰ ਸਮਰਾਲਾ



ਬੀਬੀ ਹਰਦੀਪ ਕੌਰ
ਅਦਾਲਤੀ ਪੇਸ਼ੀ ਸਮੇਂ



ਬੀਬੀ ਹਰਦੀਪ ਕੌਰ ਪੁਲਿਸ ਹਿਰਾਸਤ 'ਚ



ਭਾਈ ਅਨੋਖ ਸਿੰਘ ਬੱਬਰ



ਭਾਈ ਸੁਲੱਖਣ ਸਿੰਘ ਬੱਬਰ



ਭਾਈ ਸੁਲੱਖਣ ਸਿੰਘ ਬੱਬਰ ਵੈਰੋਂਵਾਲ   ਭਾਈ ਅਨੋਖ ਸਿੰਘ ਬੱਬਰ ਸੂਬਾ ਕਾਠੇਰਾ   ਭਾਈ ਸੁਖਵਿੰਦਰ ਸਿੰਘ ਕਲਿੰਗਾ



ਭਾਈ ਊਮਰਪਾਲ ਸਿੰਘ ਬੱਬਰ ਬੀਹਲਾ



ਭਾਈ ਦਰਸ਼ਨ ਸਿੰਘ ਬੱਬਰ ਆਕਲੀਆ



ਭਾਈ ਹਰਬੰਸ ਸਿੰਘ ਬੱਬਰ ਭੁੱਲਰ



ਭਾਈ ਦਰਸ਼ਨ ਸਿੰਘ ਖਾਰਾ
ਭਰਾ ਭਾਈ ਅਮਰੀਕ ਸਿੰਘ ਬੱਬਰ ਖਾਰਾ



ਭਾਈ ਹਰਿਮਦਰ ਸਿਘ ਬੱਬਰ ਹਾਰਵਾਲ
ਮੁਕਤਸਰ



ਭਾਈ ਜਸਕਰਨ ਸਿੰਘ ਬੱਬਰ ਰੂਪਾਣਾ
ਮੁਕਤਸਰ



ਭਾਈ ਬਲਵੀਰ ਸਿਘ ਬੱਬਰ ਲੰਡੇਆਣਾ



ਭਾਈ ਬਲਬੀਰ ਸਿੰਘ ਬੱਬਰ ਲੰਡੇਆਣਾ



ਸ. ਹਰਗਿੰਦਰ ਸਿੰਘ ਪਿਤਾ ਜੀ
ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ



ਮਾਤਾ ਰਣਜੀਤ ਕੌਰ ਮਾਤਾ ਜੀ
ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ



ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ



ਭਾਈ ਜੁਗਰਾਜ ਸਿੰਘ ਬੱਬਰ ਸਮਾਲਸਰ ਦੀ
ਰੁਮਾਨੀਆਂ ਪੁਲਿਸ ਹੱਥੋਂ ਸ਼ਹੀਦੀ ਉਪਰੰਤ



ਭਾਈ ਦੁਰਗਰਾਜ ਸਿੰਘ ਬੱਬਰ ਸਮਾਲਸਰ
ਰੋਮਾਨੀਆਂ ਵਿਖੇ



ਭਾਈ ਦਲਜੀਤ ਸਿੰਘ ਬੱਬਰ ਮੌਲ੍ਹਾ
ਲੁਧਿਆਣਾ



ਭਾਈ ਜਗਵਿੰਦਰ ਸਿੰਘ ਬਿੱਟੂ ਰਕਬਾ
ਰੋਮਾਨੀਆਂ ਕੋਲ



ਭਾਈ ਜਗਵਿੰਦਰ ਸਿੰਘ ਰਕਬਾ
ਬੈਲਜ਼ੀਅਮ ਵਿਖੇ ਸ਼ਹੀਦੀ ਸਮੇਂ



ਭਾਈ ਲੱਛਮਣ ਸਿੰਘ ਬੱਬਰ ਭੰਮ ਕਲਾਂ ਉਰਫ
ਭਾਈ ਬਸ਼ੀਰ ਮੁਹੰਮਦ ਸਿੰਘ ਬੱਬਰ (ਸਿਪਾਹੀ)



ਬੀਬੀ ਰਾਣੀ ਕੌਰ ਬੱਬਰ ਭੰਮ ਕਲਾਂ



ਬੀਬੀ ਪ੍ਰਵੀਨ ਕੌਰ ਭਾਣਜੀ ਭਾਈ ਲਛਮਣ ਸਿੰਘ ਬੱਬਰ ਪੁਲਿਸ ਹਿਰਾਸਤ 'ਚ



ਭਾਈ ਪਰਮਜੀਤ ਸਿੰਘ ਬੱਬਰ ਫੁਲਵਾਲਾ



ਭਾਈ ਪਰਮਜੀਤ ਸਿੰਘ ਬੱਬਰ ਫੁਲਾਂਵਾਲਾ



ਭਾਈ ਗੁਰਮੇਲ ਸਿੰਘ ਬੱਬਰ ਰਾਏਪੁਰ



ਸ਼ਹੀਦ ਭਾਈ ਅਮਰੀਕ ਸਿੰਘ
ਬੱਬਰ ਧਾਰਾ



ਭਾਈ ਮੁੱਖਣ ਸਿੰਘ
ਬੱਬਰ



ਭਾਈ ਬਲਵਿੰਦਰ ਸਿੰਘ
ਬੱਬਰ ਭੁੱਲਟ
ਤੁਲਾਂਗੀ ਆਵਲੀਆ



ਭਾਈ ਗੁਰਦੇਵ ਸਿੰਘ ਬੱਬਰ ਭੌਮਕਲਾਂ



ਭਾਈ ਕਸ਼ਮੀਰ ਸਿੰਘ ਬੱਬਰ ਭੌਮਕਲਾਂ



ਭਾਈ ਤਰਸੇਮ ਸਿੰਘ ਬੱਬਰ ਖਰੜੀ



ਭਾਈ ਅਮਰੀਕ ਸਿੰਘ ਬੱਬਰ ਖਾਰਾ

ਭਾਈ ਬਲਵਿੰਦਰ ਸਿੰਘ ਫੁੱਲਣ ਬੱਬਰ ਤਲਵੰਡੀ ਆਕਲੀਆ



ਭਾਈ ਸੁਰਿੰਦਰ ਸਿੰਘ ਉਰਫ ਸੰਗਰਾਮ ਸਿੰਘ ਜੀ ਦੀ ਮ੍ਰਿਤਕ ਦੇਹ



ਭਾਈ ਸੁਰਿੰਦਰ ਸਿੰਘ ਉਰਫ ਭਾਈ ਸੰਗਰਾਮ ਸਿੰਘ ਬੱਬਰ ਚੱਕ ਮਦਰੱਸਾ



ਭਾਈ ਬਲਜਿੰਦਰ ਸਿੰਘ ਬੱਬਰ ਭਿੱਖੜਾਂਵਾਲੀ



ਭਾਈ ਬਲਜਿੰਦਰ ਸਿੰਘ ਬੱਬਰ ਭਿੱਖੜਾਂਵਾਲੀ



ਸਨਮਾਨ ਚਿੰਨ



ਬੱਬਰ ਖ਼ਾਲਸਾ ਇੰਟਰਨੈਸ਼ਨਲ ਵੱਲੋਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਦਿੱਤਾ ਜਾਂਦਾ ਸਨਮਾਨ ਚਿੰਨ੍ਹ



ਭਾਈ ਅਨੋਖ ਸਿੰਘ ਨੂੰ ਪੁਲੀਸ ਹਿਰਾਸਤ 'ਚੋਂ ਛੁਡਾਉਣ ਤੋਂ ਬਾਅਦ ਵਾਲੀ ਕੰਸਕੀ ਅਤੇ ਹੱਥਕੜੀ



ਸ਼ਹੀਦ ਭਾਈ ਅਵਤਾਰ ਸਿੰਘ
ਬੱਬਰ ਆਪਣ ਸਾਥੀ ਸਿੰਘਾਂ
ਨਾਲ ਪਿੰਡ ਬਰਨਾਲਾ (ਮਾਨਸਾ)



ਸ਼ਹੀਦ ਸਿੰਘ ਦੀ ਮ੍ਰਿਤਕ ਦੇਹ
ਸਾਂਭਣ ਦੀ ਤਿਆਰੀ



ਇਕ ਸ਼ਹੀਦ ਸਿੰਘ
ਦੀ ਗੋਲੀਆਂ ਪਰੂਨੀ
ਮ੍ਰਿਤਕ ਦੇਹ



# ਪਾਠ ਦਾ ਭੋਗ



[illegible]

**ਖਾਲਸਾ ਪੰਥ ਦੇ ਦਾਸ**

**ਭਾਈ ਵਧਾਵਾ ਸਿੰਘ ਬੱਬਰ,**

**ਭਾਈ ਮਹਿਲ ਸਿੰਘ ਬੱਬਰ।**

[illegible]

**ਭਾਈ ਸੁਖਦੇਵ ਸਿੰਘ ਬੱਬਰ ਦੀ ਸ਼ਹੀਦੀ ਉਪਰੰਤ ਅੰਤਮ ਅਰਦਾਸ ਦਾ ਇਸ਼ਤਿਹਾਰ 'ਅਜੀਤ' 'ਚ**

੧ਓ

ਸ੍ਰੀ ਅਕਾਲ ਜੀ ਸਹਾਇ ॥

ਦੇਗ ਤੇਗ ਫ਼ਤਹਿ ਪੰਥ ਕੀ ਜੀਤ

ਬੱਬਰ ਖ਼ਾਲਸਾ

# ਬੱਬਰ ਖਾਲਸਾ ਇੰਟਰਨੈਸ਼ਨਲ

## Babbar Khalsa International

ਨੰਬਰ 31 ਮਿਤੀ 11-6-1992

[illegible]

ਭਾਈ ਸੁਖਦੇਵ ਸਿੰਘ ਬੱਬਰ ਵੱਲੋਂ ਜਾਰੀ ਕੀਤਾ ਪ੍ਰੈਸ ਬਿਆਨ

## ਅਮਰ ਸ਼ਹੀਦਾਂ ਦੀ ਯਾਦ




Crossing out the dead: diminishing pantheon

ਕੇ.ਪੀ.ਐਸ. ਗਿੱਲ ਦੇ ਦਫ਼ਤਰ 'ਚ ਲੱਗੀ ਖਾੜਕੂਆਂ ਦੀ ਸੂਚੀ
'ਇੰਡੀਆ ਟੂਡੇ' 'ਚ

ੴ ਸਤਿਗੁਰ ਪ੍ਰਸਾਦਿ ॥

[illegible]

[illegible]



ਭਾਈ ਸੁਖਪਾਲ ਸਿੰਘ ਬੱਬਰ ਜਗਾ ਰਾਮ ਤੀਰਥ

# ਪਾਠ ਦਾ ਭੋਗ



ਭਾਈ ਬਲਦੀਪ ਸਿੰਘ ਬੱਬਰ ਫੂਲ

ਮੌਜੂਦਾ ਸੰਘਰਸ਼ ਦੌਰਾਨ ਭਾਈ ਸੁਖਪਾਲ ਸਿੰਘ ਉਰਫ਼ ਪਾਲਾ ਬੱਬਰ (ਡਿਪਟੀ ਮੁਖੀ ਬਠਿੰਡਾ) ਅਤੇ ਭਾਈ ਬਲਦੀਪ ਸਿੰਘ ਬੱਬਰ ਮਿਤੀ 8-8-92 ਨੂੰ ਪਿੰਡ ਜਗਾ ਰਾਮ ਤੀਰਥ ਵਿਖੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ । ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਅੱਜ ਮਿਤੀ 18-8-92 ਦਿਨ ਮੰਗਲਵਾਰ ਨੂੰ ਪਿੰਡ ਫੂਲ ਵਿਖੇ ਪਾਏ ਜਾਣਗੇ । ਸਮੂਹ ਸਾਧ ਸੰਗਤ ਨੂੰ ਭਾਈ ਸਾਹਿਬ ਹੋਰਾਂ ਦੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ ।

**ਗੁਰੂ ਪੰਥ ਦੇ ਦਾਸ :**

ਭਾਈ ਵਧਾਵਾ ਸਿੰਘ ਬੱਬਰ, ਭਾਈ ਬਲਵਿੰਦਰ ਸਿੰਘ ਬੱਬਰ (ਗੰਗਾ
ਭਾਈ ਮਹਿਲ ਸਿੰਘ ਬੱਬਰ ਡਾਕਟਰ ਲਛਮਣ ਸਿੰਘ ਬੱਬਰ ਮਾਨਵਾਲਾ
ਭਾਈ ਕੁਲਵੰਤ ਸਿੰਘ ਬੱਬਰ ਭਾਈ ਜਸਵੀਰ ਸਿੰਘ ਬੱਬਰ ਮੱਲ੍ਹਾ
ਭਾਈ ਧੰਨਾ ਸਿੰਘ ਬੱਬਰ

**ਜਾਰੀ ਕਰਤਾ :**

## ਭਾਈ ਬਸ਼ੀਰ ਮੁਹੰਮਦ ਸਿਪਾਹੀ 'ਭੰਮੇ ਕਲਾਂ'

# ਅਮਰ ਸ਼ਹੀਦਾਂ ਦੀ ਯਾਦ



ਭਾਈ ਸੁਖਪਾਲ ਸਿੰਘ ਬੱਬਰ



ਭਾਈ ਮਲਕੀਤ ਸਿੰਘ ਬੱਬਰ ਦਾਨ ਸਿੰਘ ਵਾਲਾ



ਬੀੜ ਚਾਹਲ ਦਾ ਖ਼ੂਨੀ ਖੂਹ ਜਿਥੇ ਸਿੰਘਾਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਜਾਂਦਾ ਰਿਹਾ ।

# ਤੇਰੇ ਲਈ



ਕਰਮਜੀਤ ਸਿੰਘ ਸਿੱਖਾਂਵਾਲਾ ਦੇ ਨਾਂ

ਅਸੀਂ ਆਪਣੇ ਆਪ ਨੂੰ ਜਦੋਂ
ਤੇਰੇ ਸਾਹਮਣੇ ਖੜ੍ਹੇ ਕੇ ਵੇਖਣ ਦੀ ਕੋਸ਼ਿਸ਼ ਕਰਦਾਂ
ਤਾਂ ਸਾਥੀ ਸੱਚ ਜਾਣੀ
ਇਉਂ ਲੱਗਦੈ ਜਿਵੇਂ ਸੂਰਜ ਮੂਹਰੇ ਕਿਸੇ ਨੇ ਦੀਵਾ ਜਗਾ ਰੱਖਿਆ ਹੋਵੇ।
ਜਿਵੇਂ ਟਟਿਐਣਾ ਚੰਦ ਦੀ ਰੌਸ਼ਨੀ ਤੇ ਸੀਤਲਤਾ ਨੂੰ ਮਾਪਣ ਚੱਲਿਆ ਹੋਵੇ।
ਲੋਕਾਂ ਲਈ ਲੜ੍ਹਣ ਵਾਲਿਆ,
ਅਸੀਂ ਤਾਂ ਭਗੌੜੇ ਹਾਂ,
ਸਾਰੇ ਅਮਰਦੀਪ, ਜਗਦੀਪ, ਸੁਖਦੀਪ ਜੋੜ ਕੇ ਵੀ
ਤੇਰੇ ਮੁੜ੍ਹਕੇ ਦੇ ਤੁਪਕੇ ਦੇ ਬਰਾਬਰ ਨਹੀਂ ਹੋ ਸਕਦੇ,
ਅਸੀਂ ਤਾਂ ਐਵੇਂ ਕਾਗਜ਼ ਕਾਲੇ ਕੀਤੇ ਹਨ,
ਤੇ ਉਹਨਾਂ ਦਾ ਮੁੱਲ ਵੀ ਵੱਟਿਆ ਹੈ।
ਮਾਰਾਂ ਸ਼ੇਰਾਂ ਦੀਆਂ ਤੇ ਸਾਡੀਆਂ ਤਾਂ ਗਿੱਦੜ ਕਲੋਲਾਂ ਨੇ।
ਸਾਰੇ ਦਾ ਸਾਰਾ ਪੋਸ਼ ਕੱਤਣ ਵਾਲਿਆ,
ਅਸੀਂ ਤਾਂ ਪੂਣੀ ਵੀ ਨਈ ਕੱਤੀ,
ਤੇਰੇ ਸਾਹਮਣੇ ਅਸੀਂ ਸਾਡੇ ਅੱਖਰ, ਸਾਡੀਆਂ ਕਵਿਤਾਵਾਂ, ਸਾਡੀਆਂ ਰਚਨਾਵਾਂ,
ਬੌਣੀਆਂ ਹਨ ਬੌਣੀਆਂ।
ਤੇ ਅਸੀਂ ਇੱਕ ਕਿਨਕੇ,
ਸਾਨੂੰ ਮਾਫ ਕਰੀਂ ਦੋਸਤਾ..........

ਅਮਰਦੀਪ ਸਿੰਘ ਅਮਰ
ਜਗਦੀਪ ਸਿੰਘ ਫਰੀਦਕੋਟ


ਪ੍ਰਕਾਸ਼ਕ—
**ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)**
ਨੋਟ: ਇਹ ਦੁਕਾਨ ਇਸ ਮਾਰਕੀਟ 'ਚੋਂ ਬਦਲ ਕੇ ਨਵੀਂ ਬਣੀ ਘੰਟਾ ਘਰ ਮਾਰਕੀਟ
(ਸਕੂਟਰ ਸਟੈਂਡ ਦੇ ਉਪਰ) 154 ਨੰਬਰ ਵਿਚ ਜਾ ਚੁੱਕੀ ਹੈ
ਫੋਨ : 0183-5101231 ਮੋਬਾਇਲ : 98726-58302, 98151-61234